# ਪਾਕਿਸਤਾਨ ਮੇਲ



ਖ਼ੁਸ਼ਵੰਤ ਸਿੰਘ

# ਪਾਕਿਸਤਾਨ ਮੇਲ

(ਟਰੇਨ ਟੂ ਪਾਕਿਸਤਾਨ ਦਾ ਪੂਰਾ ਪੰਜਾਬੀ ਅਨੁਵਾਦ)

ਖੁਸ਼ਵੰਤ ਸਿੰਘ

ਅਨੁਵਾਦਕ:
ਗੁਰਨਾਮ ਕੰਵਰ

ESTD. 1940

**ਲਾਹੌਰ ਬੁਕਸ**
**ਲੁਧਿਆਣਾ**

Lyall Book Depot
Chaura Bazar, LUDHIANA
Ph.: 2745756, 2760031

**Train to Pakistan (Punjabi Translation)**
*by*
**KHUSHWANT SINGH**
**Translated by: Gurnam Kanwar**

**2014**

ਮੁੱਲ : 175 ਰੁਪੈ

ਪ੍ਰਕਾਸ਼ਕ : ਲਾਹੌਰ ਬੁੱਕਸ,
2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ
**Ph. : 0161-2740738, 6540738**
**FAX - 91-161-2740738**
**email :- lahorebookshop40@rediffmail.com**

ਛਾਪਕ : ਆਰ ਕੇ ਆਫ਼ਸੈੱਟ, ਦਿੱਲੀ

ਪੁੱਤਰੀ ਮਾਲਾ ਨੂੰ

## ਗੱਡੀ ਦੇ ਡੱਬੇ

| | |
|---|---|
| ਡਾਕਾ | 6 |
| ਕਲਯੁੱਗ | 96 |
| ਮਨੋਂ ਮਾਜਰਾ | 145 |
| ਕਰਮ | 170 |

# ਡਾਕਾ

1947 ਵਿਚ ਗਰਮੀਆਂ ਦੀ ਰੁੱਤ ਪਹਿਲੀਆਂ ਭਾਰਤੀ ਗਰਮੀਆਂ ਵਰਗੀ ਨਹੀਂ ਸੀ। ਉਸ ਸਾਲ ਤਾਂ ਭਾਰਤ ਵਿਚ ਮੌਸਮ ਦਾ ਮਿਜ਼ਾਜ ਵੀ ਬਦਲਿਆ ਬਦਲਿਆ ਸੀ। ਆਮ ਨਾਲੋਂ ਇਹ ਗਰਮ ਵੀ ਵਧੇਰੇ ਸੀ, ਖੁਸ਼ਕ ਅਤੇ ਧੂੜ ਭਰਿਆ ਵੀ ਵਧੇਰੇ। ਗਰਮੀਆਂ ਦੀ ਇਹ ਰੁੱਤ ਹੋ ਵੀ ਲੰਮੇਰੀ ਗਈ ਸੀ। ਕਿਸੇ ਨੂੰ ਚੇਤਾ ਨਹੀਂ ਸੀ ਆਉਂਦਾ ਕਿ ਇਸ ਤੋਂ ਪਹਿਲਾਂ ਮੌਨਸੂਨ ਨੇ ਕਦੋਂ ਏਨੀ ਦੇਰੀ ਨਾਲ ਬੂਹਾ ਖੜਕਾਇਆ ਸੀ। ਖਿੰਡੇ ਪੁੰਡੇ ਬੱਦਲ ਹੀ ਕਈ ਹਫਤਿਆਂ ਤਕ ਅੱਖ ਮਚੋਲੀ ਖੇਡਦੇ ਰਹੇ ਸਨ। ਕਣੀ ਕੋਈ ਨਹੀਂ ਸੀ ਆਈ। ਲੋਕ ਤਾਂ ਕਹਿਣ ਲੱਗ ਪਏ ਸਨ: ਪਤਾ ਨਹੀਂ ਸਾਡੇ ਕਿਹੜੇ ਪਾਪਾਂ ਦੀ ਸਜ਼ਾ ਦੇ ਰਿਹਾ ਹੈ ਉਪਰ ਵਾਲਾ।

ਕਈਆਂ ਦੇ ਮਨ ਉਤੇ ਤਾਂ ਸੱਚ ਹੀ ਪਾਪ ਦਾ ਪਰਛਾਵਾਂ ਹੋ ਸਕਦਾ ਸੀ। ਪਿਛਲੀਆਂ ਗਰਮੀਆਂ ਵਿਚ ਦੇਸ਼ ਨੂੰ ਹਿੰਦੂ ਭਾਰਤ ਅਤੇ ਮੁਸਲਿਮ ਪਾਕਿਸਤਾਨ ਵਿਚ ਵੰਡ ਦਿਤੇ ਜਾਣ ਦੀ ਤਜਵੀਜ਼ ਚੱਕਰ ਲਾ ਰਹੀ ਸੀ। ਇਸ ਨਾਲ ਕਲਕੱਤਾ ਵਿਚ ਫਿਰਕੂ ਫਸਾਦ ਫੁੱਟ ਪਏ ਸਨ। ਕੁਝ ਮਹੀਨਿਆਂ ਵਿਚ ਮੌਤ ਹਜ਼ਾਰਾਂ ਨੂੰ ਨਿਗਲ ਗਈ। ਮੁਸਲਮਾਨ ਉਂਗਲ ਹਿੰਦੂਆਂ ਵੱਲ ਕਰ ਰਹੇ ਸਨ ਕਿ ਉਨ੍ਹਾਂ ਹੀ ਮਿਥ ਕੇ ਫਸਾਦ ਛੇੜੇ ਸਨ। ਹਿੰਦੂ ਫਸਾਦਾਂ ਨੂੰ ਤੀਲੀ ਲਾਉਣ ਦਾ ਇਲਜ਼ਾਮ ਮੁਸਲਮਾਨਾਂ ਉਤੇ ਲਾ ਰਹੇ ਸਨ। ਸੱਚ ਤਾਂ ਇਹ ਹੈ ਕਿ ਧਿਰਾਂ ਦੋਹਾਂ ਨੇ ਹੀ ਮਾਰੇ ਸਨ। ਦੋਹਾਂ ਨੇ ਹੀ ਗੋਲ਼ੀਆਂ ਚਲਾਈਆਂ, ਦੋਹਾਂ ਨੇ ਹੀ ਛੁਰੇ ਮਾਰੇ ਅਤੇ ਦੋਹਾਂ ਨੇ ਹੀ ਛਵੀਆਂ ਅਤੇ ਟਕੂਏ ਚਲਾਏ ਸਨ। ਦੋਹਾਂ ਧਿਰਾਂ ਨੇ ਤਸੀਹੇ ਦਿਤੇ ਅਤੇ ਦੋਹਾਂ ਨੇ ਇੱਜ਼ਤਾਂ ਲੁੱਟੀਆਂ ਸਨ। ਕਲਕੱਤੇ ਤੋਂ ਫਸਾਦ ਉੱਤਰ, ਪੂਰਬ ਅਤੇ ਪੱਛਮ ਨੂੰ ਫੈਲ ਗਏ: ਪੂਰਬੀ ਬੰਗਾਲ ਵਿਚ ਨੋਆਖਲੀ ਪਹੁੰਚ ਗਏ ਜਿਥੇ ਮੁਸਲਮਾਨਾਂ ਨੇ ਹਿੰਦੂਆਂ ਦਾ ਕਤਲਾਮ ਕੀਤਾ; ਬਿਹਾਰ ਪਹੁੰਚ ਗਏ ਜਿਥੇ ਹਿੰਦੂਆਂ ਨੇ ਮੁਸਲਮਾਨਾਂ ਦਾ ਕਤਲਾਮ ਕੀਤਾ। ਪੰਜਾਬ ਅਤੇ ਸਰਹੱਦੀ ਸੂਬੇ ਵਿਚ ਮੁਲਾਣੇ ਇਨਸਾਨੀ ਖੋਪੜੀਆਂ ਦੇ ਟੋਕਰੇ ਲੈ ਕੇ ਘੁੰਮਦੇ ਰਹੇ ਜਿਹਨਾਂ ਨੂੰ ਬਿਹਾਰ ਵਿਚ ਮਾਰੇ ਗਏ ਮੁਸਲਮਾਨਾਂ ਦੀਆਂ ਦੱਸਿਆ ਜਾਂਦਾ ਸੀ। ਸਦੀਆਂ ਤੋਂ ਉੱਤਰ-ਪਛਮੀ ਸਰਹੱਦ ਉਤੇ ਵਸਦੇ ਰਸਦੇ ਆਏ ਲੱਖਾਂ ਹਿੰਦੂ ਅਤੇ ਸਿੱਖ ਆਪਣੇ ਘਰ ਘਾਟ ਛੱਡਕੇ ਜਾਨ ਦੀ ਰਾਖੀ ਲਈ ਪੂਰਬ ਵਾਲੇ ਪਾਸੇ ਉਹਨਾਂ ਆਬਾਦੀਆਂ ਵੱਲ ਦੌੜ ਪਏ ਜਿਥੇ ਭਾਰੀ ਵੱਸੋਂ ਹਿੰਦੂਆਂ ਅਤੇ ਸਿੱਖਾਂ ਦੀ ਸੀ। ਪੈਦਲ

ਵੀ ਭੀੜਾਂ ਦੀਆਂ ਭੀੜਾਂ ਜਾ ਰਹੀਆਂ ਸਨ, ਲੱਦੇ ਹੋਏ ਗੱਡਿਆਂ ਉਤੇ ਵੀ, ਤੁੰਨੀਆਂ ਹੋਈਆਂ ਲਾਰੀਆਂ ਵਿਚ ਵੀ ਅਤੇ ਰੇਲਾਂ ਦੇ ਦਰਵਾਜ਼ਿਆਂ ਨਾਲ ਲਟਕਦੇ ਹੋਏ ਅਤੇ ਛੱਤਾਂ ਉਤੇ ਚੜ੍ਹੇ ਹੋਏ ਵੀ। ਰਸਤੇ ਵਿਚ — ਲਾਂਘਿਆਂ ਉਤੇ, ਚੁਰੱਸਤਿਆਂ ਉਤੇ ਅਤੇ ਰੇਲਵੇ ਸਟੇਸ਼ਨਾਂ ਉਤੇ — ਉਨ੍ਹਾਂ ਨੇ ਦੇਖੇ ਡਰੇ ਹੋਏ ਮੁਸਲਮਾਨਾਂ ਦੇ ਹਜੂਮ ਜੋ ਜਾਨ ਬਚਾਉਣ ਲਈ ਪੱਛਮ ਵੱਲ ਭੱਜ ਰਹੇ ਸਨ। ਫਸਾਦਾਂ ਨੇ ਭਾਜੜ ਜਨਮ ਦਿਤੀ ਸੀ। 1947 ਦੀਆਂ ਗਰਮੀਆਂ ਤਕ, ਜਦੋਂ ਨਵੇਂ ਰਾਜ ਪਾਕਿਸਤਾਨ ਦਾ ਰਸਮੀ ਤੌਰ ਤੇ ਐਲਾਨ ਵੀ ਹੋ ਚੁਕਾ ਸੀ, ਇਕ ਕਰੋੜ ਮੁਸਲਿਮ, ਹਿੰਦੂ ਅਤੇ ਸਿੱਖ ਘਰਾਂ ਤੋਂ ਉਜੜ ਚੁਕੇ ਸਨ। ਮੌਨਸੂਨ ਦੇ ਆਉਣ ਤਕ ਲਗਭਗ ਦਸ ਲੱਖ ਲੋਕ ਮਰ ਚੁਕੇ ਸਨ ਅਤੇ ਸਾਰੇ ਉਤਰੀ ਭਾਰਤ ਦੇ ਜਾਂ ਹੱਥਾਂ ਵਿਚ ਸ਼ਸਤਰ ਸਨ ਜਾਂ ਮਨਾਂ ਵਿਚ ਦਹਿਸ਼ਤ ਸੀ ਜਾਂ ਸਿਰ ਲੁਕਾਈ ਬੈਠੇ ਸਨ। ਸਰਹੱਦ ਦੇ ਦੂਰ ਦੁਰਾਡੇ ਦੇ ਖੇਤਰਾਂ ਵਿਚ ਗੁੰਮੇ ਹੋਏ ਨਿਕੇ ਨਿਕੇ ਖਿੰਡਰੇ ਹੋਏ ਪਿੰਡ ਹੀ ਅਮਨ ਦੇ ਨਖਲਿਸਤਾਨ ਰਹਿ ਗਏ ਸਨ, ਜਿਵੇਂ ਕਿਸੇ ਵੱਲੋਂ ਅਮਨ ਦਾ ਛੱਟਾ ਮਾਰਿਆ ਗਿਆ ਹੋਵੇ। ਇਹਨਾਂ ਪਿੰਡਾਂ ਵਿਚੋਂ ਹੀ ਸੀ ਮਨੋ ਮਾਜਰਾ।

ਨਿਕਾ ਜਿਹਾ ਪਿੰਡ ਹੈ ਮਨੋ ਮਾਜਰਾ। ਪੱਕੀਆਂ ਇੱਟਾਂ ਦੀਆਂ ਸਿਰਫ ਤਿੰਨ ਇਮਾਰਤਾਂ ਹਨ ਪਿੰਡ ਵਿਚ। ਇਕ ਸ਼ਾਹੂਕਾਰ ਲਾਲਾ ਰਾਮ ਲਾਲ ਦਾ ਘਰ, ਇਕ ਗੁਰਦੁਆਰਾ ਸਾਹਿਬ ਅਤੇ ਇਕ ਮਸਜਿਦ। ਤਿੰਨਾਂ ਇੱਟਾਂ ਦੀਆਂ ਇਮਾਰਤਾਂ ਨੇ ਇਕ ਤ੍ਰਿਕੋਣ ਦੀ ਸ਼ਕਲ ਵਿਚ ਇਕ ਸਾਂਝੀ ਥਾਂ ਵੀ ਵਲ਼ੀ ਹੋਈ ਹੈ, ਜਿਸਦੀ ਧੁੰਨੀ ਵਿਚ ਇਕ ਪਿੱਪਲ ਦਾ ਵਡਾ ਸਾਰਾ ਦਰਖਤ ਖੜ੍ਹਾ ਹੈ। ਬਾਕੀ ਦਾ ਪਿੰਡ ਝੁੱਗੀਆਂ ਦਾ ਝੁਰਮਟ ਹੈ ਜਿਨ੍ਹਾਂ ਦੀਆਂ ਛੱਤਾਂ ਕੱਚੀ ਮਿੱਟੀ ਦੀਆਂ ਅਤੇ ਚਪਟੀਆਂ ਹਨ, ਵਿਹੜੇ ਦੀਆਂ ਕੰਧਾਂ ਛੋਟੀਆਂ ਛੋਟੀਆਂ ਹਨ। ਵਿਹੜੇ ਦਾ ਮੂੰਹ ਪਿੰਡ ਦੇ ਕੇਂਦਰ ਵੱਲੋਂ ਆਉਂਦੀਆਂ ਭੀੜੀਆਂ ਗਲ਼ੀਆਂ ਵਿਚ ਖੁਲ੍ਹਦਾ ਹੈ। ਇਹ ਗਲੀਆਂ ਸੁੰਗੜਦੀਆਂ ਸੁੰਗੜਦੀਆਂ ਪਗਡੰਡੀਆਂ ਬਣ ਜਾਂਦੀਆਂ ਹਨ ਅਤੇ ਨਿਆਈਆਂ ਵਿਚ ਜਜ਼ਬ ਹੋ ਜਾਂਦੀਆਂ ਹਨ। ਪਿੰਡ ਦੇ ਪੱਛਮੀ ਸਿਰੇ ਉਤੇ ਇਕ ਛੱਪੜ ਹੈ ਜਿਸਦੇ ਦੁਆਲੇ ਕਿੱਕਰ ਦੇ ਦਰਖਤਾਂ ਦਾ ਘੇਰਾ ਹੈ। ਮਨੋ ਮਾਜਰਾ ਵਿਚ ਕੇਵਲ ਸੱਤਰ ਟੱਬਰ ਹੀ ਵਸਦੇ ਹਨ। ਲਾਲਾ ਰਾਮ ਲਾਲ ਦਾ ਪਰਿਵਾਰ ਹੀ ਇਕੋ ਇਕ ਹਿੰਦੂ ਪਰਿਵਾਰ ਹੈ; ਬਾਕੀ ਦੇ ਸਿੱਖ ਅਤੇ ਮੁਸਲਮਾਨ ਟੱਬਰ ਹਨ ਜੋ ਗਿਣਤੀ ਵਿਚ ਤਕਰੀਬਨ ਬਰੋ-ਬਰਾਬਰ ਹਨ। ਪਿੰਡ ਦੇ ਦੁਆਲੇ ਦੀ ਸਾਰੀ ਜ਼ਮੀਨ ਸਿੱਖਾਂ ਦੀ ਹੈ; ਮੁਸਲਮਾਨ ਉਹਨਾਂ ਦੇ ਮੁਜ਼ਾਰੇ ਹਨ ਅਤੇ ਫਸਲ ਦਾ ਇਕ ਹਿੱਸਾ ਮਾਲਕ ਨੂੰ ਦਿੰਦੇ ਹਨ। ਕੁਝ ਟੱਬਰ ਉਥੇ ਭੰਗੀਆਂ ਦੇ ਵੀ ਹਨ ਜਿਨ੍ਹਾਂ ਦੇ ਧਰਮ ਬਾਰੇ ਪੱਕਾ ਕਿਸੇ ਨੂੰ ਪਤਾ ਨਹੀਂ। ਮੁਸਲਮਾਨ ਉਨ੍ਹਾਂ ਨੂੰ ਆਪਣੇ ਦਸਦੇ ਹਨ ਪਰ ਜਦੋਂ ਅਮਰੀਕੀ ਮਿਸ਼ਨਰੀ ਮਨੋ ਮਾਜਰਾ ਵਿਚ ਆਉਂਦੇ ਹਨ ਤਾਂ ਉਹ ਖਾਕੀ ਟੋਪੀ ਪਾਉਂਦੇ ਅਤੇ ਆਪਣੀਆਂ ਔਰਤਾਂ ਨਾਲ ਮਿਲਕੇ ਹਾਰਮੋਨੀਅਮ ਵਾਜੇ ਤੇ ਗਾਉਂਦੇ ਹਨ। ਕਈ ਵਾਰ ਉਹ ਸਿੱਖਾਂ ਦੇ ਗੁਰਦੁਆਰੇ ਵੀ ਜਾਂਦੇ ਹਨ। ਪਰ ਇਕ ਚੀਜ਼ ਹੈ ਉਥੇ, ਜੋ ਮਨੋ ਮਾਜਰਾ ਦੇ ਸਾਰੇ ਵਾਸੀ, ਇਥੋਂ ਤਕ ਕਿ ਲਾਲਾ ਰਾਮ ਲਾਲ ਵੀ, ਪੂਜਦੇ ਹਨ। ਉਹ ਹੈ ਛੱਪੜ ਦੇ ਕਿਨਾਰੇ ਕਿੱਕਰ ਦੇ ਰੁੱਖ ਥੱਲੇ ਸਿੱਧਾ ਖੜ੍ਹਾ ਤਿੰਨ

ਫੁੱਟ ਲੰਮਾ ਰੇਤੀਲਾ ਪੱਥਰ। ਇਹ ਸਥਾਨਕ ਦੇਵਤਾ ਹੈ, ਇਕ ਦਿਓ, ਜਿਸਨੂੰ ਹਿੰਦੂ, ਸਿੱਖ, ਮੁਸਲਿਮ ਜਾਂ ਜਾਅਲੀ ਈਸਾਈ, ਸਾਰੇ ਪਿੰਡ ਵਾਸੀ ਜਦੋਂ ਕੋਈ ਖਾਸ ਬਖ਼ਸ਼ਿਸ਼ ਚਾਹੁੰਦੇ ਹੋਣ ਤਾਂ ਚੋਰੀ ਚੋਰੀ ਲਿੱਪ ਕੇ ਮੰਨਤ ਮੰਗਦੇ ਹਨ।

ਭਾਵੇਂ ਕਿਹਾ ਤਾਂ ਇਹੋ ਜਾਂਦਾ ਹੈ ਕਿ ਮਨੋ ਮਾਜਰਾ ਸਤਲੁਜ ਦਰਿਆ ਦੇ ਕੰਢੇ ਤੇ ਵੱਸਦਾ ਹੈ ਪਰ ਹਕੀਕਤ ਇਹ ਹੈ ਕਿ ਦਰਿਆ ਤੋਂ ਅੱਧਾ ਮੀਲ ਪਾਸੇ ਇਹ ਵੱਸਿਆ ਹੋਇਆ ਹੈ। ਭਾਰਤ ਵਿਚ ਪਿੰਡ ਨਦੀਆਂ ਦੇ ਕੰਢਿਆਂ ਦੇ ਬਹੁਤਾ ਨਜ਼ਦੀਕ ਨਹੀਂ ਵੱਸ ਸਕਦੇ। ਨਦੀਆਂ ਬਰਸਾਤਾਂ ਦੇ ਮੌਸਮ ਵਿਚ ਆਪਣਾ ਮਿਜ਼ਾਜ ਬਦਲ ਲੈਂਦੀਆਂ ਹਨ ਅਤੇ ਬਿਨ ਦਸਿਆਂ ਹੀ ਰਸਤਾ ਵੀ ਬਦਲ ਲੈਂਦੀਆਂ ਹਨ। ਸਤਲੁਜ ਪੰਜਾਬ ਦਾ ਸਭ ਤੋਂ ਵਡਾ ਦਰਿਆ ਹੈ। ਬਰਸਾਤਾਂ ਮਗਰੋਂ ਇਸਦੇ ਪਾਣੀ ਚੜ੍ਹ ਜਾਂਦੇ ਹਨ ਅਤੇ ਵਿਸ਼ਾਲ ਰੇਤੀਲੇ ਪਾਸਿਆਂ ਵਿਚ ਫੈਲ ਜਾਂਦੇ ਹਨ ਅਤੇ ਦੋਹਾਂ ਪਾਸਿਆਂ ਦੇ ਚਿੱਕੜ ਭਰੇ ਕੰਢਿਆਂ ਨੂੰ ਲਪੇਟ ਕੇ ਅਗੇ ਨਿਕਲ ਜਾਂਦੇ ਹਨ। ਇਹ ਇਕ ਮੀਲ ਤਕ ਚੌੜਾ ਖੌਰੂ ਪਾਉਂਦੇ ਪਾਣੀ ਦਾ ਵਿਸਤਾਰ ਬਣ ਜਾਂਦਾ ਹੈ। ਜਦੋਂ ਪਾਣੀ ਉਤਰ ਜਾਂਦੇ ਹਨ ਤਾਂ ਦਰਿਆ ਨਿਕੇ ਨਿਕੇ ਹਜ਼ਾਰਾਂ ਜਲ-ਧਾਰਿਆਂ ਵਿਚ ਵੰਡਿਆ ਜਾਂਦਾ ਹੈ ਜੋ ਛੋਟੇ ਛੋਟੇ ਦਲਦਲੀ ਦੀਪਾਂ ਦੇ ਵਿਚਕਾਰ ਮਸਤ ਚਾਲੇ ਅਗੇ ਤੁਰਦੇ ਹਨ। ਮਨੋ ਮਾਜਰਾ ਤੋਂ ਇਕ ਮੀਲ ਉੱਤਰ ਵੱਲ ਸਤਲੁਜ ਦਰਿਆ ਉਤੇ ਡਾਟਾਂ ਨਾਲ ਰੇਲਵੇ ਪੁਲ ਬਣਿਆ ਹੋਇਆ ਹੈ। ਇਹ ਪੁਲ ਬਹੁਤ ਸ਼ਾਨਦਾਰ ਹੈ। ਇਸਦੇ 18 ਵਡੇ ਵਡੇ ਮਹਿਰਾਬ ਇਕ ਤੋਂ ਦੂਜੇ ਥੰਮ੍ਹ ਤਕ ਲਹਿਰਾਂ ਵਾਂਗ ਝੂਲਦੇ ਹਨ ਅਤੇ ਇਸ ਦੇ ਹਰ ਸਿਰੇ ਉਤੇ ਰੇਲਵੇ ਲਾਈਨ ਨੂੰ ਸਹਾਰਾ ਦੇਣ ਵਾਸਤੇ ਪੱਥਰ ਦੇ ਬੁੰਨ ਬਣੇ ਹਨ। ਪੂਰਬ ਵਾਲੇ ਪਾਸੇ ਤੇ ਬੁੰਨ ਰੇਲਵੇ ਸਟੇਸ਼ਨ ਤਕ ਚਲਾ ਜਾਂਦਾ ਹੈ।

ਮਨੋ ਮਾਜਰਾ ਹਮੇਸ਼ਾ ਤੋਂ ਹੀ ਆਪਣੇ ਰੇਲਵੇ ਸਟੇਸ਼ਨ ਸਦਕਾ ਮਸ਼ਹੂਰ ਰਿਹਾ ਹੈ। ਕਿਉਂਕਿ ਪੁਲ ਉਤੇ ਕੇਵਲ ਇਕੋ ਲਾਈਨ ਹੈ, ਇਸ ਲਈ ਸਟੇਸ਼ਨ ਉਤੇ ਕਈ ਰੇਲਵੇ ਲਾਈਨਾਂ ਦਾ ਪ੍ਰਬੰਧ ਹੈ ਤਾਂ ਜੋ ਵਧੇਰੇ ਮਹੱਤਵਪੂਰਨ ਰੇਲਾਂ ਨੂੰ ਪਹਿਲਾਂ ਲੰਘਾਉਣ ਲਈ ਆਮ ਗੱਡੀਆਂ ਪਾਸੇ ਲਗਕੇ ਖੜ੍ਹੀਆਂ ਰਹਿਣ।

ਸਟੇਸ਼ਨ ਦੇ ਦੁਆਲੇ ਛੋਟੇ ਛੋਟੇ ਦੁਕਾਨਦਾਰਾਂ ਅਤੇ ਛਾਬੜੀ ਵਾਲਿਆਂ ਦੀ ਇਕ ਨਿਕੀ ਜਿਹੀ ਬਸਤੀ ਵੀ ਹੋਂਦ ਵਿਚ ਆ ਗਈ ਹੈ। ਇਹ ਲੋਕ ਯਾਤਰੀਆਂ ਨੂੰ ਖਾਣਾ, ਪਾਨ, ਸਿਗਰਟ, ਚਾਹ, ਬਿਸਕੁਟ ਅਤੇ ਮਿੱਠੀਆਂ ਚੀਜ਼ਾਂ ਵੇਚਦੇ ਹਨ। ਇਸ ਨਾਲ ਸਟੇਸ਼ਨ ਨੂੰ ਨਿਰੰਤਰ ਜੀਵਨ ਧੜਕਣ ਦਾ ਦਿਖਾਵਾ ਮਿਲਦਾ ਹੈ ਅਤੇ ਸਟਾਫ ਨੂੰ ਅਹਿਮੀਅਤ ਦੀ ਵਧਾਈ-ਚੜ੍ਹਾਈ ਭਾਵਨਾ ਮਿਲਦੀ ਹੈ। ਪਰ ਸੱਚ ਤਾਂ ਇਹ ਹੈ ਕਿ ਸਟੇਸ਼ਨ ਮਾਸਟਰ ਖੁਦ ਹੀ ਆਪਣੇ ਦਫਤਰ ਦੀ ਕਬੂਤਰ ਲੰਘਣ ਜਿਡੀ ਮੋਰੀ ਚੋਂ ਟਿਕਟਾਂ ਦਿੰਦਾ ਹੈ, ਦਰਵਾਜ਼ੇ ਲਾਗੇ ਖੜ੍ਹਕੇ ਸਟੇਸ਼ਨ ਤੋਂ ਬਾਹਰ ਜਾਣ ਵਾਲਿਆਂ ਤੋਂ ਟਿਕਟਾਂ ਫੜਦਾ ਹੈ ਅਤੇ ਤਾਰ ਭੇਜਣ ਵਾਲੇ ਜੰਤਰ ਤੋਂ ਸੰਦੇਸ਼ੇ ਘੱਲਦਾ ਅਤੇ ਲੈਂਦਾ ਹੈ। ਜਦੋਂ ਲੋਕ ਦੇਖ ਰਹੇ ਹੋਣ ਤਾਂ ਉਹ ਪਲੇਟਫਾਰਮ ਤੇ ਆ ਜਾਂਦਾ ਹੈ ਅਤੇ ਸਟੇਸ਼ਨ ਤੇ ਨਾ ਠਹਿਰਨ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦਿਖਾਉਣ ਲਗ ਜਾਂਦਾ ਹੈ।

ਉਸਦਾ ਇਕੋ ਇਕ ਸਹਾਇਕ ਹੈ ਜੋ ਦੋਹਾਂ ਪਾਸਿਆਂ ਦੇ ਸਿਗਨਲਾਂ ਨੂੰ ਅੱਪ ਡਾਊਨ ਕਰਨ ਲਈ ਪਲੇਟਫਾਰਮ ਤੋਂ ਇਕ ਸ਼ੀਸ਼ੇ ਦੇ ਕੇਬਿਨ ਵਿਚੋਂ ਲੀਵਰ ਨੂੰ ਉਪਰ ਹੇਠ ਕਰਦਾ ਹੈ ਅਤੇ ਕਾਂਟੇ ਬਦਲਕੇ ਸ਼ੰਟਿੰਗ ਕਰਦੇ ਇੰਜਣਾਂ ਨੂੰ ਇਕ ਲਾਈਨ ਤੋਂ ਦੂਜੀ ਉਤੇ ਜਾਣ ਵਿਚ ਮਦਦ ਕਰਦਾ ਹੈ। ਸ਼ਾਮ ਨੂੰ ਉਹ ਪਲੇਟਫਾਰਮ ਉਤੇ ਲੈਂਪਾਂ ਦੀ ਲੰਮੀ ਲਾਈਨ ਜਗਾਉਂਦਾ ਹੈ। ਉਹ ਅਲਮੂਨੀਅਮ ਦੇ ਵਡੇ ਲੈਂਪ ਲੈ ਕੇ ਸਿਗਨਲਾਂ ਕੋਲ ਜਾਂਦਾ ਅਤੇ ਲਾਲ ਅਤੇ ਹਰੇ ਸ਼ੀਸ਼ਿਆਂ ਦੇ ਪਿਛੇ ਰਖ ਦਿੰਦਾ ਹੈ। ਸਵੇਰ ਵੇਲੇ ਉਹ ਇਨ੍ਹਾਂ ਲੈਂਪਾਂ ਨੂੰ ਵਾਪਸ ਲੈ ਜਾਂਦਾ ਅਤੇ ਪਲੇਟਫਾਰਮ ਵਾਲਿਆਂ ਨੂੰ ਬੁਝਾ ਦਿੰਦਾ ਹੈ।

ਮਨੋ ਮਾਜਰਾ ਵਿਖੇ ਬਹੁਤੀਆਂ ਗੱਡੀਆਂ ਨਹੀਂ ਖੜ੍ਹਦੀਆਂ। ਐਕਸਪ੍ਰੈਸ ਗੱਡੀਆਂ ਤਾਂ ਉਕਾ ਹੀ ਨਹੀਂ। ਮਧਮ ਰਫਤਾਰ ਵਾਲੀਆਂ ਬਹੁਤ ਸਾਰੀਆਂ ਯਾਤਰੀ ਗੱਡੀਆਂ ਵਿਚੋਂ ਵੀ ਕੇਵਲ ਦੋ ਹੀ ਇਥੇ ਕੁਝ ਮਿੰਟ ਖੜ੍ਹਦੀਆਂ ਹਨ — ਇਕ ਜੋ ਸਵੇ ਰ ਵੇਲੇ ਦਿਲੀ ਤੋਂ ਲਾਹੌਰ ਨੂੰ ਜਾਂਦੀ ਹੈ ਅਤੇ ਦੂਜੀ ਜੋ ਸ਼ਾਮ ਵੇਲੇ ਲਾਹੌਰ ਤੋਂ ਦਿੱਲੀ ਵੱਲ ਜਾਂਦੀ ਹੈ। ਹੋਰ ਤਾਂ ਉਦੋਂ ਹੀ ਖੜ੍ਹਦੀਆਂ ਹਨ ਜਦੋਂ ਉਹਨਾਂ ਨੂੰ ਲਾਂਘਾ ਦੇਣ ਲਈ ਰੁਕਣਾ ਪੈਂਦਾ ਹੈ। ਸਟੇਸ਼ਨ ਦੀਆਂ ਬਾਕਾਇਦਾ ਗਾਹਕ ਤਾਂ ਮਾਲ ਗੱਡੀਆਂ ਹੀ ਹਨ। ਭਾਵੇਂ ਮਨੋ ਮਾਜਰਾ ਤੋਂ ਸ਼ਾਇਦ ਹੀ ਕਦੇ ਕੋਈ ਮਾਲ ਗਿਆ ਜਾਂ ਇਥੇ ਆਇਆ ਹੋਵੇ , ਪਰ ਇਸ ਦੀਆਂ ਪਾਸੇ ਵਾਲੀਆਂ ਲਾਈਨਾਂ ਉਤੇ ਅਕਸਰ ਮਾਲ ਡੱਬੇ ਵਡੀ ਗਿਣਤੀ ਵਿਚ ਖੜ੍ਹੇ ਹੀ ਰਹਿੰਦੇ ਹਨ। ਹਰ ਲੰਘਦੀ ਹੋਈ ਮਾਲ ਗੱਡੀ ਇਥੇ ਕਈ ਘੰਟੇ ਲਾਕੇ ਡੱਬੇ ਛੱਡਦੀ ਅਤੇ ਜੋੜਦੀ ਰਹਿੰਦੀ ਹੈ। ਹਨੇਰਾ ਹੋਣ ਮਗਰੋਂ ਜਦੋਂ ਪਿੰਡਾਂ ਵਿਚ ਚੁੱਪ ਛਾ ਜਾਂਦੀ ਹੈ ਤਾਂ ਸਾਰੀ ਰਾਤ ਇੰਜਣ ਦੇ ਭਾਫ ਛੱਡਣ ਅਤੇ ਚਲਣ, ਡੱਬਿਆਂ ਦੇ ਇਕ ਦੂਜੇ ਨਾਲ ਲੱਗਣ ਅਤੇ ਕਲੈਂਪਾਂ ਨਾਲ ਜੋੜਨ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ।

ਇਸ ਸਭ ਕਾਸੇ ਨੇ ਮਨੋ ਮਾਜਰਾ ਨੂੰ ਰੇਲ ਗੱਡੀਆਂ ਪ੍ਰਤਿ ਬਹੁਤ ਚੇਤੰਨ ਬਣਾ ਦਿਤਾ ਹੈ। ਸੂਰਜ ਚੜ੍ਹਨ ਤੋਂ ਪਹਿਲਾਂ ਸਵੇਰੇ ਸਾਝਰੇ ਇਕ ਡਾਕ ਗੱਡੀ ਤੇਜ਼ ਰਫਤਾਰ ਨਾਲ ਲਾਹੌਰ ਵੱਲ ਲੰਘਦੀ ਹੈ। ਜਦੋਂ ਇਹ ਪੁਲ ਦੇ ਕੋਲੇ ਪੁਜਦੀ ਹੈ ਤਾਂ ਇੰਜਣ ਦਾ ਡਰਾਈਵਰ ਦੋ ਲੰਮੀਆਂ ਸੀਟੀਆਂ ਮਾਰਦਾ ਹੈ। ਤੁਰੰਤ ਸਾਰਾ ਮਨੋ ਮਾਜਰਾ ਜਾਗ ਪੈਂਦਾ ਹੈ। ਕਿੱਕਰ ਦੇ ਦਰਖਤਾਂ ਵਿਚੋਂ ਕਾਂ ਕਾਂ ਉਠ ਪੈਂਦੀ ਹੈ। ਚਾਮਚੜਿੱਕਾਂ ਲੰਮੀਆਂ ਖਾਮੋਸ਼ ਕਤਾਰਾਂ ਵਿਚ ਵਾਪਸ ਉੱਡ ਪੈਂਦੀਆਂ ਅਤੇ ਪਿੱਪਲ ਦੇ ਦਰਖਤ ਉਤੇ ਆਪਣੀਆਂ ਲੱਟਕਣ ਥਾਵਾਂ ਲਈ ਆਪਸ ਵਿਚ ਝਗੜਦੀਆਂ ਹਨ। ਮਸੀਤ ਦੇ ਮੁੱਲਾਂ ਨੂੰ ਪਤਾ ਲਗ ਜਾਂਦਾ ਹੈ ਕਿ ਹੁਣ ਸਵੇਰ ਦੀ ਨਮਾਜ਼ ਦਾ ਵਕਤ ਹੋ ਗਿਆ ਹੈ। ਫਟਾ ਫੱਟ ਨਹਾਉਂਦਾ ਹੈ, ਪੱਛਮ ਵਿਚ ਮੱਕੇ ਵੱਲ ਮੂੰਹ ਕਰਦਾ ਹੈ, ਕੰਨਾਂ ਵਿਚ ਉਂਗਲਾਂ ਪਾਕੇ ਗੂੰਜਦੀ ਆਵਾਜ਼ ਵਿਚ 'ਅੱਲਾ-ਹੂ-ਅਕਬਰ' ਦੀ ਬਾਂਗ ਦਿੰਦਾ ਹੈ। ਸਿੱਖਾਂ ਦੇ ਗੁਰਦੁਆਰੇ ਦਾ ਭਾਈ ਉਨਾ ਚਿਰ ਬਿਸਤਰੇ ਵਿਚ ਹੀ ਵੜਿਆ ਰਹਿੰਦਾ ਹੈ ਜਿੰਨਾ ਚਿਰ ਮੁੱਲਾਂ ਦੀ ਬਾਂਗ ਨਾ ਕੰਨੀਂ ਪੈ ਜਾਵੇ। ਫਿਰ ਉਹ ਵੀ ਉਠ ਪੈਂਦਾ ਹੈ, ਵਿਹੜੇ ਵਿਚਲੇ ਖੂਹ ਵਿਚੋਂ ਪਾਣੀ ਦੀ ਬਾਲਟੀ ਭਰਦਾ ਹੈ, ਆਪਣੇ ਪਿੰਡੇ ਤੇ ਪਾਣੀ ਸੁੱਟਦਾ ਅਤੇ

ਪਾਣੀ ਦੇ ਛਿੱਟਿਆਂ ਦੀ ਆਵਾਜ਼ ਦੇ ਸੰਗੀਤ ਨਾਲ ਬੇਸੁਰਾ ਜਿਹਾ ਗਾਉਂਦਿਆਂ ਪਾਠ ਕਰਦਾ ਹੈ।

ਸਵੇਰ ਦੇ ਸਾਢੇ ਦਸ ਹੁੰਦਿਆਂ ਦਿੱਲੀ ਤੋਂ ਮੁਸਾਫਰ ਗੱਡੀ ਆਉਂਦੀ ਹੈ ਅਤੇ ਉਦੋਂ ਤਕ ਮਨੋ ਮਾਜਰਾ ਦਾ ਜੀਵਨ ਆਪਣੇ ਰੋਜ਼ਮਰਾ ਦੇ ਰੁੱਖੇ ਜਿਹੇ ਪੰਧ ਤੇ ਤੁਰ ਪੈਂਦਾ ਹੈ। ਮਰਦ ਖੇਤਾਂ ਵਿਚ ਹੁੰਦੇ ਹਨ। ਔਰਤਾਂ ਨਿਤ ਦਿਹਾੜੀ ਦੇ ਖਲਜੱਗਣ ਵਿਚ ਰੁਝੀਆਂ ਹੁੰਦੀਆਂ ਹਨ। ਬੱਚੇ ਬਾਹਰ ਦਰਿਆ ਦੇ ਕੰਢੇ ਪਸ਼ੂਆਂ ਨੂੰ ਚਰਾਉਣ ਲੈ ਜਾਂਦੇ ਹਨ। ਹਲਟਾਂ ਅਗੇ ਜੁੜੇ ਬਲਦਾਂ ਨੂੰ ਜਿਉਂ ਜਿਉਂ ਪਿੱਠ ਉਤੇ ਹੁੱਜਾਂ ਵਜਦੀਆਂ ਅਤੇ ਗਾਲਾਂ ਮਿਲਦੀਆਂ ਹਨ ਉਹ ਗਾਧੀ ਨੂੰ ਖਿਚਦੇ ਗੇੜੇ ਕਢਦੇ ਹਨ, ਤਿਉਂ ਤਿਉਂ ਹਲਟ ਦੀ ਚੀਂ ਚੀਂ ਅਤੇ ਟੁਕ ਟੁਕ ਸੁਣਾਈ ਦਿੰਦੀ ਹੈ। ਚੁੰਝਾਂ ਵਿਚ ਲਟਕ ਰਹੇ ਤੀਲੇ ਲਈ ਚਿੜੀਆਂ ਛੱਤਾਂ ਤੇ ਉਡਦੀਆਂ ਫਿਰਦੀਆਂ ਹਨ। ਅਵਾਰਾ ਕੁੱਤੇ ਲੰਮੀਆਂ ਕੱਚੀਆਂ ਕੰਧਾਂ ਦੀ ਛਾਂ ਲੱਭਦੇ ਫਿਰਦੇ ਹਨ। ਚਾਮਚੜਿੱਕਾਂ ਦੇ ਝਗੜੇ ਖਤਮ ਹੋ ਜਾਂਦੇ ਹਨ, ਉਹ ਆਪਣੇ ਖੰਭ ਸਮੇਟ ਲੈਂਦੀਆਂ ਹਨ ਅਤੇ ਨੀਂਦ ਵਿਚ ਪੁੱਠੀਆਂ ਲਟਕ ਜਾਂਦੀਆਂ ਹਨ।

ਦੁਪਹਿਰ ਵੇਲੇ ਦੀ ਐਕਸਪ੍ਰੈੱਸ ਲੰਘਦੀ ਹੈ ਤਾਂ ਮਨੋ ਮਾਜਰਾ ਆਰਾਮ ਕਰਨ ਲਈ ਰੁਕ ਜਾਂਦਾ ਹੈ। ਆਦਮੀ ਅਤੇ ਬੱਚੇ ਦੁਪਹਿਰ ਦੇ ਖਾਣੇ ਅਤੇ ਆਰਾਮ-ਘੰਟੇ ਲਈ ਘਰ ਮੁੜ ਆਉਂਦੇ ਹਨ। ਖਾਣਾ ਖਾਣ ਮਗਰੋਂ ਆਦਮੀ ਪਿੱਪਲ ਦੀ ਛਾਂ ਥੱਲੇ ਆ ਜੁੜਦੇ ਹਨ, ਲਕੜ ਦੇ ਬੈਂਚਾਂ ਤੇ ਬੈਠਕੇ ਗੱਲਾਂ ਮਾਰਦੇ ਅਤੇ ਝਪਕੀ ਲੈਂਦੇ ਹਨ। ਮੁੰਡੇ ਆਪਣੀਆਂ ਮੱਝਾਂ ਤੇ ਚੜ੍ਹਕੇ, ਉਨ੍ਹਾਂ ਨੂੰ ਛੱਪੜ ਵਿਚ ਹਿੱਕ ਲਿਆਉਂਦੇ ਹਨ, ਪਿੱਠਾਂ ਤੋਂ ਛਾਲ ਮਾਰ ਦਿੰਦੇ ਹਨ ਅਤੇ ਗੰਦੇ ਪਾਣੀ ਦੇ ਛਿੱਟੇ ਮਾਰਦੇ ਹਨ। ਲੜਕੀਆਂ ਦਰਖਤਾਂ ਥੱਲੇ ਖੇਡਦੀਆਂ ਹਨ। ਔਰਤਾਂ ਇਕ ਦੂਜੇ ਦੇ ਸਿਰ ਵਿਚ ਘੀ ਝੱਸਦੀਆਂ ਹਨ, ਆਪਣੇ ਬੱਚਿਆਂ ਦੇ ਸਿਰਾਂ ਵਿਚੋਂ ਜੂੰਆਂ ਮਾਰਦੀਆਂ ਹਨ ਅਤੇ ਕਿਸਦੇ ਕੀ ਜੰਮਿਆ, ਕੌਣ ਮਰਿਆ ਅਤੇ ਕਿਸਦਾ ਕਿਥੇ ਕਿਨ੍ਹਾਂ ਦੇ ਘਰੇ ਕਿਹੋ ਜਿਹਾ ਵਿਆਹ ਹੋਇਆ ਬਾਰੇ ਗੱਪਾਂ ਮਾਰਦੀਆਂ ਹਨ।

ਸ਼ਾਮ ਨੂੰ ਜਦੋਂ ਲਾਹੌਰ ਤੋਂ ਮੁਸਾਫਰ ਗੱਡੀ ਆਉਂਦੀ ਹੈ ਤਾਂ ਹਰ ਕੋਈ ਫਿਰ ਕੰਮ ਤੇ ਲਗ ਜਾਂਦਾ ਹੈ। ਪਸ਼ੂਆਂ ਨੂੰ ਇੱਕਠਾ ਕੀਤਾ ਜਾਂਦਾ ਅਤੇ ਹਿੱਕ ਕੇ ਘਰੇ ਲੈ ਆਂਦਾ ਜਾਂਦਾ ਹੈ, ਦੁੱਧ ਚੋਇਆ ਜਾਂਦਾ ਹੈ ਅਤੇ ਰਾਤ ਭਰ ਲਈ ਸੰਗਲ ਲਾ ਦਿਤੇ ਜਾਂਦੇ ਹਨ। ਇਸਤਰੀਆਂ ਸ਼ਾਮ ਦਾ ਖਾਣਾ ਤਿਆਰ ਕਰਦੀਆਂ ਹਨ। ਫਿਰ ਪਰਿਵਾਰ ਛੱਤਾਂ ਉਤੇ ਇੱਕਠੇ ਹੋ ਜਾਂਦੇ ਹਨ, ਜਿਥੇ ਉਹਨਾਂ ਚੋਂ ਬਹੁਤੇ ਗਰਮੀਆਂ ਵਿਚ ਰਾਤ ਨੂੰ ਸੌਂਦੇ ਹਨ। ਮੰਜਿਆਂ ਤੇ ਬੈਠਕੇ ਉਹ ਸਬਜ਼ੀ ਨਾਲ ਫੁਲਕੇ ਖਾਂਦੇ ਹਨ ਅਤੇ ਫਿਰ ਤਾਂਬੇ ਦੇ ਵਡੇ ਗਲਾਸਾਂ ਵਿਚ ਮਲਾਈ ਵਾਲਾ ਗਰਮ ਦੁੱਧ ਪੀਂਦੇ ਹਨ ਅਤੇ ਸੌਣ ਦਾ ਵਕਤ ਹੋਣ ਤਕ ਗੱਲਾਂ ਮਾਰਕੇ ਵਕਤ ਗੁਜ਼ਾਰਦੇ ਹਨ। ਜਦੋਂ ਮਾਲ ਗੱਡੀ ਆਉਂਦੀ ਹੈ ਤਾਂ ਉਹ ਇਕ ਦੂਜੇ ਨੂੰ ਕਹਿੰਦੇ ਹਨ "ਮਾਲ ਗੱਡੀ ਆ ਗਈ" ਜਿਵੇਂ ਕਹਿ ਰਹੇ ਹੋਣ 'ਅੱਛਾ ਸ਼ੁਭ ਰਾਤਰੀ'। ਮੁੱਲਾਂ ਫਿਰ ਮੋਮਨਾਂ ਨੂੰ ਨਮਾਜ਼ ਲਈ ਕਹਿਣ ਵਾਸਤੇ ਬੁਲੰਦ

ਆਵਾਜ਼ ਵਿਚ ਬਾਂਗ ਦਿੰਦਾ ਹੈ, 'ਅੱਲਾ ਹੂ ਅਕਬਰ'। ਮੋਮਨ ਲੋਕ ਆਪਣੀਆਂ ਛੱਤਾਂ ਤੋਂ ਆਮੀਨ ਬੋਲਦੇ ਹਨ। ਸਿੱਖ ਭਾਈ ਅੱਧ-ਨੀਂਦਰੇ ਵਾਲੇ ਬਜ਼ੁਰਗ ਮਰਦਾਂ ਔਰਤਾਂ ਦੇ ਅਰਧ-ਚੱਕਰ ਵਿਚ ਰਹਿਰਾਸ ਦਾ ਪਾਠ ਕਰਦਾ ਹੈ। ਕਿੱਕਰ ਦੇ ਦਰਖਤਾਂ ਵਿਚ ਕਾਵਾਂ ਦੀ ਕਾਂ ਕਾਂ ਮੱਠੀ ਪੈ ਜਾਂਦੀ ਹੈ। ਛੋਟੇ ਚਮਗਿੱਦੜ ਧੁੰਧਲਕੇ ਵਿਚ ਇਧਰ ਉਧਰ ਥਾਂ ਬਦਲਦੇ ਹਨ ਜਦੋਂ ਕਿ ਵਡੇ ਚਮਗਿੱਦੜ ਸ਼ਾਨ ਨਾਲ ਉਡਾਣਾਂ ਭਰਦੇ ਹਨ। ਮਾਲ ਗੱਡੀ ਸਟੇਸ਼ਨ ਉਤੇ ਖਾਸਾ ਵਕਤ ਲਾਉਂਦੀ ਹੈ ਕਿਉਂਕਿ ਇੰਜਣ ਡੱਬਿਆਂ ਨੂੰ ਲੈ ਕੇ ਇਧਰ ਉਧਰ ਸ਼ੰਟਿੰਗ ਕਰਦਾ ਰਹਿੰਦਾ ਹੈ। ਜਦੋਂ ਮਾਲ ਗੱਡੀ ਜਾਂਦੀ ਹੈ ਉਦੋਂ ਤਕ ਬੱਚੇ ਸੌਂ ਚੁਕੇ ਹੁੰਦੇ ਹਨ। ਵਡੇਰੀ ਉਮਰ ਵਾਲੇ ਉਡੀਕਦੇ ਰਹਿੰਦੇ ਹਨ ਕਿ ਕਦੋਂ ਇਸ ਗੱਡੀ ਦੀ ਪੁਲ ਉਤੋਂ ਲੰਘਦੀ ਹੋਈ ਦੀ ਖੜ-ਖੜ ਲੋਰੀ ਉਨ੍ਹਾਂ ਨੂੰ ਨੀਂਦ ਦੀ ਗੋਦੀ ਵਿਚ ਲੈ ਜਾਵੇ। ਫਿਰ ਮਨੋ ਮਾਜਰਾ ਵਿਚ ਜ਼ਿੰਦਗੀ ਖੜ੍ਹ ਜਾਂਦੀ ਹੈ, ਸਿਵਾਇ ਉਹਨਾਂ ਕੁੱਤਿਆਂ ਦੇ ਜੋ ਰਾਤ ਨੂੰ ਹਰ ਲੰਘਦੀ ਰੇਲ ਗੱਡੀ ਉਤੇ ਭੌਂਕਦੇ ਹਨ।

ਹਮੇਸ਼ਾ ਹੀ ਇੰਜ ਹੁੰਦਾ ਆਇਐ 1947 ਦੀਆਂ ਗਰਮੀਆਂ ਤਕ ਤਾਂ।

## 2

ਉਸ ਸਾਲ ਦੇ ਅਗਸਤ ਦੀ ਇਕ ਮੰਦਭਾਗੀ ਰਾਤ ਨੂੰ, ਮਨੋ ਮਾਜਰਾ ਦੇ ਨੇੜੇ ਹੀ ਕਿੱਕਰਾਂ ਦੇ ਇਕ ਝੁੰਡ ਵਿਚੋਂ ਪੰਜ ਬੰਦੇ ਬਾਹਰ ਨਿਕਲੇ ਅਤੇ ਚੁੱਪ ਚਾਪ ਦਰਿਆ ਵੱਲ ਤੁਰੇ। ਉਹ ਡਾਕੂ ਸਨ ਜਾਂ ਪੇਸ਼ਾਵਰ ਲੁਟੇਰੇ ਜੋ ਵੀ ਉਹ ਸਨ ਪਰ ਉਹ ਸਾਰੇ ਸਿਰਫ ਇਕ ਨੂੰ ਛੱਡਕੇ ਹਥਿਆਰਬੰਦ ਸਨ। ਦੋ ਬੰਦਿਆਂ ਕੋਲ ਬਰਛੇ ਸਨ। ਬਾਕੀਆਂ ਦੇ ਮੋਢਿਆਂ ਉਤੇ ਕਾਰਬਾਈਨਾਂ ਲਟਕਦੀਆਂ ਸਨ। ਪੰਜਵੇਂ ਬੰਦੇ ਕੋਲ ਕਰੋਮੀਅਮ ਦੇ ਮੁਲੰਮੇ ਵਾਲੀ ਬੈਟਰੀ ਸੀ। ਜਦੋਂ ਉਹ ਕਿਨਾਰੇ ਉਤੇ ਆਏ ਉਹ ਨੇ ਬੈਟਰੀ ਜਗਾਈ। ਫਿਰ ਉਹਨੇ ਬੁੜ ਬੁੜ ਕੀਤੀ ਅਤੇ ਇਸਨੂੰ ਬੁਝਾ ਦਿਤਾ।

"ਆਪਾਂ ਇਥੇ ਹੀ ਉਡੀਕਾਂਗੇ," ਉਨ੍ਹੇ ਕਿਹਾ।

ਉਹ ਰੇਤ ਉਤੇ ਬੈਠ ਗਿਆ। ਬਾਕੀ ਦੇ ਉਸ ਦੁਆਲੇ ਆਪਣੇ ਹਥਿਆਰਾਂ ਦੀ ਟੇਕ ਲੈ ਕੇ ਝੁਕ ਗਏ। ਬੈਟਰੀ ਵਾਲੇ ਆਦਮੀ ਨੇ ਨੇਜੇ ਵਾਲੇ ਇਕ ਬੰਦੇ ਵੱਲ ਦੇਖਿਆ।

"ਤੇਰੇ ਕੋਲ ਜੱਗੇ ਵਾਸਤੇ ਵੰਗਾਂ ਹਨ?"

"ਹਾਂ। ਇਕ ਦਰਜਨ ਲਾਲ ਅਤੇ ਨੀਲੀਆਂ ਵੰਗਾਂ। ਇਹ ਪਿੰਡ ਦੀ ਕਿਸੇ ਵੀ ਛੋਕਰੀ ਨੂੰ ਮੋਹ ਲੈਣਗੀਆਂ।"

"ਇਹ ਜੱਗੇ ਨੂੰ ਪਸੰਦ ਨਹੀਂ ਆਉਣੀਆਂ", ਇਕ ਬੰਦੂਕਚੀ ਨੇ ਆਖਿਆ।

ਸਰਦਾਰ ਹੱਸ ਪਿਆ। ਉਹਨੇ ਬੈਟਰੀ ਨੂੰ ਹਵਾ ਵਿਚ ਉਛਾਲਿਆ ਅਤੇ

ਫਿਰ ਫੜ੍ਹ ਲਿਆ। ਉਹ ਫਿਰ ਹੱਸ ਪਿਆ ਅਤੇ ਬੈਟਰੀ ਆਪਣੇ ਮੂੰਹ ਤਕ ਲਿਆਂਦੀ ਅਤੇ ਜਗਾ ਦਿਤੀ। ਅੰਦਰੋਂ ਆ ਰਹੀ ਰੋਸ਼ਨੀ ਸਦਕਾ ਉਹਦੀਆਂ ਗਲ੍ਹਾਂ ਗੁਲਾਬੀ ਹੋ ਗਈਆਂ।

'ਜੱਗਾ ਆਪਣੀ ਪਿਆਰੀ ਜੁਲਾਹੇ ਦੀ ਕੁੜੀ ਨੂੰ ਇਹ ਵੰਗਾਂ ਦੇ ਸਕਦਾ ਹੈ", ਦੂਜੇ ਬਰਛੇ ਵਾਲੇ ਆਦਮੀ ਨੇ ਆਖਿਆ, "ਇਹ ਵੰਗਾਂ ਉਸ ਦੀਆਂ ਵਡੀਆਂ ਹਿਰਨ ਵਰਗੀਆਂ ਅੱਖਾਂ ਨਾਲ ਅਤੇ ਕੱਚੀਆਂ ਅੰਬੀਆਂ ਵਰਗੀਆਂ ਛਾਤੀਆਂ ਨਾਲ ਬਹੁਤ ਸੋਹਣੀਆਂ ਲਗਣਗੀਆਂ। ਉਹਦਾ ਨਾਮ ਕੀ ਹੈ?'

ਆਗੂ ਨੇ ਬੈਟਰੀ ਬੰਦ ਕਰ ਦਿਤੀ ਅਤੇ ਆਪਣੇ ਮੂੰਹ ਤੋਂ ਪਾਸੇ ਕਰ ਲਈ ਅਤੇ ਕਿਹਾ: "ਨੂਰਾਂ"

"ਆਇ ਹਾਇ!" ਨੇਜੇ ਵਾਲੇ ਨੇ ਕਿਹਾ,"ਨੂਰਾਂ! ਕੀ ਤੁਸੀਂ ਉਹਨੂੰ ਬਸੰਤ ਦੇ ਮੇਲੇ ਵਿਚ ਦੇਖਿਆ ਸੀ? ਕੀ ਤੁਸੀਂ ਉਹਦੀ ਤੰਗ ਕੁੜਤੀ ਚੋਂ ਝਾਕਦੀਆਂ ਛਾਤੀਆਂ ਨੂੰ ਦੇਖਿਆ ਸੀ? ਕੁੜਤੀ ਦੀ ਭਾਨ ਵਿਚੋਂ ਘੰਟੀਆਂ ਟੁਣਕਦੀਆਂ ਸੁਣੀਆਂ ਸੀ? ਰੇਸ਼ਮੀ ਕਪੜਾ ਸ਼ੂੰ ਸ਼ੂੰ ਬਲਦਾ ਸੁਣਿਆ ਸੀ? ਹਾਇ!"

"ਹਾਇ!" ਨੇਜੇ ਵਾਲੇ, ਜਿਸ ਕੋਲ ਵੰਗਾਂ ਸਨ, ਨੇ ਹਉਕਾ ਲਿਆ, "ਹਾਇ! ਹਾਇ!!"

"ਜੱਗੇ ਨੂੰ ਤਾਂ ਉਹ ਪੂਰਾ ਮਜ਼ਾ ਦੇਊ," ਬੰਦੂਕ ਵਾਲਾ ਪਹਿਲੀ ਵਾਰ ਬੋਲਿਆ। "ਦਿਨੇ ਤਾਂ ਉਹ ਭੋਲੀ ਕਬੂਤਰੀ ਲਗਦੀ ਹੈ, ਜਿਵੇਂ ਉਹਦੇ ਹਾਲੇ ਦੁੱਧ ਵਾਲੇ ਦੰਦ ਵੀ ਟੁੱਟੇ ਨਾ ਹੋਣ।" ਉਹਨੇ ਹਉਕਾ ਭਰਿਆ। "ਪਰ ਰਾਤ ਨੂੰ ਉਹ ਅੱਖਾਂ ਵਿਚ ਕਾਲਾ ਸੁਰਮਾ ਪਾ ਲੈਂਦੀ ਹੈ।"

"ਸੁਰਮਾ ਅੱਖਾਂ ਵਾਸਤੇ ਚੰਗਾ ਹੁੰਦੈ," ਇਕ ਨੇ ਕਿਹਾ, "ਠੰਡ ਪਾਉਂਦੈ"।

"ਇਹ ਦੇਖਣ ਵਾਲਿਆਂ ਦੀਆਂ ਅੱਖਾਂ ਲਈ ਵੀ ਚੰਗਾ ਹੁੰਦੈ," ਬੰਦੂਕ ਵਾਲੇ ਨੇ ਆਖਿਆ।

"ਉਨ੍ਹਾਂ ਦੀ ਵਾਸ਼ਨਾ ਨੂੰ ਵੀ ਠੰਡ ਪਾਉਂਦੈ।"

"ਜੱਗੇ ਦੀ?" ਉਨ੍ਹਾਂ ਦੇ ਸਰਦਾਰ ਨੇ ਕਿਹਾ।

ਬਾਕੀ ਦੇ ਸਾਰੇ ਹੱਸ ਪਏ। ਉਨ੍ਹਾਂ ਚੋਂ ਇਕ ਅਚਾਨਕ ਸਿੱਧਾ ਹੋ ਕੇ ਬੈਠ ਗਿਆ।

"ਸੁਣੋ!" ਉਹ ਬੋਲਿਆ, "ਮਾਲ ਗੱਡੀ ਆ ਗਈ।"

ਦੂਜਿਆਂ ਨੇ ਵੀ ਹੱਸਣਾ ਬੰਦ ਕਰ ਦਿਤਾ। ਉਹ ਸਾਰੇ ਚੁੱਪ ਹੋ ਕੇ ਪਹੁੰਚ ਰਹੀ ਗੱਡੀ ਦੀ ਆਵਾਜ਼ ਸੁਣਨ ਲਗੇ। ਬਰੇਕਾਂ ਦੀ ਆਵਾਜ਼ ਨਾਲ ਇਹ ਰੁਕ ਗਈ, ਡੱਬਿਆਂ ਦੇ ਪਹੀਆਂ ਨੇ ਚੀਂ ਚੀਂ ਕੀਤੀ। ਕੁਝ ਸਮਾਂ ਪਿਛੋਂ ਇੰਜਣ ਦੀ ਆਵਾਜ਼, ਇਧਰ ਉਧਰ ਜਾਂਦੇ ਦੀ ਅਤੇ ਡੱਬੇ ਲਿਜਾਂਦੇ ਅਤੇ ਛਡਦੇ ਦੀ, ਸੁਣੀ ਜਾ ਸਕਦੀ ਸੀ।

ਛਡੇ ਹੋਏ ਡੱਬੇ ਜਦੋਂ ਪਾਸੇ ਦੀ ਲਾਈਨ ਉਤੇ ਪਹਿਲਾਂ ਹੀ ਖੜ੍ਹੇ ਡੱਬੇ ਨਾਲ ਟਕਰਾਉਂਦੇ ਤਾਂ ਜ਼ੋਰਦਾਰ ਧਮਾਕਾ ਹੁੰਦਾ। ਇੰਜਣ ਨੇ ਵਾਪਸ ਗੱਡੀ ਵੱਲ ਛੁੱਕ ਛੁੱਕ ਕੀਤੀ।

"ਰਾਮ ਲਾਲ ਕੋਲ ਜਾਣ ਦਾ ਵਕਤ ਹੋ ਗਿਐ," ਸਰਦਾਰ ਨੇ ਆਖਿਆ ਅਤੇ ਉਠ ਕੇ ਖੜ੍ਹਾ ਹੋ ਗਿਆ।

ਉਹਦੇ ਸਾਥੀ ਵੀ ਖੜ੍ਹੇ ਹੋ ਗਏ ਅਤੇ ਆਪਣੇ ਕਪੜਿਆਂ ਤੋਂ ਮਿੱਟੀ ਝਾੜਨ ਲਗੇ। ਉਨ੍ਹਾਂ ਇਕ ਕਤਾਰ ਵਿਚ ਖੜ੍ਹੇ ਹੋ ਕੇ ਪ੍ਰਾਰਥਨਾ ਲਈ ਹੱਥ ਜੋੜੇ। ਇਕ ਜਣਾ ਇਕ ਕਦਮ ਅਗੇ ਆਇਆ ਅਤੇ ਹੌਲੀ ਹੌਲੀ ਪ੍ਰਾਰਥਨਾ ਗੁਣਗੁਣਾਉਣ ਲੱਗਾ। ਜਦੋਂ ਉਹ ਖਤਮ ਕਰ ਚੁਕਿਆ ਤਾਂ ਉਹ ਸਾਰੇ ਗੋਡਿਆਂ ਭਾਰ ਹੋ ਗਏ ਅਤੇ ਜ਼ਮੀਨ ਤੇ ਮੱਥੇ ਟੇਕਣ ਲਗੇ। ਫਿਰ ਉਹ ਖੜ੍ਹੇ ਹੋ ਗਏ ਅਤੇ ਪੱਗ ਦੇ ਲਟਕਦੇ ਲੜਾਂ ਨਾਲ ਆਪਣੇ ਮੂੰਹ ਢਕ ਲਏ। ਕੇਵਲ ਅੱਖਾਂ ਹੀ ਨੰਗੀਆਂ ਸਨ। ਇੰਜਣ ਨੇ ਦੋ ਲੰਮੀਆਂ ਸੀਟੀਆਂ ਮਾਰੀਆਂ ਅਤੇ ਗੱਡੀ ਪੁਲ ਵੱਲ ਚਲ ਪਈ।

"ਚਲੋ!" ਸਰਦਾਰ ਨੇ ਆਖਿਆ।

ਬਾਕੀ ਸਾਰੇ ਉਹਦੇ ਪਿਛੇ ਪਿਛੇ ਬੰਨ੍ਹ ਦੇ ਉਤੇ ਅਤੇ ਖੇਤਾਂ ਵਿਚ ਦੀ ਚੱਲਣ ਲਗੇ। ਜਦੋਂ ਗੱਡੀ ਪੁਲ ਉਤੇ ਪਹੁੰਚੀ, ਬੰਦੇ ਛੱਪੜ ਦਾ ਗੇੜਾ ਕਢਕੇ ਉਸ ਗਲ਼ੀ ਪੈ ਗਏ ਸਨ ਜੋ ਪਿੰਡ ਦੇ ਕੇਂਦਰ ਵੱਲ ਜਾਂਦੀ ਸੀ। ਉਹ ਲਾਲਾ ਰਾਮ ਲਾਲ ਦੇ ਘਰੇ ਪਹੁੰਚ ਗਏ । ਸਰਦਾਰ ਨੇ ਇਕ ਬੰਦੂਕ ਵਾਲੇ ਨੂੰ ਇਸ਼ਾਰਾ ਕੀਤਾ। ਉਹ ਅਗੇ ਵਧਿਆ ਅਤੇ ਦਰਵਾਜ਼ੇ ਉਤੇ ਜ਼ੋਰ ਜ਼ੋਰ ਦੀ ਬੰਦੂਕ ਦਾ ਬੱਟ ਮਾਰਨ ਲਗਾ।

"ਓਏ!" ਉਹ ਜ਼ੋਰ ਨਾਲ ਚੀਕਿਆ, "ਲਾਲਾ!"

ਕੋਈ ਜਵਾਬ ਨਹੀਂ ਆਇਆ। ਪਿੰਡ ਦੇ ਕੁਤੇ ਉਨ੍ਹਾਂ ਦੁਆਲੇ ਇਕਠੇ ਹੋ ਗਏ ਅਤੇ ਉਨ੍ਹਾਂ ਨੂੰ ਭੌਂਕਣ ਲਗੇ। ਇਕ ਨੇ ਆਪਣੇ ਨੇਜੇ ਦਾ ਪੁਠਾ ਪਾਸਾ ਕੁਤੇ ਦੇ ਮਾਰਿਆ। ਦੂਜੇ ਨੇ ਹਵਾਈ ਫਾਇਰ ਕਰ ਦਿਤਾ। ਚੂੰ ਚੂੰ ਕਰਦੇ ਕੁਤੇ ਭੱਜ ਗਏ ਅਤੇ ਕਾਫੀ ਦੂਰ ਜਾ ਕੇ ਸੁਰਖਿਅਤ ਥਾਂ ਤੋਂ ਹੋਰ ਉਚੀ ਉਚੀ ਭੌਂਕਣ ਲਗੇ।

ਆਦਮੀਆਂ ਨੇ ਦਰਵਾਜ਼ੇ ਨੂੰ ਆਪਣੇ ਹਥਿਆਰਾਂ ਨਾਲ ਖੜਕਾਉਣਾ ਸ਼ੁਰੂ ਕਰ ਦਿਤਾ। ਇਕ ਨੇ ਦਰਵਾਜ਼ੇ ਤੇ ਆਪਣਾ ਬਰਛਾ ਮਾਰਿਆ ਜੋ ਦੂਜੇ ਪਾਸੇ ਲੰਘ ਗਿਆ।

"ਖੋਲ੍ਹ ਓਏ ਹਰਾਮਜ਼ਾਦੇ, ਨਹੀਂ ਤਾਂ ਸਾਰਿਆਂ ਨੂੰ ਉਡਾ ਦਿਆਂਗੇ," ਉਹ ਕੂਕਿਆ।

ਇਕ ਔਰਤ ਦੀ ਆਵਾਜ਼ ਆਈ, "ਰਾਤ ਦੇ ਇਸ ਵੇਲੇ ਕੌਣ ਹੈ? ਲਾਲਾ ਜੀ ਸ਼ਹਿਰ ਗਏ ਆ।"

"ਦਰਵਾਜ਼ਾ ਖੋਲ੍ਹੋ, ਫਿਰ ਦੱਸਦੇ ਆਂ ਅਸੀਂ ਕੌਣ ਹਾਂ, ਨਹੀਂ ਤਾਂ ਅਸੀਂ ਦਰਵਾਜ਼ਾ ਭੰਨ ਦਿਆਂਗੇ," ਸਰਦਾਰ ਗਰਜਿਆ।

"ਮੈਂ ਕਿਹਾ ਨਾ ਕਿ ਲਾਲਾ ਜੀ ਘਰ ਨਹੀਂ ਹਨ। ਉਹ ਚਾਬੀਆਂ ਨਾਲ ਲੈ ਗਏ ਹਨ। ਸਾਡੇ ਕੋਲ ਘਰੇ ਕੁਝ ਨਹੀਂ।"

ਆਦਮੀਆਂ ਦਰਵਾਜ਼ੇ ਨਾਲ ਮੋਢੇ ਜੋੜੇ, ਦਬਾਇਆ, ਪਿਛੇ ਹਟੇ ਅਤੇ ਇੰਜ ਜ਼ੋਰ ਨਾਲ ਧੱਕਾ ਮਾਰਿਆ ਜਿਵੇਂ ਸਾਨ੍ਹ ਭਿੜਦੇ ਹੋਣ। ਅੰਦਰ ਲਗਿਆ ਲਕੜੀ ਦਾ ਕੁੰਡਾ ਟੁੱਟ ਗਿਆ ਅਤੇ ਦਰਵਾਜ਼ਾ ਖੁਲ੍ਹ ਗਿਆ। ਇਕ ਬੰਦੂਕ ਵਾਲਾ ਦਰਵਾਜ਼ੇ ਉਤੇ ਪਹਿਰੇ ਤੇ ਖੜ੍ਹ ਗਿਆ; ਬਾਕੀ ਦੇ ਚਾਰ ਅੰਦਰ ਚਲੇ ਗਏ। ਕਮਰੇ ਦੇ ਇਕ ਖੂੰਜੇ ਵਿਚ ਦੋ ਔਰਤਾਂ ਗੁੱਛਾ ਮੁੱਛਾ ਹੋਈਆਂ ਬੈਠੀਆਂ ਸਨ। ਵਡੀਆਂ ਕਾਲੀਆਂ ਅੱਖਾਂ ਵਾਲਾ ਸੱਤ ਸਾਲਾਂ ਦਾ ਇਕ ਮੁੰਡਾ ਉਨ੍ਹਾਂ ਚੋਂ ਵਡੀ ਨੂੰ ਚਿੰਬੜਿਆ ਹੋਇਆ ਸੀ।

"ਰੱਬ ਦਾ ਵਾਸਤਾ, ਜੋ ਵੀ ਸਾਡੇ ਕੋਲ ਹੈ, ਸਾਰੇ ਗਹਿਣੇ, ਹਰ ਚੀਜ਼ ਲੈ ਲਓ," ਵਡੀ ਔਰਤ ਨੇ ਮਿੰਨਤ ਕੀਤੀ। ਉਨ੍ਹੇ ਹੱਥ ਵਿਚ ਫੜ੍ਹੇ ਸੋਨੇ ਅਤੇ ਚਾਂਦੀ ਦੇ ਕੰਗਣ, ਪੰਜੇਬਾਂ ਅਤੇ ਮੁਰਕੀਆਂ ਉਨ੍ਹਾਂ ਵੱਲ ਵਧਾਈਆਂ।

ਇਕ ਜਣੇ ਨੇ ਉਸ ਕੋਲੋਂ ਉਹ ਝਪਟ ਲਏ।

"ਲਾਲਾ ਕਿਥੇ ਹੈ?"

"ਸਹੁੰ ਗੁਰੂ ਦੀ ਉਹ ਬਾਹਰ ਗਏ ਐ। ਸਾਡੇ ਕੋਲ ਜੋ ਕੁਝ ਵੀ ਸੀ ਉਹ ਤੁਸੀਂ ਲੈ ਲਿਆ, ਲਾਲਾ ਜੀ ਕੋਲ ਦੇਣ ਲਈ ਹੋਰ ਕੁਝ ਨਹੀਂ ਬਚਿਆ।"

ਵਿਹੜੇ ਵਿਚ ਚਾਰ ਮੰਜੇ ਕਤਾਰ ਵਿਚ ਡਾਹੇ ਹੋਏ ਸਨ।

ਕਾਰਬਾਈਨ ਵਾਲੇ ਬੰਦੇ ਨੇ ਮੁੰਡੇ ਨੂੰ ਦਾਦੀ ਦੀ ਗੋਦੀ ਵਿਚੋਂ ਖਿਚ ਲਿਆ ਅਤੇ ਬੰਦੂਕ ਦੀ ਨੋਕ ਮੁੰਡੇ ਦੇ ਮੂੰਹ ਤੇ ਲਾ ਦਿਤੀ। ਔਰਤਾਂ ਉਸ ਦੇ ਪੈਰਾਂ ਤੇ ਡਿਗ ਪਈਆਂ ਅਤੇ ਗਿੜਗੜਾਉਣ ਲਗੀਆਂ।

"ਨਾ ਵੀਰੇ ਮਾਰੀਂ ਨਾ। ਤੈਨੂੰ ਗੁਰੂ ਦੀ ਸਹੁੰ, ਨਾ ਮਾਰੀਂ ਨਾ।"

ਬੰਦੂਕ ਵਾਲੇ ਨੇ ਔਰਤਾਂ ਨੂੰ ਠੁੱਡਾ ਮਾਰ ਕੇ ਪਰੇ ਕਰ ਦਿਤਾ।

"ਕਿਥੇ ਹੈ ਤੇਰਾ ਬਾਪ?"

ਮੁੰਡਾ ਡਰ ਨਾਲ ਕੰਬ ਗਿਆ ਅਤੇ ਹਕਲਾਉਂਦੇ ਹੋਏ ਬੋਲਿਆ, "ਉਤੇ ਪੌੜੀਆਂ ਚੜ੍ਹਕੇ।"

ਬੰਦੂਕ ਵਾਲੇ ਨੇ ਮੁੰਡੇ ਨੂੰ ਵਾਪਸ ਇਸਤਰੀ ਦੀ ਗੋਦੀ ਵਿਚ ਸੁੱਟ ਦਿਤਾ। ਸਾਰੇ ਆਦਮੀ ਵਿਹੜੇ ਵਿਚ ਚਲੇ ਗਏ ਅਤੇ ਉਥੋਂ ਪੌੜੀਆਂ ਚੜ੍ਹ ਗਏ। ਛੱਤ ਉਤੇ ਕੇ ਵਲ ਇਕ ਕਮਰਾ ਸੀ। ਬਿਨਾਂ ਰੁਕਿਆਂ ਉਨ੍ਹਾਂ ਆਪਣੇ ਮੋਢੇ ਦਰਵਾਜ਼ੇ ਉਤੇ ਟਿਕਾ ਦਿਤੇ, ਇਹਨੂੰ ਅੰਦਰ ਵੱਲ ਏਨੇ ਜ਼ੋਰ ਨਾਲ ਧੱਕਿਆ ਕਿ ਇਸਦੇ ਕਬਜ਼ੇ ਹੀ ਟੁੱਟ ਗਏ। ਕਮਰੇ ਵਿਚ ਸਮਾਨ ਦੀ ਅਜਿਹੀ ਘੜਮੱਸ ਸੀ ਕਿ ਸਟੀਲ ਦੇ ਟਰੰਕਾਂ ਦੀ ਇਕ ਦੂਜੇ ਦੇ ਉਪਰ ਲਾਈਨ ਲਗੀ ਹੋਈ ਸੀ। ਦੋ ਉਥੇ ਮੰਜੇ ਸਨ ਜਿਨ੍ਹਾਂ ਉਤੇ ਕਈ ਰਜਾਈਆਂ ਇਕ ਦੂਜੇ ਦੇ ਉਪਰ ਰਖੀਆਂ ਹੋਈਆਂ ਸਨ। ਬੈਟਰੀ ਦੀ ਸਫੈਦ ਰੋਸ਼ਨੀ

ਨੇ ਕਮਰੇ ਦੀ ਤਲਾਸ਼ੀ ਲਈ ਅਤੇ ਅਖੀਰ ਇਕ ਮੰਜੇ ਦੇ ਥੱਲੇ ਸ਼ਾਹੂਕਾਰ ਨੂੰ ਗੁੱਛਾ-ਮੁੱਛਾ ਹੋਏ ਨੂੰ ਲੱਭ ਲਿਆ।

"ਸਹੁੰ ਗੁਰੂ ਦੀ ਲਾਲਾ ਜੀ ਮਿਲ ਗਏ," ਇਕ ਬੰਦੇ ਨੇ ਔਰਤ ਦੀ ਆਵਾਜ਼ ਦੀ ਨਕਲ ਲਾਹੁੰਦਿਆਂ ਕਿਹਾ। ਉਹਨੇ ਲੱਤਾਂ ਤੋਂ ਫੜਕੇ ਰਾਮ ਲਾਲ ਨੂੰ ਬਾਹਰ ਘੜੀਸ ਲਿਆ।

ਸਰਦਾਰ ਨੇ ਸ਼ਾਹੂਕਾਰ ਦੀ ਗਲ੍ਹ ਉਤੇ ਪੁੱਠੇ ਹੱਥ ਦਾ ਥੱਪੜ ਮਾਰਿਆ, "ਕੀ ਇਹੋ ਸ਼ਿਸ਼ਟਾਚਾਰ ਹੈ ਜਿਸ ਨਾਲ ਤੁਸੀਂ ਮਹਿਮਾਨਾਂ ਦਾ ਸੁਆਗਤ ਕਰਦੇ ਹੋ? ਅਸੀਂ ਆਏ ਹਾਂ ਅਤੇ ਤੂੰ ਮੰਜੀ ਹੇਠਾਂ ਲੁਕਿਆ ਬੈਠੈਂ?"

ਰਾਮ ਲਾਲ ਨੇ ਆਪਣਾ ਮੂੰਹ ਬਾਹਾਂ ਵਿਚ ਢਕ ਲਿਆ ਅਤੇ ਰੀਂ ਰੀਂ ਕਰਨ ਲਗਿਆ।

"ਸੇਫ ਦੀਆਂ ਚਾਬੀਆਂ ਕਿਥੇ ਹਨ?" ਸਰਦਾਰ ਨੇ ਲਾਲੇ ਦੇ ਚਿੱਤੜਾਂ ਤੇ ਕਿੱਕ ਮਾਰਦਿਆਂ ਪੁਛਿਆ।

"ਸਭ ਕੁਝ ਲੈ ਜਾਓ ਤੁਸੀਂ — ਗਹਿਣੇ, ਨਕਦੀ, ਲੇਖਾ ਪੁਸਤਕਾਂ। ਪਰ ਕਿਸੇ ਨੂੰ ਮਾਰੋ ਨਾ," ਸ਼ਾਹੂਕਾਰ ਨੇ ਡਾਕੂਆਂ ਦੇ ਸਰਦਾਰ ਦੇ ਪੈਰ ਆਪਣੇ ਦੋਹਾਂ ਹੱਥਾਂ ਨਾਲ ਫੜਦਿਆਂ ਮਿੰਨਤ ਕੀਤੀ।

"ਤੁਹਾਡੀ ਸੇਫ ਦੀਆਂ ਕੁੰਜੀਆਂ ਕਿਥੇ ਹਨ?" ਸਰਦਾਰ ਨੇ ਫਿਰ ਪੁੱਛਿਆ। ਉਹਨੇ ਸ਼ਾਹੂਕਾਰ ਨੂੰ ਫਰਸ਼ ਤੇ ਲਿਟੇ ਹੋਏ ਨੂੰ ਠੁੱਡਾ ਮਾਰਿਆ। ਰਾਮ ਲਾਲ ਡਰ ਨਾਲ ਕੰਬਦਾ ਹੋਇਆ ਉਠ ਪਿਆ।

ਉਹਨੇ ਆਪਣੇ ਖੀਸੇ ਵਿਚੋਂ ਨੋਟਾਂ ਦੀ ਥਹੀ ਕਢੀ। "ਇਹ ਲਓ," ਉਹਨੇ ਪੰਜਾਂ ਬੰਦਿਆਂ ਨੂੰ ਰੁਪਏ ਵੰਡਦਿਆਂ ਕਿਹਾ, "ਮੇਰੇ ਕੋਲ ਘਰ ਵਿਚ ਬਸ ਇਹੋ ਕੁਝ ਹੈ। ਇਹ ਸਾਰਾ ਹੀ ਤੁਹਾਡਾ ਹੈ।"

"ਤੇਰੀ ਸੇਫ ਦੀਆਂ ਚਾਬੀਆਂ ਕਿਥੇ ਹਨ?"

"ਸੇਫ ਵਿਚ ਹੁਣ ਕੁਝ ਬਾਕੀ ਨਹੀਂ ਰਿਹਾ; ਸਿਰਫ ਮੇਰੀਆਂ ਵਹੀਆਂ ਹੀ ਹਨ। ਜੋ ਕੁਝ ਮੇਰੇ ਕੋਲ ਸੀ ਤੁਹਾਨੂੰ ਸਭ ਦੇ ਦਿਤਾ ਹੈ। ਜੋ ਵੀ ਮੇਰਾ ਹੈ ਉਹ ਸਭ ਤੁਹਾਡਾ ਹੀ ਹੈ। ਗੁਰੂ ਦੇ ਨਾਮ ਤੇ ਮੈਨੂੰ ਜਾਣ ਦਿਓ," ਰਾਮ ਲਾਲ ਨੇ ਸਰਦਾਰ ਦੀਆਂ ਗੋਡਿਆਂ ਤੋਂ ਉਪਰ ਲੱਤਾਂ ਫੜ ਲਈਆਂ ਅਤੇ ਡੁਸਕਣਾ ਸ਼ੁਰੂ ਕਰ ਦਿਤਾ, "ਗੁਰੂ ਦਾ ਵਾਸਤਾ! ਗੁਰੂ ਦਾ ਵਾਸਤਾ!"

ਇਕ ਬੰਦੇ ਨੇ ਸ਼ਾਹੂਕਾਰ ਤੋਂ ਸਰਦਾਰ ਦੀਆਂ ਲੱਤਾਂ ਛੁਡਾਈਆਂ ਅਤੇ ਬੰਦੂਕ ਦਾ ਬੱਟ ਪੂਰੇ ਜ਼ੋਰ ਨਾਲ ਉਹਦੇ ਮੂੰਹ ਉਤੇ ਮਾਰਿਆ।

"ਹਾਇ!" ਰਾਮ ਲਾਲ ਪੂਰੇ ਜ਼ੋਰ ਨਾਲ ਚੀਕਿਆ ਅਤੇ ਮੂੰਹ ਵਿਚੋਂ ਖ਼ੂਨ ਥੁੱਕਿਆ।

ਵਿਹੜੇ ਵਿਚ ਔਰਤਾਂ ਨੇ ਰਾਮ ਲਾਲ ਦੀ ਚੀਕ ਸੁਣੀ ਅਤੇ ਚੀਕ ਚਿਹਾੜਾ ਪਾ ਦਿਤਾ: "ਡਾਕੂ! ਓਏ ਡਾਕੂ!"

ਚਾਰੇ ਪਾਸੇ ਕੁੱਤੇ ਭੌਂਕਣ ਲਗੇ। ਪਰ ਇਕ ਵੀ ਪੇਂਡੂ ਆਪਣੇ ਘਰ ਵਿਚੋਂ ਨਹੀਂ ਹਿੱਲਿਆ।

ਉਸ ਦੇ ਘਰ ਦੀ ਛੱਤ ਉਤੇ ਸ਼ਾਹੂਕਾਰ ਨੂੰ ਬੰਦੂਕ ਦੇ ਬੱਟ ਨਾਲ ਅਤੇ ਬਰਛਿਆਂ ਦੇ ਮੁੱਠੇ ਨਾਲ ਕੁੱਟਿਆ ਗਿਆ; ਉਹਨੂੰ ਠੁੱਡੇ ਮਾਰੇ ਗਏ ਅਤੇ ਘਸੁੰਨ ਜੜੇ ਗਏ। ਆਪਣੇ ਚਿੱਤੜਾਂ ਤੇ ਬੈਠਾ ਉਹ ਚੀਕਦਾ ਵੀ ਰਿਹਾ ਅਤੇ ਮੂੰਹੋਂ ਖੂਨ ਵੀ ਥੁਕਦਾ ਰਿਹਾ। ਉਹਦੇ ਦੋ ਦੰਦ ਵੀ ਟੁੱਟ ਗਏ। ਪਰ ਉਹ ਸੇਫ ਦੀਆਂ ਚਾਬੀਆਂ ਦੇਣ ਨੂੰ ਫਿਰ ਵੀ ਤਿਆਰ ਨਹੀਂ ਸੀ। ਨਿਰੋਲ ਬਦਹਵਾਸੀ ਵਿਚ ਇਕ ਆਦਮੀ ਨੇ ਸੁੰਗੜੇ ਹੋਏ ਬੰਦੇ ਦੇ ਬਰਛਾ ਖੁਭੋ ਦਿਤਾ। ਰਾਮ ਲਾਲ ਨੇ ਉਚੀ ਚੀਕ ਮਾਰੀ, ਉਹਦੇ ਢਿੱਡ ਵਿਚੋਂ ਲਹੂ ਦਾ ਫੁਹਾਰਾ ਫੁੱਟਿਆ ਅਤੇ ਉਹ ਫਰਸ਼ ਉਤੇ ਲੁੜਕ ਗਿਆ। ਆਦਮੀ ਬਾਹਰ ਆ ਗਏ। ਉਨ੍ਹਾਂ ਵਿਚੋਂ ਇਕ ਨੇ ਹਵਾ ਵਿਚ ਦੋ ਫਾਇਰ ਕਰ ਦਿਤੇ। ਔਰਤਾਂ ਦੇ ਵਿਰਲਾਪ ਬੰਦ ਹੋ ਗਏ। ਕੁੱਤਿਆਂ ਨੇ ਭੌਂਕਣਾ ਬੰਦ ਕਰ ਦਿਤਾ। ਪਿੰਡ ਵਿਚ ਖਾਮੋਸ਼ੀ ਛਾ ਗਈ।

ਡਾਕੂਆਂ ਨੇ ਛੱਤ ਤੋਂ ਗਲ਼ੀ ਵਿਚ ਛਾਲ ਮਾਰ ਦਿਤੀ। ਦਰਿਆ ਵੱਲ ਜਾਂਦਿਆਂ ਉਹਨਾਂ ਨੇ ਸਭ ਨੂੰ ਲਲਕਾਰਿਆ।

"ਬਾਹਰ ਨਿਕਲੋ" ਉਨ੍ਹਾਂ ਨੇ ਲਲਕਾਰਾ ਮਾਰਿਆ, "ਆਓ ਜੇ ਕਿਸੇ ਵਿਚ ਜਿਗਰਾ ਹੈ! ਨਿਕਲੋ ਬਾਹਰ ਜੇ ਆਪਣੀਆਂ ਮਾਵਾਂ ਭੈਣਾਂ ਦੀ ਇੱਜ਼ਤ ਖਰਾਬ ਕਰਾਉਣੀ ਹੈ! ਆਓ ਬਾਹਰ ਜੇ ਕੋਈ ਸੂਰਮਾ ਹੈ!"

ਕਿਸੇ ਨੇ ਉਹਨਾਂ ਨੂੰ ਜਵਾਬ ਨਹੀਂ ਦਿਤਾ। ਮਨੋ ਮਾਜਰਾ ਵਿਚੋਂ ਇਕ ਵੀ ਆਵਾਜ਼ ਨਹੀਂ ਆ ਰਹੀ ਸੀ। ਬੰਦੇ ਗਲੀ ਵਿਚ ਤੁਰਦੇ ਗਏ, ਚੀਕਦੇ ਅਤੇ ਹੱਸਦੇ ਹੋਏ, ਜਦੋਂ ਤਕ ਕਿ ਉਹ ਪਿੰਡ ਦੇ ਬਾਹਰਵਾਰ ਇਕ ਛੋਟੀ ਜਿਹੀ ਝੋਂਪੜੀ ਤੇ ਨਾ ਆ ਗਏ। ਸਰਦਾਰ ਖੜ੍ਹ ਗਿਆ ਅਤੇ ਇਕ ਬਰਛੇ ਵਾਲੇ ਨੂੰ ਇਸ਼ਾਰਾ ਕੀਤਾ।

"ਇਹ ਜੱਗੇ ਸੂਰਮੇ ਦਾ ਘਰ ਹੈ," ਉਹਨੇ ਆਖਿਆ, "ਆਪਣਾ ਤੋਹਫਾ ਨਾ ਭੁੱਲ ਜਾਣਾ। ਉਹਨੂੰ ਵੰਗਾਂ ਦੇ ਦਿਓ।"

ਬਰਛੇ ਵਾਲੇ ਨੇ ਆਪਣੇ ਕਪੜਿਆਂ ਵਿਚੋਂ ਗੰਢ ਕਢੀ ਅਤੇ ਕੰਧ ਉਤੋਂ ਦੀ ਦੂਜੇ ਪਾਸੇ ਸੁੱਟ ਦਿਤੀ। ਵਿਹੜੇ ਵਿਚੋਂ ਕੋਈ ਕੱਚ ਟੁੱਟਣ ਦੀ ਹਲਕੀ ਜਿਹੀ ਆਵਾਜ਼ ਆਈ।

"ਓਏ ਜੱਗਿਆ," ਉਹ ਉਚੀ ਆਵਾਜ਼ ਵਿਚ ਬੋਲਿਆ, "ਜੱਗਿਆ!" ਆਪਣੇ ਸਾਥੀਆਂ ਵੱਲ ਦੇਖ ਕੇ ਉਹਨੇ ਅੱਖ ਦੱਬੀ। "ਇਹ ਚੂੜੀਆਂ ਪਾ ਲੈ, ਜੱਗਿਆ। ਇਹ ਚੂੜੀਆਂ ਪਾ ਲੈ ਅਤੇ ਹੱਥਾਂ ਤੇ ਮਹਿੰਦੀ ਲਾ ਲੀਂ।"

"ਜਾਂ ਉਸ ਜੁਲਾਹੀ ਨੂੰ ਦੇ ਦਈਂ ਓਏ," ਇਕ ਬੰਦੂਕਧਾਰੀ ਕੂਕਿਆ।

"ਹਾਇ!" ਬਾਕੀ ਚੀਕ ਪਏ। ਉਨ੍ਹਾਂ ਦੇ ਬੁਲ੍ਹਾਂ ਨੇ ਚਟਖਾਰੇ ਲਏ ਜਿਵੇਂ ਲੰਮੀਆਂ ਮਜ਼ੇਦਾਰ ਚੁੰਮੀਆਂ ਲੈ ਰਹੇ ਹੋਣ। "ਹਾਇ! ਹਾਇ!!"

ਹੱਸਦੇ ਅਤੇ ਹਵਾਈ ਚੁੰਮੀਆਂ ਲੈਂਦੇ ਹੋਏ ਉਹ ਦਰਿਆ ਵੱਲ ਡੰਡੀ ਤੇ ਤੁਰਦੇ ਗਏ। ਜੱਗਤ ਸਿੰਘ ਨੇ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਦਿਤਾ। ਉਨ੍ਹੇ ਸੁਣਿਆ ਹੀ ਸੀ ਨਹੀਂ ਕਿ ਕੀ ਕਿਹਾ ਉਨ੍ਹਾਂ ਨੇ। ਉਹ ਘਰੇ ਹੀ ਨਹੀਂ ਸੀ ਉਸ ਵੇਲੇ।

## 3

ਲਗਭਗ ਇਕ ਘੰਟਾ ਪਹਿਲਾਂ ਆਪਣੇ ਘਰ ਤੋਂ ਉਹ ਚਲਾ ਗਿਆ ਸੀ। ਉਹ ਉਦੋਂ ਹੀ ਚਲਾ ਗਿਆ ਸੀ ਜਦੋਂ ਰਾਤ ਵਾਲੀ ਮਾਲ ਗੱਡੀ ਨੇ ਉਸ ਨੂੰ ਇਸ਼ਾਰਾ ਕਰ ਦਿਤਾ ਸੀ ਕਿ ਹੁਣ ਚਲੇ ਜਾਣਾ ਠੀਕ ਰਹੇਗਾ। ਉਸ ਦਿਨ, ਡਾਕੂਆਂ ਦੇ ਵਾਂਗ ਹੀ ਉਸ ਰਾਤ ਮਾਲ ਗੱਡੀ ਦਾ ਆਉਣਾ ਉਹਦੇ ਲਈ ਵੀ ਸ਼ੁਭ ਸੰਕੇਤ ਸੀ। ਦੂਰੋਂ ਹੀ ਜਦੋਂ ਗੱਡੀ ਦਾ ਪਹਿਲੀ ਵਾਰ ਖੜਕਾ ਸੁਣਿਆ, ਉਹ ਚੁੱਪ ਚਾਪ ਆਪਣੀ ਚਾਰਪਾਈ ਤੋਂ ਖਿਸਕਿਆ, ਆਪਣੀ ਪੱਗ ਚੁਕੀ ਅਤੇ ਸਿਰ ਤੇ ਬੰਨ੍ਹ ਲਈ। ਫਿਰ ਉਹ ਦੱਬੇ ਪੈਰੀਂ ਵਿਹੜੇ ਚੋਂ ਲੰਘ ਕੇ ਤੂੜੀ ਦੇ ਢੇਰ ਕੋਲ ਪਹੁੰਚਿਆ ਅਤੇ ਵਿਚੋਂ ਬਰਛਾ ਕੱਢ ਲਿਆ। ਉਨ੍ਹੀਂ ਦੱਬੇ ਪੈਰੀਂ ਉਹ ਵਾਪਸ ਮੰਜੀ ਕੋਲ ਆਇਆ, ਆਪਣੀਆਂ ਜੁੱਤੀਆਂ ਚੁੱਕੀਆਂ ਅਤੇ ਬੂਹੇ ਵੱਲ ਖਿਸਕਣ ਲਗਾ।

"ਕਿੱਥੇ ਜਾ ਰਿਹੈਂ?"

ਜੱਗਤ ਸਿੰਘ ਰੁਕ ਗਿਆ। ਇਹ ਉਹਦੀ ਮਾਂ ਸੀ।

"ਖੇਤਾਂ ਨੂੰ ਜਾ ਰਿਹਾਂ," ਉਨ੍ਹੇ ਕਿਹਾ, "ਪਿਛਲੀ ਰਾਤ ਸੂਰਾਂ ਨੇ ਫਸਲ ਤਬਾਹ ਕਰ ਦਿਤੀ ਸੀ।"

"ਕਿਹੜੇ ਸੂਰ!" ਉਹਦੀ ਮਾਂ ਬੋਲੀ, "ਬਹੁਤੀ ਹੁਸ਼ਿਆਰੀ ਨਾ ਦਿਖਾ। ਕੀ ਭੁੱਲ ਗਿਐਂ ਕਿ ਤੂੰ ਪ੍ਰੋਬੇਸ਼ਨ ਤੇ ਐਂ — ਕਿ ਸੂਰਜ ਛਿੱਪਣ ਮਗਰੋਂ ਤੂੰ ਪਿੰਡ ਦੀ ਜੂਹ ਤੋਂ ਬਾਹਰ ਨਹੀਂ ਜਾ ਸਕਦਾ? ਤੇ ਨਾਲ ਤੂੰ ਬਰਛਾ ਵੀ ਚੁੱਕ ਲਿਐ! ਵੈਰੀ ਦੇਖ ਲੈਣਗੇ ਤੈਨੂੰ। ਰਿਪੋਰਟ ਕਰ ਦੇਣਗੇ ਤੇਰੀ। ਫਿਰ ਜੇਲ੍ਹ ਵਿਚ ਪਾ ਦੇਣਗੇ ਤੈਨੂੰ।" ਉਹ ਜਿਵੇਂ ਵਿਲਕਣ ਹੀ ਲਗ ਪਈ, "ਫੇਰ ਕੌਣ ਦੇਖੇਗਾ ਫਸਲ ਬਾੜੀ ਅਤੇ ਪਸ਼ੂਆਂ ਨੂੰ?"

"ਮੈਂ ਗਿਆ ਤੇ ਬਸ ਆਇਆ," ਜੱਗਤ ਸਿੰਘ ਨੇ ਕਿਹਾ, "ਚਿੰਤਾ ਦੀ ਕੋਈ ਗੱਲ ਨਹੀਂ। ਸਾਰਾ ਹੀ ਪਿੰਡ ਘੁਰਾੜੇ ਮਾਰ ਰਿਹੈ।"

"ਨਹੀਂ," ਉਹਦੀ ਮਾਂ ਨੇ ਫਿਰ ਲਿਲਕੜੀ ਲਈ।

"ਮੂੰਹ ਬੰਦ ਰੱਖ," ਉਹਨੇ ਸਖਤੀ ਨਾਲ ਆਖਿਆ, "ਤੂੰ ਹੀ ਗੁਆਂਢੀਆਂ

ਨੂੰ ਜਗਾ ਦੇਣੈ। ਬਸ ਚੁੱਪ ਕਰ, ਕੁੱਛ ਨਹੀਂ ਹੁੰਦਾ।"

"ਦਫਾ ਹੋ, ਜਿਥੇ ਤੇਰਾ ਜੀ ਕਰੇ। ਜੇ ਖੂਹ ਵਿਚ ਛਾਲ ਮਾਰਨੀ ਏਂ ਤਾਂ ਮਾਰ ਦੇ। ਜੇ ਆਪਣੇ ਬਾਪ ਵਾਂਗ ਫਾਂਸੀ ਤੇ ਚੜ੍ਹਨੈ ਤਾਂ ਜਾ ਅਤੇ ਚੜ੍ਹਜਾ। ਮੇਰੇ ਤਾਂ ਭਾਗਾਂ ਵਿਚ ਹੀ ਰੋਣਾ ਲਿਖਿਐ। ਹਾਇ, ਮੇਰੀ ਕਿਸਮਤ!" ਉਨ੍ਹੇ ਮੱਥੇ ਤੇ ਹੱਥ ਮਾਰਿਆ, "ਇਥੇ ਹੀ ਲਿਖਿਐ ਸਭ।"

ਜੱਗਤ ਸਿੰਘ ਨੇ ਬੂਹਾ ਖੋਲ੍ਹਿਆ ਅਤੇ ਦੋਹੀਂ ਪਾਸੀਂ ਦੇਖਿਆ। ਕੋਈ ਨਹੀਂ ਸੀ ਆਸੇ ਪਾਸੇ। ਉਹ ਕੰਧ ਦੇ ਨਾਲ ਨਾਲ ਤੁਰਦਾ ਗਿਆ, ਗਲ਼ੀ ਦੇ ਅਖੀਰ ਉਤੇ ਛੱਪੜ ਤਕ। ਉਹਨੂੰ ਹਨੇਰੇ ਵਿਚ ਵੀ ਲਮਢੀਂਗਾਂ ਦੇ ਇਕ ਜੋੜੇ ਦੀ ਸ਼ਕਲ ਦਿਸ ਪਈ ਜੋ ਚਿੱਕੜ ਵਿਚ ਬੋਚ ਬੋਚ ਕੇ ਪੈਰ ਚੁਕ ਅਤੇ ਰਖ ਰਹੇ ਸਨ ਅਤੇ ਡੱਡੂ ਲੱਭ ਰਹੇ ਸਨ। ਇਕ ਪਲ ਲਈ ਉਨ੍ਹਾਂ ਆਪਣੀ ਭਾਲ ਰੋਕ ਦਿਤੀ। ਜਗਤ ਸਿੰਘ ਕੰਧ ਦੇ ਨਾਲ ਲਗਕੇ ਅਹਿਲ ਖੜ੍ਹ ਗਿਆ। ਜਦੋਂ ਲਮਢੀਂਗ ਬੇਫਿਕਰ ਹੋ ਗਏ, ਉਹ ਰਸਤੇ ਤੋਂ ਪਾਸੇ ਹਟਕੇ ਖੇਤਾਂ ਵਿਚ ਦੀ ਦਰਿਆ ਵੱਲ ਚਲਾ ਗਿਆ। ਦਰਿਆ ਦੇ ਸੁੱਕੇ ਰੇਤੇ ਉਤੇ ਚਲਦਾ ਹੋਇਆ ਉਹ ਪਾਣੀ ਤਕ ਪਹੁੰਚ ਗਿਆ। ਉਹਨੇ ਬਰਛੇ ਦੀ ਨੋਕ ਉਪਰ ਵੱਲ ਕਰਕੇ ਇਸਨੂੰ ਰੇਤੇ ਵਿਚ ਗੱਡ ਦਿਤਾ। ਫਿਰ ਉਹ ਆਪ ਰੇਤ ਉਤੇ ਲੇਟ ਗਿਆ। ਪਿੱਠ ਪਰਨੇ ਪਏ ਨੇ ਉਨ੍ਹੇ ਉਪਰ ਅਕਾਸ਼ ਵਿਚ ਤਾਰਿਆਂ ਨੂੰ ਟਿਕ ਟਿਕੀ ਲਾਕੇ ਦੇਖਿਆ। ਇਕ ਤਾਰਾ ਟੁੱਟ ਕੇ ਆਕਾਸ਼ ਗੰਗਾ ਦੇ ਵਿਚੋਂ ਦੀ ਆਪਣੇ ਪਿਛੇ ਨੀਲੀ-ਕਾਲੀ ਲਕੀਰ ਛੱਡਦਾ ਹੋਇਆ ਛੂਟ ਵੱਟ ਗਿਆ। ਅਚਾਨਕ ਉਹਦੀਆਂ ਅੱਖਾਂ ਇਕ ਹੱਥ ਨੇ ਢਕ ਲਈਆਂ।

"ਬੁੱਝ ਭਲਾ ਕੌਣ ਆਂ?"

ਜਗਤ ਸਿੰਘ ਨੇ ਆਪਣੇ ਸਿਰ ਦੇ ਪਿੱਛੇ ਹੱਥ ਮਾਰੇ ਫੜਨ ਲਈ, ਪਰ ਕੁੜੀ ਝਕਾਨੀ ਦੇ ਗਈ। ਜਗਤ ਸਿੰਘ ਨੇ ਆਪਣੀਆਂ ਅੱਖਾਂ ਉਪਰਲੇ ਹੱਥ ਤੋਂ ਸ਼ੁਰੂ ਕੀਤਾ, ਉਸ ਦੀ ਬਾਂਹ ਮੋਢੇ ਤੋਂ ਹੁੰਦਿਆਂ ਮੂੰਹ 'ਤੇ ਪੁਜ ਗਿਆ। ਉਹਨੇ ਕੁੜੀ ਦੀਆਂ ਗਲ੍ਹਾਂ, ਅੱਖਾਂ ਅਤੇ ਨੱਕ ਨੂੰ ਪਲੋਸਿਆ, ਜਿਨ੍ਹਾਂ ਨੂੰ ਉਹਦੇ ਹੱਥ ਚੰਗੀ ਤਰ੍ਹਾਂ ਪਛਾਣਦੇ ਸਨ। ਜਗਤ ਨੇ ਉਹਦੇ ਬੁਲ੍ਹਾਂ ਨਾਲ ਛੇੜਖਾਨੀ ਆਰੰਭ ਦਿਤੀ ਤਾਂ ਜੋ ਉਨ੍ਹਾਂ ਗੁਲਾਬੀ ਪੱਤੀਆਂ ਨੂੰ ਆਪਣੀਆਂ ਉਂਗਲਾਂ ਚੁੰਮਣ ਲਈ ਉਕਸਾਇਆ ਜਾਵੇ। ਕੁੜੀ ਨੇ ਆਪਣਾ ਮੂੰਹ ਖੋਲ੍ਹਿਆ ਅਤੇ ਉਸ ਦੀਆਂ ਉਂਗਲਾਂ ਉਤੇ ਕੱਸ ਕੇ ਦੰਦੀ ਵੱਢੀ। ਜਗਤ ਸਿੰਘ ਨੇ ਝਟਕੇ ਨਾਲ ਆਪਣਾ ਹੱਥ ਖਿੱਚ ਲਿਆ। ਉਨ੍ਹੇ ਫੁਰਤੀ ਨਾਲ ਕੁੜੀ ਦਾ ਸਿਰ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਉਸ ਦੇ ਮੂੰਹ ਨੂੰ ਖਿੱਚਕੇ ਆਪਣੇ ਮੂੰਹ ਉਤੇ ਲੈ ਆਂਦਾ। ਫਿਰ ਉਨ੍ਹੇ ਉਹਦੇ ਲੱਕ ਹੇਠਾਂ ਆਪਣੀਆਂ ਬਾਹਾਂ ਖਿਸਕਾ ਦਿਤੀਆਂ ਅਤੇ ਚੁਕ ਕੇ ਹਵਾ ਵਿਚ ਆਪਣੇ ਉਪਰ ਲਟਕਾ ਲਿਆ ਅਤੇ ਕੁੜੀ ਆਪਣੀਆਂ ਬਾਹਾਂ - ਲੱਤਾਂ ਕੇਕੜੇ ਵਾਂਗ ਮਾਰਨ ਲਗੀ। ਜੱਗਤ ਨੇ ਉਸ ਨੂੰ ਏਨਾ ਘੁਮਾਇਆ ਕਿ ਉਸ ਦੀਆਂ ਬਾਹਾਂ ਹੀ ਦੁੱਖਣ ਲਗ ਪਈਆਂ। ਫਿਰ ਉਨ੍ਹੇ ਕੁੜੀ ਨੂੰ ਆਪਣੇ ਉਤੇ ਸੁੱਟ ਲਿਆ, ਉਹਦੇ ਹਰ ਅੰਗ ਉਤੇ ਕੁੜੀ ਦਾ ਬਰਾਬਰ ਅੰਗ ਆ ਗਿਆ।

ਕੁੜੀ ਨੇ ਉਸ ਦੇ ਮੂੰਹ ਉਤੇ ਮੁੱਕਾ ਮਾਰਿਆ।

"ਇਹ ਹੱਥ ਕਿਸੇ ਹੋਰ ਬੇਗਾਨੀ ਔਰਤ ਦੇ ਜਿਸਮ ਨੂੰ ਲਾਈਂ। ਤੇਰੇ ਘਰ ਕੋਈ ਮਾਂ-ਭੈਣ ਨਹੀਂ? ਕੋਈ ਸ਼ਰਮ ਨਹੀਂ ਆਉਂਦੀ ਤੈਨੂੰ? ਕੋਈ ਅਚਰਜ ਨਹੀਂ ਕਿ ਪੁਲਿਸ ਨੇ ਤੈਨੂੰ ਦਸ ਨੰਬਰੀਆਂ ਦੇ ਰਜਿਸਟਰ ਵਿਚ ਦਰਜ ਕੀਤਾ ਹੋਇਐ। ਮੈਂ ਵੀ ਇੰਸਪਕੈਟਰ ਸਾਹਿਬ ਨੂੰ ਦਸਾਂਗੀ ਕਿ ਤੂੰ ਪੂਰਾ ਬਦਮਾਸ਼ ਐਂ।"

"ਮੈਂ ਸਿਰਫ ਤੇਰੇ ਨਾਲ ਹੀ ਬਦਮਾਸ਼ ਆਂ, ਨੂਰੋ! ਸਾਨੂੰ ਦੋਹਾਂ ਨੂੰ ਹੀ ਇਕੋ ਕੋਠੀ ਵਿਚ ਬੰਦ ਕਰ ਦੇਣਾ ਚਾਹੀਦੈ।"

"ਤੂੰ ਕੁਝ ਜ਼ਿਆਦਾ ਹੀ ਬੋਲਣ ਲਗ ਪਿਐਂ। ਕੋਈ ਹੋਰ ਆਦਮੀ ਮੈਨੂੰ ਭਾਲਣਾ ਪਵੇਗਾ।"

ਜਗਤ ਸਿੰਘ ਨੇ ਆਪਣੀਆਂ ਬਾਹਾਂ ਕੁੜੀ ਦੇ ਲੱਕ ਦੁਆਲੇ ਵਲ ਲਈਆਂ, ਏਨੇ ਜ਼ੋਰ ਨਾਲ ਘੁਟਿਆ ਕਿ ਉਹ ਬੋਲ ਵੀ ਨਾ ਸਕੀ ਅਤੇ ਸਾਹ ਲੈਣਾ ਵੀ ਔਖਾ ਹੋ ਗਿਆ। ਜਿਉਂ ਹੀ ਉਹ ਬੋਲਣ ਲਗਦੀ, ਜਗਤ ਉਹਦੇ ਦੁਆਲੇ ਵਲ਼ੀਆਂ ਬਾਹਾਂ ਦੀ ਕੰਘੜੀ ਕੱਸ ਦਿੰਦਾ ਅਤੇ ਲਫ਼ਜ਼ ਉਹਦੇ ਸੰਘ ਵਿਚ ਹੀ ਫਸ ਜਾਂਦੇ। ਉਨ੍ਹੇ ਹਥਿਆਰ ਸੁੱਟ ਦਿਤੇ ਅਤੇ ਥੱਕੇ ਹਾਰੇ ਮੂੰਹ ਨਾਲ ਉਸ ਵੱਲ ਤੱਕਿਆ। ਜਗਤ ਨੇ ਉਸ ਨੂੰ ਆਪਣੇ ਨਾਲ ਲਿਟਾ ਲਿਆ ਅਤੇ ਉਸਦਾ ਸਿਰ ਆਪਣੀ ਖੱਬੀ ਬਾਂਹ ਤੇ ਬਣਾਏ ਅਰਧ ਚੱਕਰ ਵਿਚ ਰੱਖ ਲਿਆ। ਸੱਜੇ ਹੱਥ ਨਾਲ ਉਹ ਕੁੜੀ ਦੇ ਵਾਲਾਂ ਅਤੇ ਚਿਹਰੇ ਨਾਲ ਖੇਡਣ ਲਗ ਪਿਆ।

ਮਾਲ ਗੱਡੀ ਦੇ ਇੰਜਣ ਨੇ ਦੋ ਵਾਰ ਸੀਟੀ ਮਾਰੀ ਅਤੇ ਖਾਸਾ ਜ਼ੋਰ ਲਾਕੇ ਕਰਾਹੁੰਦਿਆਂ ਅਤੇ ਚੀਕਦਿਆਂ ਪੁਲ ਵੱਲ ਭੱਕ ਭੱਕ ਕਰਦਾ ਚਲ ਪਿਆ। ਛੱਪੜ ਵਿਚੋਂ ਲਮਢੀਂਗ 'ਕਰਾਕ, ਕਰਾਕ' ਕਰਦੇ ਦਰਿਆ ਵੱਲ ਉੱਡ ਪਏ। ਗੱਡੀ ਜਦੋਂ ਪੁਲ ਤੋਂ ਲੰਘ ਗਈ ਅਤੇ ਉਸ ਦੀ ਭੱਕ ਭੱਕ ਦੂਰ ਜਾਕੇ ਖਾਮੋਸ਼ੀ ਵਿਚ ਡੁੱਬ ਗਈ ਤਾਂ ਉਸ ਮਗਰੋਂ ਲੰਮਾ ਸਮਾਂ ਉਹ ਵਾਰੀ ਵਾਰੀ 'ਕਰਾਕ, ਕਰਾਕ' ਕਰਦੇ ਰਹੇ ਅਤੇ ਦਰਿਆ ਤੋਂ ਉਹ ਵਾਪਸ ਛੱਪੜ ਨੂੰ ਆ ਗਏ।

ਜਗਤ ਸਿੰਘ ਦੀ ਪਲੋਸਾ-ਪਲੋਸੀ ਵਾਸ਼ਨਾਮਈ ਹੁੰਦੀ ਗਈ। ਉਸ ਦਾ ਹੱਥ ਚਿਹਰੇ ਤੋਂ ਖਿਸਕਦਾ ਹੋਇਆ ਕੁੜੀ ਦੀਆਂ ਛਾਤੀਆਂ ਅਤੇ ਲੱਕ ਤੇ ਭੱਟਕਣ ਲਗਾ। ਉਨ੍ਹੇ ਹੱਥ ਫੜਿਆ ਅਤੇ ਵਾਪਸ ਇਸ ਨੂੰ ਆਪਣੇ ਮੂੰਹ ਤੇ ਲੈ ਆਂਦਾ। ਜੱਗਤ ਦੇ ਸਾਹ ਹੌਲੇ ਅਤੇ ਕਾਮੁਕ ਹੁੰਦੇ ਗਏ। ਹੱਥ ਉਸ ਦਾ ਫਿਰ ਭੱਟਕਣ ਲਗਾ ਅਤੇ ਕੁੜੀ ਦੀਆਂ ਛਾਤੀਆਂ ਨੂੰ ਟਟੋਲ ਗਿਆ ਜਿਵੇ ਐਵੇਂ ਗਲਤੀ ਨਾਲ ਛੋਹ ਗਿਆ ਹੋਵੇ। ਕੁੜੀ ਨੇ ਇਸ ਤੇ ਝਪੱਟਾ ਮਾਰਿਆ ਅਤੇ ਪਾਸੇ ਚੁੱਕ ਸੁੱਟਿਆ। ਜਗਤ ਸਿੰਘ ਨੇ ਕੁੜੀ ਦੇ ਸਿਰ ਹੇਠ ਦਿਤੀ ਆਪਣੀ ਖੱਬੀ ਬਾਂਹ ਨੂੰ ਜ਼ਰਾ ਵਧਾਇਆ ਅਤੇ ਉਸ ਦੇ ਨਾਪਸੰਦਗੀ ਜ਼ਾਹਰ ਕਰਦੇ ਹੱਥ ਨੂੰ ਫੜ ਲਿਆ। ਉਸ ਦੀ ਦੂਜੀ ਬਾਂਹ ਪਹਿਲਾਂ ਹੀ ਜੱਗਤ ਸਿੰਘ ਦੇ ਹੇਠਾਂ ਨੱਪੀ ਹੋਈ ਸੀ। ਕੁੜੀ ਪੂਰੀ ਤਰ੍ਹਾਂ ਲਾਚਾਰ ਹੋ ਗਈ ਸੀ।

"ਨਹੀਂ! ਨਹੀਂ! ਨਹੀਂ! ਛੱਡ ਮੇਰਾ ਹੱਥ ਅੜਿਆ! ਨਹੀਂ! ਮੈਂ ਨਹੀਂ ਤੇ ਰੇ ਨਾਲ ਬੋਲਣਾ!" ਉਸ ਨੇ ਜਗਤ ਦੇ ਵਾਸ਼ਨਾ ਭੁੱਖੇ ਮੂੰਹ ਤੋਂ ਬਚਣ ਦੀ ਕੋਸ਼ਸ਼ ਕਰਦਿਆਂ ਆਪਣਾ ਸਿਰ ਜ਼ੋਰ ਨਾਲ ਇਧਰ ਉਧਰ ਘੁਮਾਇਆ।

ਜਗਤ ਸਿੰਘ ਨੇ ਆਪਣਾ ਹੱਥ ਕੁੜੀ ਦੀ ਕੁੜਤੀ ਦੇ ਅੰਦਰ ਵਾੜ ਦਿਤਾ ਅਤੇ ਉਸਦੀਆਂ ਸੁਰੱਖਿਆ ਰਹਿਤ ਛਾਤੀਆਂ ਦੀਆਂ ਉਚਾਣਾਂ ਨੀਵਾਣਾਂ ਨੂੰ ਅਨੁਭਵ ਕੀਤਾ। ਉਹ ਆਕੜ ਗਈਆਂ ਸਨ। ਚੂਚੀਆਂ ਸਖਤ ਵੀ ਹੋ ਗਈਆਂ ਸਨ ਅਤੇ ਚੀੜ੍ਹੀਆਂ ਵੀ। ਜਗਤ ਦਾ ਖੁਰਦਰਾ ਹੱਥ ਕੁੜੀ ਦੀ ਛਾਤੀ ਤੋਂ ਧੁੰਨੀ ਤਕ ਹੇਠਾਂ ਉਪਰ ਮਲਕੜੇ ਮਲਕੜੇ ਫਿਸਲਦਾ ਰਿਹਾ। ਕੁੜੀ ਦੇ ਢਿੱਡ ਉਤੇ ਲੂੰ ਕੰਡੇ ਖੜ੍ਹੇ ਹੋ ਗਏ।

ਕੁੜੀ ਪਲਸੇਟੇ ਵੀ ਮਾਰਦੀ ਰਹੀ ਅਤੇ ਰੋਸਾ ਵੀ ਜ਼ਾਹਰ ਕਰਦੀ ਰਹੀ।

"ਨਹੀਂ! ਨਹੀਂ! ਨਹੀਂ! ਹਾੜ੍ਹਾ। ਰੱਬ ਦੀ ਮਾਰ ਪਵੇ ਤੈਨੂੰ। ਛੱਡਦੇ ਮੇ ਰਾ ਹੱਥ। ਜੇ ਤੂੰ ਇਵੇਂ ਹੀ ਕਰਦਾ ਰਿਹਾ, ਮੈਂ ਨਹੀਂ ਮਿਲਣਾ ਫੇਰ ਤੈਨੂੰ।"

ਜਗਤ ਸਿੰਘ ਦੇ ਟਟੋਲਦੇ ਹੱਥ ਨੂੰ ਕੁੜੀ ਦੀ ਸਲਵਾਰ ਦੇ ਨਾਲੇ ਦਾ ਇਕ ਸਿਰਾ ਮਿਲ ਗਿਆ ਅਤੇ ਉਸ ਨੇ ਇਕੋ ਝਟਕੇ ਨਾਲ ਉਸ ਨੂੰ ਖਿੱਚ ਮਾਰਿਆ।

"ਨਹੀਂ!" ਕੁੜੀ ਨੇ ਘੱਗੀ ਕੂਕ ਮਾਰੀ।

ਇਕ ਗੋਲ਼ੀ ਨੇ ਰਾਤ ਦਾ ਸੀਨਾ ਚੀਰ ਦਿਤਾ। ਲਮਢੀਂਗ ਇਕ ਦੂਜੇ ਨੂੰ ਆਵਾਜ਼ ਮਾਰਦੇ ਛੱਪੜ ਚੋਂ ਉੱਡ ਪਏ। ਕਿੱਕਰ ਦੇ ਦਰੱਖਤਾਂ ਵਿਚ ਕਾਵਾਂ ਨੇ ਕਾਵਾਂਰੌਲੀ ਪਾ ਦਿਤੀ। ਜਗਤ ਸਿੰਘ ਠਠੰਭਰਿਆ ਅਤੇ ਪਿੰਡ ਵੱਲ ਹਨੇਰੇ ਵਿਚ ਝਾਤ ਮਾਰੀ। ਕੁੜੀ ਨੇ ਮਲਕੜੇ ਜਿਹੇ ਆਪਣੇ ਆਪ ਨੂੰ ਉਸਦੀ ਜਕੜ ਚੋਂ ਕੱਢ ਲਿਆ ਅਤੇ ਆਪਣੇ ਕਪੜੇ ਸੂਤ ਕੀਤੇ। ਕਾਂ ਫਿਰ ਦਰੱਖਤਾਂ 'ਤੇ ਜਚ ਗਏ। ਲਮਢੀਂਗ ਦਰਿਆ ਦੇ ਪਰਲੇ ਪਾਸੇ ਵੱਲ ਉੱਡ ਗਏ। ਕੇਵਲ ਕੁੱਤੇ ਹੀ ਭੌਂਕਦੇ ਰਹੇ।

"ਲਗਦੈ ਜਿਵੇਂ ਗੋਲ਼ੀ ਚਲੀ ਹੋਵੇ," ਕੁੜੀ ਨੇ ਘਾਬਰਦੇ ਹੋਇਆਂ ਅਤੇ ਜਗਤ ਸਿੰਘ ਨੂੰ ਪਿਆਰ ਕਲੋਲਾਂ ਫਿਰ ਸ਼ੁਰੂ ਕਰਨ ਤੋਂ ਬਾਜ ਰੱਖਣ ਦੀ ਕੋਸ਼ਸ਼ ਕਰਦਿਆਂ ਆਖਿਆ।

"ਪਤਾ ਨਹੀਂ। ਪਰ ਤੂੰ ਕਿਉਂ ਭੱਜ ਰਹੀ ਏਂ? ਹੁਣ ਤਾਂ ਸਭ ਚੁੱਪ-ਚਾਂ ਹੈ," ਕਹਿੰਦਿਆਂ ਜਗਤ ਸਿੰਘ ਨੇ ਉਸ ਨੂੰ ਫਿਰ ਖਿੱਚਕੇ ਆਪਣੇ ਨਾਲ ਪਾ ਲਿਆ।

"ਵਕਤ ਹੁਣ ਛੇੜ-ਛਾੜ ਦਾ ਨਹੀਂ। ਪਿੰਡ ਵਿਚ ਕਤਲ ਹੋ ਗਿਐ। ਮੇ ਰੇ ਅੱਬਾ ਨੇ ਜਾਗ ਪੈਣੈ ਅਤੇ ਵੇਖਣੈ ਕਿ ਮੈਂ ਕਿਥੇ ਆਂ। ਝੱਟ ਮੈਨੂੰ ਘਰੇ ਪੁਜਣਾ ਚਾਹੀਦੈ।"

"ਨਹੀਂ, ਨਹੀਂ ਜਾਣਾ ਤੂੰ। ਮੈਂ ਨਹੀਂ ਜਾਣ ਦੇਣਾ ਤੈਨੂੰ। ਕਹਿ ਦੇਵੀਂ ਆਪਣੀ ਸਹੇ ਲੀ ਨਾਲ ਸਾਂ।"

"ਮੂੜ੍ਹ ਜੱਟਾਂ ਵਾਂਗ ਨਾ ਗੱਲ ਕਰ। ਕਿਵੇਂ ......" ਜਗਤ ਸਿੰਘ ਨੇ ਆਪਣੇ ਮੂੰਹ

ਨਾਲ ਉਸਦਾ ਮੂੰਹ ਬੰਦ ਕਰ ਦਿਤਾ। ਆਪਣੇ ਅਥਾਹ ਵਜ਼ਨ ਨਾਲ ਉਸਦੇ ਉਪਰ ਲਿਟ ਗਿਆ ਉਹ। ਇਸ ਤੋਂ ਪਹਿਲਾਂ ਕਿ ਉਹ ਜਗਤ ਦੀਆਂ ਬਾਹਾਂ ਵਿਚੋਂ ਆਪਣੇ ਆਪ ਨੂੰ ਛੁਡਾ ਲੈਂਦੀ ਜਗਤ ਨੇ ਫਿਰ ਉਸਦੀ ਸਲਵਾਰ ਦਾ ਨਾਲਾ ਖਿੱਚ ਕੇ ਖੋਲ੍ਹ ਦਿਤਾ।

"ਛੱਡਦੇ ਮੈਨੂੰ। ਛੱਡ ...."

ਜਗਤ ਸਿੰਘ ਦੇ ਵਹਿਸ਼ੀ ਜ਼ੋਰ ਅਗੇ ਉਹ ਅੜ ਨਾ ਸਕੀ। ਅਸਲ ਵਿਚ ਅੰਦਰੋਂ ਉਹ ਅੜਨਾ ਚਾਹੁੰਦੀ ਵੀ ਨਹੀਂ ਸੀ। ਉਸ ਦੀ ਦੁਨੀਆਂ ਸਿਮਟ ਕੇ ਸਾਹਾਂ ਦੀ ਸੰਗੀਤਮਈ ਸੁਰ ਅਤੇ ਤਪ ਰਹੇ ਧੁੰਦਲਕੇ ਜਿਸਮਾਂ ਦੀ ਨਿਘੀ ਖੁਸ਼ਬੋ ਬਣ ਗਈ ਸੀ। ਮੁੰਡੇ ਦੇ ਬੁਲ੍ਹ ਹਾਬੜੇ ਹੋਏ ਕੁੜੀ ਦੀਆਂ ਅੱਖਾਂ ਅਤੇ ਗਲ੍ਹਾਂ ਨੂੰ ਚੁੰਮ ਰਹੇ ਸਨ। ਜੀਭ ਉਸਦੀ ਕੁੜੀ ਦੇ ਕੰਨਾਂ ਦਾ ਅੰਦਰਲਾ ਟਟੋਲ ਰਹੀ ਸੀ। ਝੱਲੀ ਹੋ ਕੇ ਕੁੜੀ ਨੇ ਮੁੰਡੇ ਦੀ ਨਿੱਕੀ ਨਿੱਕੀ ਦਾਹੜੀ ਵਾਲੀਆਂ ਗਲ੍ਹਾਂ ਵਿਚ ਆਪਣੇ ਨਹੁੰ ਖੋਭ ਦਿਤੇ ਅਤੇ ਨੱਕ 'ਤੇ ਦੰਦੀ ਵੱਢ ਦਿਤੀ। ਉਸ ਦੇ ਸਿਰ ਉਪਰ ਤਾਰੇ ਪਾਗਲਾਂ ਵਾਂਗ ਘੁੰਮ ਗਏ ਅਤੇ ਫਿਰ ਵਾਪਸ ਆਪਣੀ ਆਪਣੀ ਥਾਂ ਆ ਗਏ ਜਿਵੇਂ ਚੱਕਰ-ਚੂੰਡਾ ਸਹਿਜੇ ਸਹਿਜੇ ਹੌਲੀ ਹੁੰਦਾ ਅਖੀਰ ਰੁਕ ਜਾਂਦਾ ਹੈ। ਜ਼ਿੰਦਗੀ ਵਾਪਸ ਠੰਡੀ ਹੋ ਗਈ ਅਤੇ ਆਪੇ ਵਿਚ ਪਰਤ ਆਈ। ਕੁੜੀ ਨੇ ਆਪਣੇ ਉਤੇ ਬੇਜਾਨ ਬੰਦੇ ਦਾ ਅਹਿਲ ਭਾਰ ਮਹਿਸੂਸ ਕੀਤਾ; ਕੁੜੀ ਦੇ ਵਾਲਾਂ ਵਿਚ ਰੇਤਾ ਕਰੀਚ ਰਿਹਾ ਸੀ; ਕੂਲੀ ਪੌਣ ਉਸ ਦੇ ਨੰਗੇ ਅੰਗਾਂ ਨਾਲ ਅਠਖੇਲੀਆਂ ਕਰ ਰਹੀ ਸੀ; ਅਤੇ ਅਣਗਿਣਤ ਤਾਰੇ ਉਸ ਵੱਲ ਘੁਣਤਰੀ ਟਿਕਟਿਕੀ ਲਾਕੇ ਝਾਕ ਰਹੇ ਸਨ। ਉਸ ਨੇ ਜਗਤ ਨੂੰ ਪਰੇ ਸੁੱਟ ਦਿਤਾ। ਉਹ ਉਸਦੇ ਨਾਲ ਲੇਟ ਗਿਆ।

"ਬਸ ਇਹੋ ਸੀ ਤੇਰੀ ਤਮੰਨਾ। ਤੇ ਮਿਲ ਵੀ ਗਈ। ਜੱਟ ਦਾ ਜੱਟ ਹੀ ਰਿਹਾ ਤੂੰ। ਹਰ ਵੇਲੇ ਆਪਣਾ ਬੀਅ ਬੀਜਣਾ ਹੀ ਲੋਚਦੈਂ। ਦੁਨੀਆਂ ਭਾਵੇਂ ਮਰ ਮੁੱਕ ਰਹੀ ਹੋਵੇ ਪਰ ਤੂੰ ਇਹੋ ਕਰਨਾ ਚਾਹੇਂਗਾ। ਜਦੋਂ ਪਿੰਡ ਵਿਚ ਬੰਦੂਕਾਂ ਚਲ ਰਹੀਆਂ ਨੇ ਉਦੋਂ ਵੀ। ਹੈ ਕਿ ਨਹੀਂ?" ਕੁੜੀ ਨੇ ਮੁੰਡੇ ਨੂੰ ਖਿਝਾਇਆ।

"ਕੋਈ ਕਿਧਰੇ ਬੰਦੂਕਾਂ ਨਹੀਂ ਚਲਾ ਰਿਹਾ। ਐਵੇਂ ਤੇਰੇ ਕੰਨ ਵਜਦੇ ਨੇ," ਜਗਤ ਸਿੰਘ ਨੇ ਬਿਨਾਂ ਕੁੜੀ ਵੱਲ ਵੇਖਿਆਂ ਥੱਕੇ-ਟੁੱਟੇ ਨੇ ਜਵਾਬ ਮੋੜਿਆ।

ਵਿਰਲਾਪ ਦੀਆਂ ਮਧਮ ਕੁਰਲਾਟਾਂ ਦਰਿਆ ਵੱਲ ਨੂੰ ਮਲਕੜੇ ਜਿਹੇ ਆਈਆਂ। ਜੋੜੀ ਉਠ ਕੇ ਬੈਠ ਗਈ ਅਤੇ ਸੁਣਨ ਲਈ ਕੰਨ ਲਾ ਲਏ। ਦੋ ਗੋਲ਼ੀਆਂ ਉਤੋੜਿਤੀ ਚਲੀਆਂ। ਕਾਂ ਕਿੱਕਰਾਂ ਵਿਚੋਂ ਉੱਡ ਪਏ, ਕਾਂ ਕਾਂ ਦਾ ਸ਼ੋਰ ਪਾਉਂਦਿਆਂ।

ਕੁੜੀ ਰੋਣ ਲਗ ਪਈ।

"ਪਿੰਡ ਵਿਚ ਕੁਝ ਮਾੜਾ ਹੋ ਰਿਹੈ। ਮੇਰਾ ਅੱਬਾ ਜਾਗ ਪਏਗਾ ਤੇ ਜਾਣ ਜਾਏਗਾ ਕਿ ਮੈਂ ਘਰ ਤੋਂ ਬਾਹਰ ਹਾਂ। ਮਾਰ ਸੁੱਟੇਗਾ ਉਹ ਮੈਨੂੰ।"

ਜਗਤ ਸਿੰਘ ਉਸ ਨੂੰ ਸੁਣ ਹੀ ਨਹੀਂ ਰਿਹਾ ਸੀ। ਉਸ ਨੂੰ ਨਹੀਂ ਪਤਾ ਸੀ ਕਿ ਕੀ ਕਰੇ। ਜੇ ਉਸਦੀ ਪਿੰਡ ਵਿਚੋਂ ਗੈਰਹਾਜ਼ਰੀ ਦਾ ਪਤਾ ਲਗ ਗਿਆ, ਪੁਲਿਸ ਉਹਦੇ ਲਈ ਮੁਸ਼ਕਲ ਖੜ੍ਹੀ ਕਰ ਦੇਵੇਗੀ। ਕੁੜੀ ਨੂੰ ਕੀ ਮੁਸੀਬਤ ਆਵੇਗੀ, ਇਹਦੀ ਉਸਨੂੰ

ਭੋਰਾ ਵੀ ਚਿੰਤਾ ਨਹੀਂ ਸੀ। ਇਹੋ ਹੋ ਸਕਦਾ ਹੈ ਕਿ ਉਹ ਫੇਰ ਕਦੇ ਨਾ ਆਵੇ। ਉਹ ਕਹਿ ਵੀ ਇਹੋ ਰਹੀ ਸੀ: "ਮੈਂ ਤੈਨੂੰ ਫਿਰ ਕਦੇ ਮਿਲਣ ਨਹੀਂ ਆਉਣਾ। ਇਕ ਵਾਰ ਅੱਲਾ ਮੈਨੂੰ ਬਖਸ਼ ਦੇਵੇ, ਮੁੜ ਕਦੇ ਨਾ ਕਰਾਂਗੀ ਇਹ।"

"ਚੁੱਪ ਕਰੇਂਗੀ ਕਿ ਮਾਰਾਂ ਮੂੰਹ ਤੇ ਤੇਰੇ ਇਕ ਲੱਫੜ?"

ਕੁੜੀ ਨੇ ਡੁਸਕਣਾ ਸ਼ੁਰੂ ਕਰ ਦਿਤਾ। ਉਹਨੂੰ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ ਕਿ ਇਹ ਉਹੋ ਬੰਦਾ ਹੈ ਜੋ ਇਕ ਪਲ ਪਹਿਲਾਂ ਉਸ ਨਾਲ ਮੌਜ-ਮੇਲਾ ਕਰ ਰਿਹਾ ਸੀ।

"ਸ਼ੀ! ਚੁੱਪ! ਕੋਈ ਆ ਰਿਹੈ," ਜੱਗਤ ਸਿੰਘ ਨੇ ਕੁੜੀ ਦੇ ਮੂੰਹ ਉਤੇ ਆਪਣਾ ਮਣ ਪੱਕੇ ਦਾ ਹੱਥ ਰਖਦਿਆਂ ਫੁਸਫੁਸ ਕੀਤੀ।

ਜੋੜੀ ਖਾਮੋਸ਼ ਲੇਟ ਗਈ, ਹਨੇਰੇ ਵਿਚ ਅੱਖਾਂ ਪਾੜਕੇ ਦੇਖਦੀ ਹੋਈ। ਬੰਦੂਕਾਂ ਅਤੇ ਬਰਛਿਆਂ ਵਾਲੇ ਪੰਜ ਬੰਦੇ ਉਨ੍ਹਾਂ ਤੋਂ ਕੁਝ ਗਜ਼ਾਂ ਦੀ ਦੂਰੀ ਤੋਂ ਲੰਘ ਗਏ। ਉਨ੍ਹਾਂ ਆਪਣੇ ਮੂੰਹ ਢਕੇ ਹੋਏ ਨਹੀਂ ਸਨ। ਉਹ ਗੱਲਾਂ ਕਰਦੇ ਜਾ ਰਹੇ ਸਨ।

"ਡਾਕੂ! ਤੂੰ ਜਾਣਦੈਂ ਉਨ੍ਹਾਂ ਨੂੰ?" ਕੁੜੀ ਨੇ ਫੁਸਫੁਸਾਉਂਦਿਆਂ ਪੁਛਿਆ।

"ਆਹੋ," ਜੱਗਤ ਸਿੰਘ ਨੇ ਕਿਹਾ,"ਉਹ ਜਿਹੜਾ ਬੈਟਰੀ ਵਾਲਾ ਏ, ਉਹ ਮੱਲੀ ਹੈ।" ਉਹਦਾ ਚਿਹਰਾ ਸਖਤ ਹੋ ਗਿਆ। "ਉਹ ਸਾਲਾ ਭੈਣ 'ਚੋ ਕਮੀਨਾ। ਮੈਂ ਉਹਨੂੰ ਹਜ਼ਾਰ ਵਾਰ ਆਖਿਆ ਕਿ ਇਹ ਸਮਾਂ ਡਾਕੇ ਮਾਰਨ ਦਾ ਨਹੀਂ। ਤੇ ਹੁਣ ਉਹ ਆਪਣੇ ਗਰੋਹ ਨੂੰ ਲੈ ਕੇ ਮੇਰੇ ਪਿੰਡ ਹੀ ਆ ਗਿਐ! ਸਮਝ ਲਵਾਂਗਾ ਮੈਂ ਉਸ ਨੂੰ।"

ਡਾਕੂ ਦਰਿਆ ਤਕ ਗਏ ਅਤੇ ਫਿਰ ਉਸਦੇ ਨਾਲ ਨਾਲ ਥੱਲੇ ਵੱਲ ਚਲਦੇ ਗਏ ਕਈ ਮੀਲ ਦੱਖਣ ਵੱਲ, ਦਰਿਆ ਚੋਂ ਲਾਂਘੇ ਤਕ। ਟਟੀਹਰੀਆਂ ਦੇ ਇਕ ਜੋੜੇ ਨੇ ਅਚਰਜ ਚੀਕਾਂ ਨਾਲ ਰਾਤ ਦੀ ਖਾਮੋਸ਼ੀ ਨੂੰ ਵਿੰਨ੍ਹ ਦਿਤਾ: ਟੀ-ਟੀਟੀ-ਟਿਟੀ-ਊ, ਟੀ-ਟੀ-ਊ, ਟੀ-ਟੀ-ਊ, ਟਿਟ-ਟਿਟ-ਟੀ-ਊ।

"ਉਨ੍ਹਾਂ ਦੀ ਪੁਲਿਸ ਨੂੰ ਰਿਪੋਟ ਕਰੇਂਗਾ ਤੂੰ?"

ਜਗਤ ਸਿੰਘ ਨੇ ਖਸਿਆਣੀ ਖੀ ਖੀ ਕੀਤੀ "ਚੱਲ ਆਪਾਂ ਚੱਲੀਏ, ਇਸਤੋਂ ਪਹਿਲਾਂ ਕਿ ਉਹ ਮੈਨੂੰ ਪਿੰਡ ਵਿਚ ਲਾਪਤਾ ਦੇਖਣ।"

ਜੋੜੀ ਮਨੋ ਮਾਜਰਾ ਵੱਲ ਵਾਪਸ ਚਲ ਪਈ, ਮੁੰਡਾ ਮੂਹਰੇ ਅਤੇ ਕੁੜੀ ਕੁਝ ਕਦਮ ਉਸਦੇ ਪਿਛੇ ਪਿਛੇ।

ਵਿਰਲਾਪ ਦੀਆਂ ਚੀਕਾਂ ਅਤੇ ਕੁੱਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਉਨ੍ਹਾਂ ਨੂੰ ਸੁਣ ਰਹੀਆਂ ਸਨ। ਔਰਤਾਂ ਛੱਤਾਂ ਤੇ ਚੜ੍ਹਕੇ ਇਕ ਦੂਜੇ ਨਾਲ ਉਚੀ ਉਚੀ ਗੱਲਾਂ ਕਰ ਰਹੀਆਂ ਸਨ। ਸਾਰਾ ਪਿੰਡ ਜਾਗ ਪਿਆ ਲਗਦਾ ਸੀ। ਜਗਤ ਸਿੰਘ ਛੱਪੜ ਲਾਗੇ ਪਹੁੰਚ ਕੇ ਖੜ੍ਹ ਗਿਆ ਅਤੇ ਪਿਛੇ ਭੌਂ ਕੇ ਕੁੜੀ ਨੂੰ ਬੋਲਿਆ:

"ਨੂਰੋ, ਕਲ੍ਹ ਵੀ ਆਵੇਂਗੀ ਨਾ?" ਉਸ ਨੇ ਤਰਲਾ ਕੀਤਾ।

"ਤੂੰ ਕਲ੍ਹ ਦੀ ਗੱਲ ਕਰਦੈਂ ਤੇ ਮੈਨੂੰ ਆਪਣੀ ਜਾਨ ਦਾ ਖੌ.ਆ ਰਿਹਾ। ਮੈਨੂੰ ਭਾਵੇ ਮਾਰ ਦਿਤਾ ਜਾਏ, ਪਰ ਤੂੰ ਤਾਂ ਐਸ਼ ਕਰ ਲਈ।"

"ਕੋਈ ਤੇਰਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ, ਜਿੰਨਾ ਚਿਰ ਮੈਂ ਜੀਂਦਾਂ। ਮਨੋ ਮਾਜਰਾ ਵਿਚ ਮਰਦ ਦਾ ਬੱਚਾ ਨਹੀਂ ਜੋ ਤੇਰੇ ਵੱਲ ਅੱਖ ਉਠਾਕੇ ਦੇਖ ਸਕੇ ਅਤੇ ਫਿਰ ਜੱਗੇ ਤੋਂ ਬਚ ਜਾਵੇ। ਮੈਂ ਬਦਮਾਸ਼ ਐਵੇਂ ਖੈਵੇਂ ਨਹੀਂ," ਉਹਨੇ ਹਿੱਕ ਫੁਲਾ ਕੇ ਸ਼ੇਖੀ ਮਾਰੀ। "ਕਲ੍ਹ ਜਾਂ ਪਰਸੋਂ ਜਦੋਂ ਇਹ ਠੰਡ ਠੰਡਾਰ ਹੋ ਗਈ, ਤੂੰ ਮੈਨੂੰ ਦਸੀਂ ਜੋ ਵੀ ਵਾਪਰਿਆ। ਮਾਲ ਗੱਡੀ ਲੰਘਣ ਮਗਰੋਂ?"

"ਨਹੀਂ! ਨਹੀਂ! ਨਹੀਂ!" ਕੁੜੀ ਨੇ ਨਾਂਹ ਵਿਚ ਸਿਰ ਫੇਰਿਆ। "ਆਪਣੇ ਅੱਬਾ ਨੂੰ ਹੁਣ ਮੈਂ ਕੀ ਕਹਾਂਗੀ? ਇਸ ਰੌਲੇ ਨਾਲ ਉਹ ਜ਼ਰੂਰ ਜਾਗ ਪਿਆ ਹੋਣੈ।"

"ਬਸ ਇਹੋ ਕਹਿ ਦੇਈਂ ਤੂ ਬਾਹਰ ਗਈ ਸੈਂ। ਤੇਰਾ ਪੇਟ ਖਰਾਬ ਸੀ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਗੱਲ। ਤੂੰ ਗੋਲੀ ਚਲਦੀ ਸੁਣੀ ਅਤੇ ਲੁਕ ਕੇ ਦੁਬਕ ਗਈ। ਜਦੋਂ ਡਾਕੂ ਚਲੇ ਗਏ ਤਾਂ ਘਰ ਆ ਗਈ ਹਾਂ। ਫਿਰ ਪਰਸੋਂ ਆਏਂਗੀ ਨਾ?"

"ਨਹੀਂ!" ਉਸ ਨੇ ਦੁਹਰਾਇਆ ਪਰ ਇਸ ਵਾਰ ਘਟ ਜ਼ੋਰ ਨਾਲ। ਬਹਾਨਾ ਚਲ ਸਕਦਾ ਸੀ। ਉਸਦਾ ਅੱਬਾ ਕਰੀਬ ਕਰੀਬ ਅੰਨ੍ਹਾ ਹੀ ਸੀ। ਉਹ ਨਾ ਉਸਦੀ ਰੇਸ਼ਮੀ ਕੁੜਤੀ ਦੇਖ ਸਕੇਗਾ ਅਤੇ ਨਾ ਹੀ ਅੱਖਾਂ ਵਿਚ ਪਾਇਆ ਸੁਰਮਾ। ਨੂਰਾਂ ਹਨੇਰੇ ਵਿਚ ਅਲੋਪ ਹੋ ਗਈ। ਉਹ ਸਹੁੰ ਖਾ ਰਹੀ ਸੀ ਕਿ ਇਸ ਵਾਰ ਬਚ ਜਾਵੇ ਫਿਰ ਕਦੇ ਨਹੀਂ ਆਵੇਗੀ।

ਜਗਤ ਸਿੰਘ ਗਲੀ ਵਿਚੋਂ ਹੋ ਕੇ ਆਪਣੇ ਘਰ ਪਹੁੰਚ ਗਿਆ। ਪਿੰਡ ਦੇ ਕਈ ਬੰਦੇ ਵਿਹੜੇ ਵਿਚ ਖੜ੍ਹੇ ਉਸ ਦੀ ਮਾਂ ਨਾਲ ਗੱਲਾਂ ਕਰ ਰਹੇ ਸਨ। ਉਹ ਚੁੱਪ ਚਾਪ ਪਿਛੇ ਘੁੰਮਿਆ ਅਤੇ ਦਰਿਆ ਤੇ ਵਾਪਸ ਪਰਤ ਆਇਆ।

## 4

ਅਫਸਰੀ ਹਲਕਿਆਂ ਵਿਚ ਮਨੋ ਮਾਜਰਾ ਦੀ ਇਕ ਖਾਸ ਅਹਿਮੀਅਤ ਹੈ ਕਿਉਂਕਿ ਇਥੇ ਰੇਲਵੇ ਪੁਲ ਤੋਂ ਜ਼ਰਾ ਕੁ ਉੱਤਰ ਵੱਲ ਅਫਸਰਾਂ ਦਾ ਇਕ ਡਾਕ ਬੰਗਲਾ ਹੈ। ਇਹ ਸਿੱਧੀ ਛੱਤ ਵਾਲਾ ਬੰਗਲਾ ਹੈ ਜਿਸਨੂੰ ਖਾਕੀ ਇੱਟਾਂ ਲਗੀਆਂ ਹਨ ਅਤੇ ਜਿਸਦਾ ਵਰਾਂਡਾ ਦਰਿਆ ਦੇ ਸਾਹਮਣੇ ਹੈ। ਇਹ ਇਕ ਵਰਗ ਸ਼ਕਲ ਦੇ ਪਲਾਟ ਦੇ ਮੱਧ ਵਿਚ ਬਣਿਆ ਹੈ। ਇਸਦੀ ਚਾਰਦੀਵਾਰੀ ਨਿੱਕੀ ਜਿਹੀ ਕੰਧ ਦੀ ਬਣੀ ਹੈ। ਗੇਟ ਤੋਂ ਵਰਾਂਡੇ ਤਕ ਇਕ ਸੜਕ ਜਾਂਦੀ ਹੈ ਜਿਸ ਨੂੰ ਬਾਗ ਤੋਂ ਅੱਡ ਕਰਨ ਲਈ ਦੋਹੀਂ ਪਾਸੀਂ ਇੱਟਾਂ ਦੀ ਬੇਢਬੀ ਜਿਹੀ ਕਤਾਰ ਲਗੀ ਹੈ। ਬਾਗ ਤਾਂ ਮਿੱਟੀ ਨਾਲ ਪੋਚਿਆ ਹੋਇਆ ਚਪਟਾ ਮੈਦਾਨ ਹੀ ਹੈ ਜਿਸ ਵਿਚ ਉਸਦੇ ਚਪਟੇ ਪੱਧਰੇ ਤਲ ਨੂੰ ਤੋੜ ਕੇ

ਨਿਕਲਦੀ ਹੋਈ ਇਕ ਵੀ ਘਾਹ ਦੀ ਪੱਤੀ ਨਹੀਂ ਹੈ। ਹਾਂ, ਵਰਾਂਡੇ ਦੇ ਥਮਲਿਆਂ ਦੇ ਨਾਲ ਅਤੇ ਘਰ ਦੇ ਪਿਛਵਾੜੇ ਨੌਕਰਾਂ ਦੇ ਕੁਆਟਰਾਂ ਦੇ ਨੇੜੇ ਮੋਤੀਏ ਦੀਆਂ ਕੁਝ ਮਰੀਅਲ ਜਿਹੀਆਂ ਝਾੜੀਆਂ ਜ਼ਰੂਰ ਉੱਗੀਆਂ ਹੋਈਆਂ ਹਨ। ਆਰਾਮ ਘਰ ਅਸਲ ਵਿਚ ਪਹਿਲੇ ਪਹਿਲ ਪੁਲ ਦੀ ਉਸਾਰੀ ਕਰ ਰਹੇ ਇੰਜੀਨੀਅਰ ਵਾਸਤੇ ਉਸਾਰਿਆ ਗਿਆ ਸੀ। ਪੁਲ ਦੀ ਉਸਾਰੀ ਮੁਕੰਮਲ ਹੋਣ ਉਤੇ ਇਹ ਸਾਰੇ ਵੱਡੇ ਅਫਸਰਾਂ ਦੀ ਸ਼ਾਮਲਾਤ ਬਣ ਗਿਆ ਸੀ। ਇਸਦੀ ਮਕਬੂਲੀਅਤ ਜ਼ਿਆਦਾਤਰ ਇਸਦੀ ਦਰਿਆ ਨਾਲ ਨੇੜਤਾ ਸਦਕਾ ਹੈ। ਇਸਦੇ ਚਾਰੇ ਪਾਸੇ ਪੰਪਾ ਘਾਹ ਅਤੇ ਢੱਕ ਜਾਂ ਕਸੁੰਭੜੇ ਵਾਲੀ ਬੰਜਰ ਜ਼ਮੀਨ ਹੈ ਜਿਥੇ ਦਿਨ ਚੜ੍ਹਨ ਤੋਂ ਲੈਕੇ ਛਿਪਣ ਤਕ ਤਿੱਤਰ ਆਪਣੀਆਂ ਤਿੱਤਰੀਆਂ ਨੂੰ ਫੁਸਲਾਉਂਦੇ ਰਹਿੰਦੇ ਹਨ। ਸਰਦੀਆਂ ਵਿਚ ਜਦੋਂ ਦਰਿਆ ਸੁੰਗੜਕੇ ਕੂਲ੍ਹ ਜਿਹੀ ਰਹਿ ਜਾਂਦਾ ਹੈ ਤਾਂ ਪਿਛੇ ਰਹਿ ਗਈ ਦਲਦਲ ਅਤੇ ਛੱਪੜਾਂ ਵਿਚ ਸਰਕੜਾ ਪੈਦਾ ਹੋ ਜਾਂਦਾ ਹੈ। ਮਘਾਂ, ਜੰਗਲੀ ਬੱਤਖਾਂ, ਟੀਲਾਂ ਅਤੇ ਜਲ-ਪੰਛੀਆਂ ਦੀਆਂ ਹੋਰ ਕਿਸਮਾਂ ਇਥੇ ਵਾਰ ਵਾਰ ਫੇਰੀ ਪਾਉਂਦੀਆਂ ਹਨ। ਵੱਡੇ ਛੱਪੜਾਂ ਵਿਚ ਰਾਹੂ, ਮੱਲੀ ਅਤੇ ਮਸ਼ੀਰ ਮੱਛੀਆਂ ਬਹੁਤ ਮਿਲਦੀਆਂ ਹਨ।

ਸਰਦੀਆਂ ਦੇ ਸਾਰੇ ਮਹੀਨਿਆਂ ਵਿਚ, ਅਫਸਰ ਆਪਣੇ ਟੂਰ ਇਸ ਤਰ੍ਹਾਂ ਬਣਾਉਂਦੇ ਹਨ ਕਿ ਕੁਝ ਸਮਾਂ ਉਹ ਮਨੋ ਮਾਜਰਾ ਵਿਚ ਜ਼ਰੂਰ ਠਹਿਰ ਅਤੇ ਮਾਣ ਸਕਣ। ਉਹ ਸਵੇਰੇ ਸੂਰਜ ਨਿਕਲਦਿਆਂ ਹੀ ਮੁਰਗਾਬੀਆਂ ਦੇ ਸ਼ਿਕਾਰ ਲਈ, ਦਿਨੇ ਹੰਸਾਂ ਦੇ ਲਈ, ਤੀਜੇ ਪਹਿਰ ਮੱਛੀਆਂ ਫੜਨ ਲਈ ਜਾਂਦੇ ਹਨ ਅਤੇ ਤਰਕਾਲੀਂ ਫਿਰ ਜੰਗਲੀ ਬੱਤਖਾਂ ਦੇ ਸ਼ਿਕਾਰ ਲਈ ਜਾ ਪਹੁੰਚਦੇ ਹਨ ਜਦੋਂ ਉਹ ਸ਼ਾਮ ਦੀ ਉਡਾਰੀ ਤੇ ਵਾਪਸ ਆ ਜਾਂਦੀਆਂ ਹਨ। ਬਹਾਰ ਦੀ ਰੁੱਤ ਵਿਚ ਰੰਗਲੇ ਅਫਸਰ ਆ ਜਾਂਦੇ ਹਨ ਇਥੇ ਜੁਗਾਲੀ ਕਰਨ ਵਾਸਤੇ — ਤਿੱਖੇ ਸੰਤਰੀ ਢੱਕ ਅਗੇ ਦਰਿਆ ਉਤੇ ਛਿਪਦੇ ਸੂਰਜ ਦੀ ਗੂੜ੍ਹੀ ਲਾਲੀ ਨੂੰ ਸ਼ਰਮਾਉਂਦਿਆਂ ਦੇਖਕੇ ਵਿਸਕੀ ਦੀਆਂ ਚੁਸਕੀਆਂ ਲੈਣ ਲਈ; ਦਲਦਲ ਵਿਚੋਂ ਡੱਡੂਆਂ ਦੀ ਮਨਮੋਹਕ ਗੜੈਂ ਗੜੈਂ ਅਤੇ ਲਾਗੋਂ ਲੰਘਦੀਆਂ ਰੇਲ ਗੱਡੀਆਂ ਦੀ ਛੂੱਕ ਛੂੱਕ ਅਤੇ ਠੱਕ ਠੱਕ ਦਾ ਸੰਗੀਤ ਸੁਣਨ ਲਈ; ਅਤੇ ਜਦੋਂ ਚੰਦਰਮਾ ਪੁਲ ਦੀ ਮਹਿਰਾਬ ਹੇਠੋਂ ਝਾਤ ਮਾਰਦਾ ਹੈ ਤਾਂ ਜੁਗਨੂੰਆਂ ਦੀ ਮਲਕ ਮਲਕ ਜਗਦੀ ਬੁਝਦੀ ਉਡਾਰੀ ਨਾਲ ਅੱਖਾਂ ਸੇਕਣ ਲਈ। ਗਰਮੀਆਂ ਦੇ ਪਹਿਲੇ ਮਹੀਨਿਆਂ ਵਿਚ ਕੇਵਲ ਉਹ ਹੀ ਮਨੋ ਮਾਜਰਾ ਦੇ ਡਾਕ ਬੰਗਲੇ ਵਿਚ ਆਉਂਦੇ ਹਨ ਜਿਹੜੇ ਇਕਾਂਤ ਦਾ ਲੁਤਫ ਲੈਣਾ ਚਾਹੁੰਦੇ ਹਨ। ਪਰ ਜਿਉਂ ਹੀ ਮੌਨਸੂਨ ਦਸਤਕ ਦਿੰਦੀ ਹੈ, ਮਹਿਮਾਨਾਂ ਨੂੰ ਮੌਸਮ ਜਰਬ ਦੇ ਦਿੰਦਾ ਹੈ; ਸਤਲੁਜ ਦੇ ਆਫਰੇ ਹੋਏ ਪਾਣੀਆਂ ਦਾ ਮੋਹਕ ਅਤੇ ਕਾਤਲ ਦ੍ਰਿਸ਼ ਉਨ੍ਹਾਂ ਨੂੰ ਸੈਨਤਾਂ ਮਾਰਕੇ ਖਿੱਚ ਲਿਆਉਂਦਾ ਹੈ।

ਮਨੋ ਮਾਜਰਾ ਵਿਚ ਜਿਸ ਦਿਨ ਡਾਕਾ ਪਿਆ ਸੀ, ਉਸ ਸਵੇਰੇ ਡਾਕ ਬੰਗਲੇ ਨੂੰ ਸਜਾਇਆ ਗਿਆ ਸੀ, ਕਿਸੇ ਖਸੂਸੀ ਮਹਿਮਾਨ ਦੀ ਆਓਭਗਤ ਲਈ। ਜਮਾਂਦਾਰ ਨੇ ਸਨਾਨ-ਕਮਰਿਆਂ ਨੂੰ ਮਲ ਮਲ ਕੇ ਸਾਫ ਕੀਤਾ ਸੀ, ਕਮਰਿਆਂ ਨੂੰ ਸਫਾਈ ਨਾਲ ਨੁਹਾ ਦਿਤਾ ਸੀ ਅਤੇ ਸੜਕ ਉਤੇ ਛਿੜਕਾ ਦਾ ਤਰੌਂਕਾ ਮਾਰ ਦਿੱਤਾ ਸੀ। ਸੇਵਾਦਾਰ

ਅਤੇ ਉਹਦੀ ਪਤਨੀ ਨੇ ਫਰਨੀਚਰ ਨੂੰ ਝਾੜ ਪੂੰਝ ਵੀ ਦਿੱਤਾ ਸੀ ਅਤੇ ਠੁੱਕ ਸਿਰ ਤਰਤੀਬ ਦੇਕੇ ਸਜਾ ਵੀ ਦਿੱਤਾ ਸੀ। ਜਮਾਂਦਾਰ ਦੇ ਮੁੰਡੇ ਨੇ ਛੱਤ ਨਾਲ ਲਟਕਦੇ ਪੱਖੇ ਨਾਲ ਲਪੇਟੀ ਰੱਸੀ ਖੋਲ੍ਹਕੇ ਕੰਧ ਵਿਚ ਕੱਢੀ ਮੋਰੀ ਚੋਂ ਲੰਘਾ ਲਈ ਸੀ ਤਾਂ ਜੋ ਬਾਹਰ ਵਰਾਂਡੇ ਵਿਚੋਂ ਹੀ ਖਿੱਚ ਕੇ ਪੱਖੇ ਦੀ ਝੱਲ ਮਾਰ ਸਕੇ। ਉਸ ਨੇ ਤੇੜ ਨਵੀਂ ਧੋਤੀ ਬੰਨ੍ਹ ਲਈ ਸੀ ਅਤੇ ਵਰਾਂਡੇ ਵਿਚ ਬੈਠਾ ਪੱਖੇ ਦੀ ਰੱਸੀ ਨੂੰ ਕਦੇ ਗੰਢ ਮਾਰ ਲੈਂਦਾ ਸੀ ਅਤੇ ਕਦੇ ਖੋਲ੍ਹ ਲੈਂਦਾ ਸੀ। ਤੇ ਉਧਰ ਰਸੋਈ ਵਿਚੋਂ ਆਉਂਦੀ ਰਿੰਨ੍ਹੇ ਜਾ ਰਹੇ ਮੁਰਗੇ ਦੀ ਖੁਸ਼ਬੋ ਮਗਜ਼ ਨੂੰ ਚੜ੍ਹ ਰਹੀ ਸੀ।

ਗਿਆਰਾਂ ਵਜੇ ਪੁਲਿਸ ਦਾ ਇਕ ਛੋਟਾ ਥਾਣੇਦਾਰ ਅਤੇ ਦੋ ਸਿਪਾਹੀ ਸਾਈਕਲਾਂ ਤੇ ਆ ਗਏ, ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ। ਕੁਝ ਦੇਰ ਮਗਰੋਂ ਦੋ ਅਰਦਲੀ ਪਹੁੰਚ ਗਏ। ਉਨ੍ਹਾਂ ਨੇ ਚਿੱਟੀ ਵਰਦੀ ਪਾਈ ਹੋਈ ਸੀ, ਲੱਕ ਦੁਆਲੇ ਲਾਲ ਪੇਟੀ ਬੰਨ੍ਹੀ ਹੋਈ ਸੀ ਅਤੇ ਚਿੱਟੀਆਂ ਹੀ ਉਹਨਾਂ ਦੀਆਂ ਪੱਗਾਂ ਸਨ ਜਿਨ੍ਹਾਂ ਦੇ ਸਾਹਮਣੇ ਚੌੜੀਆਂ ਪੱਟੀਆਂ ਲੱਗੀਆਂ ਹੋਈਆਂ ਸਨ। ਇਨ੍ਹਾਂ ਪੱਟੀਆਂ ਉਤੇ ਪੰਜਾਬ ਸਰਕਾਰ ਦਾ ਪਿਤਲ ਦਾ ਰਾਜ ਚਿੰਨ੍ਹ ਲੱਗਿਆ ਹੋਇਆ ਸੀ — ਰਾਜ ਚਿੰਨ੍ਹ ਜਿਸ ਵਿਚ ਸੂਬੇ ਦੇ ਪੰਜ ਦਰਿਆਵਾਂ ਨੂੰ ਮੂਰਤੀਮਾਨ ਕਰਦੀਆਂ ਪੰਜ ਲਹਿਰਾਂ ਦੇ ਉਤੇ ਸੂਰਜ ਚੜ੍ਹਦਾ ਨਜ਼ਰ ਆ ਰਿਹਾ ਸੀ। ਉਨ੍ਹਾਂ ਸਿਪਾਹੀਆਂ ਦੇ ਨਾਲ ਕਈ ਪੇਂਡੂ ਵੀ ਆਏ ਸਨ ਜਿਨ੍ਹਾਂ ਨੇ ਸਮਾਨ ਅਤੇ ਲਿਸ਼ਕਦੇ ਕਾਲੇ ਸਰਕਾਰੀ ਡਿਸਪੈਚ ਬਕਸੇ ਚੁੱਕੇ ਹੋਏ ਸਨ।

ਕੋਈ ਇਕ ਘੰਟਾ ਮਗਰੋਂ ਇਕ ਵੱਡੀ ਅਮਰੀਕੀ ਕਾਰ ਅੰਦਰ ਆ ਵੜੀ। ਮੂਹਰਲੀ ਸੀਟ ਤੋਂ ਇਕ ਅਰਦਲੀ ਬਾਹਰ ਨਿਕਲਿਆ ਅਤੇ ਆਪਣੇ ਸਾਹਿਬ ਦੇ ਉਤਰਨ ਲਈ ਕਾਰ ਦਾ ਪਿਛਲਾ ਦਰਵਾਜ਼ਾ ਖੋਲ੍ਹ ਦਿਤਾ। ਛੋਟਾ ਥਾਣੇਦਾਰ ਅਤੇ ਸਿਪਾਹੀ ਸਾਵਧਾਨ ਦੀ ਮੁਦਰਾ ਵਿਚ ਖੜ੍ਹੇ ਹੋ ਗਏ ਅਤੇ ਸਾਹਿਬ ਨੂੰ ਸਲੂਟ ਮਾਰਿਆ। ਪੇਂਡੂ ਬੰਦੇ ਸਤਿਕਾਰ ਵਜੋਂ ਥੋੜ੍ਹਾ ਪਰ੍ਹੇ ਹੋ ਕੇ ਖੜ੍ਹ ਗਏ। ਸੇਵਾਦਾਰ ਨੇ ਲੋਹੇ ਦੀਆਂ ਤਾਰਾਂ ਵਾਲਾ ਮੁੱਖ ਗੇਟ ਖੋਲ੍ਹ ਦਿਤਾ ਜੋ ਮੁੱਖ ਬੈਠਕ ਕਮਰੇ ਵੱਲ ਲਿਜਾਂਦਾ ਸੀ। ਸ੍ਰੀ ਹੁਕਮ ਚੰਦ, ਜ਼ਿਲੇ ਦੇ ਮਜਿਸਟ੍ਰੇਟ ਅਤੇ ਡਿਪਟੀ ਕਮਿਸ਼ਨਰ, ਨੇ ਕਾਰ ਵਿਚੋਂ ਆਪਣਾ ਭੁੱਚਰ ਜਿਸਮ ਬਾਹਰ ਕੱਢਿਆ। ਉਹ ਸਵੇਰ ਤੋਂ ਸਫਰ ਕਰਦਾ ਰਿਹਾ ਸੀ, ਇਸ ਲਈ ਕੁਝ ਥੱਕਿਆ ਹੋਇਆ ਵੀ ਸੀ ਅਤੇ ਸਰੀਰ ਕੁਝ ਆਕੜਿਆ ਵੀ ਪਿਆ ਸੀ। ਉਸ ਦੇ ਹੇਠਲੇ ਬੁਲ੍ਹ ਤੇ ਬੈਠੀ ਸਿਗਰਟ ਨੇ ਧੂੰਏ ਦੀ ਇਕ ਬਾਰੀਕ ਲਕੀਰ ਉਹਦੀਆਂ ਅੱਖਾਂ ਵਿਚ ਪਾ ਦਿੱਤੀ। ਆਪਣੇ ਸੱਜੇ ਹੱਥ ਵਿਚ ਉਸਨੇ ਸਿਗਰਟ ਕੇਸ ਅਤੇ ਇਕ ਤੀਲਾਂ ਦੀ ਡੱਬੀ ਫੜੀ ਹੋਈ ਸੀ। ਮੜਕ ਨਾਲ ਚਲਦਾ ਹੋਇਆ ਉਹ ਛੋਟੇ ਥਾਣੇਦਾਰ ਕੋਲ ਪਹੁੰਚਿਆ ਅਤੇ ਉਸਨੂੰ ਮੋਢਿਆਂ ਤੇ ਦੋਸਤਾਨਾ ਥਾਪੜੀ ਦਿੱਤੀ। ਬਾਕੀ ਜਣੇ ਅਜੇ ਵੀ ਸਾਵਧਾਨ ਹੀ ਖੜ੍ਹੇ ਹੋਏ ਸਨ।

"ਆਓ, ਇੰਸਪੈਕਟਰ ਸਾਹਿਬ, ਅੰਦਰ ਆ ਜਾਓ," ਹੁਕਮ ਚੰਦ ਨੇ ਆਖਿਆ। ਉਸ ਨੇ ਇੰਸਪੈਕਟਰ ਦਾ ਸੱਜਾ ਹੱਥ ਫੜਿਆ ਅਤੇ ਕਮਰੇ ਵਿਚ ਲੈ ਆਇਆ। ਸੇ ਵਾਦਾਰ ਅਤੇ ਡਿਪਟੀ ਕਮਿਸ਼ਨਰ ਦਾ ਨਿਜੀ ਨੌਕਰ ਉਨ੍ਹਾਂ ਦੇ ਮਗਰ ਮਗਰ ਆ ਗਏ

। ਸਿਪਾਹੀਆਂ ਨੇ ਸਾਹਿਬ ਦੇ ਡਰਾਈਵਰ ਦੀ ਕਾਰ ਵਿਚੋਂ ਸਮਾਨ ਕੱਢਣ ਵਿਚ ਹੱਥ ਵਟਾਇਆ।

ਹੁਕਮ ਚੰਦ ਸਿੱਧਾ ਬਾਥਰੂਮ ਵਿਚ ਚਲਾ ਗਿਆ ਅਤੇ ਆਪਣੇ ਹੱਥ ਮੂੰਹ ਧੋ ਕੇ ਸਾਫ ਕੀਤੇ। ਚਿਹਰੇ ਨੂੰ ਤੌਲੀਏ ਨਾਲ ਪੂੰਝਦਾ ਹੋਇਆ ਹੀ ਉਹ ਬਾਹਰ ਆ ਗਿਆ। ਛੋਟਾ ਥਾਣੇਦਾਰ ਫਿਰ ਖੜਾ ਹੋ ਗਿਆ।

"ਬੈਠੋ, ਬੈਠ ਜਾਓ," ਹੁਕਮ ਚੰਦ ਨੇ ਹੁਕਮ ਦਿਤਾ।

ਉਨ੍ਹੇ ਤੌਲੀਆ ਬਿਸਤਰੇ ਤੇ ਚਲਾ ਮਾਰਿਆ ਅਤੇ ਆਰਾਮ-ਕੁਰਸੀ ਵਿਚ ਢਹਿ ਪਿਆ। ਪੱਖੇ ਨੇ ਕੰਧ ਵਿਚਲੀ ਮੋਰੀ ਵਿਚ ਘਿਸਰਦੀ ਰੱਸੀ ਦੀ ਖਰ੍ਹਵੀ ਜਿਹੀ ਆਵਾਜ਼ ਦੇ ਨਾਲ ਨਾਲ ਅਗੇ ਪਿਛੇ ਝੂਲਣਾ ਤੇ ਝੱਲ ਮਾਰਨਾ ਸ਼ੁਰੂ ਕਰ ਦਿਤਾ। ਇਕ ਅਰਦਲੀ ਨੇ ਮਜਿਸਟ੍ਰੇਟ ਦੇ ਬੂਟ ਖੋਲ੍ਹ ਦਿੱਤੇ, ਜਰਾਬਾਂ ਉਤਾਰ ਦਿਤੀਆਂ ਅਤੇ ਪੈਰਾਂ ਨੂੰ ਘੁੱਟਣਾ ਆਰੰਭ ਦਿੱਤਾ। ਹੁਕਮ ਚੰਦ ਨੇ ਆਪਣਾ ਸਿਗਰਟ ਕੇਸ ਖੋਲ੍ਹਿਆ ਅਤੇ ਸਬ ਇੰਸਪੈਕਟਰ ਨੂੰ ਪੇਸ਼ ਕੀਤਾ। ਥਾਣੇਦਾਰ ਨੇ ਮਜਿਸਟ੍ਰੇਟ ਦੀ ਸਿਗਰਟ ਨੂੰ ਤੀਲੀ ਦਿਖਾਈ ਅਤੇ ਫਿਰ ਆਪਣੀ ਸਿਗਰਟ ਵੀ ਸੁਲਗਾ ਲਈ। ਹੁਕਮ ਚੰਦ ਦੇ ਸਿਗਰਟ ਪੀਣ ਦੇ ਸਲੀਕੇ ਨੇ ਉਸਦਾ ਹੇਠਲੀ ਦਰਮਿਆਨੀ ਜਮਾਤ ਚੋਂ ਹੋਣਾ ਜ਼ਾਹਰ ਕਰ ਦਿਤਾ। ਉਸ ਨੇ ਸਿਗਰਟ ਨੂੰ ਆਪਣੀ ਮੁੱਠੀ ਵਿਚ ਘੁੱਟਿਆ ਅਤੇ ਮੁੱਠੀ ਨੂੰ ਮੂੰਹ ਨਾਲ ਚਿਪਕਾ ਲਿਆ ਅਤੇ ਜ਼ੋਰ ਜ਼ੋਰ ਦੀ ਆਵਾਜ਼ ਕਰਦਿਆਂ ਸਿਗਰਟ ਨੂੰ ਸੂਟੇ ਮਾਰੇ। ਉਹ ਉਂਗਲਾਂ ਦੀ ਚੁਟਕੀ ਵਜਾਉਂਦਿਆਂ ਸਿਗਰਟ ਦੀ ਰਾਖ ਨੂੰ ਝਾੜ ਦਿੰਦਾ ਸੀ। ਥਾਣੇਦਾਰ ਨੌਜਵਾਨ ਸੀ ਅਤੇ ਸਿਗਰਟ ਪੀਣ ਦਾ ਉਸਦਾ ਸਲੀਕਾ ਵਧੇਰੇ ਸੂਖਮ ਸੀ।

"ਹੂੰ, ਇੰਸਪੈਕਟਰ ਸਾਹਿਬ, ਕਿਵੇਂ ਚਲ ਰਹੀ ਹੈ?"

ਥਾਣੇਦਾਰ ਨੇ ਹੱਥ ਜੋੜਦਿਆਂ ਕਿਹਾ, "ਰੱਬ ਦੀ ਮਿਹਰ ਐ। ਬੱਸ ਤੁਹਾਡੀ ਕ੍ਰਿਪਾ ਦ੍ਰਿਸ਼ਟੀ ਚਾਹੀਦੀ ਹੈ।"

"ਇਸ ਇਲਾਕੇ ਵਿਚ ਤਾਂ ਕੋਈ ਫਿਰਕੂ ਗੜਬੜ ਨਹੀਂ?"

"ਹਾਲੇ ਤਾਂ ਅਸੀਂ ਇਸ ਤੋਂ ਬਚੇ ਹੋਏ ਹਾਂ, ਜਨਾਬ। ਪਾਕਿਸਤਾਨ ਤੋਂ ਸਿੱਖ ਅਤੇ ਹਿੰਦੂ ਸ਼ਰਨਾਰਥੀਆਂ ਦੇ ਕਾਫਲੇ ਇਥੋਂ ਲੰਘੇ ਹਨ ਅਤੇ ਇੰਜ ਹੀ ਕੁਝ ਮੁਸਲਮਾਨ ਵੀ ਗਏ ਹਨ। ਪਰ ਸਾਡੇ ਇਥੇ ਕੋਈ ਗੜਬੜ ਨਹੀਂ ਹੋਈ।"

"ਸਰਹੱਦ ਦੇ ਤੁਹਾਡੇ ਵਾਲੇ ਪਾਸੇ ਇਥੇ ਮਾਰੇ ਗਏ ਸਿੱਖਾਂ ਦੇ ਕਾਫਲੇ ਨਹੀਂ ਆਏ। ਉਹ ਅੰਮ੍ਰਿਤਸਰ ਵਿਚ ਆਉਂਦੇ ਰਹੇ ਹਨ। ਇਕ ਵੀ ਬੰਦਾ ਜਿਉਂਦਾ ਨਹੀਂ ਸੀ! ਉਥੇ ਕਤਲੋਗਾਰਤ ਹੁੰਦੀ ਰਹੀ ਹੈ।" ਹੁਕਮ ਚੰਦ ਨੇ ਆਪਣੇ ਦੋਵੇਂ ਹੱਥ ਉਪਰ ਚੁੱਕੇ ਅਤੇ ਲਾਚਾਰਗੀ ਦਰਸਾਉਂਦਿਆਂ ਆਪਣੇ ਪੱਟਾਂ ਉਤੇ ਜ਼ੋਰ ਨਾਲ ਮਾਰੇ। ਉਹਦੀ ਸਿਗਰਟ ਵਿਚੋਂ ਚੰਗਿਆੜੇ ਉੱਡੇ ਅਤੇ ਉਸ ਦੀ ਪੈਂਟ ਉਤੇ ਆ ਡਿੱਗੇ। ਛੋਟੇ ਥਾਣੇਦਾਰ ਨੇ ਖੁਸ਼ਾਮਦੀ ਫੁਰਤੀ ਨਾਲ ਹੱਥ ਮਾਰਕੇ ਉਨ੍ਹਾਂ ਨੂੰ ਝਾੜ ਦਿਤਾ।

"ਪਤੈ ਤੁਹਾਨੂੰ," ਮਜਿਸਟ੍ਰੇਟ ਬੋਲਦਾ ਗਿਆ, "ਸਿੱਖਾਂ ਨੇ ਇਸਦਾ ਜਵਾਬ ਦਿਤਾ, ਮੁਸਲਿਮ ਰੱਫਿਊਜੀਆਂ ਦੀ ਭਰੀ ਇਕ ਰੇਲ ਗੱਡੀ ਤੇ ਹਮਲਾ ਕਰਕੇ ਅਤੇ ਇਕ ਹਜ਼ਾਰ ਤੋਂ ਵਧ ਲਾਸ਼ਾਂ ਨਾਲ ਲੱਦੀ ਇਸ ਗੱਡੀ ਨੂੰ ਸਰਹੱਦ ਤੋਂ ਪਾਰ ਭੇਜਕੇ। ਉਨ੍ਹਾਂ ਨੇ ਇੰਜਣ ਉਤੇ ਲਿਖ ਕੇ ਘੱਲਿਆ 'ਤੋਹਫਾ ਪਾਕਿਸਤਾਨ ਲਈ!'"

ਛੋਟੇ ਥਾਣੇਦਾਰ ਨੇ ਵਿਚਾਰਵਾਨ ਮੁੱਦਰਾ ਵਿਚ ਇਸ ਨੂੰ ਤ੍ਰਿਸਕਾਰਦਿਆਂ ਜਵਾਬ ਦਿਤਾ: "ਉਹ ਕਹਿੰਦੇ ਹਨ ਕਿ ਦੂਜੇ ਪਾਸੇ ਹੋ ਰਹੇ ਕਤਲਾਂ ਨੂੰ ਰੋਕਣ ਦਾ ਇਹੋ ਇਕੋ ਇਕ ਤਰੀਕਾ ਹੈ: ਬੰਦੇ ਬਦਲੇ ਬੰਦਾ, ਔਰਤ ਬਦਲੇ ਔਰਤ, ਬੱਚੇ ਬਦਲੇ ਬੱਚਾ ਮਾਰਿਆ ਜਾਵੇ। ਪਰ ਅਸੀਂ ਹਿੰਦੂ ਇਸ ਤਰ੍ਹਾਂ ਦੇ ਨਹੀਂ ਹਾਂ। ਅਸੀਂ ਇਹ ਛੁਰੇਬਾਜ਼ੀ ਦੀ ਖੇਡ ਖੇਡ ਹੀ ਨਹੀਂ ਸਕਦੇ। ਜਦੋਂ ਖੁਲ੍ਹੀ ਲੜਾਈ ਹੋਵੇ, ਅਸੀਂ ਕਿਸੇ ਦੇ ਵੀ ਬਰਾਬਰ ਉਤਰ ਸਕਦੇ ਹਾਂ। ਮੈਂ ਜਾਣਦਾ ਹਾਂ ਕਿ ਸਾਡੇ ਆਰ.ਐਸ.ਐਸ. ਵਾਲੇ ਮੁੰਡਿਆਂ ਨੇ ਸਾਰੇ ਸ਼ਹਿਰਾਂ ਵਿਚ ਮੁਸਲਿਮ ਗੁੰਡਾ ਗਰੋਹਾਂ ਦੀ ਪਿੱਟਾਈ ਕੀਤੀ ਹੈ। ਸਿੱਖ ਆਪਣਾ ਬਣਦਾ ਹਿੱਸਾ ਨਹੀਂ ਨਿਭਾ ਰਹੇ।

ਇਥੇ ਅਸੀਂ ਸਰਹੱਦ ਦੇ ਇਸ ਪਾਸੇ ਸਿੱਖ ਪਿੰਡਾਂ ਵਿਚ ਮੁਸਲਮਾਨਾਂ ਨਾਲ ਮਿਲਕੇ ਇੰਜ ਰਹਿ ਰਹੇ ਹਾਂ ਜਿਵੇਂ ਕੁਝ ਵੀ ਵਾਪਰਿਆ ਨਾ ਹੋਵੇ। ਹਰ ਸਵੇਰੇ ਅਤੇ ਸ਼ਾਮੀਂ ਮੁੱਲਾਂ ਮਨੋ ਮਾਜਰਾ ਵਰਗੇ ਪਿੰਡ ਦੇ ਵਿਚਾਲੇ ਨਮਾਜ਼ ਪੜ੍ਹਨ ਲਈ ਬਾਂਗ ਦਿੰਦਾ ਹੈ। ਤੁਸੀਂ ਸਿੱਖਾਂ ਨੂੰ ਪੁੱਛੋ ਕਿ ਇਹ ਕਿਉਂ ਹੋਣ ਦਿੰਦੇ ਹੋ, ਤਾਂ ਅਗੋਂ ਕਹਿਣਗੇ ਕਿ ਮੁਸਲਮਾਨ ਸਾਡੇ ਭਰਾ ਹਨ। ਪੱਕੀ ਗੱਲ ਹੈ ਸਿੱਖਾਂ ਨੂੰ ਉਨ੍ਹਾਂ ਤੋਂ ਜ਼ਰੂਰ ਪੈਸੇ ਮਿਲਦੇ ਹੋਣਗੇ।"

ਹੁਕਮ ਚੰਦ ਨੇ ਆਪਣੇ ਵਾਲਾਂ ਵਿਚ ਨੂੰ ਪਿਛੇ ਹਟ ਰਹੇ ਮੱਥੇ ਨੂੰ ਉਂਗਲਾਂ ਨਾਲ ਠਕੋਰਿਆ।

"ਇਸ ਇਲਾਕੇ ਵਿਚ ਕੋਈ ਰੱਜੇ-ਪੁੱਜੇ ਮੁਸਲਮਾਨ ਹੈਣ?"

"ਖਾਸ ਨਹੀਂ ਜਨਾਬ। ਉਨ੍ਹਾਂ ਚੋਂ ਜ਼ਿਆਦਾਤਰ ਜੁਲਾਹੇ ਜਾਂ ਘੁਮਿਆਰ ਹਨ।"

"ਪਰ ਚੰਦਨ ਨਗਰ ਨੂੰ ਚੰਗਾ ਪੁਲਿਸ ਸਟੇਸ਼ਨ ਕਿਹਾ ਜਾਂਦੈ। ਕਿੰਨੇ ਹੀ ਕਤਲ ਹੁੰਦੇ ਹਨ, ਨਜਾਇਜ਼ ਸ਼ਰਾਬ ਨਿਕਲਦੀ ਹੈ ਇਥੇ ਅਤੇ ਸਿੱਖ ਕਿਸਾਨ ਖੁਸ਼ਹਾਲ ਹਨ ਇਥੇ। ਤੁਹਾਡੇ ਤੋਂ ਪਹਿਲਿਆਂ ਨੇ ਸ਼ਹਿਰ ਵਿਚ ਆਲੀਸ਼ਾਨ ਕੋਠੀਆਂ ਪਾ ਲਈਆਂ ਹਨ।"

"ਆਲੀ ਜਨਾਬ ਮੇਰਾ ਮੌਜੂ ਬਣਾ ਰਹੇ ਹੋ।"

"ਮੈਨੂੰ ਕੋਈ ਇਤਰਾਜ਼ ਨਹੀਂ ਕਿ ਤੁਸੀਂ ਕੁਝ ਨਾ ਕੁਝ ਲੈਂਦੇ ਹੋ, ਪਰ ਹਾਂ, ਸਮਝਦਾਰੀ ਨਾਲ — ਹਰ ਕੋਈ ਇਹੋ ਕੁਝ ਕਰਦਾ ਹੈ — ਕੇਵਲ ਹੁਸ਼ਿਆਰ ਰਹੋ। ਇਹ ਨਵੀਂ ਸਰਕਾਰ ਇਹ ਸਭ ਕੁਝ ਹੂੰਝ ਸੁੱਟਣ ਦੀਆਂ ਬੁਲੰਦ ਗੱਲਾਂ ਕਰ ਰਹੀ ਹੈ। ਪਰ ਕੁਝ ਮਹੀਨਿਆਂ ਮਗਰੋਂ ਹੀ ਇਸ ਦਾ ਜੋਸ਼ ਠੰਡਾ ਪੈ ਜਾਵੇਗਾ ਅਤੇ ਸਭ ਕੁਝ

ਪਹਿਲਾਂ ਵਾਂਗ ਹੀ ਚਲਣ ਲੱਗ ਪਵੇਗਾ। ਰਾਤੋਰਾਤ ਚੀਜ਼ਾਂ ਬਦਲ ਦੇਣ ਦੀ ਕੋਸ਼ਸ਼ ਕਰਨਾ ਫਜ਼ੂਲ ਹੈ।"

"ਉਨ੍ਹਾਂ ਦੀ ਤਾਂ ਗੱਲ ਹੀ ਕੀ ਕਰਨੀ ਹੈ। ਦਿੱਲੀ ਤੋਂ ਆਉਂਦੇ ਕਿਸੇ ਨੂੰ ਵੀ ਪੁਛ ਲਓ, ਉਹ ਤੁਹਾਨੂੰ ਦੱਸ ਦੇਵੇਗਾ ਕਿ ਕਿਵੇਂ ਇਹ ਸਾਰੇ ਗਾਂਧੀ ਦੇ ਚੇਲੇ ਪੈਸੇ ਬਣਾ ਰਹੇ ਹਨ। ਉਹ ਏਨੇ ਹੀ ਵਧੀਆ ਸੰਤ ਹਨ ਜਿੰਨੇ ਕਿ ਬਗਲੇ। ਉਹ ਬੜੀ ਮਾਸੂਮੀਅਤ ਨਾਲ ਅੱਖਾਂ ਮੀਚ ਲੈਂਦੇ ਹਨ ਅਤੇ ਇਕ ਲੱਤ ਤੇ ਖੜ੍ਹ ਜਾਂਦੇ ਹਨ ਜਿਵੇਂ ਕੋਈ ਯੋਗੀ ਤਪੱਸਿਆ ਕਰ ਰਿਹਾ ਹੋਵੇ; ਜਿਉਂ ਹੀ ਕੋਈ ਮੱਛੀ ਨੇੜੇ ਆਉਂਦੀ ਹੈ — ਹੜੱਪ।"

ਹੁਕਮ ਚੰਦ ਨੇ ਆਪਣੇ ਪੈਰ ਦਬਾ ਰਹੇ ਨੌਕਰ ਨੂੰ ਕੁਝ ਬੀਅਰ ਲੈ ਕੇ ਆਉਣ ਦੀ ਆਗਿਆ ਦਿਤੀ। ਹੁਣ ਜਦੋਂ ਉਹ ਇਕੱਲੇ ਰਹਿ ਗਏ ਸਨ, ਤਾਂ ਹੁਕਮ ਚੰਦ ਨੇ ਥਾਣੇਦਾਰ ਦੇ ਗੋਡੇ ਤੇ ਆਪਣਾ ਦੋਸਤਾਨਾ ਹੱਥ ਰੱਖਿਆ।

"ਤੁਸੀਂ ਬੱਚਿਆਂ ਵਾਂਗ ਅੰਨ੍ਹੇਵਾਹ ਗੱਲ ਕਰਦੇ ਹੋ। ਕਿਸੇ ਦਿਨ ਮੁਸ਼ਕਲ ਵਿਚ ਫਸ ਜਾਓਗੇ। ਅਸੂਲ ਤੁਹਾਡਾ ਇਹ ਹੋਣਾ ਚਾਹੀਦੈ ਕਿ ਦੇਖੋ ਸਭ ਕੁਝ ਪਰ ਬੋਲੋ ਕੁਝ ਨਾ। ਦੁਨੀਆਂ ਏਨੀ ਤੇਜ਼ੀ ਨਾਲ ਬਦਲ ਰਹੀ ਹੈ ਕਿ ਜੇ ਤੁਸੀਂ ਚਲਦੇ ਰਹਿਣਾ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਵੀ ਬੰਦੇ ਜਾਂ ਨੁਕਤਾ ਨਜ਼ਰ ਨਾਲ ਜੁੜਨਾ ਸਹੇੜ ਨਹੀਂ ਸਕਦੇ। ਜੇ ਤੁਸੀਂ ਕਿਸੇ ਗੱਲ ਬਾਰੇ ਪ੍ਰਬਲਤਾ ਨਾਲ ਵੀ ਮਹਿਸੂਸ ਕਰਦੇ ਹੋ, ਤਾਂ ਵੀ ਆਪਣਾ ਮੂੰਹ ਬੰਦ ਰੱਖਣਾ ਸਿਖ ਲਓ।"

ਛੋਟੇ ਥਾਣੇਦਾਰ ਦਾ ਦਿਲ ਸ਼ੁਕਰਾਨੇ ਨਾਲ ਨਿਘਾ ਹੋ ਗਿਆ। ਉਹ ਹੋਰ ਲਾਪ੍ਰਵਾਹ ਨੁਕਤਾਚੀਨੀ ਨਾਲ ਉਕਸਾਕੇ ਵਧੇਰੇ ਸਰਪ੍ਰਸਤ ਉਪਦੇਸ਼ ਪ੍ਰਾਪਤ ਕਰਨਾ ਚਾਹੁੰਦਾ ਸੀ।

"ਪਰ ਜਨਾਬ, ਕਈ ਵਾਰ ਬੰਦਾ ਆਪਣੇ ਆਪ ਨੂੰ ਰੋਕ ਹੀ ਨਹੀਂ ਸਕਦਾ। ਇਹ ਗਾਂਧੀ ਟੋਪੀਆਂ ਦਿੱਲੀ ਵਿਚ ਬੈਠੀਆਂ ਪੰਜਾਬ ਬਾਰੇ ਕੀ ਜਾਣਦੀਆਂ ਹਨ। ਸਰਹੱਦ ਪਾਰ ਪਾਕਿਸਤਾਨ ਵਿਚ ਕੀ ਵਾਪਰ ਰਿਹਾ ਹੈ, ਉਨ੍ਹਾਂ ਲਈ ਕੋਈ ਮਤਲਬ ਨਹੀਂ ਰੱਖਦਾ। ਉਨ੍ਹਾਂ ਕਿਹੜੇ ਆਪਣੇ ਘਰ ਗੁਆਏ ਹਨ ਜਾਂ ਮਾਲ-ਮੱਤਾ ਲੁੱਟਿਆ ਗਿਆ ਹੈ; ਨਾ ਉਨ੍ਹਾਂ ਦੀਆਂ ਮਾਵਾਂ, ਪਤਨੀਆਂ, ਭੈਣਾਂ ਅਤੇ ਧੀਆਂ ਗਲੀਆਂ ਵਿਚ ਇੱਜ਼ਤ ਲੁੱਟਕੇ ਮਾਰੀਆਂ ਗਈਆਂ ਹਨ। ਕੀ ਤੁਹਾਡੀ ਅਣਖ ਸੁਣ ਸਕਦੀ ਹੈ ਕਿ ਸ਼ੇਖੂਪੁਰਾ ਅਤੇ ਗੁਜਰਾਂਵਾਲਾ ਦੇ ਬਾਜ਼ਾਰਾਂ ਵਿਚ ਮੁਸਲਿਮ ਟੋਲਿਆਂ ਨੇ ਹਿੰਦੂ ਅਤੇ ਸਿੱਖ ਰਫਿਊਜੀਆਂ ਨਾਲ ਕੀ ਕੀਤਾ? ਪਾਕਿਸਤਾਨੀ ਪੁਲਿਸ ਅਤੇ ਫੌਜ ਨੇ ਆਪ ਕਤਲੋਗਾਰਤ ਵਿਚ ਹਿੱਸਾ ਲਿਆ। ਇਕ ਵੀ ਜੀ ਜੀਂਦਾ ਨਹੀਂ ਛੱਡਿਆ। ਔਰਤਾਂ ਨੇ ਆਪਣੇ ਬੱਚੇ ਆਪ ਮਾਰ ਦਿੱਤੇ ਅਤੇ ਖੂਹਾਂ ਵਿਚ ਛਾਲ ਮਾਰ ਗਈਆਂ ਤੇ ਉਹ ਖੂਹ ਲਾਸ਼ਾਂ ਨਾਲ ਨੱਕੋ-ਨੱਕ ਭਰ ਗਏ।"

"ਹਰੇ ਰਾਮ, ਹਰੇ ਰਾਮ," ਹੁਕਮ ਚੰਦ ਨੇ ਡੂੰਘੇ ਸਾਹ ਨਾਲ ਹੁੰਗਾਰਾ ਭਰਿਆ। "ਸਭ ਜਾਣਦਾਂ ਹਾਂ ਮੈਂ। ਸਾਡੀਆਂ ਹਿੰਦੂ ਔਰਤਾਂ ਇਸ ਤਰ੍ਹਾਂ ਦੀਆਂ ਹੀ ਹਨ; ਕਿਸੇ

ਓਪਰੇ ਨੂੰ ਹੱਥ ਲਾਉਣ ਦੇਣ ਤੋਂ ਪਹਿਲਾਂ ਉਹ ਜਾਨ ਦੇ ਦੇਣਗੀਆਂ। ਅਸੀਂ ਹਿੰਦੂ ਕਦੇ ਵੀ ਔਰਤਾਂ ਤੇ ਹੱਥ ਨਹੀਂ ਚੁੱਕਦੇ, ਪਰ ਇਨ੍ਹਾਂ ਮੁਸਲਮਾਨਾਂ ਵਿਚ ਇਸਤਰੀਆਂ ਦਾ ਕੋਈ ਸਤਿਕਾਰ ਨਹੀਂ। ਪਰ ਅਸੀਂ ਇਸ ਬਾਰੇ ਕੀ ਕਰਨਾ ਹੈ? ਇਥੇ ਸ਼ੁਰੂ ਹੋਣ ਨੂੰ ਹਾਲੇ ਕਿੰਨਾ ਸਮਾਂ ਲੱਗੇਗਾ?"

"ਮੈਂ ਆਸ ਕਰਦਾਂ ਕਿ ਮਨੋ ਮਾਜਰਾ ਵਿਚੋਂ ਅਜਿਹੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਨਹੀਂ ਲੰਘਣਗੀਆਂ। ਜਵਾਬੀ ਕਾਰਵਾਈ ਨੂੰ ਰੋਕਣਾ ਅਸੰਭਵ ਹੋਵੇਗਾ। ਸਾਡੇ ਆਸੇ ਪਾਸੇ ਸੈਂਕੜੇ ਛੋਟੇ ਛੋਟੇ ਮੁਸਲਿਮ ਪਿੰਡ ਹਨ ਅਤੇ ਕੁਝ ਮਨੋ ਮਾਜਰਾ ਵਰਗੇ ਹਰ ਸਿੱਖ ਪਿੰਡ ਵਿਚ ਕਈ ਮੁਸਲਿਮ ਪਰਿਵਾਰ ਰਹਿੰਦੇ ਹਨ," ਛੋਟੇ ਥਾਣੇਦਾਰ ਨੇ ਸਪਸ਼ਟ ਇਸ਼ਾਰਾ ਕਰਦਿਆਂ ਕਿਹਾ।

ਹੁਕਮ ਚੰਦ ਨੇ ਆਪਣੀ ਸਿਗਰਟ ਨੂੰ ਜ਼ੋਰਦਾਰ ਸੂਟੇ ਮਾਰੇ ਅਤੇ ਰਾਖ ਝਾੜਨ ਲਈ ਤੇਜ਼ ਚੁਟਕੀ ਮਾਰੀ।

"ਸਾਨੂੰ ਲਾਜ਼ਮੀ ਅਮਨ ਕਾਨੂੰਨ ਕਾਇਮ ਰੱਖਣਾ ਚਾਹੀਦੈ," ਉਨ੍ਹੇ ਕੁਝ ਦੇ ਰ ਰੁਕ ਕੇ ਜਵਾਬ ਦਿੱਤਾ, "ਜੇ ਸੰਭਵ ਹੋਵੇ ਤਾਂ ਮੁਸਲਮਾਨਾਂ ਨੂੰ ਅਮਨ-ਅਮਾਨ ਨਾਲ ਭਿਜਵਾ ਦਿਓ। ਖੂਨ-ਖਰਾਬੇ ਨਾਲ ਕਿਸੇ ਦਾ ਕੋਈ ਫਾਇਦਾ ਨਹੀਂ ਹੁੰਦਾ। ਬਦਮਾਸ਼ ਤੱਤ ਹੀ ਸਾਰਾ ਕੁਝ ਲੁੱਟ ਲਿਜਾਣਗੇ ਅਤੇ ਸਰਕਾਰ ਸਾਰੇ ਕਤਲਾਂ ਦੀ ਜ਼ਿੰਮੇਵਾਰੀ ਸਾਡੇ ਸਿਰ ਥੱਪ ਦੇਵੇਗੀ। ਨਹੀਂ, ਇੰਸਪੈਕਟਰ ਸਾਹਿਬ, ਵਿਚਾਰ ਸਾਡੇ ਜੋ ਮਰਜ਼ੀ ਹੋਣ - ਅਤੇ ਕੇਵਲ ਰੱਬ ਜਾਣਦੈ ਕਿ ਜੇ ਮੈਂ ਸਰਕਾਰੀ ਅਫਸਰ ਨਾ ਹੁੰਦਾ, ਤਾਂ ਇਨ੍ਹਾਂ ਮੁਸਲਮਾਨਾਂ ਦਾ ਕੀ ਹਸ਼ਰ ਕਰਦਾ — ਪਰ ਸਾਨੂੰ ਨਾ ਤਾਂ ਇਥੇ ਕੋਈ ਜਾਨ ਦਾ ਨੁਕਸਾਨ ਹੋਣ ਦੇਣਾ ਚਾਹੀਦੈ ਅਤੇ ਨਾ ਹੀ ਮਾਲ ਦਾ। ਉਨ੍ਹਾਂ ਨੂੰ ਜਾਣ ਦਿਓ, ਪਰ ਹੁਸ਼ਿਆਰ ਰਹੋ ਕਿ ਉਹ ਆਪਣੇ ਨਾਲ ਬਹੁਤਾ ਕੁਝ ਨਾ ਲਿਜਾ ਸਕਣ। ਹਿੰਦੂਆਂ ਨੂੰ ਪਾਕਿਸਤਾਨ ਛੱਡ ਕੇ ਆਉਣ ਤੋਂ ਪਹਿਲਾਂ ਉਨ੍ਹਾਂ ਕੋਲੋਂ ਸਭ ਕੁਝ ਖੋਹ ਲਿਆ ਗਿਆ ਸੀ। ਪਾਕਿਸਤਾਨੀ ਮਜਿਸਟ੍ਰੇਟ ਰਾਤੋ-ਰਾਤ ਕਰੋੜਪਤੀ ਬਣ ਗਏ ਹਨ। ਸਾਡੇ ਵਾਲੇ ਪਾਸੇ ਵੀ ਕੁਝ ਏਨੇ ਬੁਰੇ ਨਹੀਂ ਰਹੇ। ਕੇਵਲ ਉਨ੍ਹਾਂ ਹੀ ਥਾਵਾਂ ਤੇ ਜਿਥੇ ਕਤਲ ਹੋਏ ਜਾਂ ਸਾੜਫੂਕ ਹੋਈ ਸਰਕਾਰ ਨੇ ਅਫਸਰਾਂ ਨੂੰ ਮੁਅਤਲ ਕੀਤਾ ਜਾਂ ਬਦਲੀ ਕਰ ਦਿਤੀ। ਕੋਈ ਮਾਰੋ-ਮਾਰੀ ਨਹੀਂ ਹੋਣੀ ਚਾਹੀਦੀ। ਬਸ ਉਨ੍ਹਾਂ ਨੂੰ ਪੁਰਅਮਨ ਦੇਸ਼-ਨਿਕਾਲਾ ਹੋਣਾ ਚਾਹੀਦੈ।"

ਸੇਵਾਦਾਰ ਬੀਅਰ ਦੀ ਬੋਤਲ ਲਿਆਇਆ ਅਤੇ ਦੋ ਗਲਾਸ ਹੁਕਮ ਚੰਦ ਅਤੇ ਛੋਟੇ ਥਾਣੇਦਾਰ ਦੇ ਮੂਹਰੇ ਰੱਖ ਦਿੱਤੇ। ਥਾਣੇਦਾਰ ਨੇ ਆਪਣਾ ਗਲਾਸ ਚੁੱਕ ਲਿਆ, ਇਸ ਉਤੇ ਆਪਣਾ ਹੱਥ ਰੱਖ ਦਿੱਤਾ ਅਤੇ ਰੋਸ ਦਰਸਾਉਂਦਿਆਂ ਕਿਹਾ, "ਨਹੀਂ, ਜਨਾਬ, ਮੈਂ ਤੁਹਾਡੇ ਸਾਹਮਣੇ ਪੀਣ ਦੀ ਗੁਸਤਾਖੀ ਨਹੀਂ ਕਰ ਸਕਦਾ।"

ਮਜਿਸਟ੍ਰੇਟ ਨੇ ਇਸ ਰੋਸ ਨੂੰ ਦੋ-ਟੁੱਕ ਰੱਦ ਕਰ ਦਿੱਤਾ। "ਤੁਹਾਨੂੰ ਮੇਰਾ ਸਾਥ ਦੇਣਾ ਹੀ ਪਵੇਗਾ। ਇਹ ਹੁਕਮ ਹੈ ਮੇਰਾ। ਸੇਵਾਦਾਰ, ਇੰਸਪੈਕਟਰ ਸਾਹਿਬ ਦਾ

ਗਲਾਸ ਭਰ ਦਿਓ ਅਤੇ ਉਨ੍ਹਾਂ ਦਾ ਖਾਣਾ ਵੀ ਲਾ ਦਿਓ।"

ਛੋਟੇ ਥਾਣੇਦਾਰ ਨੇ ਆਪਣਾ ਗਲਾਸ ਸੇਵਾਦਾਰ ਅਗੇ ਕਰਕੇ ਭਰਵਾ ਲਿਆ ਅਤੇ ਕਿਹਾ, "ਜੇ ਤੁਸੀਂ ਹੁਕਮ ਹੀ ਦਿੰਦੇ ਹੋ ਤਾਂ ਮੈਂ ਕਿਵੇਂ ਅਦੂਲੀ ਕਰ ਸਕਦਾਂ?" ਉਹ ਫੈਲਾ ਪੈਣ ਲੱਗਿਆ। ਪੱਗ ਉਨ੍ਹੇ ਆਪਣੀ ਲਾਹਕੇ ਮੇਜ਼ ਤੇ ਰੱਖ ਦਿਤੀ। ਇਹ ਸਿੱਖਾਂ ਦੀ ਪੱਗ ਵਰਗੀ ਨਹੀਂ ਸੀ, ਜਦੋਂ ਵੀ ਲਾਹੋ ਤਾਂ ਹਰ ਵਾਰ ਨਵੇਂ ਸਿਰਿਓਂ ਬੰਨ੍ਹਣੀ ਪੈ ਜਾਵੇ; ਇਹ ਤਾਂ ਕੇਵਲ ਮਾਵਾ ਲਾਈ ਹੋਈ ਖਾਕੀ ਤਿੰਨ ਗਜ਼ ਮਲਮਲ ਹੀ ਸੀ ਜਿਹੜੀ ਕੁੱਲੇ ਦੁਆਲੇ ਲਪੇਟਕੇ ਸਿਰ ਉਤੇ ਇੰਜ ਰੱਖੀ ਅਤੇ ਲਾਹੀ ਜਾ ਸਕਦੀ ਸੀ ਜਿਵੇਂ ਪੱਗ ਨਾ ਹੋਵੇ ਸਗੋਂ ਕੋਈ ਟੋਪ ਹੀ ਹੋਵੇ।

"ਮਨੋ ਮਾਜਰਾ ਦੇ ਹਾਲਾਤ ਕੀ ਹਨ?"

"ਹਾਲੇ ਤਕ ਤਾਂ ਸਭੋ ਖੈਰ ਹੈ। ਲੰਬੜਦਾਰ ਬਾਕਾਇਦਾ ਰਿਪੋਰਟ ਕਰਦਾ ਰਹਿੰਦੈ। ਪਿੰਡ ਵਿਚੋਂ ਹਾਲੇ ਤਕ ਤਾਂ ਕੋਈ ਰਫਿਊਜੀ ਨਹੀਂ ਲੰਘੇ। ਮੈਨੂੰ ਤਾਂ ਇਹ ਵੀ ਯਕੀਨ ਹੈ ਕਿ ਮਨੋ ਮਾਜਰਾ ਵਿਚ ਕਿਸੇ ਨੂੰ ਵੀ ਨਹੀਂ ਪਤਾ ਕਿ ਅੰਗਰੇਜ਼ ਚਲੇ ਗਏ ਹਨ ਅਤੇ ਦੇਸ਼ ਨੂੰ ਪਾਕਿਸਤਾਨ ਅਤੇ ਹਿੰਦੁਸਤਾਨ ਵਿਚ ਤਕਸੀਮ ਕਰ ਦਿਤਾ ਗਿਆ ਹੈ। ਕੁਝ ਲੋਕ ਗਾਂਧੀ ਨੂੰ ਜਾਣਦੇ ਹਨ, ਪਰ ਮੈਨੂੰ ਸ਼ੱਕ ਹੈ ਕਿਸੇ ਨੇ ਕਦੇ ਵੀ ਜਿਨਾਹ ਬਾਰੇ ਸੁਣਿਆ ਹੋਵੇਗਾ।"

"ਬਹੁਤ ਖੂਬ! ਮਨੋ ਮਾਜਰਾ ਤੇ ਲਾਜ਼ਮੀ ਅੱਖ ਰੱਖਣਾ। ਸਰਹੱਦੀ ਇਲਾਕੇ ਵਿਚ ਇਹ ਇਧਰਲੇ ਪਾਸੇ ਸਭ ਤੋਂ ਅਹਿਮ ਪਿੰਡ ਹੈ। ਪੁਲ ਦੇ ਤਾਂ ਨਾਲ ਹੀ ਲਗਦੈ। ਪਿੰਡ ਵਿਚ ਕੋਈ ਬਦਮਾਸ਼ ਵੀ ਹਨ?"

"ਸਿਰਫ ਇਕ' ਹੈ ਜਨਾਬ। ਨਾਂ ਉਹਦਾ ਜੱਗਾ ਹੈ। ਜਨਾਬ ਨੇ ਹੀ ਤਾਂ ਉਸ ਨੂੰ ਪਿੰਡ ਵਿਚ ਜੂਹਬੰਦ ਕੀਤਾ ਸੀ। ਉਹ ਹਰ ਰੋਜ਼ ਲੰਬੜਦਾਰ ਨੂੰ ਰਿਪੋਰਟ ਕਰਦੈ ਅਤੇ ਹਰ ਹਫਤੇ ਥਾਣੇ ਵਿਚ ਹਾਜ਼ਰੀ ਦਿੰਦੈ।"

"ਜੱਗਾ? ਕੌਣ ਹੈ ਉਹ?"

"ਤੁਹਾਨੂੰ ਜ਼ਰੂਰ ਚੇਤੇ ਹੋਣੈ ਜਗਤ ਸਿੰਘ ਵਲਦ ਡਾਕੂ ਆਲਮ ਸਿੰਘ ਜਿਸਨੂੰ ਦੋ ਸਾਲ ਪਹਿਲਾਂ ਹੀ ਫਾਂਸੀ ਤੇ ਲਟਕਾਇਆ ਗਿਆ ਸੀ। ਉਹੋ ਲੰਮਾ ਲੰਝਾ ਆਦਮੀ ਹੈ ਉਹ। ਸਭ ਤੋਂ ਲੰਮਾ ਕੱਦ ਹੈ ਉਹਦਾ ਇਸ ਇਲਾਕੇ ਵਿਚ। ਲਾਜ਼ਮੀ ਉਹ ਛੇ ਫੁੱਟ ਚਾਰ ਇੰਚ ਲੰਮਾ ਹੋਵੇਗਾ ਅਤੇ ਚੌੜੀ ਛਾਤੀ ਅਤੇ ਕਾਠੀ ਵਾਲਾ। ਪੂਰਾ ਸਾਨ੍ਹ ਹੈ ਉਹ ਤਾਂ!"

"ਓਹ! ਹਾਂ, ਚੇਤੇ ਹੈ ਮੈਨੂੰ। ਬਦਮਾਸ਼ੀ ਤੋਂ ਬਚਣ ਲਈ ਕੀ ਕਰਦਾ ਹੈ ਉਹ? ਉਹ ਇਕ ਜਾਂ ਦੂਜੇ ਕੇਸ ਵਿਚ ਹਰ ਮਹੀਨੇ ਮੇਰੇ ਸਾਹਮਣੇ ਪੇਸ਼ ਹੋਇਆ ਕਰਦਾ ਸੀ।"

ਛੋਟਾ ਥਾਣੇਦਾਰ ਖੁਲ੍ਹਕੇ ਮੁਸਕਰਾਇਆ। "ਜੋ ਪੰਜਾਬ ਦੀ ਪੁਲਿਸ ਵੀ ਕਰ ਨਹੀਂ ਸਕੀ, ਉਹ ਜਾਦੂ ਸੋਲਾਂ ਸਾਲਾਂ ਦੀ ਇਕ ਕੁੜੀ ਦੀਆਂ ਅੱਖਾਂ ਨੇ ਕਰ ਦਿਤੈ।"

ਹੁਕਮ ਚੰਦ ਦੀ ਉਤਸੁੱਕਤਾ ਜਾਗ ਪਈ।

"ਉਹਦਾ ਕੋਈ ਯਾਰਾਨਾ ਚੱਲ ਰਿਹੈ?"

"ਮੁਸਲਮਾਨ ਜੁਲਾਹੇ ਦੀ ਕੁੜੀ ਨਾਲ। ਹੈ ਤਾਂ ਉਹ ਸਾਂਵਲੀ ਪਰ ਉਹਦੀਆਂ ਅੱਖਾਂ ਹੋਰ ਵੀ ਕਾਲੀਆਂ ਹਨ। ਉਹ ਜੱਗੇ ਨੂੰ ਜ਼ਰੂਰ ਪਿੰਡ ਵਿਚ ਹੀ ਬੰਨ੍ਹੀ ਰੱਖਦੀ ਹੈ। ਅਤੇ ਕਿਸੇ ਦੀ ਵੀ ਜੁਅਰਤ ਨਹੀਂ ਕਿ ਕੋਈ ਮੁਸਲਮਾਨਾਂ ਦੇ ਵਿਰੁਧ ਇਕ ਵੀ ਲਫ਼ਜ਼ ਬੋਲ ਸਕੇ। ਕੁੜੀ ਦਾ ਪਿਉ ਲਗਭਗ ਅੰਨ੍ਹਾ ਮਸੀਤ ਦਾ ਮੁੱਲਾਂ ਹੈ।"

ਦੋਹਾਂ ਨੇ ਬੀਅਰ ਵੀ ਪੀਤੀ ਅਤੇ ਸਿਗਰਟਾਂ ਵੀ ਫੂਕੀਆਂ। ਉਦੋਂ ਤਕ ਜਦੋਂ ਕਿ ਸੇਵਾਦਾਰ ਖਾਣਾ ਨਾ ਲੈ ਆਇਆ। ਉਹ ਬਾਅਦ ਦੁਪਹਿਰ ਦੇਰ ਤਕ ਪੀਂਦੇ ਅਤੇ ਖਾਂਦੇ ਰਹੇ ਅਤੇ ਜ਼ਿਲੇ ਦੀ ਹਾਲਤ ਉਤੇ ਤਬਸਰਾ ਕਰਦੇ ਰਹੇ। ਬੀਅਰ ਅਤੇ ਭਰਪੂਰ ਖਾਣੇ ਨੇ ਹੁਕਮ ਚੰਦ ਉਤੇ ਨੀਂਦ ਤਾਰੀ ਕਰ ਦਿੱਤੀ। ਤਿੱਖੜ ਦੁਪਹਿਰ ਦੀ ਧੁੱਪ ਦੀ ਚਮਕ ਨੂੰ ਰੋਕਣ ਲਈ ਵਰਾਂਡੇ ਦੀਆਂ ਚਿਕਾਂ ਖੋਹਲ ਦਿਤੀਆਂ ਗਈਆਂ। ਥੱਕੀ ਥੱਕੀ ਚੀਕੂੰ ਚੀਕੂੰ ਨਾਲ ਪੱਖੇ ਦੀ ਝਾਲਰ ਅਗੇ ਪਿਛੇ ਝੂਲਦੀ ਰਹੀ। ਸੁਸਤਾਊ ਊਂਘ ਦਾ ਅਹਿਸਾਸ ਹੁਕਮ ਚੰਦ ਤੇ ਛਾ ਗਿਆ। ਉਸ ਨੇ ਆਪਣੀ ਚਾਂਦੀ ਦੀ ਦੰਦ-ਕਰੋਲਣੀ ਕੱਢੀ, ਦੰਦਾਂ ਨੂੰ ਕਰੋਲਿਆ ਅਤੇ ਮੇਜ਼ਪੋਸ਼ ਨਾਲ ਘਸਾਕੇ ਸਾਫ ਕਰ ਲਿਆ। ਇਸ ਨਾਲ ਵੀ ਉਹਦੀ ਨੀਂਦ ਟਲੀ ਨਹੀਂ। ਥਾਣੇਦਾਰ ਨੇ ਮਜਿਸਟ੍ਰੇਟ ਨੂੰ ਊਂਘਦਿਆਂ ਵੇਖਿਆ ਅਤੇ ਜਾਣ ਦੀ ਆਗਿਆ ਲੈਣ ਲਈ ਉਠ ਖੜੋਇਆ।

"ਜਾਣ ਦੀ ਇਜਾਜ਼ਤ ਹੈ, ਜਨਾਬ?"

"ਆਰਾਮ ਕਰਨਾ ਹੈ ਤਾਂ ਇਥੇ ਹੀ ਮੰਜਾ ਦੇਖ ਲਓ।"

"ਜਨਾਬ ਦੀ ਬਹੁਤ ਮਿਹਰਬਾਨੀ, ਪਰ ਮੈਨੂੰ ਕੁਝ ਕੰਮ ਨੇ ਸਟੇਸ਼ਨ ਤੇ। ਦੋ ਸਿਪਾਹੀ ਮੈਂ ਇਥੇ ਛੱਡ ਜਾਵਾਂਗਾ। ਜੇ ਜਨਾਬ ਆਲੀ ਨੂੰ ਮੇਰੀ ਲੋੜ ਹੋਈ ਤਾਂ ਉਹ ਮੈਨੂੰ ਇਤਲਾਹ ਕਰ ਦੇਣਗੇ।"

"ਇਉਂ ਹੀ ਸਹੀ," ਮਜਿਸਟ੍ਰੇਟ ਨੇ ਝਿਜਕਦਿਆਂ ਪੁਛਿਆ, "ਰਾਤ ਦਾ ਕੋਈ ਪ੍ਰਬੰਧ ਕਰ ਲਿਐ?"

"ਕਿਵੇਂ ਹੋ ਸਕਦੈ ਕਿ ਮੈਂ ਇਸਨੂੰ ਅਣਡਿੱਠ ਕਰ ਦੇਵਾਂ? ਜੇ ਉਸਨੇ ਤੁਹਾਨੂੰ ਖ਼ੁਸ਼ ਨਾ ਕੀਤਾ, ਤੁਸੀਂ ਬੇਸ਼ਕ ਮੈਨੂੰ ਨੌਕਰੀ ਤੋਂ ਡਿਸਮਿਸ ਕਰ ਦੇਣਾ। ਮੈਂ ਡਰਾਈਵਰ ਨੂੰ ਦੱਸ ਦੇਵਾਂਗਾ ਕਿ ਕਿਥੇ ਜਾਣਾ ਅਤੇ ਉਸਨੂੰ ਲਿਆਣਾ ਹੈ।"

ਛੋਟੇ ਥਾਣੇਦਾਰ ਨੇ ਸਲੂਟ ਮਾਰਿਆ ਅਤੇ ਚਲਾ ਗਿਆ। ਮਜਿਸਟ੍ਰੇਟ ਸਾਹਿਬ ਨੇ ਤੀਜੇ ਪਹਿਰ ਦੀ ਝਪਕੀ ਲਾਉਣ ਲਈ ਬਿਸਤਰ ਤੇ ਆਪਣੀਆਂ ਲੱਤਾਂ ਪਸਾਰ ਲਈਆਂ।

ਬੰਗਲੇ ਵਿਚੋਂ ਕਾਰ ਬਾਹਰ ਨਿਕਲੀ ਤਾਂ ਉਸਦੀ ਆਵਾਜ਼ ਨੇ ਹੁਕਮ ਚੰਦ ਨੂੰ ਨੀਂਦ ਨੂੰ ਚੋਂ ਜਗਾ ਦਿੱਤਾ। ਸਰਕੜੇ ਦੀਆਂ ਨੜਾਂ ਨਾਲ ਬਣੀਆਂ ਚਿਕਾਂ ਨੂੰ ਲਪੇਟਕੇ

ਥਮਲਿਆਂ ਵਿਚਾਲੇ ਉਪਰ ਬੰਨ੍ਹ ਦਿੱਤਾ ਗਿਆ ਸੀ। ਵਰਾਂਡੇ ਦੀ ਗੂੜ੍ਹੀ ਸਫੈਦੀ ਛਿਪ ਰਹੇ ਸੂਰਜ ਦੀ ਕੂਲੀ ਲਾਲੀ ਵਿਚ ਘੁਲਮਿਲ ਗਈ ਸੀ। ਸਫਾਈ ਸੇਵਕ ਦਾ ਮੁੰਡਾ ਆਪਣੇ ਹੱਥ ਵਿਚ ਪੱਖੇ ਦੀ ਰੱਸੀ ਫੜੀ ਫਰਸ਼ ਉਤੇ ਕਰੁੰਗੜਿਆ ਪਿਆ ਸੀ। ਉਹਦਾ ਬਾਪ ਸਾਰੇ ਬੰਗਲੇ ਵਿਚ ਪਾਣੀ ਛਿੜਕਾ ਰਿਹਾ ਸੀ। ਮਿੱਟੀ ਦੀ ਸਿੱਲ੍ਹੀ ਖੁਸ਼ਬੋ ਚਮੇਲੀ ਦੀ ਮਿੱਠੀ ਮਹਿਕ ਨਾਲ ਬਗਲਗੀਰ ਹੋ ਕੇ ਤਾਰਾਂ ਦੀ ਜਾਲੀ ਵਾਲੇ ਦਰਵਾਜ਼ੇ ਚੋਂ ਅੰਦਰ ਆ ਰਹੀ ਸੀ। ਕੋਠੀ ਦੇ ਸਾਹਮਣੇ, ਸੇਵਾਦਾਰਾਂ ਨੇ ਨਾਰੀਅਲ ਦੇ ਰੇਸ਼ੇ ਦਾ ਟਾਟ ਅਤੇ ਉਸਦੇ ਉਪਰ ਦਰੀ ਵਿਛਾ ਦਿੱਤੀ ਸੀ। ਦਰੀ ਦੇ ਇਕ ਸਿਰੇ ਤੇ ਬੈਂਤ ਦੀ ਵੱਡੀ ਆਰਾਮ ਕੁਰਸੀ ਡਾਹੀ ਹੋਈ ਸੀ, ਉਸਦੇ ਲਾਗੇ ਮੇਜ਼ ਉਤੇ ਵਿਸਕੀ ਦੀ ਬੋਤਲ, ਕੁਝ ਗਲਾਸ ਅਤੇ ਜ਼ਾਇਕੇਦਾਰ ਨਮਕੀਨ ਭਰੀਆਂ ਪਲੇਟਾਂ ਸਜਾਈਆਂ ਹੋਈਆਂ ਸਨ। ਮੇਜ਼ ਦੇ ਹੇਠਾਂ ਕਈ ਬੋਤਲਾਂ ਸੋਡੇ ਦੀਆਂ ਰਖੀਆਂ ਹੋਈਆਂ ਸਨ।

ਹੁਕਮ ਚੰਦ ਨੌਕਰ ਤੇ ਗਰਜਿਆ ਕਿ ਉਹਦੇ ਨਹਾਉਣ ਦਾ ਇੰਤਜ਼ਾਮ ਕਰੇ ਅਤੇ ਹਜਾਮਤ ਕਰਨ ਲਈ ਗਰਮ ਪਾਣੀ ਲਿਆਵੇ। ਉਹਨੇ ਸਿਗਰਟ ਸੁਲਗਾ ਲਈ ਅਤੇ ਛੱਤ ਨੂੰ ਘੂਰਦਾ ਹੋਇਆ ਬਿਸਤਰ ਵਿਚ ਪਿਆ ਰਿਹਾ। ਐਨ ਉਸਦੇ ਸਿਰ ਉਤੇ ਦੋ ਕਿਰਲੀਆਂ ਲੜਨ ਦੀ ਤਿਆਰੀ ਕਰ ਰਹੀਆਂ ਸਨ। ਉਹ ਦੰਦ ਕਰੀਚਦੀਆਂ ਤੇ ਕਿਰਚ ਕਿਰਚ ਦੀਆਂ ਨਿੱਕੀਆਂ ਆਵਾਜ਼ਾਂ ਕੱਢਦੀਆਂ ਇਕ ਦੂਜੇ ਵੱਲ ਘਿਸੜ ਕੇ ਵਧ ਰਹੀਆਂ ਸਨ। ਇਕ ਦੂਜੇ ਤੋਂ ਇਕ ਇੰਚ ਦੀ ਦੂਰੀ ਤੇ ਉਹ ਰੁਕ ਗਈਆਂ, ਉਨ੍ਹਾਂ ਸਹਿਜੇ ਪਰ ਖਤਰਨਾਕ ਤਰੀਕੇ ਨਾਲ ਆਪਣੀਆਂ ਪੂਛਾਂ ਹਿਲਾਈਆਂ ਅਤੇ ਫਿਰ ਸਿੱਧੀਆਂ ਸਿਰਾਂ ਤੇ ਟਕਰਾ ਪਈਆਂ। ਇਸ ਤੋਂ ਪਹਿਲਾਂ ਕਿ ਹੁਕਮ ਚੰਦ ਪਾਸੇ ਹਟ ਜਾਂਦਾ ਉਹ ਉਸਦੇ ਨਾਲ ਸਿਰਹਾਣੇ ਉਤੇ ਫਟਾਕ ਦੇਣੇ ਡਿੱਗ ਪਈਆਂ। ਉਹਦੇ ਸਰੀਰ ਵਿਚ ਠੰਡੀ ਲਹਿਰ ਦੌੜ ਗਈ। ਉਹ ਕੁੱਦ ਕੇ ਮੰਜੇ ਤੋਂ ਥੱਲੇ ਛਾਲ ਮਾਰ ਗਿਆ ਅਤੇ ਕਿਰਲੀਆਂ ਨੂੰ ਘੂਰਨ ਲੱਗ ਪਿਆ। ਕਿਰਲੀਆਂ ਨੇ ਵੀ ਵਾਪਸ ਉਸਨੂੰ ਘੂਰਿਆ ਪਰ ਨਾਲ ਦੰਦਾਂ ਨਾਲ ਇਕ ਦੂਜੇ ਨੂੰ ਇੰਜ ਚੰਬੜੀਆਂ ਰਹੀਆਂ ਜਿਵੇਂ ਚੁੰਮੀ ਵਿਚ ਡੁੱਬੀਆਂ ਹੋਣ। ਸੇਵਾਦਾਰ ਦੇ ਪੈਰਾਂ ਦੇ ਖੜਾਕ ਨੇ ਉਸ ਸੰਮੋਹਨੀ ਘੂਰੀ ਨੂੰ ਤੋੜਿਆ ਜਿਸ ਨਾਲ ਮਜਿਸਟ੍ਰੇਟ ਅਤੇ ਕਿਰਲੀਆਂ ਇਕ ਦੂਜੇ ਨੂੰ ਦੇਖ ਰਹੇ ਸਨ। ਕਿਰਲੀਆਂ ਮੰਜੇ ਤੋਂ ਦੌੜ ਕੇ ਉਤਰ ਗਈਆਂ ਅਤੇ ਕੰਧ ਰਾਹੀਂ ਵਾਪਸ ਛੱਤ ਤੇ ਜਾ ਪੁਜੀਆਂ। ਹੁਕਮ ਚੰਦ ਨੂੰ ਇੰਜ ਲੱਗਿਆ ਜਿਵੇਂ ਉਸਨੇ ਹੱਥ ਨਾਲ ਛਿਪਕਲੀਆਂ ਨੂੰ ਛੁਹਿਆ ਹੋਵੇ ਅਤੇ ਉਸਦੇ ਹੱਥ ਚਿਪਚਿਪੇ ਹੋ ਗਏ ਹੋਣ। ਉਸਨੇ ਆਪਣੀ ਕਮੀਜ਼ ਦੇ ਪੱਲੇ ਨਾਲ ਰਗੜਕੇ ਆਪਣੇ ਹੱਥ ਸਾਫ ਕੀਤੇ। ਪਰ ਇਹ ਤਾਂ ਉਹ ਗੰਦਗੀ ਨਹੀਂ ਸੀ ਜਿਹੜੀ ਪੂੰਝ ਕੇ ਜਾਂ ਧੋ ਕੇ ਸਾਫ ਕੀਤੀ ਜਾ ਸਕਦੀ ਹੋਵੇ।

ਸੇਵਾਦਾਰ ਨੇ ਗਰਮ ਪਾਣੀ ਦਾ ਇਕ ਮੱਗ ਲਿਆਂਦਾ ਅਤੇ ਹਜਾਮਤ ਦੇ ਸਮਾਨ ਨਾਲ ਸ਼ਿੰਗਾਰ ਮੇਜ਼ ਤੇ ਰੱਖ ਦਿੱਤਾ। ਉਸਨੇ ਸਾਹਿਬ ਦੇ ਕਪੜੇ ਵੀ ਇਕ ਕੁਰਸੀ ਤੇ ਰੱਖ ਦਿੱਤੇ — ਪਤਲੀ ਮਲਮਲ ਦਾ ਕੁੜਤਾ, ਖੁੱਲ੍ਹਾ ਜਿਹਾ ਝੋਲੇ ਵਰਗਾ ਪਜਾਮਾ ਜਿਸ ਦਾ ਚਾਂਦੀ ਵੰਨੇ ਧਾਗੇ ਨਾਲ ਬੁਣਿਆ ਮੋਰ ਰੰਗਾ ਰੇਸ਼ਮੀ ਨਾਲਾ ਲਮਕ ਰਿਹਾ ਸੀ।

ਉਸਨੇ ਮਜਿਸਟ੍ਰੇਟ ਦੇ ਕਾਲੇ ਬੂਟਾਂ ਨੂੰ ਬਰੱਸ਼ ਕਰਕੇ ਲਿਸ਼ਕਾ ਕੇ ਕੁਰਸੀ ਦੇ ਨੇੜੇ ਟਿਕਾ ਦਿੱਤਾ।

ਹੁਕਮ ਚੰਦ ਨੇ ਬੜੇ ਧਿਆਨ ਨਾਲ ਸ਼ੇਵ ਕੀਤੀ ਅਤੇ ਫਿਰ ਨਹਾਇਆ। ਇਸ਼ਨਾਨ ਮਗਰੋਂ ਉਸਨੇ ਆਪਣੇ ਮੂੰਹ ਅਤੇ ਬਾਹਾਂ ਉਤੇ ਲੋਸ਼ਨ ਲਾਇਆ ਅਤੇ ਇੱਤਰ ਲੱਦਿਆ ਪੌਡਰ ਆਪਣੇ ਸਰੀਰ ਤੇ ਮਲ਼ਿਆ। ਉਂਗਲਾਂ ਉਸਨੇ ਸੁਗੰਧਿਤ ਕਲੋਨ ਵਿਚ ਥਾਪੜੀਆਂ। ਕੇਸ ਸ਼ਿੰਗਾਰ ਨੇ ਉਸਦੇ ਵਾਲਾਂ ਨੂੰ ਸਿੱਲ੍ਹਾ ਵੀ ਬਣਾ ਦਿੱਤਾ ਅਤੇ ਮੁਲਾਇਮ ਵੀ ਅਤੇ ਵਾਲਾਂ ਦੀਆਂ ਚਿੱਟੀਆਂ ਜੜ੍ਹਾਂ ਵੀ ਦਿਖਾ ਦਿੱਤੀਆਂ। ਦੋ ਹਫਤੇ ਹੋ ਗਏ ਸਨ, ਉਸਨੇ ਵਾਲਾਂ ਨੂੰ ਬਸਮਾ ਨਹੀਂ ਲਾਇਆ ਸੀ। ਉਸਨੇ ਆਪਣੀਆਂ ਮੋਟੀਆਂ ਮੁੱਛਾਂ ਨੂੰ ਤੇਲ ਲਾਕੇ ਮਰੋੜੇ ਦੇਣੇ ਸ਼ੁਰੂ ਕੀਤੇ ਅਤੇ ਅਖੀਰ ਇਨ੍ਹਾਂ ਨੂੰ ਉਪਰ ਨੂੰ ਸਿੱਧੀਆਂ ਤੀਰ ਵਾਂਗ ਉਹਦੀਆਂ ਅੱਖਾਂ ਦਾ ਨਿਸ਼ਾਨਾ ਲਾਉਂਦੀਆਂ ਬਣਾ ਦਿਤਾ। ਉਹਦੀਆਂ ਮੁੱਛਾਂ ਦੀਆਂ ਜੜ੍ਹਾਂ ਬੈਂਗਣੀ ਅਤੇ ਚਿੱਟਾ ਝਲਕਾਰਾ ਦਿੰਦੀਆਂ ਸਨ। ਆਪਣੀ ਪਤਲੀ ਮਲਮਲ ਦੀ ਕਮੀਜ਼ ਉਹਨੇ ਪਹਿਨ ਲਈ ਜਿਸ ਵਿਚੋਂ ਉਹਦੀ ਵਧੀਆ ਕੰਪਨੀ ਦੀ ਬੁਨੈਣ ਸਾਫ ਨਜ਼ਰ ਆਉਂਦੀ ਸੀ। ਪਜਾਮਾ ਉਹਦਾ ਮਾਵੇ ਨਾਲ ਬਣੀ ਬਾਤਰਤੀਬ ਤੈਅ ਵਿਚ ਦਿਸ ਰਿਹਾ ਸੀ। ਗੁਲਾਬੀ ਸੁਗੰਧ ਵਿਚ ਭਿਉਂਕੇ ਉਨ੍ਹੇ ਇਕ ਫੰਭੇ ਨਾਲ ਆਪਣੇ ਕਪੜਿਆਂ ਨੂੰ ਖੁਸ਼ਬੋਦਾਰ ਬਣਾਇਆ। ਤਿਆਰ ਹੋ ਕੇ ਉਨ੍ਹੇ ਛੱਤ ਨੂੰ ਦੇਖਿਆ। ਕਿਰਲੀਆਂ ਉਥੇ ਹੀ ਸਨ, ਆਪਣੀਆਂ ਚਮਕਦਾਰ, ਕਾਲੀਆਂ, ਤਿੱਖੀਆਂ ਅੱਖਾਂ ਨਾਲ ਉਸ ਵੱਲ ਝਾਕਦੀਆਂ ਹੋਈਆਂ।

ਅਮਰੀਕੀ ਕਾਰ ਵਾਪਸ ਲਾਂਘੇ ਵਿਚ ਆ ਵੜੀ। ਹੁਕਮ ਚੰਦ ਉਠਕੇ ਜਾਲੀ ਦੇ ਦਰਵਾਜ਼ੇ ਕੋਲ ਚਲਾ ਗਿਆ; ਨਾਲ ਹਾਲੇ ਵੀ ਉਹ ਆਪਣੀਆਂ ਮੁੱਛਾਂ ਨੂੰ ਵੱਟ ਚਾੜ੍ਹੀ ਜਾ ਰਿਹਾ ਸੀ। ਦੋ ਮਰਦ ਕਾਰ ਵਿਚੋਂ ਨਿਕਲੇ ਅਤੇ ਨਾਲ ਹੀ ਦੋ ਔਰਤਾਂ ਵੀ। ਇਕ ਮਰਦ ਨੇ ਹਾਰਮੋਨੀਅਮ ਚੁੱਕਿਆ ਹੋਇਆ ਸੀ ਅਤੇ ਦੂਜੇ ਨੇ ਤਬਲੇ ਦੀ ਜੋੜੀ। ਇਕ ਔਰਤ ਵੱਡੀ ਉਮਰ ਦੀ ਸੀ, ਜਿਸਨੇ ਆਪਣੇ ਸਫੈਦ ਵਾਲਾਂ ਨੂੰ ਰੰਗ ਕੇ ਗੂੜ੍ਹਾ ਮਹਿੰਦੀ ਰੰਗਾ ਕੀਤਾ ਹੋਇਆ ਸੀ। ਦੂਜੀ ਮੁਟਿਆਰ ਸੀ, ਜਿਸਦੇ ਮੂੰਹ ਵਿਚ ਪਾਨ ਹੋਣ ਕਰ ਕੇ ਉਹ ਫੁੱਲਿਆ ਹੋਇਆ ਸੀ। ਫੀਨੇ ਨੱਕ ਵਿਚ ਉਸਦੇ ਹੀਰੇ ਦਾ ਲੌਂਗ ਲਿਸ਼ਕ ਰਿਹਾ ਸੀ। ਉਸਨੇ ਇਕ ਛੋਟੀ ਜਿਹੀ ਗਠੜੀ ਚੁੱਕੀ ਹੋਈ ਸੀ ਜੋ ਉਸਦੇ ਕਾਰ ਵਿਚੋਂ ਪੈਰ ਬਾਹਰ ਰੱਖਣ ਸਮੇਂ ਛਣਕ ਰਹੀ ਸੀ। ਮੰਡਲੀ ਅਗੇ ਤੁਰਦੀ ਗਈ ਅਤੇ ਜਾ ਕੇ ਦਰੀ ਤੇ ਚੌਕੜੀ ਮਾਰਕੇ ਸਜ ਗਈ।

ਹੁਕਮ ਚੰਦ ਨੇ ਗਹੁ ਨਾਲ ਸ਼ੀਸ਼ੇ ਵਿੱਚ ਆਪਣੇ ਆਪ ਨੂੰ ਨਿਹਾਰਿਆ। ਉਸਨੂੰ ਵਾਲਾਂ ਦੀਆਂ ਜੜ੍ਹਾਂ ਵ੍ਹਿਚ ਸਫੈਦੀ ਨਜ਼ਰ ਪਈ। ਉਸਨੇ ਹੱਥ ਨਾਲ ਮਲਕੇ ਇਸਨੂੰ ਇਕਸਾਰ ਵਾਲਾਂ ਵਿਚ ਲੁਕਾਉਣ ਦੀ ਕੋਸ਼ਸ਼ ਕੀਤੀ। ਉਹਨੇ ਸਿਗਰਟ ਸੁਲਗਾਈ ਅਤੇ ਆਦਤ ਮੁਜਬ ਸਿਗਰਟਾਂ ਦੀ ਡੱਬੀ ਉਤੇ ਤੀਲਾਂ ਦੀ ਡੱਬੀ ਰੱਖ ਲਈ। ਉਹਨੇ ਜਾਲੀ ਦਾ ਦਰਵਾਜ਼ਾ ਅੱਧਾ ਖੋਲ੍ਹਿਆ ਅਤੇ ਆਪਣੇ ਨੌਕਰ ਨੂੰ ਵਿਸਕੀ ਲਿਆਉਣ ਲਈ ਆਵਾਜ਼ ਦਿਤੀ। ਹਾਲਾਂ ਕਿ ਉਹ ਜਾਣਦਾ ਸੀ ਕਿ ਵਿਸਕੀ ਤਾਂ ਪਹਿਲਾਂ ਹੀ ਮੇਜ਼ ਉਤੇ

ਸਜਾਈ ਜਾ ਚੁੱਕੀ ਸੀ। ਇਹ ਤਾਂ ਬਾਹਰ ਬੈਠੇ ਲੋਕਾਂ ਨੂੰ ਉਹਦੇ ਆਉਣ ਦੀ ਸੂਚਨਾ ਦੇਣ ਦਾ ਹੀ ਤਰੀਕਾ ਸੀ। ਜਦੋਂ ਉਹ ਬਾਹਰ ਨਿਕਲਿਆ ਤਾਂ ਉਸਨੇ ਦਰਵਾਜ਼ਾ ਜ਼ੋਰ ਨਾਲ ਬੰਦ ਹੋਣ ਦਿੱਤਾ। ਜਾਣ ਬੁੱਝਕੇ ਧੀਮੇ ਕਦਮ ਚੁੱਕਦਾ, ਜਿਨ੍ਹਾਂ ਦਰਮਿਆਨ ਉਸਦੀ ਲਿਸ਼ਕਵੀਂ ਗੁਰਗਾਬੀ ਚੀਂ ਚੀਂ ਕਰਦੀ ਪਈ ਸੀ, ਉਹ ਆਰਾਮ ਕੁਰਸੀ ਵੱਲ ਵਧਦਾ ਗਿਆ।

ਮੰਡਲੀ ਨੇ ਉਠਕੇ ਡਿਪਟੀ ਸਾਹਿਬ ਦਾ ਸੁਆਗਤ ਕੀਤਾ। ਦੋਹਾਂ ਸੰਗੀਤਕਾਰਾਂ ਨੇ ਝੁੱਕ ਕੇ ਸਲਾਮ ਕੀਤੀ। ਦੰਦ-ਬੋੜੀ ਬੁੱਢੀ ਸੁਰੀਲੀ ਆਵਾਜ਼ ਵਿਚ ਸਾਹਿਬ ਦੀ ਉਸਤਤ ਗਾਉਣ ਲੱਗ ਪਈ: "ਰੱਬ ਕਰੇ ਸ਼ਾਨ ਤੁਹਾਡੀ ਚਹੁੰ-ਕੂਟੀ ਫੈਲ ਜਾਵੇ, ਮਾਣ ਤੁਹਾਡਾ ਅਸਮਾਨ ਤਕ ਪਹੁੰਚ ਜਾਵੇ। ਰੱਬ ਕਰੇ ਤੁਹਾਡੀ ਕਲਮ ਹਜ਼ਾਰਾਂ ਲੱਖਾਂ ਰੁਪਿਆਂ ਤੇ ਚਲੇ।" ਕੁੜੀ ਸਿਰਫ ਉਹਦੇ ਵੱਲ ਝਾਕਦੀ ਰਹੀ; ਸੁਰਮੇ ਅਤੇ ਕੱਜਲ ਦੀਆਂ ਲਕੀਰਾਂ ਵਾਲੀਆਂ ਆਪਣੀਆਂ ਵਡੀਆਂ ਵਡੀਆਂ ਅੱਖਾਂ ਨਾਲ। ਸਾਹਿਬ ਨੇ ਹੱਥ ਦੇ ਇਸ਼ਾਰੇ ਨਾਲ ਉਨ੍ਹਾਂ ਨੂੰ ਬੈਠਣ ਦਾ ਹੁਕਮ ਦਿਤਾ। ਬੁੱਢੀ ਦੀ ਆਵਾਜ਼ ਘਟਦੀ ਘਟਦੀ ਫੁਸ ਫੁਸ ਤਕ ਰਹਿ ਗਈ। ਚਾਰੇ ਦਰੀ ਤੇ ਫਿਰ ਬੈਠ ਗਏ।

ਸੇਵਾਦਾਰ ਨੇ ਆਪਣੇ ਮਾਲਕ ਲਈ ਵਿਸਕੀ ਅਤੇ ਸੋਡਾ ਪਾਇਆ। ਹੁਕਮ ਚੰਦ ਨੇ ਵੱਡਾ ਸਾਰਾ ਘੁੱਟ ਮਾਰਿਆ ਅਤੇ ਪੁੱਠੇ ਹੱਥ ਨਾਲ ਮੁੱਛਾਂ ਪੂੰਝੀਆਂ। ਮੁੱਛਾਂ ਦੀਆਂ ਤਿੱਖੀਆਂ ਚੁੰਝਾਂ ਨੂੰ ਉਤੇਜਿਤ ਮਰੋੜੇ ਦੇਣ ਲੱਗਿਆ। ਕੁੜੀ ਨੇ ਆਪਣੀ ਗੱਠੜੀ ਖੋਲ੍ਹੀ ਅਤੇ ਘੁੰਗਰੂ ਕੱਢ ਕੇ ਪੈਰਾਂ ਤੇ ਬੰਨ੍ਹ ਲਏ। ਹਾਰਮੋਨੀਅਮ ਵਾਦਕ ਨੇ ਵਾਜੇ ਉਤੇ ਉਂਗਲ ਫੇਰੀ। ਉਹਦੇ ਸਾਥੀ ਨੇ ਤਬਲਿਆਂ ਦੇ ਸਿਰਿਆਂ ਦੇ ਸਾਰੇ ਪਾਸੇ ਲਕੜ ਦੇ ਠੋਲੂ ਨਾਲ ਸੱਟਾਂ ਮਾਰੀਆਂ ਅਤੇ ਚਮੜੇ ਦੀਆਂ ਤਾਰਾਂ ਦੇ ਵਿਚਾਲੇ ਰੱਖੇ ਲੱਕੜ ਦੇ ਕਲਬੂਤਾਂ ਦੇ ਘੇਰੇ ਉਤੇ ਠੋਲੂ ਮਾਰਕੇ ਤਾਰਾਂ ਨੂੰ ਲੋੜ ਮੁਤਾਬਕ ਕੱਸਿਆ ਅਤੇ ਢਿੱਲਾ ਕੀਤਾ। ਉਹਨੇ ਢੋਲਕੀ ਦੇ ਕਸੇ ਹੋਏ ਸਫੈਦ ਚਮੜੇ ਨੂੰ ਉਂਗਲਾਂ ਨਾਲ ਉਦੋਂ ਤਕ ਠਕੋਰਿਆ ਜਦ ਤਕ ਤਬਲੇ ਅਖੀਰ ਹਾਰਮੋਨੀਅਮ ਨਾਲ ਇਕਸੁਰ ਨਾ ਹੋ ਗਏ। ਸਾਜਾਂ ਦਾ ਸੰਗੀਤ ਤਿਆਰ ਹੋ ਗਿਆ ਸੀ।

ਮੁਟਿਆਰ ਕੁੜੀ ਨੇ ਪਾਨ ਥੁੱਕਿਆ ਅਤੇ ਡੂੰਘੇ ਖੰਘੂਰਿਆਂ, ਜਿਨ੍ਹਾਂ ਨੇ ਬਲਗਮ ਕੱਢ ਦਿੱਤੀ, ਨਾਲ ਆਪਣਾ ਗਲ਼ਾ ਸਾਫ ਕੀਤਾ। ਬਜ਼ੁਰਗ ਔਰਤ ਨੇ ਕਿਹਾ:

"ਗਰੀਬਨਵਾਜ਼! ਜਨਾਬ ਦੀ ਪਸੰਦ ਕੀ ਹੈ? ਕੋਈ ਚੀਜ਼ ਕਲਾਸਕੀ —ਪੱਕਾ — ਜਾਂ ਇਸ਼ਕੀਆ ਗਾਣਾ?"

"ਨਹੀਂ, ਪੱਕਾ ਸ਼ੱਕਾ ਕੁਛ ਨਹੀਂ। ਕੋਈ ਚੀਜ਼ ਫਿਲਮਾਂ ਚੋਂ। ਕੋਈ ਕਰਾਰਾ ਜਿਹਾ ਫਿਲਮੀ ਗੀਤ — ਵਧੀਆ ਰਹੇਗਾ ਜੇ ਪੰਜਾਬੀ ਹੋਵੇ।"

ਕੁੜੀ ਨੇ ਸਲਾਮ ਕੀਤਾ: "ਜਿਵੇਂ ਜਨਾਬ ਦਾ ਹੁਕਮ।"

ਵਾਜਾ ਵਾਦਕਾਂ ਨੇ ਕੁੜੀ ਨਾਲ ਸਲਾਹ ਕੀਤੀ ਅਤੇ ਆਪਣੇ ਸਾਜ ਵਜਾਉਣੇ ਸ਼ੁਰੂ ਕਰ ਦਿਤੇ। ਤਬਲਿਆਂ ਨੇ ਆਰੰਭਕ ਥੱਪ ਥੱਪ ਕੀਤੀ ਅਤੇ ਫਿਰ ਸਹਿਜ ਹੋ ਗਏ

ਅਤੇ ਹਾਰਮੋਨੀਅਮ ਵੀ ਨਾਲ ਸ਼ਾਮਲ ਹੋ ਗਿਆ। ਦੋਵੇਂ ਕੁਝ ਦੇਰ ਵਜਾਉਂਦੇ ਰਹੇ ਅਤੇ ਕੁੜੀ ਚੁੱਪ ਰਹੀ, ਅੱਕੀ ਜਿਹੀ ਅਤੇ ਬੇਪ੍ਰਵਾਹ ਜਾਪਦੀ। ਜਦੋਂ ਉਹ ਆਰੰਭਕ ਧੁਨ ਵਜਾ ਹਟੇ ਤਾਂ ਕੁੜੀ ਨੇ ਫਿਰ ਆਪਣਾ ਨੱਕ ਅਤੇ ਗਲ਼ਾ ਸਾਫ ਕੀਤਾ। ਉਸਨੇ ਇਕ ਹੱਥ ਕੰਨ ਤੇ ਰੱਖਿਆ ਅਤੇ ਦੂਜਾ ਬਾਂਹ ਵਧਾ ਕੇ ਡਿਪਟੀ ਸਾਹਿਬ ਵੱਲ ਕੀਤਾ। ਤਿੱਖੇ ਉਚੇ ਸੁਰ ਵਿਚ ਉਸਨੇ ਸਾਹਿਬ ਨੂੰ ਸੰਬੋਧਨ ਕੀਤਾ:

ਮੇਰੇ ਹੰਝੂਆ ਤੋਂ ਪੁੱਛ
ਮੇਰੇ ਹਉਕਿਆਂ ਤੋਂ ਪੁੱਛ
ਅਸੀਂ ਪਿਆਰ ਦੇ ਵਪਾਰ ਵਿਚੋਂ
ਕੀ ਖੱਟਿਆ।
ਮੇਰੇ ਹੰਝੂਆਂ ਤੋਂ ਪੁੱਛ...

ਮਿਲੀ ਨਿੱਤ ਦੀ ਜੁਦਾਈ
ਅੱਖਾਂ ਦੇਂਦੀਆਂ ਦੁਹਾਈ
ਨੈਣਾਂ ਉਡ ਪੁੜ ਜਾਣਿਆਂ ਨੇ
ਮਾਰ ਘੱਤਿਆ।

ਮੇਰੇ ਹੰਝੂਆ ਤੋਂ ਪੁੱਛ
ਮੇਰੇ ਹਉਕਿਆਂ ਤੋਂ ਪੁੱਛ
ਅਸੀਂ ਪਿਆਰ ਦੇ ਵਪਾਰ ਵਿਚੋਂ
ਕੀ ਖੱਟਿਆ।...

ਕੁੜੀ ਜ਼ਰਾ ਕੁ ਰੁਕ ਗਈ। ਵਜੰਤਰੀਆਂ ਨੇ ਉਸਦੇ ਗਾਣੇ ਨਾਲ ਇਕਸੁਰ ਸਾਜ ਵਜਾਏ:

ਚਿੱਠੀਏ ਨੀ ਚਿੱਠੀਏ
ਜਾਈਂ ਮੇਰੇ ਮਿੱਤਰਾਂ ਦੇ ਕੋਲ
ਬਿਰਹਾ ਦੀ ਅੱਗ ਕਿਵੇਂ ਸਾੜਦੀ
ਦੱਸੀਂ ਮੇਰੇ ਮਾਹੀਏ ਨੂੰ ਬੋਲ।

ਜਦੋਂ ਕੁੜੀ ਗਾ ਹਟੀ ਤਾਂ ਹੁਕਮ ਚੰਦ ਨੇ ਪੰਜਾਂ ਦਾ ਇਕ ਨੋਟ ਦਰੀ ਉਤੇ ਵਗਾ

ਸੁੱਟਿਆ। ਕੁੜੀ ਅਤੇ ਸੰਗੀਤਕਾਰਾਂ ਨੇ ਸ਼ੁਕਰੀਏ ਵਜੋਂ ਸਿਰ ਝੁਕਾਏ। ਬੁੱਢੀ ਨੇ ਨੋਟ ਚੁੱਕਿਆ, ਬਟੂਏ ਵਿਚ ਪਾ ਲਿਆ ਅਤੇ ਅਸੀਸਾਂ ਦਿੱਤੀਆਂ "ਹਜ਼ੂਰ ਦਾ ਰਾਜ ਸਦਾ ਸਲਾਮਤ ਰਹੇ। ਕਲਮ ਤੁਹਾਡੀ ਹਜ਼ਾਰਾਂ ਲੱਖਾਂ ਤੇ ਚਲਦੀ ਰਹੇ। ......"

ਗਾਣਾ ਫਿਰ ਸ਼ੁਰੂ ਹੋ ਗਿਆ। ਹੁਕਮ ਚੰਦ ਨੇ ਪਟਿਆਲਾ ਪੈੱਗ ਵਿਸਕੀ ਦਾ ਪਾਇਆ ਅਤੇ ਇਕੋ ਵਾਰ ਵਿਚ ਗੜੰਗ ਕਰਕੇ ਖਿਚ ਗਿਆ। ਮੁੱਛ ਉਸਨੇ ਫਿਰ ਹੱਥ ਨਾਲ ਸਾਫ ਕੀਤੀ। ਕੁੜੀ ਨੂੰ ਜੀ ਭਰਕੇ ਦੇਖਣ ਦੀ ਉਸ ਵਿਚ ਸ਼ਕਤੀ ਨਹੀਂ ਆ ਰਹੀ ਸੀ। ਜਿਹੜਾ ਗੀਤ ਉਹ ਗਾ ਰਹੀ ਸੀ ਉਹ ਉਸਨੇ ਕਈ ਵਾਰ ਆਪਣੀ ਧੀ ਨੂੰ ਗੁਣਗੁਣਾਉਂਦੇ ਸੁਣਿਆ ਸੀ:

ਹਵਾ ਮੇਂ ਉੜਤਾ ਜਾਏ

ਮੇਰਾ ਲਾਲ ਦੁਪੱਟਾ ਮਲਮਲ ਕਾ

ਹੋ ਜੀ, ਹੋ ਜੀ।

ਹੁਕਮ ਚੰਦ ਨੂੰ ਅੱਚਵੀ ਹੋਣ ਲੱਗੀ। ਉਹਨੇ ਵਿਸਕੀ ਦਾ ਇਕ ਹੋਰ ਪੈੱਗ ਲਾਇਆ ਅਤੇ ਜ਼ਮੀਰ ਤੋਂ ਬਰੀ ਹੋ ਗਿਆ। ਜ਼ਿੰਦਗੀ ਏਨੀ ਛੋਟੀ ਸੀ ਕਿ ਲੋਕਾਂ ਕੋਲ ਜ਼ਮੀਰ ਹੁੰਦੀ ਹੀ ਨਹੀਂ। ਉਨ੍ਹੇ ਹਰ 'ਹੋ ਜੀ, ਹੋ ਜੀ' ਦੇ ਨਾਲ ਚੁਟਕੀਆਂ ਮਾਰ ਕੇ ਅਤੇ ਉਂਗਲਾਂ ਨਾਲ ਆਪਣੇ ਪੱਟ ਥੱਪ ਥੱਪਾਕੇ ਵਕਤ ਗੁਜ਼ਾਰਨਾ ਸ਼ੁਰੂ ਕਰ ਦਿੱਤਾ।

ਧੁੰਦਲਕੇ ਨੇ ਆਪਣੀ ਥਾਂ ਕਾਲੀ ਰਾਤ ਦੇ ਹਨੇਰੇ ਨੂੰ ਦੇ ਦਿੱਤੀ। ਦਰਿਆ ਲਾਗਲੀ ਦਲਦਲ ਵਿਚੋਂ ਡੱਡੂਆਂ ਨੇ ਗੜੈਂ ਗੜੈਂ ਕੀਤੀ। ਟਿੱਡੇ ਸਰਕੜਿਆਂ ਵਿਚ ਟੀਂ ਟੀਂ ਗਾ ਰਹੇ ਸਨ। ਸੇਵਾਦਾਰ ਨੇ ਲਾਲਟੈਣ ਲਿਆ ਰੱਖੀ। ਉਸ ਵਿਚੋਂ ਨੀਲੀ ਭਾਹ ਮਾਰਦੀ ਚਮਕਦਾਰ ਰੋਸ਼ਨੀ ਆ ਰਹੀ ਸੀ। ਲਾਲਟੈਣ ਦੇ ਫਰੇਮ ਦੀ ਛਾਂ ਹੁਕਮ ਚੰਦ ਉਤੇ ਪੈ ਰਹੀ ਸੀ। ਉਹ ਰੋਸ਼ਨੀ ਤੋਂ ਬਚਣ ਦੀ ਕੋਸ਼ਸ਼ ਕਰ ਰਹੀ ਕੁੜੀ ਨੂੰ ਅੱਖਾਂ ਪਾੜ ਪਾੜ ਕੇ ਤੱਕਦਾ ਰਿਹਾ। ਉਹ ਹਾਲੇ ਬੱਚੀ ਹੀ ਸੀ। ਬਹੁਤੀ ਸੋਹਣੀ ਵੀ ਨਹੀਂ ਸੀ। ਬੱਸ, ਨੌਜਵਾਨ ਅਤੇ ਅਛੋਹ ਸੀ। ਉਹਦੀਆਂ ਛਾਤੀਆਂ ਅੰਗੀਆਂ ਨੂੰ ਪੂਰਾ ਭਰਦੀਆਂ ਵੀ ਨਹੀਂ ਸਨ। ਉਨ੍ਹਾਂ ਨੂੰ ਸ਼ਾਇਦ ਮਰਦ ਦੇ ਹੱਥਾਂ ਦੀ ਛੋਹ ਦਾ ਵੀ ਪਤਾ ਨਹੀਂ ਸੀ ਕਿ ਕਿਹੋ ਜਿਹੀ ਹੁੰਦੀ ਹੈ। ਮਜਿਸਟ੍ਰੇਟ ਦੇ ਮਨ ਵਿਚ ਫਿਰ ਇਹ ਵਿਚਾਰ ਭੌਂ ਗਿਆ ਕਿ ਕੁੜੀ ਉਸਦੀ ਆਪਣੀ ਧੀ ਨਾਲੋਂ ਵੀ ਛੋਟੀ ਹੈ। ਉਸ ਨੇ ਇਕ ਹੋਰ ਵਿਸਕੀ ਦੇ ਗਲਾਸ ਵਿਚ ਇਸ ਵਿਚਾਰ ਨੂੰ ਡੁਬੋ ਦਿਤਾ। ਜ਼ਿੰਦਗੀ ਇਹੋ ਕੁਝ ਕਰਦੀ ਹੈ। ਜਿਹੋ ਜਿਹੀ ਮਿਲਦੀ ਹੈ ਜ਼ਿੰਦਗੀ ਨੂੰ ਉਵੇਂ ਹੀ ਤੁਸੀਂ ਇਸਨੂੰ ਹੱਥ ਪਾ ਲੈਂਦੇ ਹੋ; ਨਾਪਸੰਦ ਪ੍ਰੰਪਰਾਵਾਂ ਅਤੇ ਕਦਰਾਂ ਕੀਮਤਾਂ ਨੂੰ ਬੱਸ ਜ਼ਬਾਨੀ ਕਲਾਮੀ ਸੇਵਾ ਨਾਲ ਹੀ ਸਾਰ ਲਿਆ ਜਾਂਦਾ ਹੈ। ਕੁੜੀ ਉਹਦੇ ਪੈਸੇ ਚਾਹੁੰਦੀ ਸੀ ਅਤੇ ਉਹ ਚਾਹੁੰਦਾ ਸੀ ...., ਖੈਰ। ਸਭ ਕੁਝ ਸੋਚਣ ਅਤੇ ਕਹਿਣ ਦੇ ਬਾਵਜੂਦ, ਉਹ ਵੇਸਵਾ ਸੀ ਅਤੇ ਇੰਜ ਹੀ ਜ਼ਿੰਦਗੀ ਨੂੰ ਲੈਂਦੀ ਸੀ। ਉਹਦੀ ਕਾਲੀ ਸਾੜ੍ਹੀ ਨੂੰ ਲਗੇ ਸਿਤਾਰੇ ਚਮਕਾਂ ਮਾਰ ਰਹੇ ਸਨ। ਉਸਦੇ ਲੌਂਗ ਦਾ ਹੀਰਾ ਤਾਰੇ ਵਾਂਗ ਲਿਸ਼ਕ ਰਿਹਾ ਸੀ। ਬਚੇ-ਖੁਚੇ ਸ਼ੱਕ-ਸ਼ੁਬ੍ਹਿਆਂ ਨੂੰ ਵੀ ਦੂਰ ਭਜਾਉਣ

ਲਈ ਹੁਕਮ ਚੰਦ ਨੇ ਵਿਸਕੀ ਦਾ ਇਕ ਹੋਰ ਗਲਾਸ ਅੰਦਰ ਸੁੱਟਿਆ। ਇਸ ਵਾਰ ਆਪਣੀਆਂ ਮੁੱਛਾਂ ਨੂੰ ਉਸ ਨੇ ਰੇਸ਼ਮੀ ਰੁਮਾਲ ਨਾਲ ਸਾਫ ਕੀਤਾ। ਉਸਨੇ ਗੁਣਗੁਣਾਉਣਾ ਵੀ ਉਚਾ ਕਰ ਦਿੱਤਾ ਅਤੇ ਚੁੱਟਕੀ ਵੀ ਤੇਜ਼ੀ ਨਾਲ ਮਾਰਨ ਲੱਗ ਪਿਆ।

ਇਕ ਮਗਰੋਂ ਦੂਜਾ ਫਿਲਮੀ ਗਾਣਾ ਚਲਦਾ ਗਿਆ। ਅਖੀਰ ਉਹ ਸਾਰੇ ਹਿੰਦੁਸਤਾਨੀ ਗਾਣੇ ਮੁਕ ਗਏ ਜਿਹੜੇ ਠੁਮਕਿਆਂ ਦੀਆਂ ਤਰਜ਼ਾਂ ਤੇ ਬਣੇ ਸਨ ਅਤੇ ਹੁਕਮ ਚੰਦ ਦੀ ਪਸੰਦ ਦੇ ਗਾਣੇ ਸਨ।

"ਗਾ ਕੁੜੀਏ, ਜੋ ਵੀ ਤੈਨੂੰ ਆਉਂਦੈ, ਹੋਰ", ਸਾਹਿਬ ਨੇ ਹੁਕਮ ਵੀ ਦਿਤਾ ਅਤੇ ਮਿਹਰ ਵੀ ਦਰਸਾਈ। "ਕੋਈ ਨਵਾਂ ਗਾਣਾ ਚੋਂਦਾ ਚੋਂਦਾ ਜਿਹਾ।"

ਕੁੜੀ ਨੇ ਗੀਤ ਛੇੜ ਲਿਆ ਜਿਸ ਵਿਚ ਅੰਗਰੇਜ਼ੀ ਲਫਜ਼ਾਂ ਦਾ ਤੜਕਾ ਲੱਗਾ ਹੋਇਆ ਸੀ।

"ਸੰਡੇ ਆਫਟਰ ਸੰਡੇ, ਓ ਮਾਈ ਲਾਈਫ"

(ਐਤਵਾਰ ਨੂੰ ਆਵੀਂ, ਓ ਮੇਰੀ ਜਾਨ)

ਹੁਕਮ ਚੰਦ ਨੇ ਵਾਹ ਵਾਹ ਦੀ ਝੜੀ ਲਾ ਦਿਤੀ। ਜਦੋਂ ਕੁੜੀ ਗੀਤ ਗਾ ਹਟੀ, ਤਾਂ ਇਸ ਵਾਰ ਡਿਪਟੀ ਨੇ ਪੰਜ ਰੁਪਿਆਂ ਦਾ ਨੋਟ ਉਸ ਉਤੇ ਸੁਟਿਆ ਨਹੀਂ ਸਗੋਂ ਆਪਣੇ ਹੱਥ ਵਿਚ ਹੀ ਲਹਿਰਾਇਆ। ਕੁੜੀ ਨੂੰ ਆਪ ਆਕੇ ਲੈ ਜਾਣ ਲਈ ਕਿਹਾ। ਬੁੱਢੀ ਨੇ ਕੁੜੀ ਨੂੰ ਉਸ ਵੱਲ ਧੱਕਾ ਦਿਤਾ।

"ਜਾ, ਸਰਕਾਰ ਤੈਨੂੰ ਬੁਲਾਉਂਦੇ ਆ!"

ਕੁੜੀ ਉਠੀ। ਮੇਜ਼ ਕੋਲ ਗਈ। ਪੈਸੇ ਫੜਨ ਲਈ ਉਸਨੇ ਆਪਣਾ ਹੱਥ ਵਧਾਇਆ। ਹੁਕਮ ਚੰਦ ਨੇ ਆਪਣਾ ਨੋਟ ਵਾਲਾ ਹੱਥ ਪਿਛੇ ਖਿਚ ਲਿਆ ਅਤੇ ਨੋਟ ਆਪਣੇ ਦਿਲ ਤੇ ਰਖ ਦਿਤਾ। ਉਹਦੇ ਬੁਲ੍ਹਾਂ ਤੇ ਲੁੱਚੀ ਮੁਸਕਾਣ ਖੇਡ ਗਈ। ਕੁੜੀ ਨੇ ਬੇਵਸੀ ਨਾਲ ਆਪਣੇ ਸਾਥੀਆਂ ਵੱਲ ਵੇਖਿਆ। ਹੁਕਮ ਚੰਦ ਨੇ ਨੋਟ ਮੇਜ਼ ਤੇ ਰਖ ਦਿਤਾ। ਕੁੜੀ ਚੁਕਣ ਲਗੀ ਤਾਂ ਪਹਿਲਾਂ ਹੀ ਉਸ ਨੇ ਨੋਟ ਚੁਕ ਲਿਆ ਅਤੇ ਵਾਪਸ ਛਾਤੀ ਤੇ ਰਖ ਲਿਆ। ਉਹਦੇ ਚਿਹਰੇ ਦੀ ਕਾਮੁਕ ਮੁਸਕਰਾਹਟ ਹੋਰ ਵੀ ਫੈਲ ਗਈ। ਕੁੜੀ ਪਿਛੇ ਆਪਣੀ ਮੰਡਲੀ ਵੱਲ ਮੁੜ ਗਈ। ਹੁਕਮ ਚੰਦ ਨੇ ਤੀਜੀ ਵਾਰ ਨੋਟ ਲਹਿਰਾਇਆ।

"ਜਾ, ਬੱਚੂ ਜਾ, ਸਰਕਾਰ ਕੋਲ", ਬੁਢੀ ਨੇ ਉਸਨੂੰ ਸਮਝਾਇਆ। ਆਗਿਆਕਾਰ ਕੁੜੀ ਫਿਰ ਪਿਛੇ ਘੁੰਮੀ ਅਤੇ ਸਾਹਿਬ ਕੋਲ ਆ ਗਈ। ਹੁਕਮ ਚੰਦ ਨੇ ਉਹਦੇ ਲੱਕ ਦੁਆਲੇ ਆਪਣੀ ਬਾਂਹ ਵਲ਼ ਲਈ।

"ਬਹੁਤ ਵਧੀਆ ਗਾਉਂਦੀ ਐਂ ਤੂੰ।"

ਕੁੜੀ ਨੇ ਆਪਣੀ ਮੰਡਲੀ ਦੇ ਸਾਥੀਆਂ ਵੱਲ ਘਬਰਾਕੇ ਵੇਖਿਆ।

"ਸਰਕਾਰ ਤੈਨੂੰ ਕੁਝ ਕਹਿ ਰਹੇ ਨੇ। ਉਨ੍ਹਾਂ ਦਾ ਜਵਾਬ ਕਿਉਂ ਨਹੀਂ ਦਿੰਦੀ?"

ਬੁੱਢੀ ਨੇ ਕੁੜੀ ਨੂੰ ਝਿੜਕਿਆ। "ਸਰਕਾਰ, ਕੁੜੀ ਅਜੇ ਛੋਟੀ ਹੈ ਅਤੇ ਬਹੁਤ ਹੀ ਸੰਗਾਲੂ ਵੀ। ਜਲਦੀ ਹੀ ਸਿਖ ਜਾਵੇਗੀ," ਨਾਲ ਹੀ ਸਾਹਿਬ ਨੂੰ ਸਫਾਈ ਪੇਸ਼ ਕਰ ਦਿਤੀ। ਹੁਕਮ ਚੰਦ ਨੇ ਵਿਸਕੀ ਦਾ ਗਲਾਸ ਭਰਕੇ ਕੁੜੀ ਦੇ ਬੁਲ੍ਹਾਂ ਨੂੰ ਲਾ ਦਿਤਾ। "ਇਕ ਘੁੱਟ ਭਰ ਲੈ। ਮੇਰੀ ਖਾਤਰ ਬੁਲ੍ਹ ਹੀ ਛੁਹਾਦੇ," ਉਨ੍ਹੇ ਤਰਲਾ ਕੀਤਾ।

ਕੁੜੀ ਬਿਨਾਂ ਕੁਝ ਬੋਲਿਆਂ ਨਿਰਜੀਵ ਖੜ੍ਹੀ ਰਹੀ। ਬੁੱਢੀ ਔਰਤ ਨੂੰ ਫਿਰ ਬੋਲਣਾ ਪਿਆ:

"ਸਰਕਾਰ, ਉਸ ਨੂੰ ਸ਼ਰਾਬ ਪੀਣ ਬਾਰੇ ਕੁਝ ਨਹੀਂ ਪਤਾ। ਮਸਾਂ ਹੀ ਸੋਲਾਂ ਸਾਲਾਂ ਦੀ ਹੈ। ਬਿਲਕੁਲ ਮਾਸੂਮ। ਪਹਿਲਾਂ ਕਦੇ ਉਹ ਮਰਦ ਜਾਤ ਦੇ ਨੇੜੇ ਨਹੀਂ ਢੁੱਕੀ। ਇਸ ਨੂੰ ਤਾਂ ਮੈਂ ਤੁਹਾਡੀ ਖੁਸ਼ੀ ਲਈ ਪਾਲਕੇ ਵਡੀ ਕੀਤੈ।"

"ਫਿਰ ਕੁਝ ਖਾਣਾ ਤਾਂ ਜ਼ਰੂਰ ਪਵੇਗਾ, ਜੇ ਉਹ ਪੀਂਦੀ ਨਹੀਂ," ਹੁਕਮ ਚੰਦ ਨੇ ਨਵਾਂ ਪੈਂਤੜਾ ਲਿਆ। ਉਸ ਨੇ ਬੁੱਢੀ ਦੀ ਬਾਕੀ ਦੀ ਤਕਰੀਰ ਨੂੰ ਅਣਡਿੱਠ ਕਰਨਾ ਹੀ ਠੀਕ ਸਮਝਿਆ। ਉਸਨੇ ਪਲੇਟ ਵਿਚੋਂ ਇਕ ਮਾਸ ਦੀ ਬੋਟੀ ਚੁਕੀ ਅਤੇ ਲੜਕੀ ਦੇ ਮੂੰਹ ਵਿਚ ਪਾਉਣ ਦੀ ਕੋਸ਼ਸ਼ ਕੀਤੀ। ਇਸ ਨੂੰ ਕੁੜੀ ਨੇ ਫੜ ਲਿਆ ਅਤੇ ਖਾ ਲਿਆ।

ਹੁਕਮ ਚੰਦ ਨੇ ਉਸ ਨੂੰ ਆਪਣੇ ਪੱਟਾਂ ਤੇ ਖਿਚ ਲਿਆ ਅਤੇ ਉਸਦੇ ਵਾਲਾਂ ਨਾਲ ਖੇਡਣਾ ਸ਼ੁਰੂ ਕਰ ਦਿਤਾ। ਵਾਲਾਂ ਨੂੰ ਖਾਸਾ ਤੇਲ ਲਾਇਆ ਹੋਇਆ ਸੀ। ਲਹਿਰਾਂ ਬਣਾਕੇ ਇਨ੍ਹਾਂ ਨੂੰ ਪਲਾਸਟਿਕ ਦੇ ਕਲਿੱਪਾਂ ਵਿਚ ਸ਼ਿੰਗਾਰਿਆ ਹੋਇਆ ਸੀ। ਡਿਪਟੀ ਸਾਹਿਬ ਨੇ ਕੁਝ ਸੂਈਆਂ ਕੱਢ ਦਿਤੀਆਂ, ਉਹਦੇ ਜਲੇਬੀ ਜੂੜੇ ਨੂੰ ਖੋਲ੍ਹ ਦਿਤਾ। ਵਾਲ ਉਹਦੇ ਮੋਢਿਆਂ ਦੁਆਲੇ ਪਿੱਠ ਤੇ ਖਿੰਡ ਗਏ। ਸੰਗੀਤਕਾਰ ਅਤੇ ਬੁੱਢੀ ਉਠ ਖੜ੍ਹੇ ਹੋਏ।

"ਸਾਨੂੰ ਆਗਿਆ ਹੈ ਜਨਾਬ ਜਾਣ ਦੀ?"

"ਹਾਂ, ਚਲੋ। ਡਰਾਈਵਰ ਤੁਹਾਨੂੰ ਘਰ ਛੱਡ ਆਵੇਗਾ।"

ਬੁੱਢੀ ਨੇ ਫਿਰ ਅਸੀਸਾਂ ਦੀ ਝੜੀ ਲਾ ਦਿਤੀ, "ਤੁਹਾਡੀ ਆਨ ਤੇ ਸ਼ਾਨ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰੇ। ਤੁਹਾਡੀ ਕਲਮ ਹਜ਼ਾਰਾਂ — ਨਹੀਂ, ਲੱਖਾਂ ਕਰੋੜਾਂ ਤੇ ਚਲੇ।"

ਹੁਕਮ ਚੰਦ ਨੇ ਨੋਟਾਂ ਦੀ ਥਹੀ ਕੱਢੀ ਅਤੇ ਉਸ ਦੇ ਵਾਸਤੇ ਮੇਜ਼ ਤੇ ਰਖ ਦਿਤੀ। ਸੰਗੀਤ ਮੰਡਲੀ ਕਾਰ ਵੱਲ ਚਲੀ ਗਈ। ਲੜਕੀ ਮਜਿਸਟ੍ਰੇਟ ਦੇ ਪੱਟਾਂ ਤੇ ਬੈਠੀ ਰਹੀ। ਸੇਵਾਦਾਰ ਅਗਲੇ ਹੁਕਮ ਦੀ ਇੰਤਜ਼ਾਰ ਕਰਨ ਲੱਗਾ।

"ਖਾਣਾ ਲਾਵਾਂ ਜਨਾਬ?"

"ਨਹੀਂ, ਖਾਣੇ ਨੂੰ ਮੇਜ਼ ਤੇ ਪਿਆ ਰਹਿਣ ਦੇ। ਅਸੀਂ ਆਪੇ ਵਰਤਾ ਲਵਾਂਗੇ। ਤੂੰ ਜਾ ਸਕਦੈਂ।"

ਹੁਕਮ ਚੰਦ ਨੇ ਹੱਥ ਵਧਾਇਆ ਅਤੇ ਲਾਲਟੈਣ ਦੀ ਘੁੰਡੀ ਮੋੜ ਦਿਤੀ। ਇਹ ਫਫ-ਫਫ ਕਰਕੇ ਬੁੱਝ ਗਈ। ਦੋਵੇਂ ਜਣੇ ਘੁੱਪ ਹਨੇਰੇ ਵਿਚ ਇਕੱਲੇ ਰਹਿ ਗਏ। ਸਿਰਫ ਸੌਣ ਕਮਰੇ ਦੀ ਹਲਕੀ ਪੀਲੀ ਰੋਸ਼ਨੀ ਦੀ ਲਕੀਰ ਹੀ ਆ ਰਹੀ ਸੀ। ਹੁਕਮ ਚੰਦ ਨੇ ਦਰਵਾਜ਼ੇ ਤੋਂ ਬਾਹਰ ਰਹਿਣਾ ਹੀ ਚੰਗਾ ਸਮਝਿਆ।

ਮਾਲ ਗੱਡੀ ਨੇ ਮਨੋ ਮਾਜਰਾ ਵਿਚ ਛੱਡਣ ਵਾਲੇ ਡੱਬੇ ਆਪਣੇ ਨਾਲੋਂ ਤੋੜ ਦਿਤੇ। ਉਹ ਪੁਲ ਵੱਲ ਵਧ ਰਹੀ ਸੀ। ਉਹ ਸ਼ੋਰ ਪਾਉਂਦੀ ਆ ਰਹੀ ਸੀ। ਇੰਜਣ ਦੇ ਮੂੰਹ ਵਿਚੋਂ ਅੱਗ ਦੀਆਂ ਤੇਜ਼ ਲਾਟਾਂ ਉਸਦੇ ਸ਼ੋਰ ਦੀ ਤੇਜ਼ੀ ਨੂੰ ਦਰਸਾ ਰਹੀਆਂ ਸਨ। ਉਹ ਭੱਠੀ ਵਿਚ ਕੋਲਾ ਸੁੱਟ ਰਹੇ ਸਨ। ਪੁਲ ਦੀਆਂ ਡਾਟਾਂ ਉਪਰੋਂ ਚਮਕਦਾਰ ਲਾਲ-ਪੀਲੀ ਰੋਸ਼ਨੀ ਤੇਜ਼ੀ ਨਾਲ ਲੰਘਦੀ ਗਈ ਅਤੇ ਦੂਜੇ ਪਾਸੇ ਜੰਗਲ ਵਿਚ ਗੁਆਚ ਗਈ। ਗੱਡੀ ਦੀ ਖੜ ਖੜ ਮਧਮ ਤੋਂ ਮਧਮ ਪੈਂਦੀ ਗਈ। ਇਸ ਦੇ ਲੰਘ ਜਾਣ ਮਗਰੋਂ ਇੱਕਲੇ ਹੋਣ ਦਾ ਅਹਿਸਾਸ ਮੁੜ ਆਇਆ।

ਹੁਕਮ ਚੰਦ ਨੇ ਆਪ ਹੀ ਇਕ ਗਲਾਸ ਵਿਸਕੀ ਦਾ ਹੋਰ ਪਾਇਆ ਅਤੇ ਅੰਦਰ ਸੁੱਟ ਲਿਆ। ਕੁੜੀ ਉਸਦੀ ਬੁਕਲ ਵਿਚ ਭਾਵਹੀਣ ਅਤੇ ਨਿਰਜਿੰਦ ਬੈਠੀ ਰਹੀ।

"ਮੇਰੇ ਨਾਲ ਗੁੱਸੇ ਹੈਂ ਤੂੰ? ਮੇਰੇ ਨਾਲ ਬੋਲਣਾ ਨਹੀਂ ਚਾਹੁੰਦੀ?" ਆਪਣੇ ਨਾਲ ਘੁੱਟਦਿਆਂ ਹੁਕਮ ਚੰਦ ਨੇ ਉਹਨੂੰ ਪੁਛਿਆ। ਕੁੜੀ ਨੇ ਨਾ ਤਾਂ ਕੋਈ ਜਵਾਬ ਦਿਤਾ ਅਤੇ ਨਾ ਹੀ ਮੂੰਹ ਭੁਆਕੇ ਉਹਦੇ ਵੱਲ ਦੇਖਿਆ।

ਸਾਹਿਬ ਨੂੰ ਕੁੜੀ ਦੇ ਪ੍ਰਤਿਕਰਮ ਦੀ ਕੋਈ ਖਾਸ ਚਿੰਤਾ ਵੀ ਨਹੀਂ ਸੀ। ਉਹ ਹਰ ਚੀਜ਼ ਦੀ ਕੀਮਤ ਪੂਰੀ ਅਦਾ ਕਰ ਚੁਕਾ ਸੀ। ਉਸ ਨੇ ਕੁੜੀ ਦਾ ਮੂੰਹ ਆਪਣੇ ਮੂੰਹ ਲਾਗੇ ਲਿਆਂਦਾ। ਉਹਦੀ ਗਰਦਨ ਅਤੇ ਗੱਲ੍ਹਾਂ ਤੇ ਚੁੰਮੀਆਂ ਲੈਣ ਲੱਗਾ। ਉਹ ਨੂੰ ਮਾਲ ਗੱਡੀ ਦੀ ਆਵਾਜ਼ ਹੁਣ ਨਹੀਂ ਸੁਣਦੀ ਸੀ। ਮਾਲ ਗੱਡੀ ਪੇਂਡੂ ਇਲਾਕੇ ਨੂੰ ਪਿਛੇ ਪੂਰਨ ਇਕਾਂਤ ਵਿਚ ਚੁਪ-ਚਾਂ ਛੱਡ ਗਈ ਸੀ। ਹੁਕਮ ਚੰਦ ਨੂੰ ਆਪਣੇ ਸਾਹ ਤੇਜ਼ ਹੁੰਦੇ ਸੁਣਾਈ ਦੇਣ ਲਗੇ। ਉਨ੍ਹੇ ਕੁੜੀ ਦੀ ਅੰਗੀ ਦਾ ਫੀਤਾ ਖੋਲ੍ਹ ਦਿਤਾ।

ਗੋਲ਼ੀ ਦੀ ਆਵਾਜ਼ ਨੇ ਰਾਤ ਦੀ ਖਾਮੋਸ਼ੀ ਨੂੰ ਤੋੜ ਦਿਤਾ। ਕੁੜੀ ਬੁਕਲ ਵਿਚੋਂ ਨਿਕਲ ਕੇ ਖੜ੍ਹੀ ਹੋ ਗਈ।

"ਕੋਈ ਗੋਲ਼ੀ ਦੀ ਆਵਾਜ਼ ਸੁਣੀ ਤੂੰ?"

ਕੁੜੀ ਨੇ ਹਾਂ ਵਿਚ ਸਿਰ ਹਿਲਾਇਆ। "ਕੋਈ ਸ਼ਿਕਾਰੀ ਹੋਵੇਗਾ," ਉਸਨੇ ਜਵਾਬ ਦਿਤਾ। ਪਹਿਲੀ ਵਾਰ ਉਸਨੇ ਹੁਕਮ ਚੰਦ ਨਾਲ ਗੱਲ ਕੀਤੀ ਸੀ। ਅੰਗੀ ਉਸਨੇ ਫਿਰ ਬੰਨ੍ਹ ਲਈ।

"ਹਨੇਰੀ ਰਾਤ ਵਿਚ ਕੋਈ ਸ਼ਿਕਾਰ ਨਹੀਂ ਹੋ ਸਕਦਾ।"

ਦੋਵੇਂ ਕੁਝ ਦੇਰ ਚੁਪ-ਚਾਪ ਖੜ੍ਹੇ ਰਹੇ — ਆਦਮੀ ਕੁਝ ਕੁਝ ਡਰਿਆ ਹੋਇਆ। ਕੁੜੀ ਆਸ਼ਕ ਕੋਲੋਂ ਛੁੱਟ ਕੇ ਸੁੱਖ ਦਾ ਸਾਹ ਲੈ ਰਹੀ ਸੀ, ਜਿਸ ਆਸ਼ਕ ਦੇ ਮੂੰਹ ਵਿਚੋਂ

ਸ਼ਰਾਬ, ਤੰਬਾਕੂ ਅਤੇ ਗਲ਼ੇ ਸੜੇ ਦੰਦਾਂ ਦੀ ਬੋ ਆ ਰਹੀ ਸੀ। ਪਰ ਭਰੋਸੇ ਨੂੰ ਦੂਗਣਾ ਯਕੀਨ ਬਣਾਉਣ ਲਈ ਉਸਨੇ ਸ਼ਰਾਬ ਦਾ ਇਕ ਹੋਰ ਗਲਾਸ ਡਕਾਰ ਲਿਆ। ਕੁੜੀ ਸਮਝ ਗਈ ਕਿ ਅੱਜ ਉਸਦੇ ਬਚਣ ਦਾ ਕੋਈ ਰਸਤਾ ਨਹੀਂ।

"ਕੋਈ ਪਟਾਕਾ ਹੋਵੇਗਾ। ਕਿਸੇ ਦਾ ਵਿਆਹ ਹੋ ਰਿਹਾ ਹੋਣੈ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਗੱਲ", ਹੁਕਮ ਚੰਦ ਨੇ ਫਿਰ ਕੁੜੀ ਦੁਆਲੇ ਆਪਣੀਆਂ ਬਾਹਾਂ ਲਪੇਟਦਿਆਂ ਕਿਹਾ। ਉਸਨੇ ਕੁੜੀ ਦੇ ਨੱਕ ਨੂੰ ਚੁੰਮਿਆ। "ਆ ਆਪਾਂ ਵੀ ਵਿਆਹ ਕਰ ਲਈਏ," ਉਨ੍ਹੇ ਭੁੱਖੀ ਨਜ਼ਰ ਨਾਲ ਆਖਿਆ।

ਕੁੜੀ ਨੇ ਜਵਾਬ ਨਹੀਂ ਦਿਤਾ। ਸਾਹਿਬ ਨੇ ਉਸਨੂੰ ਮੇਜ਼ ਉਤੇ ਘੜੀਸ ਲਿਆ ਤਾਂ ਵੀ ਉਸਨੇ ਉਜ਼ਰ ਨਹੀਂ ਕੀਤਾ। ਸਾਹਿਬ ਨੇ ਮੇਜ਼ ਉਤੋਂ ਜੂਠੀਆਂ ਬੋਟੀਆਂ ਅਤੇ ਸਿਗਰਟ ਦੀ ਸੁਆਹ ਨੂੰ ਹੱਥ ਨਾਲ ਪੂੰਝ ਕੇ ਥੱਲੇ ਸੁੱਟ ਦਿਤਾ। ਫਿਰ ਉਹ ਪ੍ਰੇਮ-ਲੀਲਾ ਵਿਚ ਜੁਟ ਪਿਆ। ਕੁੜੀ ਨੇ ਬਿਨਾਂ ਕੋਈ ਉਜ਼ਰ ਉਹਦੀ ਪਕੜ ਦਾ ਦਰਦ ਹੰਢਾਇਆ। ਹੁਕਮ ਚੰਦ ਨੇ ਉਹਨੂੰ ਮੇਜ਼ ਤੋਂ ਚੁੱਕ ਕੇ ਹੇਠਾਂ ਦਰੀ ਉਤੇ ਲਿਟਾ ਲਿਆ ਜਿਥੇ ਗਲਾਸ, ਪਲੇਟਾਂ ਅਤੇ ਬੋਤਲਾਂ ਦਾ ਕਚਰਾ ਪਿਆ ਸੀ। ਉਨ੍ਹੇ ਸਾੜ੍ਹੀ ਦੇ ਪੱਲੂ ਨਾਲ ਆਪਣਾ ਮੂੰਹ ਢਕ ਲਿਆ ਅਤੇ ਡਿਪਟੀ ਦੇ ਮੂੰਹ ਦੀ ਹਵਾੜ ਤੋਂ ਬਚਣ ਲਈ ਇਸਨੂੰ ਆਸੇ ਪਾਸੇ ਮੋੜਦੀ ਰਹੀ। ਹੁਕਮ ਚੰਦ ਨੇ ਕੁੜੀ ਦੇ ਕਪੜਿਆਂ ਨੂੰ ਟਟੋਲਣਾ ਸ਼ੁਰੂ ਕਰ ਦਿਤਾ।

ਮਨੋ ਮਾਜਰਾ ਪਿੰਡ ਵਲੋਂ ਲੋਕਾਂ ਦੀਆਂ ਚੀਕਾਂ ਅਤੇ ਕੁਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਹੁਕਮ ਚੰਦ ਨੇ ਉਪਰ ਦੇਖਿਆ। ਦੋ ਗੋਲ਼ੀਆਂ ਚਲੀਆਂ ਅਤੇ ਭੌਂਕਣਾ ਅਤੇ ਚੀਕ ਚਿਹਾੜਾ ਇਨ੍ਹਾਂ ਦੀ ਆਵਾਜ਼ ਵਿਚ ਡੁੱਬ ਗਿਆ। ਵਡੀ ਸਾਰੀ ਗਾਲ ਕਢਦਿਆਂ ਹੁਕਮ ਚੰਦ ਨੇ ਕੁੜੀ ਨੂੰ ਛੱਡ ਦਿਤਾ। ਉਹ ਖੜ੍ਹੀ ਹੋ ਗਈ। ਆਪਣੀ ਸਾੜ੍ਹੀ ਨੂੰ ਝਾੜਣ ਅਤੇ ਠੀਕ ਕਰਨ ਲੱਗੀ। ਨੌਕਰਾਂ ਦੇ ਕੁਆਟਰਾਂ ਵਲੋਂ ਸੇਵਾਦਾਰ ਤੇ ਜਮਾਂਦਾਰ ਲਾਲਟੈਣਾਂ ਲੈ ਕੇ ਆ ਗਏ। ਉਹ ਉਤੇਜਿਤ ਹੋਏ ਗੱਲਾਂ ਕਰ ਰਹੇ ਸਨ। ਕੁਝ ਛਿਣ ਮਗਰੋਂ ਹੀ ਡਰਾਈਵਰ ਨੇ ਵੀ ਕਾਰ ਅੰਦਰ ਲੈ ਆਂਦੀ ਜਿਸਦੀਆਂ ਲਾਈਟਾਂ ਨਾਲ ਬੰਗਲੇ ਦਾ ਮੂਹਰਲਾ ਹਿਸਾ ਰੋਸ਼ਨ ਹੋ ਗਿਆ ਸੀ।

## 5

ਡਾਕਾ ਪੈਣ ਤੋਂ ਅਗਲੀ ਸਵੇਰ ਰੇਲਵੇ ਸਟੇਸ਼ਨ ਉਤੇ ਆਮ ਨਾਲੋਂ ਵਧੇਰੇ ਗਹਿਮਾ ਗਹਿਮੀ ਸੀ। ਮਨੋ ਮਾਜਰਾ ਦੇ ਵਾਸੀਆਂ ਦੀ ਆਦਤ ਹੀ ਬਣ ਗਈ ਸੀ ਕਿ ਸਵੇਰੇ ਸਟੇਸ਼ਨ ਤੇ ਆ ਜਾਂਦੇ ਅਤੇ ਸਾਢੇ ਦਸ ਵਜੇ ਦਿੱਲੀ ਤੋਂ ਲਾਹੌਰ ਨੂੰ ਜਾਂਦੀ ਮੁਸਾਫਰ ਰੇਲ ਗੱਡੀ ਨੂੰ ਦੇਖਦੇ। ਉਨ੍ਹਾਂ ਨੂੰ ਚੰਗਾ ਲਗਦਾ ਸੀ ਕੁਝ ਯਾਤਰੀਆਂ ਨੂੰ ਰੇਲ ਤੋਂ ਉਤਰਦੇ ਅਤੇ ਕੁਝ ਨੂੰ ਚੜ੍ਹਦੇ ਦੇਖਣਾ। ਉਨ੍ਹਾਂ ਨੂੰ ਗੱਡੀ ਦੇ ਲੇਟ ਹੋਣ ਬਾਰੇ ਮੁਸਾਫਰਾਂ ਵਿਚ

ਚਲਦੀਆਂ ਦਲੀਲਾਂ ਨੂੰ ਸੁਣਨ ਦਾ ਵੀ ਮਜ਼ਾ ਆਉਂਦਾ ਸੀ ਅਤੇ ਇਹ ਜਾਣਨ ਦਾ ਵੀ ਕਿ ਉਹ ਕਿਹੜਾ ਸੁਭਾਗਾ ਦਿਨ ਸੀ ਜਦੋਂ ਗੱਡੀ ਸਮੇਂ ਸਿਰ ਆਈ ਸੀ। ਮੁਲਕ ਦੀ ਵੰਡ ਮਗਰੋਂ ਇਕ ਵਾਧੂ ਉਤਸੁੱਕਤਾ ਵੀ ਜੁੜ ਗਈ ਸੀ। ਹੁਣ ਗੱਡੀਆਂ ਅਕਸਰ ਚਾਰ ਪੰਜ ਘੰਟੇ ਲੇਟ ਹੁੰਦੀਆਂ ਸਨ, ਕਈ ਵਾਰ ਤਾਂ ਵੀਹ ਘੰਟੇ ਵੀ ਲੇਟ। ਪਾਕਿਸਤਾਨ ਵਲੋਂ ਆਉਂਦੀਆਂ ਸ਼ਿੱਖ ਹਿੰਦੂ ਸ਼ਰਨਾਰਥੀਆਂ ਨਾਲ ਭਰੀਆਂ ਹੁੰਦੀਆਂ ਜਦੋਂ ਕਿ ਦਿੱਲੀ ਵਲੋਂ ਆਉਂਦੀਆਂ ਮੁਸਲਿਮ ਸ਼ਰਨਾਰਥੀਆਂ ਨਾਲ ਲੱਦੀਆਂ ਹੁੰਦੀਆਂ। ਲੋਕ ਡੱਬਿਆਂ ਦੀ ਛੱਤ ਉਤੇ ਬੈਠੇ ਹੁੰਦੇ ਲੱਤਾਂ ਲਮਕਾਕੇ ਜਾਂ ਡੱਬਿਆਂ ਦੇ ਵਿਚਾਲੇ ਮੰਜਿਆਂ ਦੀਆਂ ਚੁਗਾਠਾਂ ਫਸਾਕੇ ਹੀ ਬੈਠੇ ਹੁੰਦੇ। ਕੁਝ ਤਾਂ ਰੇਲ ਦੇ ਡੱਬਿਆਂ ਦਰਮਿਆਨ ਲੱਗੇ ਬਫਰਾਂ ਉਤੇ ਹੀ ਬੈਠੇ ਲਟਕ ਰਹੇ ਹੁੰਦੇ।

ਅੱਜ ਦੀ ਸਵੇਰ ਰੇਲ ਕੇਵਲ ਇਕ ਘੰਟਾ ਹੀ ਲੇਟ ਸੀ — ਜਿਵੇਂ ਜੰਗ ਤੋਂ ਪਹਿਲਾਂ ਦੇ ਦਿਨਾਂ ਵਿਚ ਹੁੰਦੀ ਸੀ। ਜਦੋਂ ਰੇਲ ਆਕੇ ਖੜ੍ਹੀ ਸੀ ਤਾਂ ਛਾਬੜੀ ਵਾਲਿਆਂ ਦਾ ਚੀਕ ਚਿਹਾੜਾ, ਮੁਸਾਫਰਾਂ ਦਾ ਇਧਰ ਉਧਰ ਤੇਜ਼ੀ ਨਾਲ ਤੁਰਨਾ ਫਿਰਨਾ ਅਤੇ ਇਕ ਦੂਜੇ ਨੂੰ ਉਚੀ ਉਚੀ ਬੋਲਣਾ ਦਰਸਾਉਂਦਾ ਸੀ ਕਿ ਆ ਰਹੀ ਗੱਡੀ ਵਿਚੋਂ ਬਹੁਤ ਸਾਰੇ ਮੁਸਾਫਰ ਉਤਰਨਗੇ। ਪਰ ਜਦੋਂ ਗਾਰਡ ਨੇ ਗੱਡੀ ਦੀ ਰਵਾਨਗੀ ਲਈ ਸੀਟੀ ਮਾਰ ਦਿਤੀ ਤਾਂ ਪਲੇਟਫਾਰਮ ਤੇ ਉਤਰੇ ਮੁਸਾਫਰਾਂ ਵਿਚੋਂ ਬਹੁਤੇ ਵਾਪਸ ਰੇਲ ਵਿਚ ਚੜ੍ਹ ਗਏ । ਕੇਵਲ ਇਕੋ ਸਿਖ ਕਿਸਾਨ ਹੀ ਪਲੇਟਫਾਰਮ ਤੇ ਰਹਿ ਗਿਆ ਸੀ। ਉਸਨੇ ਇਕ ਸੱਮਾਂ ਵਾਲੀ ਡਾਂਗ ਫੜੀ ਹੋਈ ਸੀ। ਉਸਦੇ ਨਾਲ ਉਸਦੀ ਪਤਨੀ ਸੀ ਜਿਸਨੇ ਇਕ ਬੱਚੇ ਨੂੰ ਢਾਕ ਤੇ ਚੁਕਿਆ ਹੋਇਆ ਸੀ। ਮਰਦ ਨੇ ਆਪਣਾ ਗੋਲ ਕੀਤਾ ਬਿਸਤਰਾ ਸਿਰ ਤੇ ਰਖਿਆ ਅਤੇ ਇਕ ਹੱਥ ਨਾਲ ਇਸ ਨੂੰ ਫੜ ਲਿਆ। ਦੂਜੇ ਹੱਥ ਵਿਚ ਉਸਨੇ ਘਿਓ ਦਾ ਡੱਬਾ ਫੜ ਰਖਿਆ ਸੀ। ਡਾਂਗ ਉਸਨੇ ਕੱਛ ਵਿਚ ਦੱਬੀ ਹੋਈ ਸੀ, ਜਿਸਦਾ ਇਕ ਸਿਰਾ ਧਰਤੀ ਤੇ ਘਿਸੜਦਾ ਜਾਂਦਾ ਸੀ। ਉਸਦੀਆਂ ਮੁੱਛਾਂ ਥੱਲੇ ਦੋ ਹਰੇ ਰੰਗ ਦੀਆਂ ਟਿਕਟਾਂ ਨਜ਼ਰ ਆ ਰਹੀਆਂ ਸਨ। ਮੁੱਛਾਂ ਉਸਦੀਆਂ ਉਪਰਲੇ ਬੁਲ੍ਹ ਤੋਂ ਲਹਿਰਦੀਆਂ ਹੋਈਆਂ ਦਾੜ੍ਹੀ ਵਿਚ ਜਾ ਰਲ਼ੀਆਂ ਸਨ। ਔਰਤ ਨੇ ਮਹਿਸੂਸ ਕੀਤਾ ਕਿ ਸਟੇਸ਼ਨ ਤੇ ਲੋਹੇ ਦੇ ਜੰਗਲੇ ਵਿਚੋਂ ਲੋਕਾਂ ਦੀਆਂ ਨਜ਼ਰਾਂ ਉਸਨੂੰ ਘੂਰ ਰਹੀਆਂ ਸਨ। ਉਸ ਨੇ ਮੂੰਹ ਉਤੇ ਘੁੰਡ ਖਿਚ ਲਿਆ। ਉਹ ਆਪਣੇ ਮਰਦ ਦੇ ਪਿਛੇ ਪਿਛੇ ਚਲਦੀ ਗਈ। ਉਸਦੀਆਂ ਚਪਲਾਂ ਸਟੇਸ਼ਨ ਦੀ ਰੋੜੀ ਉਤੇ ਛਪ ਛਪ ਕਰਦੀਆਂ ਜਾ ਰਹੀਆਂ ਸਨ। ਉਸ ਦੇ ਚਾਂਦੀ ਦੇ ਗਹਿਣੇ ਚਮਕਾਂ ਮਾਰ ਰਹੇ ਸਨ। ਸਟੇਸ਼ਨ ਮਾਸਟਰ ਨੇ ਕਿਸਾਨ ਦੇ ਮੂੰਹ ਵਿਚੋਂ ਟਿਕਟਾਂ ਕੱਢ ਲਈਆਂ ਅਤੇ ਦੋਹਾਂ ਮਰਦ ਤੀਵੀਂ ਨੂੰ ਸਟੇਸ਼ਨ ਤੋਂ ਬਾਹਰ ਜਾਣ ਦਿਤਾ। ਬਾਹਰ ਨਿਕਲ ਕੇ ਉਹ 'ਜੀ ਆਇਆਂ' ਅਤੇ ਜਫੀਆਂ ਦੇ ਸ਼ੋਰ ਵਿਚ ਗੁੰਮ ਹੋ ਗਏ।

ਗਾਰਡ ਨੇ ਦੂਜੀ ਵਾਰ ਸੀਟੀ ਮਾਰੀ ਅਤੇ ਹਰੀ ਝੰਡੀ ਲਹਿਰਾਈ। ਫਿਰ ਇੰਜਣ ਦੇ ਪਿਛਲੇ ਪਹਿਲੇ ਡੱਬੇ ਚੋਂ ਹਥਿਆਰਬੰਦ ਸਿਪਾਹੀ ਉਤਰੇ। ਉਹ ਬਾਰਾਂ ਜਣੇ ਸਨ ਅਤੇ ਇਕ ਛੋਟਾ ਠਾਣੇਦਾਰ ਵੀ ਸੀ। ਉਨ੍ਹਾਂ ਨੇ ਬੰਦੂਕਾਂ ਚੁਕੀਆਂ ਹੋਈਆਂ ਸਨ। ਉਨ੍ਹਾਂ

ਦੀਆਂ ਪੇਟੀਆਂ ਵਿਚ ਕਾਰਤੂਸ ਭਰੇ ਹੋਏ ਸਨ। ਦੋ ਕੋਲ ਬੇੜੀਆਂ ਅਤੇ ਹੱਥਕੜੀਆਂ ਸਨ। ਗੱਡੀ ਦੇ ਦੂਜੇ ਸਿਰੇ ਤੇ ਗਾਰਡ ਦੇ ਨਾਲ ਵਾਲੇ ਡੱਬੇ ਚੋਂ ਇਕ ਨੌਜਵਾਨ ਉਤਰਿਆ। ਉਸ ਨੇ ਲੰਮਾ ਚਿੱਟਾ ਕੁੜਤਾ, ਖਾਦੀ ਦੀ ਜਾਕਟ ਅਤੇ ਲੰਮਾ ਪਜਾਮਾ ਪਹਿਨਿਆ ਹੋਇਆ ਸੀ। ਉਸ ਕੋਲ ਬਿਸਤਰਬੰਦ ਵੀ ਸੀ। ਗੱਡੀ ਵਿਚੋਂ ਉਹ ਚੌਕਸੀ ਨਾਲ ਸੰਭਲ ਕੇ ਉਤਰਿਆ, ਆਪਣੇ ਉਭੜ-ਖੁੱਭੜ ਵਾਲਾਂ ਨੂੰ ਹੱਥ ਫੇਰਕੇ ਠੀਕ ਕੀਤਾ ਅਤੇ ਚਾਰੇ ਪਾਸੇ ਨਜ਼ਰ ਮਾਰੀ। ਉਹ ਨਿੱਕਾ ਪਤਲਾ ਬੰਦਾ ਸੀ, ਦੇਖਣ ਨੂੰ ਜ਼ਨਾਨੜਾ ਜਿਹਾ ਲੱਗਦਾ ਸੀ। ਪੁਲਸੀਆਂ ਨੂੰ ਦੇਖ ਕੇ ਉਸ ਵਿਚ ਦਲੇਰੀ ਆ ਗਈ। ਉਸ ਨੇ ਬਿਸਤਰਬੰਦ ਆਪਣੇ ਮੋਢੇ ਤੇ ਰਖ ਲਿਆ ਅਤੇ ਮੌਜ ਨਾਲ ਨਿਕਾਸ ਦੁਆਰ ਵੱਲ ਚਲ ਪਿਆ। ਪੇਂਡੂਆਂ ਨੇ ਦੇਖਿਆ ਕਿ ਗੱਡੀ ਦੇ ਇਕ ਪਾਸਿਓਂ ਪੁਲਿਸ ਵਾਲੇ ਅਤੇ ਦੂਜੇ ਪਾਸਿਓ ਉਹ ਨੌਜਵਾਨ ਸਟੇਸ਼ਨ ਮਾਸਟਰ ਵੱਲ ਆ ਰਹੇ ਸਨ ਜੋ ਗੇਟ ਕੋਲੇ ਖੜ੍ਹਾ ਟਿਕਟਾਂ ਲੈ ਰਿਹਾ ਸੀ। ਪੁਲਿਸ ਵਾਸਤੇ ਉਸ ਨੇ ਪੂਰਾ ਗੇਟ ਖੋਲ੍ਹ ਦਿਤਾ ਅਤੇ ਥਾਣੇਦਾਰ ਨੂੰ ਖੁਸ਼ਾਮਦੀ ਸਲਾਮ ਕੀਤੀ। ਨੌਜਵਾਨ ਉਨ੍ਹਾਂ ਨਾਲੋਂ ਪਹਿਲਾਂ ਗੇਟ ਤੇ ਪੁਜ ਗਿਆ ਅਤੇ ਸਟੇਸ਼ਨ ਮਾਸਟਰ ਅਤੇ ਸਿਪਾਹੀਆਂ ਵਿਚਾਲੇ ਜਾ ਖੜ੍ਹਾ ਹੋਇਆ। ਬਾਬੂ ਨੇ ਫੁਰਤੀ ਨਾਲ ਉਸ ਤੋਂ ਟਿਕਟ ਫੜ ਲਈ, ਪਰ ਨੌਜਵਾਨ ਨਾ ਤਾਂ ਉਥੋਂ ਹਿੱਲਿਆ ਅਤੇ ਨਾ ਹੀ ਥਾਣੇਦਾਰ ਲਈ ਰਾਹ ਖਾਲੀ ਕੀਤਾ।

"ਸਟੇਸ਼ਨ ਮਾਸਟਰ ਜੀ, ਕੀ ਇਥੇ ਮੈਨੂੰ ਕੋਈ ਜਗਾਹ ਦਸ ਸਕਦੇ ਹੋ ਜਿਥੇ ਮੈਂ ਪਿੰਡ ਵਿਚ ਠਹਿਰ ਸਕਾਂ?"

ਸਟੇਸ਼ਨ ਮਾਸਟਰ ਖਿੱਝ ਗਿਆ ਪਰ ਨੌਜਵਾਨ ਦੀ ਸ਼ਹਿਰੀ ਬੋਲ-ਬਾਣੀ, ਉਸ ਦੇ ਪਹਿਰਾਵੇ ਅਤੇ ਬਿਸਤਰਬੰਦ ਨੇ ਸਟੇਸ਼ਨ ਮਾਸਟਰ ਦੇ ਗੁੱਸੇ ਨੂੰ ਲਗਾਮ ਪਾ ਲਈ।

"ਮਨੋ ਮਾਜਰਾ ਵਿਚ ਕੋਈ ਹੋਟਲ ਜਾਂ ਸਰਾਂ ਨਹੀਂ ਹੈ," ਸਟੇਸ਼ਨ ਮਾਸਟਰ ਨੇ ਨਿਮਰ ਵਿਅੰਗ ਨਾਲ ਕਿਹਾ। "ਇਥੇ ਕੇਵਲ ਸਿੱਖ ਗੁਰਦੁਆਰਾ ਹੈ। ਤੁਹਾਨੂੰ ਪਿੰਡ ਦੇ ਵਿਚਾਲੇ ਕੇਸਰੀ ਨਿਸ਼ਾਨ ਸਾਹਿਬ ਨਜ਼ਰ ਆ ਜਾਵੇਗਾ।"

"ਸ਼ੁਕਰੀਆ, ਜਨਾਬ।"

ਪੁਲਿਸ ਪਾਰਟੀ ਅਤੇ ਸਟੇਸ਼ਨ ਮਾਸਟਰ ਨੇ ਕੁਝ ਸ਼ੱਕ ਜਿਹੇ ਨਾਲ ਨੌਜਵਾਨ ਤੇ ਘੋਖਵੀਂ ਨਿਗਾਹ ਮਾਰੀ। ਇਸ ਇਲਾਕੇ ਵਿਚ 'ਸ਼ੁਕਰੀਆ' ਕਹਿਣ ਵਾਲੇ ਲੋਕ ਨਾ-ਮਾਤਰ ਹੀ ਸਨ। 'ਸ਼ੁਕਰੀਆ' ਵਾਲੇ ਬਹੁਤੇ ਜਣੇ ਵਿਦੇਸ਼ੀ ਪੜ੍ਹੇ-ਲਿਖੇ ਸਨ। ਉਨ੍ਹਾਂ ਸੁਣ ਰਖਿਆ ਸੀ ਕਿ ਕਈ ਇੰਗਲੈਂਡ ਤੋਂ ਪੜ੍ਹੇ-ਲਿਖੇ ਨੌਜਵਾਨ ਕਿਸਾਨਾਂ ਦੇ ਕਪੜੇ ਪਾ ਕੇ ਪਿੰਡ ਸੁਧਾਰਾਂ ਵਿਚ ਲੱਗੇ ਹੋਏ ਸਨ। ਉਨ੍ਹਾਂ ਚੋਂ ਕੁਝ ਤਾਂ ਕਮਿਊਨਿਸਟਾਂ ਦੇ ਏਜੰਟ ਸਨ। ਕੁਝ ਲੱਖਪਤੀਆਂ ਦੇ ਲੜਕੇ ਸਨ, ਕੁਝ ਉਚ ਸਰਕਾਰੀ ਅਫਸਰਾਂ ਦੇ ਪੁੱਤਰ ਸਨ, ਉਹ ਸਾਰੇ ਹੀ ਮੁਸੀਬਤ ਖੜੀ ਕਰਨਾ ਚਾਹੁੰਦੇ ਸਨ, ਪੁਆੜੇ ਦੀ ਜੜ੍ਹ ਹੋ ਸਕਦੇ ਸਨ। ਬੰਦੇ ਨੂੰ ਹੁਸ਼ਿਆਰ ਰਹਿਣਾ ਚਾਹੀਦੈ ਉਨ੍ਹਾਂ ਤੋਂ।

ਨੌਜਵਾਨ ਸਟੇਸ਼ਨ ਚੋਂ ਨਿਕਲ ਕੇ ਪਿੰਡ ਵੱਲ ਚਲ ਪਿਆ। ਉਹ ਸੋਚ ਸਮਝ ਕੇ

ਸ਼ਾਨ ਨਾਲ ਚਲ ਰਿਹਾ ਸੀ, ਸਿਪਾਹੀਆਂ ਤੋਂ ਕੁਝ ਗਜ਼ ਅਗੇ। ਸਿਪਾਹੀਆਂ ਦੇ ਧਿਆਨ ਦਾ ਉਸਨੂੰ ਬੇਚੈਨ ਅਹਿਸਾਸ ਸੀ। ਉਸਦੀ ਗਰਦਨ ਦੇ ਪਿਛੇ ਹੋ ਰਹੀ ਖੁਰਕ ਨੇ ਉਸ ਨੂੰ ਦਸ ਦਿਤਾ ਕਿ ਉਹ ਉਸ ਵੱਲ ਦੇਖ ਰਹੇ ਸਨ ਅਤੇ ਉਸਦੀਆਂ ਹੀ ਗੱਲਾਂ ਕਰ ਰਹੇ ਸਨ। ਨਾ ਤਾਂ ਉਸ ਨੇ ਖਾਜ ਕੀਤੀ ਅਤੇ ਨਾ ਪਿਛੇ ਮੁੜ ਕੇ ਹੀ ਦੇਖਿਆ। ਬਸ ਸੈਨਿਕ ਵਾਂਗ ਚਲਦਾ ਰਿਹਾ। ਕੱਚੇ ਘਰਾਂ ਦੇ ਝੁਰਮਟ ਵਿਚੋਂ ਕੇਸਰੀ ਕਪੜੇ ਵਿਚ ਲਿਪਟੇ ਨਿਸ਼ਾਨ ਸਾਹਿਬ ਦੇ ਉਤੇ ਉਸ ਨੇ ਤਿਕੋਣ ਰੂਪ ਵਿਚ ਕੇਸਰੀ ਝੰਡਾ ਝੂਲਦਾ ਦੇਖਿਆ। ਝੰਡੇ ਦੇ ਉਤੇ ਸਿੱਖਾਂ ਦਾ ਨਿਸ਼ਾਨ ਸੀ ਗੋਲ ਚੱਕਰ ਵਿਚ ਇਕ ਖੰਡਾ ਅਤੇ ਉਸਦੇ ਹੇਠਾਂ ਇਕ ਦੂਜੇ ਨੂੰ ਕਟਦੀਆਂ ਦੋਹਾਂ ਪਾਸਿਆਂ ਨੂੰ ਦੋ ਤਲਵਾਰਾਂ – ਸਭ ਕਾਲੇ ਰੰਗ ਵਿਚ। ਉਹ ਧੂੜ ਭਰੇ ਰਸਤੇ ਉਤੇ ਚਲਦਾ ਗਿਆ ਜਿਸਦੇ ਦੋਹਾਂ ਪਾਸਿਆਂ ਉਤੇ ਤਿੱਖੇ ਕੰਡਿਆਂ ਵਾਲੀਆਂ ਮਰੀਅਲ ਜਿਹੀਆਂ ਝਾੜੀਆਂ ਦੀਆਂ ਕਤਾਰਾਂ ਸਨ ਜੋ ਰਸਤੇ ਨੂੰ ਖੇਤਾਂ ਨਾਲੋਂ ਅੱਡ ਕਰਦੀਆਂ ਸਨ। ਡੰਡੀ ਕਚੇ ਘਰਾਂ ਵਿਚੋਂ ਘੁੰਮਦੀ ਹੋਈ ਪਿੰਡ ਦੇ ਵਿਚਾਲੇ ਖੁਲ੍ਹੇ ਥਾਂ ਆ ਗਈ ਜਿਥੇ ਸ਼ਾਹੂਕਾਰ ਦਾ ਘਰ, ਮਸੀਤ ਅਤੇ ਗੁਰਦੁਆਰਾ ਇਕ ਦੂਜੇ ਦੇ ਸਾਹਮਣੇ ਡਟੇ ਹੋਏ ਸਨ। ਪਿੱਪਲ ਦੇ ਦਰੱਖਤ ਹੇਠਾਂ ਇਕ ਨੀਵੇਂ ਜਿਹੇ ਲਕੜ ਦੇ ਬੈਂਚ ਉਤੇ ਅੱਧੀ ਦਰਜਨ ਪਿੰਡ ਵਾਸੀ ਗੱਲਾਂ ਵਿਚ ਲਗੇ ਹੋਏ ਸਨ। ਪੁਲਿਸ ਵਾਲਿਆਂ ਨੂੰ ਦੇਖਦੇ ਹੀ ਉਹ ਖੜ੍ਹੇ ਹੋ ਗਏ ਅਤੇ ਉਨ੍ਹਾਂ ਦੇ ਮਗਰ ਮਗਰ ਰਾਮ ਲਾਲ ਦੇ ਘਰ ਤਕ ਚਲੇ ਗਏ। ਨੌਜਵਾਨ ਅਜਨਬੀ ਦਾ ਕਿਸੇ ਨੇ ਧਿਆਨ ਨਹੀਂ ਕੀਤਾ।

ਉਹ ਗੁਰਦੁਆਰੇ ਦੀ ਖੁਲ੍ਹੀ ਡਿਉੜੀ ਵਿਚੋਂ ਅੰਦਰ ਚਲਾ ਗਿਆ। ਮੁਖ ਡਿਉੜੀ ਦੇ ਸਾਹਮਣੇ ਦੂਜੇ ਪਾਸੇ ਇਕ ਵਡਾ ਹਾਲ ਕਮਰਾ ਸੀ ਜਿਸ ਵਿਚ ਮਖਮਲੀ ਚੰਦੋਏ ਦੇ ਹੇਠਾਂ ਰੰਗ-ਬਰੰਗੇ ਰੁਮਾਲਿਆਂ ਵਿਚ ਲਪੇਟਿਆ ਗ੍ਰੰਥ ਸਾਹਿਬ ਬਰਾਜਮਾਨ ਸੀ। ਇਕ ਪਾਸੇ ਦੋ ਕਮਰੇ ਸਨ। ਦੀਵਾਰ ਦੇ ਨਾਲ ਨਾਲ ਇੱਟਾਂ ਦੀਆਂ ਪੌੜੀਆਂ ਕਮਰੇ ਦੀ ਛੱਤ ਉਪਰ ਚੜ੍ਹਦੀਆਂ ਸਨ। ਵਿਹੜੇ ਵਿਚ ਇਕ ਖੂਹ ਸੀ ਜਿਸਦੇ ਦੁਆਲੇ ਉਚਾ ਬਨੇਰਾ ਬਣਿਆ ਹੋਇਆ ਸੀ। ਲਾਗੇ ਹੀ ਇਟਾਂ ਦਾ ਚਾਰ ਫੁਟ ਉਚਾ ਥੜ੍ਹਾ ਬਣਿਆ ਹੋਇਆ ਸੀ, ਜਿਸ ਵਿਚ ਲੰਮਾ ਉਚਾ ਨਿਸ਼ਾਨ ਸਾਹਿਬ ਕੇਸਰੀ ਬਾਣੇ ਵਿਚ ਲਿਪਟਿਆ ਖੜ੍ਹਾ ਸੀ।

ਨੌਜਵਾਨ ਨੂੰ ਆਸੇ ਪਾਸੇ ਕੋਈ ਨਹੀਂ ਦਿਸਿਆ। ਉਸ ਨੂੰ ਪੱਥਰ ਦੀ ਚੌਂਕੜੀ ਤੇ ਕਪੜੇ ਕੁੱਟ ਕੇ ਧੋਏ ਜਾਣ ਦੀ ਆਵਾਜ਼ ਸੁਣਾਈ ਦਿਤੀ। ਉਹ ਡਰਦਾ ਡਰਦਾ ਜਿਹਾ ਖੂਹ ਦੇ ਦੂਜੇ ਪਾਸੇ ਪਹੁੰਚਿਆ। ਸਾਹਮਣੇ ਇਕ ਬਜ਼ੁਰਗ ਸਿੱਖ ਉਠ ਖੜ੍ਹਾ ਹੋਇਆ। ਉਹ ਦੀ ਦਾੜ੍ਹੀ ਅਤੇ ਸਫੈਦ ਕਛਿਹਰੇ ਵਿਚੋਂ ਪਾਣੀ ਨੁਚੜ ਰਿਹਾ ਸੀ।

"ਸਤਿ ਸ੍ਰੀ ਅਕਾਲ!"

"ਸਤਿ ਸ੍ਰੀ ਅਕਾਲ!"

"ਕੀ ਮੈਨੂੰ ਦੋ-ਤਿੰਨ ਦਿਨ ਠਹਿਰਨ ਦੀ ਇਜਾਜ਼ਤ ਮਿਲ ਸਕਦੀ ਹੈ?"

"ਇਹ ਗੁਰਦੁਆਰਾ ਹੈ, ਗੁਰੂ ਦਾ ਘਰ — ਹਰ ਕੋਈ ਇਥੇ ਠਹਿਰ ਸਕਦਾ ਹੈ। ਪਰ ਤੁਹਾਡਾ ਸਿਰ ਜ਼ਰੂਰ ਢਕਿਆ ਹੋਣਾ ਚਾਹੀਦੈ ਅਤੇ ਕੋਈ ਸਿਗਰਟ ਜਾਂ ਤੰਬਾਕੂ ਨਾ ਤਾਂ ਅੰਦਰ ਪੀਣਾ ਹੈ ਅਤੇ ਨਾ ਹੀ ਅੰਦਰ ਲੈ ਕੇ ਆਉਣਾ ਹੈ।"

"ਮੈਂ ਸਿਗਰਟ ਪੀਂਦਾ ਹੀ ਨਹੀਂ," ਨੌਜਵਾਨ ਨੇ ਬਿਸਤਰਬੰਦ ਭੁੰਜੇ ਰਖਦਿਆਂ ਆਖਿਆ। ਨਾਲ ਹੀ ਸਿਰ ਉਸ ਨੇ ਆਪਣੇ ਰੁਮਾਲ ਨਾਲ ਢਕ ਲਿਆ।

"ਨਹੀਂ ਬਾਬੂ ਜੀ, ਇਥੇ ਲੋੜ ਨਹੀਂ। ਕੇਵਲ ਉਦੋਂ ਹੀ ਸਿਰ ਢਕਿਆ ਹੋਣਾ ਚਾਹੀਦੈ ਅਤੇ ਜੁਤੀਆਂ ਨਹੀਂ ਪਾਈਆਂ ਹੋਣੀਆਂ ਚਾਹੀਦੀਆਂ ਜਦੋਂ ਤੁਸੀਂ ਗੁਰੂ ਗ੍ਰੰਥ ਸਾਹਿਬ ਕੋਲ ਅੰਦਰ ਜਾਂਦੇ ਹੋ। ਆਪਣਾ ਸਮਾਨ ਉਸ ਕਮਰੇ ਵਿਚ ਅੰਦਰ ਰਖ ਦਿਓ ਅਤੇ ਆਰਾਮ ਕਰੋ। ਕੁਝ ਖਾਣ ਲਈ ਚਾਹੀਦੈ?"

"ਜੀ, ਬਹੁਤ ਮਿਹਰਬਾਨੀ ਤੁਹਾਡੀ। ਮੈਂ ਖਾਣਾ ਨਾਲ ਲੈ ਕੇ ਆਇਆਂ।"

ਬਜ਼ੁਰਗ ਨੇ ਮਹਿਮਾਨ ਨੂੰ ਖਾਲੀ ਕਮਰਾ ਦਿਖਾਇਆ ਅਤੇ ਖੂਹ ਤੇ ਮੁੜ ਆਇਆ। ਨੌਜਵਾਨ ਕਮਰੇ ਅੰਦਰ ਚਲਾ ਗਿਆ। ਕਮਰੇ ਵਿਚ ਸਮਾਨ ਇਕੋ ਮੰਜਾ ਸੀ, ਜੋ ਵਿਚਾਲੇ ਜਿਹੇ ਪਿਆ ਸੀ। ਇਕ ਕੰਧ ਉਤੇ ਵਡਾ ਰੰਗਦਾਰ ਕਲੰਡਰ ਲਟਕ ਰਿਹਾ ਸੀ। ਇਸ ਵਿਚ ਘੋੜੇ ਤੇ ਅਸਵਾਰ ਗੁਰੂ ਦੀ ਤਸਵੀਰ ਸੀ। ਗੁਰੂ ਜੀ ਦੇ ਇਕ ਹੱਥ ਉਤੇ ਇਕ ਬਾਜ਼ ਵੀ ਬੈਠਾ ਸੀ। ਕਲੰਡਰ ਦੇ ਲਾਗੇ ਹੀ ਕੁਝ ਕਿੱਲੀਆਂ ਸਨ, ਕਪੜੇ ਟੰਗਣ ਲਈ।

ਮਹਿਮਾਨ ਨੇ ਬਿਸਤਰਬੰਦ ਖੋਲ੍ਹਿਆ। ਉਸ ਨੇ ਹਵਾਈ ਗੱਦਾ ਕਢਿਆ ਅਤੇ ਮੰਜੇ ਤੇ ਵਿਛਾ ਕੇ ਇਸ ਵਿਚ ਹਵਾ ਭਰ ਦਿਤੀ। ਉਸ ਨੇ ਪਜਾਮਾ ਅਤੇ ਰੇਸ਼ਮੀ ਗਾਊਨ ਕੱਢ ਕੇ ਗੱਦੇ ਉਤੇ ਰਖ ਦਿਤੇ। ਫਿਰ ਉਸ ਨੇ ਸਾਰਡੀਨ ਮੱਛੀ ਦਾ ਇਕ ਡੱਬਾ ਕੱਢਿਆ, ਇਕ ਡੱਬਾ ਆਸਟ੍ਰੇਲੀਆਈ ਮੱਖਣ ਦਾ ਵੀ ਕਢਿਆ ਅਤੇ ਇਕ ਪੈਕਟ ਸੁੱਕੇ ਬਿਸਕੁਟਾਂ ਦਾ ਵੀ। ਉਨ੍ਹੇ ਪਾਣੀ ਵਾਲੀ ਬੋਤਲ ਹਿਲਾਈ, ਉਹ ਖਾਲੀ ਸੀ।

ਬਜ਼ੁਰਗ ਸਿੱਖ ਆਪਣੀ ਲੰਮੀ ਦਾੜ੍ਹੀ ਨੂੰ ਉਂਗਲਾਂ ਨਾਲ ਕੰਘੀ ਕਰਦਾ ਬੂਹੇ ਤੇ ਆ ਗਿਆ।

"ਕੀ ਨਾਂ ਹੈ ਤੁਹਾਡਾ?" ਉਨ੍ਹੇ ਬਰੂਹਾਂ ਤੇ ਬੈਠਦਿਆਂ ਪੁਛਿਆ।

"ਇਕਬਾਲ। ਤੇ ਜੀ ਤੁਹਾਡਾ ਨਾਂ?"

"ਇਕਬਾਲ ਸਿੰਘ?" ਬਜ਼ੁਰਗ ਨੇ ਪੜਤਾਲਿਆ। ਪਰ ਉਸ ਦੇ ਜਵਾਬ ਨੂੰ ਉਡੀਕੇ ਬਿਨਾਂ ਹੀ, ਉਹ ਅਗੇ ਬੋਲਦਾ ਗਿਆ, "ਮੈਂ ਗੁਰਦੁਆਰੇ ਦਾ ਭਾਈ ਹਾਂ। ਭਾਈ ਮੀਤ ਸਿੰਘ। ਮਨੋ ਮਾਜਰਾ ਵਿਚ ਕੀ ਕੰਮ ਹੈ ਤੁਹਾਨੂੰ, ਇਕਬਾਲ ਸਿੰਘ ਜੀ?"

ਨੌਜਵਾਨ ਨੇ ਸੁਖ ਦਾ ਸਾਹ ਲਿਆ ਕਿ ਭਾਈ ਆਪਣੇ ਸੁਆਲ ਤੇ ਖੜ੍ਹਾ ਨਹੀਂ ਸੀ ਰਿਹਾ। ਨੌਜਵਾਨ ਨੂੰ ਦਸਣਾ ਨਹੀਂ ਪਿਆ ਸੀ ਕਿ ਉਹ ਕਿਹੜਾ ਇਕਬਾਲ ਹੈ। ਉਹ ਮੁਸਲਮਾਨ ਹੋ ਸਕਦਾ ਸੀ, ਇਕਬਾਲ ਮੁਹੰਮਦ। ਹਿੰਦੂ ਹੋ ਸਕਦਾ ਸੀ, ਇਕਬਾਲ

ਚੰਦ। ਜਾਂ ਸਿੱਖ ਵੀ ਹੋ ਸਕਦਾ ਸੀ, ਇਕਬਾਲ ਸਿੰਘ। ਤਿੰਨਾਂ ਫਿਰਕਿਆਂ ਵਿਚ ਸਾਂਝੇ ਕੁਝ ਨਾਵਾਂ ਚੋਂ ਇਕ ਇਕਬਾਲ ਸੀ। ਸਿੱਖ ਪਿੰਡ ਵਿਚ ਕਿਸੇ ਇਕਬਾਲ ਮੁਹੰਮਦ ਜਾਂ ਇਕਬਾਲ ਚੰਦ ਨਾਲੋਂ ਇਕਬਾਲ ਸਿੰਘ ਦੀ ਵਧੇਰੇ ਆਓਭਗਤ ਹੋਣੀ ਸੀ, ਭਾਵੇਂ ਉਸਦੇ ਵਾਲ ਮੁੰਨੇ ਹੋਏ ਹੀ ਕਿਉਂ ਨਾ ਹੋਣ। ਉਸ ਦੀਆਂ ਆਪਣੀਆਂ ਕੋਈ ਧਾਰਮਿਕ ਭਾਵਨਾਵਾਂ ਨਹੀਂ ਸਨ।

"ਮੈਂ ਸਮਾਜ ਸੇਵਕ ਹਾਂ, ਭਾਈ ਜੀ। ਸਾਡੇ ਪਿੰਡਾਂ ਵਿਚ ਬੜਾ ਕੁਝ ਕਰਨ ਦੀ ਲੋੜ ਹੈ। ਹੁਣ ਮੁਲਕ ਦੀ ਤਕਸੀਮ ਮਗਰੋਂ ਏਨਾ ਖੂਨ-ਖਰਾਬਾ ਹੋ ਰਿਹੈ, ਇਸ ਨੂੰ ਰੋਕਣ ਲਈ ਕਿਸੇ ਨੂੰ ਤਾਂ ਕੁਝ ਕਰਨਾ ਚਾਹੀਦੈ। ਮੇਰੀ ਪਾਰਟੀ ਨੇ ਮੈਨੂੰ ਇਥੇ ਭੇਜਿਐ ਕਿਉਂਕਿ ਇਹ ਸ਼ਰਨਾਰਥੀਆਂ ਦੀ ਆਵਾਜਾਈ ਵਿਚ ਅਹਿਮ ਨੁਕਤਾ ਹੈ। ਇਥੇ ਹੋਈ ਗੜਬੜ ਵਿਨਾਸ਼ਕਾਰੀ ਸਿੱਧ ਹੋਵੇਗੀ।"

ਭਾਈ ਨੂੰ ਇਕਬਾਲ ਦੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਜਾਪਦੀ ਸੀ।

"ਇਕਬਾਲ ਸਿੰਘ ਜੀ, ਤੁਸੀਂ ਕਿਸ ਜਗਾਹ ਤੋਂ ਹੋ?"

ਇਕਬਾਲ ਜਾਣਦਾ ਸੀ ਕਿ ਸੁਆਲ ਉਸਦੇ ਪੁਰਖਿਆਂ ਬਾਰੇ ਹੈ, ਉਸਦੇ ਆਪਣੇ ਬਾਰੇ ਨਹੀਂ।

"ਮੈਂ ਜ਼ਿਲਾ ਜੇਹਲਮ ਦਾ ਹਾਂ — ਜੋ ਹੁਣ ਪਾਕਿਸਤਾਨ ਵਿਚ ਰਹਿ ਗਿਐ। ਪਰ ਮੈਂ ਵਿਦੇਸ਼ਾਂ ਵਿਚ ਹੀ ਰਿਹਾਂ। ਦੁਨੀਆਂ ਨੂੰ ਦੇਖਣ ਬਾਅਦ ਹੀ ਬੰਦੇ ਨੂੰ ਪਤਾ ਲਗਦੈ ਕਿ ਅਸੀਂ ਕਿੰਨੇ ਪੱਛੜੇ ਹੋਏ ਆਂ। ਜੀਅ ਕਰਦਾ ਹੈ ਕਿ ਇਸ ਬਾਰੇ ਕੁਝ ਕੀਤਾ ਜਾਵੇ। ਇਸ ਲਈ ਮੈਂ ਸਮਾਜਿਕ ਕੰਮ ਕਰਦਾਂ।"

"ਤੈਨੂੰ ਤਨਖਾਹ ਉਹ ਕਿੰਨੀ ਦਿੰਦੇ ਹਨ?"

ਇਕਬਾਲ ਨੇ ਇਨ੍ਹਾਂ ਸਵਾਲਾਂ ਉਤੇ ਇਤਰਾਜ਼ ਨਾ ਕਰਨਾ ਸਿੱਖ ਲਿਆ ਸੀ।

"ਮੈਨੂੰ ਕੋਈ ਖਾਸ ਰਕਮ ਨਹੀਂ ਮਿਲਦੀ। ਬਸ ਮੇਰੇ ਖਰਚੇ ਹੀ ਮਿਲਦੇ ਹਨ।"

"ਤੇਰੀ ਬੀਵੀ ਤੇ ਬੱਚਿਆਂ ਦੇ ਖਰਚੇ ਵੀ ਦਿੰਦੇ ਹਨ ਉਹ?"

"ਨਹੀਂ, ਭਾਈ ਜੀ, ਅਜੇ ਮੈਂ ਵਿਆਹਿਆ ਨਹੀਂ। ਅਸਲ ਵਿਚ ਮੈਂ ..."

"ਕਿੰਨੀ ਉਮਰ ਹੈ ਤੇਰੀ?"

"ਸਤਾਈ ਸਾਲ। ਕੀ ਹੋਰ ਵੀ ਕੋਈ ਸਮਾਜ ਸੇਵਕ ਪਿੰਡ ਵਿਚ ਆਉਂਦੇ ਹਨ?" ਇਕਬਾਲ ਨੇ ਮੀਤ ਸਿੰਘ ਦੀ ਜਿਰਹਾ ਤੋਂ ਬਚਣ ਲਈ ਆਪ ਸਵਾਲ ਪੁੱਛਣ ਦਾ ਫੈਸਲਾ ਕੀਤਾ।

"ਕਈ ਵਾਰੀ, ਅਮਰੀਕੀ ਪਾਦਰੀ ਆਉਂਦੇ ਹਨ।"

"ਤੁਹਾਡੇ ਪਿੰਡ ਵਿਚ ਉਨ੍ਹਾਂ ਵਲੋਂ ਈਸਾਈ ਮੱਤ ਦਾ ਪ੍ਰਚਾਰ ਕਰਨਾ ਤੁਹਾਨੂੰ ਚੰਗਾ ਲਗਦੈ?"

"ਹਰ ਕਿਸੇ ਨੂੰ ਉਹਦਾ ਧਰਮ ਮੁਬਾਰਕ। ਔਹ ਨਾਲ ਹੀ ਮੁਸਲਿਮ ਮਸਜਿਦ ਹੈ। ਜਦੋਂ ਮੈਂ ਆਪਣੇ ਗੁਰੂ ਨੂੰ ਅਰਦਾਸ ਕਰਦਾ ਹਾਂ ਤਾਂ ਚਾਚਾ ਇਮਾਮ ਬਖ਼ਸ਼ ਅੱਲਾ ਨੂੰ ਬਾਂਗ ਦਿੰਦੈ। ਯੂਰਪ ਵਿਚ ਲੋਕ ਕਿੰਨੇ ਧਰਮਾਂ ਨੂੰ ਮੰਨਦੇ ਹਨ?"

"ਉਹ ਸਾਰੇ ਇਕ ਜਾਂ ਦੂਜੀ ਕਿਸਮ ਦੇ ਈਸਾਈ ਹਨ। ਉਹ ਆਪਣੇ ਧਰਮ ਬਾਰੇ ਇੰਜ ਨਹੀਂ ਲੜਦੇ ਜਿਵੇਂ ਅਸੀਂ ਲੜਦੇ ਹਾਂ। ਸੱਚ ਤਾਂ ਇਹ ਹੈ ਕਿ ਉਹ ਧਰਮ ਦੀ ਬਹੁਤੀ ਪ੍ਰਵਾਹ ਹੀ ਨਹੀਂ ਕਰਦੇ।"

"ਹਾਂ, ਮੈਂ ਵੀ ਇਹੋ ਸੁਣਿਐ," ਮੀਤ ਸਿੰਘ ਨੇ ਗੰਭੀਰਤਾ ਨਾਲ ਕਿਹਾ। "ਇਸੇ ਲਈ ਉਨ੍ਹਾਂ ਦਾ ਕੋਈ ਇਖਲਾਕ ਨਹੀਂ। ਸਾਹਿਬ ਅਤੇ ਉਨ੍ਹਾਂ ਦੀਆਂ ਪਤਨੀਆਂ ਦੂਜੇ ਸਾਹਿਬਾਂ ਅਤੇ ਪਤਨੀਆਂ ਨਾਲ ਚਲੇ ਜਾਂਦੇ ਹਨ। ਇਹ ਤਾਂ ਕੋਈ ਚੰਗੀ ਗੱਲ ਨਹੀਂ, ਚੰਗੀ ਐ?"

"ਪਰ ਉਹ ਝੂਠ ਨਹੀਂ ਬੋਲਦੇ ਜਿਵੇਂ ਅਸੀਂ ਬੋਲਦੇ ਹਾਂ। ਨਾ ਹੀ ਉਹ ਭ੍ਰਿਸ਼ਟ ਅਤੇ ਬੇਈਮਾਨ ਹਨ ਜਿਵੇਂ ਸਾਡੇ ਚੋਂ ਬਹੁਤ ਸਾਰੇ ਹਨ।" ਇਕਬਾਲ ਨੇ ਜਵਾਬ ਦਿਤਾ।

ਉਨ੍ਹੇ ਸਾਰਡੀਨ ਮੱਛੀ ਦਾ ਡੱਬਾ ਚਾਬੀ ਨਾਲ ਖੋਲ੍ਹ ਲਿਆ। ਇਸ ਵਿਚੋਂ ਕੱਢਕੇ ਮੱਛੀ ਉਨ੍ਹੇ ਬਿਸਕੁਟ ਤੇ ਲਾਈ। ਨਾਲੇ ਉਹ ਖਾਈ ਗਿਆ ਅਤੇ ਨਾਲ ਹੀ ਗੱਲਾਂ ਕਰੀ ਗਿਆ।

"ਇਖਲਾਕ ਤਾਂ ਮੀਤ ਸਿੰਘ ਜੀ ਪੈਸੇ ਦੀ ਖੇਡ ਐ। ਗਰੀਬ ਲੋਕ ਇਖਲਾਕ ਰਖਣ ਜੋਗੇ ਹੀ ਨਹੀਂ। ਇਸ ਲਈ ਉਹ ਧਰਮ ਰਖਦੇ ਹਨ। ਸਾਡੀ ਪਹਿਲੀ ਸਮੱਸਿਆ ਤਾਂ ਲੋਕਾਂ ਨੂੰ ਵਧੇਰੇ ਖਾਣਾ, ਕਪੜੇ ਅਤੇ ਸੁਖ ਸਹੂਲਤਾਂ ਦੇਣ ਦੀ ਹੈ। ਇਹ ਕੁਝ ਤਾਂ ਹੀ ਦਿਤਾ ਜਾ ਸਕਦਾ ਹੈ, ਜੇ ਅਮੀਰਾਂ ਵਲੋਂ ਕੀਤੀ ਜਾਂਦੀ ਲੁੱਟ-ਖਸੁੱਟ ਖਤਮ ਕੀਤੀ ਜਾਵੇ ਅਤੇ ਜਾਗੀਰਦਾਰਾਂ ਨੂੰ ਸਮਾਪਤ ਕੀਤਾ ਜਾਵੇ। ਇਹ ਕਿਵੇ ਹੋ ਸਕਦੈ, ਕੇਵਲ ਸਰਕਾਰ ਬਦਲ ਕੇ ਹੀ ਹੋ ਸਕਦੈ।"

ਮੀਤ ਸਿੰਘ ਨੌਜਵਾਨ ਨੂੰ ਪੂਰੀ ਮੱਛੀ, ਉਸ ਦਾ ਸਿਰ, ਅੱਖਾਂ ਤੇ ਪੂਛਲ ਵੀ, ਖਾਂਦੇ ਨੂੰ ਗਿਲਾਨੀ ਨਾਲ ਦੇਖਦਾ ਰਿਹਾ। ਉਸਨੇ ਪੇਂਡੂ ਕਰਜ਼, ਔਸਤ ਕੌਮੀ ਆਮਦਨ ਅਤੇ ਸਰਮਾਏਦਾਰੀ ਲੁੱਟ-ਚੋਂਘ ਬਾਰੇ ਨੌਜਵਾਨ ਵਲੋਂ ਬਿਸਕੁਟ ਦੇ ਭੂਰ-ਚੂਰ ਨਾਲ ਬੁਛਾੜ ਕੀਤੇ ਜਾ ਰਹੇ ਲੈਕਚਰ ਨੂੰ ਖਾਸ ਧਿਆਨ ਨਹੀਂ ਦਿਤਾ। ਜਦੋਂ ਇਕਬਾਲ ਨੇ ਖਾਣਾ ਖਤਮ ਕਰ ਲਿਆ ਤਾਂ ਮੀਤ ਸਿੰਘ ਨੇ ਆਪਣੇ ਘੜੇ ਵਿਚੋਂ ਪਾਣੀ ਦਾ ਗਲਾਸ ਲਿਆ ਦਿਤਾ। ਇਕਬਾਲ ਨੇ ਬੋਲਣਾ ਬੰਦ ਨਹੀਂ ਕੀਤਾ। ਜਦੋਂ ਭਾਈ ਬਾਹਰ ਵੀ ਚਲਾ ਗਿਆ ਸੀ ਤਾਂ ਸਗੋਂ ਉਹ ਹੋਰ ਉਚੀ ਆਵਾਜ਼ ਵਿਚ ਬੋਲ ਕੇ ਸੁਣਾਉਣ ਲੱਗਾ ਸੀ।

ਇਕਬਾਲ ਨੇ ਆਪਣੀ ਜੇਬ ਵਿਚੋਂ ਮੋਮੀ ਕਾਗਜ਼ ਕੱਢਿਆ, ਇਸ ਵਿਚੋਂ ਇਕ ਸਫੈਦ ਗੋਲ਼ੀ ਕੱਢੀ ਅਤੇ ਪਾਣੀ ਦੇ ਗਲਾਸ ਵਿਚ ਪਾ ਦਿਤੀ। ਉਨ੍ਹੇ ਦੇਖਿਆ ਸੀ ਕਿ ਮੀਤ ਸਿੰਘ ਦਾ ਅੰਗੂਠਾ ਗਲਾਸ ਦੇ ਪਾਣੀ ਵਿਚ ਡੁੱਬਾ ਹੋਇਆ ਸੀ ਅਤੇ ਅੰਗੂਠੇ ਦੇ ਨਹੁੰ ਹੇਠਾਂ ਕਾਲੀ ਮੈਲ ਵੀ ਜੰਮੀ ਉਸ ਨੂੰ ਨਜ਼ਰ ਪਈ ਸੀ। ਵੈਸੇ ਵੀ ਪਾਣੀ ਉਸ ਖੂਹ

ਵਿਚੋਂ ਲਿਆ ਗਿਆ ਸੀ, ਜਿਸ ਨੂੰ ਕਦੇ ਵੀ ਕਲੋਰੀਨ ਪਾ ਕੇ ਸਾਫ ਨਹੀਂ ਕੀਤਾ ਗਿਆ ਹੋਵੇਗਾ।

"ਬੀਮਾਰ ਐਂ?" ਬਜ਼ੁਰਗ ਨੇ ਪੁਛਿਆ।

"ਨਹੀਂ, ਇਸ ਨਾਲ ਖਾਣਾ ਪਚਾਉਣ ਵਿਚ ਮਦਦ ਮਿਲਦੀ ਹੈ। ਸਾਨੂੰ ਸ਼ਹਿਰ ਵਾਲਿਆਂ ਨੂੰ ਖਾਣੇ ਮਗਰੋਂ ਇਸ ਦੀ ਲੋੜ ਪੈਂਦੀ ਹੈ।"

ਇਕਬਾਲ ਨੇ ਵਿਚੋਂ ਭੰਗ ਹੋਈ ਤਕਰੀਰ ਫਿਰ ਸ਼ੁਰੂ ਕਰ ਲਈ। "ਜਿਵੇਂ ਕਿਤੇ ਇਹ ਬੁਰਾਈਆਂ ਘਟ ਹੋਣ," ਉਸ ਨੇ ਭਾਸ਼ਣ ਜਾਰੀ ਰਖਿਆ, "ਉਪਰੋਂ ਇਹ ਪੁਲਿਸ ਮਹਿਕਮਾ। ਲੋਕਾਂ ਦੀ ਰਾਖੀ ਕਰਨ ਦੀ ਥਾਂ, ਉਨ੍ਹਾਂ ਨਾਲ ਬੁਰਾ ਵਰਤਾਓ ਕਰਦਾ ਹੈ। ਰਿਸ਼ਵਤ ਤੇ ਭ੍ਰਿਸ਼ਟਾਚਾਰ ਇਸ ਦੇ ਲਹੂ ਵਿਚ ਦੌੜਦੇ ਹਨ। ਤੁਹਾਨੂੰ ਪਤਾ ਹੀ ਹੈ ਸਭ ਕੁਝ ਦਾ, ਮੈਨੂੰ ਯਕੀਨ ਹੈ।"

ਬਜ਼ੁਰਗ ਨੇ ਸਹਿਮਤੀ ਵਿਚ ਸਿਰ ਹਿਲਾਇਆ। ਉਹ ਕੋਈ ਟਿੱਪਣੀ ਕਰ ਸਕਦਾ, ਇਸ ਤੋਂ ਪਹਿਲਾਂ ਹੀ ਨੌਜਵਾਨ ਫਿਰ ਸ਼ੁਰੂ ਹੋ ਗਿਆ। "ਥਾਣੇਦਾਰ ਦੇ ਨਾਲ ਇਕ ਪੁਲਿਸ ਪਾਰਟੀ ਮੇਰੇ ਵਾਲੀ ਗੱਡੀ ਤੇ ਹੀ ਆਈ ਸੀ। ਕੋਈ ਸ਼ਕ ਨਹੀਂ ਕਿ ਉਹ ਮੁਰਗੇ ਛਕਣਗੇ, ਥਾਣੇਦਾਰ ਵੱਢੀ ਦੀ ਕਮਾਈ ਕਰ ਲਵੇਗਾ ਅਤੇ ਫਿਰ ਉਹ ਅਗਲੇ ਪਿੰਡ ਪਹੁੰਚ ਜਾਣਗੇ। ਮੈਂ ਸਮਝਦਾਂ ਕਿ ਲੋਕਾਂ ਨੂੰ ਲੁੱਟਣ ਤੋਂ ਸਿਵਾ ਇਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ।"

ਪੁਲਿਸ ਦੇ ਜ਼ਿਕਰ ਨੇ ਬਜ਼ੁਰਗ ਨੂੰ ਅਣ-ਮਨੇ ਸਰੋਤੇ ਦੀ ਭੂਮਿਕਾ ਵਿਚੋਂ ਜਗਾ ਦਿਤਾ। "ਤਾਂ ਆਖਰ ਪੁਲਿਸ ਆ ਹੀ ਗਈ। ਮੈਂ ਵੀ ਜਾਵਾਂਗਾ ਤੇ ਦੇਖਾਂਗਾ ਕਿ ਉਹ ਕੀ ਕਰ ਰਹੇ ਨੇ। ਉਹ ਨਿਸ਼ਚੇ ਹੀ ਸ਼ਾਹੂਕਾਰ ਦੇ ਘਰ ਹੋਣਗੇ। ਗੁਰਦੁਆਰੇ ਦੇ ਔਹ ਸਾਹਮਣੇ ਆਪਣੇ ਘਰ ਉਸ ਦਾ ਕਤਲ ਹੋ ਗਿਆ ਸੀ। ਡਾਕੂ ਬਹੁਤ ਸਾਰੀ ਰਕਮ ਲੈ ਗਏ ਅਤੇ ਕਿਹਾ ਜਾਂਦੈ ਕਿ ਘਰ ਦੀਆਂ ਔਰਤਾਂ ਤੋਂ ਪੰਜ ਹਜ਼ਾਰ ਤੋਂ ਵਧ ਰੁਪਿਆਂ ਦੇ ਚਾਂਦੀ-ਸੋਨੇ ਦੇ ਗਹਿਣੇ ਵੀ ਲੈ ਗਏ।"

ਮੀਤ ਸਿੰਘ ਨੇ ਅਨੁਭਵ ਕੀਤਾ ਕਿ ਉਸ ਨੇ ਮਾਮਲੇ ਵਿਚ ਰੁਚੀ ਜਗਾ ਦਿਤੀ ਹੈ। ਹੌਲੀ ਹੌਲੀ ਉਹ ਉਠਿਆ ਅਤੇ ਦੁਹਰਾਇਆ, "ਮੈਨੂੰ ਜਾਣਾ ਚਾਹੀਦੈ। ਸਾਰਾ ਪਿੰਡ ਉਥੇ ਹੋਵੇਗਾ। ਉਹ ਲਾਸ਼ ਨੂੰ ਪੋਸਟ ਮਾਰਟਮ ਲਈ ਲੈ ਜਾਣਗੇ। ਜੇ ਕੋਈ ਬੰਦਾ ਮਾਰਿਆ ਵੀ ਜਾਵੇ ਤਾਂ ਓਨੀ ਦੇਰ ਸਸਕਾਰ ਨਹੀਂ ਹੋ ਸਕਦਾ ਜਿੰਨਾ ਚਿਰ ਡਾਕਟਰ ਉਸ ਨੂੰ 'ਮਰ ਗਿਆ' ਦਾ ਸਰਟੀਫਿਕੇਟ ਨਾ ਦੇ ਦੇਣ," ਬਜ਼ੁਰਗ ਨੇ ਮੂੰਹ ਬਣਾਇਆ।

"ਕਤਲ! ਕਿਉਂ, ਕਿਉਂ ਮਾਰਿਆ ਉਸ ਨੂੰ?" ਇਕਬਾਲ ਹਕਲਾਇਆ। ਉਹ ਕੁਝ ਕੁਝ ਸ਼ਸ਼ੋਪੰਜ ਵਿਚ ਪੈ ਗਿਆ ਸੀ। ਉਹ ਹੈਰਾਨ ਸੀ ਕਿ ਮੀਤ ਸਿੰਘ ਨੇ ਆਪਣੇ ਗੁਆਂਢ ਵਿਚ ਹੀ ਹੋਏ ਕਤਲ ਦਾ ਹਾਲੇ ਤਕ ਜ਼ਿਕਰ ਕਿਉਂ ਨਹੀਂ ਕੀਤਾ ਸੀ। "ਕੀ ਇਹ ਫਿਰਕੂ ਕਤਲ ਸੀ? ਕੀ ਇਥੇ ਰਹਿਣਾ ਮੇਰੇ ਲਈ ਠੀਕ ਵੀ ਹੋਵੇਗਾ? ਸਾਰਾ ਪਿੰਡ ਹੀ ਇਕ ਕਤਲ ਉਤੇ ਉਤੇਜਿਤ ਹੋ ਗਿਆ ਹੈ, ਤਾਂ ਮੈਨੂੰ ਨਹੀਂ ਲੱਗਦਾ ਕਿ ਮੈਂ

ਇਥੇ ਕੁਝ ਕੰਮ ਦਾ ਕਰ ਸਕਾਂਗਾ।”

“ਕਿਉਂ ਬਾਬੂ ਜੀ, ਤੁਸੀਂ ਤਾਂ ਕਤਲੋਗਾਰਤ ਰੋਕਣ ਆਏ ਸੀ ਅਤੇ ਇਕ ਕਤਲ ਉਤੇ ਹੀ ਘਬਰਾ ਗਏ?” ਮੀਤ ਸਿੰਘ ਨੇ ਮੁਸਕਰਾਉਂਦਿਆਂ ਪੁਛਿਆ। “ਮੈਂ ਤਾਂ ਸੋਚਿਆ ਸੀ ਕਿ ਤੁਸੀਂ ਇਹ ਘਟਨਾਵਾਂ ਰੋਕਣ ਆਏ ਹੋ, ਬਾਬੂ ਜੀ। ਪਰ ਡਰੋ ਨਹੀਂ ਤੁਹਾਨੂੰ ਮਨੋ ਮਾਜਰਾ ਵਿਚ ਕੋਈ ਖਤਰਾ ਨਹੀਂ,” ਉਹਨੇ ਅਗੇ ਆਖਿਆ, “ਡਾਕੂ ਉਸੇ ਪਿੰਡ ਵਿਚ ਸਾਲ ਭਰ ਵਿਚ ਇਕ ਤੋਂ ਵਧ ਵਾਰ ਨਹੀਂ ਆਉਂਦੇ। ਕੁਝ ਦਿਨਾਂ ਵਿਚ ਕਿਸੇ ਹੋਰ ਪਿੰਡ ਨਵਾਂ ਡਾਕਾ ਪਵੇਗਾ ਅਤੇ ਲੋਕ ਇਥੋਂ ਵਾਲੀ ਗੱਲ ਭੁਲ-ਭੁਲਾ ਜਾਣਗੇ। ਸ਼ਾਮ ਦੇ ਪਾਠ ਮਗਰੋਂ ਆਪਾਂ ਕਿਸੇ ਰਾਤ ਇਥੇ ਮੀਟਿੰਗ ਕਰ ਸਕਦੇ ਹਾਂ। ਤੁਸੀਂ ਲੋਕਾਂ ਨੂੰ ਦੱਸ ਦੇਣਾ ਕਿ ਤੁਸੀਂ ਕੀ ਚਾਹੁੰਦੇ ਹੋ। ਹੁਣ ਤੁਸੀਂ ਆਰਾਮ ਕਰੋ। ਮੈਂ ਵਾਪਸ ਆਵਾਂਗਾ ਅਤੇ ਦੱਸਾਂਗਾ ਕਿ ਉਥੇ ਕੀ ਕੁਝ ਹੋਇਆ।”

ਬਜ਼ੁਰਗ ਲੰਙ ਮਾਰਦਾ ਵਿਹੜੇ ਵਿਚੋਂ ਨਿਕਲ ਗਿਆ। ਇਕਬਾਲ ਨੇ ਖਾਲੀ ਡੱਬਾ, ਛੁਰੀ ਅਤੇ ਕਾਂਟਾ ਅਤੇ ਟੀਨ ਦੀ ਪਲੇਟ ਚੁਕੀ। ਇਨ੍ਹਾਂ ਨੂੰ ਧੋਣ ਲਈ ਉਹ ਖੂਹ ਤੇ ਲੈ ਗਿਆ।

## 6

ਦੁਪਹਿਰ ਬਾਅਦ ਇਕਬਾਲ ਵਾਣ ਦੀ ਮੰਜੀ ਤੇ ਲੇਟ ਗਿਆ। ਸੌਣ ਦੀ ਕੋਸ਼ਸ਼ ਕਰਨ ਲੱਗਾ। ਰਾਤ ਸਾਰੀ ਉਸ ਨੇ ਰੇਲ ਵਿਚ ਤੀਜੀ ਸ਼੍ਰੇਣੀ ਦੇ ਖਚਾ-ਖੱਚ ਭਰੇ ਡੱਬੇ ਵਿਚ ਬਿਸਤਰਬੰਦ ਤੇ ਬੈਠਿਆਂ ਹੀ ਗੁਜ਼ਾਰੀ ਸੀ। ਜਦੋਂ ਹੀ ਉਹਦੀ ਝਪਕ ਲੱਗਦੀ ਸੀ, ਗੱਡੀ ਕਿਸੇ ਆਮ ਜਿਹੇ ਸਟੇਸ਼ਨ ਤੇ ਰੁਕ ਜਾਂਦੀ ਸੀ। ਦਰਵਾਜ਼ਾ ਜ਼ਬਰਦਸਤੀ ਖੋਲ੍ਹ ਲਿਆ ਜਾਂਦਾ ਸੀ। ਹੋਰ ਕਿਸਾਨ ਆਪਣੀਆਂ ਪਤਨੀਆਂ, ਬਿਸਤਰਿਆਂ ਅਤੇ ਟਰੰਕਾਂ ਸਮੇਤ ਚੜ੍ਹ ਜਾਂਦੇ ਸਨ। ਕਈ ਬੱਚੇ ਆਪਣੀਆਂ ਮਾਵਾਂ ਦੀ ਗੋਦੀ ਵਿਚ ਉਚੀ ਉਚੀ ਰੋਣ ਲੱਗ ਜਾਂਦੇ। ਉਨ੍ਹਾਂ ਦੀ ਆਵਾਜ਼ ਉਦੋਂ ਹੀ ਬੰਦ ਹੁੰਦੀ ਜਦੋਂ ਮਾਵਾਂ ਉਨ੍ਹਾਂ ਦੇ ਮੂੰਹ ਵਿਚ ਦੁੱਧੀਆਂ ਤੁੰਨ ਦਿੰਦੀਆਂ। ਸਟੇਸ਼ਨ ਤੋਂ ਤੁਰਨ ਤੋਂ ਕਾਫੀ ਸਮਾਂ ਦੇਰ ਤਕ ਚੀਕ ਚਿਹਾੜਾ ਅਤੇ ਰੌਲਾ ਰੱਪਾ ਚਲਦਾ ਰਹਿੰਦਾ। ਇਹੋ ਗੱਲ ਵਾਰ ਵਾਰ ਦੁਹਰਾਈ ਗਈ ਜਦੋਂ ਤਕ ਕਿ 50 ਯਾਤਰੀਆਂ ਲਈ ਬਣਾਏ ਡੱਬੇ ਵਿਚ ਲਗਭਗ ਦੋ ਸੌ ਮੁਸਾਫਰ ਨਾ ਤੂੜੇ ਗਏ ਅਤੇ ਉਹ ਫਰਸ਼ ਤੇ, ਸੀਟਾਂ ਤੇ, ਸਮਾਨ ਰਖਣ ਵਾਲੇ ਫੱਟਿਆਂ ਤੇ, ਟਰੰਕਾਂ ਤੇ, ਬਿਸਤਰਬੰਦਾਂ ਤੇ ਅਤੇ ਇਕ ਦੂਜੇ ਦੇ ਉਤੇ ਨਾ ਬੈਠ ਗਏ ਜਾਂ ਖੂੰਜਿਆਂ ਵਿਚ ਖੜ੍ਹੇ ਨਾ ਹੋ ਗਏ। ਦਰਜਨਾਂ ਹੋਰ ਸਨ ਜੋ ਦਰਵਾਜ਼ੇ ਦੀਆਂ ਪੌੜੀਆਂ ਤੇ ਖਤਰਨਾਕ ਹਾਲਤ ਵਿਚ ਖੜ੍ਹੇ ਦਰਵਾਜ਼ੇ ਦੇ ਹੈਂਡਲਾਂ ਨਾਲ ਲਟਕ ਰਹੇ ਸਨ। ਕਈ ਬੰਦੇ ਛੱਤਾਂ ਉਤੇ ਵੀ ਬੈਠੇ ਸਨ। ਗਰਮੀ ਅਤੇ ਬੋ ਜਾਨ ਕੱਢ ਰਹੀ ਸੀ। ਹਰ ਕੁਝ ਮਿੰਟ ਮਗਰੋਂ ਕਿਸੇ ਨਾ ਕਿਸੇ ਨੂੰ ਗੁੱਸਾ ਚੜ੍ਹਿਆ ਰਹਿੰਦਾ ਅਤੇ ਬੋਲ-ਬੁਲਾਰਾ ਸ਼ੁਰੂ ਹੋ ਜਾਂਦਾ ਕਿਉਂਕਿ ਕਿਸੇ

ਨੇ ਫੈਲ ਕੇ ਜਗਾਹ ਜ਼ਿਆਦਾ ਮੱਲ ਲਈ ਹੁੰਦੀ ਜਾਂ ਸ਼ੌਚਾਲੇ ਜਾਂਦਿਆਂ ਕਿਸੇ ਨੇ ਕਿਸੇ ਦਾ ਪੈਰ ਮਿੱਧ ਦਿਤਾ ਹੁੰਦਾ। ਬੋਲ-ਬੁਲਾਰੇ ਵਿਚ ਦੋਹਾਂ ਪਾਸਿਆਂ ਦੇ ਮਿੱਤਰ ਜਾਂ ਰਿਸ਼ਤੇਦਾਰ ਵੀ ਸ਼ਾਮਲ ਹੋ ਜਾਂਦੇ ਅਤੇ ਆਸੇ ਪਾਸੇ ਦੇ ਅਨੇਕਾਂ ਯਾਤਰੀ ਵੀ ਸਮਝੌਤਾ ਕਰਾਉਣ ਦੀ ਕੋਸ਼ਸ਼ ਕਰਦੇ ਦਲੀਲਬਾਜ਼ੀ ਦਾ ਹਿੱਸਾ ਬਣ ਜਾਂਦੇ। ਇਕਬਾਲ ਨੇ ਧੁੰਦਲੀ ਜਿਹੀ ਰੋਸ਼ਨੀ ਵਿਚ ਪੜ੍ਹਨ ਦੀ ਕੋਸ਼ਸ਼ ਕੀਤੀ ਸੀ; ਉਸ ਧੁੰਦਲੀ ਰੋਸ਼ਨੀ ਉਤੇ ਵੀ ਉਡ ਰਹੇ ਭਮੱਕੜਾਂ ਦੇ ਪਰਛਾਵੇਂ ਉਸ ਨੂੰ ਹੋਰ ਧੁੰਦਲੀ ਬਣਾ ਰਹੇ ਸਨ। ਮਸਾਂ ਇਕ ਪੈਰਾ ਹੀ ਉਨ੍ਹੇ ਪੜ੍ਹਿਆ ਹੋਣਾ ਕਿ ਨਾਲ ਵਾਲੇ ਯਾਤਰੀ ਨੇ ਪੁਛ ਲਿਆ:

"ਪੜ੍ਹ ਰਹੇ ਹੋ?"

"ਹਾਂ, ਮੈਂ ਪੜ੍ਹ ਰਿਹਾਂ।"

"ਕੀ ਪੜ੍ਹ ਰਹੇ ਹੋ?"

"ਕਿਤਾਬ।"

ਇੰਨੇ ਕੁਰੱਖਤ ਜਵਾਬਾਂ ਨਾਲ ਵੀ ਕੰਮ ਨਹੀਂ ਚਲਿਆ। ਯਾਤਰੀ ਨੇ ਉਸਦੇ ਹੱਥਾਂ ਵਿਚੋਂ ਕਿਤਾਬ ਹੀ ਖਿੱਚ ਲਈ ਅਤੇ ਇਸਦੇ ਪੰਨੇ ਫਰੋਲਣ ਲੱਗਾ।

"ਅੰਗਰੇਜ਼ੀ।"

"ਪੜ੍ਹੇ ਲਿਖੇ ਲੱਗਦੇ ਹੋ।"

ਇਕਬਾਲ ਨੇ ਕੋਈ ਟਿੱਪਣੀ ਨਾ ਕੀਤੀ।

ਕਿਤਾਬ ਹੱਥੋ ਹੱਥ ਸਾਰੇ ਡੱਬੇ ਵਿਚ ਘੁੰਮ ਗਈ। ਉਨ੍ਹਾਂ ਸਭ ਨੇ ਉਸਨੂੰ ਦੇਖਿਆ।

ਉਹ ਪੜ੍ਹਿਆ-ਲਿਖਿਆ ਸੀ, ਇਸ ਲਈ ਵੱਖਰੀ ਸ਼੍ਰੇਣੀ ਦਾ ਸੀ। ਉਹ ਤਾਂ ਬਾਬੂ ਸੀ।

"ਤੁਹਾਡਾ ਸ਼ੁਭ ਨਾਮ ਕੀ ਹੈ?"

"ਮੇਰਾ ਨਾਂ ਇਕਬਾਲ ਹੈ।"

"ਸ਼ਾਲਾ, ਤੇਰਾ ਇਕਬਾਲ ਸਦਾ ਚੜ੍ਹਦੀ ਕਲਾ ਵਿਚ ਰਹੇ!"

ਯਾਤਰੀ ਨੇ ਸਪਸ਼ਟ ਹੀ ਉਸਨੂੰ ਮੁਸਲਮਾਨ ਸਮਝ ਲਿਆ ਸੀ। ਇਸੇ ਤਰ੍ਹਾਂ ਬਾਕੀ ਸਾਰਿਆਂ ਨੇ ਵੀ। ਸਾਰੇ ਹੀ ਮੁਸਾਫਰ ਪਾਕਿਸਤਾਨ ਨੂੰ ਜਾ ਰਹੇ ਮੁਸਲਮਾਨ ਲੱਗਦੇ ਸਨ।

"ਤੁਹਾਡਾ ਦੌਲਤਖਾਨਾ ਕਿਥੇ ਹੈ, ਬਾਬੂ ਜੀ?"

"ਮੇਰਾ ਗਰੀਬਖਾਨਾ ਜੇਹਲਮ ਜ਼ਿਲੇ ਵਿਚ ਹੈ," ਇਕਬਾਲ ਨੇ ਬਿਨਾਂ ਚਿੜ੍ਹਿਆਂ ਜਵਾਬ ਦਿਤਾ ਸੀ। ਜਵਾਬ ਨੇ ਉਹਦੇ ਮੁਸਲਮਾਨ ਹੋਣ ਦੀ ਸੰਭਾਵਨਾ ਹੋਰ ਵੀ ਪੱਕੀ

ਕਰ ਦਿਤੀ ਸੀ। ਜੇਹਲਮ ਪਾਕਿਸਤਾਨ ਵਿਚ ਜੋ ਸੀ।

ਉਪਰੰਤ, ਹੋਰ ਵੀ ਕਈ ਮੁਸਾਫਰ ਉਸਦੀ ਜਿਰਹਾ ਕਰਨ ਵਿਚ ਸ਼ਾਮਲ ਹੋ ਗਏ ਸਨ। ਇਕਬਾਲ ਨੂੰ ਦੱਸਣਾ ਪਿਆ ਕਿ ਉਹ ਕੀ ਕੰਮ ਕਰਦਾ ਸੀ, ਉਹਦੀ ਆਮਦਨ ਦਾ ਜ਼ਰੀਆ ਕੀ ਸੀ, ਉਹਦੀ ਕੀਮਤ ਕੀ ਸੀ, ਉਹ ਪੜ੍ਹਿਆ ਕਿਥੇ ਸੀ, ਉਸ ਨੇ ਵਿਆਹ ਕਿਉਂ ਨਹੀਂ ਕਰਵਾਇਆ ਸੀ, ਹੁਣ ਤਕ ਉਹ ਕਿਨ੍ਹਾਂ ਕਿਨ੍ਹਾਂ ਬੀਮਾਰੀਆਂ ਵਿਚੋਂ ਲੰਘਿਆ ਸੀ। ਮੁਸਾਫਰਾਂ ਨੇ ਆਪਣੀਆਂ ਵੀ ਘਰੋਗੀ ਸਮੱਸਿਆਵਾਂ ਅਤੇ ਬੀਮਾਰੀਆਂ ਦਾ ਜ਼ਿਕਰ ਕੀਤਾ ਅਤੇ ਉਹਦੀ ਸਲਾਹ ਮੰਗੀ ਸੀ। ਕੀ ਇਕਬਾਲ ਨੂੰ ਉਨ੍ਹਾਂ ਗੁਪਤ ਨੁਸਖਿਆਂ ਜਾਂ ਜੜ੍ਹਾਂ-ਬੂਟੀਆਂ ਦਾ ਪਤਾ ਸੀ ਜਿਨ੍ਹਾਂ ਦੀ ਵਰਤੋਂ ਅੰਗਰੇਜ਼ ਲੋਕ 'ਕਮਜ਼ੋਰ' ਹੋਣ ਤੇ ਕਰਦੇ ਸਨ। ਇਕਬਾਲ ਨੇ ਸੌਣ ਜਾਂ ਪੜ੍ਹਨ ਦੀ ਕੋਸ਼ਸ਼ ਕਰਨੀ ਹੀ ਹੁਣ ਛੱਡ ਦਿਤੀ ਸੀ। ਉਨ੍ਹਾਂ ਦਾ ਵਾਰਤਾਲਾਪ ਸਵੇਰ ਸਾਝਰੇ ਤਕ ਚਲਦਾ ਰਿਹਾ ਸੀ। ਉਹ ਇਸ ਯਾਤਰਾ ਨੂੰ 'ਅਸਹਿ' ਕਹਿ ਸਕਦਾ ਸੀ ਪਰ ਹਿੰਦੁਸਤਾਨ ਵਿਚ ਤਾਂ ਮਨੁੱਖੀ ਸਹਿਣਸ਼ੀਲਤਾ ਇਸ ਹੱਦ ਤਕ ਖਿਚੀ ਗਈ ਸੀ ਕਿ 'ਅਸਹਿ' ਸ਼ਬਦ ਦਾ ਕੋਈ ਅਰਥ ਹੀ ਨਹੀਂ ਰਹਿ ਗਿਆ ਸੀ। ਮਨੋ ਮਾਜਰਾ ਉਤਰ ਕੇ ਹੀ ਉਹਨੇ ਸੁਖ ਦਾ ਸਾਹ ਲਿਆ। ਹੁਣ ਉਸ ਨੇ ਤਾਜ਼ੀ ਹਵਾ ਵਿਚ ਡੂੰਘੇ ਸਾਹ ਲਏ। ਉਹ ਸੋਚ ਰਿਹਾ ਸੀ ਕਿ ਕਿਤੇ ਜਾ ਕੇ ਦੁਪਹਿਰ ਬਾਅਦ ਲੰਮਾ ਆਰਾਮ ਕਰੇ।

ਪਰ ਨੀਂਦ ਤਾਂ ਇਕਬਾਲ ਦੇ ਨੇੜੇ ਨਹੀਂ ਢੁਕ ਰਹੀ ਸੀ। ਕਮਰੇ ਵਿਚ ਕੋਈ ਰੋਸ਼ਨਦਾਨ ਜਾਂ ਤਾਜ਼ੀ ਹਵਾ ਦੀ ਕੋਈ ਆਵਾਜਾਈ ਨਹੀਂ ਸੀ। ਉੱਲੀ ਲੱਗੀ ਮਿੱਟੀ ਦੀ ਬੋ ਆ ਰਹੀ ਸੀ। ਖੂੰਜੇ ਵਿਚ ਪਏ ਕਪੜਿਆਂ ਦੇ ਢੇਰ ਵਿਚੋਂ ਬੇਹੇ ਘਿਓ ਦੀ ਬੋ ਨੱਕ ਨੂੰ ਚੜ੍ਹ ਰਹੀ ਸੀ ਅਤੇ ਚਾਰੇ ਪਾਸੇ ਮੱਖੀਆਂ ਭਿਣ-ਭਿਣਾ ਰਹੀਆਂ ਸਨ। ਇਕਬਾਲ ਨੇ ਆਪਣੇ ਮੂੰਹ ਉਤੇ ਰੁਮਾਲ ਵਿਛਾ ਲਿਆ। ਉਹਨੂੰ ਸਾਹ ਲੈਣਾ ਵੀ ਔਖਾ ਹੋ ਰਿਹਾ ਸੀ। ਇਸ ਸਭ ਕੁਝ ਦੇ ਬਾਵਜੂਦ ਉਸ ਨੇ ਮਸਾਂ ਝਪਕੀ ਹੀ ਲਈ ਸੀ ਕਿ ਮੀਤ ਸਿੰਘ ਦਾਰਸ਼ਨਿਕ ਟਿੱਪਣੀ ਕਰਦਾ ਅੰਦਰ ਆ ਵੜਿਆ।

"ਆਪਣੇ ਹੀ ਪਿੰਡ ਦੇ ਕਿਸੇ ਵਾਸੀ ਘਰ ਡਾਕਾ ਮਾਰਨਾ ਆਪਣੀ ਮਾਂ ਦੇ ਘਰ ਚੋਰੀ ਕਰਨ ਵਰਗਾ ਹੁੰਦੈ। ਇਕਬਾਲ ਸਿੰਘ ਜੀ, ਇਹ ਕਲਯੁੱਗ ਹੈ, ਘੋਰ ਕਲਯੁੱਗ। ਕੀ ਤੁਸੀਂ ਕਦੇ ਸੁਣਿਐ ਕਿ ਡਾਕੂਆਂ ਨੇ ਆਪਣੇ ਗੁਆਂਢੀਆਂ ਦੇ ਘਰ ਹੀ ਲੁੱਟ ਲਏ ? ਡੈਣ ਵੀ ਬਾਰਾਂ ਘਰ ਛੱਡ ਲੈਂਦੀ ਹੈ। ਹੁਣ ਤਾਂ ਸਾਰਾ ਧਰਮ ਹੀ ਉਡ ਗਿਐ।"

ਇਕਬਾਲ ਨੇ ਆਪਣੇ ਮੂੰਹ ਤੋਂ ਰੁਮਾਲ ਹਟਾਇਆ।

"ਹੋਇਆ ਕੀ ਹੈ?"

"ਹੋਇਆ ਕੀ ਹੈ?" ਮੀਤ ਸਿੰਘ ਨੇ ਹੈਰਾਨੀ ਜ਼ਾਹਰ ਕਰਦਿਆਂ ਦੁਹਰਾਇਆ। "ਇਹ ਪੁਛੋ ਕਿ ਹੋਇਆ ਕੀ ਨਹੀਂ! ਪੁਲਿਸ ਨੇ ਜੱਗੇ ਨੂੰ ਬੁਲਾਇਆ — ਜੱਗਾ ਦਸ ਨੰਬਰੀਆ ਬਦਮਾਸ਼ ਹੈ। ਪਰ ਜੱਗਾ ਤਾਂ ਦੌੜ ਗਿਆ ਸੀ, ਫਰਾਰ ਹੋ ਗਿਆ। ਲੁੱਟ ਦੀਆਂ ਕੁਝ ਚੀਜ਼ਾਂ ਵੀ — ਵੰਗਾਂ ਦੀ ਥੈਲੀ — ਉਹਦੇ ਵਿਹੜੇ ਚੋਂ ਮਿਲੀਆਂ। ਇਸ

ਲਈ, ਸਾਨੂੰ ਪਤਾ ਲੱਗ ਗਿਆ ਕਿ ਇਹ ਕਾਰਾ ਕਿਸਨੇ ਕੀਤਾ ਸੀ। ਇਹ ਉਹਦਾ ਕੀਤਾ ਪਹਿਲਾ ਕਤਲ ਨਹੀਂ ਹੈ — ਕਤਲ ਤਾਂ ਉਹਦੇ ਖ਼ੂਨ ਵਿਚ ਰਚਿਆ ਹੋਇਐ। ਉਹਦਾ ਪਿਓ ਅਤੇ ਦਾਦਾ ਵੀ ਡਕੈਤ ਹੁੰਦੇ ਸਨ। ਕਤਲਾਂ ਕਰਕੇ ਹੀ ਉਨ੍ਹਾਂ ਨੂੰ ਫਾਂਸੀ ਹੋਈ ਸੀ। ਪਰ ਇਕ ਗੱਲ ਸੀ, ਉਨ੍ਹਾਂ ਕਦੇ ਆਪਣੇ ਪਿੰਡ ਵਾਸੀਆਂ ਨੂੰ ਨਹੀਂ ਲੁੱਟਿਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਜਦੋਂ ਉਹ ਘਰੇ ਹੁੰਦੇ, ਕਿਸੇ ਡਾਕੂ ਦੀ ਮਨੋ ਮਾਜਰਾ ਵੱਲ ਝਾਕਣ ਦੀ ਹਿੰਮਤ ਨਹੀਂ ਸੀ ਪੈਂਦੀ। ਜਗਤ ਸਿੰਘ ਨੇ ਤਾਂ ਆਪਣੇ ਖਾਨਦਾਨ ਦੇ ਨਾਂ ਨੂੰ ਹੀ ਵੱਟਾ ਲਾ ਦਿਤਾ।"

ਇਕਬਾਲ ਆਪਣੇ ਮੱਥੇ ਨੂੰ ਪੂੰਝਦਾ ਉਠ ਬੈਠਾ। ਉਹ ਮਾਮਲਿਆਂ ਨੂੰ ਪੱਛਮੀ ਦ੍ਰਿਸ਼ਟੀ ਤੋਂ ਦੇਖਦਾ ਸੀ। ਦੇਸ਼ਵਾਸੀਆਂ ਦੇ ਇਖਲਾਕ ਦਾ ਜ਼ਾਬਤਾ ਉਸ ਨੂੰ ਸਮਝ ਨਹੀਂ ਪੈਂਦਾ ਸੀ। ਪੰਜਾਬੀਆਂ ਦਾ ਇਖਲਾਕ ਜ਼ਾਬਤਾ ਤਾਂ ਹੋਰ ਵੀ ਭੰਬਲਭੂਸੇ ਪਾ ਦਿੰਦਾ ਸੀ। ਉਨ੍ਹਾਂ ਦੀ ਨਜ਼ਰ ਵਿਚ ਸੱਚਾਈ, ਮਾਣ, ਦਿਆਨਤਦਾਰੀ ਸਭ ਠੀਕ ਤਾਂ ਸਨ ਪਰ ਇਨ੍ਹਾਂ ਨੂੰ ਨਮਕ, ਦੋਸਤਾਂ, ਪਿੰਡ ਵਾਸੀਆਂ ਨਾਲ ਵਫਾਦਾਰੀ ਤੋਂ ਹੇਠਲੇ ਦਰਜੇ ਦੀਆਂ ਕੀਮਤਾਂ ਵਿਚ ਰਖਿਆ ਗਿਆ ਸੀ। ਦੋਸਤਾਂ ਖਾਤਰ ਤੁਸੀਂ ਕਚਹਿਰੀ ਵਿਚ ਵੀ ਝੂਠ ਬੋਲ ਸਕਦੇ ਹੋ, ਧੋਖਾ ਦੇ ਸਕਦੇ ਹੋ ਪਰ ਕੋਈ ਤੁਹਾਡੇ ਤੇ ਉਂਗਲ ਨਹੀਂ ਚੁਕੇਗਾ। ਸਗੋਂ ਤੁਸੀਂ ਨਰ ਆਦਮੀ ਮੰਨੇ ਜਾਓਗੇ ਜਿਸਨੇ ਦੋਸਤੀ ਦੀ ਪਾਲਣਾ ਖਾਤਰ ਸੱਤਾ (ਮਜਿਸਟ੍ਰੇਟ ਅਤੇ ਪੁਲਿਸ) ਅਤੇ ਧਰਮ (ਗਵਾਹੀ ਵੇਲੇ ਧਾਰਮਿਕ ਗ੍ਰੰਥ ਨੂੰ ਹਾਜ਼ਰ ਨਾਜ਼ਰ ਜਾਣਕੇ ਖਾਧੀ ਸਹੁੰ) ਨੂੰ ਟਿੱਚ ਜਾਣਿਆ। ਇਹ ਪੇਂਡੂ ਸਮਾਜ ਸੀ ਜਿਥੇ ਪਿੰਡ ਦੇ ਹਰ ਵਾਸੀ ਨਾਲ ਕੋਈ ਰਿਸ਼ਤਾ ਸੀ ਅਤੇ ਸਭ ਤੋਂ ਵਡਾ ਇਮਤਿਹਾਨ ਪਿੰਡ ਨਾਲ ਵਫਾਦਾਰੀ ਹੁੰਦਾ ਸੀ। ਮੀਤ ਸਿੰਘ ਭਾਈ ਨੂੰ ਚਿੰਤਾ ਇਸ ਗੱਲ ਦੀ ਨਹੀਂ ਸੀ ਕਿ ਜੱਗੇ ਨੇ ਕਤਲ ਕੀਤਾ ਸੀ, ਸਗੋਂ ਇਸ ਗੱਲ ਦੀ ਸੀ ਕਿ ਉਹਦੇ ਹੱਥ ਆਪਣੇ ਪਿੰਡ ਦੇ ਭਰਾ ਦੇ ਹੀ ਖ਼ੂਨ ਨਾਲ ਰੰਗੇ ਹੋਏ ਸਨ। ਜੇ ਜੱਗੇ ਨੇ ਇਹੋ ਕਤਲ ਗੁਆਂਢੀ ਪਿੰਡ ਵਿਚ ਕੀਤਾ ਹੁੰਦਾ ਤਾਂ ਮੀਤ ਸਿੰਘ, ਇਕ ਭਾਈ ਜੀ, ਖੁਸ਼ੀ ਖੁਸ਼ੀ ਉਹਦੀ ਸਫਾਈ ਲਈ ਅਦਾਲਤ ਵਿਚ ਜਾ ਖੜ੍ਹਦਾ ਅਤੇ ਪਵਿੱਤਰ ਗ੍ਰੰਥ ਸਾਹਿਬ ਦੀ ਸਹੁੰ ਖਾ ਕੇ ਗਵਾਹੀ ਦੇ ਦਿੰਦਾ ਕਿ ਜੱਗਾ ਤਾਂ ਉਸ ਵਾਰਦਾਤ ਦੇ ਮੌਕੇ ਉਸ ਦੇ ਸਾਹਮਣੇ ਗੁਰਦੁਆਰੇ ਵਿਚ ਪਾਠ ਕਰ ਰਿਹਾ ਸੀ। ਇਕਬਾਲ, ਮੀਤ ਸਿੰਘ ਵਰਗੇ ਲੋਕਾਂ ਨਾਲ ਗੱਲ ਕਰਨ ਤੋਂ ਅੱਕ ਜਾਂਦਾ ਸੀ। ਉਹ ਸਮਝ ਹੀ ਨਹੀਂ ਸਕਦੇ ਸਨ। ਉਹ ਇਸ ਸਿੱਟੇ ਤੇ ਪੁਜ ਗਿਆ ਸੀ ਕਿ ਉਹ ਇਨ੍ਹਾਂ ਬੰਦਿਆਂ ਚੋਂ ਨਹੀਂ ਹੈ।

ਮੀਤ ਸਿੰਘ ਨੂੰ ਨਿਰਾਸ਼ਾ ਹੋਈ ਕਿ ਉਹ ਇਕਬਾਲ ਦੀ ਰੁਚੀ ਇਸ ਮਾਮਲੇ ਵਿਚ ਜਗਾ ਨਹੀਂ ਸਕਿਆ ਸੀ।

"ਤੁਸੀਂ ਬਹੁਤ ਦੁਨੀਆਂ ਦੇਖੀ ਹੈ ਅਤੇ ਬਹੁਤ ਕਿਤਾਬਾਂ ਪੜ੍ਹੀਆਂ ਹਨ। ਪਰ ਇਕ ਗੱਲ ਮੇਰੀ ਮੰਨ ਲਓ ਕਿ ਸੱਪ ਆਪਣੀ ਕੁੰਜ ਤਾਂ ਛੱਡ ਸਕਦਾ ਹੈ ਪਰ ਆਪਣਾ ਜ਼ਹਿਰ ਨਹੀਂ। ਇਹ ਕਥਨ ਲੱਖਾਂ ਰੁਪਿਆਂ ਦਾ ਹੈ।"

ਇਕਬਾਲ ਨੇ ਏਨੇ ਮੁੱਲਵਾਨ ਕਥਨ ਦੀ ਵੀ ਕਦਰ ਨਾ ਪਾਈ। ਮੀਤ ਸਿੰਘ ਨੇ

ਵਿਆਖਿਆ ਕੀਤੀ, "ਕੁਝ ਸਮੇਂ ਤੋਂ ਜੱਗਾ ਸਿੱਧਾ ਚਲ ਰਿਹਾ ਸੀ, ਉਹ ਆਪਣੀ ਜ਼ਮੀਨ ਵਾਹੁੰਦਾ ਅਤੇ ਪਸ਼ੂਆਂ ਦੀ ਦੇਖਭਾਲ ਕਰਦਾ ਸੀ। ਉਹ ਕਦੇ ਪਿੰਡ ਛੱਡ ਕੇ ਨਹੀਂ ਜਾਂਦਾ ਸੀ ਅਤੇ ਹਰ ਰੋਜ਼ ਨੰਬਰਦਾਰ ਕੋਲ ਆਪਣੀ ਹਾਜ਼ਰੀ ਲੁਆਉਂਦਾ ਸੀ। ਪਰ ਸੱਪ ਕਿੰਨਾ ਕੁ ਚਿਰ ਸਿੱਧਾ ਰਹਿ ਸਕਦਾ ਹੈ, ਜੁਰਮ ਤਾਂ ਉਹਦੇ ਖ਼ੂਨ ਵਿਚ ਚਲਦੈ।"

"ਕਿਸੇ ਦੇ ਵੀ ਲਹੂ ਵਿਚ ਜੁਰਮ ਬਹੁਤਾ ਚਿਰ ਨਹੀਂ ਚਲਦਾ ਜਿਵੇਂ ਕਿਸੇ ਦੇ ਲਹੂ ਵਿਚ ਨੇਕੀ ਵੀ ਬਹੁਤਾ ਚਿਰ ਨਹੀਂ ਚਲਦੀ।" ਇਕਬਾਲ ਨੇ ਜਿਵੇਂ ਜਾਗ ਉਠਦਿਆਂ ਜਵਾਬ ਦਿਤਾ। ਇਹ ਉਸਦਾ ਮਨ ਪਸੰਦ ਸਿਧਾਂਤ ਸੀ। "ਕੀ ਕਿਸੇ ਨੇ ਕਦੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਲੋਕ ਕਿਉਂ ਚੋਰੀ ਕਰਦੇ, ਕਿਉਂ ਡਾਕੇ ਮਾਰਦੇ ਅਤੇ ਕਿਉਂ ਕਤਲ ਕਰਦੇ ਹਨ? ਨਹੀਂ! ਬਸ ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟ ਦਿਤਾ ਜਾਂਦੈ ਜਾਂ ਫਾਂਸੀ ਤੇ ਲਟਕਾ ਦਿਤਾ ਜਾਂਦੈ। ਬਹੁਤ ਸੌਖਾ ਹੈ ਇਹ ਕੁਝ ਕਰਨਾ। ਜੇ ਫਾਂਸੀ ਜਾਂ ਜੇਲ੍ਹ ਦੇ ਡਰ ਨੇ ਹੀ ਲੋਕਾਂ ਨੂੰ ਕਤਲ ਕਰਨ ਜਾਂ ਚੋਰੀ ਕਰਨ ਤੋਂ ਰੋਕ ਲਿਆ ਹੁੰਦਾ, ਤਾਂ ਅੱਜ ਨਾ ਕਿਤੇ ਕਤਲ ਹੁੰਦੇ ਅਤੇ ਨਾ ਹੀ ਚੋਰੀਆਂ ਡਾਕੇਵਾਪਰਦੇ। ਪਰ ਡਰ ਨੇ ਕੁਝ ਨਹੀਂ ਕੀਤਾ। ਇਸ ਸੂਬੇ ਵਿਚ ਹਰ ਰੋਜ਼ ਇਕ ਬੰਦੇ ਨੂੰ ਫਾਂਸੀ ਚੜ੍ਹਾਇਆ ਜਾਂਦੈ। ਫਿਰ ਵੀ ਹਰ 24 ਘੰਟਿਆਂ ਵਿਚ ਦਸ ਕਤਲ ਹੋ ਜਾਂਦੇ ਹਨ। ਨਹੀਂ, ਭਾਈ ਜੀ, ਮੁਜਰਮ ਜੰਮਦੇ ਹੀ ਮੁਜਰਮ ਨਹੀਂ ਹੁੰਦੇ। ਉਨ੍ਹਾਂ ਨੂੰ ਤਾਂ ਭੁੱਖ, ਥੁੜ੍ਹੋਂ ਅਤੇ ਬੇਇਨਸਾਫੀ ਜਨਮਦੀ ਹੈ।"

ਇਕਬਾਲ ਨੂੰ ਆਪ ਹੀ ਉਹ ਘੱਸੀਆਂ ਪਿੱਟੀਆਂ ਗੱਲਾਂ ਕਰਨ ਲੱਗ ਜਾਣਾ ਅਹਿਮਕਾਨਾ ਲੱਗਿਆ। ਉਸ ਨੂੰ ਹਰ ਵਾਰਤਾਲਾਪ ਨੂੰ ਉਪਦੇਸ਼ ਵਿਚ ਬਦਲ ਦੇਣ ਦੀ ਆਦਤ ਤੋਂ ਲਾਜ਼ਮੀ ਗੁਰੇਜ਼ ਕਰਨਾ ਚਾਹੀਦਾ ਹੈ। ਉਹ ਵਿਸ਼ੇ ਉਤੇ ਮੁੜ ਆਇਆ।

"ਜੇ ਜੱਗਾ ਏਨਾ ਹੀ ਜਾਣਿਆ ਪਛਾਣਿਆ ਬਦਮਾਸ਼ ਹੈ, ਫਿਰ ਤਾਂ ਮੇਰਾ ਖਿਆਲ ਹੈ, ਉਹ ਉਸ ਨੂੰ ਸੌਖਿਆਂ ਹੀ ਫੜ ਲੈਣਗੇ।"

"ਜੱਗਾ ਬਹੁਤੀ ਦੂਰ ਨਹੀਂ ਜਾ ਸਕਦਾ। ਉਸ ਨੂੰ ਕੋਹ ਦੂਰੀ ਤੋਂ ਪਛਾਣਿਆ ਜਾ ਸਕਦੈ। ਉਹ ਹੋਰ ਕਿਸੇ ਵੀ ਨਾਲੋਂ ਹੱਥ ਭਰ ਲੰਮਾ ਹੈ। ਡਿਪਟੀ ਸਾਹਿਬ ਨੇ ਸਾਰੇ ਥਾਣਿਆਂ ਨੂੰ ਹੁਕਮ ਦੇ ਵੀ ਦਿਤੇ ਹਨ ਕਿ ਜੱਗੇ ਦੀ ਤਲਾਸ਼ ਕੀਤੀ ਜਾਵੇ।"

"ਡਿਪਟੀ ਸਾਹਿਬ ਕੌਣ ਹੈ?" ਇਕਬਾਲ ਨੇ ਪੁਛਿਆ।

"ਤੁਸੀਂ ਡਿਪਟੀ ਨੂੰ ਨਹੀਂ ਜਾਣਦੇ?" ਮੀਤ ਸਿੰਘ ਹੈਰਾਨ ਰਹਿ ਗਿਆ। "ਹੁਕਮ ਚੰਦ ਹੈ। ਉਹ ਪੁਲ ਦੇ ਉਤਰ ਵਾਲੇ ਪਾਸੇ ਬਣੇ ਡਾਕ ਬੰਗਲੇ ਵਿਚ ਠਹਿਰਿਆ ਹੋਇਆ ਹੈ। ਹੁਕਮ ਚੰਦ ਤਾਂ ਨਰ ਬੰਦਾ ਹੈ। ਉਹ ਪਿਆਦਾ ਸਿਪਾਹੀ ਵਜੋਂ ਸ਼ੁਰੂ ਹੋਇਆ ਸੀ ਤੇ ਹੁਣ ਦੇਖੋ ਕਿਥੇ ਪਹੁੰਚ ਗਿਆ ਹੈ। ਉਹ ਹਮੇਸ਼ਾਂ ਆਪਣੇਸਾਹਿਬਾਂ ਨੂੰ ਖੁਸ਼ ਰਖਦਾ ਸੀ ਅਤੇ ਉਹ ਉਸ ਨੂੰ ਤਰੱਕੀ ਤੇ ਤਰੱਕੀ ਦਿੰਦੇ ਗਏ। ਆਖਰੀ ਤਰੱਕੀ ਨੇ ਉਸ ਨੂੰ

ਆਪਣੀ ਥਾਂ ਵੀ ਦੇ ਦਿਤੀ ਅਤੇ ਡਿਪਟੀ ਵੀ ਬਣਾ ਦਿਤਾ। ਸੱਚੀਂ, ਇਕਬਾਲ ਸਿੰਘ ਜੀ, ਹੁਕਮ ਚੰਦ ਤਾਂ ਨਰ ਆਦਮੀ ਹੈ ਅਤੇ ਹੁਸ਼ਿਆਰ ਵੀ। ਉਹ ਯਾਰਾਂ ਦਾ ਯਾਰ ਹੈ ਅਤੇ ਆਪਣੇ ਮਿੱਤਰਾਂ ਦੇ ਸਭ ਕੰਮ ਕਰਵਾ ਦਿੰਦਾ ਹੈ। ਉਸ ਨੇ ਦਰਜਨਾਂ ਰਿਸ਼ਤੇ ਦਾਰਾਂ ਨੂੰ ਚੰਗੀਆਂ ਨੌਕਰੀਆਂ ਦੁਆਈਆਂ ਹਨ। ਉਹ ਤਾਂ ਸੌਆਂ ਚੋਂ ਇਕ ਹੈ। ਹੁਕਮ ਚੰਦ ਵਿਚ ਧੋਖੇਬਾਜ਼ੀ ਤਾਂ ਭੋਰਾ ਵੀ ਨਹੀਂ।"

"ਕੀ ਉਹ ਤੁਹਾਡਾ ਵੀ ਮਿੱਤਰ ਹੈ?"

"ਮਿੱਤਰ? ਨਹੀਂ, ਨਹੀਂ," ਮੀਤ ਸਿੰਘ ਨੇ ਇਤਰਾਜ਼ ਕੀਤਾ। "ਮੈਂ ਹਾਂ ਗੁਰਦੁਆਰੇ ਦਾ ਇਕ ਨਿਮਾਣਾ ਜਿਹਾ ਭਾਈ ਅਤੇ ਉਹ ਹੈ ਸ਼ਹਿਨਸ਼ਾਹ। ਉਹ ਸਰਕਾਰ ਹੈ ਅਤੇ ਅਸੀਂ ਪਰਜਾ। ਜੇ ਉਹ ਮਨੋ ਮਾਜਰਾ ਆਇਆ ਤਾਂ ਤੁਸੀਂ ਮਿਲ ਲੈਣਾ।"

ਗੱਲਬਾਤ ਜ਼ਰਾ ਕੁ ਇਥੇ ਰੁਕ ਗਈ। ਇਕਬਾਲ ਨੇ ਆਪਣੇ ਸੈਂਡਲਾਂ ਵਿਚ ਪੈਰ ਫਸਾਏ ਅਤੇ ਉਠ ਖੜ੍ਹਿਆ।

"ਥੋੜ੍ਹੀ ਜਿੰਨੀ ਸੈਰ ਕਰਨੀ ਚਾਹੀਦੀ ਹੈ। ਤੁਸੀਂ ਕੀ ਕਹਿੰਦੇ ਹੋ ਕਿਹੜੇ ਪਾਸੇ ਜਾਵਾਂ?"

"ਜਿਧਰ ਵੀ ਤੁਹਾਡਾ ਦਿਲ ਚਾਹੇ, ਉਧਰ ਹੀ ਚਲੇ ਜਾਓ। ਰੇਲ ਗੱਡੀਆਂ ਆਉਂਦੀਆਂ ਤੇ ਜਾਂਦੀਆਂ ਦੇਖੋਗੇ। ਜੇ ਤੁਸੀਂ ਰੇਲਵੇ ਲਾਈਨ ਪਾਰ ਕਰ ਗਏ ਤਾਂ ਡਾਕ ਬੰਗਲਾ ਦਿਸ ਜਾਵੇਗਾ। ਬਹੁਤੀ ਦੇਰ ਨਾ ਕਰਨਾ। ਵਕਤ ਬੜਾ ਖਰਾਬ ਚਲ ਰਿਹੈ। ਹਨੇਰਾ ਹੋਣ ਤੋਂ ਪਹਿਲਾਂ ਹੀ ਅੰਦਰ ਆ ਜਾਣਾ ਚੰਗਾ ਹੈ। ਨਾਲੇ, ਮੈਂ ਨੰਬਰਦਾਰ ਅਤੇ ਚਾਚਾ ਇਮਾਮ ਬਖ਼ਸ਼ — ਜੋ ਮਸੀਤ ਦਾ ਮੁਲਾਂ ਹੈ — ਨੂੰ ਤੁਹਾਡੇ ਬਾਰੇ ਦੱਸ ਦਿਤਾ ਹੈ, ਉਹ ਤੁਹਾਨੂੰ ਮਿਲਣ ਆਉਣਗੇ।"

"ਨਹੀਂ, ਮੈਂ ਦੇਰ ਨਹੀਂ ਕਰਾਂਗਾ।"

ਇਕਬਾਲ ਗੁਰਦੁਆਰੇ ਵਿਚੋਂ ਬਾਹਰ ਨਿਕਲਿਆ। ਇਸ ਵੇਲੇ ਕੋਈ ਸਰਗਰਮੀ ਨਜ਼ਰ ਨਹੀਂ ਸੀ ਆ ਰਹੀ। ਸਪਸ਼ਟ ਹੈ ਕਿ ਪੁਲਿਸ ਨੇ ਤਫਤੀਸ਼ ਖਤਮ ਕਰ ਲਈ ਸੀ। ਅੱਧੀ ਦਰਜਨ ਸਿਪਾਹੀ ਪਿੱਪਲ ਦੇ ਥੱਲੇ ਮੰਜਿਆਂ ਉਤੇ ਲੱਤਾਂ ਪਸਾਰੀ ਪਏ ਸਨ। ਰਾਮ ਲਾਲ ਦੇ ਘਰ ਦਾ ਬੂਹਾ ਖੁਲ੍ਹਾ ਸੀ। ਵਿਹੜੇ ਵਿਚ ਕੁਝ ਪਿੰਡ ਵਾਸੀ ਭੁੰਜੇ ਬੈਠੇ ਹੋਏ ਸਨ। ਇਕ ਔਰਤ ਵੈਣ ਪਾ ਰਹੀ ਸੀ, ਉਸਦਾ ਰੋਣਾ ਲਹਿਰਾਂ ਪੈਦਾ ਕਰਦਾ ਸੀ ਜਿਸ ਵਿਚ ਦੂਜੀਆਂ ਔਰਤਾਂ ਵੀ ਸ਼ਾਮਲ ਹੋ ਜਾਂਦੀਆਂ ਸਨ। ਗਰਮੀ ਵੀ ਸੀ ਅਤੇ ਹਵਾ ਵੀ ਨਹੀਂ ਚਲ ਰਹੀ ਸੀ। ਧੁੱਪ ਕੱਚੀਆਂ ਕੰਧਾਂ ਉਤੇ ਚਮਕ ਰਹੀ ਸੀ।

ਇਕਬਾਲ ਗੁਰਦੁਆਰੇ ਦੀ ਕੰਧ ਦੀ ਛਾਂ ਵਿਚ ਚਲਣ ਲੱਗਾ। ਸਾਰੀ ਕੰਧ ਨਾਲ ਬੱਚਿਆਂ ਨੇ ਟੱਟੀਆਂ ਕੀਤੀਆਂ ਹੋਈਆਂ ਸਨ। ਆਦਮੀਆਂ ਨੇ ਇਸ ਨੂੰ ਪੇਸ਼ਾਬਖਾਨੇ ਵਜੋਂ ਵਰਤਿਆ ਹੋਇਆ ਸੀ। ਇਕ ਖੁਰਕ ਖਾਧੀ ਕੁੱਤੀ ਆਪਣੇ ਇਕ ਪਾਸੇ ਤੇ ਲੇਟੀ ਹੋਈ ਸੀ। ਅੱਠ ਮਰੀਅਲ ਜਿਹੇ ਕਤੂਰੇ ਟਊਂ ਟਊਂ ਵੀ ਕਰ ਰਹੇ ਸਨ ਅਤੇ ਉਸਦੇ

ਢਿਲਕੇ ਹੋਏ ਲੇਵੇ ਨੂੰ ਚੁੰਘਣ ਲਈ ਖਿਚ ਧੂਹ ਵੀ ਕਰ ਰਹੇ ਸਨ।

ਗਲੀ ਅਚਾਨਕ ਹੀ ਪਿੰਡ ਦੇ ਛੱਪੜ ਤੇ ਜਾ ਕੇ ਮੁਕ ਗਈ — ਗੰਦੇ ਪਾਣੀ ਦਾ ਇਹ ਛੋਟਾ ਜਿਹਾ ਖਿਤਾ ਮੱਝਾਂ ਨਾਲ ਭਰਿਆ ਪਿਆ ਸੀ, ਜਿਸ ਵਿਚੋਂ ਉਨ੍ਹਾਂ ਦੇ ਕੇ ਵਲ ਸਿਰ ਹੀ ਬਾਹਰ ਨਜ਼ਰ ਆ ਰਹੇ ਸਨ। ਛੱਪੜ ਦੇ ਦੁਆਲੇ ਇਕ ਡੰਡੀ ਬਣੀ ਹੋਈ ਸੀ ਜੋ ਅਗੇ ਕਣਕ ਦੇ ਖੇਤਾਂ ਵਿਚ ਇਕ ਸੁੱਕੇ ਖਾਲ ਦੇ ਨਾਲ ਨਾਲ ਦਰਿਆ ਵੱਲ ਜਾਂਦੀ ਸੀ। ਇਕਬਾਲ ਸਾਵਧਾਨੀ ਨਾਲ ਪੈਰ ਰਖਦਾ ਹੋਇਆ ਖਾਲ ਦੇ ਨਾਲ ਨਾਲ ਤੁਰ ਰਿਹਾ ਸੀ। ਉਹ ਦਰਿਆ ਉਤੇ ਉਦੋਂ ਹੀ ਪਹੁੰਚਾ ਜਦੋਂ ਪੁਲ ਉਤੋਂ ਲਾਹੌਰ ਤੋਂ ਆ ਰਹੀ ਐਕਸਪ੍ਰੈੱਸ ਗੱਡੀ ਲੰਘ ਰਹੀ ਸੀ। ਉਸਨੇ ਗੱਡੀ ਨੂੰ ਫੌਲਾਦੀ ਜੰਗਲਿਆਂ ਚੋਂ ਲੰਘਦੇ ਦੇਖਿਆ। ਸਾਰੀਆਂ ਰੇਲ ਗੱਡੀਆਂ ਵਾਂਗ ਇਹ ਵੀ ਨਕੋ ਨੱਕ ਭਰੀ ਹੋਈ ਸੀ। ਛੱਤ ਉਤੇ ਬੈਠੇ ਮੁਸਾਫਿਰਾਂ ਦੀਆਂ ਲੱਤਾਂ ਲਮਕਦੀਆਂ ਹੋਈਆਂ ਗੱਡੀ ਦੇ ਦਰਵਾਜ਼ਿਆਂ ਅਤੇ ਖਿੜਕੀਆਂ ਤਕ ਪਹੁੰਚ ਰਹੀਆਂ ਸਨ। ਦਰਵਾਜ਼ੇ ਅਤੇ ਖਿੜਕੀਆਂ ਸਿਰਾਂ ਅਤੇ ਬਾਹਾਂ ਨਾਲ ਤੂਸੀਆਂ ਪਈਆਂ ਸਨ। ਗੱਡੀ ਦੇ ਡੱਬਿਆਂ ਵਿਚਲੇ ਬਫਰਾਂ ਉਤੇ ਵੀ ਲੋਕ ਬੈਠੇ ਹੋਏ ਸਨ। ਗੱਡੀ ਦੇ ਅਖੀਰ ਉਤੇ ਦੋ ਬਫਰਾਂ ਉਤੇ ਬੈਠੇ ਦੋ ਯਾਤਰੀ ਪ੍ਰਸੰਨਤਾ ਪੂਰਵਕ ਆਪਣੀਆਂ ਟੰਗਾਂ ਲਹਿਰਾ ਰਹੇ ਸਨ ਅਤੇ ਇਕ ਦੂਜੇ ਨੂੰ ਇਸ਼ਾਰੇ ਕਰ ਰਹੇ ਸਨ। ਪੁਲ ਪਾਰ ਕਰਨ ਮਗਰੋਂ ਰੇਲ ਨੇ ਰਫਤਾਰ ਫੜ ਲਈ। ਇੰਜਣ ਡਰਾਈਵਰ ਨੇ ਸੀਟੀ ਮਾਰਨੀ ਸ਼ੁਰੂ ਕੀਤੀ ਅਤੇ ਮਨੋ ਮਾਜਰਾ ਸਟੇਸ਼ਨ ਲੰਘ ਜਾਣ ਤਕ ਸੀਟੀ ਮਾਰਦਾ ਹੀ ਗਿਆ। ਸੁੱਖ ਦੇ ਸਾਹ ਦਾ ਹੀ ਇਹ ਪ੍ਰਗਟਾਵਾ ਸੀ ਕਿ ਉਹ ਪਾਕਿਸਤਾਨ ਵਿਚੋਂ ਲੰਘ ਆਏ ਹਨ ਅਤੇ ਭਾਰਤ ਵਿਚ ਪਹੁੰਚ ਗਏ ਹਨ।

ਇਕਬਾਲ ਪੁਲ ਵੱਲ ਨੂੰ ਦਰਿਆ ਦੇ ਕੰਢੇ ਦੇ ਨਾਲ ਨਾਲ ਤੁਰਦਾ ਗਿਆ। ਉਹਦਾ ਇਰਾਦਾ ਪੁਲ ਦੇ ਹੇਠੋਂ ਲੰਘਕੇ ਡਾਕ ਬੰਗਲੇ ਵੱਲ ਜਾਣ ਦਾ ਸੀ। ਪਰ ਉਨ੍ਹੇ ਦੇਖਿਆ ਕਿ ਪੁਲ ਦੇ ਸਿਰੇ ਉਤੇ ਪਹਿਰਾ ਚੌਕੀ ਵਿਚੋਂ ਇਕ ਸਿੱਖ ਫੌਜੀ ਉਸ ਉਤੇ ਨਜ਼ਰ ਰਖ ਰਿਹਾ ਸੀ। ਇਕਬਾਲ ਨੇ ਆਪਣਾ ਇਰਾਦਾ ਬਦਲ ਦਿਤਾ ਅਤੇ ਨਿਡਰਤਾ ਨਾਲ ਰੇ ਲ ਲਾਈਨ ਵੱਲ ਚਲਾ ਗਿਆ ਅਤੇ ਉਥੋਂ ਮਨੋ ਮਾਜਰਾ ਸਟੇਸ਼ਨ ਵੱਲ ਮੁੜ ਪਿਆ। ਇਸ ਸਕੀਮ ਨੇ ਸੰਤਰੀ ਦਾ ਸ਼ੱਕ ਦੂਰ ਕਰ ਦਿਤਾ। ਇਕਬਾਲ ਸੌ ਕੁ ਗਜ਼ ਚਲਦਾ ਗਿਆ ਅਤੇ ਉਥੇ ਬੇਪ੍ਰਵਾਹ ਜਿਹਾ ਰੇਲਵੇ ਲਾਈਨ ਉਤੇ ਬੈਠ ਗਿਆ।

ਤੇਜ਼ ਲੰਘ ਰਹੀ ਐਕਸਪ੍ਰੈੱਸ ਗੱਡੀ ਨੇ ਮਨੋ ਮਾਜਰਾ ਨੂੰ ਦੁਪਹਿਰ ਬਾਅਦ ਦੇ ਠੌਂਕੇ ਚੋਂ ਜਗਾ ਦਿਤਾ। ਮੁੰਡਿਆਂ ਨੇ ਛੱਪੜ ਵਿਚ ਬੈਠੀਆਂ ਮੱਝਾਂ ਨੂੰ ਰੋੜੇ ਮਾਰਕੇ ਬਾਹਰ ਕੱਢਿਆ ਅਤੇ ਹਿੱਕ ਕੇ ਘਰਾਂ ਨੂੰ ਲੈ ਗਏ। ਔਰਤਾਂ ਦੀਆਂ ਟੋਲੀਆਂ ਖੇਤਾਂ ਵਿਚ ਗਈਆਂ ਅਤੇ ਝਾੜੀਆਂ ਓਹਲੇ ਖਿਲਰ ਗਈਆਂ। ਰਾਮ ਲਾਲ ਦੀ ਲਾਸ਼ ਨੂੰ ਲੈ ਕੇ ਇਕ ਬੈਲ ਗੱਡੀ ਪਿੰਡ ਵਿਚੋਂ ਨਿਕਲੀ ਅਤੇ ਸਟੇਸ਼ਨ ਵੱਲ ਤੁਰ ਪਈ। ਸਿਪਾਹੀ ਇਸਦੀ ਰਾਖੀ ਕਰ ਰਹੇ ਸਨ। ਕੁਝ ਪਿੰਡ ਵਾਸੀ ਵੀ ਬੈਲ ਗੱਡੀ ਦੇ ਨਾਲ ਕੁਝ ਦੂਰ ਤਕ ਗਏ ਅਤੇ ਫਿਰ ਰਿਸ਼ਤੇਦਾਰਾਂ ਸਮੇਤ ਵਾਪਸ ਮੁੜ ਆਏ।

ਇਕਬਾਲ ਉਠ ਕੇ ਖੜ੍ਹਾ ਹੋ ਗਿਆ। ਉਸਨੇ ਚਾਰੇ ਪਾਸੇ ਨਿਗਾਹ ਮਾਰੀ। ਸਟੇ

ਸ਼ਨ ਤੋਂ ਲੈ ਕੇ ਡਾਕ ਬੰਗਲੇ ਦੀ ਛੱਤ ਤਕ, ਜੋ ਪੰਪਾ ਘਾਹ ਦੇ ਸੁੰਦਰ ਫੁੰਦਿਆਂ ਦੇ ਉਪਰੋਂ ਨਜ਼ਰ ਆ ਰਹੀ ਸੀ, ਪੁਲ ਤੋਂ ਲੈ ਕੇ ਪਿੰਡ ਤਕ ਅਤੇ ਫਿਰ ਵਾਪਸ ਰੇਲਵੇ ਸਟੇਸ਼ਨ ਤਕ ਸਾਰੀ ਥਾਂ ਹੀ ਮਰਦ, ਔਰਤਾਂ, ਬੱਚੇ ਅਤੇ ਪਸ਼ੂ ਖਿਲਰੇ ਹੋਏ ਸਨ। ਆਸਮਾਨ ਵਿਚ ਉਚੀਆਂ ਇੱਲਾਂ ਚੱਕਰ ਲਾ ਰਹੀਆਂ ਸਨ, ਕਾਵਾਂ ਦੀਆਂ ਲੰਮੀਆਂ ਕਤਾਰਾਂ ਕਿਸੇ ਇਕ ਥਾਂ ਤੋਂ ਦੂਜੀ ਥਾਂ ਉਡੀ ਜਾ ਰਹੀਆਂ ਸਨ ਅਤੇ ਲੱਖਾਂ ਚਿੜੀਆਂ ਦਰੱਖਤਾਂ ਵਿਚ ਚੀਂ ਚੀਂ ਕਰ ਰਹੀਆਂ ਸਨ। ਹਿੰਦੁਸਤਾਨ ਵਿਚ ਕਿਹੜਾ ਥਾਂ ਹੈ ਜੋ ਜ਼ਿੰਦਗੀ ਨਾਲ ਧੜਕ ਨਾ ਰਿਹਾ ਹੋਵੇ। ਇਕਬਾਲ ਨੇ ਪਹਿਲੀ ਵਾਰ ਬੰਬਈ ਜਾਣ ਵੇਲੇ ਦੇ ਆਪਣੇ ਪ੍ਰਤਿਕਰਮ ਨੂੰ ਚੇਤੇ ਕੀਤਾ। ਭੀੜਾਂ ਹੀ ਭੀੜਾਂ — ਲੱਖਾਂ ਲੋਕ — ਸਮੁੰਦਰੀ ਘਾਟ ਉਤੇ, ਰੇਲਵੇ ਪਲੇਟਫਾਰਮਾਂ ਤੇ; ਹੋਰ ਤਾਂ ਹੋਰ ਫੁਟ ਪੱਥ ਰਾਤ ਨੂੰ ਵੀ ਲੋਕਾਂ ਨਾਲ ਭਰੇ ਹੋਏ। ਸਾਰਾ ਦੇਸ਼ ਹੀ ਨਕੋ ਨੱਕ ਭਰੇ ਕਮਰੇ ਵਰਗਾ ਹੈ। ਹੋਰ ਤੁਸੀਂ ਉਮੀਦ ਵੀ ਕੀ ਕਰ ਸਕਦੇ ਹੋ, ਜਦੋਂ ਆਬਾਦੀ ਵਿਚ ਹਰ ਮਿੰਟ ਛੇ ਜਣਿਆਂ ਦਾ ਵਾਧਾ ਹੋ ਜਾਵੇ — ਅਰਥਾਤ 50 ਲੱਖ ਸਾਲਾਨਾ। ਉਦਯੋਗ ਅਤੇ ਖੇਤੀ ਵਿਚ ਹੁੰਦੀ ਹਰ ਯੋਜਨਾਬੰਦੀ ਨੂੰ ਇਹ ਅਸਤ ਵਿਅਸਤ ਕਰ ਦਿੰਦੀ ਹੈ। ਆਬਾਦੀ ਨੂੰ ਵਧਣ ਤੋਂ ਰੋਕਣ ਲਈ ਕਿਉਂ ਨਹੀਂ ਏਨੇ ਹੀ ਉਪਰਾਲੇ ਕੀਤੇ ਜਾਂਦੇ? ਪਰ ਇਹ ਹੋ ਹੀ ਕਿਵੇਂ ਸਕਦਾ ਹੈ, ਕਾਮ ਸੂਤਰਾਂ ਦੀ ਧਰਤੀ ਉਤੇ, ਲਿੰਗ ਪੂਜਾ ਦੇ ਦੇਸ਼ ਵਿਚ ਅਤੇ ਪੁੱਤਰ-ਪ੍ਰੱਸਤੀ ਦੀ ਭੋਂ ਉਤੇ।

ਇਕਬਾਲ ਨੂੰ ਉਸ ਦੇ ਖਿਆਲੀ ਪੁਲਾਓ ਪਕਾਉਣ ਤੋਂ, ਰੇਲਵੇ ਲਾਈਨ ਦੇ ਸਮਾਨਾਂਤਰ ਚਲਦੀਆਂ ਇਸਪਾਤੀ ਤਾਰਾਂ ਵਿਚ ਹੋਈ ਝਿਲਮਲਾਹਟ ਦੀ ਆਵਾਜ਼ ਨੇ ਜਗਾ ਦਿਤਾ। ਪੁਲ ਦੇ ਲਾਗੇ ਸੰਤਰੀ ਦੀ ਚੌਕੀ ਉਪਰਲਾ ਸਿਗਨਲ ਡਾਊਨ ਹੋ ਗਿਆ। ਇਕਬਾਲ ਉਠ ਕੇ ਖੜ੍ਹਾ ਹੋ ਗਿਆ। ਉਸ ਨੇ ਆਪਣੇ ਕਪੜੇ ਝਾੜੇ। ਸੂਰਜ ਦਰਿਆ ਦੇ ਦੂਰ ਹੇਠਾਂ ਚਲਾ ਗਿਆ ਸੀ। ਜਿਵੇਂ ਜਿਵੇਂ ਸੰਝ ਦੇ ਪ੍ਰਛਾਵੇਂ ਮੈਦਾਨ ਉਤੇ ਪਸਰਦੇ ਗਏ, ਤਿਵੇਂ ਤਿਵੇਂ ਗੇਰੂਆ ਅਸਮਾਨ ਫਿੱਕੇ ਚਾਨਣ ਵਿਚ ਡੁੱਬਦਾ ਗਿਆ। ਸੂਖਮ ਤਰ੍ਹਾਂ ਉਂਗਲੀ ਦੇ ਨਹੁੰ ਵਾਂਗ ਤਰਾਸ਼ਿਆ ਨਵਾਂ ਚੰਦਰਮਾ ਤਰਕਾਲਾਂ ਦੇ ਤਾਰੇ ਨਾਲ ਆ ਪ੍ਰਗਟ ਹੋਇਆ। ਪਹੁੰਚ ਰਹੀ ਰੇਲ ਗੱਡੀ ਦੇ ਸ਼ੋਰ ਦੇ ਉਪਰੋਂ ਦੀ ਮੁੱਲਾਂ ਦੀ ਬਾਂਗ ਸੁਣਾਈ ਦੇ ਗਈ।

ਇਕਬਾਲ ਨੇ ਵਾਪਸੀ ਦਾ ਰਸਤਾ ਸੌਖਾ ਹੀ ਲੱਭ ਲਿਆ। ਪਿੰਡ ਦੀਆਂ ਸਾਰੀਆਂ ਗਲੀਆਂ ਗੁਰਦੁਆਰਾ-ਮਸਜਿਦ-ਸ਼ਾਹੂਕਾਰ ਦਾ ਘਰ ਨਾਲ ਬਣਦੀ ਤਿਕੋਣ ਵਿਚ ਜਾ ਮਿਲਦੀਆਂ ਸਨ, ਜਿਥੇ ਕੇਂਦਰ ਵਿਚ ਪਿੱਪਲ ਦਾ ਬ੍ਰਿਛ ਖੜ੍ਹਾ ਸੀ। ਰੋਣ ਦੀਆਂ ਆਵਾਜ਼ਾਂ ਅਜੇ ਵੀ ਰਾਮ ਲਾਲ ਦੇ ਘਰੋਂ ਆ ਰਹੀਆਂ ਸਨ। ਮਸਜਿਦ ਵਿਚ ਦਰਜਨ ਕੁ ਆਦਮੀ ਦੋ ਕਤਾਰਾਂ ਵਿਚ ਖਾਮੋਸ਼ ਸਜਦਾ ਕਰ ਰਹੇ ਸਨ। ਗੁਰਦੁਆਰੇ ਵਿਚ ਪੀੜ੍ਹਾ ਸਾਹਿਬ ਉਤੇ ਮਖਮਲੀ ਰੁਮਾਲੇ ਵਿਚ ਸਜਾਏ ਹੋਏ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਾ ਮੀਤ ਸਿੰਘ ਪਾਠ ਕਰ ਰਿਹਾ ਸੀ। ਪੰਜ-ਛੇ ਮਰਦ ਅਤੇ ਔਰਤਾਂ ਲਾਲਟੈਣ ਦੁਆਲੇ ਅਰਧ ਘੇਰੇ ਵਿਚ ਬੈਠੇ ਮੀਤ ਸਿੰਘ ਵਲੋਂ ਕੀਤੇ ਜਾ ਰਹੇ ਰਹਿਰਾਸ ਦੇ ਪਾਠ ਨੂੰ ਸ੍ਰਵਣ

ਕਰ ਰਹੇ ਸਨ।

ਇਕਬਾਲ ਸਿੱਧਾ ਆਪਣੇ ਕਮਰੇ ਵਿਚ ਚਲਾ ਗਿਆ। ਹਨੇਰੇ ਵਿਚ ਹੀ ਉਹ ਮੰਜੀ ਤੇ ਲੇਟ ਗਿਆ। ਉਸ ਨੇ ਹਾਲੇ ਅੱਖਾਂ ਬੰਦ ਹੀ ਕੀਤੀਆਂ ਸਨ ਕਿ ਸ਼ਰਧਾਲੂਆਂ ਨੇ ਬਾਣੀ ਦਾ ਪਾਠ ਗਾਉਣਾ ਸ਼ੁਰੂ ਕਰ ਦਿਤਾ। ਬਾਣੀ ਕੁਝ ਮਿੰਟਾਂ ਲਈ ਬੰਦ ਹੋਈ ਤੇ ਫਿਰ ਆਰੰਭ ਹੋ ਗਈ। ਪਾਠ ਦਾ ਅੰਤ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਅਤੇ ਨਗਾੜੇ ਦੇ ਡੱਗੇ ਨਾਲ ਹੋਇਆ। ਮਰਦ ਅਤੇ ਇਸਤਰੀਆਂ ਬਾਹਰ ਆ ਗਏ। ਮੀਤ ਸਿੰਘ ਲਾਲਟੈਣ ਲੈ ਕੇ ਉਨ੍ਹਾਂ ਦੇ ਨਾਲ ਹੀ ਬਾਹਰ ਆਇਆ ਅਤੇ ਉਨ੍ਹਾਂ ਨੂੰ ਆਪਣੇ ਆਪਣੇ ਜੋੜੇ ਲੱਭਣ ਵਿਚ ਮਦਦ ਕੀਤੀ। ਹੁਣ ਉਨ੍ਹਾਂ ਉਚੀ ਉਚੀ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਇਸ ਕਾਵਾਂ-ਰੌਲੀ ਚੋਂ ਇਕਬਾਲ ਨੂੰ ਕੇਵਲ ਇਕ ਸ਼ਬਦ ਹੀ ਸਾਫ ਸੁਣਦਾ ਸੀ, ਅਤੇ ਉਹ ਸੀ "ਬਾਬੂ"। ਜਿਸ ਕਿਸੇ ਨੇ ਇਕਬਾਲ ਨੂੰ ਅੰਦਰ ਆਉਂਦਿਆਂ ਦੇਖ ਲਿਆ ਸੀ, ਉਹ ਬਾਕੀਆਂ ਨੂੰ ਦੱਸ ਰਿਹਾ/ਰਹੀ ਸੀ। ਕੁਝ ਫੁਸਫੁਸ ਜਿਹੀ ਹੋਈ, ਪੈਰਾਂ ਦੇ ਚਲਣ ਦੀ ਆਵਾਜ਼ ਸੁਣਾਈ ਦਿਤੀ ਅਤੇ ਫਿਰ ਖਾਮੋਸ਼ੀ ਛਾ ਗਈ।

ਇਕਬਾਲ ਨੇ ਫਿਰ ਅੱਖਾਂ ਬੰਦ ਕਰ ਲਈਆਂ। ਇਕ ਮਿੰਟ ਮਗਰੋਂ ਹੀ ਮੀਤ ਸਿੰਘ ਹੱਥ ਵਿਚ ਲਾਲਟੈਣ ਫੜੀ ਦਹਿਲੀਜ਼ ਤੇ ਖੜ੍ਹਾ ਸੀ।

"ਇਕਬਾਲ ਸਿੰਘ ਜੀ, ਬਿਨਾਂ ਲੰਗਰ ਛਕਿਆਂ ਹੀ ਸੌਣ ਲੱਗ ਪਏ ਹੋ? ਪਾਲਕ ਪਸੰਦ ਕਰੋਗੇ? ਮੇਰੇ ਕੋਲ ਦਹੀਂ ਅਤੇ ਲੱਸੀ ਵੀ ਹੈ।"

"ਨਹੀਂ, ਸ਼ੁਕਰੀਆ ਭਾਈ ਜੀ, ਮੇਰੇ ਕੋਲ ਲੋੜੀਂਦਾ ਖਾਣਾ ਹੈ।"

"ਸਾਡਾ ਗਰੀਬਾਂ ਦਾ ਖਾਣਾ ..." ਮੀਤ ਸਿੰਘ ਕਹਿਣ ਲੱਗਿਆ।

"ਨਹੀਂ, ਨਹੀਂ, ਗੱਲ ਇਹ ਨਹੀਂ," ਇਕਬਾਲ ਨੇ ਉਠ ਕੇ ਬੈਠਦਿਆਂ ਭਾਈ ਜੀ ਨੂੰ ਵਿਚੋਂ ਟੋਕਿਆ। "ਗੱਲ ਸਿਰਫ ਏਨੀ ਹੈ ਕਿ ਮੇਰੇ ਕੋਲ ਖਾਣਾ ਹੈ ਅਤੇ ਜੇ ਮੈਂ ਇਹ ਖਾਂਦਾ ਨਹੀਂ ਤਾਂ ਖਰਾਬ ਹੀ ਹੋਵੇਗਾ। ਮੈਂ ਕੁਝ ਥੱਕ ਗਿਆ ਹਾਂ ਅਤੇ ਸੌਣਾ ਚਾਹਾਂਗਾ"

"ਫਿਰ ਤੁਸੀਂ ਕੁਝ ਦੁੱਧ ਜ਼ਰੂਰ ਪੀ ਲੈਣਾ। ਲੰਬੜਦਾਰ ਬੰਤਾ ਸਿੰਘ ਤੁਹਾਡੇ ਲਈ ਲਿਆ ਰਿਹੈ। ਜੇ ਤੁਸੀਂ ਜਲਦੀ ਸੌਣਾ ਚਾਹੁੰਦੇ ਹੋ ਤਾਂ ਮੈਂ ਉਸ ਨੂੰ ਵੀ ਜਲਦੀ ਆਉਣ ਲਈ ਕਹਿ ਦਿਆਂਗਾ। ਤੁਹਾਡੇ ਲਈ ਛੱਤ ਉਤੇ ਮੇਰੇ ਕੋਲ ਇਕ ਹੋਰ ਮੰਜਾ ਵੀ ਹੈ। ਇਥੇ ਕਮਰੇ ਵਿਚ ਤਾਂ ਬਹੁਤ ਗਰਮੀ ਹੈ। ਬੰਦਾ ਸੌਂ ਨਹੀਂ ਸਕਦਾ।"

ਲੰਬੜਦਾਰ ਨਾਲ ਗੱਲਬਾਤ ਕਰਨ ਵਿਚ ਉਸਦੀ ਰੁਚੀ ਨਹੀਂ ਸੀ। ਪਰ ਕੀ ਕਰਦਾ? ਇਕਬਾਲ ਨੇ ਸਿਰਹਾਣੇ ਹੇਠੋਂ ਚਾਂਦੀ ਦੀ ਹਿਪ-ਫਲਾਸਕ ਕੱਢੀ ਅਤੇ ਵਿਸਕੀ ਦਾ ਇਕ ਮੋਟਾ ਪੈੱਗ ਮਾਰ ਲਿਆ। ਉਸ ਨੇ ਕਾਗਜ਼ ਦੇ ਪੈਕਟ ਵਿਚੋਂ ਕੱਢ ਕੇ ਕੁਝ ਸੁੱਕੇ ਬਿਸਕੁਟ ਖਾਧੇ। ਆਪਣਾ ਸਿਰਹਾਣਾ ਅਤੇ ਗਦੈਲਾ ਲੈ ਕੇ ਉਹ ਛੱਤ ਤੇ ਚਲਾ ਗਿਆ ਜਿਥੇ ਉਸਦੇ ਵਾਸਤੇ ਇਕ ਮੰਜਾ ਡਾਹ ਦਿਤਾ ਗਿਆ ਸੀ। ਮੀਤ ਸਿੰਘ ਤਾਂ ਸਪਸ਼ਟ ਸੀ ਕਿ ਗੁਰਦੁਆਰੇ ਦੀ ਰਾਖੀ ਨੂੰ ਧਿਆਨ ਵਿਚ ਰਖਦਿਆਂ ਵਿਹੜੇ ਵਿਚ ਹੀ ਸੌਂਦਾ ਸੀ।

ਇਕਬਾਲ ਮੰਜੇ ਤੇ ਪਿਆ ਤਾਰਿਆਂ ਨਾਲ ਭਰੇ ਅਸਮਾਨ ਵੱਲ ਵਿੰਹਦਾ ਰਿਹਾ। ਉਸ ਨੂੰ ਗੁਰਦੁਆਰੇ ਵਿਚ ਦਾਖਲ ਹੁੰਦੀਆਂ ਕੁਝ ਆਵਾਜ਼ਾਂ ਸੁਣੀਆਂ ਜੋ ਪੌੜੀਆਂ ਚੜ੍ਹ ਰਹੀਆਂ ਸਨ। ਉਹ ਆਉਣ ਵਾਲਿਆਂ ਦੇ ਸੁਆਗਤ ਲਈ ਉਠ ਖੜ੍ਹਿਆ।

"ਸਤਿ ਸ੍ਰੀ ਅਕਾਲ, ਬਾਬੂ ਸਾਹਿਬ।"

"ਸਲਾਮ, ਬਾਬੂ ਸਾਹਿਬ।"

ਉਨ੍ਹਾਂ ਹੱਥ ਮਿਲਾਏ। ਮੀਤ ਸਿੰਘ ਨੇ ਉਨ੍ਹਾਂ ਦੀ ਜਾਣ-ਪਛਾਣ ਕਰਾਉਣ ਦੀ ਜ਼ਹਿਮਤ ਨਹੀਂ ਉਠਾਈ। ਇਕਬਾਲ ਨੇ ਮੰਜੇ ਤੋਂ ਗਦੈਲਾ ਇਕ ਪਾਸੇ ਕਰ ਦਿਤਾ ਤਾਂ ਜੋ ਉਨ੍ਹਾਂ ਦੇ ਬੈਠਣ ਲਈ ਜਗਾਹ ਬਣਾਈ ਜਾਵੇ। ਉਹ ਖੁਦ ਭੁੰਜੇ ਛੱਤ ਤੇ ਬੈਠ ਗਿਆ।

"ਮੈਨੂੰ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ ਕਿ ਪਹਿਲਾਂ ਆ ਕੇ ਪੇਸ਼ ਨਹੀਂ ਹੋਇਆ," ਸਿੱਖ ਨੇ ਕਿਹਾ। "ਮੁਆਫੀ ਦੇਣ ਦੀ ਕਿਰਪਾ ਕਰਨਾ। ਮੈਂ ਤੁਹਾਡੇ ਲਈ ਕੁਝ ਦੁੱਧ ਲਿਆਇਆ ਹਾਂ।"

"ਹਾਂ, ਸਾਹਿਬ ਜੀ, ਸਾਨੂੰ ਬੜੀ ਸ਼ਰਮ ਆ ਰਹੀ ਹੈ। ਤੁਸੀਂ ਸਾਡੇ ਮਹਿਮਾਨ ਹੋ ਅਤੇ ਅਸੀਂ ਤੁਹਾਡੀ ਕੋਈ ਸੇਵਾ ਨਹੀਂ ਕੀਤੀ। ਦੁੱਧ ਪੀ ਲਵੋ ਕਿਤੇ ਠੰਢਾ ਨਾ ਹੋ ਜਾਵੇ ।" ਦੂਜੇ ਆਗੰਤਕ ਨੇ ਆਖਿਆ। ਉਹ ਕੁਤਰੀ ਹੋਈ ਦਾਹੜੀ ਵਾਲਾ ਲੰਮਾ ਪਤਲਾ ਆਦਮੀ ਸੀ।

"ਬੜੀ ਕਿਰਪਾ ਹੈ ਤੁਹਾਡੀ। ... ਮੈਨੂੰ ਪਤੈ ਕਿ ਤੁਸੀਂ ਪੁਲਿਸ ਨਾਲ ਰੁਝੇ ਹੋਏ ਸੀ। ... ਮੈਂ ਦੁੱਧ ਨਹੀਂ ਪੀਂਦਾ ਹੁੰਦਾ। ਸੱਚੀਂ ਨਹੀਂ ਪੀਂਦਾ। ਅਸੀਂ ਸ਼ਹਿਰੀਏ ..." ਲੰਬੜਦਾਰ ਨੇ ਇਕਬਾਲ ਦੀ ਬਾ-ਸਲੀਕਾ ਨਾਂਹ ਨੂੰ ਅਣਡਿੱਠ ਕਰ ਦਿਤਾ। ਉਸ ਨੇ ਪਿੱਤਲ ਦੇ ਵਡੇ ਗਲਾਸ ਤੋਂ ਮੈਲਾ ਜਿਹਾ ਰੁਮਾਲ ਹਟਾਇਆ ਅਤੇ ਉਂਗਲ ਨਾਲ ਦੁੱਧ ਘੋਲਣ ਲੱਗ ਪਿਆ। "ਦੁੱਧ ਤਾਜ਼ਾ ਹੈ। ਮੈਂ ਮੱਝ ਨੂੰ ਇਕ ਘੰਟਾ ਪਹਿਲਾਂ ਹੀ ਚੋਇਆ ਸੀ ਅਤੇ ਪਤਨੀ ਨੇ ਉਬਾਲਾ ਦੇ ਦਿਤਾ ਸੀ। ਮੈਂ ਜਾਣਦਾਂ ਤੁਸੀਂ ਪੜ੍ਹੇ-ਲਿਖੇ ਲੋਕ ਕੇਵਲ ਉਬਲਿਆ ਦੁੱਧ ਹੀ ਪੀਂਦੇ ਹੋ। ਖੰਡ ਬਹੁਤ ਪਾਈ ਹੈ ਇਸ ਵਿਚ, ਹੇਠਾਂ ਬੈਠ ਗਈ ਹੈ," ਉਸ ਨੇ ਆਖਰੀ ਵਾਰ ਉਂਗਲ ਨਾਲ ਘੋਲਦਿਆਂ ਆਖਿਆ। ਦੁੱਧ ਦੇ ਗਾੜ੍ਹੇਪਣ ਨੂੰ ਦਰਸਾਉਣ ਲਈ ਉਨ੍ਹੇ ਇਸ ਵਿਚੋਂ ਉਂਗਲ ਨਾਲ ਮਲਾਈ ਚੁਕੀ ਅਤੇ ਫਿਰ ਵਾਪਸ ਪਾ ਦਿਤੀ। "ਲਓ, ਬਾਬੂ ਜੀ, ਠੰਢਾ ਹੋਣ ਤੋਂ ਪਹਿਲਾਂ ਪਹਿਲਾਂ ਪੀ ਲਓ।"

"ਨਹੀਂ! ਨਹੀਂ! ਨਹੀਂ, ਮਿਹਰਬਾਨੀ, ਨਹੀਂ।" ਇਕਬਾਲ ਨੇ ਜ਼ੋਰਦਾਰ ਨਾਂਹ ਕੀਤੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਪਿੰਡ ਦੇ ਇਨ੍ਹਾਂ ਮੋਹਤਬਰਾਂ ਨੂੰ ਨਰਾਜ਼ ਕੀਤੇ ਬਿਨਾਂ ਇਸ ਪ੍ਰੇਸ਼ਾਨੀ ਚੋਂ ਕਿਵੇਂ ਨਿਕਲੇ। "ਮੈਂ ਕਦੇ ਵੀ ਦੁੱਧ ਨਹੀਂ ਪੀਂਦਾ। ਪਰ ਜੇ ਤੁਸੀਂ ਜ਼ਿੱਦ ਕਰਦੇ ਹੋ ਤਾਂ ਬਾਅਦ ਨੂੰ ਪੀ ਲਵਾਂਗਾ। ਮੈਂ ਠੰਢਾ ਪੀਣਾ ਹੀ ਪਸੰਦ ਕਰਾਂਗਾ।"

"ਹਾਂ, ਜਿਵੇਂ ਤੁਹਾਨੂੰ ਪਸੰਦ ਹੋਵੇ, ਉਵੇਂ ਹੀ ਪੀਓ, ਬਾਬੂ ਜੀ," ਮੁਸਲਮਾਨ ਨੇ ਉਸ ਦੇ ਬਚਾਓ ਲਈ ਅਗੇ ਆਉਂਦਿਆਂ ਕਿਹਾ। "ਬੰਤਾ ਸਿੰਘ ਗਲਾਸ ਇਥੇ ਹੀ ਛੱਡ

ਜਾ। ਭਾਈ ਜੀ ਸਵੇਰੇ ਵਾਪਸ ਲੈ ਆਉਣਗੇ।"

ਲੰਬੜਦਾਰ ਨੇ ਫਿਰ ਗਲਾਸ ਨੂੰ ਆਪਣੇ ਰੁਮਾਲ ਨਾਲ ਢਕ ਦਿਤਾ ਅਤੇ ਇਕਬਾਲ ਦੇ ਮੰਜੇ ਹੇਠ ਰਖ ਦਿਤਾ। ਕਾਫੀ ਸਮਾਂ ਚੁੱਪ ਛਾਈ ਰਹੀ। ਇਕਬਾਲ ਨੇ ਮਲਾਈ ਵਾਲੇ ਦੁੱਧ ਨੂੰ ਨਾਲੀ ਵਿਚ ਸੁੱਟਣ ਦਾ ਮਨਮੋਹਕ ਦ੍ਰਿਸ਼ ਵੀ ਆਪਣੀ ਕਲਪਣਾ ਵਿਚ ਮਾਣ ਲਿਆ ਸੀ।

"ਹੂੰ, ਬਾਬੂ ਜੀ," ਮੁਸਲਮਾਨ ਨੇ ਗੱਲ ਸ਼ੁਰੂ ਕੀਤੀ। "ਸਾਨੂੰ ਵੀ ਦੱਸੋ ਕੁਝ। ਦੁਨੀਆਂ ਵਿਚ ਹੋ ਕੀ ਰਿਹੈ? ਇਹ ਪਾਕਿਸਤਾਨ ਅਤੇ ਹਿੰਦੁਸਤਾਨ ਕੀ ਰੌਲਾ ਪੈ ਰਿਹੈ?"

"ਅਸੀਂ ਇਸ ਛੋਟੇ ਜਿਹੇ ਪਿੰਡ ਵਿਚ ਰਹਿੰਦੇ ਹਾਂ, ਤੇ ਕੁਝ ਨਹੀਂ ਜਾਣਦੇ," ਲੰਬੜਦਾਰ ਵੀ ਸਵਾਲ ਵਿਚ ਸ਼ਾਮਲ ਹੋ ਗਿਆ। "ਬਾਬੂ ਜੀ, ਇਹ ਤਾਂ ਦਸੋ ਕਿ ਅੰਗਰੇਜ਼ ਕਿਉਂ ਛੱਡ ਕੇ ਚਲੇ ਗਏ?"

ਇਕਬਾਲ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਇਨ੍ਹਾਂ ਸਿਧੇ ਸਾਦੇ ਸਵਾਲਾਂ ਦਾ ਜਵਾਬ ਕਿਵੇਂ ਦੇਵੇ। ਇਨ੍ਹਾਂ ਲੋਕਾਂ ਲਈ ਆਜ਼ਾਦੀ ਦਾ ਤੁੱਛ ਜਾਂ ਕੋਈ ਮਤਲਬ ਨਹੀਂ ਸੀ। ਉਨ੍ਹਾਂ ਨੂੰ ਤਾਂ ਇਹ ਵੀ ਅਹਿਸਾਸ ਨਹੀਂ ਸੀ ਕਿ ਆਜ਼ਾਦੀ ਅਗੇ ਵੱਲ ਇਕ ਕਦਮ ਹੈ। ਉਨ੍ਹਾਂ ਨੇ ਕਰਨਾ ਸਿਰਫ ਇਹ ਹੈ ਕਿ ਅਗਲਾ ਕਦਮ ਚੁੱਕ ਲੈਣ ਅਤੇ ਆਪਣੇ ਸੁਪਨਿਆਂ ਦੀ ਸਿਆਸੀ ਆਜ਼ਾਦੀ ਨੂੰ ਅਸਲ ਆਰਥਿਕ ਆਜ਼ਾਦੀ ਵਿਚ ਬਦਲ ਦੇਣ।

"ਉਹ ਚਲੇ ਗਏ ਕਿਉਂਕਿ ਉਨ੍ਹਾਂ ਨੂੰ ਜਾਣਾ ਹੀ ਪੈਣਾ ਸੀ। ਸਾਡੇ ਕੋਲ ਲੱਖਾਂ ਨੌਜਵਾਨ ਸਨ ਜੋ ਜੰਗ ਵਿਚ ਲੜਣ ਲਈ ਟ੍ਰੇਂਡ ਸਨ। ਇਸ ਵਾਰ ਇਨ੍ਹਾਂ ਕੋਲ ਹਥਿਆਰ ਵੀ ਸਨ। ਕੀ ਤੁਸੀਂ ਭਾਰਤੀ ਜਹਾਜ਼ੀਆਂ ਵਲੋਂ ਕੀਤੀ ਬਗਾਵਤ ਬਾਰੇ ਨਹੀਂ ਸੁਣਿਆ? ਫੌਜੀਆਂ ਨੇ ਉਹੀ ਕੁਝ ਫੇਰ ਕਰ ਦੇਣਾ ਸੀ। ਅੰਗਰੇਜ਼ ਡਰ ਗਏ ਸਨ। ਅੰਗਰੇਜ਼ਾਂ ਨੇ ਜਾਪਾਨੀਆਂ ਵਲੋਂ ਖੜ੍ਹੀ ਕੀਤੀ 'ਆਜ਼ਾਦ ਹਿੰਦ ਫੌਜ' ਦੇ ਕਿਸੇ ਵੀ ਭਾਰਤੀ ਨੂੰ ਨਹੀਂ ਮਾਰਿਆ। ਕਿਉਂਕਿ ਉਹ ਸਮਝ ਗਏ ਸਨ ਕਿ ਇਸ ਨਾਲ ਸਾਰਾ ਦੇਸ਼ ਹੀ ਉਨ੍ਹਾਂ ਵਿਰੁਧ ਉਠ ਖੜ੍ਹਾ ਹੋਵੇਗਾ।"

ਇਕਬਾਲ ਦੇ ਬਿਰਤਾਂਤ ਦਾ ਉਨ੍ਹਾਂ ਤੇ ਖਾਸ ਅਸਰ ਨਹੀਂ ਪਿਆ।

"ਬਾਬੂ ਜੀ, ਜੋ ਤੁਸੀਂ ਕਿਹੈ, ਹੋ ਸਕਦੈ, ਉਹ ਠੀਕ ਹੋਵੇ," ਲੰਬੜਦਾਰ ਨੇ ਝਿਜਕਦਿਆਂ ਆਖਿਆ। "ਪਰ ਮੈਂ ਪਿਛਲੀ ਜੰਗ ਵਿਚ ਸ਼ਾਮਲ ਸੀ ਅਤੇ ਮੈਸੋਪੋਟੇਮੀਆ ਅਤੇ ਗਲੀਪੋਲੀ ਵਿਚ ਲੜਿਆ ਸੀ। ਅਸੀਂ ਅੰਗਰੇਜ਼ ਅਫਸਰਾਂ ਨੂੰ ਪਸੰਦ ਕਰਦੇ ਸਾਂ। ਉਹ ਹਿੰਦੀ ਅਫਸਰਾਂ ਨਾਲੋਂ ਚੰਗੇ ਸਨ।"

"ਹਾਂ," ਮੀਤ ਸਿੰਘ ਨੇ ਪੁਸ਼ਟੀ ਕੀਤੀ। "ਮੇਰਾ ਭਰਾ ਹਵਾਲਦਾਰ ਹੈ। ਉਹ ਵੀ ਇਹੋ ਕਹਿੰਦਾ ਹੈ ਕਿ ਸਾਰੇ ਸਿਪਾਹੀ ਭਾਰਤੀ ਅਫਸਰਾਂ ਨਾਲੋਂ ਅੰਗਰੇਜ਼ ਅਫਸਰਾਂ ਨਾਲ ਵਧੇਰੇ ਖੁਸ਼ ਰਹਿੰਦੇ ਹਨ। ਮੇਰੇ ਭਰਾ ਦੇ ਕਰਨਲ ਦੀ ਮੇਮ ਸਾਹਿਬ ਹੁਣ ਵੀ

ਮੇਰੀ ਭਤੀਜੀ ਨੂੰ ਇੰਗਲੈਂਡ ਤੋਂ ਸੋਹਣੀਆਂ ਚੀਜ਼ਾਂ ਭੇਜਦੀ ਹੈ। ਤੁਹਾਨੂੰ ਪਤੈ ਲੰਬੜਦਾਰ ਸਾਹਿਬ, ਉਨ੍ਹੇ ਭਤੀਜੀ ਦੇ ਵਿਆਹ ਸਮੇਂ ਪੈਸੇ ਵੀ ਭੇਜੇ ਸਨ। ਕਿਹੜੇ ਹਿੰਦੁਸਤਾਨੀ ਅਫਸਰਾਂ ਦੀਆਂ ਪਤਨੀਆਂ ਇਹ ਕਰਨਗੀਆਂ?"

ਇਕਬਾਲ ਨੇ ਹਮਲਾਵਰ ਰੁਖ ਲੈਣ ਦੀ ਕੋਸ਼ਿਸ਼ ਕੀਤੀ, "ਕਿਉਂ ਤੁਸੀਂ ਲੋਕ ਆਜ਼ਾਦ ਨਹੀਂ ਹੋਣਾ ਚਾਹੁੰਦੇ। ਕੀ ਤੁਸੀਂ ਸਾਰੀ ਉਮਰ ਗੁਲਾਮ ਹੀ ਰਹਿਣਾ ਚਾਹੋਗੇ?"

ਲੰਮੀ ਚੁੱਪ ਮਗਰੋਂ ਲੰਬੜਦਾਰ ਨੇ ਜਵਾਬ ਦਿਤਾ: "ਆਜ਼ਾਦੀ ਜ਼ਰੂਰ ਚੰਗੀ ਚੀਜ਼ ਹੋਵੇਗੀ। ਪਰ ਸਾਨੂੰ ਉਸਤੋਂ ਕੀ ਮਿਲੇਗਾ? ਬਾਬੂ ਸਾਹਿਬ, ਤੁਹਾਡੇ ਵਰਗੇ ਪੜ੍ਹੇ-ਲਿਖੇ ਲੋਕ ਹੀ ਉਹ ਨੌਕਰੀਆਂ ਲੈ ਜਾਣਗੇ ਜਿਹੜੀਆਂ ਅੰਗਰੇਜ਼ ਛੱਡ ਕੇ ਗਏ ਹਨ। ਕੀ ਸਾਨੂੰ ਵਧੇਰੇ ਜ਼ਮੀਨਾਂ ਜਾਂ ਵਧੇਰੇ ਮੱਝਾਂ ਮਿਲ ਜਾਣਗੀਆਂ?"

"ਨਹੀਂ," ਮੁੱਲਾਂ ਨੇ ਕਿਹਾ, "ਆਜ਼ਾਦੀ ਤਾਂ ਪੜ੍ਹ-ਲਿਖੇ ਲੋਕਾਂ ਲਈ ਹੈ, ਜਿਹੜੇ ਆਜ਼ਾਦੀ ਖਾਤਰ ਲੜੇ। ਅਸੀਂ ਤਾਂ ਅੰਗਰੇਜ਼ਾਂ ਦੇ ਗੁਲਾਮ ਸਾਂ, ਹੁਣ ਅਸੀਂ ਪੜ੍ਹੇ-ਲਿਖੇ ਹਿੰਦੁਸਤਾਨੀਆਂ ਜਾਂ ਪਾਕਿਸਤਾਨੀਆਂ ਦੇ ਗੁਲਾਮ ਹੋਵਾਂਗੇ।"

ਇਕਬਾਲ ਇਸ ਵਿਸ਼ਲੇਸ਼ਣ ਉਤੇ ਹੱਕਾ-ਬੱਕਾ ਰਹਿ ਗਿਆ।

"ਜੋ ਤੁਸੀਂ ਕਹਿ ਰਹੇ ਹੋ ਉਹ ਬਿਲਕੁਲ ਸਹੀ ਹੈ," ਉਨ੍ਹੇ ਉਤਸ਼ਾਹ ਨਾਲ ਸਹਿਮਤੀ ਦਿਤੀ। "ਜੇ ਤੁਸੀਂ ਚਾਹੁੰਦੇ ਹੋ ਕਿ ਆਜ਼ਾਦੀ ਦਾ ਤੁਹਾਡੇ ਲਈ —ਕਿਸਾਨਾਂ ਅਤੇ ਮਜ਼ਦੂਰਾਂ — ਲਈ ਕੋਈ ਅਰਥ ਹੋਵੇ, ਤਾਂ ਏਕਤਾ ਕਰਨੀ ਪਵੇਗੀ ਅਤੇ ਲੜਨਾ ਹੋਵੇਗਾ। ਕਾਂਗਰਸ ਦੀ ਬਾਣੀਆ ਸਰਕਾਰ ਨੂੰ ਲਾਹ ਸੁੱਟੋ। ਰਜਵਾੜਿਆਂ ਅਤੇ ਜਾਗੀਰਦਾਰਾਂ ਤੋਂ ਖਹਿੜਾ ਛੁਡਾਓ — ਆਜ਼ਾਦੀ ਦਾ ਤੁਹਾਡੇ ਲਈ ਵੀ ਉਹੀ ਮਤਲਬ ਹੋਵੇਗਾ ਜੋ ਤੁਸੀਂ ਚਾਹੁੰਦੇ ਹੋ ਕਿ ਹੋਵੇ। ਵਧੇਰੇ ਜ਼ਮੀਨ , ਵਧੇਰੇ ਮੱਝਾਂ ਅਤੇ ਕੋਈ ਕਰਜ਼ ਨਹੀਂ।"

"ਇਹੋ ਗੱਲ ਸਾਨੂੰ ਉਸ ਬੰਦੇ ਨੇ ਦੱਸੀ ਸੀ," ਮੀਤ ਸਿੰਘ ਨੇ ਟੋਕਿਆ, "ਉਸ ਬੰਦੇ ਨੇ ... ਕੀ ਨਾਂ ਸੀ ਉਸਦਾ ਲੰਬੜਦਾਰਾ? ਕਾਮਰੇਡ ਫਲਾਣਾ ਜਾਂ ਢਿਮਕਾ। ਕੀ ਤੁਸੀਂ ਕਾਮਰੇਡ ਹੋ, ਬਾਬੂ ਸਾਹਿਬ?"

"ਨਹੀਂ।"

"ਮੈਂ ਖੁਸ਼ ਹਾਂ ਕਿ ਤੁਸੀਂ ਨਹੀਂ ਹੋ। ਉਹ ਕਾਮਰੇਡ ਰੱਬ ਵਿਚ ਵਿਸ਼ਵਾਸ ਨਹੀਂ ਸੀ ਰਖਦਾ। ਉਹ ਕਹਿੰਦਾ ਸੀ ਕਿ ਜਦੋਂ ਉਨ੍ਹਾਂ ਦੀ ਪਾਰਟੀ ਤਾਕਤ ਵਿਚ ਆ ਗਈ ਤਾਂ ਉਹ ਤਰਨਤਾਰਨ ਵਿਚ ਗੁਰਦੁਆਰਾ ਸਾਹਿਬ ਦੁਆਲੇ ਬਣੇ ਪਵਿੱਤਰ ਤਲਾ ਚੋਂ ਪਾਣੀ ਬਾਹਰ ਕੱਢ ਦੇਣਗੇ ਅਤੇ ਉਸਦੀ ਥਾਂ ਚਾਵਲ ਬੀਜ ਦੇਣਗੇ। ਉਹ ਕਹਿੰਦਾ ਸੀ ਕਿ ਇਹ ਵਧੇਰੇ ਫਾਇਦੇਮੰਦ ਹੋਵੇਗਾ।"

"ਇਹ ਬਕਵਾਸ ਹੈ," ਇਕਬਾਲ ਨੇ ਉਜ਼ਰ ਕੀਤਾ। ਉਹ ਚਾਹੁੰਦਾ ਸੀ ਕਿ ਕਾਸ਼

ਮੀਤ ਸਿੰਘ ਨੂੰ ਉਸ ਕਾਮਰੇਡ ਦਾ ਨਾਂ ਚੇਤੇ ਹੁੰਦਾ। ਉਸ ਦੀ ਰਿਪੋਰਟ ਹੈੱਡ ਕੁਆਟਰ ਨੂੰ ਕਰਨੀ ਬਣਦੀ ਹੈ ਜਿਥੇ ਉਸ ਦੀ ਖਿਚਾਈ ਕੀਤੀ ਜਾਂਦੀ।

"ਜੇ ਅਸੀਂ ਰੱਬ ਵਿਚ ਹੀ ਵਿਸ਼ਵਾਸ ਨਹੀਂ ਕਰਦੇ ਤਾਂ ਅਸੀਂ ਜਾਨਵਰ ਬਰਾਬਰ ਹਾਂ," ਮੁਸਲਮਾਨ ਨੇ ਸੰਜੀਦਗੀ ਨਾਲ ਕਿਹਾ। "ਸਾਰੀ ਦੁਨੀਆਂ ਧਾਰਮਿਕ ਬੰਦੇ ਦਾ ਸਤਿਕਾਰ ਕਰਦੀ ਹੈ। ਗਾਂਧੀ ਨੂੰ ਦੇਖੋ! ਮੈਂ ਸੁਣਿਆ ਹੈ ਕਿ ਉਹ ਆਪਣੇ ਵੇਦਾਂ ਅਤੇ ਸ਼ਾਸਤਰਾਂ ਦੇ ਨਾਲ ਹੀ ਕੁਰਾਨ ਸ਼ਰੀਫ ਵੀ ਪੜ੍ਹਦੈ ਅਤੇ ਅੰਜੀਲ ਵੀ। ਚਹੁੰ ਕੂਟਾਂ ਵਿਚ ਉਸਦੀ ਉਸਤਤ ਹੁੰਦੀ ਹੈ। ਮੈਂ ਪ੍ਰਾਰਥਨਾ ਸਭਾ ਵਿਚ ਗਾਂਧੀ ਜੀ ਦੀ ਤਸਵੀਰ ਛੱਪੀ ਦੇਖੀ ਹੈ। ਇਸ ਵਿਚ ਕਿੰਨੇ ਹੀ ਗੋਰੇ ਅਤੇ ਗੋਰੀਆਂ ਵੀ ਚੌਕੜੀ ਮਾਰਕੇ ਬੈਠੇ ਨਜ਼ਰ ਆਉਂਦੇ ਹਨ। ਇਕ ਗੋਰੀ ਨੇ ਅੱਖਾਂ ਵੀ ਮੀਟੀਆਂ ਹੋਈਆਂ ਸਨ। ਕਹਿੰਦੇ ਹਨ ਕਿ ਉਹ ਵਡੇ ਲਾਟ ਸਾਹਿਬ ਦੀ ਬੇਟੀ ਸੀ। ਦੇਖਿਆ ਮੀਤ ਸਿੰਘ ਅੰਗਰੇਜ਼ ਵੀ ਧਾਰਮਿਕ ਆਦਮੀ ਦਾ ਸਤਿਕਾਰ ਕਰਦੇ ਹਨ।"

"ਬੇਸ਼ੱਕ, ਚਾਚਾ। ਤੁਹਾਡਾ ਕਿਹਾ ਸੋਲਾਂ ਆਨੇ ਸੱਚ ਹੈ," ਮੀਤ ਸਿੰਘ ਨੇ ਆਪਣੇ ਢਿੱਡ ਉਤੇ ਹੱਥ ਫੇਰਦਿਆਂ ਸਹਿਮਤੀ ਦਰਸਾਈ।

ਇਕਬਾਲ ਨੂੰ ਗੁੱਸਾ ਆ ਗਿਆ, "ਉਹ ਚਾਰ ਸੌ ਵੀਹਾਂ ਦੀ ਨਸਲ ਹੈ।" ਉਨ੍ਹੇ ਰੋਹ ਨਾਲ ਆਖਿਆ, "ਜੋ ਉਹ ਕਹਿੰਦੇ ਆ, ਉਸ ਤੇ ਭੋਰਾ ਵਿਸ਼ਵਾਸ ਨਾ ਕਰੋ।"

ਇਸ ਵਾਰ ਫਿਰ ਇਕਬਾਲ ਦਾ ਤੀਰ ਨਿਸ਼ਾਨੇ ਤੇ ਨਾ ਲੱਗਾ। ਪਰ ਵਡੇ ਸਾਹਿਬ ਦੀ ਲੜਕੀ ਪ੍ਰੈੱਸ ਫੋਟੋਗਰਾਫਰਾਂ ਲਈ ਚੌਕੜੀ ਮਾਰਕੇ ਅੱਖਾਂ ਬੰਦ ਕਰਕੇ ਅੰਤਰ ਧਿਆਨ ਬੈਠੀ ਹੋਵੇ, ਅਤੇ ਖੁਦ ਵਡਾ ਸਾਹਿਬ ਵੀ — ਬਾਦਸ਼ਾਹ ਦਾ ਖੂਬਸੂਰਤ ਤੇ ਹਿੰਦੁਸਤਾਨੀ ਬੋਲਦਾ ਚਚੇਰਾ/ਮਸੇਰਾ ਭਰਾ ਜੋ ਮਿਸ਼ਨਰੀਆਂ ਵਾਂਗ ਹਿੰਦੁਸਤਾਨ ਨੂੰ ਪਿਆਰ ਕਰਦਾ ਸੀ — ਇਹ ਇਕਬਾਲ ਨੂੰ ਪਚਦਾ ਨਹੀਂ ਸੀ।

"ਮੈਂ ਬੜੇ ਸਾਲ ਉਨ੍ਹਾਂ ਦੇ ਦੇਸ਼ ਵਿਚ ਰਿਹਾ ਹਾਂ। ਇਨਸਾਨ ਵਜੋਂ ਉਹ ਵਧੀਆ ਲੋਕ ਹਨ। ਪਰ ਸਿਆਸੀ ਤੌਰ ਤੇ ਉਹ ਦੁਨੀਆਂ ਦੇ ਸਭ ਤੋਂ ਵਡੇ ਚਾਰ ਸੌ ਵੀਹ ਹਨ। ਜੇ ਉਹ ਈਮਾਨਦਾਰ ਹੁੰਦੇ ਤਾਂ ਉਹ ਸਾਰੀ ਦੁਨੀਆਂ ਵਿਚ ਆਪਣਾ ਰਾਜ ਭਾਗ ਨਾ ਫੈਲਾ ਸਕਦੇ। ਪਰ ਇਹ ਗੱਲ ਹੁਣ ਬੇਮਾਅਨਾ ਹੈ।" ਇਕਬਾਲ ਨੇ ਹੋਰ ਆਖਿਆ। ਸਮਾਂ ਹੁਣ ਵਿਸ਼ੇ ਨੂੰ ਬਦਲਣ ਦਾ ਸੀ। "ਮਹੱਤਵਪੂਰਨ ਗੱਲ ਇਹ ਹੈ : ਹੁਣ ਅਗੇ ਕੀ ਹੋਵੇਗਾ?"

"ਅਸੀਂ ਜਾਣਦੇ ਹਾਂ ਕਿ ਕੀ ਵਾਪਰ ਰਿਹਾ ਹੈ," ਲੰਬੜਦਾਰ ਨੇ ਕੁਝ ਗਰਮੀ ਨਾਲ ਜਵਾਬ ਦਿਤਾ। "ਸਾਰੀ ਧਰਤੀ ਤੇ ਤਬਾਹੀ ਦੀਆਂ ਹਵਾਵਾਂ ਚਲ ਰਹੀਆਂ ਹਨ। ਸਿਰਫ ਇਕੋ ਆਵਾਜ਼ ਸੁਣਦੀ ਹੈ — ਮਾਰੋ, ਮਾਰੋ। ਆਜ਼ਾਦੀ ਕੇਵਲ ਚੋਰ, ਡਾਕੂ ਅਤੇ ਕਾਤਲ ਹੀ ਮਾਣ ਰਹੇ ਹਨ।" ਫਿਰ ਉਨ੍ਹੇ ਕੁਝ ਠੰਢੇ ਹੋ ਕੇ ਕਿਹਾ: "ਅਸੀਂ ਅੰਗਰੇਜ਼ਾਂ ਦੇ ਰਾਜ ਵਿਚ ਹੀ ਚੰਗੇ ਸਾਂ। ਘਟੋ ਘਟ ਸੁਰੱਖਿਆ ਤਾਂ ਸੀ।"

ਅਸੁਖਾਵੀਂ ਚੁੱਪ ਛਾ ਗਈ। ਮਾਲ ਡੱਬਿਆਂ ਨੂੰ ਅਗੇ ਪਿਛੇ ਕਰਨ ਲਈ ਇੰਜਨ

ਰਾਹੀਂ ਸਾਰੇ ਲੋਕਾਂ ਨੂੰ ਮੈਂ ਦੱਸਾਂਗਾ ਕਿ ਤੁਸੀਂ ਸਿਪਾਹੜੇ ਕਿਵੇਂ ਆਪਣੀ ਡਿਊਟੀ ਪੂਰੀ ਕਰਦੇ ਹੋ।"

ਸਿਪਾਹੀ ਭੌਚੱਕੇ ਰਹਿ ਗਏ। ਨੌਜਵਾਨ ਦੇ ਗੱਲ ਕਰਨ ਦਾ ਅੰਦਾਜ਼ ਤੇ ਰੋਅਬ, ਰਬੜ ਦਾ ਸਿਰਹਾਣਾ ਅਤੇ ਗਦੈਲਾ, ਅਤੇ ਹੋਰ ਚੀਜ਼ਾਂ ਜੋ ਉਨ੍ਹਾਂ ਹੇਠਾਂ ਕਮਰੇ ਵਿਚ ਦੇਖੀਆਂ ਸਨ, ਅਤੇ ਸਭ ਤੋਂ ਵਡੀ ਗੱਲ ਉਹਦਾ ਹਮਲਾਵਰ ਅੰਦਾਜ਼ — ਇਸ ਸਭ ਨੇ ਸਿਪਾਹੀਆਂ ਨੂੰ ਕਸੂਤੀ ਸਥਿਤੀ ਵਿਚ ਫਸਾ ਦਿਤਾ। ਉਨ੍ਹਾਂ ਨੂੰ ਲੱਗਿਆ ਕਿ ਸ਼ਾਇਦ ਉਨ੍ਹਾਂ ਤੋਂ ਕੋਈ ਗਲਤੀ ਹੋ ਗਈ ਹੈ।

"ਬਾਬੂ ਸਾਹਿਬ, ਅਸੀਂ ਕੇਵਲ ਆਪਣੀ ਡਿਊਟੀ ਨਿਭਾ ਰਹੇ ਹਾਂ। ਮਾਮਲਾ ਤੁਸੀਂ ਡਿਪਟੀ ਸਾਹਿਬ ਨਾਲ ਨਿਬੇੜ ਲੈਣਾ," ਉਨ੍ਹਾਂ ਚੋਂ ਇਕ ਨੇ ਹਲੀਮੀ ਨਾਲ ਜਵਾਬ ਦਿਤਾ। ਦੂਜਾ ਸਿਪਾਹੀ ਬੇਚੈਨ ਜਿਹਾ ਹੱਥਕੜੀਆਂ ਨਾਲ ਹੀ ਖੇਡਦਾ ਰਹਿ ਗਿਆ।

"ਮੈਂ ਤੁਹਾਨੂੰ ਸਭ ਨੂੰ ਦੇਖ ਲਵਾਂਗਾ — ਪੁਲਿਸ ਅਤੇ ਡਿਪਟੀ ਕਮਿਸ਼ਨਰ ਨੂੰ ਵੀ! ਆਉਂਦੇ ਹੋ ਤੇ ਸੁੱਤੇ ਪਏ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹੋ। ਇਸ ਗਲਤੀ ਤੇ ਬਹੁਤ ਪਛਤਾਓਗੇ ਤੁਸੀਂ।" ਇਕਬਾਲ ਇੰਤਜ਼ਾਰ ਕਰਨ ਲੱਗਾ ਕਿ ਸਿਪਾਹੀ ਕੁਝ ਕਹਿਣ ਅਤੇ ਉਹ ਫਿਰ ਅਮਨ-ਕਾਨੂੰਨ ਉਤੇ ਚੜ੍ਹਾਈ ਕਰ ਦੇਵੇ। ਪਰ ਉਹ ਦੁਬਕ ਗਏ ਸਨ।

"ਉਡੀਕਣਾ ਪਵੇਗਾ, ਤੁਹਾਨੂੰ। ਮੈਂ ਨਹਾ ਲਵਾਂ ਅਤੇ ਕਪੜੇ ਬਦਲ ਲਵਾਂ ਅਤੇ ਆਪਣਾ ਸਮਾਨ ਕਿਸੇ ਦੇ ਸਪੁਰਦ ਕਰ ਦੇਵਾਂ," ਇਕਬਾਲ ਨੇ ਉਸੇ ਚੜ੍ਹਾਈ ਨਾਲ ਆਖਿਆ ਅਤੇ ਸਿਪਾਹੀਆਂ ਨੂੰ ਕੁਝ ਹੋਰ ਕਹਿਣ-ਬੋਲਣ ਦਾ ਮੌਕਾ ਦਿਤਾ।

"ਠੀਕ ਹੈ ਬਾਬੂ ਸਾਹਿਬ। ਜਿੰਨਾ ਚਾਹੁੰਦੇ ਹੋ ਵਕਤ ਲਾਓ।"

ਸਿਪਾਹੀਆਂ ਦੇ ਇਨਸਾਨੀ ਸਲੀਕੇ ਨੇ ਇਕਬਾਲ ਦੇ ਗੁੱਸੇ ਦੀ ਹਵਾ ਕੱਢ ਦਿਤੀ। ਉਨ੍ਹੇ ਆਪਣੀਆਂ ਚੀਜ਼ਾਂ ਇਕੱਠੀਆਂ ਕੀਤੀਆਂ ਅਤੇ ਪੌੜੀਆਂ ਉਤਰ ਕੇ ਕਮਰੇ ਵਿਚ ਆ ਗਿਆ। ਉਹ ਖੂਹ ਤੇ ਗਿਆ। ਪਾਣੀ ਦੀ ਬਾਲਟੀ ਕੱਢੀ ਅਤੇ ਨਹਾਉਣ ਲੱਗ ਪਿਆ। ਕਾਹਲ ਤਾਂ ਉਸ ਨੂੰ ਹੈ ਹੀ ਕੋਈ ਨਹੀਂ ਸੀ।

ਮੀਤ ਸਿੰਘ ਦੰਦਾਂ ਨੂੰ ਜ਼ੋਰ ਜ਼ੋਰ ਨਾਲ ਕਿੱਕਰ ਦੀ ਦਾਤਣ ਕਰਦਾ ਆ ਗਿਆ। ਦਾਤਣ ਦਾ ਸਿਰਾ ਉਸ ਨੇ ਚਿੱਥ ਚਿੱਥ ਕੇ ਬੁਰਸ਼ ਵਾਂਗ ਬਣਾ ਲਿਆ ਸੀ। ਗੁਰਦੁਆਰੇ ਵਿਚ ਪੁਲਸੀਆਂ ਦੀ ਹਾਜ਼ਰੀ ਤੇ ਉਸ ਨੂੰ ਕੋਈ ਹੈਰਾਨੀ ਨਹੀਂ ਹੋਈ। ਜਦੋਂ ਕਦੇ ਪਿੰਡ ਆਉਣ ਤੇ ਉਨ੍ਹਾਂ ਨੂੰ ਲੰਬੜਦਾਰ ਦੇ ਘਰ ਰਿਹਾਇਸ਼ ਨਹੀਂ ਮਿਲਦੀ ਸੀ, ਉਹ ਗੁਰਦੁਆਰੇ ਵਿਚ ਆ ਜਾਂਦੇ ਸਨ। ਸ਼ਾਹੂਕਾਰ ਦੇ ਕਤਲ ਮਗਰੋਂ ਮੀਤ ਸਿੰਘ ਉਨ੍ਹਾਂ ਦਾ ਇੰਤਜ਼ਾਰ ਕਰ ਹੀ ਰਿਹਾ ਸੀ।

"ਸਤਿ ਸ੍ਰੀ ਅਕਾਲ," ਮੀਤ ਸਿੰਘ ਨੇ ਕਿੱਕਰ ਦੀ ਦਾਤਣ ਸੁੱਟਦਿਆਂ ਆਖਿਆ।

"ਸਤਿ ਸ੍ਰੀ ਅਕਾਲ," ਸਿਪਾਹੀਆਂ ਨੇ ਜਵਾਬ ਮੋੜਿਆ।

"ਤੁਸੀਂ ਚਾਹ ਜਾਂ ਹੋਰ ਕੁਝ ਚਾਹੋਗੇ? ਕੁਝ ਲੱਸੀ?"

"ਅਸੀਂ ਬਾਬੂ ਸਾਹਿਬ ਦੀ ਉਡੀਕ ਕਰ ਰਹੇ ਹਾਂ," ਸਿਪਾਹੀਆਂ ਨੇ ਆਖਿਆ। "ਉਹਦੇ ਤਿਆਰ ਹੋਣ ਤਕ ਜੇ ਤੁਸੀਂ ਕੁਝ ਵੀ ਦੇ ਦਿਓ ਤਾਂ ਕਿਰਪਾ ਹੋਵੇਗੀ।"

ਮੀਤ ਸਿੰਘ ਨੇ ਸਰਸਰੀ ਬੇਰੁਖੀ ਦਿਖਾਈ। ਪੁਲਿਸ ਨਾਲ ਬਹਿਸ ਕਰਨਾ ਉਹਦਾ ਕੰਮ ਨਹੀਂ ਸੀ। ਨਾ ਹੀ ਉਨ੍ਹਾਂ ਦੇ ਕੰਮ ਵਿਚ ਟੰਗ ਅੜਾਉਣ ਦਾ ਕੋਈ ਮਤਲਬ ਸੀ। ਇਕਬਾਲ ਸਿੰਘ ਸ਼ਾਇਦ "ਕਾਮਰੇਡ" ਸੀ। ਉਹਦੀਆਂ ਗੱਲਾਂ ਇਹੋ ਦਰਸਾਉਂਦੀਆਂ ਸਨ।

"ਮੈਂ ਉਹਦੇ ਲਈ ਚਾਹ ਬਣਾ ਦਿਆਂਗਾ," ਮੀਤ ਸਿੰਘ ਨੇ ਜਵਾਬ ਦਿਤਾ। ਉਸ ਨੇ ਇਕਬਾਲ ਵੱਲ ਦੇਖਿਆ। "ਜਾਂ ਤੁਸੀਂ ਆਪਣੀ ਵਡੀ ਬੋਤਲ ਵਿਚੋਂ ਆਪਣੀ ਹੀ ਪੀਵੋਗੇ?"

"ਬਹੁਤ ਮਿਹਰਬਾਨੀ," ਇਕਬਾਲ ਨੇ ਮੂੰਹ ਵਿਚ ਭਰੀ ਟੂੱਥ ਪੇਸਟ ਦੀ ਝੱਗ ਵਿਚੋਂ ਆਖਿਆ। ਉਨ੍ਹੇ ਝੱਗ ਥੁੱਕ ਦਿਤੀ। "ਹੁਣ ਤਾਂ ਬੋਤਲ ਵਾਲੀ ਚਾਹ ਠੰਢੀ ਹੋ ਗਈ ਹੋਵੇਗੀ। ਗਰਮ ਚਾਹ ਦਾ ਕੱਪ ਮਿਲ ਜਾਵੇ ਤਾਂ ਸ਼ੁਕਰ ਹੋਵੇਗਾ। ਅਤੇ ਮੇਰੇ ਜਾਣ ਪਿਛੋਂ ਤੁਸੀਂ ਮੇਰੀਆਂ ਚੀਜ਼ਾਂ ਦਾ ਧਿਆਨ ਤਾਂ ਰੱਖ ਲਵੋਗੇ? ਇਹ ਕਿਸੇ ਕਾਰਨ ਮੈਨੂੰ ਗ੍ਰਿਫਤਾਰ ਕਰ ਰਹੇ ਹਨ। ਕਿਸ ਕਾਰਨ, ਇਹ ਉਨ੍ਹਾਂ ਨੂੰ ਆਪ ਵੀ ਨਹੀਂ ਪਤਾ।"

ਮੀਤ ਸਿੰਘ ਨੇ ਇੰਜ ਦਰਸਾਇਆ ਜਿਵੇਂ ਉਸ ਨੇ ਕੁਝ ਵੀ ਸੁਣਿਆ ਨਹੀਂ। ਸਿਪਾਹੀ ਨਿਮੋਝੂਣ ਜਿਹੇ ਨਜ਼ਰ ਆਏ।

"ਬਾਬੂ ਸਾਹਿਬ, ਇਸ ਵਿਚ ਸਾਡਾ ਕੋਈ ਕਸੂਰ ਨਹੀਂ," ਉਨ੍ਹਾਂ ਚੋਂ ਇਕ ਨੇ ਕਿਹਾ। "ਤੁਸੀਂ ਸਾਡੇ ਨਾਲ ਕਿਉਂ ਗੁੱਸੇ ਹੁੰਦੇ ਹੋ? ਮਜਿਸਟ੍ਰੇਟ ਨਾਲ ਗੁੱਸਾ ਕਰੋ।"

ਇਕਬਾਲ ਨੇ ਦੰਦਾਂ ਨੂੰ ਹੋਰ ਬੁਰਸ਼ ਕਰਦਿਆਂ ਉਨ੍ਹਾਂ ਦੇ ਇਤਰਾਜ਼ ਨੂੰ ਅਣਡਿੱਠ ਕਰ ਦਿਤਾ। ਉਨ੍ਹੇ ਆਪਣਾ ਮੂੰਹ ਧੋਤਾ ਅਤੇ ਤੌਲੀਏ ਨਾਲ ਆਪਣੇ ਆਪ ਨੂੰ ਪੂੰਝਦਾ ਹੋਇਆ ਕਮਰੇ ਵਿਚ ਆ ਗਿਆ। ਉਨ੍ਹੇ ਗਦੈਲੇ ਅਤੇ ਸਿਰਹਾਣੇ ਵਿਚੋਂ ਹਵਾ ਕੱਢ ਦਿਤੀ ਅਤੇ ਉਨ੍ਹਾਂ ਨੂੰ ਮੋੜ ਕੇ ਤੈਅ ਲਾ ਦਿਤੀ। ਉਸ ਨੇ ਬਿਸਤਰਬੰਦ ਚੋਂ ਸਾਰੀਆਂ ਚੀਜ਼ਾਂ ਕੱਢ ਕੇ ਉਸ ਨੂੰ ਖਾਲੀ ਕਰ ਦਿਤਾ: ਕਿਤਾਬਾਂ, ਕਪੜੇ, ਬੈਟਰੀ ਅਤੇ ਲੱਕ ਨਾਲ ਲਟਕਾਉਣ ਵਾਲੀ ਇਕ ਵਡੀ ਚਾਂਦੀ ਦੀ ਫਲਾਸਕ। ਉਨ੍ਹੇ ਆਪਣੀਆਂ ਚੀਜ਼ਾਂ ਦੀ ਸੂਚੀ ਬਣਾਈ ਅਤੇ ਚੀਜ਼ਾਂ ਵਾਪਸ ਬਿਸਤਰਬੰਦ ਵਿਚ ਪਾ ਦਿਤੀਆਂ। ਜਦੋਂ ਮੀਤ ਸਿੰਘ ਚਾਹ ਲੈ ਕੇ ਆਇਆ, ਇਕਬਾਲ ਨੇ ਉਸਨੂੰ ਬਿਸਤਰਬੰਦ ਸੰਭਾਲ ਦਿਤਾ।

"ਭਾਈ ਜੀ, ਮੈਂ ਸਾਰੀਆਂ ਚੀਜ਼ਾਂ ਬਿਸਤਰਬੰਦ ਵਿਚ ਪਾ ਦਿਤੀਆਂ ਹਨ। ਮੇ ਰਾ ਖਿਆਲ ਹੈ ਕਿ ਇਨ੍ਹਾਂ ਦਾ ਖਿਆਲ ਰਖਣ ਵਿਚ ਤੁਹਾਨੂੰ ਬਹੁਤੀ ਤਕਲੀਫ ਨਹੀਂ ਆਵੇਗੀ। ਸਾਡੇ ਇਸ ਆਜ਼ਾਦ ਮੁਲਕ ਵਿਚ ਮੈਂ ਪੁਲਿਸ ਨਾਲੋਂ ਤੁਹਾਡੇ ਉਤੇ ਭਰੋਸਾ ਜ਼ਿਆਦਾ ਕਰ ਸਕਦਾ ਹਾਂ।"

ਸਿਪਾਹੀਆਂ ਨੇ ਨਜ਼ਰਾਂ ਦੂਜੇ ਪਾਸੇ ਫੇਰ ਲਈਆਂ। ਮੀਤ ਸਿੰਘ ਨੇ ਫਸਿਆ ਜਿਹਾ ਮਹਿਸੂਸ ਕੀਤਾ।

"ਜ਼ਰੂਰ ਬਾਬੂ ਸਾਹਿਬ," ਉਸ ਨੇ ਆਜਜ਼ੀ ਨਾਲ ਕਿਹਾ। "ਮੈਂ ਤੁਹਾਡਾ ਸੇਵਾਦਾਰ ਹਾਂ ਅਤੇ ਇਸੇ ਤਰ੍ਹਾਂ ਪੁਲਿਸ ਵਾਲਿਆਂ ਦਾ। ਇਥੇ ਹਰ ਕਿਸੇ ਦਾ ਸੁਆਗਤ ਹੈ। ਤੁਸੀਂ ਚਾਹ ਆਪਣੇ ਕੱਪ ਵਿਚ ਹੀ ਪੀਣਾ ਚਾਹੋਗੇ?"

ਇਕਬਾਲ ਨੇ ਆਪਣਾ ਪਲਾਸਟਿਕ ਦਾ ਕੱਪ ਅਤੇ ਚਮਚਾ ਕਢਿਆ। ਸਿਪਾਹੀਆਂ ਨੇ ਮੀਤ ਸਿੰਘ ਤੋਂ ਪਿੱਤਲ ਦੇ ਗਲਾਸ ਲੈ ਲਏ। ਉਨ੍ਹਾਂ ਆਪਣੀਆਂ ਪਗੜੀਆਂ ਦੇ ਲੜ ਗਲਾਸਾਂ ਦੁਆਲੇ ਲਪੇਟ ਲਏ ਤਾਂ ਜੋ ਗਰਮ ਪਿੱਤਲ ਤੋਂ ਬਚਾ ਹੋ ਸਕੇ। ਆਪਣੀ ਔਕਾਤ ਯਕੀਨੀ ਬਣਾਉਣ ਲਈ ਉਨ੍ਹਾਂ ਚਾਹ ਦੇ ਘੁੱਟ ਭਰਦੇ ਹੋਏ ਖਾਸੀ ਆਵਾਜ਼ ਕੀਤੀ। ਪਰ ਸਥਿਤੀ ਪੂਰੀ ਤਰ੍ਹਾਂ ਇਕਬਾਲ ਦੇ ਵੱਸ ਆ ਗਈ ਸੀ। ਉਹ ਵਾਣ ਦੀ ਮੰਜੀ ਉਤੇ ਬੈਠਿਆ ਜਦੋਂ ਕਿ ਸਿਪਾਹੀ ਦਹਿਲੀਜ਼ ਤੇ ਹੀ ਬੈਠ ਗਏ ਅਤੇ ਮੀਤ ਸਿੰਘ ਬਾਹਰ ਭੁੰਜੇ ਹੀ ਬੈਠ ਗਿਆ। ਸਿਪਾਹੀਆਂ ਦੀ ਹਿੰਮਤ ਨਾ ਪਈ ਕਿ ਇਕਬਾਲ ਨਾਲ ਗੱਲ ਕਰਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਉਹ ਕੁਰੱਖਤ ਹੋਕੇ ਬੋਲੇਗਾ। ਹੱਥਕੜੀਆਂ ਵਾਲੇ ਸਿਪਾਹੀ ਨੇ ਪਤਾ ਨਹੀਂ ਕਿਹੜੇ ਵੇਲੇ ਹੱਥਕੜੀਆਂ ਆਪਣੀ ਪੇਟੀ ਨਾਲੋਂ ਲਾਹ ਕੇ ਚੁਪ ਚਾਪ ਜੇਬ ਵਿਚ ਪਾ ਲਈਆਂ ਸਨ। ਉਨ੍ਹਾਂ ਚਾਹ ਪੀ ਲਈ ਅਤੇ ਅਸੁਖਾਵੇਂ ਜਿਹੇ ਇਧਰ ਉਧਰ ਦੇਖਣ ਲੱਗੇ। ਇਕਬਾਲ ਆਪਣੀ ਅਹਿਮੀਅਤ ਦਾ ਪੂਰਾ ਅਹਿਸਾਸ ਕਰਦਿਆਂ ਉਨ੍ਹਾਂ ਦੇ ਸਿਰਾਂ ਉਪਰੋਂ ਆਕੜ ਨਾਲ ਦੇਖਦਾ ਬੈਠਾ ਰਿਹਾ। ਉਹ ਬਿਨਾਂ ਮਤਲਬ ਆਸਮਾਨ ਵੱਲ ਦੇਖਦਾ ਰਿਹਾ ਅਤੇ ਵਿਚ ਵਿਚ ਆਪਣੀ ਚਾਹ ਦੀਆਂ ਸ਼ਾਹਾਨਾ ਚੁਸਕੀਆਂ ਲੈਂਦਾ ਰਿਹਾ। ਚਾਹ ਖਤਮ ਹੋਣ ਉਤੇ ਉਹ ਇਕ ਦਮ ਖੜ੍ਹਾ ਹੋ ਗਿਆ।

"ਮੈਂ ਤਿਆਰ ਹਾਂ," ਉਨ੍ਹੇ ਐਲਾਨ ਕੀਤਾ ਅਤੇ ਨਾਟਕੀ ਅੰਦਾਜ਼ ਵਿਚ ਆਪਣੇ ਹੱਥ ਅਗੇ ਕੀਤੇ। "ਲਾਓ ਹੱਥਕੜੀਆਂ।"

"ਹੱਥਕੜੀਆਂ ਦੀ ਕੋਈ ਲੋੜ ਨਹੀਂ ਬਾਬੂ ਜੀ," ਇਕ ਸਿਪਾਹੀ ਨੇ ਜਵਾਬ ਦਿਤਾ। "ਚੰਗਾ ਹੋਵੇ ਤੁਸੀਂ ਆਪਣਾ ਮੂੰਹ ਢੱਕ ਲਵੋ, ਨਹੀਂ ਤਾਂ ਸ਼ਨਾਖਤੀ ਪ੍ਰੇਡ ਵਿਚ ਪਛਾਣੇ ਜਾਵੋਗੇ।"

ਇਕਬਾਲ ਨੇ ਇਸ ਮੌਕੇ ਨੂੰ ਝਪਟ ਲਿਆ। "ਇਹ ਹੈ ਤੁਹਾਡਾ ਡਿਊਟੀ ਕਰਨ ਦਾ ਤਰੀਕਾ? ਜੇ ਨਿਯਮ ਕਹਿੰਦਾ ਹੈ ਕਿ ਮੈਨੂੰ ਹੱਥਕੜੀ ਲਾਈ ਜਾਵੇ ਤਾਂ ਮੇਰੇ ਹੱਥਕੜੀ ਲਗਣੀ ਚਾਹੀਦੀ ਹੈ। ਮੈਨੂੰ ਪਛਾਣੇ ਜਾਣ ਦਾ ਕੋਈ ਡਰ ਨਹੀਂ। ਮੈਂ ਕੋਈ ਚੋਰ-ਡਾਕੂ ਨਹੀਂ ਹਾਂ। ਮੈਂ ਸਿਆਸੀ ਕਾਰਕੁਨ ਹਾਂ। ਮੈਂ ਪਿੰਡ ਵਿਚੋਂ ਇਸੇ ਤਰ੍ਹਾਂ ਜਾਵਾਂਗਾ ਤਾਂ ਜੋ ਲੋਕਾਂ ਨੂੰ ਪਤਾ ਲਗੇ ਕਿ ਆਪਣੇ ਨਾਪਸੰਦ ਵਿਅਕਤੀਆਂ ਨਾਲ ਪੁਲਿਸ ਕੀ ਸਲੂਕ ਕਰਦੀ ਹੈ।"

ਇਹ ਭੜਾਸ ਇਕ ਸਿਪਾਹੀ ਤੋਂ ਬਰਦਾਸ਼ਤ ਨਹੀਂ ਹੋਈ। ਉਹ ਤਿੱਖਾ ਹੋ ਕੇ

ਬੋਲਿਆ:

"ਬਾਬੂ ਜੀ, ਅਸੀਂ ਤੁਹਾਡੇ ਨਾਲ ਨਿਮਰ ਚਲ ਰਹੇ ਹਾਂ। ਅਸੀਂ ਹਰ ਵੇਲੇ ਤੁਹਾਨੂੰ 'ਜੀ' 'ਜੀ' ਕਰਦੇ ਆ ਰਹੇ ਹਾਂ। ਪਰ ਤੁਸੀਂ ਹੋ ਕਿ ਸਾਡੇ ਸਿਰ ਤੇ ਹੀ ਚੜ੍ਹਦੇ ਜਾਂਦੇ ਹੋ। ਤੁਹਾਨੂੰ ਸੌ ਵਾਰੀ ਆਖਿਐ ਪਈ ਅਸੀਂ ਆਪਣੀ ਡਿਊਟੀ ਕਰ ਰਹੇ ਹਾਂ ਪਰ ਤੁਸੀਂ ਤਾਂ ਇੰਜ ਅੜੇ ਹੋਏ ਹੋ ਜਿਵੇਂ ਸਾਨੂੰ ਤੁਹਾਡੇ ਨਾਲ ਕੋਈ ਨਿਜੀ ਖੁੰਦਕ ਹੋਵੇ।" ਉਹ ਆਪਣੇ ਸਾਥੀ ਸਿਪਾਹੀ ਵੱਲ ਮੁੜਿਆ "ਲਾ ਦੇ ਇਸ ਨੂੰ ਹੱਥਕੜੀਆਂ। ਮੂੰਹ ਆਪਣੇ ਨੂੰ ਇਹ ਜੋ ਮਰਜ਼ੀ ਕਰੇ। ਜੇ ਮੇਰਾ ਮੂੰਹ ਇਹਦੇ ਵਰਗਾ ਹੁੰਦਾ ਤਾਂ ਮੈਂ ਜ਼ਰੂਰ ਇਸ ਨੂੰ ਛੁਪਾ ਲੈਣਾ ਚਾਹੁੰਦਾ। ਆਪਾਂ ਰਿਪੋਰਟ ਕਰ ਦੇਵਾਂਗੇ ਕਿ ਉਸ ਨੇ ਮੂੰਹ ਛੁਪਾਉਣ ਤੋਂ ਨਾਂਹ ਕਰ ਦਿਤੀ ਸੀ।"

ਇਕਬਾਲ ਕੋਲ ਇਸ ਵਿਅੰਗ ਹਮਲੇ ਦਾ ਕੋਈ ਤਿਆਰ ਜਵਾਬ ਨਹੀਂ ਸੀ। ਉਸ ਨੂੰ ਆਪਣੇ ਤੋਤੇ ਵਰਗੇ ਨੱਕ ਦਾ ਅਹਿਸਾਸ ਤਾਂ ਸੀ। ਅਚੇਤ ਹੀ ਉਨ੍ਹੇ ਪੁੱਠੇ ਹੱਥ ਨਾਲ ਆਪਣੇ ਨੱਕ ਨੂੰ ਪੂੰਝਿਆ। ਆਪਣੇ ਜਿਸਮ ਦੀ ਦਿੱਖ ਦਾ ਜਿਕਰ ਉਸ ਨੂੰ ਹਮੇਸ਼ਾਂ ਪੈਰੋਂ ਉਖੇੜ ਦਿੰਦਾ ਸੀ। ਹੱਥਕੜੀਆਂ ਉਹਦੇ ਗੁੱਟਾਂ ਨੂੰ ਲਾ ਦਿਤੀਆਂ ਗਈਆਂ ਅਤੇ ਸੰਗਲੀ ਸਿਪਾਹੀ ਦੀ ਪੇਟੀ ਵਿਚ ਫਸਾ ਦਿਤੀ ਗਈ।

"ਸਤਿ ਸ੍ਰੀ ਅਕਾਲ, ਭਾਈ ਜੀ, ਜਲਦੀ ਹੀ ਮੁੜਾਂਗਾ।"

"ਸਤਿ ਸ੍ਰੀ ਅਕਾਲ, ਇਕਬਾਲ ਸਿੰਘ ਜੀ, ਵਾਹਿਗੁਰੂ ਤੁਹਾਡੇ ਅੰਗ ਸੰਗ ਰਹੇ। ਸਤਿ ਸ੍ਰੀ ਅਕਾਲ ਸੰਤਰੀ ਜੀ।"

"ਸਤਿ ਸ੍ਰੀ ਅਕਾਲ।"

ਪਾਰਟੀ ਗੁਰਦੁਆਰੇ ਦੇ ਵਿਹੜੇ ਵਿਚੋਂ ਬਾਹਰ ਨਿਕਲ ਗਈ। ਮੀਤ ਸਿੰਘ ਹੱਥ ਵਿਚ ਚਾਹ ਦੀ ਕੇਤਲੀ ਫੜ੍ਹੀ ਪਿਛੇ ਖੜਾ ਰਹਿ ਗਿਆ।

## 8

ਜਿਸ ਵੇਲੇ ਦੋ ਸਿਪਾਹੀ ਇਕਬਾਲ ਨੂੰ ਫੜ੍ਹਨ ਲਈ ਭੇਜੇ ਗਏ ਸਨ, ਉਸੇ ਵੇਲੇ ਦਸ ਸਿਪਾਹੀਆਂ ਦਾ ਦਸਤਾ ਜਗਤ ਸਿੰਘ ਨੂੰ ਵੀ ਗ੍ਰਿਫਤਾਰ ਕਰਨ ਲਈ ਘੱਲਿਆ ਗਿਆ ਸੀ। ਸਿਪਾਹੀਆਂ ਨੇ ਸਾਰੇ ਨੁਕਤਿਆਂ ਤੋਂ ਉਸ ਦੇ ਘਰ ਨੂੰ ਘੇਰ ਲਿਆ ਸੀ। ਬੰਦੂਕਧਾਰੀ ਸਿਪਾਹੀ ਗੁਆਂਢੀਆਂ ਦੀਆਂ ਛੱਤਾਂ ਉਤੇ ਤੈਨਾਤ ਕਰ ਦਿਤੇ ਗਏ। ਫਿਰ ਛੇ ਹੋਰ ਰਿਵਾਲਵਰਾਂ ਨਾਲ ਲੈਸ ਸਿਪਾਹੀ ਵਿਹੜੇ ਵਿਚ ਘੁਸ ਗਏ। ਜਗਤ ਸਿੰਘ ਮੰਜੇ ਤੇ ਪਿਆ ਸੀ, ਸਿਰ ਤੋਂ ਪੈਰਾਂ ਤਕ ਉਸ ਨੇ ਮੈਲੀ ਜਿਹੀ ਚਿੱਟੀ ਚਾਦਰ ਲਪੇਟੀ ਹੋਈ ਸੀ, ਤੇ ਆਰਾਮ ਨਾਲ ਘੁਰਾੜੇ ਮਾਰ ਰਿਹਾ ਸੀ। ਬਿਨਾਂ ਰੋਟੀ ਅਤੇ ਬਿਨਾਂ ਛੱਤ ਤੋਂ ਉਨ੍ਹੇ ਦੋ ਰਾਤਾਂ ਅਤੇ ਇਕ ਦਿਨ ਜੰਗਲ ਵਿਚ ਕੱਟੇ ਸਨ। ਉਹ ਸਵੇਰੇ ਮੂੰਹ ਹਨੇਰੇ ਘਰ

ਆਇਆ ਸੀ, ਜਦੋਂ ਉਨ੍ਹੇ ਸੋਚਿਆ ਕਿ ਸਾਰਾ ਪਿੰਡ ਸੁੱਤਾ ਪਿਆ ਹੋਵੇਗਾ। ਪਰ ਗੁਆਂਢੀ ਚੌਕਸ ਸਨ ਅਤੇ ਉਨ੍ਹਾਂ ਪੁਲਿਸ ਨੂੰ ਤੁਰੰਤ ਇਤਲਾਹ ਦੇ ਦਿਤੀ ਸੀ। ਉਨ੍ਹਾਂ ਉਹਦੇ ਭਰ ਪੇਟ ਖਾਣਾ ਖਾਣ ਅਤੇ ਗੂੜ੍ਹੀ ਨੀਂਦ ਵਿਚ ਸੌਣ ਦੀ ਉਡੀਕ ਕੀਤੀ। ਉਹਦੀ ਮਾਂ ਬੂਹੇ ਨੂੰ ਬਾਹਰੋਂ ਕੁੰਡਾ ਲਾ ਕੇ ਬਾਹਰ ਚਲੀ ਗਈ ਸੀ।

ਉਸਦੇ ਸੁੱਤੇ ਸੁੱਤਿਆਂ ਹੀ ਜਗਤ ਸਿੰਘ ਦੇ ਪੈਰਾਂ ਨੂੰ ਬੇੜੀਆਂ ਲਾ ਦਿਤੀਆਂ ਗਈਆਂ ਅਤੇ ਹੱਥਾਂ ਨੂੰ ਹੱਥਕੜੀਆਂ ਵਿਚ ਜਕੜ ਦਿਤਾ ਗਿਆ ਸੀ। ਸਿਪਾਹੀਆਂ ਨੇ ਆਪਣੇ ਰਿਵਾਲਵਰ ਹੋਲਸਟਰਾਂ ਵਿਚ ਪਾ ਦਿਤੇ। ਬੰਦੂਕਾਂ ਵਾਲੇ ਸਿਪਾਹੀ ਵੀ ਉਨ੍ਹਾਂ ਦੇ ਕੋਲ ਵਿਹੜੇ ਵਿਚ ਆ ਗਏ। ਉਨ੍ਹਾਂ ਬੰਦੂਕਾਂ ਦੇ ਬੱਟਾਂ ਨਾਲ ਜਗਤ ਸਿੰਘ ਨੂੰ ਹੁੱਝਾਂ ਮਾਰੀਆਂ।

"ਜੱਗਿਆ, ਉਠ, ਦੁਪਹਿਰਾ ਹੋ ਗਿਐ।"

"ਦੇਖੋ ਤਾਂ ਸਹੀ, ਕਿਵੇਂ ਬੇਪਰਵਾਹ ਹੋ ਕੇ ਸੂਰ ਵਾਂਗ ਸੁੱਤਾ ਪਿਐ।"

ਜਗਤ ਸਿੰਘ ਮੁਰਦਿਆਂ ਵਾਂਗ ਉਠਿਆ ਅਤੇ ਅੱਖਾਂ ਝਪਕਾਈਆਂ। ਉਨ੍ਹੇ ਹੱਥਕੜੀਆਂ ਤੇ ਬੇੜੀਆਂ ਨੂੰ ਦਾਰਸ਼ਨਿਕ ਬੇਪ੍ਰਵਾਹੀ ਨਾਲ ਘੂਰਿਆ, ਆਪਣੀਆਂ ਬਾਹਾਂ ਉਠਾਈਆਂ ਅਤੇ ਉਚੀ ਆਵਾਜ਼ ਵਿਚ ਉਬਾਸੀ ਲਈ। ਨੀਂਦ ਫਿਰ ਉਸ ਉਤੇ ਭਾਰੂ ਹੋ ਗਈ ਅਤੇ ਉਸ ਨੇ ਊਂਘਣਾ ਸ਼ੁਰੂ ਕਰ ਦਿਤਾ।

ਜਗਤ ਸਿੰਘ ਦੀ ਮਾਂ ਅੰਦਰ ਆਈ ਅਤੇ ਦੇਖਿਆ ਕਿ ਵਿਹੜਾ ਪੁਲਸੀਆਂ ਨਾਲ ਭਰਿਆ ਪਿਐ। ਉਹਦਾ ਪੁੱਤਰ ਮੰਜੇ ਉਤੇ ਬੈਠਾ ਸੀ ਤੇ ਸਿਰ ਉਸ ਨੇ ਹੱਥਕੜੀ ਲੱਗੇ ਹੱਥਾਂ ਉਤੇ ਟਿਕਾਇਆ ਹੋਇਆ ਸੀ। ਅੱਖਾਂ ਉਸਦੀਆਂ ਬੰਦ ਸਨ। ਉਹ ਦੌੜਕੇ ਪੁੱਤਰ ਕੋਲ ਗਈ ਅਤੇ ਉਸ ਦੇ ਗੋਡਿਆਂ ਨੂੰ ਚੰਬੜ ਗਈ। ਮਾਂ ਨੇ ਆਪਣਾ ਸਿਰ ਉਹਦੀ ਗੋਦੀ ਵਿਚ ਰਖ ਦਿਤਾ ਅਤੇ ਰੋਣ ਲੱਗ ਪਈ।

ਜਗਤ ਸਿੰਘ ਸੁਪਨਸਾਜ਼ੀ ਚੋਂ ਜਾਗ ਪਿਆ। ਉਸ ਨੇ ਬੇਕਿਰਕੀ ਨਾਲ ਮਾਂ ਨੂੰ ਪਿਛੇ ਧੱਕ ਦਿਤਾ।

"ਰੋਣ ਕਿਉਂ ਡਹੀਂ ਏਂ?" ਉਨ੍ਹੇ ਕਿਹਾ। "ਤੂੰ ਜਾਣਨੀ ਏਂ ਕਿ ਡਾਕੇ ਨਾਲ ਮੇਰਾ ਕੋਈ ਵਾਸਤਾ ਨਹੀਂ।"

ਉਹ ਵਿਰਲਾਪ ਕਰਨ ਲੱਗ ਪਈ, "ਉਨ੍ਹੇ ਨਹੀਂ ਕੀਤਾ। ਉਨ੍ਹੇ ਕੁਝ ਨਹੀਂ ਕੀਤਾ। ਸਹੁੰ ਰੱਬ ਦੀ ਉਨ੍ਹੇ ਕੁਝ ਨਹੀਂ ਕੀਤਾ।"

"ਫਿਰ ਡਾਕੇ ਵਾਲੀ ਰਾਤ ਉਹ ਕਿਥੇ ਸੀ?" ਹੌਲਦਾਰ ਨੇ ਪੁਛਿਆ।

"ਉਹ ਬਾਹਰ ਖੇਤਾਂ ਵਿਚ ਸੀ। ਉਹ ਡਾਕੂਆਂ ਨਾਲ ਨਹੀਂ ਸੀ। ਮੈਂ ਸਹੁੰ ਖਾ ਕੇ ਕਹਿੰਦੀ ਹਾਂ, ਉਹ ਨਾਲ ਨਹੀਂ ਸੀ।"

"ਉਹ ਬਦਮਾਸ਼ ਹੈ ਜਿਸ ਨੂੰ ਹੁਕਮ ਹੈ ਕਿ ਦਿਨ ਛਿਪਣ ਮਗਰੋਂ ਪਿੰਡ ਤੋਂ ਬਾਹਰ ਨਹੀਂ ਜਾਵੇਗਾ। ਤਾਂ ਵੀ, ਸਾਨੂੰ ਇਸ ਕਰਕੇ ਤਾਂ ਉਹ ਨੂੰ ਗ੍ਰਿਫਤਾਰ ਕਰਨਾ ਹੀ ਪਵੇ

ਗਾ।" ਉਨ੍ਹੇ ਆਪਣੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ "ਕਮਰੇ ਦੀ ਅਤੇ ਕੋਠੇ ਦੀ ਤਲਾਸ਼ੀ ਲਓ।" ਹੌਲਦਾਰ ਨੂੰ ਵੀ ਸ਼ੱਕ ਸੀ ਕਿ ਜਗਤ ਸਿੰਘ ਆਪਣੇ ਪਿੰਡ ਵਿਚ ਮਾਰੇ ਡਾਕੇ ਵਿਚ ਹਿੱਸਾ ਨਹੀਂ ਲਵੇਗਾ। ਇਹ ਅਣਹੋਣੀ ਗੱਲ ਲੱਗਦੀ ਸੀ।

ਚਾਰ ਸਿਪਾਹੀ ਘਰ ਵਿਚ ਇਧਰ ਉਧਰ ਤੇ ਟਰੰਕਾਂ ਅਤੇ ਪੀਪਿਆਂ ਨੂੰ ਖਾਲੀ ਕਰਕੇ ਦੇਖਣ ਲੱਗ ਪਏ। ਤੂੜੀ ਦਾ ਕੁੱਪ ਢਾਹ ਦਿਤਾ ਗਿਆ। ਵਿਹੜੇ ਵਿਚ ਤੂੜੀ ਖਿਲਰ ਗਈ। ਉਸ ਵਿਚੋਂ ਬਰਛਾ ਸੌਖਾ ਹੀ ਲੱਭ ਪਿਆ।

"ਮੇਰਾ ਖਿਆਲ ਐ, ਇਹ ਬਰਛਾ ਇਥੇ ਤੇਰੇ ਮਾਮੇ ਨੇ ਰਖਿਆ ਸੀ," ਹੌਲਦਾਰ ਨੇ ਮਾਂ ਨੂੰ ਕੌੜ ਨਾਲ ਪੁਛਿਆ। "ਬਰਛੇ ਦੇ ਫਲ ਨੂੰ ਕਪੜੇ ਦੇ ਟੁਕੜੇ ਵਿਚ ਵਲ੍ਹੇਟ ਲਓ। ਹੋ ਸਕਦੈ ਇਸ ਉਤੇ ਖੂਨ ਦੇ ਦਾਗ ਹੋਣ।"

"ਇਸ ਤੇ ਕੁਝ ਨਹੀਂ ਲੱਗਾ ਹੋਇਆ," ਮਾਂ ਨੇ ਚੀਖ ਕੇ ਕਿਹਾ। "ਕੁਝ ਵੀ ਨਹੀਂ। ਉਨ੍ਹੇ ਬਰਛਾ ਤਾਂ ਜੰਗਲੀ ਸੂਰਾਂ ਨੂੰ ਮਾਰਨ ਲਈ ਰਖਿਆ ਹੋਇਐ, ਜਿਹੜੇ ਫਸਲ ਵਿਚ ਆ ਵੜਦੇ ਹਨ। ਸਹੁੰ ਰੱਬ ਦੀ, ਜੱਗਾ ਨਿਰਦੋਸ਼ ਹੈ।"

"ਦੇਖ ਲਵਾਂਗੇ, ਦੇਖ ਲਵਾਂਗੇ," ਹੌਲਦਾਰ ਨੇ ਮਾਂ ਨੂੰ ਰੱਦ ਕਰ ਦਿਤਾ। "ਚੰਗਾ ਇਹੋ ਹੈ ਕਿ ਤੁਸੀਂ ਮਜਿਸਟ੍ਰੇਟ ਸਾਹਮਣੇ ਪੇਸ਼ ਕਰਨ ਲਈ ਉਹਦੀ ਬੇਗੁਨਾਹੀ ਦਾ ਸਬੂਤ ਤਿਆਰ ਰਖੋ।"

ਬੁੱਢੀ ਮਾਂ ਨੇ ਰੋਣਾ ਬੰਦ ਕਰ ਦਿਤਾ। ਉਸ ਕੋਲ ਸਬੂਤ ਹੈ ਸੀ — ਟੁੱਟੀਆਂ ਵੰਗਾਂ ਦੀ ਗਠੜੀ। ਉਨ੍ਹੇ ਜੱਗੇ ਨੂੰ ਇਸ ਬਾਰੇ ਦਸਿਆ ਨਹੀਂ ਸੀ। ਜੇ ਉਹ ਦੱਸ ਦਿੰਦੀ ਤਾਂ ਉਹ ਨਿਸ਼ਚੇ ਹੀ ਇਸ ਹੱਤਕ ਉਤੇ ਅੱਗ ਬਗੋਲਾ ਹੋ ਜਾਂਦਾ ਅਤੇ ਕਿਸੇ ਨਾਲ ਮਰਨ-ਮਾਰਨ ਤੇ ਉਤਰ ਆਉਂਦਾ। ਹੁਣ ਉਹ ਬੇੜੀਆਂ ਅਤੇ ਹੱਥਕੜੀਆਂ ਵਿਚ ਜਕੜਿਆ ਹੋਇਆ ਸੀ, ਵਧ ਤੋਂ ਵਧ ਉਹ ਗੁੱਸੇ ਵਿਚ ਹੀ ਆ ਸਕਦਾ ਸੀ, ਹੋਰ ਕੁਝ ਨਹੀਂ ਕਰ ਸਕਦਾ ਸੀ।

"ਠਹਿਰੋ, ਸਿਪਾਹੀ ਵੀਰੇ, ਮੇਰੇ ਕੋਲ ਸਬੂਤ ਹੈ।"

ਸਿਪਾਹੀਆਂ ਨੇ ਦੇਖਿਆ ਕਿ ਔਰਤ ਅੰਦਰ ਗਈ ਅਤੇ ਆਪਣੇ ਲੋਹੇ ਦੇ ਟਰੰਕ ਦੇ ਵਿਚੋਂ  ਹੇਠੋਂ ਇਕ ਗਠੜੀ ਕੱਢ ਲਿਆਈ। ਉਨ੍ਹੇ ਉਸ ਪੈਕਟ ਦਾ ਭੂਰਾ ਕਾਗਜ਼ ਖੋਲ੍ਹ ਦਿਤਾ। ਇਸ ਵਿਚ ਨੀਲੀਆਂ ਅਤੇ ਲਾਲ ਕੱਚ ਦੀਆਂ ਟੁੱਟੀਆਂ ਹੋਈਆਂ ਵੰਗਾਂ ਦੇ ਟੋਟੇ ਸਨ, ਜਿਨ੍ਹਾਂ ਉਤੇ ਨਿੱਕੇ ਨਿੱਕੇ ਸੁਨਹਿਰੀ ਸਿਤਾਰੇ ਵੀ ਸਨ। ਦੋ ਵੰਗਾਂ ਸਾਬਤ ਸਨ। ਹੌਲਦਾਰ ਨੇ ਇਹ ਵੰਗਾਂ ਫੜ ਲਈਆਂ।

"ਇਹ ਕੀ ਸਬੂਤ ਹੈ?"

"ਡਾਕੂਆਂ ਨੇ ਕਤਲ ਕਰਨ ਪਿਛੋਂ ਇਹ ਵੰਗਾਂ ਸਾਡੇ ਵਿਹੜੇ ਵਿਚ ਸੁੱਟੀਆਂ ਸਨ। ਉਹ ਆਪਣੇ ਨਾਲ ਨਾ ਜਾਣ ਉਤੇ ਜੱਗੇ ਦੀ ਹੱਤਕ ਕਰਨਾ ਚਾਹੁੰਦੇ ਸਨ। ਦੇਖੋ।" ਉਨ੍ਹੇ ਆਪਣੇ ਹੱਥ ਅਗੇ ਵਧਾਏ। "ਮੈਂ ਬੁੱਢੀ ਨੇ ਕੀ ਵੰਗਾਂ ਪਾਉਣੀਆਂ ਹਨ

ਅਤੇ ਇਹ ਮੇਰੀਆਂ ਕਲਾਈਆਂ ਲਈ ਹਨ ਵੀ ਬਹੁਤ ਛੋਟੀਆਂ।"

"ਫਿਰ ਜੱਗੇ ਨੂੰ ਜ਼ਰੂਰ ਪਤਾ ਹੋਵੇਗਾ ਕਿ ਡਾਕੂ ਕੌਣ ਸਨ। ਵੰਗਾਂ ਸੁੱਟਦੇ ਵਕਤ ਉਨ੍ਹਾਂ ਕੀ ਕਿਹਾ ਸੀ?" ਹੌਲਦਾਰ ਨੇ ਪੁਛਿਆ।

"ਕੁਝ ਨਹੀਂ, ਉਨ੍ਹਾਂ ਕੁਝ ਨਹੀਂ ਕਿਹਾ। ਸਿਰਫ ਜੱਗੇ ਨੂੰ ਗਾਲ੍ਹਾਂ ਕੱਢਦੇ ਰਹੇ..."

"ਤੂੰ ਆਪਣਾ ਮੂੰਹ ਬੰਦ ਨਹੀਂ ਰਖ ਸਕਦੀ?" ਜੱਗੇ ਨੇ ਗੁੱਸੇ ਨਾਲ ਟੋਕਿਆ। "ਮੈਂ ਨਹੀਂ ਜਾਣਦਾ ਕਿ ਡਾਕੂ ਕੌਣ ਸਨ। ਮੈਂ ਸਿਰਫ ਇਹ ਜਾਣਦਾਂ ਕਿ ਮੈਂ ਉਨ੍ਹਾਂ ਨਾਲ ਨਹੀਂ ਸਾਂ।"

"ਤੈਨੂੰ ਵੰਗਾਂ ਕਿਸਨੇ ਦਿਤੀਆਂ?" ਹੌਲਦਾਰ ਨੇ ਪੁਛਿਆ। ਉਹ ਮੁਸਕਰਾਇਆ ਅਤੇ ਕੱਚ ਦੇ ਟੁਕੜੇ ਹੱਥਾਂ ਵਿਚ ਫੜ੍ਹਕੇ ਦਿਖਾਏ।

ਜੱਗੇ ਨੂੰ ਗੁੱਸਾ ਆ ਗਿਆ। ਉਸਨੇ ਹੱਥਕੜੀਆਂ ਲੱਗੇ ਗੁੱਟ ਉਪਰ ਚੁਕੇ ਅਤੇ ਜ਼ੋਰ ਨਾਲ ਹੌਲਦਾਰ ਦੀਆਂ ਹਥੇਲੀਆਂ ਤੇ ਮਾਰੇ। "ਕਿਹੜਾ ਮਾਂ'ਚੋ ਮੈਨੂੰ ਚੂੜੀਆਂ ਪੇਸ਼ ਕਰ ਸਕਦਾ ਹੈ? ਕਿਹੜਾ ..."

ਸਿਪਾਹੀ ਜਗਤ ਸਿੰਘ ਦੇ ਦੁਆਲੇ ਹੋ ਗਏ ਅਤੇ ਉਸ ਨੂੰ ਥੱਪੜ ਮਾਰਨੇ ਅਤੇ ਆਪਣੇ ਵਡੇ ਬੂਟਾਂ ਦੇ ਠੁੱਡੇ ਮਾਰਨੇ ਸ਼ੁਰੂ ਕਰ ਦਿਤੇ। ਜਗਤ ਸਿੰਘ ਆਪਣੇ ਚਿੱਤੜਾਂ ਭਾਰ ਭੁੰਜੇ ਬੈਠ ਗਿਆ ਅਤੇ ਆਪਣਾ ਸਿਰ ਆਪਣੀਆਂ ਬਾਹਾਂ ਵਿਚ ਲੁਕੋ ਲਿਆ। ਉਹਦੀ ਮਾਂ ਨੇ ਮੱਥੇ ਤੇ ਹੱਥ ਮਾਰਨੇ ਅਤੇ ਫਿਰ ਰੋਣਾ ਕੁਰਲਾਉਣਾ ਸ਼ੁਰੂ ਕਰ ਦਿਤਾ। ਉਹ ਸਿਪਾਹੀਆਂ ਦਾ ਘੇਰਾ ਤੋੜਕੇ ਅੰਦਰ ਆਕੇ ਆਪਣੇ ਪੁੱਤਰ ਉਤੇ ਲੇਟ ਗਈ।

"ਨਾ ਮਾਰੋ ਉਹਨੂੰ। ਗੁਰੂ ਦਾ ਕਹਿਰ ਟੁੱਟੇ ਤੁਹਾਡੇ ਤੇ। ਉਹ ਨਿਰਦੋਸ਼ ਹੈ। ਕਸੂਰ ਮੇਰਾ ਹੈ। ਮੈਨੂੰ ਕੁੱਟ ਲਓ।"

ਜੱਗੇ ਨੂੰ ਕੁੱਟਣਾ ਬੰਦ ਕਰ ਦਿਤਾ ਗਿਆ। ਹੌਲਦਾਰ ਨੇ ਆਪਣੀ ਹਥੇਲੀ ਵਿਚ ਚੁਭੇ ਵੰਗਾਂ ਦੇ ਟੁਕੜੇ ਚੁਕ ਲਏ, ਦਬਾਕੇ ਖੂਨ ਕੱਢਿਆ ਅਤੇ ਰੁਮਾਲ ਨਾਲ ਸਾਫ ਕਰ ਲਿਆ।

"ਆਪਣੇ ਮੁੰਡੇ ਦੀ ਬੇਗੁਨਾਹੀ ਦਾ ਸਬੂਤ ਸੰਭਾਲ ਕੇ ਰਖੀਂ," ਉਸ ਨੇ ਮਾਂ ਨੂੰ ਕੁੜਿੱਤਣ ਨਾਲ ਕਿਹਾ। "ਅਸੀਂ ਆਪਣੇ ਤਰੀਕੇ ਨਾਲ ਹੀ ਤੇਰੇ ਇਸ ਕੁੱਤੀ ਦੇ ਪੁੱਤਰ ਚੋਂ ਸਚਾਈ ਕਢਵਾ ਲਵਾਂਗੇ। ਜਦੋਂ ਇਹਦੇ ਚਿੱਤੜਾਂ ਤੇ ਕੁਝ ਬੈਂਤਾਂ ਪਈਆਂ, ਆਪੇ ਬੋਲਣ ਲੱਗ ਜਾਵੇਗਾ। ਲੈ ਜਾਓ ਉਸ ਨੂੰ ਬਾਹਰ।"

ਜਗਤ ਸਿੰਘ ਨੂੰ ਬੇੜੀਆਂ ਤੇ ਹੱਥਕੜੀਆਂ ਵਿਚ ਜਕੜੇ ਨੂੰ ਘਰੋਂ ਬਾਹਰ ਲੈ ਗਏ। ਲਗਾਤਾਰ ਰੋ ਰਹੀ ਅਤੇ ਆਪਣੇ ਮੱਥੇ ਅਤੇ ਪੱਟਾਂ ਤੇ ਦੁਹੱਥੜ ਮਾਰ ਰਹੀ ਆਪਣੀ ਮਾਂ ਪ੍ਰਤਿ ਬਿਨਾਂ ਕੋਈ ਜਜ਼ਬਾਤੀ ਕਣ ਦਿਖਾਇਆਂ ਉਹ ਚਲਾ ਗਿਆ। ਉਹਦੇ ਵਿਦਾ ਹੋਣ ਵਾਲੇ ਸ਼ਬਦ ਸਨ:

"ਮੈਂ ਜਲਦ ਹੀ ਵਾਪਸ ਆ ਜਾਵਾਂਗਾ। ਉਹ ਮੈਨੂੰ ਬਰਛਾ ਰਖਣ ਅਤੇ ਪਿੰਡ ਤੋਂ

ਬਾਹਰ ਜਾਣ ਦੀ ਸਜ਼ਾ ਕੁਝ ਮਹੀਨਿਆਂ ਤੋਂ ਵਧ ਨਹੀਂ ਦੇ ਸਕਦੇ। ਸਤਿ ਸ੍ਰੀ ਅਕਾਲ।"

ਜੱਗੇ ਨੂੰ ਜਿੰਨਾ ਜਲਦੀ ਗੁੱਸਾ ਚੜ੍ਹਿਆ ਸੀ, ਓਨਾ ਹੀ ਜਲਦੀ ਉਨ੍ਹੇ ਲਾਹ ਕੇ ਸਹਿਜਤਾ ਅਪਣਾ ਲਈ। ਘਰ ਦੀ ਦਹਿਲੀਜ਼ ਤੋਂ ਬਾਹਰ ਪੈਰ ਰਖਦਿਆਂ ਹੀ ਉਹ ਚੂੜੀਆਂ ਵਾਲੀ ਵਾਰਦਾਤ ਵੀ ਭੁੱਲ ਗਿਆ ਅਤੇ ਖਾਧੀ ਕੁੱਟ-ਮਾਰ ਵੀ। ਸਿਪਾਹੀਆਂ ਪ੍ਰਤਿ ਨਾ ਉਹਦੇ ਮਨ ਵਿਚ ਕੋਈ ਮੈਲ ਰਹੀ ਸੀ ਅਤੇ ਨਾ ਹੀ ਵੈਰ-ਭਾਵ। ਉਹ ਬਾਕੀ ਦੇ ਇਨਸਾਨਾਂ ਵਰਗੇ ਇਨਸਾਨ ਨਹੀਂ ਸਨ। ਉਨ੍ਹਾਂ ਨੂੰ ਨਾ ਕਿਸੇ ਨਾਲ ਮੋਹ ਸੀ, ਨਾ ਵਫਾਦਾਰੀ ਅਤੇ ਨਾ ਹੀ ਦੁਸ਼ਮਣੀ। ਉਹ ਬਸ ਵਰਦੀਧਾਰੀ ਇਨਸਾਨ ਸਨ ਜਿਨ੍ਹਾਂ ਤੋਂ ਤੁਸੀਂ ਪਾਸੇ ਰਹਿਣ ਦੀ ਕੋਸ਼ਸ਼ ਕਰਦੇ ਹੋ।

ਜਗਤ ਸਿੰਘ ਦੇ ਮੂੰਹ ਉਤੇ ਕਪੜਾ ਬੰਨ੍ਹਣ ਦੀ ਕੋਈ ਤੁਕ ਨਹੀ ਸੀ। ਸਾਰਾ ਪਿੰਡ ਹੀ ਉਹਨੂੰ ਜਾਣਦਾ ਸੀ। ਉਹ ਪਿੰਡ ਵਾਸੀਆਂ ਕੋਲੋਂ ਮੁਸਕਰਾਉਂਦਾ ਅਤੇ ਫਤਹਿ ਬੁਲਾਉਣ ਲਈ ਹੱਥਕੜੀ ਲੱਗੇ ਹੱਥਾਂ ਨੂੰ ਸਿਰ ਉਪਰੋਂ ਚੁੱਕ ਕੇ ਹਿਲਾਉਂਦਾ ਜਾ ਰਿਹਾ ਸੀ। ਪੈਰਾਂ ਨੂੰ ਲੱਗੀਆਂ ਬੇੜੀਆਂ ਉਸ ਨੂੰ ਲੱਤਾਂ ਚੌੜੀਆਂ ਕਰ ਕੇ ਜ਼ਰਾ ਹੌਲੀ ਚੱਲਣ ਲਈ ਮਜਬੂਰ ਕਰ ਰਹੀਆਂ ਸਨ। ਉਹਦੀ ਤੋਰ ਵਿਚ ਖੂਹ-ਵਿਚ-ਜਾਵੇ-ਡਰ ਵਾਲਾ ਅਲਬੇਲਾਪਣ ਸੀ। ਉਹ ਪਤਲੀਆਂ ਭੂਰੀਆਂ ਮੁੱਛਾਂ ਨੂੰ ਤਾਅ ਦੇ ਰਿਹਾ ਅਤੇ ਪੁਲਸੀਆਂ ਨਾਲ ਘਟੀਆ ਮਜ਼ਾਕ ਕਰ ਰਿਹਾ ਸੀ। ਇੰਜ ਆਪਣੀ ਸਥਿਤੀ ਨੂੰ ਟਿੱਚ ਜਾਣ ਰਿਹਾ ਸੀ।

ਦਰਿਆ ਦੇ ਲਾਗੇ ਇਕਬਾਲ ਅਤੇ ਉਸਦੇ ਨਾਲ ਦੇ ਦੋ ਸਿਪਾਹੀ ਜਗਤ ਸਿੰਘ ਵਾਲੀ ਪਾਰਟੀ ਨੂੰ ਜਾ ਮਿਲੇ। ਉਹ ਸਾਰੇ ਦਰਿਆ ਦੇ ਨਾਲ ਨਾਲ ਉਪਰ ਨੂੰ ਪੁਲ ਵੱਲ ਵਧਦੇ ਗਏ। ਹੌਲਦਾਰ ਸਭ ਤੋਂ ਅਗੇ ਚਲ ਰਿਹਾ ਸੀ। ਹਥਿਆਰਬੰਦ ਸਿਪਾਹੀ ਕੈਦੀਆਂ ਦੇ ਦੋਹਾਂ ਪਾਸਿਆਂ ਉਤੇ ਅਤੇ ਪਿਛਲੇ ਪਾਸੇ ਮਾਰਚ ਕਰ ਰਹੇ ਸਨ। ਇਕਬਾਲ ਉਨ੍ਹਾਂ ਦੀਆਂ ਖਾਕੀ ਅਤੇ ਲਾਲ ਵਰਦੀਆਂ ਵਿਚ ਹੀ ਗੁੰਮ ਹੋ ਗਿਆ ਸੀ। ਜਗਤ ਸਿੰਘ ਦੀ ਪੱਗ ਅਤੇ ਮੋਢੇ ਸਿਪਾਹੀਆਂ ਦੀਆਂ ਪੱਗਾਂ ਤੋਂ ਉਪਰ ਨਜ਼ਰ ਆ ਰਹੇ ਸਨ। ਲੱਗਦਾ ਸੀ ਜਿਵੇਂ ਘੋੜਿਆਂ ਦਾ ਜਲੂਸ ਹੋਵੇ, ਜਿਨ੍ਹਾਂ ਦੇ ਦਰਮਿਆਨ ਇਕ ਹਾਥੀ ਜਾ ਰਿਹਾ ਸੀ — ਲੰਮਾ, ਚੌੜਾ, ਮਸਤ ਅਤੇ ਉਸਨੂੰ ਲੱਗੀਆਂ ਸੰਗਲੀਆਂ ਰੀਤੀਬੱਧ ਸਜਾਵਟੀ ਸਮਾਨ ਵਾਂਗ ਖਣਕ ਰਹੀਆਂ ਸਨ।

ਕੋਈ ਵੀ ਗੱਲ ਕਰਨ ਦੇ ਰੌਂਅ ਵਿਚ ਨਹੀਂ ਲੱਗਦਾ ਸੀ। ਸਿਪਾਹੀ ਮਨੋ ਔਖੇ ਸਨ। ਉਹ ਜਾਣਦੇ ਸਨ ਕਿ ਉਨ੍ਹਾਂ ਗਲਤੀ ਕੀਤੀ ਹੈ — ਸਗੋਂ ਦੋ ਗਲਤੀਆਂ ਕੀਤੀਆਂ ਹਨ। ਸਮਾਜ ਸੇਵਕ ਨੂੰ ਗ੍ਰਿਫਤਾਰ ਕਰਨਾ ਬੱਜਰ ਗਲਤੀ ਸੀ ਅਤੇ ਮੁਸ਼ਕਲ ਖੜ੍ਹੀ ਹੋਣ ਦਾ ਖਦਸ਼ਾ ਵੀ ਸੀ। ਉਹਦੇ ਬਾਗੀ ਵਤੀਰੇ ਨੇ ਉਸ ਦੀ ਬੇਗੁਨਾਹੀ ਦੀ ਪੁਸ਼ਟੀ ਕੀਤੀ ਸੀ। ਉਸਦੇ ਵਿਰੁਧ ਕੋਈ ਕੇਸ ਬਣਾਉਣਾ ਪਵੇਗਾ। ਪੜ੍ਹੇ-ਲਿਖੇ ਲੋਕਾਂ ਵਿਰੁਧ ਝੂਠਾ ਕੇਸ ਖੜ੍ਹਾ ਕਰਨਾ ਹਮੇਸ਼ਾ ਖਤਰਨਾਕ ਹੁੰਦਾ ਸੀ। ਜਗਤ ਸਿੰਘ ਵੀ, ਸਪਸ਼ਟ ਸੀ ਕਿ, ਅਸਲੀ ਦੋਸ਼ੀ ਨਹੀਂ ਸੀ। ਉਨ੍ਹੇ ਰਾਤ ਨੂੰ ਪਿੰਡੋਂ ਬਾਹਰ ਜਾ ਕੇ ਬਿਨਾਂ ਸ਼ੱਕ

ਕਾਨੂੰਨ ਤੋੜਿਆ ਸੀ, ਪਰ ਇਹ ਸੰਭਾਵਨਾ ਬਿਲਕੁਲ ਨਹੀਂ ਸੀ ਕਿ ਉਹ ਆਪਣੇ ਹੀ ਪਿੰਡ ਵਿਚ ਮਾਰੇ ਡਾਕੇ ਵਿਚ ਸ਼ਾਮਲ ਹੋਵੇ। ਉਹਦੇ ਕੱਦ-ਕਾਠ ਕਾਰਨ ਹੀ ਉਹ ਬੜਾ ਸੌਖਾ ਪਛਾਣਿਆਂ ਜਾ ਸਕਦਾ ਸੀ। ਨਾਲੇ, ਇਹ ਵੀ ਸਪਸ਼ਟ ਸੀ ਕਿ ਇਹ ਦੋਵੇਂ ਜਣੇ ਇਕ ਦੂਜੇ ਨੂੰ ਪਹਿਲੀ ਵਾਰ ਮਿਲੇ ਸਨ।

ਇਕਬਾਲ ਦੇ ਸਵੈਮਾਣ ਨੂੰ ਸੱਟ ਲੱਗੀ ਸੀ। ਜਗਤ ਸਿੰਘ ਨੂੰ ਮਿਲਣ ਤੋਂ ਪਹਿਲਾਂ ਤਕ ਉਹਦਾ ਪ੍ਰਭਾਵ ਸੀ ਕਿ ਉਸ ਨੂੰ ਉਹਦੀ ਸਿਆਸਤ ਕਾਰਨ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਆਪਣੇ ਆਪ ਨੂੰ ਹੱਥਕੜੀਆਂ ਲਾਏ ਜਾਣ ਦੀ ਅੜੀ ਕੀਤੀ ਸੀ ਤਾਂ ਜੋ ਪਿੰਡ ਵਾਲੇ ਦੇਖ ਲੈਣ ਕਿ ਉਹ ਕਿੰਨੀ ਸ਼ਾਨ ਨਾਲ ਜਾ ਰਿਹਾ ਹੈ। ਸ਼ਹਿਰੀ ਆਜ਼ਾਦੀਆਂ ਉਤੇ ਜੋ ਇਹ ਹਮਲਾ ਹੋਇਆ ਸੀ, ਉਸ ਵਿਰੁਧ ਉਹ ਗੁੱਸੇ ਵਿਚ ਆ ਜਾਣਗੇ। ਪਰ ਮਰਦਾਂ ਨੇ ਉਸ ਨੂੰ ਗੁਸਤਾਖਾਂ ਵਾਂਗ ਘੂਰਿਆ ਹੀ ਸੀ ਅਤੇ ਔਰਤਾਂ ਨੇ ਆਪਣੇ ਘੁੰਡਾਂ ਵਿਚੋਂ ਝਾਕਦਿਆਂ ਹੋਇਆਂ ਇਕ ਦੂਜੀ ਨੂੰ ਫੁਸ-ਫੁਸ ਹੀ ਕੀਤੀ ਸੀ, "ਕੌਣ ਹੈ ਇਹ?" ਜਦੋਂ ਉਹ ਜਗਤ ਸਿੰਘ ਨੂੰ ਲੈ ਕੇ ਜਾਂਦੀ ਪੁਲਿਸ ਟੋਲੀ ਨਾਲ ਮਿਲ ਗਏ ਤਾਂ ਪੁਲਿਸ ਵਾਲਿਆਂ ਦੀ ਦਿਤੀ ਸਲਾਹ ਕਿ "ਆਪਣਾ ਮੂੰਹ ਕੱਜ ਲਓ, ਵਰਨਾ ਸ਼ਨਾਖਤੀ ਪਰੇਡ ਵਿਚ ਪਛਾਣੇ ਜਾਓਗੇ" ਦਾ ਨੁਕਤਾ ਉਸ ਨੂੰ ਸਮਝ ਆਇਆ। ਉਸ ਨੂੰ ਤਾਂ ਰਾਮ ਲਾਲ ਦੇ ਕਤਲ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਏਨੇ ਅਹਿਮਕਾਨਾ ਇਲਜ਼ਾਮ ਉਤੇ ਉਹ ਕਿਵੇਂ ਭਰੋਸਾ ਕਰ ਸਕਦਾ ਸੀ। ਹਰ ਕੋਈ ਜਾਣਦਾ ਸੀ ਕਿ ਉਹ ਕਤਲ ਤੋਂ ਮਗਰੋਂ ਪਿੰਡ ਵਿਚ ਆਇਆ ਸੀ। ਸੱਚ ਤਾਂ ਇਹ ਹੈ ਕਿ ਉਹ ਉਸੇ ਰੇਲ ਗੱਡੀ ਵਿਚ ਆਇਆ ਸੀ ਜਿਸ ਵਿਚ ਪੁਲਿਸ ਵਾਲੇ ਆਏ ਸਨ। ਉਸ ਦੀ ਗਵਾਹੀ ਤਾਂ ਉਹ ਵੀ ਦੇ ਸਕਦੇ ਹਨ। ਹਾਲਤ ਬੜੀ ਹਾਸੋਹੀਣੀ ਸੀ। ਪਰ ਪੰਜਾਬ ਦੇ ਪੁਲਸੀਏ ਉਸ ਨਸਲ ਵਿਚੋਂ ਨਹੀਂ ਸਨ ਜੋ ਕੀਤੀ ਗਲਤੀ ਨੂੰ ਮੰਨ ਜਾਵੇ । ਉਹ ਕੋਈ ਨਾ ਕੋਈ ਇਲਜ਼ਾਮ ਘੜ ਲੈਣਗੇ: ਆਵਾਰਾਗਰਦੀ, ਅਫਸਰਾਂ ਦੇ ਡਿਊਟੀ ਕਰਨ ਵਿਚ ਵਿਘਨ ਪਾਉਣਾ ਜਾਂ ਅਜਿਹੀ ਕੋਈ ਹੋਰ ਗੱਲ। ਉਹ ਉਨ੍ਹਾਂ ਵਿਰੁਧ ਜੀ-ਜਾਨ ਨਾਲ ਲੜੇਗਾ।

ਸਾਰੀ ਟੋਲੀ ਵਿਚ ਕੇਵਲ ਇਕ ਬੰਦਾ ਸੀ ਜਿਸ ਨੂੰ ਮਾਮਲੇ ਦੀ ਕੋਈ ਪ੍ਰਵਾਹ ਨਹੀਂ ਸੀ। ਉਹ ਪਹਿਲਾਂ ਵੀ ਗ੍ਰਿਫਤਾਰ ਹੋ ਚੁਕਿਆ ਸੀ। ਉਸ ਨੇ ਜੇਲ੍ਹਾਂ ਵਿਚ ਵੀ ਓਨਾ ਹੀ ਸਮਾਂ ਬਿਤਾਇਆ ਸੀ ਜਿੰਨਾ ਘਰੇ। ਪੁਲਿਸ ਨਾਲ ਵਾਸਤਾ ਉਸ ਨੂੰ ਪਿਤਾ-ਪੁਰਖੀ ਮਿਲਿਆ ਸੀ। ਥਾਣੇ ਦੇ ਦਸ ਨੰਬਰ ਬਸਤੇ ਵਿਚ ਉਸਦੇ ਪਿਤਾ ਦੇ ਜਿਉਂਦੇ ਹੋਣ ਸਮੇ ਉਸਦੇ ਪਿਤਾ ਆਲਮ ਸਿੰਘ ਦਾ ਨਾਂ ਵੀ ਦਰਜ ਸੀ। ਇਸ ਬਸਤੇ ਵਿਚ ਥਾਣੇ ਦੇ ਖੇਤਰ ਵਿਚ ਬਦਮਾਸ਼ਾਂ ਵਲੋਂ ਕੀਤੀਆਂ ਸਾਰੀਆਂ ਕਾਰਵਾਈਆਂ ਦਰਜ ਹੁੰਦੀਆਂ ਸਨ। ਆਲਮ ਸਿੰਘ ਨੂੰ ਡਾਕੇ ਨਾਲ ਕਤਲ ਦਾ ਮੁਜਰਮ ਵੀ ਨਾਮਜ਼ਦ ਕੀਤਾ ਗਿਆ ਸੀ। ਉਸ ਨੂੰ ਫਾਂਸੀ ਦੇ ਦਿਤੀ ਗਈ ਸੀ। ਜਗਤ ਸਿੰਘ ਦੀ ਮਾਂ ਨੂੰ ਵਕੀਲਾਂ ਦੀ ਫੀਸ ਦੇਣ ਲਈ ਸਾਰੀ ਜ਼ਮੀਨ ਗਹਿਣੇ ਰਖਣੀ ਪਈ ਸੀ। ਜ਼ਮੀਨ ਛੁਡਾਉਣ ਲਈ ਜਗਤ ਸਿੰਘ ਨੂੰ ਪੈਸਿਆਂ ਦੀ ਲੋੜ ਸੀ ਅਤੇ ਉਸ ਨੇ ਇਕ ਸਾਲ ਵਿਚ ਹੀ ਇਹ ਜੋੜ ਲਏ ਸਨ।

ਕੋਈ ਵੀ ਸਿੱਧ ਨਹੀਂ ਕਰ ਸਕਦਾ ਸੀ ਕਿ ਉਸ ਨੇ ਇਹ ਪੈਸੇ ਕਿਵੇਂ ਇਕੱਠੇ ਕੀਤੇ ਸਨ। ਪਰ ਸਾਲ ਦੇ ਅੰਤ ਉਤੇ ਪੁਲਿਸ ਨੇ ਉਸ ਨੂੰ ਦਬੋਚ ਲਿਆ ਸੀ। ਉਸ ਦਾ ਨਾਂ ਦਸ ਨੰਬਰੀਆਂ ਵਿਚ ਦਰਜ ਹੋ ਗਿਆ ਸੀ ਅਤੇ ਉਸ ਨੂੰ ਸਰਕਾਰੀ ਤੌਰ ਤੇ ਬਦਮਾਸ਼ ਐਲਾਨ ਦਿਤਾ ਗਿਆ ਸੀ। ਉਸ ਦੀ ਪਿੱਠ ਪਿਛੇ ਸਾਰੇ ਉਸ ਨੂੰ "ਦਸ ਨੰਬਰੀਆ" ਕਹਿੰਦੇ ਸਨ।

ਜਗਤ ਸਿੰਘ ਨੇ ਆਪਣੇ ਨਾਲ ਫੜੇ ਕੈਦੀ ਨੂੰ ਕਈ ਵਾਰ ਦੇਖਿਆ। ਉਹ ਗੱਲ ਸ਼ੁਰੂ ਕਰਨਾ ਚਾਹੁੰਦਾ ਸੀ। ਇਕਬਾਲ ਨੇ ਆਪਣੀਆਂ ਅੱਖਾਂ ਸਾਹਮਣੇ ਟਿਕਾਈਆਂ ਹੋਈਆਂ ਸਨ ਅਤੇ ਇੰਜ ਤੁਰ ਰਿਹਾ ਸੀ ਜਿਵੇਂ ਕੋਈ ਐਕਟਰ ਕੈਮਰੇ ਬਾਰੇ ਸੁਚੇਤ ਹੋ ਕੇ ਲੈਨਜ਼ ਵੱਲ ਹੀ ਦੇਖ ਰਿਹਾ ਹੋਵੇ। ਜਗਤ ਸਿੰਘ ਦਾ ਸਬਰ ਜਵਾਬ ਦੇ ਗਿਆ।

"ਸੁਣੋ, ਕਿਹੜੇ ਪਿੰਡ ਤੋਂ ਹੋ ਤੁਸੀਂ?" ਉਨ੍ਹੇ ਪੁਛਿਆ ਅਤੇ ਮੁਸਕਰਾਉਂਦਿਆਂ ਆਪਣੇ ਦੰਦਾਂ ਵਿਚ ਲੱਗੇ ਸੋਨੇ ਦੇ ਸਤਾਰੇ ਵੀ ਨੰਗੇ ਕਰ ਦਿਤੇ।

ਇਕਬਾਲ ਨੇ ਉਸ ਵੱਲ ਦੇਖਿਆ ਪਰ ਜਵਾਬੀ ਮੁਸਕਰਾਹਟ ਨਹੀਂ ਦਿਤੀ।

"ਮੈਂ ਪੇਂਡੂ ਨਹੀਂ ਹਾਂ। ਮੈਂ ਦਿੱਲੀ ਤੋਂ ਆਇਆਂ। ਮੈਨੂੰ ਕਿਸਾਨਾਂ ਨੂੰ ਜਥੇਬੰਦ ਕਰਨ ਲਈ ਘੱਲਿਆ ਗਿਆ ਸੀ ਪਰ ਸਰਕਾਰ ਨੂੰ ਪਸੰਦ ਹੀ ਨਹੀਂ ਕਿ ਲੋਕ ਜਥੇ ਬੰਦ ਕੀਤੇ ਜਾਣ।"

ਜਗਤ ਸਿੰਘ ਨਿਮਰ ਹੋ ਗਿਆ। ਉਸ ਨੇ ਰਸਮੀ ਅੰਦਾਜ਼ ਛੱਡ ਦਿਤਾ। "ਮੈਂ ਤਾਂ ਸੁਣਿਐ ਕਿ ਹੁਣ ਸਾਡਾ ਆਪਣਾ ਰਾਜ ਹੈ," ਉਸ ਨੇ ਕਿਹਾ। "ਦਿੱਲੀ ਵਿਚ ਮਹਾਤਮਾ ਗਾਂਧੀ ਦੀ ਸਰਕਾਰ ਹੈ, ਹੈ ਨਾ? ਸਾਡੇ ਪਿੰਡ ਵਿਚ ਤਾਂ ਇਹੋ ਕਿਹਾ ਜਾਂਦੈ।"

"ਹਾਂ, ਅੰਗਰੇਜ਼ ਚਲੇ ਗਏ ਹਨ ਪਰ ਅਮੀਰ ਹਿੰਦੁਸਤਾਨੀਆਂ ਨੇ ਉਨ੍ਹਾਂ ਦੀ ਥਾਂ ਮੱਲ ਲਈ ਹੈ। ਤੁਹਾਨੂੰ ਜਾਂ ਤੁਹਾਡੇ ਨਾਲ ਵਾਲੇ ਪੇਂਡੂਆਂ ਨੂੰ ਆਜ਼ਾਦੀ ਤੋਂ ਕੀ ਮਿਲਿਆ ਹੈ? ਵਧੇਰੇ ਰੋਟੀ ਜਾਂ ਵਧੇਰੇ ਕਪੜੇ? ਤੁਸੀਂ ਉਨ੍ਹਾਂ ਹੀ ਬੇੜੀਆਂ ਅਤੇ ਹੱਥਕੜੀਆਂ ਵਿਚ ਹੋ ਜਿਹੜੀਆਂ ਅੰਗਰੇਜ਼ ਤੁਹਾਡੇ ਲਾਉਂਦੇ ਸੀ। ਸਾਨੂੰ ਇੱਕਠੇ ਹੋ ਕੇ ਉਠਣਾ ਪਵੇ ਗਾ। ਸਾਡੇ ਕੋਲ ਗੁਆਉਣ ਲਈ ਕੁਝ ਨਹੀਂ, ਸਿਵਾਇ ਇਨ੍ਹਾਂ ਜ਼ੰਜੀਰਾਂ ਤੋਂ।" ਇਕਬਾਲ ਨੇ ਆਖਰੀ ਵਾਕ ਨੂੰ ਜ਼ੋਰ ਦੇ ਕੇ ਕਹਿੰਦਿਆਂ ਆਪਣੇ ਹੱਥ ਉਹਦੇ ਮੂੰਹ ਤਕ ਉਪਰ ਚੁਕਦਿਆਂ ਅਤੇ ਇੰਜ ਝਟਕਾ ਦਿੰਦਿਆਂ ਕਹੇ ਜਿਵੇਂ ਇਸ ਝਟਕੇ ਨਾਲ ਹੀ ਹੱਥਕੜੀਆਂ ਟੁੱਟ ਜਾਣਗੀਆਂ।

ਸਿਪਾਹੀਆਂ ਨੇ ਇਕ ਦੂਜੇ ਵੱਲ ਦੇਖਿਆ।

ਜਗਤ ਸਿੰਘ ਨੇ ਆਪਣੇ ਗਿੱਟਿਆਂ ਦੁਆਲੇ ਲੱਗੀਆਂ ਬੇੜੀਆਂ ਅਤੇ ਉਨ੍ਹਾਂ ਨੂੰ ਹੱਥਕੜੀਆਂ ਨਾਲ ਜੋੜਦੇ ਲੋਹ-ਡੰਡੇ ਵੱਲ ਦੇਖਿਆ।

"ਮੈਂ ਬਦਮਾਸ਼ ਹਾਂ। ਸਾਰੀਆਂ ਸਰਕਾਰਾਂ ਮੈਨੂੰ ਜੇਲ੍ਹ ਵਿਚ ਸੁੱਟ ਦਿੰਦੀਆਂ ਹਨ।"

"ਪਰ," ਇਕਬਾਲ ਨੇ ਗੁੱਸੇ ਨਾਲ ਟੋਕਿਆ, "ਤੁਹਾਨੂੰ ਬਦਮਾਸ਼ ਕਿਸਨੇ

ਬਣਾਇਆ? ਸਰਕਾਰ ਨੇ! ਇਹ ਨਿਯਮ ਬਣਾਉਂਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਰਜਿਸਟਰ, ਸਿਪਾਹੀ ਅਤੇ ਜੇਲ੍ਹਰ ਰਖਦੀ ਹੈ। ਜਿਸਨੂੰ ਵੀ ਉਹ ਪਸੰਦ ਨਹੀਂ ਕਰਦੇ, ਉਸ ਨੂੰ ਬਦਮਾਸ਼ ਅਤੇ ਮੁਜਰਮ ਬਣਾਉਣ ਲਈ ਉਨ੍ਹਾਂ ਕੋਲ ਕੋਈ ਨਾ ਕੋਈ ਨਿਯਮ ਹੁੰਦਾ ਹੈ। ਮੇਰਾ ਕੀ ..."

"ਨਹੀਂ, ਬਾਬੂ ਸਾਹਿਬ," ਜਗਤ ਸਿੰਘ ਨੇ ਹਲਕੇ ਅੰਦਾਜ਼ ਵਿਚ ਹੀ ਕਿਹਾ, "ਇਹ ਤਾਂ ਸਾਡੀ ਕਿਸਮਤ ਹੈ। ਇਹ ਸਾਡੇ ਮੱਥਿਆਂ ਤੇ ਵੀ ਲਿਖਿਐ ਅਤੇ ਸਾਡੇ ਹੱਥਾਂ ਦੀਆਂ ਲਕੀਰਾਂ ਤੇ ਵੀ। ਮੈਂ ਹਮੇਸ਼ਾ ਕੁਝ ਨਾ ਕੁਝ ਕਰਨਾ ਚਾਹੁੰਦਾ ਹਾਂ। ਜਦੋਂ ਹਲ ਵਾਹੁਣ ਵਾਲਾ ਹੁੰਦਾ ਹੈ ਜਾਂ ਫਸਲ ਕੱਢੀ ਜਾਣੀ ਹੁੰਦੀ ਹੈ, ਉਦੋਂ ਮੈਂ ਰੁਝਿਆ ਹੁੰਦਾ ਹਾਂ। ਜਦੋਂ ਕਰਨ ਲਈ ਹੋਰ ਕੋਈ ਕੰਮ ਨਹੀਂ ਹੁੰਦਾ, ਤਾਂ ਕੁਝ ਕਰਨ ਵਾਸਤੇ ਮੇਰੇ ਹੱਥਾਂ ਤੇ ਖਾਜ ਹੁੰਦੀ ਰਹਿੰਦੀ ਹੈ। ਤੇ ਮੈਂ ਕੁਝ ਕਰ ਦਿੰਦਾ ਹਾਂ ਅਤੇ ਇਹ ਸਦਾ ਹੀ ਗਲਤ ਹੁੰਦਾ ਹੈ।"

ਟੋਲੀ ਪੁਲ ਦੇ ਹੇਠੋਂ ਲੰਘੀ ਅਤੇ ਡਾਕ ਬੰਗਲੇ ਵਿਚ ਪਹੁੰਚ ਗਈ। ਜਗਤ ਸਿੰਘ ਦੀ ਲਾਪ੍ਰਵਾਹੀ ਨੇ ਇਕਬਾਲ ਨੂੰ ਉਦਾਸ ਕਰ ਦਿਤਾ। ਉਹ ਪਿੰਡ ਦੇ ਬਦਮਾਸ਼ ਨਾਲ ਦਲੀਲਬਾਜ਼ੀ ਕਰਦਿਆਂ ਵਿਅਰਥ ਬੋਲਣਾ ਨਹੀਂ ਸੀ ਚਾਹੁੰਦਾ। ਉਹ ਆਪਣੇ ਸ਼ਬਦ ਡਿਪਟੀ ਕਮਿਸ਼ਨਰ ਵਾਸਤੇ ਬਚਾ ਕੇ ਰਖਣਾ ਚਾਹੁੰਦਾ ਸੀ। ਉਸ ਨੂੰ ਉਹ ਅੰਗਰੇਜ਼ੀ ਵਿਚ ਖਰੀਆਂ ਖਰੀਆਂ ਸੁਣਾਏਗਾ ਅਤੇ ਉਹਦਾ ਅੰਗਰੇਜ਼ੀ ਬੋਲਣ ਦਾ ਲਹਿਜ਼ਾ ਡਿਪਟੀ ਨੂੰ ਵਿਆਕੁਲ ਕਰ ਦੇਵੇਗਾ।

ਜਦੋਂ ਪੁਲਿਸ ਵਾਲੇ ਕੈਦੀਆਂ ਨੂੰ ਲੈ ਆਏ ਤਾਂ ਛੋਟੇ ਥਾਣੇਦਾਰ ਨੇ ਉਨ੍ਹਾਂ ਨੂੰ ਨੌਕਰਾਂ ਦੇ ਕੁਆਟਰਾਂ ਵਿਚ ਲੈ ਜਾਣ ਦਾ ਹੁਕਮ ਦਿਤਾ। ਮਜਿਸਟ੍ਰੇਟ ਆਪਣੇ ਕਮਰੇ ਵਿਚ ਕਪੜੇ ਪਾ ਰਿਹਾ ਸੀ। ਹੌਲਦਾਰ ਨੇ ਕੈਦੀਆਂ ਨੂੰ ਸਿਪਾਹੀਆਂ ਕੋਲ ਛੱਡ ਦਿਤਾ ਅਤੇ ਆਪ ਬੰਗਲੇ ਨੂੰ ਮੁੜ ਆਇਆ।

"ਇਹ ਬਲੂੰਗੜਾ ਜਿਹਾ ਤੁਸੀਂ ਕੌਣ ਫੜ ਲਿਆਂਦਾ?" ਥਾਣੇਦਾਰ ਨੇ ਥੋੜ੍ਹਾ ਚਿੰਤਾਤੁਰ ਹੁੰਦਿਆਂ ਪੁਛਿਆ।

"ਮੈਂ ਉਸ ਨੂੰ ਤੁਹਾਡੇ ਹੁਕਮਾਂ ਤੇ ਹੀ ਫੜਿਐ। ਗੁਰਦੁਆਰੇ ਵਿਚ ਇਹੋ ਅਜਨਬੀ ਠਹਿਰਿਆ ਹੋਇਆ ਸੀ।"

ਜਵਾਬ ਸੁਣਕੇ ਥਾਣੇਦਾਰ ਨੂੰ ਚਿੜ੍ਹ ਆ ਗਈ। "ਮੈਨੂੰ ਨਹੀਂ ਲੱਗਦਾ ਕਿ ਤੁਹਾਡਾ ਆਪਣਾ ਵੀ ਕੋਈ ਦਿਮਾਗ ਹੈ। ਮੈਂ ਤੁਹਾਨੂੰ ਛੋਟਾ ਜਿਹਾ ਕੰਮ ਦੇ ਦਿੰਦਾਂ ਹਾਂ, ਤੁਸੀਂ ਜਾਂਦੇ ਹੋ ਅਤੇ ਮੂਰਖਾਂ ਵਾਲੀ ਹਰਕਤ ਕਰਦੇ ਹੋ। ਗ੍ਰਿਫਤਾਰ ਕਰਨ ਤੋਂ ਪਹਿਲਾਂ ਤੁਹਾਨੂੰ ਚਾਹੀਦਾ ਸੀ ਕਿ ਉਸ ਨੂੰ ਦੇਖ ਤਾਂ ਲੈਂਦੇ। ਕੀ ਇਹ ਉਹੀ ਆਦਮੀ ਨਹੀਂ ਜਿਹੜਾ ਕਲ੍ਹ ਸਾਡੇ ਨਾਲ ਹੀ ਗੱਡੀ ਤੋਂ ਉਤਰਿਆ ਸੀ?"

"ਗੱਡੀ?" ਅਗਿਆਨਤਾ ਜ਼ਾਹਰ ਕਰਦਿਆਂ ਹੌਲਦਾਰ ਨੇ ਪੁਛਿਆ। "ਮੈਂ ਤਾਂ ਉਸ ਨੂੰ ਰੇਲ ਗੱਡੀ ਤੇ ਨਹੀਂ ਦੇਖਿਆ ਸੀ, ਗਰੀਬ-ਨਵਾਜ਼। ਮੈਂ ਤਾਂ ਕੇਵਲ ਤੁਹਾਡੇ

ਹੁਕਮ ਹੀ ਵਜਾਏ ਹਨ ਕਿ ਸ਼ੱਕੀ ਹਾਲਾਤ ਵਿਚ ਪਿੰਡ ਅੰਦਰ ਘੁੰਮ ਰਹੇ ਅਜਨਬੀ ਨੂੰ ਗ੍ਰਿਫਤਾਰ ਕਰ ਲਓ।"

ਥਾਣੇਦਾਰ ਦਾ ਪਾਰਾ ਚੜ੍ਹ ਗਿਆ।

"ਗੱਧਾ!"

ਹੌਲਦਾਰ ਨੇ ਆਪਣੇ ਅਫਸਰ ਦੀ ਘੂਰੀ ਨਾਲ ਨਜ਼ਰਾਂ ਨਾ ਮਿਲਾਈਆਂ।

"ਕਿਸੇ ਥਾਂ ਦਾ ਗੱਧਾ ਹੈਂ ਤੂੰ," ਉਨ੍ਹੇ ਵਧੇਰੇ ਗੁੱਸੇ ਨਾਲ ਦੁਹਰਾਇਆ। "ਕੀ ਤੇਰੇ ਕੋਲ ਦਿਮਾਗ ਬਿਲਕੁਲ ਹੀ ਨਹੀਂ?"

"ਗਰੀਬ-ਨਵਾਜ਼, ਮੇਰਾ ਕੀ ਕਸੂਰ...?"

"ਬਕਵਾਸ ਬੰਦ ਕਰ!"

ਹੌਲਦਾਰ ਨੇ ਆਪਣੇ ਪੈਰਾਂ ਵੱਲ ਝਾਕਣਾ ਸ਼ੁਰੂ ਕਰ ਦਿਤਾ। ਛੋਟੇ ਥਾਣੇਦਾਰ ਨੇ ਵੀ ਆਪਣਾ ਗੁੱਸਾ ਠੰਢਾ ਹੋਣ ਦਿਤਾ। ਉਸ ਨੂੰ ਹੁਕਮ ਚੰਦ ਦਾ ਸਾਹਮਣਾ ਕਰਨਾ ਪੈਣਾ ਸੀ। ਹੁਕਮ ਚੰਦ ਉਸ ਤੇ ਹੀ ਨਿਰਭਰ ਕਰਦਾ ਸੀ ਤੇ ਨਹੀਂ ਚਾਹੁੰਦਾ ਸੀ ਕਿ ਨਿਰਾਸ਼ਤਾ ਹੱਥ ਲੱਗੇ। ਕੁਝ ਸੋਚਣ ਮਗਰੋਂ ਥਾਣੇਦਾਰ ਨੇ ਜਾਲੀ ਵਿਚੋਂ ਅੰਦਰ ਝਾਕਿਆ।

"ਜਨਾਬ, ਕੀ ਮੈਨੂੰ ਅੰਦਰ ਆਉਣ ਦੀ ਇਜਾਜ਼ਤ ਹੈ?"

"ਆ ਜਾਓ, ਆ ਜਾਓ, ਇੰਸਪੈਕਟਰ ਸਾਹਿਬ!" ਹੁਕਮ ਚੰਦ ਨੇ ਜਵਾਬ ਦਿਤਾ। "ਮਰਿਆਦਾਵਾਂ ਪਾਲਣ ਲਈ ਨਾ ਖੜ੍ਹੇ ਰਹੋ।"

ਥਾਣੇਦਾਰ ਅੰਦਰ ਚਲਾ ਗਿਆ ਅਤੇ ਸਲੂਟ ਮਾਰਿਆ।

"ਹੂੰ, ਕੀ ਕਰਦੇ ਰਹੇ ਹੋ ਤੁਸੀਂ?" ਮਜਿਸਟ੍ਰੇਟ ਨੇ ਪੁਛਿਆ। ਉਹ ਹੁਣੇ ਹੁਣੇ ਸ਼ੇਵ ਕੀਤੀ ਠੋਡੀ ਤੇ ਕਰੀਮ ਲਾ ਰਿਹਾ ਸੀ। ਸਜਾਵਟੀ ਮੇਜ਼ ਉਤੇ ਇਕ ਗਲਾਸ ਵਿਚ ਚਪਟੀ ਸਫੈਦ ਗੋਲੀ ਤਲੇ ਉਤੇ ਪਈ ਨੱਚ ਰਹੀ ਸੀ ਅਤੇ ਬੁਲਬੁਲਿਆਂ ਦੀ ਲੜੀ ਪੈਦਾ ਕਰ ਰਹੀ ਸੀ।

"ਜਨਾਬ, ਅੱਜ ਸਵੇਰੇ ਅਸੀਂ ਦੋ ਗ੍ਰਿਫਤਾਰੀਆਂ ਕੀਤੀਆਂ ਹਨ। ਇਕ ਹੈ ਜੱਗਾ ਬਦਮਾਸ਼। ਡਾਕੇ ਵਾਲੀ ਰਾਤ ਉਹ ਘਰ ਤੋਂ ਬਾਹਰ ਸੀ। ਉਸ ਤੋਂ ਸਾਨੂੰ ਲਾਜ਼ਮੀ ਕੁਝ ਜਾਣਕਾਰੀ ਮਿਲ ਜਾਵੇਗੀ। ਦੂਜਾ ਹੈ ਉਹ ਅਜਨਬੀ ਜਿਸਦੀ ਮੌਜੂਦਗੀ ਬਾਰੇ ਹੌਲਦਾਰ ਨੇ ਰਿਪੋਰਟ ਦਿਤੀ ਸੀ ਅਤੇ ਤੁਸੀਂ ਉਸ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿਤਾ ਸੀ।"

ਹੁਕਮ ਚੰਦ ਨੇ ਠੋਡੀ ਨੂੰ ਪਲੋਸਣਾ ਬੰਦ ਕਰ ਦਿਤਾ। ਉਨ੍ਹੇ ਭਾਂਪ ਲਿਆ ਕਿ ਦੂਜੀ ਗ੍ਰਿਫਤਾਰੀ ਕਰਨ ਦੀ ਕੋਸ਼ਿਸ਼ ਉਸ ਦੇ ਨਾਂ ਮੜ੍ਹੀ ਜਾ ਰਹੀ ਹੈ।

"ਕੌਣ ਹੈ ਉਹ?"

ਥਾਣੇਦਾਰ ਨੇ ਬਾਹਰ ਖੜ੍ਹੇ ਹੌਲਦਾਰ ਨੂੰ ਆਵਾਜ਼ ਮਾਰੀ।

"ਸਿੱਖ ਗੁਰਦੁਆਰੇ ਵਿਚੋਂ ਜਿਸ ਬੰਦੇ ਨੂੰ ਤੁਸੀਂ ਗ੍ਰਿਫਤਾਰ ਕੀਤਾ ਹੈ, ਉਸਦਾ ਨਾਂ ਕੀ ਹੈ?"

"ਇਕਬਾਲ।"

"ਇਕਬਾਲ ਕੀ?" ਮਜਿਸਟ੍ਰੇਟ ਨੇ ਜ਼ੋਰ ਨਾਲ ਪੁਛਿਆ।

"ਜਨਾਬ, ਮੈਂ ਹੁਣੇ ਪਤਾ ਕਰਦਾਂ।" ਇਸ ਤੋਂ ਪਹਿਲਾਂ ਕਿ ਮਜਿਸਟ੍ਰੇਟ ਉਸ ਉਤੇ ਚੜ੍ਹਾਈ ਕਰ ਦਿੰਦਾ, ਹੌਲਦਾਰ ਨੌਕਰਾਂ ਦੇ ਕੁਆਟਰ ਵੱਲ ਦੌੜ ਗਿਆ। ਹੁਕਮ ਚੰਦ ਨੇ ਮਹਿਸੂਸ ਕੀਤਾ ਕਿ ਉਹਦਾ ਪਾਰਾ ਚੜ੍ਹ ਰਿਹਾ ਹੈ। ਉਨ੍ਹੇ ਗਲਾਸ ਵਿਚੋਂ ਇਕ ਘੁੱਟ ਭਰ ਲਿਆ। ਥਾਣੇਦਾਰ ਬੇਚੈਨੀ ਵਿਚ ਇਧਰ ਉਧਰ ਪੈਰ ਘਸੀਟਦਾ ਰਿਹਾ। ਕੁਝ ਮਿੰਟਾਂ ਬਾਅਦ ਹੌਲਦਾਰ ਪਰਤ ਆਇਆ। ਖੰਘੂਰਾ ਮਾਰਕੇ ਉਸ ਨੇ ਆਪਣੀ ਆਮਦ ਦਰਸਾਈ।

"ਜਨਾਬ," ਉਹ ਫਿਰ ਖੰਘਿਆ। "ਜਨਾਬ, ਉਹ ਪੜ੍ਹ ਤੇ ਲਿਖ ਵੀ ਸਕਦਾ ਹੈ। ਉਹ ਪੜ੍ਹਿਆ-ਲਿਖਿਆ ਹੈ।"

ਮਜਿਸਟ੍ਰੇਟ ਗੁੱਸੇ ਨਾਲ ਦਰਵਾਜ਼ੇ ਵੱਲ ਘੁੰਮਿਆ।

"ਕੋਈ ਉਹਦਾ ਪਿਉ ਵੀ ਹੈ, ਮਾਂ ਵੀ ਹੈ, ਕੋਈ ਧਰਮ ਵੀ ਹੈ ਜਾਂ ਨਹੀਂ? ਪੜ੍ਹਿਆ-ਲਿਖਿਆ!"

"ਜਨਾਬ," ਹੌਲਦਾਰ ਹਕਲਾਇਆ, "ਉਹ ਆਪਣੇ ਬਾਪ ਦਾ ਨਾਂ ਦੱਸਣੋਂ ਇਨਕਾਰ ਕਰਦੈ ਅਤੇ ਕਹਿੰਦੈ ਕਿ ਉਸਦਾ ਕੋਈ ਧਰਮ ਨਹੀਂ। ਉਹ ਕਹਿੰਦੈ ਕਿ ਉਹ ਆਪ ਹੀ ਤੁਹਾਡੇ ਨਾਲ ਗੱਲ ਕਰੇਗਾ।"

"ਜਾਓ ਤੇ ਪਤਾ ਕਰੋ," ਡਿਪਟੀ ਸਾਹਿਬ ਗਰਜਿਆ। "ਉਹਦੇ ਚਿੱਤੜਾਂ ਤੇ ਬੈਂਤਾਂ ਮਾਰੋ ਜਦੋਂ ਤਕ ਕਿ ਉਹ ਬੋਲਣ ਨਾ ਲੱਗ ਪਵੇ। ਜਾਓ... ਨਹੀਂ, ਠਹਿਰੋ, ਥਾਣੇ ਦਾਰ ਸਾਹਿਬ ਇਸ ਮਾਮਲੇ ਨੂੰ ਆਪ ਨਜਿੱਠਣਗੇ।"

ਹੁਕਮ ਚੰਦ ਦਾ ਪਾਰਾ ਸੱਤਵੇਂ ਆਸਮਾਨ ਤੇ ਚੜ੍ਹਿਆ ਹੋਇਆ ਸੀ। ਉਨ੍ਹੇ ਗਲਾਸ ਵਿਚ ਬੁਲਬੁਲੇ ਛੱਡਦੇ ਪਾਣੀ ਨੂੰ ਅੰਦਰ ਸੁੱਟ ਲਿਆ ਅਤੇ ਆਪਣਾ ਸਿਰ ਸ਼ੇਵ ਕਰਨ ਵਾਲੇ ਤੌਲੀਏ ਨਾਲ ਪੂੰਝ ਕੇ ਸੁਕਾਇਆ। ਚੜ੍ਹ ਰਹੇ ਗੁੱਸੇ ਤੋਂ ਇਕ ਡਕਾਰ ਨੇ ਉਸ ਨੂੰ ਆਰਾਮ ਦੁਆਇਆ।

"ਕਮਾਲ ਦੇ ਬੰਦੇ ਹੋ, ਤੁਸੀਂ ਅਤੇ ਤੁਹਾਡੇ ਸਿਪਾਹੀ! ਤੁਸੀਂ ਜਾਂਦੇ ਹੋ ਅਤੇ ਬਿਨਾਂ ਉਨ੍ਹਾਂ ਦੇ ਨਾਂ, ਮਾਂ-ਬਾਪ ਦੇ ਨਾਂ ਜਾਂ ਜਾਤ ਬਾਰੇ ਪਤਾ ਕੀਤਿਆਂ ਲੋਕਾਂ ਨੂੰ ਗ੍ਰਿਫਤਾਰ ਕਰ ਲਿਆਉਂਦੇ ਹੋ। ਤੁਸੀਂ ਮੈਥੋਂ ਵਰੰਟ ਦੇ ਖਾਲੀ ਕਾਗਜ਼ਾਂ ਤੇ ਦਸਖ਼ਤ ਕਰਵਾ ਲੈਂਦੇ ਹੋ। ਕਿਸੇ ਦਿਨ ਤੁਸੀਂ ਗਵਰਨਰ ਨੂੰ ਗ੍ਰਿਫਤਾਰ ਕਰ ਲਵੋਗੇ ਅਤੇ ਕਹੋਗੇ ਕਿ ਹੁਕਮ ਚੰਦ ਨੇ ਇਹ ਹੁਕਮ ਦਿਤਾ ਸੀ। ਤੁਸੀਂ ਮੈਨੂੰ ਬਰਖ਼ਾਸਤ ਕਰਵਾ ਦੇਵੋਗੇ।"

"ਗਰੀਬ-ਨਵਾਜ਼, ਮੈਂ ਜਾਨਾਂ ਅਤੇ ਸਾਰੇ ਮਾਮਲੇ ਨੂੰ ਦੇਖਦਾਂ। ਇਹ ਆਦਮੀ ਕਲ੍ਹ

ਹੀ ਮਨੋ ਮਾਜਰਾ ਆਇਆ ਸੀ। ਉਸ ਦਾ ਪਿਛੋਕੜ ਅਤੇ ਕੰਮ ਧੰਦਾ ਮੈਂ ਪਤਾ ਕਰ ਲਵਾਂਗਾ।"

"ਠੀਕ ਹੈ, ਫਿਰ ਜਾਓ ਅਤੇ ਪਤਾ ਕਰੋ, ਇਥੇ ਹੀ ਖੜ੍ਹੇ ਘੂਰਦੇ ਨਾ ਰਹੋ," ਹੁਕਮ ਚੰਦ ਨੇ ਚੀਕ ਕੇ ਕਿਹਾ। ਗੁੱਸੇ ਵਿਚ ਆਉਣ ਜਾਂ ਕੁਰੱਖਤ ਬੋਲਣ ਦੀ ਉਹਦੀ ਆਦਤ ਨਹੀਂ ਸੀ। ਛੋਟੇ ਥਾਣੇਦਾਰ ਦੇ ਜਾਣ ਮਗਰੋਂ ਉਨ੍ਹੇ ਸ਼ੀਸ਼ੇ ਵਿਚ ਆਪਣੀ ਜ਼ਬਾਨ ਦੇਖੀ ਅਤੇ ਸਲਤਜ਼ਰ ਦੀ ਇਕ ਹੋਰ ਗੋਲੀ ਪਾਣੀ ਦੇ ਗਲਾਸ ਵਿਚ ਸੁੱਟ ਲਈ।

ਛੋਟਾ ਥਾਣੇਦਾਰ ਕਮਰੇ ਚੋਂ ਬਾਹਰ ਚਲਾ ਗਿਆ ਅਤੇ ਵਰਾਂਡੇ ਵਿਚ ਰੁਕ ਕੇ ਕੁਝ ਡੂੰਘੇ ਸਾਹ ਲਏ। ਮਜਿਸਟ੍ਰੇਟ ਦੇ ਗੁੱਸੇ ਨੇ ਉਸ ਦੇ ਵਤੀਰੇ ਦਾ ਫੈਸਲਾ ਕਰ ਦਿਤਾ ਸੀ। ਉਸ ਨੂੰ ਸਖਤ ਲਾਈਨ ਲੈ ਕੇ ਜਕੋ-ਤਕੀ ਛੱਡਣੀ ਪਵੇਗੀ। ਉਹ ਨੌਕਰਾਂ ਦੇ ਕੁਆਟਰ ਵਿਚ ਗਿਆ। ਇਕਬਾਲ ਅਤੇ ਉਹਦੇ ਵਾਲੇ ਪਹਿਰੇਦਾਰ ਸਿਪਾਹੀ ਜਗਤ ਸਿੰਘ ਵਾਲਿਆਂ ਨਾਲੋਂ ਅੱਡ ਖੜ੍ਹੇ ਸਨ। ਨੌਜਵਾਨ ਹੋਈ ਹੱਤਕ ਉਤੇ ਰੋਸੇ ਦੀ ਮੂਰਤ ਨਜ਼ਰ ਆ ਰਿਹਾ ਸੀ। ਥਾਣੇਦਾਰ ਨੇ ਉਸ ਨਾਲ ਗੱਲ ਨਾ ਕਰਨਾ ਹੀ ਬਿਹਤਰ ਸਮਝਿਆ।

"ਇਸ ਆਦਮੀ ਦੇ ਕਪੜਿਆਂ ਦੀ ਤਲਾਸ਼ੀ ਲਓ। ਇਸ ਨੂੰ ਇਕ ਕੁਆਟਰ ਵਿਚ ਲੈ ਜਾਓ ਅਤੇ ਸਾਰੇ ਕਪੜੇ ਉਤਾਰ ਦਿਓ। ਮੈਂ ਆਪ ਉਨ੍ਹਾਂ ਨੂੰ ਪੜਤਾਲਾਂਗਾ।"

ਇਕਬਾਲ ਨੇ ਜੋ ਭਾਸ਼ਣ ਝਾੜਣ ਦੀ ਵਿਉਂਤ ਬਣਾਈ ਸੀ, ਉਹ ਧਰੀ-ਧਰਾਈ ਰਹਿ ਗਈ। ਸਿਪਾਹੀ ਉਸ ਨੂੰ ਹੱਥਕੜੀਆਂ ਤੋਂ ਫੜ੍ਹਕੇ ਇਕ ਤਰ੍ਹਾਂ ਘਸੀਟਦਾ ਹੋਇਆ ਇਕ ਕਮਰੇ ਵਿਚ ਲੈ ਗਿਆ। ਉਸਦਾ ਵਿਰੋਧ ਟੁੱਟ ਚੁਕਾ ਸੀ। ਉਸਨੇ ਕਮੀਜ਼ ਉਤਾਰੀ ਅਤੇ ਸਿਪਾਹੀ ਨੂੰ ਦੇ ਦਿਤੀ। ਥਾਣੇਦਾਰ ਅੰਦਰ ਆਇਆ ਅਤੇ ਕਮੀਜ਼ ਨੂੰ ਬਿਨਾਂ ਦੇਖਿਆ ਹੁਕਮ ਦਿਤਾ:

"ਆਪਣਾ ਪਜਾਮਾ ਲਾਹੋ।"

ਇਕਬਾਲ ਨੇ ਬੁਰੀ ਬੇਇਜ਼ਤੀ ਮਹਿਸੂਸ ਕੀਤੀ। ਉਸ ਵਿਚ ਲੜਣ ਦੀ ਇੱਛਾ ਨਹੀਂ ਰਹਿ ਗਈ ਸੀ। "ਪਜਾਮੇ ਦੀਆਂ ਕੋਈ ਜੇਬਾਂ ਨਹੀਂ ਹਨ। ਮੈਂ ਕੁਝ ਵੀ ਇਸ ਵਿਚ ਛੁਪਾ ਨਹੀਂ ਸਕਦਾ।"

"ਪਜਾਮਾ ਲਾਹੋ ਤੇ ਬਹਿਸ ਨਾ ਕਰੋ।" ਥਾਣੇਦਾਰ ਨੇ ਆਪਣੀ ਗੱਲ ਉਤੇ ਜ਼ੋਰ ਦੇਣ ਲਈ ਆਪਣੀ ਖਾਕੀ ਪੈਂਟ ਉਤੇ ਡੰਡਾ ਮਾਰਿਆ।

ਇਕਬਾਲ ਨੇ ਨਾਲੇ ਦੀ ਗੰਢ ਖੋਲ੍ਹ ਦਿਤੀ। ਪਜਾਮਾ ਉਹਦੇ ਗਿਟਿਆਂ ਕੋਲ ਡਿਗ ਪਿਆ। ਹੁਣ ਉਹ ਅਲਫ ਨੰਗਾ ਸੀ, ਬਸ ਇਕ ਉਹਦੀਆਂ ਕਲਾਈਆਂ ਨੇ ਹੱਥਕੜੀਆਂ ਪਹਿਨੀਆਂ ਹੋਈਆਂ ਸਨ। ਉਹ ਪਜਾਮੇ ਵਿਚੋਂ ਬਾਹਰ ਨਿਕਲ ਆਇਆ ਤਾਂ ਜੋ ਥਾਣੇ ਦਾਰ ਪਜਾਮੇ ਦੀ ਤਲਾਸ਼ੀ ਲੈ ਸਕੇ।

"ਨਹੀਂ, ਇਸ ਦੀ ਜ਼ਰੂਰਤ ਨਹੀਂ," ਥਾਣੇਦਾਰ ਨੇ ਕਿਹਾ। "ਮੈਂ ਜੋ ਦੇਖਣਾ ਸੀ ਦੇਖ ਲਿਆ ਹੈ। ਆਪਣੇ ਕਪੜੇ ਪਾ ਲਓ। ਤੁਸੀਂ ਕਹਿੰਦੇ ਹੋ ਕਿ ਮੈਂ ਸਮਾਜ ਸੇਵਕ

ਹਾਂ। ਮਨੋ ਮਾਜਰਾ ਵਿਚ ਕੀ ਕੰਮ ਸੀ ਤੁਹਾਡਾ?"

"ਮੈਨੂੰ ਮੇਰੀ ਪਾਰਟੀ ਨੇ ਭੇਜਿਆ ਸੀ," ਇਕਬਾਲ ਨੇ ਪਜਾਮੇ ਦਾ ਨਾਲਾ ਮੁੜ ਬੰਨ੍ਹਦਿਆਂ ਜਵਾਬ ਦਿਤਾ।

"ਕਿਹੜੀ ਪਾਰਟੀ?"

"ਪੀਪਲਜ਼ ਪਾਰਟੀ ਆਫ ਇੰਡੀਆ।"

ਥਾਣੇਦਾਰ ਇਕਬਾਲ ਵੱਲ ਸ਼ਰਾਰਤੀ ਮੁਸਕਾਣ ਨਾਲ ਝਾਕਿਆ। "ਪੀਪਲਜ਼ ਪਾਰਟੀ ਆਫ ਇੰਡੀਆ," ਹਰ ਸ਼ਬਦ ਨੂੰ ਅੱਡ ਅੱਡ ਬੋਲਦਿਆਂ ਉਨ੍ਹੇ ਦੁਹਰਾਇਆ, "ਤੁਹਾਨੂੰ ਪੱਕਾ ਯਕੀਨ ਹੈ ਕਿ ਇਹ 'ਮੁਸਲਿਮ ਲੀਗ' ਨਹੀਂ?"

ਇਕਬਾਲ ਸਵਾਲ ਦੀ ਅਹਿਮੀਅਤ ਨਾ ਫੜ ਸਕਿਆ।

"ਨਹੀਂ, ਮੈਂ ਮੁਸਲਿਮ ਲੀਗ ਦਾ ਮੈਂਬਰ ਕਿਉਂ ਬਣਾਂ? ਮੈਂ ..."

ਇਕਬਾਲ ਨੇ ਵਾਕ ਵੀ ਪੂਰਾ ਨਹੀਂ ਕੀਤਾ ਸੀ ਕਿ ਥਾਣੇਦਾਰ ਕਮਰੇ ਵਿਚੋਂ ਨਿਕਲ ਗਿਆ। ਉਨ੍ਹੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਕੈਦੀਆਂ ਨੂੰ ਥਾਣੇ ਲੈ ਜਾਓ। ਉਹ ਆਪ ਵਾਪਸ ਡਾਕ ਬੰਗਲੇ ਚਲਾ ਗਿਆ ਤਾਂ ਜੋ ਡਿਪਟੀ ਨੂੰ ਆਪਣੀ ਖੋਜ ਦੀ ਰਿਪੋਰਟ ਦੇ ਸਕੇ। ਉਸ ਦੇ ਚਿਹਰੇ ਉਤੇ ਖੁਸ਼ਾਮਦੀ ਮੁਸਕਾਣ ਖੇਡ ਰਹੀ ਸੀ।

"ਗਰੀਬ-ਨਵਾਜ਼, ਸਭ ਠੀਕ ਹੋ ਗਿਐ। ਉਹ ਕਹਿੰਦੈ ਕਿ ਉਸ ਨੂੰ ਪੀਪਲਜ਼ ਪਾਰਟੀ ਨੇ ਭੇਜਿਐ। ਪਰ ਮੈਨੂੰ ਯਕੀਨ ਹੈ ਕਿ ਉਹ ਮੁਸਲਿਮ ਲੀਗੀ ਹੈ। ਉਹ ਇਕੋ ਜਿਹੇ ਹੀ ਹਨ। ਜੇ ਉਹ ਸਰਹੱਦ ਦੇ ਏਨਾ ਨੇੜੇ ਕੋਈ ਸ਼ਰਾਰਤ ਕਰਨ ਆਇਆ ਸੀ, ਤਾਂ ਵੀ ਸਾਨੂੰ ਹਰ ਹਾਲਤ ਵਿਚ ਉਸ ਨੂੰ ਫੜਨਾ ਹੀ ਪੈਣਾ ਸੀ। ਅਸੀਂ ਮਗਰੋਂ ਉਸ ਉਤੇ ਇਕ ਜਾਂ ਦੂਜਾ ਇਲਜ਼ਾਮ ਲਾ ਸਕਦੇ ਹਾਂ।"

"ਤੁਹਾਨੂੰ ਕਿਵੇਂ ਪਤੈ ਕਿ ਉਹ ਮੁਸਲਿਮ ਲੀਗੀ ਹੈ?"

ਥਾਣੇਦਾਰ ਨੇ ਜੇਤੂ ਮੁਸਕਾਣ ਬਿਖੇਰੀ। "ਮੈਂ ਉਸ ਨੂੰ ਨੰਗਾ ਕਰ ਲਿਆ ਸੀ।"

ਹੁਕਮ ਚੰਦ ਨੇ ਗਲਾਸ ਦੇ ਤਲੇ ਉਤੇ ਪਏ ਗੋਲ਼ੀ ਦੇ ਟੁਕੜਿਆਂ ਨੂੰ ਘੋਲਣ ਲਈ ਗਲਾਸ ਨੂੰ ਚੰਗੀ ਤਰ੍ਹਾਂ ਹਿਲਾਇਆ ਅਤੇ ਬਾਕੀ ਰਹਿੰਦਾ ਸਲਤਜ਼ਰ ਦਾ ਖਣਿਜ ਪਾਣੀ ਹੌਲੀ ਹੌਲੀ ਪੀ ਗਿਆ। ਉਸ ਨੇ ਨੀਝ ਨਾਲ ਖਾਲੀ ਗਲਾਸ ਵਿਚ ਦੇਖਿਆ ਅਤੇ ਬੋਲਿਆ:

"ਗ੍ਰਿਫਤਾਰੀ ਦੇ ਵਰੰਟ ਠੀਕ ਠੀਕ ਭਰ ਲਓ। ਨਾਂ - ਮੁਹੰਮਦ ਇਕਬਾਲ, ਵਲਦ - ਕੋਈ ਮੁਹੰਮਦ ਜਾਂ ਸਿਰਫ ਏਨਾ ਹੀ ਕਿ ਬਾਪ ਦਾ ਨਾਂ ਪਤਾ ਨਹੀਂ। ਜਾਤ - ਮੁਸਲਮਾਨ, ਕਿੱਤਾ - ਮੁਸਲਿਮ ਲੀਗੀ ਕਾਰਕੁਨ।"

ਥਾਣੇਦਾਰ ਨੇ ਨਾਟਕੀ ਸਲੂਟ ਮਾਰਿਆ।

"ਠਹਿਰੋ, ਠਹਿਰੋ। ਮਾਮਲੇ ਨੂੰ ਅਧੂਰਾ ਨਾ ਛੱਡੋ। ਆਪਣੀ ਪੁਲਿਸ ਡਾਇਰੀ

ਵਿਚ ਲਿਖ ਦਿਓ ਕਿ ਰਾਮ ਲਾਲ ਦੇ ਕਾਤਲਾਂ ਦਾ ਅਜੇ ਪਤਾ ਨਹੀਂ ਚਲਿਆ ਅਤੇ ਕਿ ਉਨ੍ਹਾਂ ਬਾਰੇ ਜਲਦੀ ਜਾਣਕਾਰੀ ਮਿਲਣ ਦੀ ਉਮੀਦ ਹੈ। ਤੁਸੀਂ ਕਿਹਾ ਸੀ ਕਿ ਜੱਗੇ ਦਾ ਵੀ ਇਸ ਨਾਲ ਕੋਈ ਸੰਬੰਧ ਹੈ?"

"ਜੀ, ਜਨਾਬ। ਡਾਕੂਆਂ ਨੇ ਜਾਣ ਤੋਂ ਪਹਿਲਾਂ ਜੱਗੇ ਦੇ ਵਿਹੜੇ ਵਿਚ ਕੱਚ ਦੀਆਂ ਵੰਗਾਂ ਸੁੱਟੀਆਂ ਸਨ। ਸਪਸ਼ਟ ਹੈ ਕਿ ਉਸ ਨੇ ਉਨ੍ਹਾਂ ਦੇ ਡਾਕੇ ਵਿਚ ਸ਼ਾਮਲ ਹੋਣੋਂ ਨਾਂਹ ਕਰ ਦਿਤੀ ਸੀ।"

"ਠੀਕ ਹੈ। ਉਸ ਤੋਂ ਜਲਦੀ ਉਨ੍ਹਾਂ ਦੇ ਨਾਂ ਉਗਲਾਵੋ। ਲੋੜ ਪਵੇ ਤਾਂ ਖੜਕੈਂਤੀ ਕਰ ਦਿਓ।"

ਥਾਣੇਦਾਰ ਮੁਸਕਰਾਇਆ। "ਮੈਂ ਉਸ ਤੋਂ 24 ਘੰਟਿਆਂ ਦੇ ਅੰਦਰ ਅੰਦਰ ਡਾਕੂਆਂ ਦੇ ਨਾਂ ਕੱਢਵਾ ਲਵਾਂਗਾ ਅਤੇ ਉਹ ਵੀ ਬਿਨਾਂ ਕੁੱਟ-ਮਾਰ ਕੀਤਿਆਂ।"

"ਹਾਂ, ਹਾਂ, ਜਿਵੇਂ ਤੁਹਾਨੂੰ ਠੀਕ ਲੱਗੇ ਉਵੇਂ ਹੀ ਨਾਂ ਪਤਾ ਕਰੋ," ਹੁਕਮ ਚੰਦ ਨੇ ਬੇਸਬਰੀ ਨਾਲ ਜਵਾਬ ਦਿਤਾ। "ਨਾਲੇ, ਥਾਣੇ ਦੀ ਡਾਇਰੀ ਵਿਚ ਦੋਹਾਂ ਗ੍ਰਿਫਤਾਰੀਆਂ ਨੂੰ ਅੱਡ ਅੱਡ ਥਾਵਾਂ ਤੇ ਲਿਖਿਓ ਅਤੇ ਇਨ੍ਹਾਂ ਵਿਚਾਲੇ ਹੋਰ ਚੀਜ਼ਾਂ ਦਰਜ ਕਰ ਦੇਣਾ। ਹੋਰ ਕੋਈ ਗੜਬੜ ਨਾ ਹੋਣ ਦੇਣਾ।

ਛੋਟੇ ਥਾਣੇਦਾਰ ਨੇ ਇਕ ਵਾਰ ਫਿਰ ਸਲੂਟ ਮਾਰਿਆ।

"ਮੈਂ ਪੂਰਾ ਧਿਆਨ ਰਖਾਂਗਾ, ਜਨਾਬ।"

## 9

ਇਕਬਾਲ ਅਤੇ ਜੱਗਾ ਨੂੰ ਇਕ ਟਾਂਗੇ ਵਿਚ ਚੰਦਨ ਨਗਰ ਥਾਣੇ ਲਿਜਾਇਆ ਗਿਆ। ਇਕਬਾਲ ਨੂੰ ਮੂਹਰਲੀ ਸੀਟ ਤੇ ਬਿਠਾ ਕੇ ਮਾਣ ਵਾਲੀ ਥਾਂ ਦਿਤੀ ਗਈ। ਟਾਂਗੇ ਵਾਲਾ ਆਪ ਘੋੜੇ ਦੀ ਵੱਖੀ ਦੇ ਨਾਲ ਨਾਲ ਚਲਦੇ ਲਕੜ ਦੇ ਬੰਬ ਉਤੇ ਬੈਠ ਗਿਆ ਅਤੇ ਆਪਣੀ ਸੀਟ ਖਾਲੀ ਛੱਡ ਦਿਤੀ। ਜਗਤ ਸਿੰਘ ਪਿਛਲੀ ਸੀਟ ਉਤੇ ਦੋ ਸਿਪਾਹੀਆਂ ਦੇ ਵਿਚਾਲੇ ਬੈਠ ਗਿਆ। ਸਫਰ ਲੰਮਾ ਅਤੇ ਧੂੜ ਭਰਿਆ ਸੀ। ਕੱਚਾ ਰਸਤਾ ਰੇਲਵੇ ਲਾਈਨ ਦੇ ਬਰਾਬਰ ਚਲਦਾ ਸੀ। ਨਿਸਚਿੰਤ ਬੰਦਾ ਬਸ ਇਕੋ ਜੱਗਾ ਹੀ ਸੀ। ਉਹ ਪੁਲਿਸ ਵਾਲਿਆਂ ਨੂੰ ਜਾਣਦਾ ਸੀ ਅਤੇ ਉਹ ਵੀ ਉਸ ਨੂੰ ਜਾਣਦੇ ਸਨ। ਨਾ ਹੀ ਇਹ ਸਥਿਤੀ ਉਸ ਲਈ ਕੋਈ ਨਵੀਂ ਸੀ।

"ਅੱਜ ਕਲ੍ਹ ਤੁਹਾਡੇ ਥਾਣੇ ਵਿਚ ਬਹੁਤ ਸਾਰੇ ਕੈਦੀ ਹੁੰਦੇ ਹੋਣਗੇ," ਉਨ੍ਹੇ ਕਿਹਾ।

"ਨਹੀਂ, ਇਕ ਵੀ ਨਹੀਂ।" ਇਕ ਸਿਪਾਹੀ ਨੇ ਜਵਾਬ ਦਿਤਾ। "ਅਸੀਂ ਫਸਾਦੀਆਂ ਨੂੰ ਗ੍ਰਿਫਤਾਰ ਨਹੀਂ ਕਰਦੇ। ਉਨ੍ਹਾਂ ਨੂੰ ਕੇਵਲ ਖਿੰਡਾ ਦਿੰਦੇ ਹਾਂ। ਦੂਜੇ

ਜੁਰਮਾਂ ਨਾਲ ਨਿਪਟਣ ਦਾ ਸਮਾਂ ਹੀ ਨਹੀਂ ਹੁੰਦਾ। ਪਿਛਲੇ ਸੱਤ ਦਿਨਾਂ ਵਿਚ ਕੀਤੀਆਂ ਤੁਹਾਡੀਆਂ ਹੀ ਪਹਿਲੀਆਂ ਗ੍ਰਿਫਤਾਰੀਆਂ ਹਨ। ਦੋਵੇਂ ਕੋਠੜੀਆਂ ਖਾਲੀ ਹਨ। ਇਕ ਇਕ ਤੁਸੀਂ ਲੈ ਸਕਦੇ ਹੋ।"

"ਬਾਬੂ ਜੀ ਇਸ ਨੂੰ ਪਸੰਦ ਕਰਨਗੇ," ਜੱਗੇ ਨੇ ਕਿਹਾ, "ਕਰੋਗੇ ਨਾ ਬਾਬੂ ਜੀ?"

ਇਕਬਾਲ ਨੇ ਕੋਈ ਜਵਾਬ ਨਾ ਦਿਤਾ। ਜੱਗੇ ਨੇ ਕੁਝ ਹੇਠੀ ਵੀ ਮਹਿਸੂਸ ਕੀਤੀ। ਉਨ੍ਹੇ ਤੁਰੰਤ ਵਿਸ਼ਾ ਬਦਲਣ ਦੀ ਕੋਸ਼ਸ਼ ਕੀਤੀ।

"ਤੁਹਾਨੂੰ ਅੱਜ ਕਲ੍ਹ ਚਲ ਰਹੇ ਇਸ ਹਿੰਦੁਸਤਾਨ - ਪਾਕਿਸਤਾਨ ਦੇ ਮਾਮਲੇ ਬਾਰੇ ਬਹੁਤ ਕੰਮ ਕਰਨਾ ਪੈਂਦਾ ਹੋਵੇਗਾ," ਉਸ ਨੇ ਸਿਪਾਹੀ ਨੂੰ ਆਪਣੀ ਰਾਇ ਦਿਤੀ।

"ਹਾਂ, ਇਹ ਸਾਰਾ ਕਤਲਾਮ ਚੱਲ ਰਿਹੈ ਅਤੇ ਸਾਡੇ ਕੋਲ ਪੁਲਿਸ ਵਾਲੇ ਅੱਧੇ ਤੋਂ ਵੀ ਘਟ ਰਹਿ ਗਏ ਨੇ।"

"ਕਿਉਂ? ਕੀ ਉਹ ਪੁਲਸੀਏ ਪਾਕਿਸਤਾਨ ਨਾਲ ਮਿਲ ਗਏ ਹਨ?"

"ਸਾਨੂੰ ਨਹੀਂ ਪਤਾ ਉਹ ਮਿਲ ਗਏ ਸਨ ਜਾਂ ਨਹੀਂ — ਉਸ ਦਿਨ ਉਹ ਸਾਰਾ ਦਿਨ ਰੋਸ ਪ੍ਰਗਟ ਕਰਦੇ ਰਹੇ ਸਨ ਕਿ ਉਹ ਬਿਲਕੁਲ ਨਹੀਂ ਜਾਣਾ ਚਾਹੁੰਦੇ। ਆਜ਼ਾਦੀ ਦੇ ਦਿਨ ਐਸ.ਐਸ.ਪੀ. ਨੇ ਸਾਰੇ ਮੁਸਲਮਾਨ ਸਿਪਾਹੀਆਂ ਦੇ ਹਥਿਆਰ ਲੈ ਲਏ ਅਤੇ ਉਹ ਭੱਜ ਗਏ। ਉਨ੍ਹਾਂ ਦੇ ਇਰਾਦੇ ਹੀ ਬੁਰੇ ਸਨ। ਉਨ੍ਹਾਂ ਤੇ ਭਰੋਸਾ ਕੀਤਾ ਹੀ ਨਹੀਂ ਜਾ ਸਕਦਾ।"

"ਹਾਂ," ਦੂਜਾ ਸਿਪਾਹੀ ਬੋਲਿਆ, "ਇਹ ਮੁਸਲਿਮ ਪੁਲਿਸ ਹੀ ਹੈ ਜਿਸ ਨੇ ਇਕ ਧਿਰ ਦਾ ਪੱਖ ਪੂਰਿਆ ਅਤੇ ਇਸਨੇ ਹੀ ਫਸਾਦਾਂ ਵਿਚ ਫਰਕ ਪਾ ਦਿਤਾ। ਲਾਹੌਰ ਦੇ ਹਿੰਦੂ ਮੁੰਡਿਆਂ ਨੇ ਮੁਸਲਮਾਨਾਂ ਦੀ ਅਹੀ-ਤਹੀ ਫੇਰ ਦਿਤੀ ਹੁੰਦੀ, ਜੇ ਵਿਚ ਉਨ੍ਹਾਂ ਦੀ ਮੁਸਲਿਮ ਪੁਲਿਸ ਨਾ ਆ ਗਈ ਹੁੰਦੀ। ਉਨ੍ਹਾਂ ਬਹੁਤ ਜ਼ੁਲਮ ਢਾਹਿਆ।"

"ਉਨ੍ਹਾਂ ਦੀ ਫੌਜ ਵੀ ਉਨ੍ਹਾਂ ਹੀ ਵਰਗੀ ਹੈ। ਬਲੋਚ ਫੌਜੀ ਲੋਕਾਂ ਉਤੇ ਗੋਲ਼ੀਆਂ ਵਰ੍ਹਾਉਂਦੇ ਰਹੇ ਹਨ, ਜਦੋਂ ਉਨ੍ਹਾਂ ਨੂੰ ਪਕਾ ਪਤਾ ਹੁੰਦਾ ਸੀ ਕਿ ਅਗੋਂ ਸਿੱਖ ਜਾਂ ਗੋਰਖਾ ਫੌਜੀ ਨਹੀਂ ਆ ਜਾਣਗੇ।"

"ਉਹ ਰੱਬ ਤੋਂ ਨਹੀਂ ਬਚਣ ਲੱਗੇ, ਰੱਬ ਤੋਂ ਕੋਈ ਵੀ ਨਹੀਂ ਬਚ ਸਕਦਾ," ਜਗਤ ਸਿੰਘ ਨੇ ਗੁੱਸੇ ਨਾਲ ਕਿਹਾ। ਹਰ ਕਿਸੇ ਦੇ ਚਿਹਰੇ ਤੇ ਹੈਰਾਨੀ ਝਲਕ ਰਹੀਂ ਸੀ। ਇਥੋਂ ਤਕ ਕਿ ਇਕਬਾਲ ਨੇ ਵੀ ਪਿਛੇ ਘੁੰਮਕੇ ਯਕੀਨ ਕਰਨ ਲਈ ਦੇਖਿਆ ਕਿ ਆਵਾਜ਼ ਜਗਤ ਸਿੰਘ ਦੀ ਹੀ ਸੀ।

"ਠੀਕ ਹੈ ਨਾ, ਬਾਬੂ ਜੀ? ਤੁਸੀਂ ਹੁਸ਼ਿਆਰ ਬੰਦੇ ਹੋ, ਤੁਸੀਂ ਹੀ ਦੱਸੋ, ਕੀ ਕੋਈ ਰੱਬ ਦੇ ਕਰੋਧ ਤੋਂ ਬਚ ਸ਼ਕਦਾ ਹੈ?"

ਇਕਬਾਲ ਬੋਲਿਆ ਨਹੀਂ।

"ਨਹੀਂ, ਬੇਸ਼ੱਕ ਕੋਈ ਵੀ ਨਹੀਂ," ਜੱਗੇ ਨੇ ਆਪ ਹੀ ਜਵਾਬ ਦਿਤਾ। "ਮੈਂ ਤੁਹਾਨੂੰ ਇਕ ਗੱਲ ਦਸਦਾਂ ਜੋ ਭਾਈ ਮੀਤ ਸਿੰਘ ਨੇ ਮੈਨੂੰ ਆਖੀ ਸੀ। ਇਹ ਸੁਣਨ ਵਾਲੀ ਗੱਲ ਹੈ, ਬਾਬੂ ਜੀ। ਇਹ ਰੁਪਏ ਚੋਂ ਸੋਲਾਂ ਆਨੇ ਸੱਚੀ ਹੈ।"

ਹਰ ਰੁਪਿਆ ਹੀ ਸੋਲਾਂ ਆਨੇ ਦੇ ਬਰਾਬਰ ਹੁੰਦਾ ਹੈ, ਇਕਬਾਲ ਨੇ ਸੋਚਿਆ। ਉਹ ਇਸ ਵਿਚ ਰੁਚੀ ਲੈਣੋਂ ਮੁਨਕਰ ਹੀ ਰਿਹਾ। ਤੇ ਜੱਗਾ ਅਗੇ ਬੋਲਦਾ ਗਿਆ।

"ਭਾਈ ਨੇ ਮੈਨੂੰ ਦਸਿਆ ਕਿ ਬਲੋਚ ਫੌਜੀਆਂ ਦਾ ਇਕ ਟਰੱਕ ਅੰਮ੍ਰਿਤਸਰ ਤੋਂ ਲਾਹੌਰ ਜਾ ਰਿਹਾ ਸੀ। ਜਦੋਂ ਉਹ ਪਾਕਿਸਤਾਨੀ ਸਰਹੱਦ ਦੇ ਨੇੜੇ ਪੁਜਣ ਵਾਲੇ ਸਨ ਤਾਂ ਫੌਜੀਆਂ ਨੇ ਸੜਕ ਉਤੇ ਜਾ ਰਹੇ ਸਿੱਖਾਂ ਦੇ ਸੰਗੀਨਾਂ ਘੋਪਣੀਆਂ ਸ਼ੁਰੂ ਕਰ ਦਿਤੀਆਂ। ਕਿਸੇ ਸਾਈਕਲ ਤੇ ਜਾ ਰਹੇ ਜਾਂ ਪੈਦਲ ਚਲ ਰਹੇ ਦੇ ਕੋਲ ਪਹੁੰਚ ਕੇ ਟਰੱਕ ਦਾ ਡਰਾਈਵਰ ਗੱਡੀ ਨੂੰ ਹੌਲੀ ਕਰ ਲੈਂਦਾ ਅਤੇ ਫੌਜੀ ਟਰੱਕ ਦੇ ਅੰਦਰ ਚੜ੍ਹਣ ਵਾਲੇ ਪੈਰ ਫੱਟੇ ਤੇ ਖੜ੍ਹੇ ਹੋ ਕੇ ਉਸ ਕੋਲੋਂ ਲੰਘ ਰਹੇ ਵਿਅਕਤੀ ਦੀ ਪਿੱਠ ਵਿਚ ਸੰਗੀਨ ਮਾਰਦੇ ਅਤੇ ਨਾਲ ਦੀ ਨਾਲ ਡਰਾਈਵਰ ਟਰੱਕ ਨੂੰ ਤੇਜ਼ ਕਰ ਲੈਂਦਾ। ਉਨ੍ਹਾਂ ਬਲੋਚ ਫੌਜੀਆਂ ਨੇ ਇਸ ਤਰ੍ਹਾਂ ਬਹੁਤ ਲੋਕ ਮਾਰੇ। ਇੰਜ ਕਰਦਿਆਂ ਜਿਵੇਂ ਜਿਵੇਂ ਉਹ ਪਾਕਿਸਤਾਨੀ ਸਰਹੱਦ ਦੇ ਨੇੜੇ ਹੁੰਦੇ ਗਏ ਤਿਵੇਂ ਤਿਵੇਂ ਉਹ ਵਧੇਰੇ ਖੁਸ਼ ਹੁੰਦੇ ਰਹੇ। ਉਹ ਸਰਹੱਦ ਤੋਂ ਇਕ ਮੀਲ ਦੀ ਦੂਰੀ ਤੇ ਸਨ ਅਤੇ ਬੜੀ ਤੇਜ਼ ਰਫਤਾਰ ਨਾਲ ਦੌੜ ਰਹੇ ਸਨ। ਸੋਚ ਸਕਦੇ ਹੋ ਤੁਸੀਂ ਕਿ ਫਿਰ ਕੀ ਹੋਇਆ?"

"ਕੀ ਹੋਇਆ?" ਇਕ ਖੁਸ਼ਾਮਦੀ ਸਿਪਾਹੀ ਨੇ ਪੁਛਿਆ। ਉਨ੍ਹਾਂ ਸਭ ਨੇ ਸੁਣਨ ਲਈ ਕੰਨ ਲਾ ਲਏ। ਹੋਰ ਤਾਂ ਹੋਰ, ਤਾਂਗੇ ਵਾਲੇ ਨੇ ਵੀ ਘੋੜੇ ਨੂੰ ਚਾਬਕਾਂ ਮਾਰਨੀਆਂ ਬੰਦ ਕਰ ਦਿਤੀਆਂ ਅਤੇ ਪਿਛੇ ਮੁੜਕੇ ਦੇਖਿਆ।

"ਸੁਣੋ ਬਾਬੂ ਜੀ, ਇਹ ਸੁਣਨ ਵਾਲੀ ਗੱਲ ਹੈ। ਇਕ ਲੰਡਰ ਕੁੱਤਾ ਦੌੜਕੇ ਸੜਕ ਪਾਰ ਕਰਨ ਲੱਗਿਆ। ਟਰੱਕ ਦੇ ਉਸੇ ਡਰਾਈਵਰ, ਜੋ ਏਨੇ ਲੋਕਾਂ ਨੂੰ ਮਯਤ ਦੇ ਘਾਟ ਉਤਾਰੇ ਜਾਣ ਲਈ ਜ਼ਿੰਮੇਵਾਰ ਸੀ, ਨੇ ਕੁੱਤੇ ਨੂੰ ਬਚਾਉਣ ਲਈ ਯੱਕਲਖਤ ਗੱਡੀ ਸੱਜੇ ਪਾਸੇ ਘੁਮਾ ਦਿਤੀ, ਇਕ ਖੁਰਕ ਖਾਧੇ ਕੁੱਤੇ ਨੂੰ ਬਚਾਉਣ ਲਈ। ਉਹ ਦਰੱਖਤ ਵਿਚ ਜਾ ਵਜਿਆ। ਡਰਾਈਵਰ ਅਤੇ ਦੋ ਫੌਜੀ ਮਾਰੇ ਗਏ ਸਨ। ਬਾਕੀ ਸਾਰੇ ਗੰਭੀਰ ਜ਼ਖਮੀ ਹੋ ਗਏ ਸਨ। ਕੀ ਕਹੋਗੇ ਇਸ ਉਤੇ?"

ਪੁਲਸੀਏ ਨੇ ਸਹਿਮਤੀ ਦੀ ਘੁਸਰ ਮੁਸਰ ਜਿਹੀ ਕੀਤੀ। ਇਕਬਾਲ ਨੂੰ ਅੱਗ ਜਿਹੀ ਲੱਗ ਗਈ।

"ਕਿਸ ਨੇ ਟੱਕਰ ਲੱਗਵਾਈ, ਕੁੱਤੇ ਨੇ ਜਾਂ ਰੱਬ ਨੇ?" ਉਸ ਨੇ ਵਿਅੰਗ ਨਾਲ ਪੁਛਿਆ।

"ਬਿਨਾਂ ਸ਼ੱਕ ਰੱਬ ਨੇ," ਇਕ ਸਿਪਾਹੀ ਨੇ ਜਵਾਬ ਦਿਤਾ।

"ਜਿਹੜਾ ਬੰਦਾ ਆਦਮੀਆਂ ਨੂੰ ਮਾਰਨ ਵਿਚ ਖੁਸ਼ੀ ਲੈ ਰਿਹਾ ਸੀ, ਉਸ ਨੂੰ ਇਕ ਲੰਡਰ ਕੁੱਤਾ ਗੱਡੀ ਦੇ ਪਹੀਆਂ ਥੱਲੇ ਆਉਣ ਦੀ ਕੀ ਚਿੰਤਾ ਹੋ ਸਕਦੀ ਸੀ? ਮੈਨੂੰ ਦੱਸੋ ਤੁਸੀਂ," ਇਕਬਾਲ ਨੇ ਕੁਰੱਖਤੀ ਨਾਲ ਪੁਛਿਆ। ਉਸ ਨੇ ਇਕ ਜੱਗਾ — ਜੋ ਅਮੋੜ ਸੀ — ਨੂੰ ਛੱਡ ਕੇ ਸਭ ਉਤੇ ਨਿਗਾਹ ਘੁਮਾਈ।

ਜੱਗਾ ਤਾਂਗੇ ਦੇ ਚਾਲਕ ਵੱਲ ਘੁੰਮਿਆ। ਚਾਲਕ ਨੇ ਘੋੜੇ ਨੂੰ ਫਿਰ ਛਾਂਟੇ ਮਾਰਨੇ ਆਰੰਭ ਦਿਤੇ ਸਨ।

"ਭੋਲਿਆ, ਤੈਨੂੰ ਰੱਬ ਦਾ ਕੋਈ ਡਰ ਨਹੀਂ ਕਿ ਤੂੰ ਜਾਨਵਰ ਨੂੰ ਫਿਰ ਕੁੱਟਣਾ ਸ਼ੁਰੂ ਕਰ ਦਿਤਾ ਹੈ।"

ਭੋਲੇ ਨੇ ਘੋੜੇ ਨੂੰ ਮਾਰਨਾ ਬੰਦ ਕਰ ਦਿਤਾ। ਉਸ ਦੇ ਚਿਹਰੇ ਉਤੇ ਗੁੱਸੇ ਵਾਲੀ ਭਾਵਨਾ ਸਪਸ਼ਟ ਝਲਕਦੀ ਸੀ: ਉਹਦਾ ਘੋੜਾ ਹੈ ਤੇ ਉਹ ਜਿਵੇਂ ਮਰਜ਼ੀ ਇਸ ਨੂੰ ਕੁੱਟੇ ਮਾਰੇ, ਕਿਸੇ ਨੂੰ ਇਸ ਨਾਲ ਕੀ?

"ਭੋਲਿਆ, ਅੱਜ ਕਲ੍ਹ ਧੰਦਾ ਕਿਵੇਂ ਚਲ ਰਿਹੈ?" ਜੱਗੇ ਨੇ ਸੁਲ੍ਹਾ ਕਰਨ ਦੇ ਯਤਨ ਨਾਲ ਪੁਛਿਆ।

"ਉਪਰ ਵਾਲੇ ਦੀ ਮਿਹਰ ਹੈ," ਤਾਂਗੇ ਵਾਲੇ ਨੇ ਆਪਣੇ ਛਾਂਟੇ ਨਾਲ ਆਸਮਾਨ ਵੱਲ ਇਸ਼ਾਰਾ ਕਰਦਿਆਂ ਆਖਿਆ। ਫਿਰ ਤੇਜ਼ੀ ਨਾਲ ਹੋਰ ਅਗੇ ਆਖਿਆ, "ਥਾਣੇਦਾਰ ਸਾਹਿਬ ਵੀ ਰਹਿਮ ਦਿਲ ਹਨ। ਅਸੀਂ ਬਚ ਵੀ ਗਏ ਹਾਂ ਅਤੇ ਪੇਟ ਭਰ ਖਾ ਵੀ ਰਹੇ ਹਾਂ।"

"ਕੀ ਤੂੰ ਇਨ੍ਹਾਂ ਪਾਕਿਸਤਾਨ ਜਾਣਾ ਚਾਹੁੰਦੇ ਸ਼ਰਨਾਰਥੀਆਂ, ਤੋਂ ਪੈਸੇ ਨਹੀਂ ਕਮਾਉਂਦਾ?"

"ਅਤੇ ਪੈਸੇ ਲਈ ਆਪਣੀ ਜਾਨ ਗੁਆ ਲਵਾਂ?" ਭੋਲੇ ਨੇ ਗੁੱਸੇ ਨਾਲ ਪੁਛਿਆ। "ਨਹੀਂ, ਸ਼ੁਕਰੀਆ, ਭਾਈ ਸਾਹਿਬ, ਤੁਸੀਂ ਆਪਣੀ ਨਸੀਹਤ ਆਪਣੇ ਕੋਲ ਹੀ ਰਖੋ। ਜਦੋਂ ਭੀੜਾਂ ਹਮਲਾ ਕਰਦੀਆਂ ਹਨ ਤਾਂ ਇਹ ਦੇਖਣ ਦਾ ਇੰਤਜ਼ਾਰ ਨਹੀਂ ਕਰਦੀਆਂ ਕਿ ਤੁਸੀਂ ਕੀ ਹੋ — ਹਿੰਦੂ ਜਾਂ ਮੁਸਲਮਾਨ; ਉਹ ਬਸ ਮਾਰ ਦਿੰਦੀਆਂ ਹਨ। ਇਕ ਦਿਨ ਦੀ ਗੱਲ ਹੈ, ਚਾਰ ਸਿੱਖ ਸਰਦਾਰ ਇਕ ਜੀਪ ਵਿਚ, ਇਕ ਸੜਕ ਉਤੇ ਤੁਰੇ ਜਾ ਰਹੇ ਮੀਲ ਭਰ ਲੰਮੇ ਮੁਸਲਿਮ ਸ਼ਰਨਾਰਥੀਆਂ ਦੇ ਹਜੂਮ ਨਾਲ ਦੀ ਲੰਘ ਰਹੇ ਸਨ। ਬਿਨਾਂ ਕਿਸੇ ਚਿਤਾਵਨੀ ਤੋਂ ਉਨ੍ਹਾਂ ਆਪਣੀਆਂ ਸਟੇਨ ਗੱਨਾਂ ਦੇ ਮੂੰਹ ਖੋਲ੍ਹ ਦਿਤੇ। ਅੱਗ ਉਗਲ ਰਹੀਆਂ ਸਨ ਚਾਰ ਸਟੇਨ ਗੱਨਾਂ। ਕੇਵਲ ਰੱਬ ਹੀ ਜਾਣਦਾ ਹੈ ਕਿ ਉਨ੍ਹਾਂ ਕਿੰਨੇ ਮਾਰੇ। ਕੀ ਹੋਵੇਗਾ ਜੇ ਕਿਸੇ ਭੀੜ ਨੇ ਮੁਸਲਮਾਨਾਂ ਨਾਲ ਭਰੇ ਮੇਰੇ ਤਾਂਗੇ ਨੂੰ ਫੜ ਲਿਆ? ਪਹਿਲਾਂ ਉਹ ਮੇਰਾ ਕੰਮ ਮੁਕਾ ਦੇਣਗੇ ਅਤੇ ਮਗਰੋਂ ਹੀ ਕੁਝ ਪੁਛਣਗੇ।"

"ਕਿਸੇ ਕੁੱਤੇ ਨੇ ਜੀਪ ਹੇਠਾਂ ਆਕੇ ਇਸ ਨੂੰ ਉਲਟਾਇਆ ਕਿਉਂ ਨਹੀਂ?"

ਇਕਬਾਲ ਨੇ ਤਨਜ਼ ਨਾਲ ਪੁਛਿਆ।

ਚੁਭਵੀਂ ਜਿਹੀ ਚੁੱਪ ਛਾ ਗਈ। ਕਿਸੇ ਨੂੰ ਸੁਝ ਨਹੀਂ ਸੀ ਰਿਹਾ ਕਿ ਇਸ ਕੌੜ-ਤੁੰਮੇ ਬਾਬੂ ਨੂੰ ਕੀ ਕਿਹਾ ਜਾਵੇ। ਜੱਗੇ ਨੇ ਭੋਲੇਪਣ ਨਾਲ ਪੁਛਿਆ, "ਬਾਬੂ ਜੀ, ਕੀ ਤੁਹਾਡਾ ਨਹੀਂ ਵਿਸ਼ਵਾਸ ਕਿ ਭੈੜੀਆਂ ਕਰਤੂਤਾਂ ਦੇ ਫਲ ਵੀ ਭੈੜੇ ਹੀ ਹੁੰਦੇ ਹਨ? ਕਰਮਾਂ ਦਾ ਇਹੋ ਕਾਨੂੰਨ ਹੈ। ਭਾਈ ਹਮੇਸ਼ਾ ਇਹੋ ਹੀ ਦਸਦਾ ਹੈ। ਗੁਰੂ ਨੇ ਵੀ ਗ੍ਰੰਥ ਵਿਚ ਇਹੋ ਫਰਮਾਇਆ ਹੈ।"

"ਹਾਂ, ਬਿਲਕੁਲ, ਰੁਪਏ ਵਿਚੋਂ ਸੋਲਾਂ ਆਨੇ," ਇਕਬਾਲ ਨੇ ਚੋਟ ਲਾਈ।

"ਅੱਛਾ ਜੀ, ਤੁਹਾਡੀ ਮਰਜ਼ੀ," ਜੱਗੇ ਨੇ ਅਜੇ ਵੀ ਮੁਸਕਰਾਉਂਦਿਆਂ ਆਖਿਆ। "ਤੁਸੀਂ ਆਮ ਲੋਕਾਂ ਨਾਲ ਕਦੇ ਸਹਿਮਤ ਨਹੀਂ ਹੋਵੋਗੇ।" ਉਹ ਫਿਰ ਤਾਂਗਾ ਚਾਲਕ ਵੱਲ ਘੁੰਮਿਆ।

"ਭੋਲਿਆ, ਮੈਂ ਸੁਣਿਐ ਕਿ ਅਨੇਕਾਂ ਔਰਤਾਂ ਨੂੰ ਅਗਵਾ ਕੀਤਾ ਜਾਂਦੈ ਅਤੇ ਫਿਰ ਮੁਫਤ ਦੇ ਭਾਅ ਵੇਚ ਦਿਤਾ ਜਾਂਦੈ। ਤੂੰ ਵੀ ਆਪਣੇ ਲਈ ਵਹੁਟੀ ਖਰੀਦ ਸਕਦਾ ਏ।"

"ਕਿਉਂ ਸਰਦਾਰਾ, ਜੇ ਤੂੰ ਬਿਨਾਂ ਧੇਲਾ ਖਰਚਿਆਂ ਆਪਣੇ ਲਈ ਮੁਸਲੀ ਲੱਭ ਸਕਦਾ ਏਂ, ਕੀ ਮੈਂ ਨਾਮਰਦ ਹਾਂ ਕਿ ਆਪਣੇ ਲਈ ਉਧਾਲੀ ਹੋਈ ਔਰਤ ਖਰੀਦਦਾ ਫਿਰਾਂ?" ਭੋਲੇ ਨੇ ਜਵਾਬ ਮੋੜਿਆ।

ਜੱਗਾ ਹੱਕਾ-ਬੱਕਾ ਰਹਿ ਗਿਆ। ਉਹਦਾ ਪਾਰਾ ਚੜ੍ਹਨ ਲੱਗਾ। ਸਿਪਾਹੀਆਂ ਨੇ ਮੁਸਕਰਾਉਣਾ ਸ਼ੁਰੂ ਕਰ ਦਿਤਾ ਸੀ, ਪਰ ਹੁਣ ਉਹ ਘਬਰਾਏ ਹੋਏ ਜਗਤ ਸਿੰਘ ਨੂੰ ਦੇਖ ਰਹੇ ਸਨ। ਭੋਲੇ ਨੇ ਆਪਣੀ ਗਲਤੀ ਤੇ ਅਫਸੋਸ ਪ੍ਰਗਟ ਕੀਤਾ।

"ਕਿਉਂ ਜੱਗਿਆ," ਉਨ੍ਹੇ ਨਰਮ ਸੁਰ ਵਿਚ ਕਿਹਾ, "ਤੂੰ ਹੋਰਨਾਂ ਦਾ ਮਖੌਲ ਉਡਾਉਂਦਾ ਰਹਿੰਦੈ, ਪਰ ਜੇ ਕੋਈ ਅਗੋਂ ਉਹੋ ਜਿਹਾ ਹੀ ਜਵਾਬ ਦੇ ਦੇਵੇ ਤਾਂ ਤੈਨੂੰ ਅੱਗ ਲੱਗ ਜਾਂਦੀ ਹੈ।"

"ਜੇ ਇਹ ਹੱਥਕੜੀਆਂ ਅਤੇ ਬੇੜੀਆਂ ਨਾ ਮੇਰੇ ਲੱਗੀਆਂ ਹੁੰਦੀਆਂ, ਮੈਂ ਤੇ ਰੇ ਜਿਸਮ ਦੀ ਇਕ ਇਕ ਹੱਡੀ ਤੋੜ ਦੇਣੀ ਸੀ," ਜੱਗੇ ਨੇ ਗੁੱਸੇ ਵਿਚ ਆਖਿਆ। "ਤੇਰੀ ਕਿਸਮਤ ਚੰਗੀ ਹੈ ਕਿ ਅੱਜ ਤੂੰ ਬਚ ਗਿਐਂ। ਪਰ ਜੇ ਮੈਂ ਫਿਰ ਤੈਨੂੰ ਇਹੋ ਗੱਲ ਕਹਿੰਦਿਆਂ ਸੁਣ ਲਿਆ ਤਾਂ ਤੇਰੇ ਹਲਕ ਵਿਚੋਂ ਤੇਰੀ ਜ਼ਬਾਨ ਬਾਹਰ ਖਿਚ ਲਵਾਂਗਾ।" ਜੱਗੇ ਨੇ ਉਚੀ ਦੇਣੇ ਫੁੰਕਾਰਾ ਮਾਰਿਆ।

ਭੋਲਾ ਪੂਰੀ ਤਰ੍ਹਾਂ ਕੰਬ ਗਿਆ। "ਗੁੱਸਾ ਨਾ ਕਰ। ਮੈਂ ਕੀ ..."

"ਹਰਾਮਜ਼ਾਦਾ।"

ਚੁੰਝ ਚਰਚਾ ਇਥੇ ਮੁਕ ਗਈ। ਤਾਂਗੇ ਵਿਚ ਪਸਰੀ ਬੇਚੈਨ ਚੁੱਪ ਨੂੰ ਭੋਲੇ ਨੇ ਹੀ ਆਪਣੇ ਘੋੜੇ ਨੂੰ ਗਾਲ੍ਹ ਕੱਢਦਿਆਂ ਤੋੜਿਆ। ਜੱਗਾ ਗੁਸੈਲ ਖਿਆਲਾਂ ਵਿਚ ਡੁੱਬਾ

ਹੋਇਆ ਸੀ। ਉਹ ਹੈਰਾਨ ਸੀ ਕਿ ਉਸਦੀਆਂ ਚੋਰੀ ਛੁਪੇ ਦੀਆਂ ਮਿਲਣੀਆਂ ਨੂੰ ਲੋਕ ਜਾਣਦੇ ਹਨ। ਸ਼ਾਇਦ ਕਿਸੇ ਨੇ ਉਸਨੂੰ ਅਤੇ ਨੂਰਾਂ ਨੂੰ ਆਪਸ ਵਿਚ ਗੱਲਾਂ ਕਰਦੇ ਦੇਖ ਲਿਆ ਸੀ। ਇਸ ਨੇ ਹੀ ਕਹਾਣੀ ਤੋਰ ਦਿਤੀ ਹੋਵੇਗੀ। ਜੇ ਚੰਦਨ ਨਗਰ ਦਾ ਤਾਂਗੇ ਵਾਲਾ ਜਾਣਦਾ ਸੀ ਤਾਂ ਮਨੋ ਮਾਜਰਾ ਵਿਚ ਹਰ ਕੋਈ ਉਨ੍ਹਾਂ ਬਾਰੇ ਕਾਫੀ ਸਮੇਂ ਤੋਂ ਗੱਲਾਂ ਕਰਦਾ ਰਿਹਾ ਹੋਣਾ ਏਂ। ਇਨ੍ਹਾਂ ਕਹਾਣੀਆਂ ਦਾ ਉਨ੍ਹਾਂ ਨੂੰ ਤਾਂ ਸਭ ਤੋਂ ਆਖਰ ਵਿਚ ਹੀ ਪਤਾ ਲੱਗਣਾ ਸੀ। ਪਿੰਡ ਵਿਚ ਸ਼ਾਇਦ ਇਮਾਮ ਬਖ਼ਸ਼ ਅਤੇ ਨੂਰਾਂ ਹੀ ਦੋ ਜੀਅ ਹੋਣਗੇ ਜਿਨ੍ਹਾਂ ਨੂੰ ਇਸ ਸੁਣਾਈ ਜਾ ਰਹੀ ਕਹਾਣੀ ਦਾ ਪਤਾ ਨਹੀਂ ਹੋਵੇਗਾ।

ਦੁਪਹਿਰ ਬਾਅਦ ਇਹ ਪਾਰਟੀ ਚੰਦਨ ਨਗਰ ਪਹੁੰਚ ਗਈ। ਤਾਂਗਾ ਥਾਣੇ ਦੇ ਬਾਹਰ ਆ ਕੇ ਰੁਕ ਗਿਆ। ਥਾਣਾ ਕਸਬੇ ਤੋਂ ਕੁਝ ਫਰਲਾਂਗ ਦੀ ਦੂਰੀ ਤੇ ਸੀ। ਕੈਦੀਆਂ ਨੂੰ ਮਹਿਰਾਬਦਾਰ ਵਡੇ ਦਰਵਾਜ਼ੇ ਰਾਹੀਂ ਅੰਦਰ ਲਿਜਾਇਆ ਗਿਆ, ਜਿਸ ਉਤੇ ਵਡੇ ਅੱਖਰਾਂ ਵਿਚ 'ਜੀ ਆਇਆਂ ਨੂੰ' ਲਿਖਿਆ ਹੋਇਆ ਸੀ। ਪਹਿਲਾਂ ਉਨ੍ਹਾਂ ਨੂੰ ਰਿਪੋਰਟ ਕਮਰੇ ਵਿਚ ਲਿਜਾਇਆ ਗਿਆ। ਹੌਲਦਾਰ ਨੇ ਵਡਾ ਰਜਿਸਟਰ ਖੋਲ੍ਹਿਆ ਅਤੇ ਵੱਖ ਵੱਖ ਸਫਿਆਂ ਉਤੇ ਦਿਨ ਦੀਆਂ ਘਟਨਾਵਾਂ ਨੂੰ ਦਰਜ ਕੀਤਾ। ਮੇਜ਼ ਦੇ ਠੀਕ ਉਪਰਲੇ ਪਾਸੇ ਮਹਾਰਾਜ ਜਾਰਜ ਛੇਵਾਂ ਦੀ ਇਕ ਪੁਰਾਣੇ ਫਰੇਮ ਵਿਚ ਲੱਗੀ ਹੋਈ ਤਸਵੀਰ ਸੀ। ਇਸ ਦੇ ਉਪਰ ਇਕ ਪੱਟੀ ਤੇ ਉਰਦੂ ਅੱਖਰਾਂ ਵਿਚ ਲਿਖਕੇ ਲਾਇਆ ਹੋਇਆ ਸੀ: **ਰਿਸ਼ਵਤਖੋਰੀ ਜੁਰਮ ਹੈ।** ਦੂਜੀ ਕੰਧ ਉਤੇ ਗਾਂਧੀ ਜੀ ਦੀ ਤਸਵੀਰ ਚਿਪਕਾਈ ਹੋਈ ਸੀ, ਜੋ ਕਿਸੇ ਕਲੰਡਰ ਵਿਚੋਂ ਪਾੜਕੇ ਲਈ ਹੋਈ ਸੀ। ਇਸ ਦੇ ਹੇਠਾਂ ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ: ਈਮਾਨਦਾਰੀ ਹੀ ਸਭ ਤੋਂ ਵਧੀਆ ਨੀਤੀ ਹੈ। ਕਮਰੇ ਵਿਚ ਹੋਰ ਚਿੱਤਰ ਮਫਰੂਰ ਮੁਜਰਮਾਂ, ਦਸ ਨੰਬਰੀਆਂ ਅਤੇ ਲਾਪਤਾ ਵਿਅਕਤੀਆਂ ਦੇ ਲੱਗੇ ਹੋਏ ਸਨ।

ਰੋਜ਼ਨਾਮਚੇ ਦੇ ਇੰਦਰਾਜ ਭਰਨ ਮਗਰੋਂ ਕੈਦੀਆਂ ਨੂੰ ਵਿਹੜੇ ਤੋਂ ਅਗੇ ਕੋਠੜੀਆਂ ਵਿਚ ਬੰਦ ਕਰ ਦਿਤਾ ਗਿਆ। ਥਾਣੇ ਵਿਚ ਕੇਵਲ ਦੋ ਹੀ ਕੋਠੜੀਆਂ ਸਨ। ਇਹ ਸਿਪਾਹੀਆਂ ਦੀਆਂ ਬੈਰਕਾਂ ਦੇ ਸਾਹਮਣੇ ਵਿਹੜੇ ਦੇ ਇਕ ਪਾਸੇ ਸਨ। ਵਿਹੜੇ ਦੀ ਦੁਰਾਡੇ ਵਾਲੀ ਕੰਧ ਇਕ ਵੇਲ ਨਾਲ ਢਕੀ ਪਈ ਸੀ।

ਜੱਗੇ ਦਾ ਆਉਣਾ ਖੁਸ਼ਗਵਾਰ ਵਿਸ਼ਾ ਬਣ ਗਿਆ ਸੀ।

"ਓਏ, ਤੂੰ ਫਿਰ ਆ ਗਿਐਂ। ਕੀ ਸਮਝਦੈਂ ਤੇਰਾ ਸੁਸਰਾਲ ਹੈ," ਇਕ ਸਿਪਾਹੀ ਆਪਣੀ ਬੈਰਕ ਵਿਚੋਂ ਚੀਕਿਆ।

"ਮੈਂ ਪੁਲਸੀਆਂ ਦੀਆਂ ਕੁੜੀਆਂ ਨੂੰ ਮਿਲਣ ਆਇਆਂ ਜਿਨ੍ਹਾਂ ਮੇਰੇ ਨਾਲ ਰਾਤਾਂ ਗੁਜ਼ਾਰੀਆਂ," ਜੱਗੇ ਨੇ ਉਚੀ ਆਵਾਜ਼ ਵਿਚ ਆਖਿਆ। ਤਾਂਗੇ ਵਿਚ ਹੋਈ ਬੇਸੁਆਦੀ ਨੂੰ ਉਹ ਭੁੱਲ-ਭੁਲਾ ਚੁਕਾ ਸੀ।

"ਓਏ, ਬਦਮਾਸ਼ਾ, ਤੂੰ ਆਪਣੀ ਬਦਮਾਸ਼ੀ ਤੋਂ ਬਾਜ ਨਹੀਂ ਆਵੇਂਗਾ। ਥੋੜ੍ਹਾ ਰੁਕ ਜਾ, ਥਾਣੇਦਾਰ ਸਾਹਿਬ ਨੂੰ ਪਤਾ ਲੱਗ ਲੈਣਦੇ ਕਿ ਤੂੰ ਕੀ ਬਕਵਾਸ ਕੀਤਾ ਹੈ। ਮਿਰਚਾਂ

ਪਾਉਣਗੇ ਉਹ ਤੇਰੇ ਚਿੱਤੜਾਂ ਵਿਚ।"

"ਆਪਣੇ ਜਵਾਈ ਨਾਲ ਤੁਸੀਂ ਇਹ ਸਲੂਕ ਨਹੀਂ ਕਰ ਸਕਦੇ!"

ਪਰ ਇਕਬਾਲ ਨਾਲ ਇਹ ਕੁਝ ਨਹੀਂ ਵਾਪਰਿਆ। ਮਾਫੀ ਮੰਗ ਕੇ ਉਸਦੀਆਂ ਹੱਥਕੜੀਆਂ ਲਾਹ ਦਿਤੀਆਂ ਗਈਆਂ। ਉਹਦੀ ਕੋਠੜੀ ਵਿਚ ਇਕ ਕੁਰਸੀ, ਇਕ ਮੇਜ਼ ਅਤੇ ਇਕ ਮੰਜਾ ਡਾਹ ਦਿਤੇ ਗਏ। ਹੌਲਦਾਰ ਨੇ ਅੰਗਰੇਜ਼ੀ ਅਤੇ ਉਰਦੂ ਦੋਹਾਂ ਦੇ ਜਿੰਨੇ ਵੀ ਉਹਨੂੰ ਮਿਲ ਸਕੇ ਅਖਬਾਰ ਅਤੇ ਰਸਾਲੇ ਲਏ ਅਤੇ ਇਕਬਾਲ ਦੀ ਕੋਠੜੀ ਵਿਚ ਰਖ ਦਿਤੇ। ਇਕਬਾਲ ਦਾ ਖਾਣਾ ਵੀ ਪਿੱਤਲ ਦੀ ਪਲੇਟ ਵਿਚ ਦਿਤਾ ਗਿਆ। ਉਹਦੀ ਚਾਰਪਾਈ ਦੇ ਲਾਗੇ ਮੇਜ਼ ਉਤੇ ਛੋਟਾ ਘੜਾ ਅਤੇ ਕੱਚ ਦਾ ਗਲਾਸ ਵੀ ਰਖ ਦਿਤੇ ਗਏ। ਜੱਗੇ ਨੂੰ ਉਹਦੀ ਕੋਠੜੀ ਵਿਚ ਕੋਈ ਸਮਾਨ ਨਹੀਂ ਦਿਤਾ ਗਿਆ। ਉਹਦਾ ਖਾਣਾ ਤਾਂ ਇਕ ਤਰ੍ਹਾਂ ਉਹਦੇ ਤੇ ਸੁਟਿਆ ਹੀ ਗਿਆ ਅਤੇ ਉਨ੍ਹੇ ਹੱਥ ਵਿਚ ਫੜਕੇ ਹੀ ਰੋਟੀਆਂ ਖਾਧੀਆਂ। ਇਕ ਸਿਪਾਹੀ ਨੇ ਲੋਹੇ ਦੀਆਂ ਸੀਖਾਂ ਵਿਚੋਂ ਹੀ ਪੀਣ ਲਈ ਪਾਣੀ ਉਹਦੇ ਬੁਕ ਵਿਚ ਪਾਇਆ। ਜੱਗੇ ਦਾ ਬਿਸਤਰ ਸੀਮਿੰਟ ਦਾ ਸਖਤ ਫਰਸ਼ ਹੀ ਸੀ।

ਸਲੂਕ ਵਿਚ ਇਸ ਵਖਰੇਵੇਂ ਤੇ ਇਕਬਾਲ ਹੈਰਾਨ ਨਹੀਂ ਹੋਇਆ। ਜਿਸ ਦੇਸ਼ ਨੇ ਅਨੇਕਾਂ ਸਦੀਆਂ ਤੋਂ ਜਾਤ ਦੇ ਵਖਰੇਵਿਆਂ ਨੂੰ ਪ੍ਰਵਾਨ ਕੀਤਾ ਹੋਇਆ ਸੀ, ਉਸ ਵਿਚ ਨਾਬਰਾਬਰੀ ਸੰਸਕਾਰਾਂ ਵਿਚ ਹੀ ਬੈਠ ਗਈ ਸੀ। ਜੇ ਜਾਤਪਾਤ ਨੂੰ ਕਾਨੂੰਨ ਨਾਲ ਖਤਮ ਵੀ ਕਰ ਦਿਤਾ ਗਿਆ ਤਾਂ ਇਹ ਜਮਾਤੀ ਵਖਰੇਵੇਂ ਦੇ ਦੂਜੇ ਰੂਪਾਂ ਵਿਚ ਪ੍ਰਗਟ ਹੋ ਜਾਂਦੀ ਸੀ। ਦਿੱਲੀ ਦੇ ਸਰਕਾਰੀ ਸਕੱਤਰੇਤ ਵਿਚਲੇ ਅਫਸਰਾਂ ਵਰਗੇ ਪੂਰੀ ਤਰ੍ਹਾਂ ਪੱਛਮੀ ਰੰਗ ਵਿਚ ਰੰਗੇ ਹੋਏ ਹਲਕਿਆਂ ਵਿਚ ਵੀ ਕਾਰਾਂ ਨੂੰ ਪਾਰਕ ਕਰਨ ਲਈ ਸੀਨੀਆਰਤਾ ਦੇ ਹਿਸਾਬ ਨਾਲ ਨਿਸ਼ਾਨ ਲਾਏ ਗਏ ਸਨ ਅਤੇ ਦਫਤਰਾਂ ਵਿਚ ਜਾਣ ਲਈ ਕੁਝ ਦਰਵਾਜ਼ੇ ਉਚ ਅਫਸਰਾਂ ਲਈ ਰਾਖਵੇਂ ਕੀਤੇ ਗਏ ਸਨ। ਸ਼ੌਚਾਲੇ ਵੀ ਅਹੁਦਿਆਂ ਦੇ ਅਨੁਸਾਰ ਬਣਾਏ ਗਏ ਸਨ ਅਤੇ ਉਨ੍ਹਾਂ ਉਤੇ ਲਿਖਿਆ ਗਿਆ ਸੀ: ਸੀਨੀਅਰ ਅਫਸਰ, ਜੂਨੀਅਰ ਅਫਸਰ, ਕਲੱਰਕ ਅਤੇ ਸਟੈਨੋਗਰਾਫਰ ਅਤੇ ਦੂਜੇ ਕਰਮਚਾਰੀ। ਜਦੋਂ ਮਾਨਸਿਕ ਬਣਤਰ ਏਨੀ ਊਚ-ਨੀਚ ਵਿਚ ਤੈਅ ਹੋ ਗਈ ਹੋਵੇ ਤਾਂ ਇਕੋ ਜੁਰਮ ਦੇ ਇਲਜ਼ਾਮ ਵਾਲੇ ਜਾਂ ਦੋਸ਼ੀ ਗਰਦਾਨੇ ਗਏ ਬੰਦਿਆਂ ਨੂੰ ਉਨ੍ਹਾਂ ਦੇ ਸਮਾਜਿਕ ਪੱਧਰ ਦੇ ਮੁਤਾਬਕ ਦਰਜਿਆਂ ਵਿਚ ਵੰਡ ਦੇਣਾ ਬੇਤੁਕਾ ਨਹੀਂ ਸੀ ਲੱਗਦਾ। ਇਕਬਾਲ ਏ-ਸ਼੍ਰੇਣੀ ਵਿਚ ਸੀ ਅਤੇ ਜੱਗਾ ਸਭ ਤੋਂ ਹੇਠਲੀ ਸੀ-ਸ਼੍ਰੇਣੀ ਵਿਚ।

ਦੁਪਹਿਰ ਦਾ ਖਾਣਾ ਖਾਣ ਤੋਂ ਮਗਰੋਂ ਇਕਬਾਲ ਆਪਣੀ ਮੰਜੀ ਤੇ ਲੇਟ ਗਿਆ। ਉਸ ਨੂੰ ਜੱਗੇ ਦੀ ਕੋਠੜੀ ਵਿਚੋਂ ਘੁਰਾੜਿਆਂ ਦੀ ਆਵਾਜ਼ ਸੁਣਾਈ ਦਿਤੀ। ਪਰ ਉਹ ਆਪ ਏਨਾ ਪ੍ਰੇਸ਼ਾਨ ਸੀ ਕਿ ਉਹਨੂੰ ਨੀਂਦ ਨਹੀਂ ਸੀ ਆ ਰਹੀ। ਉਸ ਦਾ ਮਨ ਘੜੀ ਦੇ ਨਾਜ਼ਕ ਸਪਰਿੰਗ ਵਰਗਾ ਸੀ ਜਿਸ ਨੂੰ ਇਕ ਵਾਰ ਛੇੜਿਆ ਜਾਵੇ ਤਾਂ ਉਹ ਘੰਟਿਆਂ ਬੱਧੀ ਕੰਬਦਾ ਰਹਿੰਦਾ ਹੈ। ਉਹ ਉਠ ਬੈਠਾ ਅਤੇ ਹੌਲਦਾਰ ਵਲੋਂ ਉਹਨੂੰ ਦਿਤੇ ਗਏ ਢੇਰ ਭਰ ਅਖਬਾਰਾਂ ਉਤੇ ਨਜ਼ਰ ਮਾਰਨ ਲੱਗਾ। ਉਹ ਸਾਰੇ ਇਕੋ ਜਿਹੇ ਹੀ ਸਨ:

ਉਹੀ ਖਬਰਾਂ, ਉਹੀ ਬਿਆਨ ਅਤੇ ਉਹੀ ਸੰਪਾਦਕੀ। ਸਿਰਫ ਸੁਰਖੀਆਂ ਸਿਰਲੇਖਾਂ ਨੂੰ ਛੱਡਕੇ ਬਾਕੀ ਸਭ ਇਕੋ ਬੰਦੇ ਦੇ ਲਿਖੇ ਲੱਗਦੇ ਸਨ। ਹੋਰ ਤਾਂ ਹੋਰ, ਤਸਵੀਰਾਂ ਵੀ ਉਹੀ ਸਨ। ਅੱਕ ਕੇ ਉਹ ਵਿਆਹ ਦੇ ਇਸ਼ਤਿਹਾਰਾਂ ਵੱਲ ਆ ਗਿਆ। ਕਈ ਵਾਰ ਇਥੇ ਮਨੋਰੰਜਨ ਮਿਲ ਜਾਂਦਾ ਹੈ। ਪਰ ਪੰਜਾਬ ਦੀ ਜਵਾਨੀ ਵੀ ਤਾਂ ਖਬਰਾਂ ਵਾਂਗ ਇਕੋ ਜਿਹੀ ਸੀ। ਪਤਨੀ ਵਿਚ ਜੋ ਖੂਬੀਆਂ ਉਹ ਚਾਹੁੰਦੇ ਸਨ, ਉਹ ਇਕੋ ਜਿਹੀਆਂ ਹੀ ਸਨ। ਸਾਰੇ ਕੁਆਰੀਆਂ ਕੁੜੀਆਂ ਚਾਹੁੰਦੇ ਸਨ। ਕੁਝ ਕੁ ਮੁੰਡੇ, ਜੋ ਬਾਕੀਆਂ ਨਾਲੋਂ ਕੁਝ ਵਧੇਰੇ ਖੁਲ੍ਹ-ਦਿਲੇ ਸਨ, ਵਿਧਵਾ ਨੂੰ ਵੀ ਵਿਚਾਰਨ ਲਈ ਤਿਆਰ ਸਨ, ਬਸ਼ਰਤੇ ਉਨ੍ਹਾਂ ਦਾ ਕੁਆਰ ਭੰਗ ਨਾ ਹੋਇਆ ਹੋਵੇ। ਸਾਰੇ ਹੀ ਉਹ ਕੁੜੀਆਂ ਮੰਗਦੇ ਸਨ ਜਿਨ੍ਹਾਂ ਨੂੰ ਘਰ ਦਾ ਕੰਮਕਾਰ ਵਧੀਆ ਆਉਂਦਾ ਹੋਵੇ। ਪ੍ਰਗਤੀਸ਼ੀਲਾਂ ਅਤੇ ਪਰਉਪਕਾਰੀਆਂ ਲਈ ਜਾਤ ਅਤੇ ਦਾਜ ਦੀ ਕੋਈ ਬੰਦਸ਼ ਨਹੀਂ ਸੀ। ਹੋਣ ਵਾਲੀਆਂ ਪਤਨੀਆਂ ਦੀ ਫੋਟੋ ਮੰਗਣ ਵਾਲੇ ਬਹੁਤੇ ਨਹੀਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਸੁੰਦਰਤਾ ਤਾਂ ਕੇਵਲ ਚਮੜੀ ਤਕ ਹੀ ਹੁੰਦੀ ਹੈ। ਬਹੁਤ ਸਾਰੇ ਚਾਹੁੰਦੇ ਸਨ ਕਿ 'ਕੁੰਡਲੀ ਮਿਲਣੀ ਚਾਹੀਦੀ ਹੈ'। ਤਾਰਿਆਂ ਦਾ ਮੇਲ ਹੀ ਖੁਸ਼ੀ ਦੀ ਇਕੋ ਇਕ ਗਰੰਟੀ ਸੀ। ਇਕਬਾਲ ਨੇ ਅਖਬਾਰ ਪਰ੍ਹਾਂ ਸੁੱਟ ਮਾਰੇ ਅਤੇ ਰਸਾਲਿਆਂ ਦੇ ਪੰਨਿਆਂ ਤੇ ਝਾਤ ਮਾਰਨੀ ਆਰੰਭ ਦਿਤੀ। ਛੋਟੇ ਮੀਆਂ ਸੋ ਛੋਟੇ ਮੀਆਂ ਬੜੇ ਮੀਆਂ ਸੁਭਾਨ ਅੱਲਾ! ਰਸਾਲੇ ਅਖਬਾਰਾਂ ਤੋਂ ਵੀ ਘਟੀਆ ਸਨ। ਅਜੰਤਾ ਦੀਆਂ ਗੁਫਾਵਾਂ ਬਾਰੇ ਇਕ ਲੇਖ ਤਾਂ ਹੋਣਾ ਹੀ ਸੀ। ਇਕ ਲੇਖ ਭਾਰਤੀ ਨਿਰਤ-ਨਾਟ ਬਾਰੇ ਸੀ। ਇਕ ਲੇਖ ਟੈਗੋਰ ਬਾਰੇ ਸੀ। ਪ੍ਰੇਮ ਚੰਦ ਦੀਆਂ ਕਹਾਣੀਆਂ ਸੰਬੰਧੀ ਵੀ ਇਕ ਲੇਖ ਸੀ। ਫਿਲਮੀ ਸਿਤਾਰਿਆਂ ਦੀਆਂ ਨਿਜੀ ਜ਼ਿੰਦਗੀਆਂ ਬਾਰੇ ਕਈ ਰਚਨਾਵਾਂ ਸਨ। ਇਕਬਾਲ ਨੇ ਰਸਾਲੇ ਛੱਡ ਦਿਤੇ ਅਤੇ ਫਿਰ ਲੇਟ ਗਿਆ। ਉਸ ਨੂੰ ਹਰ ਚੀਜ਼ ਨਿਰਾਸ਼ਾਜਨਕ ਲੱਗਦੀ ਸੀ। ਅਚਾਨਕ ਉਸ ਨੂੰ ਖਿਆਲ ਆਇਆ ਕਿ ਪਿਛਲੇ ਤਿੰਨ ਦਿਨਾਂ ਤੋਂ ਉਹ ਨਾ-ਮਾਤਰ ਹੀ ਸੁੱਤਾ ਹੈ। ਉਨ੍ਹੇ ਹੈਰਾਨੀ ਨਾਲ ਸੋਚਿਆ — ਕੀ ਇਸ ਨੂੰ 'ਕੁਰਬਾਨੀ' ਵਿਚ ਗਿਣਿਆ ਜਾਵੇਗਾ। ਹੋ ਸਕਦਾ ਹੈ। ਉਹਨੂੰ ਕੋਈ ਢੰਗ ਲੱਭ ਕੇ ਆਪਣੀ ਖਬਰ ਪਾਰਟੀ ਕੋਲ ਭੇਜਣੀ ਚਾਹੀਦੀ ਹੈ। ਫਿਰ ਸ਼ਾਇਦ ...। ਉਹ ਸੌਂ ਗਿਆ ਅਤੇ ਸੁਪਨਿਆਂ ਵਿਚ ਉਹਦੀ ਗ੍ਰਿਫਤਾਰੀ, ਰਿਹਾਈ, ਅਤੇ ਇਕ ਆਗੂ ਵਜੋਂ ਉਹਦੇ ਜੇਤੂ ਉਭਾਰ ਦੀਆਂ ਅਖਬਾਰਾਂ ਦੇ ਮੁੱਖ ਪੰਨਿਆਂ ਤੇ ਵਡੀਆਂ ਸੁਰਖੀਆਂ ਲੱਗੀਆਂ ਹੋਈਆਂ ਸਨ।

ਸ਼ਾਮ ਨੂੰ ਉਹਦੀ ਕੋਠੜੀ ਵਿਚ ਸਿਪਾਹੀ ਨੇ ਇਕ ਹੋਰ ਕੁਰਸੀ ਲਿਆ ਰਖੀ।

"ਕੀ ਕੋਈ ਹੋਰ ਵੀ ਆ ਰਿਹੈ ਮੇਰੀ ਕੋਠੜੀ ਵਿਚ ਮੇਰੇ ਨਾਲ ਰਹਿਣ ਲਈ?" ਇਕਬਾਲ ਨੇ ਥੋੜ੍ਹਾ ਖਦਸ਼ਾ ਮਹਿਸੂਸ ਕਰਦਿਆਂ ਪੁਛਿਆ।

"ਨਹੀਂ, ਬਾਬੂ ਜੀ। ਕੇਵਲ ਇੰਸਪੈਕਟਰ ਸਾਹਿਬ ਆ ਰਹੇ ਨੇ। ਉਹ ਤੁਹਾਡੇ ਨਾਲ ਕੋਈ ਗੱਲ ਕਰਨਾ ਚਾਹੁੰਦੇ ਨੇ। ਹੁਣੇ ਆ ਰਹੇ ਨੇ ਉਹ।"

ਇਕਬਾਲ ਨੇ ਕੋਈ ਜਵਾਬ ਨਹੀਂ ਦਿਤਾ। ਸਿਪਾਹੀ ਨੇ ਇਕ ਪਲ ਕੁਰਸੀ ਦੀ ਹਾਲਤ ਨੂੰ ਜਾਂਚਿਆ। ਫਿਰ ਉਹ ਚਲਾ ਗਿਆ। ਵਰਾਂਡੇ ਵਿਚੋਂ ਆਵਾਜ਼ਾਂ ਸੁਣਾਈ

ਦਿਤੀਆਂ ਅਤੇ ਛੋਟਾ ਥਾਣੇਦਾਰ ਸਾਹਮਣੇ ਨਜ਼ਰ ਪਿਆ।

"ਇਜਾਜ਼ਤ ਹੈ ਆਉਣ ਦੀ?"

ਇਕਬਾਲ ਨੇ ਸਿਰ ਹਿਲਾਕੇ ਹਾਂ ਕੀਤੀ ਅਤੇ ਕਿਹਾ, "ਕੀ ਸੇਵਾ ਕਰ ਸਕਦਾਂ, ਇੰਸਪੈਕਟਰ ਸਾਹਿਬ, ਮੈਂ ਤੁਹਾਡੀ?"

"ਅਸੀਂ ਤੁਹਾਡੇ ਗੁਲਾਮ ਹਾਂ, ਇਕਬਾਲ ਜੀ। ਤੁਸੀਂ ਹੁਕਮ ਕਰੋ ਅਸੀਂ ਤੁਹਾਡੀ ਸੇਵਾ ਕਰਾਂਗੇ," ਛੋਟੇ ਥਾਣੇਦਾਰ ਨੇ ਮੁਸਕਰਾਹਟ ਨਾਲ ਉੱਤਰ ਦਿਤਾ। ਉਹਨੂੰ ਮਾਣ ਸੀ ਕਿ ਹਾਲਾਤ ਦੇ ਮੁਤਾਬਕ ਉਹ ਆਪਣੀ ਸੁਰ ਅਤੇ ਸਲੀਕਾ ਬਦਲਣ ਦੀ ਯੋਗਤਾ ਰਖਦਾ ਹੈ। ਇਹ ਕੂਟਨੀਤੀ ਸੀ।

"ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਕਤਲ ਦੇ ਇਲਜ਼ਾਮ ਵਿਚ ਗ੍ਰਿਫਤਾਰ ਕੀਤੇ ਬੰਦਿਆਂ ਨਾਲ ਏਨੇ ਮਿਹਰਬਾਨ ਵੀ ਹੋ ਸਕਦੇ ਹੋ। ਕਤਲ ਦੇ ਦੋਸ਼ ਵਿਚ ਹੀ ਮੈਨੂੰ ਇਥੇ ਲਿਆਂਦਾ ਗਿਐ, ਹੈ ਨਾ? ਮੈਨੂੰ ਨਹੀਂ ਲੱਗਦਾ ਕਿ ਤੁਹਾਡੇ ਸਿਪਾਹੀਆਂ ਨੇ ਤੁਹਾਨੂੰ ਦੱਸਿਆ ਹੋਵੇਗਾ ਕਿ ਮੈਂ ਕਲ੍ਹ ਮਨੋ ਮਾਜਰਾ ਵਿਚ ਉਸੇ ਗੱਡੀ ਤੇ ਪਹੁੰਚਿਆ ਸਾਂ ਜਿਸ ਵਿਚ ਤੁਹਾਡੇ ਸਿਪਾਹੀ ਗਏ ਸਨ।"

"ਅਸੀਂ ਕੋਈ ਦੋਸ਼ ਨਹੀਂ ਲਾਇਆ। ਇਹ ਕੰਮ ਅਦਾਲਤ ਦਾ ਹੈ। ਅਸੀਂ ਤਾਂ ਸ਼ੱਕ ਦੀ ਬਿਨ੍ਹਾ ਤੇ ਤੁਹਾਨੂੰ ਹਿਰਾਸਤ ਵਿਚ ਲਿਐ। ਅਸੀਂ ਸਰਹੱਦੀ ਇਲਾਕੇ ਵਿਚ ਸਿਆਸੀ ਅੰਦੋਲਨਕਾਰੀਆਂ ਨੂੰ ਇਜਾਜ਼ਤ ਨਹੀਂ ਦੇ ਸਕਦੇ।" ਛੋਟੇ ਥਾਣੇਦਾਰ ਨੇ ਮੁਸਕਾਉਣਾ ਜਾਰੀ ਰਖਿਆ। "ਤੁਸੀਂ ਪਾਕਿਸਤਾਨ ਵਿਚ ਜਾ ਕੇ ਆਪਣਾ ਪ੍ਰਚਾਰ ਕਿਉਂ ਨਹੀਂ ਕਰਦੇ ਜਿਥੋਂ ਦੇ ਤੁਸੀਂ ਹੋ?"

ਇਕਬਾਲ ਨੂੰ ਰੋਹ ਚੜ੍ਹ ਗਿਆ ਪਰ ਉਸ ਨੇ ਆਪਣਾ ਗੁੱਸਾ ਜ਼ਾਹਰ ਨਹੀਂ ਹੋਣ ਦਿਤਾ, ਅੰਦਰ ਹੀ ਦਬਾਅ ਲਿਆ।

"'ਪਾਕਿਸਤਾਨ ਦੇ ਹੋਣ' ਤੋਂ ਤੁਹਾਡਾ ਕੀ ਮਤਲਬ ਹੈ, ਇੰਸਪੈਕਟਰ ਸਾਹਿਬ?"

"ਤੁਸੀਂ ਮੁਸਲਮਾਨ ਹੋ। ਤੁਸੀਂ ਪਾਕਿਸਤਾਨ ਜਾਓ।"

"ਕੋਰਾ ਝੂਠ ਹੈ ਇਹ ਬਕਵਾਸ," ਇਕਬਾਲ ਭੜਕ ਪਿਆ। "ਨਾਲੇ, ਤੁਸੀਂ ਖੁਦ ਜਾਣਦੇ ਹੋ ਕਿ ਇਹ ਬੇਹੂਦਾ ਝੂਠ ਹੈ। ਤੁਸੀਂ ਸਿਰਫ ਇਕ ਝੂਠਾ ਕੇਸ ਪਾ ਕੇ ਆਪਣੀ ਬੇਹੂਦਗੀ ਉਤੇ ਪੋਚਾ ਪਾਉਣਾ ਚਾਹੁੰਦੇ ਹੋ।"

ਇੰਸਪੈਕਟਰ ਨੇ ਕੁੜਿੱਤਣ ਨਾਲ ਜਵਾਬ ਦਿਤਾ:

"ਆਪਣੀ ਜ਼ਬਾਨ ਤੁਹਾਨੂੰ ਕੁਝ ਸੰਕੋਚ ਨਾਲ ਹੀ ਵਰਤਣੀ ਚਾਹੀਦੀ ਹੈ, ਸ੍ਰੀਮਾਨ ਇਕਬਾਲ। ਮੈਂ ਤੁਹਾਡੇ ਪਿਓ ਦਾ ਨੌਕਰ ਨਹੀਂ ਕਿ ਤੁਹਾਡੇ ਇਹ 'ਬਕਵਾਸ' ਅਤੇ 'ਬੇਹੂਦਗੀ' ਜਿਹੇ ਲਫਜ਼ ਬਰਦਾਸ਼ਤ ਕਰਦਾ ਫਿਰਾਂ। ਤੁਹਾਡਾ ਨਾਂ ਇਕਬਾਲ ਹੈ ਅਤੇ ਤੁਸੀਂ ਸੁੰਨਤ ਕਰਵਾਈ ਹੋਈ ਹੈ। ਮੈਂ ਖੁਦ ਤੁਹਾਡੀ ਜਾਂਚ ਕੀਤੀ ਹੈ। ਇਸ ਤੋਂ ਇਲਾਵਾ, ਤੁਸੀਂ ਮਨੋ ਮਾਜਰਾ ਵਿਚ ਆਪਣੀ ਮੌਜੂਦਗੀ ਦੀ ਕੋਈ ਵਿਆਖਿਆ ਨਹੀਂ

ਦੇ ਸਕਦੇ। ਏਨਾ ਹੀ ਬਹੁਤ ਹੈ।"

"ਇਹ ਕਾਫੀ ਨਹੀਂ ਹੋਵੇਗਾ ਜਦੋਂ ਇਹ ਅਦਾਲਤ ਵਿਚ ਆਖਿਆ ਅਤੇ ਅਖਬਾਰਾਂ ਵਿਚ ਛਪਿਆ। ਮੈਂ ਮੁਸਲਮਾਨ ਨਹੀਂ ਹਾਂ — ਹਾਲਾਂਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ — ਅਤੇ ਮੈਂ ਕਿਸ ਮਕਸਦ ਲਈ ਮਨੋ ਮਾਜਰਾ ਆਇਆ, ਉਸ ਨਾਲ ਤੁਹਾਡਾ ਕੋਈ ਲੈਣਾ-ਦੇਣਾ ਨਹੀਂ। ਜੇ ਮੈਨੂੰ 24 ਘੰਟਿਆਂ ਵਿਚ ਨਾ ਛੱਡਿਆ ਤਾਂ ਮੈਂ ਅਦਾਲਤ ਵਿਚ ਹੁਕਮਨਾਮਾ ਜਿਸਮਾਨੀ ਹਾਜ਼ਰੀ (ਹੇਬੀਅਸ ਕਾਰਪਸ) ਦਾਇਰ ਕਰ ਦਿਆਂਗਾ ਅਤੇ ਅਦਾਲਤ ਨੂੰ ਦੱਸਾਂਗਾ ਕਿ ਤੁਸੀਂ ਲੋਕ ਆਪਣੀ ਡਿਊਟੀ ਕਿਵੇ ਨਿਭਾਉਂਦੇ ਹੋ।"

"ਹੇਬੀਅਸ ਕਾਰਪਸ ਪਟੀਸ਼ਨ?" ਥਾਣੇਦਾਰ ਖੁਲ੍ਹਕੇ ਹੱਸਿਆ। "ਲੱਗਦਾ ਹੈ, ਸ੍ਰੀਮਾਨ ਇਕਬਾਲ ਤੁਸੀਂ ਬਹੁਤ ਸਮੇਂ ਤੋਂ ਵਿਦੇਸ਼ਾਂ ਵਿਚ ਹੀ ਰਹਿੰਦੇ ਰਹੇ ਹੋ। ਹੋਰ ਤਾਂ ਹੋਰ ਹੁਣ ਵੀ ਤੁਸੀਂ ਮੂਰਖਾਂ ਦੇ ਬਹਿੱਸ਼ਤ ਵਿਚ ਹੀ ਜੀ ਰਹੇ ਹੋ। ਜਲਦੀ ਹੀ ਤੁਸੀਂ ਇਥੇ ਰਹਿਣਾ ਸਿਖ ਜਾਓਗੇ।"

ਛੋਟਾ ਥਾਣੇਦਾਰ ਯੱਕਲਖਤ ਮੁੜਿਆ ਅਤੇ ਕੋਠੜੀ ਚੋਂ ਬਾਹਰ ਚਲਾ ਗਿਆ ਅਤੇ ਜਾਂਦਾ ਹੋਇਆ ਦਰਵਾਜ਼ੇ ਨੂੰ ਬਾਹਰੋਂ ਲੋਹ ਤਾਲਾ ਲਾ ਗਿਆ। ਉਸ ਨੇ ਨਾਲ ਵਾਲੀ ਕੋਠੜੀ ਖੋਲ੍ਹੀ ਜਿਸ ਵਿਚ ਜੱਗੇ ਨੂੰ ਬੰਦ ਕੀਤਾ ਹੋਇਆ ਸੀ।

"ਸਤਿ ਸ੍ਰੀ ਅਕਾਲ, ਥਾਣੇਦਾਰ ਸਾਹਿਬ।"

ਥਾਣੇਦਾਰ ਨੇ ਸ਼ੁਭ ਕਾਮਨਾ ਦਾ ਕੋਈ ਜਵਾਬ ਨਹੀਂ ਦਿਤਾ।

"ਕਦੇ ਤੂੰ ਆਪਣੀ ਬਦਮਾਸ਼ੀ ਛੱਡੇਂਗਾ ਵੀ?"

"ਮੋਤੀਆਂ ਵਾਲੇ ਬਾਦਸ਼ਾਹੋ, ਤੁਸੀਂ ਜੋ ਚਾਹੋ ਕਹਿ ਸਕਦੇ ਹੋ, ਪਰ ਇਸ ਵਾਰ ਮੈਂ ਬੇਗੁਨਾਹ ਹਾਂ। ਸਹੁੰ ਗੁਰੂ ਦੀ, ਮੈਂ ਬੇਗੁਨਾਹ ਹਾਂ।"

ਜੱਗਾ ਫਰਸ਼ ਤੇ ਬੈਠਾ ਰਿਹਾ। ਥਾਣੇਦਾਰ ਕੰਧ ਨਾਲ ਝੁਕ ਕੇ ਖੜ੍ਹਾ ਰਿਹਾ।

"ਡਾਕੇ ਵਾਲੀ ਰਾਤ ਤੂੰ ਕਿਥੇ ਸੀ?"

"ਮੇਰਾ ਡਾਕੇ ਨਾਲ ਕੋਈ ਲੈਣਾ-ਦੇਣਾ ਨਹੀਂ," ਜੱਗੇ ਨੇ ਟਾਲਵਾਂ ਜਵਾਬ ਦਿਤਾ।

"ਡਾਕੇ ਵਾਲੀ ਰਾਤ ਤੂੰ ਕਿਥੇ ਸੀ?" ਥਾਣੇਦਾਰ ਨੇ ਫਿਰ ਪੁਛਿਆ।

ਜੱਗੇ ਨੇ ਥੱਲੇ ਜ਼ਮੀਨ ਵੱਲ ਦੇਖਿਆ। "ਮੈਂ ਆਪਣੇ ਖੇਤਾਂ ਨੂੰ ਗਿਆ ਹੋਇਆ ਸਾਂ। ਮੇਰੀ ਪਾਣੀ ਦੀ ਵਾਰੀ ਸੀ।"

ਛੋਟਾ ਥਾਣੇਦਾਰ ਜਾਣਦਾ ਸੀ ਕਿ ਉਹ ਝੂਠ ਬੋਲ ਰਿਹੈ। "ਮੈਂ ਨਹਿਰੀ ਅਫਸਰ ਤੋਂ ਪਤਾ ਕਰ ਲਵਾਂਗਾ ਕਿ ਤੇਰੀ ਪਾਣੀ ਦੀ ਵਾਰੀ ਸੀ ਜਾਂ ਨਹੀਂ। ਕੀ ਤੂੰ ਲੰਬੜਦਾਰ ਨੂੰ ਸੂਚਨਾ ਦਿਤੀ ਕਿ ਤੂੰ ਪਿੰਡ ਤੋਂ ਬਾਹਰ ਜਾ ਰਿਹੈਂ?"

ਜੱਗੇ ਨੇ ਸਿਰਫ ਆਪਣੇ ਪੈਰਾਂ ਨੂੰ ਇਧਰ ਉਧਰ ਹਿਲਾਇਆ ਅਤੇ ਥੱਲੇ ਧਰਤੀ

ਨੂੰ ਦੇਖਦਾ ਰਿਹਾ।

"ਤੇਰੀ ਮਾਂ ਤਾਂ ਕਹਿੰਦੀ ਸੀ ਕਿ ਤੂੰ ਜੰਗਲੀ ਸੂਰਾਂ ਨੂੰ ਖੇਤਾਂ ਚੋਂ ਕੱਢਕੇ ਭਜਾਉਣ ਗਿਐਂ?"

ਜੱਗਾ ਆਪਣੇ ਪੈਰ ਅਦਲ-ਬਦਲ ਕਰਦਾ ਰਿਹਾ। ਲੰਮੀ ਚੁੱਪ ਮਗਰੋਂ ਉਨ੍ਹੇ ਫਿਰ ਕਿਹਾ, "ਮੇਰਾ ਡਾਕੇ ਨਾਲ ਕੋਈ ਸੰਬੰਧ ਨਹੀਂ। ਮੈਂ ਬੇਕਸੂਰ ਹਾਂ।"

"ਡਾਕੂ ਕੌਣ ਸਨ?"

"ਮੋਤੀਆਂ ਵਾਲੇ ਬਾਦਸ਼ਾਹੋ, ਮੈਨੂੰ ਕਿਵੇਂ ਪਤਾ ਹੋ ਸਕਦੈ ਕਿ ਡਾਕੂ ਕੌਣ ਸਨ। ਮੈਂ ਤਾਂ ਉਸ ਵੇਲੇ ਪਿੰਡ ਤੋਂ ਬਾਹਰ ਸਾਂ। ਨਹੀਂ ਤਾਂ ਤੁਸੀਂ ਆਪ ਸੋਚੋ ਕਿ ਕੀ ਕਿਸੇ ਦੀ ਮਜਾਲ ਹੋ ਸਕਦੀ ਹੈ ਕਿ ਮਨੋ ਮਾਜਰਾ ਵਿਚ ਡਾਕਾ ਮਾਰੇ ਅਤੇ ਕਤਲ ਕਰੇ।"

"ਡਾਕੂ ਕੌਣ ਸਨ?" ਥਾਣੇਦਾਰ ਨੇ ਖਤਰਨਾਕ ਢੰਗ ਨਾਲ ਦੁਹਰਾਇਆ। "ਮੈਨੂੰ ਪਤੈ ਕਿ ਤੂੰ ਉਨ੍ਹਾਂ ਨੂੰ ਜਾਣਦੈਂ। ਉਹ ਨਿਸ਼ਚੇ ਹੀ ਤੈਨੂੰ ਜਾਣਦੇ ਹਨ। ਉਹ ਤੇਰੇ ਲਈ ਕੱਚ ਦੀਆਂ ਵੰਗਾਂ ਦਾ ਤੁਹਫਾ ਛੱਡਕੇ ਗਏ ਸਨ।"

ਜੱਗੇ ਨੇ ਕੋਈ ਉੱਤਰ ਨਾ ਦਿਤਾ।

"ਲੱਗਦੈ ਤੂੰ ਚਾਹੁੰਨੈਂ ਕਿ ਤੇਰੇ ਚਿੱਤੜਾਂ ਤੇ ਬੈਂਤ ਲਾਏ ਜਾਣ ਤੇ ਵਿਚ ਲਾਲ ਮਿਰਚਾਂ ਪਾਈਆਂ ਜਾਣ, ਫਿਰ ਹੀ ਤੂੰ ਬੋਲੇਂਗਾ?"

ਜੱਗਾ ਟੁੱਟ ਗਿਆ। ਉਹ ਜਾਣਦਾ ਸੀ ਕਿ ਥਾਣੇਦਾਰ ਦਾ ਮਤਲਬ ਕੀ ਹੈ। ਉਹ ਇਕ ਵਾਰ ਇਸ ਸਭ ਕਾਸੇ ਵਿਚੋਂ ਗੁਜ਼ਰ ਚੁਕਿਆ ਸੀ। ਉਹਦੇ ਹੱਥ ਅਤੇ ਪੈਰ ਇਕ ਮੰਜੇ ਦੇ ਚਾਰੇ ਪਾਵਿਆਂ ਹੇਠ ਦੇ ਦਿਤੇ ਗਏ ਸਨ, ਉਤੇ ਅੱਧੀ ਦਰਜਨ ਪੁਲਸੀਏ ਬੈਠ ਗਏ ਸਨ। ਪੜ੍ਹਾਲੂਆਂ ਨੂੰ ਏਨਾ ਘੁਟਿਆ ਅਤੇ ਮਰੋੜਿਆ ਗਿਆ ਕਿ ਬੰਦਾ ਪੀੜ ਨਾਲ ਬੇਸੁਰਤ ਹੋ ਗਿਆ। ਪੀਸੀਆਂ ਲਾਲ ਮਿਰਚਾਂ ਬੇਦਰਦੀ ਨਾਲ ਚਿੱਤੜਾਂ ਵਿਚ ਤੁੰਨੀਆਂ ਗਈਆਂ। ਕਈ ਦਿਨ ਇੰਜ ਲੱਗਦਾ ਰਿਹਾ ਜਿਵੇਂ ਪੂਛ ਨੂੰ ਅੱਗ ਲੱਗੀ ਹੋਵੇ। ਇਹ ਸਭ ਤਸੀਹੇ, ਪਰ ਨਾ ਖਾਣ ਨੂੰ ਕੁਝ ਨਾ ਪੀਣ ਨੂੰ ਪਾਣੀ। ਜਾਂ ਫਿਰ ਲੂਣ-ਮਿਰਚਾਂ ਨਾਲ ਭਰਿਆ ਗਰਮ ਖਾਣਾ ਪਰ ਠੰਢੇ ਪਾਣੀ ਦਾ ਗੜਵਾ ਕੋਠੜੀ ਤੋਂ ਏਨਾ ਦੂਰ ਰਖਿਆ ਕਿ ਹੱਥ ਨਾ ਪੁਜ ਸਕੇ। ਚੇਤਾ ਕਰਕੇ ਹੀ ਉਹ ਕੰਬ ਜਾਂਦਾ।

"ਨਹੀਂ," ਉਨ੍ਹੇ ਕਿਹਾ, "ਰੱਬ ਦੇ ਵਾਸਤੇ, ਨਹੀਂ।" ਉਹ ਜ਼ਮੀਨ ਤੇ ਲੰਮਾ ਪੈ ਗਿਆ ਅਤੇ ਥਾਣੇਦਾਰ ਦੀਆਂ ਜੁੱਤੀਆਂ ਆਪਣੇ ਦੋਹਾਂ ਹੱਥਾਂ ਨਾਲ ਫੜ ਲਈਆਂ। "ਮਿਹਰ ਕਰੋ, ਮੋਤੀਆਂ ਵਾਲੇ ਬਾਦਸ਼ਾਹੋ!" ਇਹ ਕਰਦਿਆਂ ਜੱਗੇ ਨੂੰ ਆਪਣੇ ਆਪ ਤੇ ਸ਼ਰਮ ਆ ਰਹੀ ਸੀ, ਪਰ ਉਹ ਜਾਣਦਾ ਸੀ ਕਿ ਉਸ ਤਰ੍ਹਾਂ ਦੀ ਪੀੜ ਉਹ ਦੁਬਾਰਾ ਨਹੀਂ ਸਹਿ ਸਕਦਾ। "ਮੈਂ ਬੇਕਸੂਰ ਹਾਂ। ਸਹੁੰ ਗੁਰੂ ਦੀ, ਮੇਰਾ ਡਾਕੇ ਨਾਲ ਕੋਈ ਸੰਬੰਧ ਨਹੀਂ।"

ਆਪਣੇ ਪੈਰਾਂ ਉਤੇ ਛੇ ਫੁੱਟ ਚਾਰ ਇੰਚ ਦੇ ਹੱਟੇ ਕੱਟੇ ਬੰਦੇ ਨੂੰ ਪਿਆਂ ਦੇਖਕੇ ਥਾਣੇ

ਦਾਰ ਨੂੰ ਅਥਾਹ ਖੁਸ਼ੀ ਦਾ ਅਹਿਸਾਸ ਹੋਇਆ। ਉਨ੍ਹੇ ਕਿਸੇ ਨੂੰ ਵੀ ਜਿਸਮਾਨੀ ਪੀੜ ਅਗੇ ਅੜਦਾ ਨਹੀਂ ਦੇਖਿਆ ਸੀ, ਇਕ ਨੂੰ ਵੀ ਨਹੀਂ। ਤਸੀਹੇ ਦੇਣ ਦਾ ਤਰੀਕਾ ਹੁਸ਼ਿਆਰੀ ਨਾਲ ਚੁਣਨਾ ਪੈਂਦਾ ਸੀ। ਕਈ ਤਾਂ ਭੁੱਖ ਅਗੇ ਹਾਰ ਜਾਂਦੇ ਸਨ, ਅਤੇ ਕਈ — ਇਕਬਾਲ ਵਰਗੇ — ਪੁਲਸੀਆਂ ਦੇ ਸਾਹਮਣੇ ਟੱਟੀ ਕਰਨ ਦੀ ਅਸੁਖਾਵੀਂ ਹਾਲਤ ਮੂਹਰੇ ਟੁੱਟ ਜਾਂਦੇ ਸਨ। ਕਈ ਉਨ੍ਹਾਂ ਮੱਖੀਆਂ ਅਗੇ ਹਾਰ ਜਾਂਦੇ ਸਨ ਜੋ ਉਨ੍ਹਾਂ ਦੇ ਮੂੰਹ ਉਤੇ ਲਾਏ ਸ਼ੀਰੇ ਤੇ ਬਹਿ ਜਾਂਦੀਆਂ ਸਨ ਪਰ ਉਹ ਉਡਾ ਨਹੀਂ ਸਕਦੇ ਸਨ ਕਿਉਂਕਿ ਉਨ੍ਹਾਂ ਦੇ ਹੱਥ ਪਿਛੇ ਕਰਕੇ ਬੰਨ੍ਹੇ ਹੁੰਦੇ ਸਨ। ਕਈਆਂ ਨੂੰ ਅਨੀਂਦਰਾ ਢਾਹ ਲੈਂਦਾ ਸੀ। ਕੋਈ ਵੀ ਤਰੀਕਾ ਵਰਤਿਆ ਜਾਂਦਾ, ਅਖੀਰ ਉਹ ਹਾਰ ਜਾਂਦੇ ਸਨ।

"ਮੈਂ ਤੈਨੂੰ ਦੋ ਦਿਨ ਦਿਆਂਗਾ ਕਿ ਮੈਨੂੰ ਡਾਕੂਆਂ ਦੇ ਨਾਂ ਦੱਸ ਦੇਵੇਂ," ਉਨ੍ਹੇ ਆਖਿਆ। "ਨਹੀਂ ਤਾਂ, ਮੈਂ ਤੇਰੇ ਪਿੱਛਵਾੜੇ ਨੂੰ ਏਨਾ ਕੁਟਾਂਗਾ ਕਿ ਉਹ ਦੁੰਬੇ ਦੀ ਪੂਛ ਵਰਗਾ ਹੋ ਜਾਵੇਗਾ।"

ਛੋਟੇ ਥਾਣੇਦਾਰ ਨੇ ਆਪਣੇ ਪੈਰ ਜੱਗੇ ਦੇ ਹੱਥਾਂ ਚੋਂ ਛੁਡਵਾ ਲਏ ਅਤੇ ਚਲਾ ਗਿਆ। ਉਹਦੀਆਂ ਦੋਵੇਂ ਫੇਰੀਆਂ ਅਸਫਲ ਰਹੀਆਂ ਸਨ। ਉਸ ਨੂੰ ਆਪਣੇ ਦਾਅਪੇ ਚ ਬਦਲਣੇ ਪੈਣਗੇ। ਬੜਾ ਔਖਾ ਲੱਗਦਾ ਸੀ, ਇਸ ਕਿਸਮ ਦੇ ਦੋ, ਇਕ ਦੂਜੇ ਤੋਂ ਉਕਾ ਹੀ ਵੱਖਰੀ ਕਿਸਮ ਦੇ, ਬੰਦਿਆਂ ਨਾਲ ਨਿਪਟਣਾ।

# ਕਲਯੁੱਗ

ਸਤੰਬਰ ਦੇ ਆਰੰਭ ਵਿਚ ਮਨੋ ਮਾਜਰਾ ਦੀ ਸਮਾਂ ਸਾਰਣੀ ਬੁਰੀ ਤਰ੍ਹਾਂ ਵਿਗੜ ਗਈ। ਰੇਲ ਗੱਡੀਆਂ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਘਟ ਵਕਤ ਸਿਰ ਹੋਣ ਲੱਗ ਪਈਆਂ ਅਤੇ ਕਿੰਨੀਆਂ ਹੀ ਹੋਰ ਤਾਂ ਰਾਤ ਨੂੰ ਲੰਘਣ ਲੱਗ ਪਈਆਂ। ਕਈ ਵਾਰੀ ਤਾਂ ਇੰਜ ਲੱਗਦਾ ਜਿਵੇਂ ਘੜੀ ਦਾ ਸਮਾਂ ਹੀ ਗਲਤ ਸੈੱਟ ਕਰ ਦਿਤਾ ਗਿਆ ਹੈ। ਕਈ ਵਾਰੀ ਇੰਜ ਲੱਗਦਾ ਜਿਵੇਂ ਘੜੀ ਨੂੰ ਚਾਬੀ ਦੇਣਾ ਹੀ ਕਿਸੇ ਨੂੰ ਚੇਤੇ ਨਹੀਂ ਆਇਆ। ਇਮਾਮ ਬਖ਼ਸ਼ ਉਡੀਕਦਾ ਕਿ ਮੀਤ ਸਿੰਘ ਪਹਿਲਾਂ ਉਠਕੇ ਪਾਠ ਆਰੰਭ ਕਰੇਗਾ। ਮੀਤ ਸਿੰਘ ਇੰਤਜ਼ਾਰ ਕਰਦਾ ਕਿ ਪਹਿਲਾਂ ਮੁੱਲਾਂ ਦੀ ਨਮਾਜ਼ ਵਾਸਤੇ ਬਾਂਗ ਸੁਣ ਲਵੇ , ਫਿਰ ਉਠ ਪਵੇਗਾ। ਲੋਕ ਬਿਸਤਰਿਆਂ ਵਿਚ ਦੇਰ ਤਕ ਪਏ ਰਹਿੰਦੇ ਪਰ ਉਨ੍ਹਾਂ ਨੂੰ ਇਹ ਅਹਿਸਾਸ ਨਾ ਹੁੰਦਾ ਕਿ ਸਮਾਂ ਬਦਲ ਗਿਆ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਡਾਕ ਗੱਡੀ ਆਵੇ ਹੀ ਨਾ। ਬੱਚਿਆਂ ਨੂੰ ਪਤਾ ਹੀ ਨਾ ਚਲਦਾ ਕਿ ਕਦੋਂ ਭੁੱਖ ਲੱਗਣੀ ਹੈ ਅਤੇ ਹਰ ਵਕਤ ਹੀ ਖਾਣ ਲਈ ਕੁਝ ਮੰਗਦੇ ਰਹਿੰਦੇ। ਸ਼ਾਮ ਨੂੰ ਹਰ ਕੋਈ ਸੂਰਜ ਛਿਪਣ ਤੋਂ ਪਹਿਲਾਂ ਹੀ ਘਰੇ ਆ ਜਾਂਦਾ ਅਤੇ ਐਕਸਪ੍ਰੈੱਸ ਗੱਡੀ ਆਉਣ — ਜੇ ਇਹ ਆਉਂਦੀ ਵੀ — ਤੋਂ ਪਹਿਲਾਂ ਹੀ ਬਿਸਤਰੇ ਵਿਚ ਵੜ ਜਾਂਦਾ। ਮਾਲ ਗੱਡੀਆਂ ਤਾਂ ਆਉਣੀਆਂ ਹੀ ਬੰਦ ਹੋ ਗਈਆਂ ਸਨ। ਇਸ ਲਈ ਲੋਕਾਂ ਨੂੰ ਬਿਸਤਰਿਆਂ ਵਿਚ ਪਿਆਂ ਨੂੰ ਸੌਣ ਵਾਸਤੇ ਲੋਰੀ ਦੇਣ ਵਾਲਾ ਹੁਣ ਕੋਈ ਨਹੀਂ ਸੀ। ਇਸ ਦੀ ਥਾਂ ਅੱਧੀ ਰਾਤ ਅਤੇ ਸਵੇਰ ਦੇ ਵਿਚਾਲੇ ਕੁਵੇਲੇ ਸਮੇਂ ਭੂਤ ਗੱਡੀਆਂ ਲੰਘਦੀਆਂ ਅਤੇ ਮਨੋ ਮਾਜਰਾ ਦੇ ਸੁਪਨਿਆਂ ਨੂੰ ਤੋੜਦੀਆਂ ਰਹਿੰਦੀਆਂ।

ਸਿਰਫ ਇਹੋ ਨਹੀਂ ਸੀ ਜਿਸਨੇ ਪਿੰਡ ਦੀ ਜ਼ਿੰਦਗੀ ਬਦਲ ਦਿਤੀ ਸੀ। ਸਿੱਖ ਫੌਜੀਆਂ ਦਾ ਇਕ ਯੂਨਿਟ ਆ ਗਿਆ ਸੀ ਜਿਸਨੇ ਰੇਲਵੇ ਸਟੇਸ਼ਨ ਦੇ ਲਾਗੇ ਤੰਬੂ ਗੱਡ ਲਏ ਸਨ। ਉਨ੍ਹਾਂ ਨੇ ਪੁਲ ਦੇ ਨੇੜੇ ਸਿਗਨਲ ਦੇ ਨਾਲ ਰੇਤ ਦੀਆਂ ਬੋਰੀਆਂ ਦੀ ਛੇ ਫੁਟ ਉਚੀ ਚੌਕੀ ਬਣਾ ਲਈ ਸੀ ਅਤੇ ਹਰ ਪਾਸੇ ਨੂੰ ਇਕ ਇਕ ਮਸ਼ੀਨ ਗੱਨ ਬੀੜ ਲਈ ਸੀ। ਹਥਿਆਰਬੰਦ ਸੰਤਰੀਆਂ ਨੇ ਪਲੇਟਫਾਰਮ ਉਤੇ ਗਸ਼ਤ ਲਾਉਣੀ ਸ਼ੁਰੂ ਕਰ ਦਿਤੀ ਸੀ। ਹੁਣ ਕਿਸੇ ਪੇਂਡੂ ਨੂੰ ਜੰਗਲੇ ਨਜ਼ਦੀਕ ਫਟਕਣ ਨਹੀਂ ਸੀ ਦਿਤਾ ਜਾਂਦਾ। ਦਿੱਲੀ ਤੋਂ ਆਉਂਦੀਆਂ ਸਾਰੀਆਂ ਗੱਡੀਆਂ ਰੁਕਦੀਆਂ ਅਤੇ ਪਾਕਿਸਤਾਨ ਵੱਲ ਜਾਣ ਤੋਂ ਪਹਿਲਾਂ ਡਰਾਈਵਰ ਅਤੇ ਗਾਰਡ ਬਦਲ ਦਿਤੇ ਜਾਂਦੇ। ਪਾਕਿਸਤਾਨ ਵਲੋਂ ਆਉਂਦੀਆਂ ਗੱਡੀਆਂ ਦੌੜਦੀਆਂ ਹੀ ਲੰਘ ਜਾਂਦੀਆਂ। ਬਸ ਉਨ੍ਹਾਂ ਦੇ ਇੰਜਣ ਭਾਫ ਛੱਡਦੇ ਅਤੇ ਸੁੱਖ ਦੀਆਂ ਸੀਟੀਆਂ ਮਾਰਦੇ ਜਾਂਦੇ।

ਇਕ ਸਵੇਰੇ, ਪਾਕਿਸਤਾਨ ਵਲੋਂ ਆਈ ਇਕ ਗੱਡੀ ਸਟੇਸ਼ਨ ਤੇ ਰੁਕ ਗਈ। ਪਹਿਲੀ ਨਜ਼ਰੇ ਤਾਂ ਇਹ ਅਮਨ ਸਮੇਂ ਵਿਚ ਆਉਂਦੀਆਂ ਗੱਡੀਆਂ ਵਾਂਗ ਹੀ ਲੱਗਦੀ

ਸੀ। ਛੱਤ ਉਤੇ ਕੋਈ ਵੀ ਬੈਠਾ ਨਹੀਂ ਸੀ। ਨਾ ਹੀ ਕੋਈ ਡੱਬਿਆਂ ਵਿਚਾਲੇ ਲਟਕਿਆ ਹੋਇਆ ਸੀ। ਨਾ ਹੀ ਕੋਈ ਡੱਬੇ ਦੇ ਦਰਵਾਜ਼ੇ ਅਗੇ ਫੱਟਿਆਂ ਤੇ ਚੜ੍ਹਿਆ ਹੋਇਆ ਸੀ। ਪਰ ਫਿਰ ਵੀ ਇਹ ਕੁਝ ਵੱਖਰੀ ਜਿਹੀ ਲੱਗਦੀ ਸੀ। ਇਸ ਨੂੰ ਦੇਖਕੇ ਕੁਝ ਬੇਚੈਨੀ ਜਿਹੀ ਮਹਿਸੂਸ ਹੁੰਦੀ ਸੀ। ਇਹ ਭੂਤ ਜਿਹੀ ਲੱਗਦੀ ਸੀ। ਜਿਉਂ ਹੀ ਇਹ ਪਲੇਟਫਾਰਮ ਤੇ ਰੁਕੀ, ਰੇਲ ਦੇ ਅਖੀਰਲੇ ਡੱਬੇ ਚੋਂ ਗਾਰਡ ਨਿਕਲਿਆ ਅਤੇ ਸਟੇਸ਼ਨ ਮਾਸਟਰ ਦੇ ਦਫਤਰ ਵਿਚ ਚਲਾ ਗਿਆ। ਫਿਰ ਉਹ ਦੋਵੇਂ ਸੈਨਿਕਾਂ ਦੇ ਤੰਬੂਆਂ ਵਿਚ ਗਏ ਅਤੇ ਇਨਚਾਰਜ ਅਫਸਰ ਨਾਲ ਗੱਲ ਕੀਤੀ। ਸੈਨਿਕਾਂ ਨੂੰ ਸੱਦ ਲਿਆ ਗਿਆ ਅਤੇ ਆਸੇ ਪਾਸੇ ਘੁੰਮ ਰਹੇ ਪੇਂਡੂਆਂ ਨੂੰ ਵਾਪਸ ਮਨੋ ਮਾਜਰਾ ਜਾਣ ਦਾ ਹੁਕਮ ਦੇ ਦਿਤਾ ਗਿਆ। ਇਕ ਬੰਦੇ ਨੂੰ ਮੋਟਰ ਸਾਈਕਲ ਉਤੇ ਚੰਦਨ ਨਗਰ ਭੇਜ ਦਿਤਾ ਗਿਆ। ਘੰਟਾ ਕੁ ਮਗਰੋਂ ਇਕ ਸਬ ਇੰਸਪੈਕਟਰ ਲਗਭਗ ਪੰਜਾਹ ਹਥਿਆਰਬੰਦ ਸਿਪਾਹੀ ਲੈ ਕੇ ਸਟੇਸ਼ਨ ਤੇ ਪਹੁੰਚ ਗਿਆ। ਉਨ੍ਹਾਂ ਦੇ ਤੁਰੰਤ ਹੀ ਮਗਰੋਂ ਆਪਣੀ ਅਮਰੀਕਨ ਕਾਰ ਵਿਚ ਹੁਕਮ ਚੰਦ ਆ ਧਮਕਿਆ।

ਦਿਨ ਦਿਹਾੜੇ ਭੂਤ ਰੇਲ ਗੱਡੀ ਦੇ ਆਉਣ ਨੇ ਮਨੋ ਮਾਜਰਾ ਵਿਚ ਹੜਕੰਪ ਮਚਾ ਦਿਤਾ। ਲੋਕ ਛੱਤਾਂ ਤੇ ਖੜ੍ਹਕੇ ਦੇਖਣ ਲੱਗੇ ਕਿ ਸਟੇਸ਼ਨ ਤੇ ਕੀ ਹੋ ਰਿਹਾ ਹੈ। ਦੇਖ ਉਹ ਸਿਰਫ ਰੇਲ ਗੱਡੀ ਦੀ ਕਾਲੀ ਛੱਤ ਹੀ ਸਕੇ ਜੋ ਪਲੇਟਫਾਰਮ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਫੈਲੀ ਹੋਈ ਸੀ। ਸਟੇਸ਼ਨ ਦੀ ਇਮਾਰਤ ਅਤੇ ਜੰਗਲੇ ਨੇ ਬਾਕੀ ਦੀ ਗੱਡੀ ਨੂੰ ਨਜ਼ਰੋਂ ਓਹਲੇ ਕੀਤਾ ਹੋਇਆ ਸੀ। ਕਦੇ ਕਦੇ ਕੋਈ ਫੌਜੀ ਜਾਂ ਸਿਪਾਹੀ ਸਟੇਸ਼ਨ ਤੋਂ ਬਾਹਰ ਆਉਂਦਾ ਅਤੇ ਫਿਰ ਵਾਪਸ ਮੁੜ ਜਾਂਦਾ।

ਦੁਪਹਿਰ ਬਾਅਦ, ਪਿੰਡ ਦੇ ਵਾਸੀ ਛੋਟੀਆਂ ਛੋਟੀਆਂ ਟੋਲੀਆਂ ਵਿਚ ਇਕੱਠੇ ਹੋ ਗਏ ਅਤੇ ਗੱਡੀ ਬਾਰੇ ਚੁੰਝ ਚਰਚਾ ਕਰਨ ਲੱਗੇ। ਸਾਰੀਆਂ ਟੋਲੀਆਂ ਪਿੱਪਲ ਦੇ ਦਰੱਖਤ ਹੇਠਾਂ ਇਕ ਦੂਜੇ ਵਿਚ ਮਿਲ ਗਈਆਂ ਅਤੇ ਫਿਰ ਸਾਰੇ ਗੁਰਦੁਆਰੇ ਵਿਚ ਪਹੁੰਚ ਗਏ। ਔਰਤਾਂ ਜੋ ਘਰ ਘਰ ਤੋਂ ਅਫਵਾਹਾਂ ਇਕੱਠੀਆਂ ਕਰਦੀਆਂ ਅਤੇ ਆਪ ਗੱਪ ਛੱਡਦੀਆਂ ਗਈਆਂ ਸਨ, ਮੁੱਖੀਏ ਦੇ ਘਰੇ ਇਕੱਤਰ ਹੋ ਗਈਆਂ ਅਤੇ ਆਪਣੇ ਬੰਦਿਆਂ ਦਾ ਇੰਤਜ਼ਾਰ ਕਰਨ ਲੱਗੀਆਂ ਕਿ ਗੱਡੀ ਬਾਰੇ ਜੋ ਵੀ ਜਾਣਕਾਰੀ ਮਿਲੀ ਉਹ ਆ ਕੇ ਦੱਸਣ।

ਜਦੋਂ ਵੀ ਖਾਸ ਗੱਲ ਵਾਪਰਦੀ ਸੀ ਤਾਂ ਮਨੋ ਮਾਜਰਾ ਵਿਚ ਇਹੋ ਕੁਝ ਹੁੰਦਾ ਸੀ। ਔਰਤਾਂ ਮੁਖੀਏ ਦੇ ਘਰ ਜੁੜ ਜਾਂਦੀਆਂ ਸਨ ਅਤੇ ਬੰਦੇ ਗੁਰਦੁਆਰੇ ਚਲੇ ਜਾਂਦੇ ਸਨ। ਪਿੰਡ ਦਾ ਕੋਈ ਪ੍ਰਵਾਨਤ ਆਗੂ ਨਹੀਂ ਸੀ। ਬੰਤਾ ਸਿੰਘ, ਮੁੱਖੀਆ, ਤਾਂ ਕੇਵਲ ਆਬਿਆਨਾ ਇੱਕਠਾ ਕਰਨ ਵਾਲਾ ਹੀ ਸੀ — ਲੰਬੜਦਾਰ। ਕਈ ਪੀੜ੍ਹੀਆਂ ਤੋਂ ਇਹ ਅਹੁਦਾ ਉਨ੍ਹਾਂ ਦੇ ਪਰਿਵਾਰ ਕੋਲ ਚਲਿਆ ਆ ਰਿਹਾ ਸੀ। ਉਹਦੀ ਜ਼ਮੀਨ ਪਿੰਡ ਵਾਸੀਆਂ ਨਾਲੋਂ ਕੋਈ ਵਧ ਨਹੀਂ ਸੀ। ਨਾ ਹੀ ਉਹ ਕਿਸੇ ਹੋਰ ਪਖੋਂ ਮੁੱਖੀਆ ਸੀ। ਉਸ ਨੂੰ ਕੋਈ ਗੁਮਾਨ ਵੀ ਨਹੀਂ ਸੀ — ਬਾਕੀ ਦੇ ਪਿੰਡ ਵਾਸੀਆਂ ਵਾਂਗ ਉਹ ਵੀ ਹਲੀਮੀ ਭਰਪੂਰ ਮਿਹਨਤੀ ਕਿਸਾਨ ਸੀ। ਪਰ ਕਿਉਂਕਿ ਸਰਕਾਰੀ ਅਧਿਕਾਰੀ ਅਤੇ

ਪੁਲਿਸ ਵਾਲੇ ਉਹਦੇ ਨਾਲ ਹੀ ਵਾਹ-ਵਾਸਤਾ ਰਖਦੇ ਸਨ, ਉਸ ਕੋਲ ਸਰਕਾਰੀ ਰੁਤਬਾ ਸੀ। ਕੋਈ ਵੀ ਉਸ ਨੂੰ ਉਹਦੇ ਨਾਂ ਨਾਲ ਨਹੀਂ ਬੁਲਾਉਂਦਾ ਸੀ। ਉਹਨੂੰ 'ਓ ਲੰਬੜਦਾਰਾ' ਕਿਹਾ ਜਾਂਦਾ ਸੀ, ਜਿਵੇਂ ਉਹਦੇ ਪਿਤਾ ਨੂੰ, ਉਹਦੇ ਪਿਤਾ ਦੇ ਪਿਤਾ ਨੂੰ, ਉਹਦੇ ਪਿਤਾ ਦੇ ਪਿਤਾ ਦੇ ਪਿਤਾ ਨੂੰ ਵੀ ਬੁਲਾਇਆ ਜਾਂਦਾ ਸੀ।

ਪਿੰਡ ਦੀਆਂ ਮੀਟਿੰਗਾਂ ਵਿਚ ਆਪਣੇ ਵਿਚਾਰ ਪੇਸ਼ ਕਰਨ ਵਾਲੇ ਕੇਵਲ ਦੋ ਜਣੇ ਹੀ ਸਨ – ਮਸਜਿਦ ਦਾ ਮੁੱਲਾਂ ਇਮਾਮ ਬਖ਼ਸ਼ ਅਤੇ ਗੁਰਦੁਆਰੇ ਦਾ ਭਾਈ ਮੀਤ ਸਿੰਘ। ਉਸ ਦੇ ਪਰਿਵਾਰ ਵਿਚ ਵਾਪਰੇ ਕਈ ਦੁਖਾਂਤਾਂ ਨੇ ਉਸ ਨੂੰ ਤਰਸ ਦਾ ਪਾਤਰ ਅਤੇ ਫਿਰ ਮੋਹ ਦਾ ਪਾਤਰ ਬਣਾ ਦਿਤਾ ਸੀ। ਪੰਜਾਬੀ ਲੋਕ ਉਨ੍ਹਾਂ ਨੂੰ ਪਿਆਰ ਕਰਦੇ ਹਨ ਜਿਨ੍ਹਾਂ ਤੇ ਉਹ ਤਰਸ ਕਰਦੇ ਹਨ। ਉਹਦੀ ਪਤਨੀ ਅਤੇ ਲੜਕਾ ਕੁਝ ਦਿਨਾਂ ਦੇ ਫਰਕ ਨਾਲ ਹੀ ਮਰ ਗਏ ਸਨ। ਉਹਦੀਆਂ ਅੱਖਾਂ ਉਂਜ ਵੀ ਕਦੇ ਬਹੁਤੀਆਂ ਚੰਗੀਆਂ ਨਹੀਂ ਸਨ ਰਹੀਆਂ, ਪਰ ਹੁਣ ਅਚਾਨਕ ਏਨੀਆਂ ਕਮਜ਼ੋਰ ਹੋ ਗਈਆਂ ਸਨ ਕਿ ਉਹ ਖੱਡੀ ਉਤੇ ਕੰਮ ਨਹੀਂ ਕਰ ਸਕਦਾ ਸੀ। ਛੋਟੀ ਕੁੜੀ, ਨੂਰਾਂ, ਨੂੰ ਪਾਲਣ ਲਈ ਉਸ ਨੂੰ ਭਿੱਖਿਆ ਤਕ ਮੰਗਣੀ ਪੈ ਗਈ ਸੀ। ਉਹ ਮਸਜਿਦ ਵਿਚ ਰਹਿਣ ਲੱਗਾ ਅਤੇ ਮੁਸਲਿਮ ਬੱਚਿਆਂ ਨੂੰ ਕੁਰਾਨ ਪੜ੍ਹਾਉਣ ਲੱਗ ਪਿਆ। ਉਨ੍ਹੇ ਕੁਰਾਨ ਵਿਚੋਂ ਆਇਤਾਂ ਲੈ ਕੇ ਬੀਮਾਰਾਂ ਲਈ ਬੰਨ੍ਹਣ ਵਾਸਤੇ ਜਾਂ ਦੁਆਈਆਂ ਵਜੋਂ ਨਿਗਲਣ ਵਾਸਤੇ ਤਵੀਤ ਬਣਾਉਣੇ ਸ਼ੁਰੂ ਕਰ ਦਿਤੇ। ਆਟਾ, ਸਬਜ਼ੀਆਂ, ਖਾਣਾ ਅਤੇ ਪੁਰਾਣੇ ਕਪੜਿਆਂ ਦੀਆਂ ਤੁੱਛ ਭੇਟਾਂ ਨੇ ਉਸ ਨੂੰ ਅਤੇ ਉਸ ਦੀ ਕੁੜੀ ਨੂੰ ਜਿਉਂਦਾ ਰਖਿਆ। ਉਸ ਕੋਲ ਕਹਾਣੀਆਂ ਅਤੇ ਅਖਾਉਤਾਂ ਦਾ ਹੈਰਾਨੀਜਨਕ ਭੰਡਾਰ ਸੀ ਜਿਨ੍ਹਾਂ ਨੂੰ ਸੁਣਨਾ ਕਿਸਾਨ ਪਸੰਦ ਕਰਦੇ ਸਨ। ਉਹਦੀ ਸ਼ਖਸੀਅਤ ਸਤਿਕਾਰ ਜਿੱਤ ਲੈਂਦੀ ਸੀ। ਉਹ ਲੰਮਾ ਸੀ, ਪਤਲਾ ਸੀ, ਗੰਜਾ ਸੀ, ਸਿਰਫ ਉਹਦੇ ਸਿਰ ਦੁਆਲੇ ਇਕ ਕੰਨ ਤੋਂ ਦੂਜੇ ਕੰਨ ਤਕ ਸਫੈਦ ਵਾਲਾਂ ਦੀ ਇਕ ਲਾਈਨ ਹੀ ਸੀ ਅਤੇ ਉਹਦੀ ਸੋਹਣੀ ਤਰ੍ਹਾਂ ਕਤਰੀ ਹੋਈ ਰੇਸ਼ਮੀ ਸਫੈਦ ਦਾੜ੍ਹੀ ਸੀ ਜਿਸਨੂੰ ਅਕਸਰ ਉਹ ਮਹਿੰਦੀ ਲਾ ਕੇ ਗੂੜ੍ਹੀ ਸੰਤਰੀ-ਲਾਲ ਰੰਗ ਲੈਂਦਾ ਸੀ। ਉਹਦੀਆਂ ਅੱਖਾਂ ਦਾ ਮੋਤੀਆ ਅੱਖਾਂ ਨੂੰ ਰਹੱਸਮਈ ਦਾਰਸ਼ਨਿਕ ਪ੍ਰਭਾਵ ਦਿੰਦਾ ਸੀ। ਸੱਠ ਸਾਲਾਂ ਦਾ ਹੋਣ ਦੇ ਬਾਵਜੂਦ ਉਹ ਸਿੱਧਾ ਖੜ੍ਹਾ ਰਹਿੰਦਾ ਸੀ। ਇਸ ਸਭ ਕਾਸੇ ਨਾਲ ਉਸ ਵਿਚੋਂ ਗੌਰਵ ਦਾ ਅਕਸ ਝਲਕਦਾ ਸੀ ਅਤੇ ਨੇਕੀ ਪ੍ਰਤਿਬਿੰਬਤ ਹੁੰਦੀ ਸੀ। ਪਿੰਡ ਵਾਸੀਆਂ ਵਿਚ ਉਹਦੀ ਪਛਾਣ ਮੁੱਲਾਂ ਜਾਂ ਇਮਾਮ ਬਖ਼ਸ਼ ਵਜੋਂ ਨਹੀਂ ਸਗੋਂ 'ਚਾਚਾ' ਵਜੋਂ ਸਥਾਪਿਤ ਸੀ।

ਮੀਤ ਸਿੰਘ ਅਜਿਹੇ ਮੋਹ ਜਾਂ ਸਤਿਕਾਰ ਦੀ ਭਾਵਨਾ ਨਹੀਂ ਉਪਜਾਉਂਦਾ ਸੀ। ਉਹ ਕੇਵਲ ਇਕ ਕਿਸਾਨ ਸੀ ਜਿਸਨੇ ਖੇਤੀ ਦੇ ਕੰਮ ਤੋਂ ਬਚਣ ਲਈ ਧਰਮ ਦੀ ਟੇਕ ਲੈ ਲਈ ਸੀ। ਉਸ ਦੀ ਆਪਣੀ ਥੋੜ੍ਹੀ ਜਿੰਨੀ ਜ਼ਮੀਨ ਸੀ ਜੋ ਉਸ ਨੇ ਠੇਕੇ ਤੇ ਦਿਤੀ ਹੋਈ ਸੀ। ਠੇਕੇ ਦੀ ਰਕਮ ਅਤੇ ਗੁਰਦੁਆਰੇ ਦੇ ਚੜ੍ਹਾਵਿਆਂ ਨਾਲ ਉਹਦਾ ਝੱਟ ਸੁਖਾਲਾ ਲੰਘ ਜਾਂਦਾ ਸੀ। ਉਸਦੀ ਪਤਨੀ ਜਾਂ ਬੱਚੇ ਨਹੀਂ ਸਨ। ਉਨ੍ਹੇ ਧਾਰਮਿਕ ਪੁਸਤਕਾਂ ਦੀ ਪੜ੍ਹਾਈ ਨਹੀਂ ਕੀਤੀ ਸੀ ਅਤੇ ਨਾ ਹੀ ਵਾਰਤਾਲਾਪ ਦਾ ਉਸ ਵਿਚ ਕੋਈ

ਗੁਣ ਸੀ। ਹੋਰ ਤਾਂ ਹੋਰ, ਉਹਦੀ ਸ਼ਖਸੀਅਤ ਵੀ ਉਸ ਦੇ ਖਿਲਾਫ ਹੀ ਜਾਂਦੀ ਸੀ। ਉਹਦਾ ਕੱਦ ਛੋਟਾ ਸੀ, ਨਾਲ ਹੀ ਉਹ ਮੋਟਾ ਵੀ ਸੀ ਅਤੇ ਉਸਦੇ ਪਿੰਡੇ ਉਤੇ ਵਾਲ ਵੀ ਬਹੁਤ ਸਨ। ਉਮਰ ਉਹਦੀ ਇਮਾਮ ਬਖ਼ਸ਼ ਜਿੰਨੀ ਹੀ ਸੀ, ਪਰ ਉਹਦੀ ਦਾੜ੍ਹੀ ਵਿਚੋਂ ਉਸ ਤਰ੍ਹਾਂ ਦਾ ਕੋਈ ਸੰਜੀਦਾ ਪ੍ਰਭਾਵ ਨਹੀਂ ਪੈਂਦਾ ਸੀ ਜਿਹੋ ਜਿਹਾ ਇਮਾਮ ਬਖ਼ਸ਼ ਪ੍ਰਗਟ ਕਰਦਾ ਸੀ। ਉਹਦੀ ਦਾੜ੍ਹੀ ਕਾਲੀ ਪਰ ਵਿਚ ਵਿਚ ਸਫੈਦ ਧਾਰੀਆਂ ਵਾਲੀ ਸੀ। ਉਹ ਬਣ-ਠਣਕੇ ਵੀ ਨਹੀਂ ਰਹਿੰਦਾ ਸੀ। ਪੱਗ ਉਹ ਕੇਵਲ ਉਦੋਂ ਹੀ ਬੰਨ੍ਹਦਾ ਸੀ ਜਦੋਂ ਉਨ੍ਹੇ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਹਿਣਾ ਹੋਵੇ। ਨਹੀਂ ਤਾਂ ਉਹ ਨੰਗੇ ਸਿਰ ਹੀ ਹੁੰਦਾ, ਲੰਮੇ ਲੰਮੇ ਵਾਲ ਉਹਦੇ ਜੂੜੇ ਵਿਚ ਢਿੱਲੇ ਜਿਹੇ ਬੰਨ੍ਹੇ ਹੁੰਦੇ ਅਤੇ ਵਿਚ ਲੱਕੜੀ ਦਾ ਨਿੱਕਾ ਜਿਹਾ ਕੰਘਾ ਵੀ ਹੁੰਦਾ। ਲਗਭਗ ਅੱਧੇ ਵਾਲ ਉਹਦੀ ਗਰਦਨ ਤੇ ਗਿੱਚੀ ਉਤੇ ਖਿਲਰੇ ਰਹਿੰਦੇ। ਕਮੀਜ਼ ਉਹ ਕਦੇ ਕਦੇ ਹੀ ਪਹਿਨਦਾ ਅਤੇ ਹਮੇਸ਼ਾਂ ਪਹਿਨਿਆ ਕੇਵਲ ਇਕੋ ਕਪੜਾ ਉਹਦਾ ਕਛਹਿਰਾ ਹੁੰਦਾ ਸੀ ਜੋ ਸਦਾ ਹੀ ਮੈਲ ਨਾਲ ਲਿਬੜਿਆ ਹੁੰਦਾ ਸੀ। ਪਰ ਮੀਤ ਸਿੰਘ ਸ਼ਾਂਤ ਸੁਭਾਅ ਵਾਲਾ ਵਿਅਕਤੀ ਸੀ। ਇਮਾਮ ਬਖ਼ਸ਼ ਨਾਲ ਉਹਦੇ ਮੋਹ ਨੂੰ ਕਦੇ ਵੀ ਈਰਖਾ ਕਸੈਲਾ ਨਹੀਂ ਕਰਦੀ ਸੀ। ਜਦੋਂ ਵੀ ਇਮਾਮ ਬਖ਼ਸ਼ ਕੋਈ ਸੁਝਾਅ ਦਿੰਦਾ ਤਾਂ ਮੀਤ ਸਿੰਘ ਸਦਾ ਹੀ ਕਹਿੰਦਾ ਕਿ ਕੁਝ ਕਹਿਣ ਦਾ ਹੱਕ ਕੇਵਲ ਉਸਦੇ ਭਾਈਚਾਰੇ ਨੂੰ ਹੈ। ਉਨ੍ਹਾਂ ਦੀ ਵਾਰਤਾਲਾਪ ਵਿਚ ਹਮੇਸ਼ਾਂ ਹੀ ਦੋਸਤਾਨਾ ਸ਼ਰੀਕੇਬਾਜ਼ੀ ਅੰਦਰੋ ਅੰਦਰ ਵਹਿੰਦੀ ਰਹਿੰਦੀ।

ਗੁਰਦੁਆਰੇ ਵਿਚਲੀ ਮੀਟਿੰਗ ਦਾ ਮਾਹੌਲ ਮਾਯੂਸ ਹੀ ਸੀ। ਲੋਕਾਂ ਕੋਲ ਕਹਿਣ ਵਾਸਤੇ ਕੁਝ ਹੈ ਨਹੀਂ ਸੀ ਅਤੇ ਜੋ ਬੋਲੇ ਵੀ ਉਹ ਸਹਿਜੇ ਸਹਿਜੇ ਪੈਗੰਬਰਾਂ ਵਾਂਗ ਹੀ ਬੋਲੇ।

ਇਮਾਮ ਬਖ਼ਸ਼ ਨੇ ਬਹਿਸ ਆਰੰਭ ਕੀਤੀ: "ਅੱਲਾ ਮਿਹਰ ਕਰੇ। ਬੁਰੇ ਵਕਤ ਆ ਗਏ ਹਨ।"

ਕੁਝ ਲੋਕਾਂ ਨੇ ਹਉਕੇ ਭਰੇ, "ਹਾਂ, ਬੁਰੇ ਦਿਨ ਹੀ ਆ ਗਏ ਹਨ।"

ਮੀਤ ਸਿੰਘ ਨੇ ਕਿਹਾ, "ਹਾਂ, ਚਾਚਾ, ਇਹ ਕਲਯੁੱਗ ਹੈ, ਕਾਲਾ ਯੁੱਗ।"

ਲੰਮੀ ਖਾਮੋਸ਼ੀ ਛਾਈ ਰਹੀ ਅਤੇ ਲੋਕਾਂ ਨੇ ਬੇਚੈਨੀ ਨਾਲ ਆਪਣੇ ਚਿੱਤੜਾਂ ਉਤੇ ਹਿਲਜੁਲ ਕੀਤੀ। ਕੁਝ ਇਕ ਨੇ ਉਬਾਸੀਆਂ ਲਈਆਂ, ਪਰ ਆਪਣੇ ਮੂੰਹਾਂ ਨੂੰ ਰੱਬ ਦੇ ਬਹਾਨੇ ਬੰਦ ਕਰ ਲਿਆ: "ਯਾ ਅੱਲਾ, ਵਾਹਿਗੁਰੂ, ਵਾਹਿਗੁਰੂ।"

"ਲੰਬੜਦਾਰਾ," ਇਮਾਮ ਬਖ਼ਸ਼ ਫਿਰ ਸ਼ੁਰੂ ਹੋਇਆ, "ਤੁਹਾਨੂੰ ਪਤਾ ਹੋਣਾ ਚਾਹੀਦੈ ਕਿ ਕੀ ਵਾਪਰ ਰਿਹੈ। ਡਿਪਟੀ ਸਾਹਿਬ ਨੇ ਤੁਹਾਨੂੰ ਕਿਉਂ ਨਹੀਂ ਬੁਲਾਇਆ?"

"ਮੈਨੂੰ ਕੀ ਪਤੈ, ਚਾਚਾ? ਜਦੋਂ ਉਹ ਮੈਨੂੰ ਸੱਦਣਗੇ, ਮੈਂ ਚਲਾ ਜਾਵਾਂਗਾ। ਉਹ ਵੀ ਸਟੇਸ਼ਨ ਤੇ ਹਨ ਅਤੇ ਕਿਸੇ ਨੂੰ ਵੀ ਇਸਦੇ ਨੇੜੇ ਫਟਕਣ ਦੀ ਇਜਾਜ਼ਤ ਨਹੀਂ।"

ਇਕ ਨੌਜਵਾਨ ਪੇਂਡੂ ਨੇ ਉਚੀ ਪਰ ਖੁਸ਼ ਆਵਾਜ਼ ਵਿਚ ਦਖਲ ਦਿਤਾ: "ਸਾਨੂੰ ਹੁਣੇ ਕੋਈ ਮੌਤ ਨਹੀਂ ਪੈਣ ਲੱਗੀ। ਸਾਨੂੰ ਜਲਦੀ ਪਤਾ ਲੱਗ ਜਾਵੇਗਾ ਕਿ ਕੀ ਵਾਪਰ

ਰਿਹਾ ਹੈ। ਆਖਰ ਇਹ ਰੇਲ ਗੱਡੀ ਹੈ। ਇਸ ਵਿਚ ਸਰਕਾਰੀ ਖਜ਼ਾਨਾ ਵੀ ਹੋ ਸਕਦੈ ਜਾਂ ਹਥਿਆਰ ਵੀ। ਉਹਦੀ ਰਾਖੀ ਤਾਂ ਕਰਨੀ ਹੀ ਹੋਈ। ਤੁਸੀਂ ਨਹੀਂ ਸੁਣਿਆ ਕਿ ਕਈ ਗੱਡੀਆਂ ਲੁੱਟੀਆਂ ਗਈਆਂ ਹਨ?"

"ਜ਼ਬਾਨ ਬੰਦ ਰਖ," ਉਹਦੇ ਪਿਤਾ ਨੇ ਗੁੱਸੇ ਨਾਲ ਝਿੜਕਿਆ। "ਜਦੋਂ ਵਡੇ ਗੱਲ ਕਰਦੇ ਹਨ ਤਾਂ ਨਿੱਕਿਆਂ ਨੂੰ ਵਿਚ ਬੋਲਣ ਦੀ ਲੋੜ ਨਹੀਂ।"

"ਮੈਂ ਤਾਂ ਸਿਰਫ..."

"ਬਸ ਚੁੱਪ।" ਪਿਤਾ ਨੇ ਸਖਤੀ ਨਾਲ ਕਿਹਾ। ਕੁਝ ਸਮੇਂ ਤਕ ਕੋਈ ਨਹੀਂ ਬੋਲਿਆ।

"ਮੈਂ ਸੁਣਿਐ," ਇਮਾਮ ਬਖ਼ਸ਼ ਨੇ ਹੌਲੀ ਹੌਲੀ ਆਪਣੀ ਦਾੜ੍ਹੀ ਵਿਚ ਉਂਗਲਾਂ ਦੀ ਕੰਘੀ ਫੇਰਦਿਆ ਆਖਿਆ, "ਰੇਲ ਗੱਡੀਆਂ ਨਾਲ ਬਹੁਤ ਵਾਰਦਾਤਾਂ ਹੋ ਚੁਕੀਆਂ ਹਨ।"

ਸ਼ਬਦ 'ਵਾਰਦਾਤ' ਨੇ ਸਰੋਤਿਆਂ ਵਿਚ ਬੇਚੈਨੀ ਦੀ ਭਾਵਨਾ ਪੈਦਾ ਕਰ ਦਿਤੀ। "ਹਾਂ, ਕਿੰਨੀਆਂ ਹੀ ਵਾਰਦਾਤਾਂ ਬਾਰੇ ਸੁਣਿਆ," ਮੀਤ ਸਿੰਘ ਨੇ ਕੁਝ ਸਮੇਂ ਮਗਰੋਂ ਸਹਿਮਤੀ ਪ੍ਰਗਟ ਕੀਤੀ।

"ਅਸੀਂ ਕੇਵਲ ਅੱਲਾ ਦੀ ਮਿਹਰ ਮੰਗਦੇ ਹਾਂ," ਇਮਾਮ ਬਖ਼ਸ਼ ਨੇ ਆਪ ਹੀ ਸ਼ੁਰੂ ਕੀਤੇ ਵਿਸ਼ੇ ਨੂੰ ਬੰਦ ਕਰਦਿਆਂ ਆਖਿਆ।

ਮੀਤ ਸਿੰਘ ਨੇ ਵੀ ਰੱਬ ਦੀ ਉਸਤਤ ਕਰਨੋਂ ਪਿੱਛੇ ਨਾ ਰਹਿੰਦਿਆਂ ਕਿਹਾ, "ਵਾਹਿਗੁਰੂ, ਵਾਹਿਗੁਰੂ।"

ਉਹ ਖਾਮੋਸ਼ ਬੈਠੇ ਰਹੇ ਜਿਸ ਵਿਚ ਕਦੇ ਕਦੇ ਉਬਾਸੀਆਂ ਅਤੇ ਵਿਚ ਵਿਚ 'ਯਾ ਅੱਲਾ' ਅਤੇ 'ਹੇ ਵਾਹਿਗੁਰੂ' ਦੀਆਂ ਆਵਾਜ਼ਾਂ ਹੀ ਖਲਲ ਪਾਉਂਦੀਆਂ। ਸਭਾ ਦੇ ਬਾਹਰਲੇ ਕਿਨਾਰਿਆਂ ਤੇ ਬੈਠੇ ਹੋਏ ਲੋਕ ਫਰਸ਼ ਤੇ ਲੰਮੇ ਪੈ ਗਏ ਅਤੇ ਨੀਂਦ ਦੀ ਗੋਦੀ ਵਿਚ ਜਾ ਪੁਜੇ।

ਅਚਾਨਕ ਗੁਰਦੁਆਰੇ ਦੀ ਦਹਿਲੀਜ਼ ਉਤੇ ਇਕ ਸਿਪਾਹੀ ਨਜ਼ਰ ਪਿਆ। ਲੰਬੜਦਾਰ ਅਤੇ ਤਿੰਨ ਚਾਰ ਪਿੰਡ ਵਾਸੀ ਖੜ੍ਹੇ ਹੋ ਗਏ। ਸੁੱਤੇ ਪਏ ਬੰਦਿਆਂ ਨੂੰ ਹੁੱਝਾਂ ਮਾਰ ਕੇ ਜਗਾਇਆ ਗਿਆ। ਊਂਘ ਰਹੇ ਬੰਦਿਆਂ ਨੇ ਉਠ ਕੇ ਹੈਰਾਨ ਹੁੰਦਿਆਂ ਕਿਹਾ, "ਕੀ ਹੈ? ਕੀ ਹੋਇਆ?" ਅਤੇ ਫਿਰ ਜਲਦੀ ਜਲਦੀ ਆਪਣੀਆਂ ਪੱਗਾਂ ਆਪਣੇ ਸਿਰਾਂ ਦੁਆਲੇ ਲਪੇਟ ਲਈਆਂ।

"ਪਿੰਡ ਦਾ ਲੰਬੜਦਾਰ ਕੌਣ ਹੈ?"

ਬੰਤਾ ਸਿੰਘ ਚਲਕੇ ਦਰਵਾਜ਼ੇ ਤੇ ਪੁਜਿਆ। ਸਿਪਾਹੀ ਉਸ ਨੂੰ ਇਕ ਪਾਸੇ ਲੈ ਗਿਆ ਅਤੇ ਉਸ ਨੂੰ ਹੌਲੀ ਹੌਲੀ ਕੁਝ ਕਿਹਾ। ਫਿਰ ਜਿਉਂ ਹੀ ਬੰਤਾ ਸਿੰਘ ਪਿਛੇ ਮੁੜਿਆ, ਸਿਪਾਹੀ ਨੇ ਉਚੀ ਦੇਣੇ ਆਖਿਆ: "ਜਲਦੀ ਕਰੋ, ਅੱਧੇ ਘੰਟੇ ਵਿਚ। ਸਟੇ

ਸ਼ਨ ਵਾਲੇ ਪਾਸੇ ਦੋ ਫੌਜੀ ਟਰੱਕ ਉਡੀਕ ਰਹੇ ਹਨ। ਮੈਂ ਉਥੇ ਚਲਿਆਂ।"

ਸਿਪਾਹੀ ਤੇਜ਼ੀ ਨਾਲ ਚਲਾ ਗਿਆ।

ਪਿੰਡ ਵਾਸੀ ਬੰਤਾ ਸਿੰਘ ਦੁਆਲੇ ਜੁੜ ਗਏ। ਉਸ ਕੋਲ ਇਕ ਭੇਤ ਹੋਣ ਨੇ ਬੰਤਾ ਸਿੰਘ ਨੂੰ ਮਹੱਤਤਾ ਦੀ ਹਵਾ ਦੇ ਦਿਤੀ ਸੀ। ਉਹਦੀ ਆਵਾਜ਼ ਵਿਚ ਸਰਕਾਰੀ ਸੱਤਾ ਬੋਲਣ ਲੱਗੀ:

"ਹਰ ਕੋਈ ਆਪਣੇ ਘਰ ਵਿਚ ਜੋ ਵੀ ਲਕੜ ਹੈ ਉਹ ਲੈ ਕੇ ਅਤੇ ਜਿੰਨਾ ਵੀ ਵਾਧੂ ਮਿੱਟੀ ਦਾ ਤੇਲ ਹੈ ਉਹ ਵੀ ਲੈ ਕੇ ਸਟੇਸ਼ਨ ਵਾਲੇ ਪਾਸੇ ਖੜ੍ਹੇ ਦੋ ਟਰੱਕਾਂ ਕੋਲ ਲੈ ਆਵੇ। ਤੁਹਾਨੂੰ ਇਸ ਦੀ ਕੀਮਤ ਦੇ ਦਿਤੀ ਜਾਵੇਗੀ।"

ਪੇਂਡੂ ਉਡੀਕਦੇ ਰਹੇ ਕਿ ਉਹ ਇਸ ਦਾ ਕਾਰਨ ਦਸੇਗਾ। ਉਹਨੇ ਖਰ੍ਹਵਾ ਹੁਕਮ ਦਿਤਾ, "ਕੀ ਤੁਸੀਂ ਬੋਲ਼ੇ ਹੋ? ਕੀ ਤੁਸੀਂ ਸੁਣਿਆ ਨਹੀਂ? ਜਾਂ ਕੀ ਤੁਸੀਂ ਚਾਹੁੰਦੇ ਹੋ ਕਿ ਪੁਲਿਸ ਤੁਹਾਡੇ ਚਿੱਤੜਾਂ ਤੇ ਬੈਂਤਾਂ ਮਾਰਕੇ ਤੁਹਾਨੂੰ ਤੋਰੇ। ਚਲੋ, ਜਲਦੀ ਕਰੋ।"

ਲੋਕ ਕਾਨਾ ਫੂਸੀ ਕਰਦੇ ਹੋਏ ਪਿੰਡ ਦੀਆਂ ਗਲੀਆਂ ਵਿਚ ਖਿੰਡ ਗਏ। ਲੰਬੜਦਾਰ ਆਪਣੇ ਘਰ ਨੂੰ ਚਲਾ ਗਿਆ।

ਕੁਝ ਮਿੰਟ ਮਗਰੋਂ ਪਿੰਡ ਵਾਸੀ ਲਕੜਾਂ ਦੀਆਂ ਗੰਢਾਂ ਅਤੇ ਮਿੱਟੀ ਦੇ ਤੇਲ ਦੀਆਂ ਬੋਤਲਾਂ ਲੈ ਕੇ ਸਟੇਸ਼ਨ ਵਾਲੇ ਪਾਸੇ ਪਿੰਡ ਦੇ ਬਾਹਰ ਇੱਕਠੇ ਹੋਣ ਲੱਗੇ। ਦੋ ਵਡੇ ਮਟਿਆਲੇ ਫੌਜੀ ਟਰੱਕ ਇਕ ਦੂਜੇ ਕੋਲ ਖੜ੍ਹੇ ਸਨ। ਕੱਚੀ ਕੰਧ ਦੇ ਨਾਲ ਪਟਰੋਲ ਦੇ ਖਾਲੀ ਪੀਪਿਆਂ ਦੀ ਕਤਾਰ ਲਗੀ ਹੋਈ ਸੀ। ਇਕ ਸਿੱਖ ਫੌਜੀ ਸਟੇਨ ਗੱਨ ਲੈ ਕੇ ਰਾਖੀ ਤੇ ਖੜ੍ਹਾ ਸੀ। ਇਕ ਹੋਰ ਸਿੱਖ ਅਫਸਰ, ਜਿਸਨੇ ਆਪਣੀ ਦਾੜ੍ਹੀ ਜਾਲੀ ਵਿਚ ਚੰਗੀ ਤਰ੍ਹਾਂ ਸੈੱਟ ਕੀਤੀ ਹੋਈ ਸੀ, ਇਕ ਟਰੱਕ ਦੇ ਪਿੱਛੇ ਲੱਤਾਂ ਲਮਕਾਕੇ ਬੈਠਾ ਹੋਇਆ ਸੀ। ਉਹ ਦੂਜੇ ਟਰੱਕ ਵਿਚ ਲਕੜ ਲੱਦੀ ਜਾਂਦੀ ਦੇਖ ਰਿਹਾ ਅਤੇ ਪਿੰਡ ਵਾਸੀਆਂ ਦੀਆਂ ਸ਼ੁਭ ਇਛਾਵਾਂ ਨੂੰ ਸਿਰ ਹਿਲਾਕੇ ਕਬੂਲ ਕਰ ਰਿਹਾ ਸੀ। ਉਸ ਦੇ ਲਾਗੇ ਹੀ ਲੰਬੜਦਾਰ ਖੜ੍ਹਾ ਪਿੰਡ ਵਾਲਿਆਂ ਵਲੋਂ ਲਿਆਂਦੀਆਂ ਚੀਜ਼ਾਂ ਦੀ ਮਾਤਰਾ ਅਤੇ ਲਿਆਉਣ ਵਾਲੇ ਦਾ ਨਾਂ ਨੋਟ ਕਰ ਰਿਹਾ ਸੀ। ਲਕੜਾਂ ਦੀਆਂ ਗੰਢਾਂ ਨੂੰ ਟਰੱਕ ਵਿਚ ਸੁੱਟਣ ਮਗਰੋਂ ਅਤੇ ਮਿੱਟੀ ਦੇ ਤੇਲ ਦੀਆਂ ਬੋਤਲਾਂ ਨੂੰ ਪਟਰੋਲ ਦੇ ਖਾਲੀ ਪੀਪਿਆਂ ਵਿਚ ਉਲੱਦਣ ਮਗਰੋਂ ਪਿੰਡ ਵਾਸੀ ਅਫਸਰ ਤੋਂ ਕੁਝ ਦੂਰੀ ਉਤੇ ਇਕ ਛੋਟੀ ਜਿਹੀ ਟੋਲੀ ਵਿਚ ਇਕੱਠੇ ਹੋ ਗਏ।

ਇਮਾਮ ਬਖ਼ਸ਼ ਨੇ ਆਪਣੇ ਸਿਰ ਉਤੇ ਲਿਆਂਦੀ ਲਕੜਾਂ ਦੀ ਪੰਡ ਟਰੱਕ ਵਿਚ ਸੁੱਟੀ ਅਤੇ ਤੇਲ ਦੀ ਬੋਤਲ ਲੰਬੜਦਾਰ ਦੇ ਹਵਾਲੇ ਕਰ ਦਿਤੀ। ਉਸ ਨੇ ਆਪਣੀ ਪੱਗ ਦੁਬਾਰਾ ਬੰਨ੍ਹੀ ਅਤੇ ਉਚੀ ਦੇਣੇ ਅਫਸਰ ਨੂੰ ਸ਼ੁਭ ਕਾਮਨਾ ਦਿਤੀ, "ਸਲਾਮ, ਸਰਦਾਰ ਸਾਹਿਬ।"

ਅਫਸਰ ਦੂਜੇ ਪਾਸੇ ਦੇਖਦਾ ਰਿਹਾ।

ਇਮਾਮ ਬਖ਼ਸ਼ ਦੁਬਾਰਾ ਸ਼ੁਰੂ ਹੋ ਗਿਆ, "ਸਭ ਠੀਕ ਠਾਕ ਹੈ, ਹੈ ਨਾ, ਸਰਦਾਰ ਸਾਹਿਬ?"

ਅਫਸਰ ਯੱਕਲਖਤ ਮੁੜਿਆ ਅਤੇ ਕੁਰੱਖਤੀ ਨਾਲ ਬੋਲਿਆ, "ਚਲਦੇ ਬਣੋ। ਦੇਖਦੇ ਨਹੀਂ ਮੈਂ ਕੰਮ ਵਿਚ ਰੁਝਿਆ ਹੋਇਆਂ?"

ਇਮਾਮ ਬਖ਼ਸ਼, ਅਜੇ ਵੀ ਆਪਣੀ ਪੱਗ ਠੀਕ ਕਰਦਾ ਹੋਇਆ, ਭਿੱਜੀ ਬਿੱਲੀ ਵਾਂਗ ਪਿੰਡ ਵਾਸੀਆਂ ਵਿਚ ਜਾ ਰਲਿਆ।

ਜਦੋਂ ਦੋਵੇਂ ਟਰੱਕ ਭਰੇ ਗਏ ਤਾਂ ਅਫਸਰ ਨੇ ਬੰਤਾ ਸਿੰਘ ਨੂੰ ਕਿਹਾ ਕਿ ਅਗਲੇ ਦਿਨ ਸਵੇਰੇ ਆ ਕੇ ਪੈਸੇ ਲੈ ਜਾਵੇ। ਟਰੱਕ ਸ਼ੋਰ ਕਰਦੇ ਹੋਏ ਸਟੇਸ਼ਨ ਵੱਲ ਚਲੇ ਗਏ।

ਬੰਤਾ ਸਿੰਘ ਨੂੰ ਉਤਸੁਕ ਪੇਂਡੂਆਂ ਨੇ ਘੇਰ ਲਿਆ। ਉਸ ਨੇ ਮਹਿਸੂਸ ਕੀਤਾ ਕਿ ਉਹ ਇਮਾਮ ਬਖ਼ਸ਼ ਦੀ ਹੋਈ ਹੱਤਕ ਲਈ ਕੁਝ ਨਾ ਕੁਝ ਜ਼ਿੰਮੇਵਾਰ ਹੈ। ਪਿੰਡ ਵਾਲੇ ਉਸ ਨਾਲ ਬਹੁਤ ਬੇਸਬਰੇ ਹੋ ਰਹੇ ਸਨ।

"ਓ ਲੰਬੜਦਾਰਾ, ਤੂੰ ਸਾਨੂੰ ਕੁਝ ਦਸਦਾ ਕਿਉਂ ਨਹੀਂ? ਤੂੰ ਇਹ ਵਡਾ ਭੇਤ ਆਪਣੇ ਕੋਲ ਕੀ ਲੁਕੋਈ ਫਿਰਦੈਂ? ਲੱਗਦਾ ਹੈ ਕਿ ਤੂੰ ਆਪਣੇ ਆਪ ਨੂੰ ਬਹੁਤਾ ਹੀ ਨਾਢੂ ਖਾਂ ਸਮਝਣ ਲੱਗ ਪਿਐਂ ਅਤੇ ਸਾਡੇ ਕਿਸੇ ਨਾਲ ਗੱਲ ਕਰਨਾ ਜ਼ਰੂਰੀ ਨਹੀਂ ਸਮਝਦਾ," ਮੀਤ ਸਿੰਘ ਨੇ ਗੁੱਸੇ ਨਾਲ ਆਖਿਆ।

"ਨਹੀਂ, ਭਾਈ ਨਹੀਂ। ਜੇ ਮੈਨੂੰ ਪਤਾ ਹੁੰਦਾ, ਤੁਹਾਨੂੰ ਕਿਉਂ ਨਾ ਦੱਸਦਾ? ਤੁਸੀਂ ਤਾਂ ਬੱਚਿਆਂ ਵਾਂਗ ਗੱਲਾਂ ਕਰਦੇ ਹੋ। ਮੈਂ ਫੌਜੀਆਂ ਅਤੇ ਸਿਪਾਹੀਆਂ ਨਾਲ ਕਿਵੇ ਬਹਿਸ ਕਰ ਸਕਦਾਂ? ਉਨ੍ਹਾਂ ਮੈਨੂੰ ਕੁਝ ਵੀ ਨਹੀਂ ਦੱਸਿਆ। ਤੇ ਕੀ ਤੁਸੀਂ ਦੇਖਿਆ ਨਹੀਂ ਕਿ ਉਸ ਸੂਰ ਦੇ ਲਿੰਗ ਨੇ ਚਾਚੇ ਨਾਲ ਕਿਵੇਂ ਗੱਲ ਕੀਤੀ ਸੀ? ਆਪਣੀ ਇੱਜ਼ਤ ਬੰਦੇ ਦੇ ਆਪਣੇ ਹੱਥ ਹੁੰਦੀ ਹੈ। ਮੈਂ ਆਪਣੀ ਪੱਗ ਲੁਹਾਕੇ ਬੇਇੱਜ਼ਤੀ ਕਿਉਂ ਕਰਵਾਉਂਦਾ?"

ਇਮਾਮ ਬਖ਼ਸ਼ ਨੇ ਲੰਬੜਦਾਰ ਵੱਲੋਂ ਉਸ ਪ੍ਰਤਿ ਕੀਤੇ ਸਾਰਥਕ ਇਸ਼ਾਰੇ ਦਾ ਮਾਣ ਰਖਦਿਆਂ ਕਿਹਾ, "ਲੰਬੜਦਾਰ ਠੀਕ ਕਹਿ ਰਿਹੈ। ਜੇ ਕੋਈ ਗੱਲ ਦੇ ਜਵਾਬ ਵਿਚ ਭੌਂਕਦਾ ਹੈ ਤਾਂ ਚੁੱਪ ਧਾਰ ਲੈਣਾ ਹੀ ਚੰਗਾ ਹੈ। ਚਲੋ, ਘਰਾਂ ਨੂੰ ਚੱਲੀਏ। ਤੁਸੀਂ ਆਪਣੀਆਂ ਛੱਤਾਂ ਤੋਂ ਵੀ ਦੇਖ ਸਕਦੇ ਹੋ ਕਿ ਉਹ ਕੀ ਕਰ ਰਹੇ ਹਨ।"

ਲੋਕ ਖਿੰਡ ਗਏ ਅਤੇ ਆਪਣੀਆਂ ਛੱਤਾਂ ਤੇ ਜਾ ਚੜ੍ਹੇ। ਉਥੋਂ ਸਟੇਸ਼ਨ ਲਾਗੇ ਕੈਂਪ ਵਿਚ ਖੜ੍ਹੇ ਟਰੱਕ ਦੇਖੇ ਜਾ ਸਕਦੇ ਸਨ। ਟਰੱਕ ਚਲ ਪਏ ਅਤੇ ਰੇਲਵੇ ਲਾਈਨ ਦੇ ਨਾਲ ਨਾਲ ਪੂਰਬ ਵੱਲ ਸਿਗਨਲ ਤੋਂ ਅਗੇ ਤਕ ਚਲਦੇ ਗਏ। ਫਿਰ ਉਹ ਪੂਰਾ ਖੱਬੇ ਮੁੜ ਗਏ ਅਤੇ ਲਾਈਨ ਪਾਰ ਕੀਤੀ। ਫਿਰ ਖੱਬੇ ਮੁੜੇ ਅਤੇ ਲਾਈਨ ਦੇ ਨਾਲ ਨਾਲ ਸਟੇਸ਼ਨ ਵੱਲ ਆਉਂਦੇ ਰਹੇ ਅਤੇ ਗੱਡੀ ਦੇ ਪਿਛੇ ਗਾਇਬ ਹੋ ਗਏ।

ਸਾਰੀ ਬਾਅਦ ਦੁਪਿਹਰ ਪਿੰਡ ਵਾਲੇ ਛੱਤਾਂ ਤੇ ਖੜ੍ਹੇ ਰਹੇ ਅਤੇ ਦੂਜੀਆਂ ਛੱਤਾਂ ਤੇ ਖੜ੍ਹਿਆਂ ਨੂੰ ਉਚੀ ਉਚੀ ਚੀਕ ਚੀਕ ਕੇ ਪੁੱਛਦੇ ਰਹੇ ਕਿ ਕੀ ਉਨ੍ਹਾਂ ਨੂੰ ਕੁਝ ਨਜ਼ਰ ਆਇਆ ਹੈ। ਉਤਸੁੱਕਤਾ ਏਨੀ ਸੀ ਕਿ ਉਹ ਆਪਣਾ ਦੁਪਹਿਰ ਦਾ ਖਾਣਾ ਤਿਆਰ ਕਰਨਾ ਵੀ ਭੁੱਲ ਗਏ। ਮਾਵਾਂ ਨੇ ਆਪਣੇ ਬੱਚਿਆਂ ਨੂੰ ਕਲ੍ਹ ਦਾ ਬਚਿਆ ਖੁਚਿਆ ਬੇਹਾ ਹੀ ਖੁਆ ਛੱਡਿਆ। ਆਪਣੇ ਚੁਲ੍ਹੇ ਬਾਲਣ ਦਾ ਵੀ ਉਨ੍ਹਾਂ ਕੋਲ ਵਕਤ ਨਹੀਂ ਸੀ। ਮਰਦਾਂ ਨੇ ਆਪਣੇ ਪਸ਼ੂਆਂ ਨੂੰ ਪੱਠੇ ਨਹੀਂ ਪਾਏ ਅਤੇ ਤਰਕਾਲਾਂ ਆਉਣ ਉਤੇ ਦੁੱਧ ਚੋਣਾ ਵੀ ਭੁੱਲ ਗਏ। ਜਦੋਂ ਸੂਰਜ ਪਹਿਲਾਂ ਹੀ ਪੁਲ ਦੀਆਂ ਮਹਿਰਾਬਾਂ ਪਿੱਛੇ ਲੁਕ ਗਿਆ ਸੀ, ਉਦੋਂ ਉਨ੍ਹਾਂ ਨੂੰ ਯਾਦ ਆਇਆ ਕਿ ਉਹ ਤਾਂ ਦਿਨ ਦੇ ਰੋਜ਼ਾਨਾ ਕਰਨ ਵਾਲੇ ਕੰਮ ਕਰਨਾ ਵੀ ਭੁੱਲ ਗਏ ਹਨ। ਥੋੜ੍ਹੀ ਦੇਰ ਨੂੰ ਹਨੇਰਾ ਹੋ ਜਾਵੇਗਾ ਅਤੇ ਬੱਚੇ ਖਾਣਾ ਮੰਗਣ ਲੱਗ ਜਾਣਗੇ ਪਰ ਫਿਰ ਵੀ ਔਰਤਾਂ ਹਾਲੇ ਵੀ ਸਟੇਸ਼ਨ ਤੇ ਅੱਖਾਂ ਜਮਾ ਕੇ ਉਧਰ ਹੀ ਦੇਖੀ ਜਾ ਰਹੀਆਂ ਸਨ। ਗਾਵਾਂ ਅਤੇ ਮੱਝਾਂ ਖੁਰਲੀਆਂ ਤੇ ਬੱਝੀਆਂ ਰਿੰਗ ਰਹੀਆਂ ਸਨ ਪਰ ਮਰਦ ਅਜੇ ਵੀ ਛੱਤਾਂ ਤੇ ਚੜ੍ਹੇ ਸਟੇਸ਼ਨ ਵੱਲ ਟਿਕਟਿਕੀ ਲਾਈ ਖੜ੍ਹੇ ਸਨ। ਹਰ ਕੋਈ ਸੋਚ ਰਿਹਾ ਸੀ ਕਿ ਕੁਝ ਨਾ ਕੁਝ ਖਾਸ ਵਾਪਰੇਗਾ।

ਸੂਰਜ ਪੁਲ ਦੇ ਪਿੱਛੇ ਡੁੱਬ ਗਿਆ ਅਤੇ ਉਸਨੇ ਆਸਮਾਨ ਤੇ ਪ੍ਰਗਟ ਹੋਏ ਬੱਦਲਾਂ ਨੂੰ ਗੇਰੂਆ, ਤਾਂਬਈ ਅਤੇ ਸੰਤਰੀ ਰੰਗ ਵਿਚ ਰੰਗ ਦਿਤਾ। ਫਿਰ ਜਿਵੇਂ ਜਿਵੇਂ ਸ਼ਾਮ ਘੁਸਮੁੱਸੇ ਵਿਚ ਬਦਲਦੀ ਗਈ, ਤਿਵੇਂ ਹੀ ਧੁੰਦਲੇ ਪ੍ਰਛਾਵੇਂ ਲਾਲੀ ਨਾਲ ਜੁੜਦੇ ਗਏ ਅਤੇ ਘੁਸਮੁੱਸਾ ਹਨੇਰੇ ਵਿਚ ਡੁੱਬਦਾ ਗਿਆ। ਸਟੇਸ਼ਨ ਹੁਣ ਕਾਲੀ ਕੰਧ ਹੀ ਬਣ ਗਿਆ ਸੀ। ਥੱਕ ਕੇ ਮਰਦ ਅਤੇ ਔਰਤਾਂ ਥੱਲੇ ਆਪਣੇ ਵਿਹੜਿਆਂ ਵਿਚ ਉਤਰਨ ਲੱਗੇ ਅਤੇ ਦੂਜਿਆਂ ਨੂੰ ਵੀ ਕਹਿੰਦੇ ਗਏ ਹੁਣ ਛੱਤਾਂ ਤੋਂ ਥੱਲੇ ਉਤਰਿਆ ਜਾਵੇ। ਉਹ ਨਹੀਂ ਚਾਹੁੰਦੇ ਸਨ ਕਿ ਪਿੱਛੇ ਰਹਿ ਗਏ ਕੁਝ ਦੇਖ ਲੈਣ ਅਤੇ ਨੀਚੇ ਉਤਰਨ ਵਾਲੇ ਉਸਤੋਂ ਇੱਕਲੇ ਹੀ ਵਿਰਵੇ ਰਹਿ ਜਾਣ।

ਉੱਤਰੀ ਦੁਮੇਲ, ਜੋ ਨੀਲੀ ਭਾਅ ਵਾਲਾ ਸੁਆਹ ਰੰਗਾ ਬਣ ਗਿਆ ਸੀ, ਫਿਰ ਸੰਤਰੀ ਰੰਗ ਵਿਚ ਵਟ ਗਿਆ। ਸੰਤਰੀ ਰੰਗ ਤਾਂਬਈ ਰੰਗ ਵਿਚ ਬਦਲ ਗਿਆ ਅਤੇ ਫਿਰ ਅਗੇ ਚਮਕਦਾਰ ਬਦਾਮੀ ਵਿਚ। ਲਾਟਾਂ ਦੀਆਂ ਲਾਲ ਜੀਭਾਂ ਕਾਲੇ ਆਸਮਾਨ ਵਿਚ ਉਚੀਆਂ ਉਠੀਆਂ। ਕੂਲੀ ਹਵਾ ਪਿੰਡ ਵੱਲ ਨੂੰ ਵਗਣ ਲੱਗੀ। ਇਸ ਨੇ ਬਲ ਰਹੇ ਮਿੱਟੀ ਦੇ ਤੇਲ ਦੀ ਬੋ ਲਿਆਂਦੀ ਅਤੇ ਫਿਰ ਲੱਕੜ ਦੇ ਜਲਣ ਦੀ ਗੰਧ। ਅਤੇ ਫਿਰ — ਮੁਰਝਾਏ ਹੋਏ ਮਾਸ ਦੀ ਕੁਝ ਕੁਝ ਤਿੱਖੀ ਗੰਧ।

ਪਿੰਡ ਮੌਤ ਵਰਗੀ ਖਾਮੋਸ਼ੀ ਵਿਚ ਗਤੀਹੀਣ ਹੋ ਗਿਆ। ਕਿਸੇ ਇਕ ਨੇ ਵੀ ਦੂਜੇ ਨੂੰ ਨਹੀਂ ਪੁਛਿਆ ਕਿ ਗੰਧ ਕਿਸ ਚੀਜ਼ ਦੀ ਆ ਰਹੀ ਹੈ। ਹਰ ਕਿਸੇ ਨੂੰ ਪਤਾ ਹੀ ਸੀ। ਉਨ੍ਹਾਂ ਨੂੰ ਇਸ ਦੀ ਹਮੇਸ਼ਾਂ ਹੀ ਪਛਾਣ ਰਹੀ ਸੀ। ਜਵਾਬ ਇਸ ਤੱਥ ਵਿਚ ਵੀ ਬੋਲਦਾ ਸੀ ਕਿ ਗੱਡੀ ਪਾਕਿਸਤਾਨ ਤੋਂ ਆਈ ਸੀ।

ਉਸ ਸੰਝ ਨੂੰ, ਮਨੋ ਮਾਜਰਾ ਦੀ ਯਾਦਾਸ਼ਤ ਵਿਚ ਪਹਿਲੀ ਵਾਰ ਹੋਇਆ ਕਿ, ਇਮਾਮ ਬਖ਼ਸ਼ ਦੀ ਜੋਸ਼ੀਲੀ ਬਾਂਗ ਅੱਲਾ ਦੀ ਉਸਤਤ ਕਰਨ ਲਈ ਜੰਨਤ ਤਕ ਨਹੀਂ ਗਈ।

## 2

ਦਿਨ ਦੀਆਂ ਘਟਨਾਵਾਂ ਨੇ ਡਾਕ ਬੰਗਲੇ ਤੇ ਵੀ ਨਿਰਾਸ਼ਾ ਫੇਰ ਦਿਤੀ। ਹੁਕਮ ਚੰਦ ਸਵੇਰ ਤੋਂ ਹੀ ਬਾਹਰ ਸੀ। ਜਦੋਂ ਦੁਪਹਿਰੇ ਉਸਦਾ ਅਰਦਲੀ ਸਟੇਸ਼ਨ ਤੋਂ ਚਾਹ ਦੀ ਥਰਮੋਸ ਅਤੇ ਸੈਂਡਵਿਚ ਲੈਣ ਆਇਆ ਤਾਂ ਉਸਨੇ ਸੇਵਾਦਾਰ ਅਤੇ ਸਫਾਈ ਸੇਵਕ ਨੂੰ ਗੱਡੀ ਬਾਰੇ ਦੱਸਿਆ। ਸ਼ਾਮ ਨੂੰ ਨੌਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਦਰੱਖਤਾਂ ਦੀਆਂ ਕਤਾਰਾਂ ਉਪਰੋਂ ਅੱਗ ਦੀਆਂ ਲਾਟਾਂ ਉਠਦੀਆਂ ਦੇਖੀਆਂ। ਅੱਗ ਨੇ ਬੰਗਲੇ ਦੀਆਂ ਖਾਕੀ ਕੰਧਾਂ ਉਤੇ ਸੋਗੀ ਮੁਸ਼ਕ ਵਾਲੀ ਰੋਸ਼ਨੀ ਦੀ ਝਾਲ ਫੇਰ ਦਿਤੀ।

ਦਿਨ ਭਰ ਦੇ ਕੰਮ ਨੇ ਹੁਕਮ ਚੰਦ ਦੀ ਬਸ ਕਰਵਾ ਦਿਤੀ ਸੀ। ਉਹਦੀ ਥਕਾਵਟ ਜਿਸਮਾਨੀ ਨਹੀਂ ਸੀ। ਏਨੀਆਂ ਲਾਸ਼ਾਂ ਦੇ ਦ੍ਰਿਸ਼ ਨੇ ਪਹਿਲਾਂ ਠੰਢਾਂ ਸੁੰਨ ਕਰ ਦਿਤਾ ਸੀ। ਕੁਝ ਘੰਟਿਆਂ ਮਗਰੋਂ ਹੀ ਉਹਦੀਆਂ ਸੰਵੇਦਨਾਵਾਂ ਮਰ ਗਈਆਂ ਸਨ। ਹੁਣ ਉਸਨੇ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਬਾਹਰ ਘਸੀਟੇ ਜਾਣ ਨੂੰ ਬਿਨਾਂ ਕਿਸੇ ਦਿਲਚਸਪੀ ਦੇ ਦੇਖਿਆ ਜਿਵੇਂ ਟਰੰਕ ਜਾਂ ਬਿਸਤਰੇ ਘਸੀਟੇ ਜਾ ਰਹੇ ਹੋਣ। ਪਰ ਸ਼ਾਮ ਹੋਣ ਤਕ ਉਸ ਨੇ ਆਪਣੇ ਆਪ ਨੂੰ ਇੱਕਲਾ ਅਤੇ ਦੁੱਖੀ ਮਹਿਸੂਸ ਕੀਤਾ। ਜਦੋਂ ਉਹ ਕਾਰ ਵਿਚੋਂ ਬਾਹਰ ਨਿਕਲਿਆ ਤਾਂ ਸਰੀਰ ਉਸ ਦਾ ਥੱਕਿਆ ਟੁੱਟਿਆ ਅਤੇ ਚਿਹਰਾ ਲੱਥਾ ਹੋਇਆ ਸੀ। ਸੇਵਾਦਾਰ, ਜਮਾਂਦਾਰ ਅਤੇ ਉਨ੍ਹਾਂ ਦੇ ਪਰਿਵਾਰ ਛੱਤਾਂ ਤੇ ਚੜ੍ਹੇ ਅੱਗ ਦੀਆਂ ਲਾਟਾਂ ਦੇਖ ਰਹੇ ਸਨ। ਹੁਕਮ ਚੰਦ ਨੂੰ ਕੁਝ ਉਡੀਕ ਕਰਨੀ ਪਈ ਕਿ ਉਹ ਥੱਲੇ ਉਤਰ ਕੇ ਦਰਵਾਜ਼ੇ ਖੋਲ੍ਹ ਸਕਣ। ਉਹਦੇ ਨਹਾਉਣ ਦਾ ਪਾਣੀ ਵੀ ਭਰਿਆ ਨਹੀਂ ਗਿਆ ਸੀ। ਹੁਕਮ ਚੰਦ ਨੂੰ ਲੱਗਿਆ ਜਿਵੇਂ ਉਸਦੀ ਕੋਈ ਪ੍ਰਵਾਹ ਨਹੀਂ ਹੋ ਰਹੀ ਅਤੇ ਇਸ ਨਾਲ ਉਹ ਹੋਰ ਨਿਰਾਸ਼ਾ ਵਿਚ ਚਲਾ ਗਿਆ। ਉਹ ਨੌਕਰਾਂ ਵਲੋਂ ਕੀਤੀ ਜਾ ਰਹੀ ਦੇਖਭਾਲ ਨੂੰ ਅਣਡਿੱਠ ਕਰਦਿਆਂ ਮੰਜੇ ਤੇ ਲੇਟ ਗਿਆ। ਇਕ ਨੌਕਰ ਨੇ ਉਹਦੇ ਬੂਟਾਂ ਦੇ ਤਸਮੇ ਖੋਲ੍ਹੇ, ਬੂਟ ਉਤਾਰੇ ਅਤੇ ਉਹਦੇ ਪੈਰ ਦਬਾਉਣੇ ਆਰੰਭ ਦਿਤੇ। ਦੂਜੇ ਨੇ ਪਾਣੀ ਦੀਆਂ ਬਾਲਟੀਆਂ ਲਿਆਂਦੀਆਂ ਅਤੇ ਇਸ਼ਨਾਨ ਟੱਬ ਭਰ ਦਿਤਾ। ਨੌਕਰ ਨੂੰ ਲਗਭਗ ਲੱਤ ਮਾਰਦਿਆਂ ਵਾਂਗ, ਮਜਿਸਟ੍ਰੇਟ ਇਕਦੱਮ ਉਠਿਆ ਅਤੇ ਇਸ਼ਨਾਨ ਕਮਰੇ ਵਿਚ ਜਾ ਵੜਿਆ।

ਇਸ਼ਨਾਨ ਕਰਨ ਅਤੇ ਕਪੜੇ ਬਦਲਣ ਮਗਰੋਂ, ਹੁਕਮ ਚੰਦ ਨੇ ਕੁਝ ਤਾਜ਼ਗੀ ਮਹਿਸੂਸ ਕੀਤੀ। ਪੱਖੇ ਦੀ ਹਵਾ ਠੰਢੀ ਅਤੇ ਸੁੱਖਮਈ ਸੀ। ਉਸ ਦੀਆਂ ਬੰਦ ਅੱਖਾਂ ਦੇ ਹਨੇਰੇ ਕਮਰਿਆਂ ਵਿਚ ਦਿਨ ਦੀਆਂ ਘਟਨਾਵਾਂ ਦੇ ਦ੍ਰਿਸ਼ ਵਾਰੀ ਵਾਰੀ ਆਉਣ ਲਗ ਪਏ। ਉਨ੍ਹੇ ਆਪਣੀਆਂ ਉਂਗਲਾਂ ਅੱਖਾਂ ਉਤੇ ਦਬਾਕੇ ਇਨ੍ਹਾਂ ਦਰਦਨਾਕ ਦ੍ਰਿਸ਼ਾਂ ਨੂੰ ਕੁਚਲਣ ਦੀ ਕੋਸ਼ਸ਼ ਕੀਤੀ। ਮੂਰਤਾਂ ਕੇਵਲ ਹੋਰ ਕਾਲੀਆਂ ਅਤੇ ਹੋਰ ਲਾਲ ਹੋ ਗਈਆਂ ਅਤੇ ਫਿਰ ਪਰਤ ਆਈਆਂ। ਇਕ ਬੰਦੇ ਨੇ ਆਪਣੀਆਂ ਅੰਤੜੀਆਂ

ਫੜੀਆਂ ਹੋਈਆਂ ਸਨ ਅਤੇ ਉਹਦੀਆਂ ਅੱਖਾਂ ਕਹਿ ਰਹੀਆਂ ਸਨ, "ਦੇਖੋ, ਮੇਰੇ ਨਾਲ ਕੀ ਵਾਪਰਿਆ।" ਇਕ ਕੋਨੇ ਵਿਚ ਔਰਤਾਂ ਅਤੇ ਬੱਚਿਆਂ ਦਾ ਢੇਰ ਲੱਗਿਆ ਹੋਇਆ ਸੀ, ਉਨ੍ਹਾਂ ਦੀਆਂ ਅੱਖਾਂ ਡਰ ਨਾਲ ਫੈਲੀਆਂ ਹੋਈਆਂ ਸਨ ਅਤੇ ਮੂੰਹ ਅਜੇ ਵੀ ਖੁਲ੍ਹੇ ਸਨ ਜਿਵੇਂ ਹੁਣੇ ਹੁਣੇ ਉਨ੍ਹਾਂ ਦੀਆਂ ਚੀਕਾਂ ਦੀ ਆਵਾਜ਼ ਮਰੀ ਹੋਵੇ। ਉਨ੍ਹਾਂ ਵਿਚੋਂ ਕੁਝ ਦੇ ਤਾਂ ਜਿਸਮਾਂ ਉਤੇ ਇਕ ਵੀ ਝਰੀਟ ਦਾ ਨਿਸ਼ਾਨ ਨਹੀਂ ਸੀ। ਬਹੁਤ ਸਾਰੀਆਂ ਲਾਸ਼ਾਂ ਡੱਬੇ ਦੀ ਦੂਰ ਵਾਲੀ ਕੰਧ ਨਾਲ ਤੂੜੀਆਂ ਪਈਆਂ ਸਨ ਜੋ ਖੁਲ੍ਹੀਆਂ ਖਿੜਕੀਆਂ ਵੱਲ ਘੂਰ ਕੇ ਦੇਖ ਰਹੀਆਂ ਸਨ ਜਿਥੋਂ ਗੋਲ਼ੀਆਂ, ਬਰਛੇ ਅਤੇ ਟੱਕੂਏ ਆਏ ਹੋਣਗੇ। ਸ਼ੌਚਾਲੇ ਨੌਜਵਾਨਾਂ ਦੀਆਂ ਲਾਸ਼ਾਂ ਨਾਲ ਠਸਾ-ਠੱਸ ਭਰੇ ਪਏ ਸਨ ਕਿਉਂਕਿ ਇਹ ਗਭਰੂ ਹਿੱਕ ਦੇ ਜ਼ੋਰ ਨਾਲ ਮੁਕਾਬਲਤਨ ਸੁਰਖਿਅਤ ਥਾਂ ਉਤੇ ਘੁੱਸ ਗਏ ਹੋਣਗੇ। ਸਾਰੇ ਪਾਸੇ ਫੈਲੇ ਮਾਸ, ਗੰਦ ਅਤੇ ਪਿਸ਼ਾਬ ਦੀ ਸੜ੍ਹਾਂਦ ਮਾਰਦੀ ਬੋ ਤੋਂ ਬੰਦਾ ਉਲਟੀ ਆਉਂਦੀ ਮਹਿਸੂਸ ਕਰਦਾ ਸੀ। ਇਸ ਦੇ ਖਿਆਲ ਨੇ ਹੀ ਹੁਕਮ ਚੰਦ ਦੇ ਮੂੰਹ ਵਿਚ ਉਲਟੀ ਆਉਣ ਵਾਲੀ ਕਰ ਦਿਤੀ। ਸਭ ਤੋਂ ਉਘੜਵੀਂ ਤਸਵੀਰ ਲੰਮੀ ਚਿੱਟੀ ਦਾੜ੍ਹੀ ਵਾਲੇ ਬੁੱਢੇ ਕਿਸਾਨ ਦੀ ਸੀ; ਉਹ ਮਰਿਆ ਕੱਤਈ ਨਹੀਂ ਲੱਗਦਾ ਸੀ। ਉਹ ਸਮਾਨ ਵਾਲੇ ਫੱਟੇ ਉਤੇ ਬਿਸਤਰਿਆਂ ਦੀਆਂ ਗੰਢਾਂ ਵਿਚਾਲੇ ਫਸਿਆ ਹੋਇਆ ਬੈਠਾ ਥੱਲੇ ਵਾਪਰ ਰ਼ਹੇ ਨੂੰ ਗਮਗੀਨ ਅੱਖਾਂ ਨਾਲ ਦੇਖ ਰਿਹਾ ਸੀ। ਜੰਮੇ ਹੋਏ ਖੂਨ ਦੀ ਇਕ ਪਤਲੀ ਕਿਰਮਚੀ ਲਾਈਨ ਉਹਦੇ ਕੰਨ ਤੋਂ ਚਲਕੇ ਦਾੜ੍ਹੀ ਤਕ ਪਸਰੀ ਹੋਈ ਸੀ। ਹੁਕਮ ਚੰਦ ਨੇ ਮੋਢੇ ਤੋਂ ਫੜਕੇ ਉਸ ਨੂੰ ਹਿਲਾਇਆ ਸੀ: "ਬਾਬਾ, ਬਾਬਾ!" ਇਹ ਸੋਚਦਿਆਂ ਕਿ ਉਹ ਜਿਉਂਦਾ ਹੈ। ਉਹ ਜਿਉਂਦਾ ਹੀ ਸੀ। ਉਹਦਾ ਠੰਢਾ ਹੱਥ ਬੇਢੰਗਾ ਜਿਹਾ ਅਗੇ ਵਧਿਆ ਅਤੇ ਡਿਪਟੀ ਦੇ ਸੱਜੇ ਪੈਰ ਨੂੰ ਘੁੱਟ ਲਿਆ। ਹੁਕਮ ਚੰਦ ਸਾਰੇ ਦਾ ਸਾਰਾ ਪਸੀਨੋ ਪਸੀਨੀ ਹੋ ਗਿਆ। ਉਸ ਨੇ ਚੀਕਣ/ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਸਿਰਫ ਆਪਣਾ ਮੂੰਹ ਹੀ ਖੋਲ੍ਹ ਸਕਿਆ। ਹੱਥ ਹੌਲੀ ਹੌਲੀ ਗਿੱਟੇ ਤੋਂ ਚਲਕੇ ਪਿੰਜਣੀ ਤਕ ਅਤੇ ਪਿੰਜਣੀ ਤੋਂ ਚਲਕੇ ਗੋਡੇ ਤਕ ਪਹੁੰਚ ਗਿਆ ਅਤੇ ਸਾਰਾ ਰਸਤਾ ਉਸਨੇ ਜ਼ੋਰ ਨਾਲ ਲੱਤ ਨੂੰ ਘੁੱਟਦਿਆਂ ਹੀ ਤੈਅ ਕੀਤਾ। ਹੁਕਮ ਚੰਦ ਨੇ ਫਿਰ ਸ਼ੋਰ ਮਚਾਉਣ ਦੀ ਕੋਸ਼ਿਸ਼ ਕੀਤੀ। ਪਰ ਉਸ ਦੀ ਆਵਾਜ਼ ਉਸ ਦੇ ਗਲ਼ ਵਿਚ ਹੀ ਫਸੀ ਰਹਿ ਗਈ। ਹੱਥ ਉਪਰ ਨੂੰ ਚੜ੍ਹਦਾ ਗਿਆ। ਜਦੋਂ ਹੱਥ ਨੇ ਉਸ ਦੇ ਪੱਟ ਦਾ ਨਰਮ ਹਿੱਸਾ ਛੂਹ ਲਿਆ ਤਾਂ ਇਸ ਦੀ ਪਕੜ ਢਿੱਲੀ ਪੈ ਗਈ। ਹੁਕਮ ਚੰਦ ਨੇ ਹੂੰਗਰਨਾ ਸ਼ੁਰੂ ਕਰ ਦਿਤਾ ਅਤੇ ਅਖੀਰ ਪੂਰੇ ਯਤਨ ਨਾਲ ਉਹ ਦੁਖਦਾਈ ਚੀਕ ਮਾਰਕੇ ਭਿਆਨਕ ਸੁਪਨੇ ਚੋਂ ਨਿਕਲ ਆਇਆ। ਉਹ ਉਠ ਕੇ ਬੈਠ ਗਿਆ। ਉਸ ਦੀਆਂ ਅੱਖਾਂ ਵਿਚੋਂ ਡਰ ਝਲਕ ਰਿਹਾ ਸੀ।

ਉਸ ਦੇ ਕੋਲ ਹੀ ਸੇਵਾਦਾਰ ਖੜ੍ਹਾ ਸੀ। ਉਹ ਵੀ ਏਨਾ ਹੀ ਡਰਿਆ ਹੋਇਆ ਸੀ।

"ਮੈਂ ਸੋਚਿਆ ਕਿ ਸਾਹਿਬ ਥਕੇ ਹੋਏ ਹਨ, ਪੈਰ ਘੁੱਟਣਾ ਤੁਹਾਨੂੰ ਚੰਗਾ ਲੱਗੇ ਗਾ।"

ਹੁਕਮ ਚੰਦ ਕੁਝ ਵੀ ਬੋਲ ਨਾ ਸਕਿਆ। ਉਨ੍ਹੇ ਆਪਣੇ ਮੱਥੇ ਤੋਂ ਮੁੜ੍ਹਕਾ

ਪੂੰਝਿਆ। ਉਹ "ਹੇ ਰਾਮ, ਹੇ ਰਾਮ" ਕਰਦਾ ਵਾਪਸ ਸਿਰਹਾਣੇ ਤੇ ਟੇਢਾ ਹੋ ਗਿਆ। ਘਬਰਾਹਟ ਦੇ ਭੜਾਕੇ ਨੇ ਉਸ ਦਾ ਡਰ ਖਤਮ ਕਰ ਦਿਤਾ। ਉਸ ਨੇ ਕਮਜ਼ੋਰੀ ਅਤੇ ਮੂਰਖਤਾ ਅਨੁਭਵ ਕੀਤੀ। ਕੁਝ ਸਮੇਂ ਮਗਰੋਂ ਉਸ ਨੂੰ ਸ਼ਾਂਤ ਭਾਵਨਾ ਮਹਿਸੂਸ ਹੋਈ।

"ਕੁਝ ਵਿਸਕੀ ਲਿਆਦੇ ਮੈਨੂੰ।"

ਸੇਵਾਦਾਰ ਨੇ ਇਕ ਟਰੇਅ ਵਿਚ ਵਿਸਕੀ, ਸੋਡਾ ਅਤੇ ਗਲਾਸ ਲਿਆ ਦਿਤਾ। ਹੁਕਮ ਚੰਦ ਨੇ ਸ਼ਹਿਦ ਰੰਗੀ ਵਿਸਕੀ ਨਾਲ ਚੌਥਾ ਹਿਸਾ ਗਲਾਸ ਭਰ ਲਿਆ। ਬਾਕੀ ਦਾ ਸੇਵਾਦਾਰ ਨੇ ਸੋਡੇ ਨਾਲ ਭਰ ਦਿਤਾ। ਮਜਿਸਟ੍ਰੇਟ ਨੇ ਇਕੋ ਵਾਰ ਵਿਚ ਅੱਧਾ ਗਲਾਸ ਪੀ ਲਿਆ ਅਤੇ ਵਾਪਸ ਲੇਟ ਗਿਆ। ਸ਼ਰਾਬ ਨੇ ਉਹ ਦੇ ਜਿਸਮ ਵਿਚ ਜਾ ਕੇ ਮਾਂਦ ਪਈਆਂ ਉਸ ਦੀਆਂ ਨਸਾਂ ਵਿਚ ਜਾਨ ਭਰ ਦਿਤੀ। ਨੌਕਰ ਨੇ ਫਿਰ ਪੈਰ ਦਬਾਉਣੇ ਆਰੰਭ ਦਿਤੇ। ਤਾਜ਼ਗੀ ਅਤੇ ਮਨਮੋਹਕ ਥਕਾਵਟ ਮਹਿਸੂਸ ਕਰਦਿਆਂ, ਉਹ ਛੱਤ ਵੱਲ ਦੇਖਦਾ ਰਿਹਾ। ਜਮਾਂਦਾਰ ਨੇ ਕਮਰਿਆਂ ਵਿਚ ਲੈਂਪ ਬਾਲਣੇ ਸ਼ੁਰੂ ਕਰ ਦਿਤੇ। ਇਕ ਲੈਂਪ ਉਸ ਨੇ ਹੁਕਮ ਚੰਦ ਦੇ ਮੰਜੇ ਦੇ ਨਾਲ ਪਏ ਮੇਜ਼ ਤੇ ਰਖ ਦਿਤਾ। ਇਕ ਭਮੱਕੜ ਚਿਮਨੀ ਦੇ ਦੁਆਲੇ ਚੱਕਰ ਲਾਉਂਦਾ ਛੱਤ ਵੱਲ ਉਡ ਗਿਆ। ਕਿਰਲੀਆਂ ਕੰਧ ਉਤੇ ਝਪਟ ਕੇ ਉਪਰ ਨੂੰ ਵਧੀਆਂ। ਪਰ ਭਮੱਕੜ ਛੱਤ ਉਤੇ ਕਿਰਲੀ ਦੀ ਝਪਟ ਤੋਂ ਕਾਫੀ ਦੂਰ ਟਕਰਾਇਆ ਸੀ ਅਤੇ ਫਿਰ ਵਾਪਸ ਲੈਂਪ ਵੱਲ ਉਡ ਪਿਆ ਸੀ। ਕਿਰਲੀਆਂ ਆਪਣੀਆਂ ਚਮਕਦਾਰ ਕਾਲੀਆਂ ਅੱਖਾਂ ਨਾਲ ਝਾਕਦੀਆਂ ਹੀ ਰਹਿ ਗਈਆਂ। ਭਮੱਕੜ ਫਿਰ ਉਪਰ ਛੱਤ ਵੱਲ ਨੂੰ ਅਤੇ ਵਾਪਸ ਹੇਠਾਂ ਨੂੰ ਚੱਕਰਦਾਰ ਉਡਾਣ ਭਰਦਾ ਰਿਹਾ। ਹੁਕਮ ਚੰਦ ਜਾਣਦਾ ਸੀ ਕਿ ਜੇ ਭਮੱਕੜ ਇਕ ਸਕਿੰਟ ਲਈ ਵੀ ਛੱਤ ਤੇ ਬੈਠ ਗਿਆ ਤਾਂ ਇਕ ਕਿਰਲੀ ਤੁਰੰਤ ਹੀ ਇਸ ਨੂੰ ਫੜਫੜਾਉਂਦੇ ਨੂੰ ਆਪਣੇ ਮੱਗਰਮੱਛ ਵਰਗੇ ਜਬਾੜਿਆਂ ਵਿਚ ਪਕੜ ਲਵੇਗੀ। ਸ਼ਾਇਦ ਇਹੋ ਇਸਦੀ ਹੋਣੀ ਵੀ ਹੈ। ਇਹ ਹਰ ਕਿਸੇ ਦੀ ਹੋਣੀ ਹੈ। ਹਸਪਤਾਲਾਂ ਵਿਚ ਹੋਵੇ ਜਾਂ ਰੇਲ ਗੱਡੀਆਂ ਵਿਚ ਹੋਵੇ ਜਾਂ ਕਿਸੇ ਕਿਰਲੀ ਦੇ ਜਬਾੜਿਆਂ ਵਿਚ ਹੋਵੇ, ਹੋਣੀ ਤਾਂ ਇਕੋ ਹੀ ਹੈ। ਇਹ ਵੀ ਹੋ ਸਕਦਾ ਹੈ ਕਿ ਬੰਦਾ ਇਕੱਲਾ ਹੀ ਆਪਣੇ ਬਿਸਤਰ ਵਿਚ ਚਲਾਣਾ ਕਰ ਜਾਵੇ ਅਤੇ ਕਿਸੇ ਨੂੰ ਵੀ ਉਦੋਂ ਤਕ ਪਤਾ ਨਾ ਚਲੇ ਜਦੋਂ ਤਕ ਕਿ ਮੁਸ਼ਕ ਸਾਰੇ ਪਾਸੇ ਨਾ ਫੈਲ ਜਾਵੇ ਅਤੇ ਉਹਦੀਆਂ ਅੱਖਾਂ ਦੀ ਕੋਠੀ ਵਿਚੋਂ ਕੀੜੇ ਆਵਾਜਾਈ ਨਾ ਆਰੰਭ ਦੇਣ ਅਤੇ ਕਿਰਲੀਆਂ ਆਪਣੇ ਪਤਲੇ ਚਿਪਚਿਪੇ ਪੇਟ ਨਾਲ ਬੰਦੇ ਦੇ ਮੂੰਹ ਉਤੇ ਦੌੜਦੀਆਂ ਨਾ ਫਿਰਨ। ਹੁਕਮ ਚੰਦ ਨੇ ਆਪਣੇ ਹੱਥਾਂ ਨਾਲ ਆਪਣੇ ਚਿਹਰੇ ਨੂੰ ਪੂੰਝਿਆ। ਬੰਦਾ ਆਪਣੇ ਮਨ ਤੋਂ ਕਿਵੇਂ ਬਚ ਸਕਦਾ ਹੈ! ਉਸ ਨੇ ਗਲਾਸ ਵਿਚ ਪਈ ਬਾਕੀ ਦੀ ਵਿਸਕੀ ਨੂੰ ਆਪਣੇ ਅੰਦਰ ਸੁਟਿਆ ਅਤੇ ਆਪ ਹੀ ਇਕ ਹੋਰ ਗਲਾਸ ਬਣਾ ਲਿਆ।

ਮੌਤ ਹਮੇਸ਼ਾਂ ਹੀ ਹੁਕਮ ਚੰਦ ਤੇ ਮਾਨਸਿਕ ਬੋਝ ਬਣਕੇ ਸਵਾਰ ਰਹੀ ਸੀ। ਜਦੋਂ ਉਹ ਹਾਲੇ ਬੱਚਾ ਹੀ ਸੀ ਤਾਂ ਉਸ ਨੇ ਆਪਣੀ ਇਕ ਚਾਚੀ ਨੂੰ ਮੁਰਦਾ ਬੱਚਾ ਜੰਮਣ ਮਗਰੋਂ ਮਰਦਿਆਂ ਤੱਕਿਆ ਸੀ। ਉਸ ਦੇ ਸਾਰੇ ਜਿਸਮ ਵਿਚ ਹੀ ਜ਼ਹਿਰ ਫੈਲ ਗਿਆ

ਸੀ। ਕਿੰਨੇ ਹੀ ਦਿਨਾਂ ਤਕ ਉਹ ਮਨੋਭ੍ਰਾਂਤੀਆਂ ਦੀ ਸ਼ਿਕਾਰ ਰਹੀ। ਉਹ ਆਪਣੇ ਮੰਜੇ ਦੀ ਪੈਂਦ ਕੋਲ ਫਿਰਦੀ ਮੌਤ ਦੇ ਪ੍ਰੇਤ ਨੂੰ ਬਾਹਾਂ ਚੁੱਕ ਚੁੱਕ ਕੇ ਪਾਗਲਾਂ ਵਾਂਗ ਭਜਾਉਂਦੀ ਰਹੀ। ਉਹ ਡਰ ਨਾਲ ਚੀਕਾਂ ਮਾਰਦੀ ਹੋਈ, ਕੰਧ ਵੱਲ ਘੂਰਦੀ ਅਤੇ ਇਸ਼ਾਰੇ ਕਰਦੀ ਹੋਈ ਮਰ ਗਈ ਸੀ। ਇਹ ਦ੍ਰਿਸ਼ ਕਦੇ ਵੀ ਹੁਕਮ ਚੰਦ ਦੇ ਮਨ ਵਿਚੋਂ ਦੂਰ ਨਹੀਂ ਗਿਆ। ਮਗਰੋਂ ਆਪਣੀ ਜਵਾਨੀ ਵਿਚ ਉਸ ਨੇ ਯੂਨੀਵਰਸਿਟੀ ਦੇ ਲਾਗਲੇ ਕਬਰਿਸਤਾਨ ਵਿਚ ਕਈ ਘੰਟੇ ਗੁਜ਼ਾਰ ਕੇ ਮੌਤ ਦਾ ਡਰ ਲਾਹਿਆ ਸੀ। ਉਸ ਨੇ ਦੇਖਿਆ ਕਿ ਕਿਵੇ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਕੱਚਘਰੜ ਬਾਂਸ ਦੀਆਂ ਅਰਥੀਆਂ ਤੇ ਲਿਆਇਆ ਜਾਂਦਾ ਸੀ, ਵੈਣ ਪਾਏ ਜਾਂਦੇ ਸਨ ਅਤੇ ਅਖੀਰ ਸਾੜ ਦਿਤਾ ਜਾਂਦਾ ਸੀ। ਕਬਰਿਸਤਾਨ ਦੀਆਂ ਫੇਰੀਆਂ ਉਸ ਨੂੰ ਸਕੂਨ ਦਾ ਅਹਿਸਾਸ ਦਿੰਦੀਆਂ ਸਨ। ਉਸ ਨੇ ਮੌਤ ਦੀ ਫੌਰੀ ਦਹਿਸ਼ਤ ਉਤੇ ਕਾਬੂ ਪਾ ਲਿਆ ਸੀ, ਪਰ ਅੰਤਮ ਤੌਰ ਤੇ ਖਤਮ ਹੋ ਜਾਣ ਦਾ ਵਿਚਾਰ ਉਸ ਦੇ ਮਨ ਵਿਚ ਸਦਾ ਹੀ ਬਣਿਆ ਰਿਹਾ। ਇਸ ਨੇ ਉਸ ਨੂੰ ਕਿਰਪਾਲੂ, ਉਪਕਾਰੀ ਅਤੇ ਸਹਿਣਸ਼ੀਲ ਬਣਾ ਦਿਤਾ ਸੀ। ਇਸ ਨੇ ਉਸ ਨੂੰ ਮੁਸ਼ਕਲ ਦੇ ਸਮੇਂ ਵਿਚ ਵੀ ਹਸਮੁੱਖ ਰਹਿਣਾ ਸਿਖਾ ਦਿਤਾ ਸੀ। ਆਪਣੇ ਬੱਚਿਆਂ ਦਾ ਵਿਛੋੜਾ ਵੀ ਉਸ ਨੇ ਸਿਥਲ ਸਬਰ-ਸੰਤੋਖ ਨਾਲ ਜਰ ਲਿਆ ਸੀ। ਉਸ ਨੇ ਅਨਪੜ੍ਹ ਤੇ ਬਦਸ਼ਕਲ ਪਤਨੀ ਨਾਲ ਬਿਨਾਂ ਕਿਸੇ ਸ਼ਿਕਾਇਤ ਤੋਂ ਗੁਜ਼ਾਰਾ ਕਰ ਲਿਆ ਸੀ। ਇਹ ਸਭ ਕੁਝ ਉਸ ਦੇ ਇਸ ਵਿਸ਼ਵਾਸ ਵਿਚੋਂ ਸੰਭਵ ਹੋਇਆ ਸੀ ਕਿ ਅੰਤਮ ਸਚਾਈ ਤਾਂ ਮੌਤ ਹੀ ਹੈ। ਬਾਕੀ ਸਭ ਕੁਝ — ਪਿਆਰ, ਅਭਿਲਾਸ਼ਾ, ਮਾਣ, ਹਰ ਕਿਸਮ ਦੀਆਂ ਕਦਰਾਂ — ਨੂੰ ਤਾਂ ਸ਼ੱਕ ਸਮੇਤ ਹੀ ਲਿਆ ਜਾ ਸਕਦਾ ਹੈ। ਉਹ ਇਹ ਸਭ ਸਾਫ ਜ਼ਮੀਰ ਨਾਲ ਕਰਦਾ ਸੀ। ਭਾਵੇਂ ਉਹ ਤੋਹਫੇ ਪ੍ਰਵਾਨ ਕਰ ਲੈਂਦਾ ਸੀ ਅਤੇ ਮੁਸੀਬਤ ਵੇਲੇ ਦੋਸਤਾਂ ਦੀ ਮਦਦ ਵੀ ਕਰ ਦਿੰਦਾ ਸੀ, ਪਰ ਉਹ ਭ੍ਰਿਸ਼ਟ ਨਹੀਂ ਸੀ। ਉਹ ਕਦੇ ਕਦਾਈਂ ਪਾਰਟੀਆਂ ਵਿਚ ਵੀ ਸ਼ਾਮਲ ਹੋ ਜਾਂਦਾ ਸੀ, ਜੋ ਨਾਚ ਗਾਣੇ ਲਈ ਹੁੰਦੀਆਂ ਸਨ ਜਾਂ ਕਈ ਵਾਰੀ ਕਾਮ ਸੰਭੋਗ ਲਈ ਵੀ ਹੋ ਸਕਦੀਆਂ ਸਨ, ਪਰ ਉਹ ਬਦਇਖਲਾਕ ਨਹੀਂ ਸੀ। ਅੰਤਮ ਤੌਰ ਤੇ ਕਿਹੜੀ ਗੱਲ ਮਾਇਨੇ ਰਖਦੀ ਹੈ? ਇਹੋ ਹੁਕਮ ਚੰਦ ਦੀ ਜ਼ਿੰਦਗੀ ਦਾ ਤੱਤਸਾਰ ਸੀ ਅਤੇ ਉਹ ਚੰਗਾ ਜੀਵਨ ਜਿਉਂਦਾ ਸੀ।

ਪਰ ਲਾਸ਼ਾਂ ਨਾਲ ਭਰੀ ਹੋਈ ਗੱਡੀ ਹੁਕਮ ਚੰਦ ਦੀ ਭਾਗਵਾਦੀ ਸੋਚ ਨੂੰ ਵੀ ਹਜ਼ਮ ਨਹੀਂ ਸੀ ਹੁੰਦੀ। ਮੌਤ ਦੀ ਅਟੱਲਤਾ ਵਿਚ ਦਾਰਸ਼ਨਿਕ ਵਿਸ਼ਵਾਸ ਨਾਲ ਵੀ ਉਹ ਕਤਲਾਮ ਉਤੇ ਲਕੀਰ ਨਹੀਂ ਸੀ ਫੇਰ ਸਕਦਾ। ਇਸ ਦੀ ਹਿੰਸਾ ਅਤੇ ਆਕਾਰ ਨੇ ਉਸ ਨੂੰ ਪ੍ਰੇਸ਼ਾਨ ਵੀ ਕਰ ਦਿਤਾ ਸੀ ਅਤੇ ਡਰਾ ਵੀ ਦਿਤਾ ਸੀ। ਆਪਣੀ ਜੀਭ ਨੂੰ ਦੰਦੀ ਵੱਢਦੀ, ਮੂੰਹ ਵਿਚੋਂ ਵਗਦੇ ਲਹੂ ਵਾਲੀ ਅਤੇ ਆਸੇ ਪਾਸੇ ਨੂੰ ਘੂਰਦੀਆਂ ਅੱਖਾਂ ਵਾਲੀ, ਉਸ ਦੀ ਚਾਚੀ ਦੀ ਸਗਵੀਂ ਡਰਾਉਣੀ ਤਸਵੀਰ ਉਸ ਦੇ ਸਾਹਮਣੇ ਆ ਖੜ੍ਹੀ ਹੋਈ। ਵਿਸਕੀ ਵੀ ਇਸ ਮੂਰਤ ਨੂੰ ਪਾਸੇ ਨਹੀਂ ਲਿਜਾ ਸਕੀ।

ਕਮਰੇ ਨੂੰ ਕਾਰ ਦੀਆਂ ਹੈੱਡ ਲਾਈਟਾਂ ਦੀ ਰੋਸ਼ਨੀ ਨੇ ਨੁਹਾ ਦਿਤਾ ਅਤੇ ਫਿਰ ਪਹਿਲਾਂ ਨਾਲੋਂ ਵੀ ਵਧੇਰੇ ਹਨੇਰੇ ਵਿਚ ਡੋਬ ਦਿਤਾ। ਕਾਰ ਨੂੰ ਸ਼ਾਇਦ ਗੈਰੇਜ ਵਿਚ ਲਾ

ਦਿਤਾ ਗਿਆ ਸੀ। ਹੁਕਮ ਚੰਦ ਆ ਰਹੀ ਰਾਤ ਬਾਰੇ ਚੇਤੰਨ ਹੋ ਗਿਆ। ਨੌਕਰ ਲੋਕ ਜਲਦ ਹੀ ਆਪਣੇ ਕੁਆਟਰਾਂ ਨੂੰ ਚਲੇ ਜਾਣਗੇ ਅਤੇ ਆਪਣੀਆਂ ਬੀਵੀਆਂ ਅਤੇ ਬੱਚਿਆਂ ਨਾਲ ਘਿਰੇ ਹੋਏ ਐਸ਼ ਨਾਲ ਸੌਂ ਜਾਣਗੇ। ਉਹ ਖਾਲੀ ਕਮਰਿਆਂ ਵਾਲੇ ਡਾਕ ਬੰਗਲੇ ਵਿਚ ਇਕੱਲਾ ਰਹਿ ਜਾਵੇਗਾ। ਜਿਨ੍ਹਾਂ ਕਮਰਿਆਂ ਵਿਚ ਉਸਦੀ ਆਪਣੀ ਕਲਪਣਾ ਵਲੋਂ ਸਿਰਜੇ ਹੋਏ ਭੂਤ ਪ੍ਰੇਤਾਂ ਦਾ ਵਾਸਾ ਵੀ ਹੋਵੇਗਾ। ਨਹੀਂ! ਨਹੀਂ! ਉਹ ਲਾਜ਼ਮੀ ਅਰਦਲੀਆਂ ਨੂੰ ਆਪਣੇ ਕਿਤੇ ਲਾਗੇ ਹੀ ਸੌਣ ਲਈ ਆਖੇਗਾ। ਸ਼ਾਇਦ ਵਰਾਂਡੇ ਵਿਚ? ਕਿਤੇ ਉਹ ਸ਼ੱਕ ਤਾਂ ਨਹੀਂ ਕਰਨਗੇ ਕਿ ਉਹ ਡਰ ਰਿਹਾ ਹੈ? ਉਹ ਉਨ੍ਹਾਂ ਨੂੰ ਕਹੇਗਾ ਕਿ ਰਾਤ ਨੂੰ ਕਿਸੇ ਵੇਲੇ ਵੀ ਉਨ੍ਹਾਂ ਦੀ ਲੋੜ ਪੈ ਸਕਦੀ ਹੈ, ਇਸ ਲਈ ਉਸ ਦੇ ਨਜ਼ਦੀਕ ਹੀ ਹੋਣੇ ਚਾਹੀਦੇ ਹਨ। ਇਸ ਨਾਲ ਕੋਈ ਸ਼ੱਕ ਨਹੀਂ ਪੈਦਾ ਹੋਵੇ ਗਾ।

"ਬੈਹਰਾ!"

"ਜੀ, ਸਾਹਿਬ।" ਨੌਕਰ ਜਾਲੀ ਵਾਲੇ ਦਰਵਾਜ਼ੇ ਵਿਚੋਂ ਅੰਦਰ ਆ ਗਿਆ।

"ਰਾਤ ਨੂੰ ਸੌਣ ਲਈ ਮੇਰਾ ਮੰਜਾ ਕਿਥੇ ਡਾਹਿਆ ਗਿਆ ਹੈ?"

"ਸਾਹਿਬ ਦਾ ਮੰਜਾ ਅਜੇ ਕਿਤੇ ਨਹੀਂ ਡਾਹਿਆ। ਬੱਦਲਵਾਈ ਹੈ ਅਤੇ ਰਾਤ ਨੂੰ ਹੋ ਸਕਦਾ ਹੈ ਕਿ ਬਾਰਸ਼ ਹੀ ਹੋ ਜਾਵੇ, ਕੀ ਹਜ਼ੂਰ ਵਰਾਂਡੇ ਵਿਚ ਪੈਣਾ ਪਸੰਦ ਕਰਨਗੇ ?"

"ਨਹੀਂ, ਮੈਂ ਆਪਣੇ ਕਮਰੇ ਵਿਚ ਪਵਾਂਗਾ। ਮੁੰਡਾ ਇਕ ਜਾਂ ਦੋ ਘੰਟੇ ਲਈ, ਠੰਢ ਹੋਣ ਤਕ ਪੱਖਾ ਕਰ ਦੇਵੇਗਾ। ਅਰਦਰਲੀਆਂ ਨੂੰ ਕਹਿ ਦੇਵੋ ਕਿ ਵਰਾਂਡੇ ਵਿਚ ਪੈ ਜਾਣ। ਰਾਤ ਨੂੰ ਕਿਸੇ ਜ਼ਰੂਰੀ ਕੰਮ ਲਈ ਮੈਨੂੰ ਉਨ੍ਹਾਂ ਦੀ ਜ਼ਰੂਰਤ ਪੈ ਸਕਦੀ ਹੈ," ਉਨ੍ਹੇ ਬਿਨਾਂ ਨੌਕਰ ਵੱਲ ਦੇਖਦਿਆਂ ਕਿਹਾ।

"ਠੀਕ ਹੈ, ਜਨਾਬ। ਮੈਂ ਉਨ੍ਹਾਂ ਨੂੰ ਹੁਣੇ ਜਾ ਕੇ ਦੱਸ ਦਿੰਦਾਂ ਤਾਂ ਕਿ ਉਹ ਕਿਤੇ ਸੌਣ ਲਈ ਨਾ ਚਲੇ ਜਾਣ। ਸਾਹਿਬ ਦਾ ਖਾਣਾ ਲਿਆਵਾਂ ਜੀ?"

ਹੁਕਮ ਚੰਦ ਰਾਤ ਦੇ ਖਾਣੇ ਬਾਰੇ ਤਾਂ ਭੁੱਲ ਹੀ ਗਿਆ ਸੀ।

"ਨਹੀਂ, ਮੈਨੂੰ ਖਾਣੇ ਦੀ ਲੋੜ ਨਹੀਂ। ਬਸ ਅਰਦਲੀਆਂ ਨੂੰ ਵਰਾਂਡੇ ਵਿਚ ਪੈਣ ਲਈ ਕਹਿ ਦਿਓ। ਡਰਾਈਵਰ ਨੂੰ ਵੀ ਦੱਸ ਦੇਣਾ ਕਿ ਇਥੇ ਹੀ ਪਵੇ। ਜੇ ਵਰਾਂਡੇ ਵਿਚ ਕਾਫੀ ਥਾਂ ਨਹੀਂ ਤਾਂ ਉਸ ਨੂੰ ਕਹੋ ਕਿ ਅਗਲੇ ਕਮਰੇ ਵਿਚ ਪੈ ਜਾਵੇ।"

ਬੈਹਰਾ ਚਲਾ ਗਿਆ। ਹੁਕਮ ਚੰਦ ਨੇ ਹੁਣ ਚੈਨ ਮਹਿਸੂਸ ਕੀਤਾ। ਉਨ੍ਹੇ ਆਪਣੀ ਨੱਕ ਵੀ ਬਚਾ ਲਈ ਸੀ। ਆਸੇ ਪਾਸੇ ਇਨ੍ਹਾਂ ਲੋਕਾਂ ਦੇ ਹੁੰਦਿਆਂ ਉਹ ਆਰਾਮ ਨਾਲ ਸੌਂ ਸਕਦਾ ਸੀ। ਉਸ ਨੇ ਮਨੁੱਖੀ ਸਰਗਰਮੀ ਦੀਆਂ ਤਸੱਲੀ ਦੇਣ ਵਾਲੀਆਂ ਆਵਾਜ਼ਾਂ ਸੁਣੀਆਂ — ਵਰਾਂਡੇ ਵਿਚ ਥਾਂ ਬਾਰੇ ਨੌਕਰ ਬਹਿਸ ਕਰਦੇ ਹੋਏ, ਉਹ ਦੇ ਦਰਵਾਜ਼ੇ ਦੇ ਐਨ ਬਾਹਰ ਡਾਹੇ ਜਾ ਰਹੇ ਮੰਜੇ, ਅਗਲੇ ਕਮਰੇ ਵਿਚ ਲਿਆਂਦਾ ਜਾ ਰਿਹਾ ਲੈਂਪ ਅਤੇ

ਮੰਜਾ ਡਾਹੁਣ ਲਈ ਥਾਂ ਬਣਾਉਣ ਵਾਸਤੇ ਕਮਰੇ ਦਾ ਸਮਾਨ ਪਾਸੇ ਘਸੀਟਿਆ ਜਾ ਰਿਹਾ।

ਕਾਰ ਦੀਆਂ ਹੈੱਡ ਲਾਈਟਾਂ ਦੀ ਅੰਦਰ ਆਉਂਦੀ ਰੋਸ਼ਨੀ ਨੇ ਇਕ ਵਾਰ ਫਿਰ ਕਮਰੇ ਨੂੰ ਰੁਸ਼ਨਾ ਦਿਤਾ। ਕਾਰ ਵਰਾਂਡੇ ਦੇ ਬਾਹਰ ਆ ਕੇ ਖੜ੍ਹ ਗਈ। ਹੁਕਮ ਚੰਦ ਨੇ ਮਰਦਾਂ ਅਤੇ ਔਰਤਾਂ ਦੀਆਂ ਆਵਾਜ਼ਾਂ ਸੁਣੀਆਂ ਅਤੇ ਫਿਰ ਘੰਟੀਆਂ ਦੀ ਟੁਣਕਾਰ ਸੁਣਾਈ ਦਿਤੀ। ਹੁਕਮ ਚੰਦ ਉਠ ਬੈਠਾ ਅਤੇ ਜਾਲੀ ਦੇ ਦਰਵਾਜ਼ੇ ਵਿਚੋਂ ਬਾਹਰ ਦੇਖਿਆ। ਇਹ ਸੰਗੀਤਕਾਰਾਂ, ਬੁੱਢੀ ਔਰਤ ਅਤੇ ਵੇਸਵਾ ਦੀ ਮੰਡਲੀ ਸੀ। ਉਹ ਤਾਂ ਉਨ੍ਹਾਂ ਬਾਰੇ ਭੁੱਲ ਹੀ ਗਿਆ ਸੀ।

"ਬੈਹਰਾ!"

"ਜੀ ਹਜ਼ੂਰ।"

"ਡਰਾਈਵਰ ਨੂੰ ਆਖੋ ਕਿ ਸੰਗੀਤਕਾਰਾਂ ਅਤੇ ਬੁੱਢੀ ਦੀ ਮੰਡਲੀ ਨੂੰ ਵਾਪਸ ਲੈ ਜਾਵੇ। ਅਤੇ ... ਨੌਕਰਾਂ ਨੂੰ ਉਨ੍ਹਾਂ ਦੇ ਕੁਆਟਰਾਂ ਵਿਚ ਹੀ ਸੌਣ ਦਿਓ। ਜੇ ਮੈਨੂੰ ਲੋੜ ਪਈ ਤਾਂ ਉਨ੍ਹਾਂ ਨੂੰ ਬੁਲਾ ਲਵਾਂਗਾ।"

ਹੁਕਮ ਚੰਦ ਨੇ ਇਸ ਤਰ੍ਹਾਂ ਫੜੇ ਜਾਣ ਉਤੇ ਆਪਣੇ ਆਪ ਨੂੰ ਜ਼ਰਾ ਮੂਰਖ ਮਹਿਸੂਸ ਕੀਤਾ। ਨੌਕਰ ਲਾਜ਼ਮੀ ਇਸ ਉਤੇ ਹੱਸਣਗੇ। ਪਰ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਉਨ੍ਹੇ ਇਕ ਹੋਰ ਗਲਾਸ ਵਿਸਕੀ ਦਾ ਪਾ ਲਿਆ।

ਬੈਹਰੇ ਵਲੋਂ ਨੌਕਰਾਂ ਨੂੰ ਕਹੇ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਬਾਹਰ ਜਾਣਾ ਸ਼ੁਰੂ ਕਰ ਦਿਤਾ। ਅਗਲੇ ਕਮਰੇ ਵਿਚੋਂ ਲਾਲਟੈਣ ਹਟਾ ਦਿਤੀ ਗਈ। ਡਰਾਈਵਰ ਨੇ ਕਾਰ ਫਿਰ ਸਟਾਰਟ ਕੀਤੀ। ਉਨ੍ਹੇ ਹੈੱਡਲਾਈਟਾਂ ਜਲਾਈਆਂ ਅਤੇ ਫਿਰ ਕੁਝ ਦੇਰ ਬਾਅਦ ਉਹ ਬੁਝਾ ਦਿਤੀਆਂ ਗਈਆਂ। ਬੁੱਢੀ ਨੇ ਕਾਰ ਵਿਚ ਵੜਨੋਂ ਇਨਕਾਰ ਕਰ ਦਿਤਾ ਅਤੇ ਸੇਵਾਦਾਰ ਨਾਲ ਬਹਿਸ ਵਿਚ ਪੈ ਗਈ। ਉਸ ਦੀ ਆਵਾਜ਼ ਉਚੀ ਤੋਂ ਉਚੇਰੀ ਹੁੰਦੀ ਗਈ ਅਤੇ ਅਖੀਰ ਇਹ ਦਲੀਲਬਾਜ਼ੀ ਦੀਆਂ ਸੀਮਾਵਾਂ ਲੰਘ ਗਈ ਅਤੇ ਸਿੱਧੀ ਕਮਰੇ ਵਿਚ ਡਿਪਟੀ ਸਾਹਿਬ ਨੂੰ ਮੁਖ਼ਾਤਬ ਹੋ ਗਈ।

"ਸਰਕਾਰ ਸਦਾ ਚੜ੍ਹਦੀ ਕਲਾ ਵਿਚ ਰਹੇ। ਤੁਹਾਡੀ ਕਲਮ ਹਜ਼ਾਰਾਂ ਤੇ — ਨਹੀਂ, ਲੱਖਾਂ ਤੇ ਚਲਦੀ ਰਹੇ।"

ਹੁਕਮ ਚੰਦ ਦਾ ਗੁੱਸਾ ਆਪੇ ਤੋਂ ਬਾਹਰ ਹੋ ਗਿਆ। "ਦਫਾ ਹੋ ਜਾ!" ਉਹ ਚੀਕਿਆ, "ਅਜੇ ਤਾਂ ਤੂੰ ਮੇਰਾ ਉਸ ਦਿਨ ਵਾਲਾ ਕਰਜ਼ ਵੀ ਮੋੜਨਾ ਹੈ। ਚਲੀ ਜਾ। ਬੈਹਰੇ, ਇਸ ਨੂੰ ਭਜਾ ਦੇ।"

ਔਰਤ ਦੀ ਆਵਾਜ਼ ਮੱਠੀ ਪੈ ਗਈ। ਉਸ ਨੂੰ ਤੁਰੰਤ ਕਾਰ ਵਿਚ ਧੱਕ ਦਿਤਾ ਗਿਆ। ਕਾਰ ਬਾਹਰ ਚਲੀ ਗਈ ਅਤੇ ਪਿਛੇ ਹੁਕਮ ਚੰਦ ਦੇ ਮੰਜੇ ਲਾਗੇ ਤੇਲ ਵਾਲੇ ਲੈਂਪ ਦੀ ਥਰਥਰਾਉਂਦੀ ਰੋਸ਼ਨੀ ਛੱਡ ਗਈ। ਉਹ ਉਠਿਆ, ਲੈਂਪ ਅਤੇ ਮੇਜ਼ ਚੁਕਿਆ

ਅਤੇ ਦਰਵਾਜ਼ੇ ਦੇ ਲਾਗੇ ਖੂੰਜੇ ਵਿਚ ਰਖ ਦਿਤਾ। ਭੱਮਕੜ ਨੇ ਸ਼ੀਸ਼ੇ ਦੀ ਚਿਮਨੀ ਦੁਆਲੇ ਗੇੜੇ ਕੱਢੇ ਅਤੇ ਦੋਵੇਂ ਪਾਸੇ ਦੀਵਾਰ ਨਾਲ ਵੱਜਿਆ। ਕਿਰਲੀਆਂ ਛੱਤ ਤੋਂ ਸਰਕਦੀਆਂ ਹੋਈਆਂ ਲਾਲਟੈਨ ਦੇ ਲਾਗੇ ਕੰਧ ਉਤੇ ਉਤਰ ਆਈਆਂ। ਜਿਉਂ ਹੀ ਪਤੰਗਾ ਕੰਧ ਉਤੇ ਬੈਠਾ ਤਿਉਂ ਹੀ ਇਕ ਛਿਪਕਲੀ ਸਰਕਦੀ ਹੋਈ ਛੋਪਲੇ ਜਿਹੇ ਉਸ ਦੇ ਪਿੱਛੇ ਆਈ , ਉਸ ਉਤੇ ਝਪਟੀ ਅਤੇ ਫੜਫੜਾਉਂਦੇ ਨੂੰ ਆਪਣੇ ਜਬਾੜਿਆਂ ਵਿਚ ਪੱਕੜ ਤੇ ਜਕੜ ਲਿਆ। ਹੁਕਮ ਚੰਦ ਨੇ ਇਹ ਸਾਰੀ ਘਟਨਾ ਵਿਅੰਗਮਈ ਲਾਪ੍ਰਵਾਹੀ ਨਾਲ ਦੇਖੀ।

ਬੂਹਾ ਮਲਕੜੇ ਜਿਹੇ ਖੁਲ੍ਹਿਆ ਅਤੇ ਮਲਕੜੇ ਹੀ ਬੰਦ ਹੋ ਗਿਆ। ਇਕ ਕਾਲਾ ਨਿਕਾ ਪਰਛਾਵਾਂ ਖਿਸਕ ਕੇ ਅੰਦਰ ਆ ਗਿਆ। ਕੁੜੀ ਦੀ ਸਾੜ੍ਹੀ ਉਤੇ ਲੱਗੇ ਚਾਂਦੀਵੰਨੇ ਸਿਤਾਰੇ ਟਿਮਟਿਮਾਏ ਉਨ੍ਹਾਂ ਤੋਂ ਪਰਤਵੀਂ ਰੋਸ਼ਨੀ ਦੀਆਂ ਸੈਂਕੜੇ ਚਮਕਾਂ ਛੱਤ ਅਤੇ ਕੰਧਾਂ ਉਤੇ ਖੇਡਣ ਲੱਗੀਆਂ। ਹੁਕਮ ਚੰਦ ਘੁੰਮਿਆ। ਕੁੜੀ ਉਸ ਨੂੰ ਕਾਲੀਆਂ ਵਡੀਆਂ ਅੱਖਾਂ ਨਾਲ ਇਕ ਟੱਕ ਦੇਖਦੀ ਖੜ੍ਹੀ ਸੀ। ਉਸਦੇ ਨੱਕ ਦੇ ਕੋਕੇ ਦਾ ਮੋਤੀ ਚਮਕ ਰਿਹਾ ਸੀ। ਪਰ ਉਹ ਆਪ ਬੁਰੀ ਤਰ੍ਹਾਂ ਡਰੀ ਹੋਈ ਸੀ।

"ਆ ਜਾ ਇਧਰ," ਮਜਿਸਟ੍ਰੇਟ ਨੇ ਆਪਣੇ ਨਾਲ ਉਹਦੇ ਲਈ ਥਾਂ ਬਣਾਉਂਦਿਆਂ ਅਤੇ ਆਪਣਾ ਹੱਥ ਅਗੇ ਵਧਾਉਂਦਿਆਂ ਆਖਿਆ।

ਕੁੜੀ ਅਗੇ ਆਈ ਅਤੇ ਉਹਦੇ ਮੰਜੇ ਦੀ ਬਾਹੀ ਤੇ ਬੈਠ ਗਈ ਪਰ ਦੇਖਦੀ ਦੂਜੇ ਪਾਸੇ ਰਹੀ। ਹੁਕਮ ਚੰਦ ਨੇ ਆਪਣੀ ਬਾਂਹ ਉਹਦੇ ਲੱਕ ਦੁਆਲੇ ਵਲ਼ ਲਈ। ਹੁਕਮ ਚੰਦ ਨੇ ਕੁੜੀ ਦੇ ਪੱਟਾਂ ਅਤੇ ਢਿੱਡ ਉਤੇ ਆਪਣੀਆਂ ਉਂਗਲਾਂ ਨਾਲ ਠਕੋਰੇ ਲਾਏ ਅਤੇ ਉਹਦੀਆਂ ਕੱਚੀਆਂ ਛਾਤੀਆਂ ਨਾਲ ਖੇਡਣ ਲੱਗ ਪਿਆ। ਉਹ ਭਾਵਹੀਣ ਅਤੇ ਕਸੀ ਕਸੀ ਬੈਠੀ ਰਹੀ। ਹੁਕਮ ਚੰਦ ਥੋੜ੍ਹਾ ਹੋਰ ਪਰ੍ਹੇ ਨੂੰ ਹੋ ਗਿਆ ਅਤੇ ਉਂਘਲਾਉਂਦਿਆਂ ਫੁਸਫਸਾਇਆ। "ਆ ਜਾ ਤੇ ਇਥੇ ਲੇਟ ਜਾ।" ਲੜਕੀ ਡਿਪਟੀ ਦੇ ਨਾਲ ਲੇਟ ਗਈ। ਉਸ ਦੀ ਸਾੜ੍ਹੀ ਉਤੇ ਲੱਗੇ ਸਿਤਾਰਿਆਂ ਨੇ ਹੁਕਮ ਚੰਦ ਦੇ ਮੂੰਹ ਉਤੇ ਕੁਤਕਤਾੜੀਆਂ ਕੱਢੀਆਂ। ਕੁੜੀ ਨੇ ਖਸ ਦਾ ਬਣਿਆ ਇਤਰ ਲਾਇਆ ਹੋਇਆ ਸੀ ਜਿਸ ਵਿਚੋਂ ਖੁਸ਼ਕ ਧਰਤੀ ਉਤੇ ਪਾਣੀ ਤਰੌਂਕਣ ਮਗਰੋਂ ਆਉਂਦੀ ਸੁੰਗਧ ਆ ਰਹੀ ਸੀ। ਉਹਦੇ ਸਾਹ ਵਿਚੋਂ ਇਲਾਇਚੀ ਦੀ ਖੁਸ਼ਬੋ ਆ ਰਹੀ ਸੀ ਅਤੇ ਛਾਤੀਆਂ ਤੋਂ ਸ਼ਹਿਦ ਦੀ। ਹੁਕਮ ਚੰਦ ਬੱਚੇ ਵਾਂਗ ਉਸਦੀ ਛਾਤੀ ਨਾਲ ਲੱਗ ਗਿਆ ਅਤੇ ਗੂੜ੍ਹੀ ਨੀਂਦ ਸੌਂ ਗਿਆ।

## 3

ਮੌਨਸੂਨ ਵਰਖਾ ਦਾ ਦੂਜਾ ਨਾਂ ਨਹੀਂ। ਇਸ ਦਾ ਮੂਲ ਅਰਬੀ ਵਿਚ ਅਰਥ ਹੈ ਮੌਸਮ। ਗਰਮੀਆਂ ਦਾ ਮੌਨਸੂਨ ਹੁੰਦਾ ਹੈ ਅਤੇ ਇਸੇ ਤਰ੍ਹਾਂ ਸਰਦੀਆਂ ਦਾ ਮੌਨਸੂਨ।

ਪਰ ਗਰਮੀਆਂ ਵਿਚ ਮੀਂਹ ਦੇ ਬੱਦਲਾਂ ਨਾਲ ਭਰੀਆਂ ਦੱਖਣ-ਪੱਛਮੀ ਹਵਾਵਾਂ ਚਲਦੀਆਂ ਹਨ, ਉਹ ਮੌਸਮ ਬਣਾਉਂਦੀਆਂ ਹਨ — ਵਰਖਾ ਦਾ ਮੌਸਮ। ਸਰਦੀਆਂ ਦੇ ਮੌਨਸੂਨ ਦਾ ਸਾਫ ਅਰਥ ਸਰਦੀਆਂ ਦਾ ਮੀਂਹ ਹੀ ਹੁੰਦਾ ਹੈ। ਇਹ ਕੋਰੇ ਵਾਲੀ ਸਵੇਰ ਵਿਚ ਠੰਢੇ ਛਰਾਟੇ ਵਾਂਗ ਹੀ ਹੁੰਦਾ ਹੈ। ਇਹ ਬੰਦੇ ਨੂੰ ਠੰਢ ਨਾਲ ਕੰਬਣ ਲਾ ਦਿੰਦਾ ਹੈ। ਭਾਵੇਂ ਇਸ ਮੌਸਮ ਦਾ ਮੀਂਹ ਫਸਲਾਂ ਲਈ ਚੰਗਾ ਹੁੰਦਾ ਹੈ ਪਰ ਲੋਕ ਤਾਂ ਇਸਦਾ ਖਾਤਮਾ ਹੀ ਮੰਗਦੇ ਹਨ। ਲੋਕਾਂ ਦੀ ਖੁਸ਼ਨਸੀਬੀ ਹੁੰਦੀ ਹੈ ਕਿ ਇਹ ਮੀਂਹ ਬਹੁਤਾ ਲੰਮਾ ਸਮਾਂ ਨਹੀਂ ਚਲਦੇ।

ਗਰਮੀਆਂ ਦਾ ਮੌਨਸੂਨ ਬਿਲਕੁਲ ਹੀ ਹੋਰ ਕਿਸਮ ਦੀ ਚੀਜ਼ ਹੁੰਦਾ ਹੈ। ਇਸ ਤੋਂ ਪਹਿਲਾਂ ਕਈ ਮਹੀਨੇ ਧਰਤੀ ਦੀ ਪਿਆਸ ਭੜਕਾਈ ਜਾਂਦੀ ਹੈ। ਹਾਲਤ ਇਹ ਹੁੰਦੀ ਹੈ ਕਿ ਜਦੋਂ ਵਰਖਾ ਦਾ ਪਾਣੀ ਆਉਂਦਾ ਹੈ ਤਾਂ ਉਸ ਨੂੰ ਡੂੰਘਾਣਾਂ ਤਕ ਸੁਆਦ ਲੈ ਕੇ ਪੀਤਾ ਜਾਂਦਾ ਹੈ। ਫਰਵਰੀ ਦੇ ਅਖੀਰ ਤੋਂ ਸੂਰਜ ਵਧੇਰੇ ਗਰਮ ਹੋਣ ਲੱਗ ਜਾਂਦਾ ਹੈ। ਬਸੰਤ ਅਗੇ ਗਰਮੀਆਂ ਨੂੰ ਰਸਤਾ ਦੇ ਦਿੰਦੀ ਹੈ। ਫੁੱਲ ਮੁਰਝਾਉਣ ਲੱਗਦੇ ਹਨ। ਉਨ੍ਹਾਂ ਦੀ ਥਾਂ ਫੁੱਲਦਾਰ ਰੁੱਖ ਲੈ ਲੈਂਦੇ ਹਨ। ਪਹਿਲਾਂ ਆਉਂਦੇ ਹਨ ਜੰਗਲੀ ਨਾਰੰਗੀ ਦੇ ਸੰਤਰੀ ਫੁਹਾਰਾਂ ਮਾਰਦੇ ਫੁੱਲ, ਪ੍ਰਵਾਲ ਰੁੱਖ ਦੇ ਸੰਧੂਰੀ ਫੁੱਲ ਅਤੇ ਚੰਪਕ ਬ੍ਰਿਖ ਦੇ ਕੁਆਰੇ ਸਫੈਦ ਫੁੱਲ। ਫਿਰ ਆਉਂਦੇ ਹਨ ਜੈਕਰੈਂਡਾ ਦੇ ਕਾਸ਼ਨੀ ਫੁੱਲ, ਗੁਲ ਮੋਹਰ ਦੇ ਕਸੁੰਭੜੇ ਅਤੇ ਅਮਲਤਾਸ਼ ਦੀਆਂ ਕੂਲੀਆਂ ਸੁਨਹਿਰੀ ਝਾਲਰਾਂ। ਫਿਰ ਦਰੱਖਤਾਂ ਦੇ ਫੁੱਲ ਵੀ ਵਿਛੜ ਜਾਂਦੇ ਹਨ। ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ। ਉਨ੍ਹਾਂ ਦੀਆਂ ਨੰਗੀਆਂ ਟਾਹਣੀਆਂ ਆਸਮਾਨ ਵੱਲ ਹੱਥ ਅੱਡ ਕੇ ਪਾਣੀ ਮੰਗਦੀਆਂ ਹਨ ਪਰ ਪਾਣੀ ਤਾਂ ਕਿਤੇ ਹੁੰਦਾ ਨਹੀਂ। ਸੂਰਜ ਹੁਣ ਪਹਿਲਾਂ ਨਾਲੋਂ ਪਹਿਲਾਂ ਆ ਜਾਂਦਾ ਹੈ ਅਤੇ ਇਸ ਤੋਂ ਪਹਿਲਾਂ ਕਿ ਤੱਪ ਰਹੀ ਧਰਤੀ ਤ੍ਰੇਲ ਦੀਆਂ ਬੂੰਦਾਂ ਨਾਲ ਆਪਣੇ ਬੁਲ੍ਹ ਗਿੱਲੇ ਕਰ ਲਵੇ , ਸੂਰਜ ਉਨ੍ਹਾਂ ਬੂੰਦਾਂ ਨੂੰ ਚੂਸ ਲੈਂਦਾ ਹੈ। ਸੂਰਜ ਸਾਰਾ ਦਿਨ ਬਿਨ ਬੱਦਲ ਧੌਲੇ ਆਸਮਾਨ ਵਿਚ ਲਟ ਲਟ ਬਲਦਾ ਹੈ ਅਤੇ ਖੂਹਾਂ, ਨਦੀ-ਨਾਲਿਆਂ ਅਤੇ ਝੀਲਾਂ ਨੂੰ ਸੁਕਾ ਦਿੰਦਾ ਹੈ। ਇਹ ਘਾਹ ਅਤੇ ਕੰਡੇਦਾਰ ਝਾੜੀਆਂ ਨੂੰ ਏਨਾ ਸਾੜਦਾ ਹੈ ਕਿ ਉਨ੍ਹਾਂ ਨੂੰ ਅੱਗ ਲੱਗ ਜਾਂਦੀ ਹੈ। ਅੱਗ ਫੈਲ ਜਾਂਦੀ ਹੈ ਅਤੇ ਸੁੱਕੇ ਜੰਗਲ ਮਾਚਸ ਦੀਆਂ ਤੀਲੀਆਂ ਵਾਂਗ ਬਲ ਉਠਦੇ ਹਨ।

ਸੂਰਜ ਚਲਦਾ ਰਹਿੰਦਾ ਹੈ, ਦਿਨੋ ਦਿਨ, ਅਗਲੇ ਤੋਂ ਅਗਲੇ ਦਿਨ, ਪੂਰਬ ਤੋਂ ਪੱਛਮ ਵੱਲ, ਬੇਕਿਰਕੀ ਨਾਲ ਲੂੰਹਦਾ ਹੋਇਆ। ਧਰਤੀ ਤੇ ਤਰੇੜਾਂ ਪੈ ਜਾਂਦੀਆਂ ਹਨ ਅਤੇ ਇਹ ਦਰਾੜਾਂ ਆਪਣਾ ਖੁਸ਼ਕ ਹੋਇਆ ਮੂੰਹ ਪਾਣੀ ਮੰਗਦੀਆਂ ਉਪਰ ਵੱਲ ਖੋਲ੍ਹਦੀਆਂ ਹਨ; ਪਰ ਪਾਣੀ ਕੋਈ ਨਹੀਂ ਹੁੰਦਾ — ਹੁੰਦਾ ਸਿਰਫ ਇਹ ਹੈ ਕਿ ਦੁਪਹਿਰ ਵੇਲੇ ਦਾ ਝਿਲਮਲਾਉਂਦਾ ਗੁਬਾਰ ਪਾਰਾ ਚੜ੍ਹਨ ਦੀਆਂ ਝੀਲਾਂ ਦੀ ਮ੍ਰਿਗ ਤ੍ਰਿਸ਼ਨਾ ਹੀ ਸਿਰਜਦਾ ਹੈ। ਵਿਚਾਰੇ ਪੇਂਡੂ ਆਪਣੇ ਤਿਹਾਏ ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਇਨ੍ਹਾਂ ਫਰੇਬੀ ਝੀਲਾਂ ਵੱਲ ਲੈ ਤੁਰਦੇ ਹਨ ਪਰ ਤਪਦੀ ਧਰਤੀ ਤੇ ਫਸਕੇ ਮਰ ਜਾਂਦੇ ਹਨ। ਅਮੀਰ ਲੋਕ ਧੁੱਪ ਦੀਆਂ ਐਨਕਾਂ ਲਾ ਲੈਂਦੇ ਹਨ ਅਤੇ ਖਸ ਦੇ ਰੇਸ਼ਿਆਂ ਦੀਆਂ

ਚਿੱਕਾਂ ਪਿੱਛੇ ਛੁਪ ਜਾਂਦੇ ਹਨ ਜਿਨ੍ਹਾਂ ਉਤੇ ਉਨ੍ਹਾਂ ਦੇ ਨੌਕਰ ਪਾਣੀ ਪਾਉਂਦੇ ਰਹਿੰਦੇ ਹਨ।

ਸੂਰਜ ਹਵਾ ਨਾਲ ਦੋਸਤੀ ਪਾ ਕੇ ਆਪਣਾ ਸਹਿਯੋਗੀ ਬਣਾ ਲੈਂਦਾ ਹੈ। ਇਹ ਹਵਾ ਨੂੰ ਏਨਾ ਗਰਮ ਕਰ ਦਿੰਦਾ ਹੈ ਕਿ ਜਦੋਂ ਇਹ ਲੂ ਬਣ ਜਾਂਦੀ ਹੈ, ਤਾਂ ਇਸ ਨੂੰ ਆਵਾਰਗਰਦੀ ਲਈ ਭੇਜ ਦਿੰਦਾ ਹੈ। ਸਿਰੇ ਦੀ ਗਰਮੀ ਵਿਚ ਵੀ ਲੂ ਦੀ ਕੋਸੀ ਕੋਸੀ ਛੇੜਖਾਨੀ ਕਾਮੁਕ ਅਤੇ ਮਨੋਹਰ ਹੁੰਦੀ ਹੈ। ਇਹ ਸਰੀਰ ਤੇ ਪਿੱਤ ਪੈਦਾ ਕਰ ਦਿੰਦੀ ਹੈ। ਇਹ ਸਰੀਰ ਵਿਚ ਸਿਥਲਤਾ ਪੈਦਾ ਕਰ ਦਿੰਦੀ ਹੈ ਜਿਸ ਨਾਲ ਸਿਰ ਨੂੰ ਝਪਕੀ ਆ ਜਾਂਦੀ ਹੈ ਅਤੇ ਅੱਖਾਂ ਨੀਂਦ ਨਾਲ ਭਾਰੀ ਹੋ ਜਾਂਦੀਆਂ ਹਨ। ਇਹ ਅਜਿਹਾ ਦੌਰਾ ਲਿਆਉਂਦੀ ਹੈ ਜੋ ਆਪਣੇ ਸ਼ਿਕਾਰ ਨੂੰ ਏਨੀ ਕੋਮਲਤਾ ਨਾਲ ਲੈਂਦਾ ਹੈ ਜਿੰਨੀ ਨਾਲ ਸਮੀਰ ਭੱਖੜੇ ਦੇ ਫੰਭੇ ਨੂੰ ਹੇਠਾਂ ਸੁੱਟ ਲੈਂਦੀ ਹੈ।

ਫਿਰ ਝੂਠੀਆਂ ਆਸਾਂ ਦਾ ਵਕਤ ਆ ਜਾਂਦਾ ਹੈ। ਲੂ ਹਟ ਜਾਂਦੀ ਹੈ। ਹਵਾ ਰੁਕ ਜਾਂਦੀ ਹੈ। ਦੱਖਣੀ ਦੁਮੇਲ ਵਲੋਂ ਕਾਲੀ ਕੰਧ ਚੜ੍ਹੀ ਆਉਂਦੀ ਨਜ਼ਰ ਪੈਂਦੀ ਹੈ। ਸੈਂਕੜੇ ਇੱਲਾਂ ਅਤੇ ਕਾਂ ਅਗੇ ਅਗੇ ਉਡਦੇ ਆਉਂਦੇ ਹਨ। ਕੀ ਇਹ ਵਰਖਾ ਹੋ ਸਕਦੀ ਹੈ? ਨਹੀਂ, ਇਹ ਤਾਂ ਝੱਖੜ ਹੈ। ਪਤਲੀ ਪਤਲੀ ਧੂੜ ਡਿਗਣ ਲੱਗਦੀ ਹੈ। ਟਿੱਡੀ ਦਲ ਦਾ ਝੁੰਡ ਸੂਰਜ ਨੂੰ ਢੱਕ ਲੈਂਦਾ ਹੈ। ਦਰੱਖਤਾਂ ਉਤੇ ਅਤੇ ਖੇਤਾਂ ਵਿਚ ਜੋ ਕੁਝ ਬਚਿਆ ਹੁੰਦਾ ਹੈ, ਉਹ ਉਸ ਨੂੰ ਚੱਟਮ ਕਰ ਜਾਂਦੀਆਂ ਹਨ। ਫਿਰ ਅਸਲ ਤੂਫਾਨ ਆ ਜਾਂਦਾ ਹੈ। ਪੂਰੇ ਗੁੱਸੇ ਨਾਲ ਇਹ ਦਰਵਾਜ਼ਿਆਂ ਅਤੇ ਖਿੜਕੀਆਂ ਨੂੰ ਪਟਾਕ ਕਰਕੇ ਖੋਲ੍ਹ ਦਿੰਦਾ ਹੈ ਅਤੇ ਇਨ੍ਹਾਂ ਨੂੰ ਕਦੇ ਅਗੇ ਵੱਲ ਠਾਹ ਠਾਹ ਮਾਰਦਾ ਹੈ ਅਤੇ ਕਦੇ ਪਿੱਛੇ ਵੱਲ ਅਤੇ ਉਨ੍ਹਾਂ ਦੇ ਸ਼ੀਸ਼ਿਆਂ ਨੂੰ ਚੂਰ ਚੂਰ ਕਰ ਦਿੰਦਾ ਹੈ। ਛੱਪਰਾਂ ਦੀਆਂ ਛੱਤਾਂ ਅਤੇ ਟੀਨ ਦੀਆਂ ਛੱਤਾਂ ਸਗਵੇਂ ਦੀਆਂ ਸਗਵੀਆਂ ਹੀ ਕਾਗਜ਼ ਦੇ ਟੁਕੜੇ ਵਾਂਗ ਆਕਾਸ਼ ਵਿਚ ਉਚੀਆਂ ਉਠ ਜਾਂਦੀਆਂ ਹਨ। ਦਰੱਖਤ ਜੜ੍ਹਾਂ ਤੋਂ ਪੁੱਟੇ ਜਾਂਦੇ ਹਨ ਅਤੇ ਬਿਜਲੀ ਦੀਆਂ ਤਾਰਾਂ ਉਤੇ ਡਿੱਗ ਪੈਂਦੇ ਹਨ। ਟੁੱਟੀਆਂ-ਮੁੜੀਆਂ ਤਾਰਾਂ ਤੋਂ ਲੋਕਾਂ ਨੂੰ ਕਰੰਟ ਲੱਗ ਜਾਂਦੇ ਹਨ ਅਤੇ ਘਰਾਂ ਨੂੰ ਅੱਗਾਂ ਵੀ ਲੱਗ ਜਾਂਦੀਆਂ ਹਨ। ਤੂਫਾਨ ਲਾਟਾਂ ਨੂੰ ਦੂਜੇ ਘਰਾਂ ਤਕ ਲੈ ਜਾਂਦਾ ਹੈ ਅਤੇ ਅਖੀਰ ਪ੍ਰਚੰਡ ਅੱਗ ਦੇ ਭਾਂਬੜ ਸਭ ਪਾਸੇ ਫੈਲ ਜਾਂਦੇ ਹਨ। ਇਹ ਸਭ ਕੁਝ ਸਕਿੰਟਾਂ ਵਿਚ ਹੀ ਵਾਪਰ ਜਾਂਦਾ ਹੈ। ਇਸਤੋਂ ਪਹਿਲਾਂ ਕਿ ਤੁਸੀਂ '*ਚਕਰਵਰਤੀ ਰਾਜਗੋਪਾਲਚਾਰੀ*' ਨਾਂ ਬੋਲ ਸਕੋ ਤੂਫਾਨ ਚਲਾ ਗਿਆ ਹੋਵੇਗਾ। ਹਵਾ ਵਿਚ ਲਟਕ ਰਹੀ ਧੂੜ ਤੁਹਾਡੀਆਂ ਕਿਤਾਬਾਂ, ਫਰਨੀਚਰ ਅਤੇ ਖਾਣੇ ਉਤੇ ਬੈਠ ਜਾਂਦੀ ਹੈ; ਇਹ ਤੁਹਾਡੇ ਅੱਖਾਂ ਅਤੇ ਕੰਨਾਂ ਅਤੇ ਗਲ਼ ਅਤੇ ਨੱਕ ਵਿਚ ਵੜ ਜਾਂਦੀ ਹੈ।

ਵਾਰ ਵਾਰ ਇਹ ਵਾਪਰਦਾ ਹੈ ਤੇ ਅਖੀਰ ਲੋਕਾਂ ਦੀ ਸਾਰੀ ਆਸ ਖਤਮ ਹੋ ਜਾਂਦੀ ਹੈ। ਲੋਕ ਨਿਰਾਸ਼, ਦਿਲਗੀਰ, ਤਿਹਾਏ ਅਤੇ ਪਸੀਨੋ ਪਸੀਨੀ ਹੋਏ ਪਏ ਹਨ। ਉਨ੍ਹਾਂ ਦੀਆਂ ਧੌਣਾਂ ਪਿੱਛੇ ਹੋਈ ਪਿੱਤ ਰੇਗਮਾਰ ਵਰਗੀ ਹੈ। ਇਕ ਵਾਰ ਫਿਰ ਸ਼ਾਂਤੀ ਛਾ ਗਈ ਹੈ। ਗਰਮ ਪੱਥਰਾਈ ਖਾਮੋਸ਼ੀ ਭਾਰੂ ਹੋ ਗਈ ਹੈ। ਇਕ ਪੰਛੀ ਦੀ ਤਿੱਖੀ

ਅਜੀਬ ਆਵਾਜ਼ ਆਉਂਦੀ ਹੈ। ਇਹ ਆਪਣੀ ਗੂੜ੍ਹੀ ਠੰਢੀ ਛਾਂ ਛੱਡਕੇ ਧੁੱਪ ਵਿਚ ਕਿਉਂ ਆ ਗਿਆ ਹੈ। ਲੋਕ ਥੱਕ ਹਾਰਕੇ ਬੇਜਾਨ ਆਸਮਾਨ ਵੱਲ ਦੇਖਦੇ ਹਨ। ਹਾਂ, ਉਥੇ ਉਹ ਪੰਛੀ ਆਪਣੇ ਜੋੜੀਦਾਰ ਨਾਲ ਨਜ਼ਰ ਆਉਂਦਾ ਹੈ। ਉਹ ਵਡੀਆਂ ਕਾਲੀਆਂ-ਚਿੱਟੀਆਂ ਬੁਲਬੁਲਾਂ ਵਰਗੇ ਹਨ ਜਿਨ੍ਹਾਂ ਦੀਆਂ ਆਕੜੀਆਂ ਹੋਈਆਂ ਕਲਗੀਆਂ ਅਤੇ ਲੰਮੀਆਂ ਪੂਛਾਂ ਹਨ। ਉਹ ਨੀਲੀਆਂ ਕਲਗੀਆਂ ਵਾਲੇ ਬੰਬੀਹੇ ਹਨ ਜੋ ਮੌਨਸੂਨ ਦੇ ਅਗੇ ਅਗੇ ਅਫਰੀਕਾ ਤੋਂ ਉੱਡ ਆਏ ਹਨ। ਕੀ ਨਿੰਮੀ ਨਿੰਮੀ ਸਮੀਰ ਨਹੀਂ ਵਗ ਰਹੀ? ਅਤੇ ਕੀ ਇਸ ਵਿਚੋਂ ਸਿਲ੍ਹੀ ਸਿਲ੍ਹੀ ਗੰਧ ਨਹੀਂ ਆ ਰਹੀ? ਅਤੇ ਕੀ ਪੰਛੀ ਦੀ ਦਰਦੀਲੀ ਆਵਾਜ਼ ਨੂੰ ਦਬਾ ਲੈਣ ਵਾਲੀ ਗੜਗੱਜ ਬੱਦਲਾਂ ਦੀ ਗਰਜ ਨਹੀਂ ਸੀ? ਦੇਖਣ ਲਈ ਲੋਕ ਜਲਦੀ ਜਲਦੀ ਛੱਤਾਂ ਤੇ ਜਾ ਚੜ੍ਹੇ। ਉਹੀ ਕਾਲੀ ਆਬਨੂਸੀ ਦੀਵਾਰ ਪੂਰਬ ਵਾਲੇ ਪਾਸੇ ਤੋਂ ਆ ਰਹੀ ਹੈ। ਬਗਲਿਆਂ ਦਾ ਝੁੰਡ ਸਾਹਮਣੇ ਅਕਾਸ਼ ਵਿਚ ਉਡਦਾ ਲੰਘ ਗਿਆ। ਆਸਮਾਨ ਵਿਚ ਬਿਜਲੀ ਦਾ ਲਿਸ਼ਕਾਰਾ ਪੈਂਦਾ ਹੈ ਜਿਸਦੀ ਚਮਕ- ਰੇਖਾ ਦਿਨ ਦੇ ਚਾਨਣ ਦਾ ਘੇਰਾ ਉਲੀਕ ਦਿੰਦੀ ਹੈ। ਹਵਾ ਬੱਦਲਾਂ ਦੇ ਕਾਲੇ ਬਾਦਬਾਨਾਂ ਨੂੰ ਭਰ ਦਿੰਦੀ ਹੈ ਅਤੇ ਉਹ ਧੁੱਪ ਵਿਚ ਲਹਿਰਾਉਂਦੇ ਫਿਰਦੇ ਹਨ। ਲੰਮਾ ਪਰਛਾਵਾਂ ਧਰਤੀ ਤੇ ਪੈ ਜਾਂਦਾ ਹੈ। ਬੱਦਲਾਂ ਦੀ ਇਕ ਹੋਰ ਗੜਗੜਾਹਟ ਹੁੰਦੀ ਹੈ। ਮੀਂਹ ਦੀਆਂ ਵਡੀਆਂ ਕਣੀਆਂ ਡਿਗਦੀਆਂ ਹਨ ਅਤੇ ਮਿੱਟੀ ਵਿਚ ਸਮਾ ਜਾਂਦੀਆਂ ਹਨ। ਧਰਤੀ ਚੋਂ ਸ਼ਾਨਦਾਰ ਖੁਸ਼ਬੋ ਉਠਦੀ ਹੈ। ਬਿਜਲੀ ਫਿਰ ਲਿਸ਼ਕਦੀ ਹੈ ਅਤੇ ਭੁੱਖੇ ਚੀਤੇ ਦੀ ਦਹਾੜ ਵਾਂਗ ਇਕ ਹੋਰ ਗੜਗੜਾਹਟ ਸੁਣੀਂਦੀ ਹੈ। ਆ ਹੀ ਗਿਆ ਹੈ ਮੀਂਹ! ਪਾਣੀ ਦੀਆਂ ਫੁਹਾਰਾਂ ਅਤੇ ਲਹਿਰਾਂ ਹੀ ਲਹਿਰਾਂ। ਲੋਕ ਆਪਣੇ ਮੂੰਹ ਬੱਦਲਾਂ ਵੱਲ ਉਪਰ ਨੂੰ ਚੁੱਕਦੇ ਹਨ ਅਤੇ ਪਾਣੀ ਤੇ ਪਾਣੀ ਨੂੰ ਮੂੰਹਾਂ ਤੇ ਮਾਣਦੇ ਹਨ। ਸਕੂਲ ਅਤੇ ਦਫਤਰ ਬੰਦ ਹੋ ਜਾਂਦੇ ਹਨ। ਸਭ ਕੰਮ ਰੁਕ ਜਾਂਦੇ ਹਨ। ਮਰਦ, ਔਰਤਾਂ ਅਤੇ ਬੱਚੇ ਬਾਹਰ ਨਿਕਲ ਆਉਂਦੇ ਹਨ ਅਤੇ ਗਲੀਆਂ ਵਿਚ ਪਾਗਲਾਂ ਵਾਂਗ ਦੌੜਦੇ ਹਨ, ਆਪਣੀਆਂ ਬਾਹਾਂ ਲਹਿਰਾਉਂਦੇ ਹਨ ਅਤੇ ਚੀਕਦੇ ਹਨ 'ਹੋ, ਹੋ,' — ਮੌਨਸੂਨ ਦੀ ਕਰਾਮਾਤੀ ਆਮਦ ਦਾ ਜੈਕਾਰਾ।

ਮੌਨਸੂਨ ਕੋਈ ਆਮ ਵਰਖਾ ਨਹੀਂ ਹੁੰਦੀ ਕਿ ਬਸ ਆਈ ਤੇ ਗਈ। ਜਦੋਂ ਇਕ ਵਾਰ ਆ ਗਈ ਤਾਂ ਦੋ ਮਹੀਨੇ ਜਾਂ ਵਧੇਰੇ ਸਮੇਂ ਤਕ ਚਲਦੀ ਰਹਿੰਦੀ ਹੈ। ਇਸਦੀ ਆਮਦ ਦਾ ਖੁਸ਼ੀ ਨਾਲ ਸੁਆਗਤ ਕੀਤਾ ਜਾਂਦਾ ਹੈ। ਪਿਕਨਿਕ ਮਨਾਉਣ ਲਈ ਪਾਰਟੀਆਂ ਨਿਕਲ ਪੈਂਦੀਆਂ ਹਨ। ਦਿਹਾਤੀ ਖੇਤਰ ਅੰਬਾਂ ਦੇ ਛਿਲਕਿਆਂ ਅਤੇ ਗੁਠਲੀਆਂ ਨਾਲ ਭਰਿਆ ਦਿਸਦਾ ਹੈ। ਔਰਤਾਂ ਅਤੇ ਬੱਚੇ ਦਰੱਖਤਾਂ ਦੇ ਟਾਹਣਾਂ ਉਤੇ ਪੀਂਘਾਂ ਪਾ ਲੈਂਦੇ ਹਨ ਅਤੇ ਸਾਰਾ ਦਿਨ ਝੂਟਦੇ ਅਤੇ ਗਾਉਂਦੇ ਹਨ। ਮੋਰ ਪੈਲਾਂ ਪਾਉਂਦੇ ਅਤੇ ਮੋਰਨੀਆਂ ਨਾਲ ਮਟਕ ਮਟਕ ਤੁਰਦੇ ਹਨ। ਉਨ੍ਹਾਂ ਦੀਆਂ ਤਿੱਖੀਆਂ ਕੂਕਾਂ ਨਾਲ ਜੰਗਲ ਗੂੰਜਦੇ ਹਨ।

ਪਰ ਕੁਝ ਦਿਨਾਂ ਮਗਰੋਂ ਹੀ ਜੋਸ਼ ਦਾ ਜ਼ੋਰ ਉਡ ਜਾਂਦਾ ਹੈ। ਜ਼ਮੀਨ ਦਲਦਲ ਅਤੇ ਚਿੱਕੜ ਦਾ ਲੰਮਾ ਮੈਦਾਨ ਬਣ ਜਾਂਦੀ ਹੈ। ਖੂਹ ਅਤੇ ਝੀਲਾਂ ਭਰ ਜਾਂਦੀਆਂ ਹਨ ਅਤੇ

ਕਿਨਾਰਿਆਂ ਤੋਂ ਉਛੱਲ ਪੈਂਦੀਆਂ ਹਨ। ਸ਼ਹਿਰਾਂ ਵਿਚ ਗੱਟਰਾਂ ਵਿਚ ਰੁਕਾਵਟਾਂ ਅੜ ਜਾਂਦੀਆਂ ਹਨ ਅਤੇ ਗਲੀਆਂ ਗੰਦ ਦੀਆਂ ਨਹਿਰਾਂ ਵਿਚ ਬਦਲ ਜਾਂਦੀਆਂ ਹਨ। ਪਿੰਡਾਂ ਵਿਚ ਝੌਂਪੜੀਆਂ ਦੀਆਂ ਕੱਚੀਆਂ ਕੰਧਾਂ ਪਾਣੀ ਨਾਲ ਖੁਰ ਜਾਂਦੀਆਂ ਹਨ, ਛੱਤਾਂ ਬੈਠ ਜਾਂਦੀਆਂ ਅਤੇ ਘਰ ਵਾਲਿਆਂ ਉਤੇ ਢਹਿ ਪੈਂਦੀਆਂ ਹਨ। ਜਦੋਂ ਗਰਮ ਰੁਤ ਦੀ ਗਰਮੀ ਨਾਲ ਬਰਫਾਂ ਪਿਘਲਣ ਲੱਗਦੀਆਂ ਹਨ, ਉਦੋਂ ਤੋਂ ਹੀ ਦਰਿਆਵਾਂ ਵਿਚ ਜੋ ਲਗਾਤਾਰ ਪਾਣੀ ਚੜ੍ਹਦਾ ਆ ਰਿਹਾ ਹੁੰਦਾ ਹੈ, ਉਹ ਪਹਾੜਾਂ ਵਿਚ ਮੌਨਸੂਨ ਦੇ ਬੇ ਬਹਾ ਉਤਰਨ ਨਾਲ, ਅਚਾਨਕ ਹੁਣ ਹੜ੍ਹਾਂ ਵਿਚ ਬਦਲ ਜਾਂਦਾ ਹੈ। ਸੜਕਾਂ, ਰੇਲਵੇ ਲਾਈਨਾਂ ਅਤੇ ਪੁਲ ਪਾਣੀ ਦੀ ਮਾਰ ਹੇਠ ਆ ਜਾਂਦੇ ਹਨ। ਦਰਿਆ ਦੇ ਕਿਨਾਰਿਆਂ ਤੇ ਵਸੇ ਘਰ ਪਾਣੀ ਨਾਲ ਰੁੜ੍ਹਦੇ ਹੋਏ ਸਮੁੰਦਰ ਵਿਚ ਜਾ ਰਲਦੇ ਹਨ।

ਮੌਨਸੂਨ ਨਾਲ ਜ਼ਿੰਦਗੀ ਅਤੇ ਮੌਤ ਦੋਹਾਂ ਦੀ ਹੀ ਚਾਲ ਤੇਜ਼ ਹੋ ਜਾਂਦੀ ਹੈ। ਜਿਵੇ ਇਕ ਰਾਤ ਵਿਚ ਹੀ ਘਾਹ ਉਗਣ ਲੱਗ ਜਾਂਦਾ ਹੈ ਅਤੇ ਪੱਤਿਆਂ ਤੋਂ ਵਿਹੂਣੇ ਰੁੱਖ ਹਰੇ ਭਰੇ ਹੋਣ ਲੱਗ ਜਾਂਦੇ ਹਨ। ਸੱਪ, ਕੰਨ-ਖਜੂਰੇ ਅਤੇ ਬਿੱਛੂ ਪਤਾ ਨਹੀਂ ਕਿਥੋਂ ਪੈਦਾ ਹੋ ਜਾਂਦੇ ਹਨ। ਜ਼ਮੀਨ ਗੰਡੋਇਆਂ, ਬੀਰ ਵਹੁਟੀਆਂ ਅਤੇ ਡੱਡੀਆਂ ਨਾਲ ਭਰ ਜਾਂਦੀ ਹੈ। ਰਾਤ ਨੂੰ ਭੰਬਟਾਂ ਦੇ ਹਜੂਮ ਲਾਲਟੈਣਾਂ ਦੁਆਲੇ ਫੜਫੜਾਉਂਦੇ ਫਿਰਦੇ ਹਨ। ਉਹ ਹਰ ਕਿਸੇ ਦੇ ਖਾਣੇ ਅਤੇ ਪਾਣੀ ਵਿਚ ਡਿਗਦੇ ਰਹਿੰਦੇ ਹਨ। ਕਿਰਲੀਆਂ ਕੀਟਾਂ ਉਤੇ ਝਪਟੇ ਮਾਰਕੇ ਏਨਾ ਢਿੱਡ ਭਰ ਲੈਂਦੀਆਂ ਹਨ ਕਿ ਅਖੀਰ ਭਾਰੀਆਂ ਹੋ ਕੇ ਛੱਤ ਤੋਂ ਥੱਲੇ ਡਿਗ ਪੈਂਦੀਆਂ ਹਨ। ਕਮਰਿਆਂ ਦੇ ਅੰਦਰ ਮੱਛਰਾਂ ਦੀ ਭੀਂ ਭੀਂ ਬੰਦੇ ਨੂੰ ਪਾਗਲ ਬਣਾ ਦਿੰਦੀ ਹੈ। ਲੋਕ ਉਨ੍ਹਾਂ ਉਤੇ ਕੀਟਨਾਸ਼ਕਾਂ ਦਾ ਛਿੜਕਾ ਕਰਦੇ ਹਨ ਅਤੇ ਫਰਸ਼ ਉਤੇ ਤੜਪ ਰਹੇ ਕੀਟਾਂ ਅਤੇ ਖਿੰਡੇ ਹੋਏ ਖੰਭਾਂ ਦੀ ਤਹਿ ਵਿਛ ਜਾਂਦੀ ਹੈ। ਅਗਲੀ ਸ਼ਾਮ ਨੂੰ ਪਹਿਲਾਂ ਨਾਲੋਂ ਵੀ ਵਧ ਭੰਬਟ ਲੈਂਪਾਂ ਦੁਆਲੇ ਘੁੰਮਦੇ ਹਨ ਅਤੇ ਲਾਟਾਂ ਉਤੇ ਸੜ ਮਰਦੇ ਹਨ।

ਜਿਵੇਂ ਜਿਵੇਂ ਮੌਨਸੂਨ ਚਲਦਾ ਹੈ, ਵਰਖਾ ਬਿਨਾਂ ਕਿਸੇ ਖਬਰਦਾਰੀ ਤੋਂ ਹੀ ਸ਼ੁਰੂ ਹੋ ਜਾਂਦੀ ਅਤੇ ਇਵੇਂ ਹੀ ਬੰਦ ਹੋ ਜਾਂਦੀ ਹੈ। ਬੱਦਲ ਮੈਦਾਨਾਂ ਉਤੋਂ ਲੰਘਦੇ ਹੋਏ ਆਪਣੀ ਮਰਜ਼ੀ ਮੁਤਾਬਕ ਮੀਂਹ ਸੁੱਟੀ ਜਾਂਦੇ ਹਨ ਅਤੇ ਅਖੀਰ ਹਿਮਾਲਾ ਉਤੇ ਜਾ ਪਹੁੰਚਦੇ ਹਨ। ਉਹ ਪਰਬਤਾਂ ਦੀਆਂ ਵੱਖੀਆਂ ਦੇ ਨਾਲ ਨਾਲ ਉਪਰ ਜਾ ਚੜ੍ਹਦੇ ਹਨ। ਉਥੇ ਠੰਢ ਬੱਦਲਾਂ ਵਿਚੋਂ ਪਾਣੀ ਦਾ ਆਖਰੀ ਤੁਪਕਾ ਤਕ ਨਿਚੋੜ ਲੈਂਦੀ ਹੈ। ਬਿਜਲੀ ਦੀਆਂ ਲਿਸ਼ਕਾਂ ਅਤੇ ਕੜਕਾਂ ਕਦੇ ਬੰਦ ਨਹੀਂ ਹੁੰਦੀਆਂ। ਇਹ ਸਭ ਕੁਝ ਅਗਸਤ ਦੇ ਅੰਤਲੇ ਜਾਂ ਸਤੰਬਰ ਦੇ ਆਰੰਭਲੇ ਦਿਨੀਂ ਵਾਪਰਦਾ ਹੈ। ਫਿਰ ਵਰਖਾ ਦਾ ਮੌਸਮ ਆਪਣੀ ਥਾਂ ਪਤਝੜ ਨੂੰ ਦੇ ਦਿੰਦਾ ਹੈ।

ਗੜਗੜਾਹਟ ਦੀ ਧਮਕ ਨੇ ਹੁਕਮ ਚੰਦ ਨੂੰ ਜਗਾ ਦਿਤਾ। ਉਸ ਨੇ ਅੱਖਾਂ ਖੋਲ੍ਹੀਆਂ। ਕਮਰੇ ਵਿਚ ਸਿਆਹ ਰੰਗੀ ਰੋਸ਼ਨੀ ਫੈਲੀ ਹੋਈ ਸੀ। ਖੂੰਜੇ ਵਿਚ, ਲੈਂਪ ਦੀ ਧੁਆਂਖੀ ਚਿਮਨੀ ਵਿਚੋਂ ਇਕ ਥੱਕੀ ਹੋਈ ਪੀਲੀ ਲਾਟ ਥਰਥਰਾ ਰਹੀ ਸੀ। ਬਿਜਲੀ ਬੜੇ ਜ਼ੋਰ ਦੀ ਚਮਕੀ ਅਤੇ ਗਰਜ਼ ਦੀ ਇਕ ਹੋਰ ਲਹਿਰ ਚਲੀ। ਕਮਰੇ ਵਿਚ ਠੰਢੀ ਸਿਲ੍ਹੀ ਹਵਾ ਦਾ ਬੁੱਲਾ ਆਇਆ। ਲੈਂਪ ਦੀ ਲਾਟ ਫੜਫੜਾਈ ਅਤੇ ਬੁਝ ਗਈ। ਵਰਖਾ ਦੀਆਂ ਕਣੀਆਂ ਮਲੂਕ ਜਿਹੀ ਟਿਪ ਟਿਪ ਕਰਦੀਆਂ ਪੈਣ ਲੱਗੀਆਂ।

ਵਰਖਾ! ਆਖਰ ਮੀਂਹ ਆ ਹੀ ਗਿਆ, ਮਜਿਸਟ੍ਰੇਟ ਨੇ ਸੋਚਿਆ। ਮੌਨਸੂਨ ਕਮਜ਼ੋਰ ਹੀ ਰਹੀ ਸੀ। ਬੱਦਲ ਆਏ ਸਨ, ਪਰ ਉਹ ਬਹੁਤ ਉਚੇ ਅਤੇ ਗੋੜ੍ਹੇਦਾਰ ਸਨ ਅਤੇ ਤੈਰਦੇ ਹੋਏ ਅਗੇ ਲੰਘ ਗਏ ਸਨ ਅਤੇ ਧਰਤੀ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਪਿਆਸੀ ਛੱਡ ਗਏ ਸਨ। ਸਤੰਬਰ ਦੇ ਮਹੀਨੇ ਵਿਚ ਵਰਖਾ ਦਾ ਆਉਣਾ ਬਹੁਤ ਦੇਰ ਵਾਲਾ ਸੀ। ਪਰ ਇੰਨੀ ਦੇਰ ਨਾਲ ਵਰਖਾ ਦਾ ਆਉਣਾ ਆਪਣੇ ਆਪ ਵਿਚ ਹੀ ਵਧੇਰੇ ਸੁਆਗਤਯੋਗ ਬਣ ਜਾਂਦਾ ਸੀ। ਇਸਦੀ ਖੁਸ਼ਬੋ ਵਧੀਆ ਲੱਗਦੀ ਸੀ, ਇਸਦੀ ਆਵਾਜ਼ ਵਧੀਆ ਲੱਗਦੀ ਸੀ, ਇਹ ਵਧੀਆ ਦਿਸਦੀ ਸੀ — ਅਤੇ ਸਭ ਤੋਂ ਵਡੀ ਗੱਲ, ਇਸਨੇ ਕੰਮ ਵੀ ਵਧੀਆ ਕੀਤਾ। ਹਾਇ, ਕੀ ਇਸਨੇ ਸਭ ਵਧੀਆ ਹੀ ਕੀਤਾ? ਹੁਕਮ ਚੰਦ ਬੇਚੈਨ ਹੋ ਗਿਆ ਸੀ। ਲਾਸ਼ਾਂ ਹੀ ਲਾਸ਼ਾਂ! ਹਜ਼ਾਰਾਂ ਝੁਲਸੀਆਂ ਹੋਈਆਂ ਲਾਸ਼ਾਂ ਸੁੜ ਸੁੜ ਕਰ ਰਹੀਆਂ ਅਤੇ ਜਦੋਂ ਮੀਂਹ ਨੇ ਅੱਗ ਬੁਝਾ ਦਿਤੀ ਤਾਂ ਧੂੰਆਂ ਛੱਡ ਰਹੀਆਂ। ਸੌ ਗਜ਼ ਵਿਚ ਵਿਛੀਆਂ ਹੋਈਆਂ ਝੁਲਸੀਆਂ ਲਾਸ਼ਾਂ ਹੀ ਲਾਸ਼ਾਂ! ਉਹਦੀਆਂ ਪੁੜਪੁੜੀਆਂ ਤੇ ਮੁੜ੍ਹਕੇ ਦੇ ਮਣਕੇ ਉਭਰ ਆਏ। ਉਸਨੂੰ ਠੰਢ ਵੀ ਲੱਗੀ ਅਤੇ ਡਰ ਵੀ। ਉਸ ਨੇ ਸਾਰਾ ਬਿਸਤਰ ਦੇਖਿਆ। ਲੜਕੀ ਚਲੀ ਗਈ ਸੀ। ਉਹ ਬੰਗਲੇ ਵਿਚ ਇਕੱਲਾ ਹੀ ਸੀ। ਉਸ ਨੇ ਆਪਣੇ ਸਿਰਹਾਣੇ ਹੇਠੋਂ ਗੁੱਟ ਘੜੀ ਕੱਢੀ ਅਤੇ ਇਸ ਨੂੰ ਆਪਣੇ ਹੱਥਾਂ ਵਿਚ ਪਕੜਿਆ ਤੇ ਦੇਖਿਆ। ਰੇਡੀਅਮ ਵਾਲੀਆਂ ਚਮਕਦੀਆਂ ਸੂਈਆਂ ਨੇ ਦਿਖਾਇਆ ਕਿ 6.30 ਹੋ ਗਏ ਹਨ। ਉਸ ਨੂੰ ਧੀਰਜ ਮਿਲਿਆ। ਸਵੇਰ ਕਾਫੀ ਦੇਰ ਦੀ ਹੋ ਚੁਕੀ ਸੀ। ਅਕਾਸ਼ ਵਿਚ ਜ਼ਬਰਦਸਤ ਬੱਦਲ ਛਾਏ ਹੋਏ ਹੋਣਗੇ। ਫਿਰ ਉਸਨੇ ਵਰਾਂਡੇ ਵਿਚ ਖੰਘਣ ਦੀ ਆਵਾਜ਼ ਸੁਣੀ ਅਤੇ ਤਸੱਲੀ ਮਹਿਸੂਸ ਕੀਤੀ। ਉਹ ਇਕੋ ਝਟਕੇ ਵਿਚ ਉਠ ਖੜੋਤਾ।

ਉਹਦੇ ਮੱਥੇ ਵਿਚ ਮਧਮ ਜਿਹੀ ਪੀੜ ਉਠ ਖਲੋਤੀ। ਉਸ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਅਤੇ ਆਪਣਾ ਸਿਰ ਹੱਥਾਂ ਵਿਚ ਫੜ ਲਿਆ। ਦਿਲ ਦੀ ਵਧੀ ਹੋਈ ਧੜਕਣ ਘਟ ਗਈ। ਕੁਝ ਮਿੰਟਾਂ ਮਗਰੋਂ ਉਸ ਨੇ ਆਪਣੀਆਂ ਅੱਖਾਂ ਖੋਲ੍ਹੀਆਂ, ਕਮਰੇ ਵਿਚ ਇਧਰ ਉਧਰ ਦੇਖਿਆ — ਅਤੇ ਕੁੜੀ ਨੂੰ ਲੱਭਿਆ। ਉਹ ਗਈ ਨਹੀਂ

ਸੀ। ਉਹ ਆਪਣੀ ਕਾਲੀ ਸਿਤਾਰਿਆਂ ਵਾਲੀ ਸਾੜ੍ਹੀ ਵਿਚੋਂ ਲਿਪਟੀ ਹੋਈ, ਬੈਂਤ ਦੀ ਆਰਾਮ ਕੁਰਸੀ ਵਿਚ ਸੁੱਤੀ ਪਈ ਸੀ। ਹੁਕਮ ਚੰਦ ਨੇ ਆਪਣੇ ਆਪ ਨੂੰ ਮੂਰਖ ਮਹਿਸੂਸ ਕੀਤਾ। ਕੁੜੀ ਉਥੇ ਦੋ ਰਾਤਾਂ ਰਹੀ ਸੀ ਅਤੇ ਹੁਣ ਉਹ ਉਥੇ ਇਕੱਲੀ ਕੁਰਸੀ ਤੇ ਪਈ ਸੌਂ ਰਹੀ ਸੀ। ਉਹ ਸਾਰੀ ਦੀ ਸਾਰੀ ਅਹਿਲ ਪਈ ਸੀ, ਸਿਵਾਇ ਉਸ ਦੀ ਹੌਲੀ ਹੌਲੀ ਸਾਹ ਲੈ ਰਹੀ ਛਾਤੀ ਦੇ। ਹੁਕਮ ਚੰਦ ਨੇ ਆਪਣੇ ਆਪ ਨੂੰ ਬੁੱਢਾ ਵੀ ਅਨੁਭਵ ਕੀਤਾ ਅਤੇ ਪਾਪੀ ਵੀ। ਉਹ ਇਸ ਬੱਚੀ ਨਾਲ ਕੋਈ ਭੈੜੀ ਗੱਲ ਕਿਵੇਂ ਕਰ ਸਕਦਾ ਸੀ? ਜੇ ਉਸਦੀ ਕੁੜੀ ਜਿਉਂਦੀ ਹੁੰਦੀ ਤਾਂ ਉਹ ਵੀ ਗਾਲਬਨ ਇਸੇ ਉਮਰ ਦੀ ਹੋਣੀ ਸੀ। ਉਸ ਨੇ ਪਛਤਾਵੇ ਦਾ ਦਰਦ ਮਹਿਸੂਸ ਕੀਤਾ। ਉਹ ਇਹ ਵੀ ਜਾਣਦਾ ਸੀ ਕਿ ਉਸਦਾ ਪਛਤਾਵਾ ਅਤੇ ਨੇਕ ਮਤੇ ਸ਼ਰਾਬ ਦੇ ਅਸਰ ਦੇ ਤੋੜ ਨਾਲ ਜੁੜੇ ਹੋਏ ਹਨ। ਹਮੇਸ਼ਾ ਇਹੋ ਹੁੰਦਾ ਸੀ। ਸੌ ਵਿਸਵੇ ਉਹ ਫਿਰ ਪੀਵੇਗਾ, ਫਿਰ ਉਹੀ ਕੁੜੀ ਪ੍ਰਾਪਤ ਕਰੇਗਾ ਅਤੇ ਉਸਦੇ ਨਾਲ ਸੌਂ ਜਾਵੇਗਾ — ਅਤੇ ਫਿਰ ਇਸ ਬਾਰੇ ਪਛਤਾਵਾ ਕਰੇਗਾ। ਇਹੋ ਜਿਹੀ ਹੀ ਜ਼ਿੰਦਗੀ ਸੀ ਅਤੇ ਇਹ ਬੜੀ ਨਿਰਾਸ਼ਾਜਨਕ ਸੀ।

ਉਹ ਹੌਲੀ ਹੌਲੀ ਉਠਿਆ ਅਤੇ ਮੇਜ਼ ਤੇ ਪਏ ਅਟੈਚੀਕੇਸ ਨੂੰ ਖੋਲ੍ਹਿਆ। ਇਸ ਦੇ ਢੱਕਣ ਅੰਦਰ ਲੱਗੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖਿਆ। ਉਸ ਦੀਆਂ ਅੱਖਾਂ ਦੇ ਕੋਇਆਂ ਵਿਚ ਪੀਲੇ ਰੰਗ ਦੀ ਗਿੱਦ ਨਜ਼ਰ ਆਈ। ਉਸ ਦੇ ਵਾਲਾਂ ਦੀਆਂ ਜੜ੍ਹਾਂ ਸਫੈਦ ਅਤੇ ਕਿਰਮਚੀ ਰੰਗ ਦਰਸਾ ਰਹੀਆਂ ਸਨ। ਉਸ ਦੇ ਸ਼ੇਵ ਨਾ ਕੀਤੇ ਜਬਾੜੇ ਹੇਠਾਂ ਮਾਸ ਦੀਆਂ ਕਈ ਲਹਿਰਾਂ ਸਨ। ਉਹ ਬੁੱਢਾ ਅਤੇ ਬਦਸ਼ਕਲ ਨਜ਼ਰ ਆ ਰਿਹਾ ਸੀ। ਉਸ ਨੇ ਆਪਣੀ ਜੀਭ ਬਾਹਰ ਕੱਢੀ। ਅੱਧ ਤੋਂ ਲੈ ਕੇ ਪਿੱਛੇ ਤਕ ਇਸ ਉਤੇ ਨਰਮ ਪਿਲੱਤਣ ਜੰਮੀ ਹੋਈ ਸੀ। ਜੀਭ ਤੋਂ ਲਾਰ ਵਗਕੇ ਮੇਜ਼ ਤੇ ਆ ਡਿਗੀ। ਉਸ ਨੂੰ ਆਪਣੇ ਹੀ ਸਾਹ ਦੀ ਬੋ ਆ ਗਈ। ਕੁੜੀ ਵਾਸਤੇ ਇਹ ਬਹੁਤ ਉਬੱਤਕਾਰੀ ਰਿਹਾ ਹੋਵੇਗਾ! ਇਸ ਲਈ ਹੈਰਾਨ ਹੋਣ ਦੀ ਲੋੜ ਨਹੀਂ ਕਿ ਕੁੜੀ ਨੇ ਅਸੁਖਾਵੀਂ ਕੁਰਸੀ ਵਿਚ ਹੀ ਰਾਤ ਕੱਟਣੀ ਬਿਹਤਰ ਸਮਝੀ। ਹੁਕਮ ਚੰਦ ਨੇ ਇਕ ਸ਼ੀਸ਼ੀ ਵਿਚੋਂ ਲਿਵਰ ਸਾਲਟ ਦੇ ਕਈ ਵਡੇ ਚਮਚੇ ਪੌਡਰ ਕਢਕੇ ਗਲਾਸ ਵਿਚ ਪਾਇਆ। ਫਿਰ ਉਸ ਨੇ ਥਰਮੋਸ ਖੋਲ੍ਹੀ ਅਤੇ ਇਸ ਵਿਚੋਂ ਪਾਣੀ ਉਸ ਪੌਡਰ ਵਿਚ ਪਾਇਆ। ਇਸ ਵਿਚੋਂ ਬੁਦਬੁਦਾਉਂਦੇ ਬੁਲਬੁਲੇ ਏਨੇ ਨਿਕਲੇ ਕਿ ਗਲਾਸ ਦੇ ਕੰਢਿਆਂ ਉਪਰੋਂ ਵਗਕੇ ਮੇਜ਼ ਤੇ ਡਿਗ ਪਏ। ਉਸ ਨੇ ਪਾਣੀ ਵਿਚ ਚਮਚਾ ਫੇਰਿਆ ਜਦ ਤਕ ਕਿ ਇਹਦੀ ਸੂੰ ਸੂੰ ਟਿਕ ਨਾ ਗਈ। ਉਸ ਨੇ ਤੇਜ਼ੀ ਨਾਲ ਇਸ ਨੂੰ ਡਕਾਰ ਲਿਆ। ਕੁਝ ਸਮਾਂ ਉਹ ਮੇਜ਼ ਉਤੇ ਹੱਥ ਰਖਕੇ ਸਿਰ ਨੀਵਾਂ ਕਰਕੇ ਝੁਕਿਆ ਰਿਹਾ।

ਦੁਆਈ ਦੀ ਖੁਰਾਕ ਨੇ ਮਨਮੋਹਕ ਗੁੜ ਗੁੜ ਕੀਤੀ। ਉਸ ਦੇ ਮਿਅਦੇ ਵਿਚੋਂ ਭਰਪੂਰ ਹਵਾ ਉਠਕੇ ਉਸ ਦੇ ਗਲ਼ੇ ਤਕ ਆਈ ਅਤੇ ਲੰਮਾ ਸੁਖਦਾਈ ਡਕਾਰ ਬਣਕੇ ਬਾਹਰ ਨਿਕਲ ਗਈ। ਧੜਕਣ ਸਾਧਾਰਨ ਹੋ ਗਈ ਅਤੇ ਦਰਦ ਘਟਦਾ ਹੋਇਆ ਸਿਰ ਦੇ ਪਿਛਲੇ ਪਾਸੇ ਖਤਮ ਹੋ ਗਿਆ। ਬਸ ਕੁਝ ਕੱਪ ਤਕੜੀ ਜਿਹੀ ਚਾਹ ਦੇ ਪੀ ਕੇ ਫਿਰ ਨੌਂ-ਬਰ-ਨੌਂ ਹੋ ਜਾਵੇਗਾ। ਹੁਕਮ ਚੰਦ ਇਸ਼ਨਾਨ ਕਮਰੇ ਵਿਚ ਗਿਆ।

ਨੌਕਰਾਂ ਦੇ ਕੁਆਟਰਾਂ ਵਾਲੇ ਪਾਸੇ ਖੁਲ੍ਹਦੇ ਦਰਵਾਜ਼ੇ ਵਿਚੋਂ ਉਸ ਨੇ ਆਪਣੇ ਸੇਵਾਦਾਰ ਨੂੰ ਆਵਾਜ਼ ਮਾਰੀ।

"ਸ਼ੇਵ ਕਰਨ ਲਈ ਪਾਣੀ ਅਤੇ ਮੇਰੀ ਚਾਹ ਵੀ ਲੈ ਕੇ ਆਓ। ਇਥੇ ਹੀ ਲਿਆਓ। ਮੈਂ ਆਪ ਹੀ ਅੰਦਰ ਲੈ ਜਾਵਾਂਗਾ।"

ਜਦੋਂ ਸੇਵਾਦਾਰ ਆਇਆ, ਹੁਕਮ ਚੰਦ ਨੇ ਸੇਵਾਦਾਰ ਤੋਂ ਚਾਹ ਵਾਲੀ ਟਰੇਅ ਅਤੇ ਸ਼ੇਵਿੰਗ ਵਾਲੇ ਗਰਮ ਪਾਣੀ ਦਾ ਮੱਗ ਲੈ ਲਿਆ ਅਤੇ ਸੌਣ ਕਮਰੇ ਵਿਚ ਲਿਆਕੇ ਮੇਜ਼ ਉਤੇ ਰਖ ਲਿਆ। ਉਨ੍ਹੇ ਆਪਣੇ ਲਈ ਚਾਹ ਦਾ ਕੱਪ ਪਾਇਆ ਅਤੇ ਸ਼ੇਵ ਕਰਨ ਦੀਆਂ ਚੀਜ਼ਾਂ ਤਿਆਰ ਕਰ ਕੇ ਰਖ ਲਈਆਂ। ਉਨ੍ਹੇ ਆਪਣੀ ਦਾੜ੍ਹੀ ਉਤੇ ਕਰੀਮ ਲਾਈ, ਸ਼ੇਵ ਕੀਤੀ ਅਤੇ ਚਾਹ ਦੇ ਘੁਟ ਭਰ ਲਏ। ਚੀਨੀ ਅਤੇ ਚਾਂਦੀ ਦੇ ਭਾਂਡਿਆਂ ਦੀ ਆਪਸੀ ਟੁਣਕਾਰ ਨੇ ਵੀ ਸੁੱਤੀ ਹੋਈ ਕੁੜੀ ਤੇ ਕੋਈ ਅਸਰ ਨਹੀਂ ਕੀਤਾ। ਉਹ ਆਪਣੇ ਥੋੜ੍ਹੇ ਜਿਹੇ ਖੁਲ੍ਹੇ ਮੂੰਹ ਨਾਲ ਸੁੱਤੀ ਰਹੀ। ਉਹ ਮਰੀ ਪਈ ਲੱਗਦੀ ਸੀ, ਸਿਵਾਇ ਕੁਝ ਕੁਝ ਛਿਣਾਂ ਬਾਅਦ ਉਹਦੀ ਛਾਤੀ ਵਿਚ ਉਪਰ ਨੂੰ ਉਠਕੇ ਉਹਦੀਆਂ ਅੰਗੀਆਂ ਨੂੰ ਭਰਨ ਦੇ ਅਸਫਲ ਯਤਨ ਕਰਨ ਵਾਲੇ ਸਾਹਾਂ ਦੇ। ਉਸ ਦੇ ਵਾਲ ਉਸਦੇ ਸਾਰੇ ਚਿਹਰੇ ਉਤੇ ਫੈਲੇ ਹੋਏ ਸਨ। ਤਿੱਤਲੀ ਦੀ ਸ਼ਕਲ ਵਿਚ ਬਣੀ ਇਕ ਪਲਾਸਟਿਕ ਦੀ ਗੁਲਾਬੀ ਚੂੰਢੀ ਕੁਰਸੀ ਦੀ ਲੱਤ ਨਾਲ ਝੂਲ ਰਹੀ ਸੀ। ਉਸਦੀ ਸਾੜ੍ਹੀ ਮਧੋਲੀ ਗਈ ਸੀ ਅਤੇ ਉਸ ਵਿਚ ਭੰਨ ਪੈ ਗਏ ਸਨ ਅਤੇ ਸਿਤਾਰਿਆਂ ਦੇ ਟੁਕੜੇ ਫਰਸ਼ ਉਤੇ ਚਮਕਾਰੇ ਮਾਰ ਰਹੇ ਸਨ। ਚਾਹ ਦੀਆਂ ਚੁਸਕੀਆਂ ਲੈਂਦਿਆਂ ਵੀ ਅਤੇ ਸ਼ੇਵ ਕਰਦਿਆਂ ਵੀ ਹੁਕਮ ਚੰਦ ਆਪਣੀਆਂ ਨਜ਼ਰਾਂ ਕੁੜੀ ਤੋਂ ਹਟਾ ਨਹੀਂ ਸਕਿਆ। ਉਹ ਆਪਣੀਆਂ ਭਾਵਨਾਵਾਂ ਦਾ ਵਿਸ਼ਲੇਸ਼ਣ ਨਹੀਂ ਕਰ ਸਕਦਾ ਸੀ ਛੁੱਟ ਇਸ ਤੋਂ ਕਿ ਉਹ ਕੁੜੀ ਨਾਲ ਸੰਬੰਧ ਬਣਾਉਣਾ ਚਾਹੁੰਦਾ ਸੀ। ਜੇ ਉਹ ਚਾਹੁੰਦੀ ਸੀ ਕਿ ਉਸਦੇ ਨਾਲ ਸੌਂਇਆਂ ਜਾਵੇ ਤਾਂ ਉਹ ਉਸ ਨਾਲ ਸੌਂ ਵੀ ਜਾਵੇਗਾ। ਇਸ ਵਿਚਾਰ ਨੇ ਉਸ ਨੂੰ ਬੇਆਰਾਮ ਕਰ ਦਿਤਾ। ਹੁਣ ਉਸ ਨਾਲ ਸੌਣ ਵਾਸਤੇ ਹੁਕਮ ਚੰਦ ਨੂੰ ਬਹੁਤ ਸਾਰੀ ਪੀਣੀ ਪਵੇਗੀ।

ਵਰਾਂਡੇ ਵਿਚੋਂ ਆਈ ਪੈਰਾਂ ਦੇ ਚਲਣ ਅਤੇ ਖੰਘਣ ਦੀ ਆਵਾਜ਼ ਨੇ ਹੁਕਮ ਚੰਦ ਦੀ ਸੋਚਾਂ ਦੀ ਲੜੀ ਨੂੰ ਤੋੜ ਦਿਤਾ। ਇਹ ਖੰਘ ਧਿਆਨ ਖਿੱਚਣ ਲਈ ਹੀ ਕੀਤੀ ਗਈ ਸੀ। ਇਸਦਾ ਮਤਲਬ ਸੀ ਕਿ ਛੋਟਾ ਥਾਣੇਦਾਰ ਆਇਆ ਹੈ। ਹੁਕਮ ਚੰਦ ਨੇ ਆਪਣੀ ਚਾਹ ਖਤਮ ਕੀਤੀ ਅਤੇ ਕਪੜੇ ਬਦਲਣ ਵਾਸਤੇ ਬਾਥਰੂਮ ਵਿਚ ਚਲਾ ਗਿਆ। ਫਿਰ ਉਹ ਕੁਆਟਰਾਂ ਵੱਲ ਖੁਲ੍ਹਦੇ ਬੂਹੇ ਵਿਚੋਂ ਬਾਹਰ ਨਿਕਲਕੇ ਵਰਾਂਡੇ ਵਿਚ ਆ ਗਿਆ। ਸਬ ਇੰਸਪੈਕਟਰ ਅਖਬਾਰ ਪੜ੍ਹ ਰਿਹਾ ਸੀ। ਉਹ ਕੁਰਸੀ ਵਿਚੋਂ ਉੱਛਲ ਕੇ ਖੜ੍ਹਾ ਹੋ ਗਿਆ ਅਤੇ ਸਾਹਿਬ ਨੂੰ ਸਲੂਟ ਮਾਰਿਆ।

"ਕੀ ਜਨਾਬ ਆਲੀ ਮੀਂਹ ਵਿਚ ਹੀ ਬਾਹਰ ਸੈਰ ਕਰ ਰਹੇ ਸਨ?"

"ਨਹੀਂ, ਨਹੀਂ। ਮੈਂ ਤਾਂ ਕੇਵਲ ਨੌਕਰਾਂ ਦੇ ਕੁਆਟਰਾਂ ਵੱਲ ਗੇੜਾ ਮਾਰਨ ਗਿਆ

ਸਾਂ। ਤੁਸੀਂ ਸਵੇਰੇ ਸਵੇਰੇ ਏਨਾ ਜਲਦੀ? ਖੈਰ ਤਾਂ ਹੈ?"

"ਅੱਜ ਕਲ੍ਹ ਤਾਂ ਬੰਦੇ ਨੂੰ ਸ਼ੁਕਰ ਮਨਾਉਣਾ ਚਾਹੀਦਾ ਹੈ ਕਿ ਉਹ ਜਿਉਂਦਾ ਹੈ। ਕਿਸੇ ਵੀ ਜਗਾਹ ਕੋਈ ਸੁਖ ਦਾ ਸਾਹ ਨਹੀਂ ਮਿਲਦਾ। ਇਕ ਮਗਰੋਂ ਦੂਜੀ ਮੁਸੀਬਤ ਆ ਖੜ੍ਹੀ ਹੁੰਦੀ ਹੈ...।"

ਮਜਿਸਟ੍ਰੇਟ ਨੂੰ ਅਚਾਨਕ ਲਾਸ਼ਾਂ ਦਾ ਖਿਆਲ ਆਇਆ। "ਕੀ ਰਾਤ ਨੂੰ ਮੀਂਹ ਪਿਆ ਸੀ? ਰੇਲਵੇ ਸਟੇਸ਼ਨ ਵਾਲੇ ਪਾਸੇ ਕੀ ਚੱਲ ਰਿਹੈ?"

"ਮੈਂ ਸਵੇਰੇ ਉਧਰ ਗਿਆ ਸਾਂ, ਜਦੋਂ ਮੀਂਹ ਹਾਲੇ ਸ਼ੁਰੂ ਹੀ ਹੋਇਆ ਸੀ। ਕੁਝ ਵੀ ਬਹੁਤਾ ਨਹੀਂ ਬਚਿਆ ਸੀ — ਰਾਖ ਅਤੇ ਹੱਡੀਆਂ ਦਾ ਕੇਵਲ ਇਕ ਢੇਰ ਹੀ ਸੀ। ਆਸੇ ਪਾਸੇ ਬਹੁਤ ਸਾਰੀਆਂ ਖੋਪੜੀਆਂ ਪਈਆਂ ਹਨ। ਮੈਨੂੰ ਨਹੀਂ ਪਤਾ ਲੱਗ ਰਿਹਾ ਕਿ ਉਨ੍ਹਾਂ ਦਾ ਕੀ ਕੀਤਾ ਜਾਵੇ। ਮੈਂ ਲੰਬੜਦਾਰ ਨੂੰ ਸੁਨੇਹਾ ਭੇਜ ਦਿਤਾ ਹੈ ਕਿ ਕਿਸੇ ਨੂੰ ਵੀ ਪੁਲ ਜਾਂ ਰੇਲਵੇ ਸਟੇਸ਼ਨ ਦੇ ਲਾਗੇ ਜਾਣ ਦੀ ਇਜਾਜ਼ਤ ਨਾ ਦਿਤੀ ਜਾਵੇ।"

"ਕਿੰਨੇ ਸਨ ਉਹ? ਕੀ ਤੁਸੀਂ ਗਿਣਤੀ ਕੀਤੀ ਸੀ?"

"ਨਹੀਂ, ਜਨਾਬ। ਪਰ ਸਿੱਖ ਅਫਸਰ ਕਹਿੰਦਾ ਸੀ ਕਿ ਹਜ਼ਾਰ ਤੋਂ ਵੱਧ ਲਾਸ਼ਾਂ ਹੋਣਗੀਆਂ। ਮੇਰਾ ਖਿਆਲ ਹੈ ਕਿ ਉਸ ਨੇ ਕੇਵਲ ਇਹ ਦੇਖਿਆ ਕਿ ਇਕ ਡੱਬੇ ਵਿਚ ਕਿੰਨੇ ਜਣੇ ਆ ਸਕਦੇ ਹਨ ਅਤੇ ਉਸ ਨੂੰ ਡੱਬਿਆਂ ਦੀ ਗਿਣਤੀ ਨਾਲ ਗੁਣਾਂ ਕਰ ਦਿਤਾ। ਉਨ੍ਹੇ ਕਿਹਾ ਕਿ ਇਸ ਤੋਂ ਇਲਾਵਾ ਛੱਤਾਂ ਉਤੇ, ਦਰਵਾਜ਼ਿਆਂ ਦੇ ਫੱਟਿਆਂ ਉਤੇ ਅਤੇ ਬਫਰਾਂ ਉਤੇ ਚਾਰ-ਪੰਜ ਸੌ ਮਾਰੇ ਗਏ ਹੋਣਗੇ। ਜਦੋਂ ਉਨ੍ਹਾਂ ਉਤੇ ਹਮਲਾ ਹੋਇਆ ਹੋਵੇਗਾ ਉਹ ਲਾਜ਼ਮੀ ਡਿੱਗ ਪਏ ਹੋਣਗੇ। ਛੱਤ ਉਤੇ ਨਿਸ਼ਚੇ ਹੀ ਸੁੱਕ ਚੁਕਾ ਖ਼ੂਨ ਲੱਗਿਆ ਹੋਇਆ ਸੀ।"

"ਹਰੇ ਰਾਮ! ਹਰੇ ਰਾਮ! ਪੰਦਰਾਂ ਸੌ ਮਾਸੂਮ ਲੋਕ! ਹੋਰ ਕਲਯੁੱਗ ਕੀ ਹੁੰਦਾ ਹੈ? ਸਾਰੀ ਧਰਤੀ ਤੇ ਹਨੇਰਾ ਫੈਲਿਆ ਹੋਇਆ ਹੈ। ਇਹ ਤਾਂ ਸਰਹੱਦ ਉਤੇ ਕੇਵਲ ਇਕੋ ਹੀ ਜਗਾਹ ਹੈ। ਮੈਂ ਸਮਝਦਾਂ ਹਾਂ ਕਿ ਅਜਿਹੀਆਂ ਵਾਰਦਾਤਾਂ ਬਾਕੀ ਥਾਵਾਂ ਤੇ ਵੀ ਵਾਪਰ ਰਹੀਆਂ ਹਨ। ਅਤੇ ਹੁਣ ਮੈਨੂੰ ਵਿਸ਼ਵਾਸ ਹੈ ਕਿ ਸਾਡੇ ਲੋਕ ਵੀ ਇਹੋ ਕੁਝ ਕਰ ਰਹੇ ਹਨ। ਇਨ੍ਹਾਂ ਪਿੰਡਾਂ ਵਿਚ ਮੁਸਲਮਾਨਾਂ ਦੀ ਕੀ ਸਥਿਤੀ ਹੈ?"

"ਇਹੋ ਰਿਪੋਰਟ ਤਾਂ ਮੈਂ ਕਰਨ ਆਇਆ ਸਾਂ, ਜਨਾਬ। ਕੁਝ ਪਿੰਡਾਂ ਦੇ ਮੁਸਲਮਾਨਾਂ ਨੇ ਰਫਿਊਜੀ ਕੈਂਪਾਂ ਵਿਚ ਜਾਣ ਲਈ ਪਿੰਡ ਛੱਡਣੇ ਸ਼ੁਰੂ ਕਰ ਦਿਤੇ ਹਨ। ਚੰਦਨ ਨਗਰ ਖਾਸਾ ਖਾਲੀ ਹੋ ਗਿਐ। ਜਦੋਂ ਵੀ ਸੂਚਨਾ ਮਿਲਦੀ ਹੈ, ਬਲੋਚ ਅਤੇ ਪਠਾਨ ਸੈਨਿਕਾਂ ਵਾਲੀਆਂ ਪਾਕਿਸਤਾਨੀ ਲਾਰੀਆਂ ਆ ਕੇ ਉਨ੍ਹਾਂ ਨੂੰ ਲੈ ਜਾਂਦੀਆਂ ਹਨ। ਪਰ ਮਨੋ ਮਾਜਰਾ ਦੇ ਮੁਸਲਮਾਨ ਅਜੇ ਵੀ ਉਥੇ ਹੀ ਹਨ। ਇਸ ਸਵੇਰੇ ਲੰਬੜਦਾਰ ਨੇ ਰਿਪੋਰਟ ਦਿਤੀ ਸੀ ਕਿ ਚਾਲੀ ਪੰਜਾਹ ਸਿੱਖ ਪਿੰਡ ਵਿਚ ਪਹੁੰਚੇ ਹਨ ਜਿਨ੍ਹਾਂ ਨੇ ਮੂੰਹ-ਸਵੇਰੇ ਲਾਂਘੇ ਵਿਚੋਂ ਦਰਿਆ ਪਾਰ ਕੀਤਾ ਸੀ। ਉਹ ਗੁਰਦੁਆਰੇ ਵਿਚ

ਠਹਿਰੇ ਹੋਏ ਹਨ।"

"ਉਨ੍ਹਾਂ ਨੂੰ ਰੁਕਣ ਦੀ ਇਜਾਜ਼ਤ ਕਿਉਂ ਦਿਤੀ ਗਈ?" ਹੁਕਮ ਚੰਦ ਨੇ ਤਿੱਖੇ ਹੋ ਕੇ ਪੁਛਿਆ। "ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਹੁਕਮ ਇਹ ਹੈ ਕਿ ਸਾਰੇ ਆ ਰਹੇ ਸ਼ਰਨਾਰਥੀ ਲਾਜ਼ਮੀ ਜਲੰਧਰ ਦੇ ਕੈਂਪ ਵੱਲ ਅੱਗੇ ਤੁਰਦੇ ਜਾਣ। ਇਹ ਬੜੀ ਗੰਭੀਰ ਗੱਲ ਹੈ। ਉਹ ਮਨੋ ਮਾਜਰਾ ਵਿਚ ਕਤਲੋਗਾਰਤ ਸ਼ੁਰੂ ਕਰ ਸਕਦੇ ਹਨ।"

"ਨਹੀਂ, ਜਨਾਬ, ਮਨੋ ਮਾਜਰਾ ਵਿਚ ਸਥਿਤੀ ਅਜੇ ਕਾਬੂ ਵਿਚ ਹੈ। ਇਨ੍ਹਾਂ ਸ਼ਰਨਾਰਥੀਆਂ ਦਾ ਪਾਕਿਸਤਾਨ ਵਿਚ ਖਾਸ ਨੁਕਸਾਨ ਨਹੀਂ ਹੋਇਆ ਅਤੇ ਇਹ ਵੀ ਸਪਸ਼ਟ ਹੈ ਕਿ ਕਿਸੇ ਨੇ ਰਸਤੇ ਵਿਚ ਉਨ੍ਹਾਂ ਨਾਲ ਕੋਈ ਛੇੜਖਾਨੀ ਨਹੀਂ ਕੀਤੀ। ਮਨੋ ਮਾਜਰਾ ਦੇ ਮੁਸਲਮਾਨ ਉਨ੍ਹਾਂ ਲਈ ਗੁਰਦੁਆਰੇ ਵਿਚ ਖਾਣਾ ਲਿਆਉਂਦੇ ਰਹੇ ਹਨ। ਜੇ ਕੋਈ ਹੋਰ ਆ ਜਾਣ ਜਿਹੜੇ ਕਤਲੋਗਾਰਤ ਵਿਚੋਂ ਲੰਘੇ ਹੋਣ ਅਤੇ ਜਿਨ੍ਹਾਂ ਆਪਣੇ ਸੰਬੰਧੀ ਗੁਆ ਲਏ ਹੋਣ ਤਾਂ ਮਾਮਲਾ ਹੋਰ ਹੋਵੇਗਾ। ਮੈਂ ਦਰਿਆ ਵਿਚਲੇ ਲਾਂਘਿਆਂ ਬਾਰੇ ਤਾਂ ਸੋਚਿਆ ਹੀ ਨਹੀਂ ਸੀ। ਆਮ ਤੌਰ ਤੇ ਮੀਹਾਂ ਮਗਰੋਂ ਦਰਿਆ ਦੀ ਚੌੜਾਈ ਇਕ ਮੀਲ ਹੋ ਜਾਂਦੀ ਹੈ ਅਤੇ ਨਵੰਬਰ ਜਾਂ ਦਸੰਬਰ ਤਕ ਕੋਈ ਲਾਂਘੇ ਨਹੀਂ ਮਿਲਦੇ । ਇਸ ਸਾਲ ਸਾਡੇ ਇਥੇ ਮੀਂਹ ਨਾਂ-ਮਾਤਰ ਹੀ ਕੋਈ ਪਿਆ ਹੈ। ਇਸ ਲਈ ਕਈ ਨੁਕਤੇ ਹਨ ਜਿਥੋਂ ਲੋਕ ਲੰਘ ਸਕਦੇ ਹਨ ਅਤੇ ਮੇਰੇ ਕੋਲ ਏਨੇ ਸਿਪਾਹੀ ਵੀ ਨਹੀਂ ਹਨ ਕਿ ਦਰਿਆ ਦੀ ਗਸ਼ਤ ਤੇ ਲਾ ਸਕਦਾ।"

ਹੁਕਮ ਚੰਦ ਨੇ ਡਾਕ ਬੰਗਲੇ ਦੇ ਮੈਦਾਨ ਵੱਲ ਦੇਖਿਆ। ਵਰਖਾ ਲਗਾਤਾਰ ਹੋ ਰਹੀ ਸੀ। ਟੋਇਆਂ ਵਿਚ ਨਿੱਕੇ ਨਿੱਕੇ ਛੱਪੜ ਬਣਨੇ ਸ਼ੁਰੂ ਹੋ ਗਏ ਸਨ। ਆਕਾਸ਼ ਸਾਰਾ ਹੀ ਸਿਆਹ ਰੰਗੀ ਵਡੀ ਸਲੇਟ ਲੱਗਦਾ ਸੀ।

"ਨਿਰਸੰਦੇਹ, ਜੇ ਮੀਂਹ ਪੈਂਦਾ ਰਿਹਾ ਤਾਂ ਦਰਿਆ ਚੜ੍ਹਦਾ ਰਹੇਗਾ, ਫਿਰ ਦਰਿਆ ਨੂੰ ਪਾਰ ਕਰਨ ਵਾਸਤੇ ਬਹੁਤੇ ਲਾਂਘੇ ਨਹੀਂ ਰਹਿਣਗੇ। ਅਸੀਂ ਪੁਲ ਉਤੇ ਲੰਘਦੇ ਸ਼ਰਨਾਰਥੀਆਂ ਦੀ ਆਮਦ ਨੂੰ ਕੰਟਰੋਲ ਕਰਨ ਦੇ ਸਮਰੱਥ ਹੋਵਾਂਗੇ।"

ਉਸੇ ਵੇਲੇ ਬਿਜਲੀ ਦੇ ਜ਼ਬਰਦਸਤ ਚਮਕਾਰੇ ਅਤੇ ਗਰਜ ਨੇ ਮੀਂਹ ਦਾ ਜੋਸ਼ ਪ੍ਰਗਟ ਕਰ ਦਿਤਾ। ਹਵਾ ਨੇ ਵਰਾਂਡੇ ਵਿਚ ਵੀ ਬਾਰਸ਼ ਦੀ ਫੁਹਾਰ ਲੈ ਆਂਦੀ।

"ਪਰ ਸਾਨੂੰ ਚਾਹੀਦਾ ਹੈ ਕਿ ਜਿੰਨਾ ਜਲਦੀ ਹੋ ਸਕੇ ਮੁਸਲਮਾਨਾਂ ਨੂੰ ਇਸ ਇਲਾਕੇ ਵਿਚੋਂ ਕੱਢ ਲਈਏ, ਉਹ ਭਾਵੇਂ ਚਾਹੁਣ ਅਤੇ ਭਾਵੇਂ ਨਾ ਚਾਹੁਣ।"

ਉਨ੍ਹਾਂ ਦੀ ਗੱਲਬਾਤ ਵਿਚ ਲੰਮਾ ਵਕਫਾ ਸਾਹਮਣੇ ਆਇਆ। ਦੋਵੇਂ ਜਣੇ ਮੀਂਹ ਵੱਲ ਘੂਰਦੇ ਬੈਠੇ ਰਹੇ। ਹੁਕਮ ਚੰਦ ਫਿਰ ਬੋਲਿਆ।

"ਬੰਦੇ ਨੂੰ ਚਾਹੀਦਾ ਹੈ ਕਿ ਤੂਫਾਨ ਦੇ ਲੰਘਣ ਤਕ ਇਸ ਦੇ ਸਾਹਮਣੇ ਝੁਕਿਆ ਰਹੇ। ਪੰਪਾ ਘਾਹ ਨੂੰ ਦੇਖੋ। ਇਸਦੇ ਪੱਤੇ ਰੁਮਕਦੀ ਹਵਾ ਦੇ ਸਾਹਮਣੇ ਝੁਕ ਜਾਂਦੇ ਹਨ। ਤਣਾ ਆਪਣੇ ਫੁੰਦੇ ਦੀ ਫੋਕੀ ਟੌਹਰ ਵਿਚ ਆਕੜਿਆ ਖੜ੍ਹਾ ਰਹਿੰਦਾ ਹੈ। ਜਦੋਂ ਤੂਫਾਨ ਆਉਂਦਾ ਹੈ ਤਾਂ ਇਹ ਟੁੱਟ ਜਾਂਦਾ ਹੈ ਅਤੇ ਇਸਦੇ ਸਫੈਦ ਫੁੰਦੇ ਨੂੰ ਹਵਾ ਭੱਖੜੇ

ਦੇ ਫੰਭਿਆਂ ਵਾਂਗ ਉਡਾਕੇ ਖਿਲਾਰ ਦਿੰਦੀ ਹੈ।" ਥੋੜ੍ਹਾ ਠਹਿਰ ਕੇ ਉਸ ਨੇ ਅਗੇ ਆਖਿਆ, "ਸਿਆਣਾ ਆਦਮੀ ਪਾਣੀ ਦੇ ਵਹਿਣ ਨਾਲ ਵਹਿੰਦਾ ਹੈ ਅਤੇ ਫਿਰ ਵੀ ਦੂਜੇ ਕਿਨਾਰੇ ਜਾ ਲੱਗਦਾ ਹੈ।"

ਥਾਣੇਦਾਰ ਨੇ ਇਨ੍ਹਾਂ ਨੀਰਸ ਉਕਤੀਆਂ ਨੂੰ ਨਿਮਰ ਧਿਆਨ ਨਾਲ ਸੁਣਿਆ। ਉਸ ਨੂੰ ਇਨ੍ਹਾਂ ਵਿਚੋਂ ਆਪਣੀਆਂ ਮੌਜੂਦਾ ਸਮਸਿਆਵਾਂ ਲਈ ਕੋਈ ਮਹੱਤਤਾ ਨਜ਼ਰ ਨਹੀਂ ਆਈ। ਹੁਕਮ ਚੰਦ ਨੇ ਪੁਲਿਸ ਅਫਸਰ ਦੇ ਚਿਹਰੇ ਤੋਂ ਕੋਰਾ ਪ੍ਰਤਿਕਰਮ ਭਾਂਪ ਲਿਆ। ਹੁਕਮ ਚੰਦ ਨੂੰ ਮਾਮਲਾ ਹੋਰ ਸਪਸ਼ਟ ਕਰਨਾ ਪਵੇਗਾ।

"ਰਾਮ ਲਾਲ ਦੇ ਕਤਲ ਬਾਰੇ ਤੁਸੀਂ ਕਿਥੇ ਪਹੁੰਚੇ ਹੋ? ਕੋਈ ਹੋਰ ਗ੍ਰਿਫਤਾਰੀਆਂ ਕੀਤੀਆਂ ਹਨ?"

"ਜੀ, ਜਨਾਬ, ਜੱਗੇ ਬਦਮਾਸ਼ ਨੇ ਕਲ੍ਹ ਸਾਨੂੰ ਨਾਂ ਦੱਸ ਦਿਤੇ ਸਨ। ਇਹ ਉਹੀ ਬੰਦੇ ਹਨ ਜੋ ਕਿਸੇ ਸਮੇਂ ਉਹਦੇ ਆਪਣੇ ਗਰੋਹ ਵਿਚ ਹੁੰਦੇ ਸਨ: ਮੱਲੀ ਅੰਤੇ ਚਾਰ ਹੋਰ ਦਰਿਆ ਦੇ ਹੇਠਲੇ ਪਾਸੇ ਦੋ ਮੀਲ ਉਤੇ ਪਿੰਡ ਕਪੂਰਾ ਤੋਂ। ਪਰ ਜੱਗਾ ਉਨ੍ਹਾਂ ਨਾਲ ਨਹੀਂ ਸੀ। ਅੱਜ ਸਵੇਰੇ ਉਨ੍ਹਾਂ ਨੂੰ ਫੜਣ ਲਈ ਮੈਂ ਕੁਝ ਸਿਪਾਹੀ ਭੇਜ ਦਿਤੇ ਹਨ।"

ਹੁਕਮ ਚੰਦ ਨੂੰ ਇਸ ਵਿਚ ਕੋਈ ਰੁਚੀ ਨਹੀਂ ਸੀ। ਉਸ ਦੀਆਂ ਅੱਖਾਂ ਦੂਰ ਕਿਤੇ ਟਿਕੀਆਂ ਹੋਈਆਂ ਸਨ।

"ਅਸੀਂ ਜੱਗਾ ਅਤੇ ਦੂਜੇ, ਦੋਹਾਂ, ਬਾਰੇ ਗਲਤੀ ਤੇ ਸਾਂ।" ਥਾਣੇਦਾਰ ਅਗੇ ਕਹਿੰਦਾ ਗਿਆ: "ਮੈਂ ਤੁਹਾਨੂੰ ਮੁਸਲਿਮ ਜੁਲਾਹੇ ਦੀ ਕੁੜੀ ਨਾਲ ਜੱਗੇ ਦੀ ਆਸ਼ਨਾਈ ਬਾਰੇ ਦੱਸਿਆ ਸੀ। ਬਹੁਤੀਆਂ ਰਾਤਾਂ ਉਹ ਇਸੇ ਵਿਚ ਰੁਝਿਆ ਰਹਿੰਦਾ ਸੀ। ਮੱਲੀ ਨੇ ਡਾਕਾ ਮਾਰਨ ਮਗਰੋਂ ਜੱਗੇ ਦੇ ਵਿਹੜੇ ਵਿਚ ਵੰਗਾਂ ਸੁੱਟੀਆਂ ਸਨ।"

ਹੁਕੱਮ ਚੰਦ ਅਜੇ ਵੀ ਦੂਰ ਕਿਤੇ ਗੁਆਚਿਆ ਲੱਗਦਾ ਸੀ।

"ਜੇ ਹਜ਼ੂਰ ਸਹਿਮਤ ਹੋਣ ਤਾਂ ਅਸੀਂ ਮੱਲੀ ਅਤੇ ਉਹਦੇ ਸਾਥੀਆਂ ਨੂੰ ਫੜਣ ਮਗਰੋਂ ਜੱਗੇ ਅਤੇ ਇਕਬਾਲ ਨੂੰ ਰਿਹਾ ਕਰ ਸਕਦੇ ਹਾਂ।"

"ਮੱਲੀ ਅਤੇ ਉਹਦੇ ਸਾਥੀ ਕੌਣ ਹਨ, ਸਿੱਖ ਜਾਂ ਮੁਸਲਮਾਨ?" ਹੁਕਮ ਚੰਦ ਨੇ ਵਿਚੋਂ ਟੋਕਕੇ ਪੁੱਛਿਆ।

"ਸਾਰੇ ਹੀ ਸਿੱਖ ਹਨ।"

ਮਜਿਸਟ੍ਰੇਟ ਇਕ ਵਾਰ ਫਿਰ ਆਪਣੀਆਂ ਸੋਚਾਂ ਵਿਚ ਡੁੱਬ ਗਿਆ। ਕੁਝ ਸਮੇ ਬਾਅਦ ਉਸਨੇ ਆਪਣੇ ਆਪ ਨਾਲ ਗੱਲ ਕਰਨੀ ਆਰੰਭ ਦਿਤੀ। "ਜੇ ਉਹ ਮੁਸਲਮਾਨ ਹੁੰਦੇ ਤਾਂ ਕੰਮ ਜ਼ਿਆਦਾ ਸੌਖਾ ਹੋਣਾ ਸੀ। ਇਸ ਗੱਲ ਕਿ ਡਾਕਾ ਮਾਰਨ ਵਾਲੇ ਮੁਸਲਮਾਨ ਸਨ ਬਾਰੇ ਜਾਣਕਾਰੀ ਨੇ ਅਤੇ ਉਹ ਅੰਦੋਲਨਕਾਰੀ ਵੀ ਮੁਸਲਿਮ ਲੀਗੀ ਹੋਣ ਦੇ ਤੱਥ ਨੇ ਮਨੋ ਮਾਜਰਾ ਦੇ ਸਿੱਖਾਂ ਨੂੰ ਕਾਇਲ ਕਰ ਲੈਣਾ ਸੀ ਕਿ ਮੁਸਲਮਾਨਾਂ ਨੂੰ ਪਿੰਡ ਛੱਡਕੇ ਚਲੇ ਜਾਣ ਦਿੰਦੇ।"

ਇਕ ਹੋਰ ਲੰਮੀ ਚੁੱਪ ਛਾ ਗਈ। ਵਿਉਂਤ ਹੌਲੀ ਹੌਲੀ ਥਾਣੇਦਾਰ ਦੇ ਦਿਮਾਗ ਵਿਚ ਰੂਪ ਧਾਰ ਰਹੀ ਸੀ। ਉਹ ਬਿਨਾਂ ਕੋਈ ਟਿੱਪਣੀ ਕੀਤੇ ਖੜ੍ਹਾ ਹੋ ਗਿਆ। ਹੁਕਮ ਚੰਦ ਕੋਈ ਜੋਖਮ ਨਹੀਂ ਲੈਣਾ ਚਾਹੁੰਦਾ ਸੀ।

"ਸੁਣੋ," ਉਨ੍ਹੇ ਕਿਹਾ। "ਮੱਲੀ ਤੇ ਉਹਦੇ ਗਰੋਹ ਨੂੰ ਬਿਨਾਂ ਕਿਧਰੇ ਕੋਈ ਇੰਦਰਾਜ ਕੀਤਿਆਂ ਛੱਡ ਦੇਣਾ। ਪਰ ਉਨ੍ਹਾਂ ਦੀਆਂ ਗਤੀਵਿਧੀਆਂ ਤੇ ਨਜ਼ਰ ਰਖਣਾ। ਜਦੋਂ ਸਾਨੂੰ ਠੀਕ ਲੱਗਿਆ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਵਾਂਗੇ। ... ਅਤੇ ਉਸ ਬਦਮਾਸ਼ ਅਤੇ ਦੂਜੇ ਮੁੰਡੇ ਨੂੰ ਵੀ ਅਜੇ ਛੱਡਣਾ ਨਹੀਂ। ਸਾਨੂੰ ਉਨ੍ਹਾਂ ਦੀ ਲੋੜ ਪੈ ਸਕਦੀ ਹੈ।"

ਛੋਟੇ ਥਾਣੇਦਾਰ ਨੇ ਸਲੂਟ ਮਾਰਿਆ।

"ਠਹਿਰੋ। ਮੇਰੀ ਗੱਲ ਅਜੇ ਖਤਮ ਨਹੀਂ ਹੋਈ।" ਹੁਕਮ ਚੰਦ ਨੇ ਹੱਥ ਉਠਾਕੇ ਕਿਹਾ। "ਜਦੋਂ ਸਭ ਕੁਝ ਸਕੀਮ ਮੁਤਾਬਕ ਕਰ ਲਿਆ ਤਾਂ ਮੁਸਲਿਮ ਸ਼ਰਨਾਰਥੀ ਕੈਂਪ ਦੇ ਕਮਾਂਡਰ ਨੂੰ ਸੰਦੇਸ਼ ਭੇਜ ਦੇਣਾ ਕਿ ਮਨੋ ਮਾਜਰਾ ਦੇ ਮੁਸਲਮਾਨਾਂ ਨੂੰ ਕੱਢ ਕੇ ਲਿਜਾਣ ਲਈ ਟਰੱਕ ਘੱਲ ਦਿਤੇ ਜਾਣ।"

ਥਾਣੇਦਾਰ ਨੇ ਇਕ ਵਾਰ ਫਿਰ ਸਲੂਟ ਠੋਕਿਆ। ਉਹ ਸਮਝਦਾ ਸੀ ਕਿ ਇਕ ਨਾਜ਼ਕ ਅਤੇ ਪੇਚੀਦਾ ਯੋਜਨਾ ਨੂੰ ਲਾਗੂ ਕਰਨ ਦਾ ਉਸ ਉਤੇ ਭਰੋਸਾ ਕਰਕੇ ਹੁਕਮ ਚੰਦ ਨੇ ਉਸ ਨੂੰ ਵਡਾ ਮਾਣ ਦਿਤਾ ਹੈ। ਉਨ੍ਹੇ ਆਪਣਾ ਰੇਨਕੋਟ ਪਾ ਲਿਆ।

"ਚਾਹੀਦਾ ਤਾਂ ਨਹੀਂ ਕਿ ਤੁਹਾਨੂੰ ਇਸ ਮੀਂਹ ਵਿਚ ਜਾਣ ਦੇਵਾਂ ਪਰ ਮਾਮਲਾ ਹੀ ਏਨਾ ਮਹਤਵਪੂਰਨ ਹੈ ਕਿ ਕੋਈ ਵਕਤ ਗੁਆਉਣਾ ਨਹੀਂ ਚਾਹੀਦਾ।" ਹੁਕਮ ਚੰਦ ਨੇ ਅਜੇ ਵੀ ਜ਼ਮੀਨ ਵੱਲ ਦੇਖਦਿਆਂ ਕਿਹਾ।

"ਮੈਂ ਜਾਣਦਾਂ, ਜਨਾਬ।" ਸਬ-ਇੰਸਪੈਕਟਰ ਨੇ ਇਕ ਵਾਰ ਫਿਰ ਸਲੂਟ ਜਮਾਇਆ। "ਮੈਂ ਫੌਰਨ ਕਾਰਵਾਈ ਕਰਾਂਗਾ।" ਉਹ ਆਪਣੇ ਸਾਈਕਲ ਤੇ ਚੜ੍ਹਿਆ ਅਤੇ ਡਾਕ ਬੰਗਲੇ ਚੋਂ ਨਿਕਲਕੇ ਕੱਚੀ ਸੜਕ ਤੇ ਪੈ ਗਿਆ।

## 5

ਹੁਕਮ ਚੰਦ ਵਰਾਂਡੇ ਵਿਚ ਬਹਿ ਗਿਆ ਅਤੇ ਧਾਰਾਂ ਬੰਨ੍ਹ ਕੇ ਪੈ ਰਹੇ ਮੀਂਹ ਨੂੰ ਖਾਲੀ ਖਾਲੀ ਅੱਖਾਂ ਨਾਲ ਘੂਰਨ ਲੱਗਾ। ਆਪਣੇ ਨਿਰਦੇਸ਼ਾਂ ਦੇ ਠੀਕ ਜਾਂ ਗਲਤ ਹੋਣ ਦਾ ਉਹਦੇ ਉਤੇ ਕੋਈ ਬਹੁਤਾ ਬੋਝ ਨਹੀਂ ਸੀ। ਉਹ ਡਿਪਟੀ ਕਮਿਸ਼ਨਰ ਸੀ, ਕੋਈ ਮਿਸ਼ਨਰੀ ਧਰਮ-ਪ੍ਰਚਾਰਕ ਨਹੀਂ ਸੀ। ਰੋਜ਼ਮਰਾ ਦੀਆਂ ਸਮਸਿਆਵਾਂ ਦਾ ਹੀ ਉਨ੍ਹੇ ਹੱਲ ਲੱਭਣਾ ਹੁੰਦਾ ਸੀ। ਅਣਜਾਣੇ ਨਿਰਪੇਖ ਮਿਆਰਾਂ ਨਾਲ ਉਨ੍ਹਾਂ ਨੂੰ ਤੋਲਣ ਦੀ ਕੋਈ ਆਵੱਸ਼ਕਤਾ ਨਹੀਂ ਸੀ। ਉਹਦੇ ਜੀਵਨ ਵਿਚ 'ਚਾਹੀਦਾ ਹੈ' ਬਹੁਤੇ ਨਹੀਂ ਸਨ। ਕੇਵਲ 'ਹੈ' ਹੀ ਸਨ। ਉਹ ਜੀਵਨ ਨੂੰ ਉਵੇਂ ਹੀ ਲੈਂਦਾ ਸੀ ਜਿਵੇਂ ਇਹ ਹੁੰਦਾ ਸੀ। ਨਾ ਤਾਂ

ਉਹ ਇਸ ਨੂੰ ਨਵੇਂ ਸਿਰੇ ਤੋਂ ਢਾਲਣਾ ਚਾਹੁੰਦਾ ਸੀ ਅਤੇ ਨਾ ਹੀ ਇਸ ਦੇ ਖਿਲਾਫ ਵਿਦਰੋਹ ਕਰਨਾ। ਇਤਿਹਾਸ ਵਿਚ ਅਜਿਹੀਆਂ ਪ੍ਰਕਿਰਿਆਵਾਂ ਵਾਪਰੀਆਂ ਹਨ ਜਿਨ੍ਹਾਂ ਵਿਚ ਵਿਅਕਤੀਆਂ ਨੇ ਚਾਹੁੰਦਿਆਂ ਜਾਂ ਨਾ ਚਾਹੁੰਦਿਆਂ ਯੋਗਦਾਨ ਪਾਇਆ ਹੈ। ਉਹਦਾ ਵਿਸ਼ਵਾਸ ਸੀ ਕਿ ਵਿਅਕਤੀ ਦੇ ਸੁਚੇਤ ਯਤਨ ਫੌਰੀ ਦੇ ਮਨੋਰਥਾਂ ਵੱਲ ਸੇਧੇ ਹੋਣੇ ਚਾਹੀਦੇ ਹਨ ਜਿਵੇਂ ਖਤਰੇ ਵਿਚ ਪਈਆਂ ਜਾਨਾਂ ਨੂੰ ਬਚਾਉਣਾ, ਸਮਾਜਿਕ ਤਾਣੇ-ਬਾਣੇ ਨੂੰ ਬਰਕਰਾਰ ਰਖਣਾ ਅਤੇ ਇਸਦੀਆਂ ਰਹੁ-ਰੀਤਾਂ ਦੀ ਪਾਲਣਾ ਕਰਨੀ। ਹੁਕਮ ਚੰਦ ਨੂੰ ਦਰਪੇਸ਼ ਫੌਰੀ ਸਮਸਿਆ ਮੁਸਲਮਾਨਾਂ ਦੀਆਂ ਜਾਨਾਂ ਬਚਾਉਣਾ ਸੀ। ਇਹ ਕਾਰਜ ਉਹ ਜਿਸ ਵੀ ਤਰੀਕੇ ਨਾਲ ਕਰ ਸਕਦਾ ਸੀ ਕਰੇਗਾ। ਉਹਦੇ ਦਸਖਤਾਂ ਹੇਠ ਗ੍ਰਿਫਤਾਰ ਕੀਤੇ ਗਏ ਦੋ ਆਦਮੀ ਵੈਸੇ ਵੀ ਫੜੇ ਹੀ ਜਾਣੇ ਚਾਹੀਦੇ ਸਨ। ਇਕ ਅੰਦੋਲਨਕਾਰੀ ਸੀ ਅਤੇ ਦੂਜਾ ਬਦਮਾਸ਼। ਗੜਬੜੀ ਵਾਲੇ ਸਮੇਂ ਵਿਚ, ਉਨ੍ਹਾਂ ਨੂੰ ਹਿਰਾਸਤ ਵਿਚ ਲੈਣਾ ਜ਼ਰੂਰੀ ਸੀ। ਕਿਸੇ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਦਿਆਂ ਜੇ ਕੋਈ ਮਾੜੀ-ਮੋਟੀ ਗਲਤੀ ਵੀ ਹੋ ਜਾਵੇ ਤਾਂ ਅਜਿਹੀ ਗਲਤੀ ਨੂੰ ਗਲਤੀ ਆਖਣਾ ਹੀ ਗਲਤੀ ਹੋਵੇਗਾ। ਹੁਕਮ ਚੰਦ ਨੇ ਵਡੀ ਖੁਸ਼ੀ ਮਹਿਸੂਸ ਕੀਤੀ। ਕਾਸ਼ ਉਸਦੀ ਯੋਜਨਾ ਕੁਸ਼ਲਤਾਪੂਰਵਕ ਨੇਪਰੇ ਚੜ੍ਹ ਜਾਵੇ! ਕਾਸ਼ ਉਹ ਖੁਦ ਇਸਦੇ ਵਿਸਥਾਰਾਂ ਨੂੰ ਅਗਵਾਈ ਦੇ ਸਕਦਾ, ਫਿਰ ਕੋਈ ਉਕਾਈ ਨਹੀਂ ਹੋਣੀ ਸੀ! ਅਕਸਰ ਉਸਦੇ ਮਤਹਿਤ ਅਫਸਰ ਉਸਦੇ ਮਨ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ ਸਨ ਅਤੇ ਉਸ ਨੂੰ ਕਸੂਤੀ ਸਥਿਤੀ ਵਿਚ ਫਸਾ ਦਿਆ ਕਰਦੇ ਸਨ।

ਡਾਕ ਬੰਗਲੇ ਵਿਚੋਂ ਇਸ਼ਨਾਨ ਕਮਰੇ ਦਾ ਦਰਵਾਜ਼ਾ ਬੰਦ ਹੋਣ ਅਤੇ ਖੁਲ੍ਹਣ ਦੀ ਆਵਾਜ਼ ਆਈ। ਹੁਕਮ ਚੰਦ ਉਠਿਆ ਅਤੇ ਬੈਹਰੇ ਨੂੰ ਨਾਸ਼ਤਾ ਲਿਆਉਣ ਲਈ ਆਵਾਜ਼ ਮਾਰੀ।

ਲੜਕੀ ਆਪਣੀ ਠੋਡੀ ਆਪਣੇ ਹੱਥਾਂ ਉਤੇ ਰਖਕੇ ਮੰਜੇ ਦੀ ਬਾਹੀ ਉਤੇ ਬੈਠੀ ਹੋਈ ਸੀ। ਉਹ ਖੜ੍ਹੀ ਹੋ ਗਈ। ਉਸ ਨੇ ਸਾੜ੍ਹੀ ਦੇ ਪੱਲੂ ਨਾਲ ਆਪਣਾ ਸਿਰ ਢੱਕ ਲਿਆ। ਹੁਕਮ ਚੰਦ ਕੁਰਸੀ ਤੇ ਬੈਠ ਗਿਆ। ਲੜਕੀ ਫਿਰ ਮੰਜੇ ਦੀ ਬਾਹੀ ਤੇ ਬੈਠ ਗਈ ਅਤੇ ਥੱਲੇ ਜ਼ਮੀਨ ਵੱਲ ਦੇਖਦੀ ਰਹੀ। ਬੜੀ ਅਵੱਲੀ ਜਿਹੀ ਖਾਮੋਸ਼ੀ ਪਸਰੀ ਹੋਈ ਸੀ। ਕੁਝ ਦੇਰ ਮਗਰੋਂ ਹੁਕਮ ਚੰਦ ਨੇ ਸਾਹਸ ਕੀਤਾ, ਆਪਣਾ ਗਲ਼ਾ ਖੰਘੂਰਾ ਮਾਰਕੇ ਸਾਫ ਕੀਤਾ ਅਤੇ ਕਿਹਾ, "ਤੈਨੂੰ ਭੁੱਖ ਲੱਗੀ ਹੋਵੇਗੀ। ਮੈਂ ਚਾਹ ਲਿਆਉਣ ਲਈ ਕਹਿ ਦਿਤਾ ਹੈ।"

ਕੁੜੀ ਨੇ ਆਪਣੀਆਂ ਵਡੀਆਂ ਵਡੀਆਂ ਉਦਾਸ ਅੱਖਾਂ ਉਹਦੇ ਵੱਲ ਮੋੜਦਿਆਂ ਇਲਤਜਾ ਕੀਤੀ, "ਮੈਂ ਘਰ ਜਾਣਾ ਚਾਹੁੰਦੀ ਹਾਂ।"

"ਕੁਝ ਖਾ ਲੈ। ਫਿਰ ਮੈਂ ਡਰਾਈਵਰ ਨੂੰ ਕਹਿ ਦਿਆਂਗਾ ਕਿ ਤੈਨੂੰ ਘਰ ਛੱਡ ਆਵੇ। ਕਿਥੇ ਰਹਿੰਦੀ ਐਂ ਤੂੰ?"

"ਚੰਦਨ ਨਗਰ ਵਿਚ। ਜਿਥੇ ਥਾਣੇਦਾਰ ਸਾਹਿਬ ਦਾ ਪੁਲਿਸ ਥਾਣਾ ਹੈ।"

ਫਿਰ ਇਕ ਲੰਮੀ ਖਾਮੋਸ਼ੀ ਫੈਲ ਗਈ। ਹੁਕਮ ਚੰਦ ਨੇ ਇਕ ਵਾਰ ਆਪਣਾ ਗਲ਼ ਸਾਫ ਕੀਤਾ ਅਤੇ ਪੁਛਿਆ, "ਕੀ ਨਾਂ ਐ ਤੇਰਾ?"

"ਹਸੀਨਾ। ਹਸੀਨਾ ਬੇਗਮ।"

"ਹਸੀਨਾ। ਤੂੰ ਵਾਕਿਆ ਈ ਹਸੀਨ ਐਂ। ਤੇਰੀ ਮਾਂ ਨੇ ਤੇਰਾ ਨਾਂ ਠੀਕ ਹੀ ਰਖਿਐ। ਕੀ ਉਹ ਬਜ਼ੁਰਗ ਤੀਵੀਂ ਤੇਰੀ ਮਾਂ ਹੈ?"

ਲੜਕੀ ਪਹਿਲੀ ਵਾਰ ਮੁਸਕਰਾਈ। ਕਿਸੇ ਨੇ ਅੱਜ ਤਕ ਉਹਦੀ ਪ੍ਰਸੰਸਾ ਨਹੀਂ ਕੀਤੀ ਸੀ। ਇਥੇ ਤਾਂ ਸਰਕਾਰ ਨੇ ਖੁਦ ਉਸ ਨੂੰ ਸੋਹਣੀ ਆਖਿਆ ਸੀ ਅਤੇ ਉਸ ਦੇ ਪਰਿਵਾਰ ਵਿਚ ਵੀ ਦਿਲਚਸਪੀ ਲਈ ਸੀ।

"ਨਹੀਂ, ਹਜ਼ੂਰ, ਉਹ ਮੇਰੀ ਨਾਨੀ ਹੈ। ਮੇਰੀ ਮਾਂ ਤਾਂ ਮੇਰੇ ਜਨਮ ਤੋਂ ਥੋੜ੍ਹਾ ਮਗਰੋਂ ਹੀ ਮਰ ਗਈ ਸੀ।"

"ਕਿੰਨੀ ਉਮਰ ਹੈ ਤੇਰੀ?"

"ਮੈਨੂੰ ਨਹੀਂ ਪਤਾ। ਸੋਲਾਂ ਜਾਂ ਸਤਾਰਾਂ ਹੋਵੇਗੀ। ਹੋ ਸਕਦਾ ਹੈ ਕਿ ਅਠਾਰਾਂ ਹੀ ਹੋਵੇ। ਮੈਂ ਪੜ੍ਹੀ-ਲਿਖੀ ਨਹੀਂ ਜੰਮੀ ਸਾਂ ਕਿ ਆਪਣੀ ਜਨਮ ਤਾਰੀਕ ਨੋਟ ਕਰ ਲੈਂਦੀ।"

ਉਹ ਆਪਣੇ ਇਸ ਨਿਕੇ ਜਿਹੇ ਮਜ਼ਾਕ ਤੇ ਮੁਸਕਰਾਈ। ਡਿਪਟੀ ਸਾਹਿਬ ਵੀ ਮੁਸਕਰਾਇਆ। ਸੇਵਾਦਾਰ ਟਰੇਅ ਵਿਚ ਚਾਹ, ਟੋਸਟ ਅਤੇ ਅੰਡੇ ਲੈ ਆਇਆ।

ਕੁੜੀ ਚਾਹ ਵਰਤਾਉਣ ਲਈ ਖੜ੍ਹੀ ਹੋ ਗਈ। ਉਸਨੇ ਬਰੈੱਡ ਦੇ ਟੋਸਟਾਂ ਨੂੰ ਮੱਖਣ ਲਾਇਆ, ਇਸ ਨੂੰ ਇਕ ਪਲੇਟ ਵਿਚ ਰਖਿਆ ਅਤੇ ਹੁਕਮ ਚੰਦ ਦੇ ਸਾਹਮਣੇ ਮੇਜ਼ ਉਤੇ ਟਿਕਾ ਦਿਤਾ।

"ਮੈਂ ਨਹੀਂ ਖਾਣਾ ਕੁਝ ਵੀ। ਮੈਂ ਆਪਣੀ ਚਾਹ ਪੀ ਲਈ ਹੈ।"

ਕੁੜੀ ਨੇ ਚਿੜਚਿੜੀ ਹੋਣ ਦਾ ਦਿਖਾਵਾ ਕੀਤਾ।

"ਜੇ ਤੁਸੀਂ ਨਹੀਂ ਖਾਂਦੇ, ਫਿਰ ਮੈਂ ਵੀ ਨਹੀਂ ਖਾਵਾਂਗੀ," ਉਨ੍ਹੇ ਨੱਖਰੇ ਨਾਲ ਕਿਹਾ। ਉਸ ਨੇ ਉਹ ਚਾਕੂ ਵੀ ਪਰ੍ਹੇ ਰਖ ਦਿਤਾ ਜਿਸ ਨਾਲ ਉਹ ਟੋਸਟ ਨੂੰ ਮੱਖਣ ਲਾ ਰਹੀ ਸੀ। ਉਹ ਆ ਕੇ ਮੰਜੇ ਤੇ ਬਹਿ ਗਈ।

ਮਜਿਸਟ੍ਰੇਟ ਨੂੰ ਇਹ ਚੰਗਾ ਲੱਗਿਆ। "ਹੁਣ ਮੇਰੇ ਨਾਲ ਗੁੱਸੇ ਨਾ ਹੋ," ਉਨ੍ਹੇ ਕਿਹਾ। ਉਹ ਉਠ ਕੇ ਕੁੜੀ ਕੋਲ ਗਿਆ ਅਤੇ ਕੁੜੀ ਦੇ ਮੋਢਿਆਂ ਦੁਆਲੇ ਆਪਣੀਆਂ ਬਾਹਾਂ ਵਲ਼ ਲਈਆਂ। "ਤੂੰ ਜ਼ਰੂਰ ਕੁਝ ਖਾ ਲੈ। ਤੂੰ ਤਾਂ ਰਾਤ ਨੂੰ ਵੀ ਕੁਝ ਨਹੀਂ ਖਾਧਾ ਸੀ।"

ਲੜਕੀ ਉਹਦੀਆਂ ਬਾਹਾਂ ਵਿਚ ਸਟਪਟਾਈ। "ਜੇ ਤੁਸੀਂ ਖਾਓਗੇ, ਮੈਂ ਵੀ ਖਾਵਾਂਗੀ। ਜੇ ਤੁਸੀਂ ਨਹੀਂ ਖਾਂਦੇ ਤਾਂ ਮੈਂ ਵੀ ਨਹੀਂ ਖਾਵਾਂਗੀ।"

"ਠੀਕ ਐ, ਜੇ ਤੂੰ ਅੜੀ ਹੀ ਕਰਦੀ ਏਂ।" ਹੁਕਮ ਚੰਦ ਨੇ ਕੁੜੀ ਦੇ ਲੱਕ ਦੁਆਲੇ ਬਾਂਹ ਪਾਕੇ ਉਸ ਨੂੰ ਉਠਾਇਆ ਅਤੇ ਮੇਜ਼ ਦੇ ਆਪਣੇ ਵਾਲੇ ਪਾਸੇ ਲੈ ਆਂਦਾ। "ਆਪਾਂ ਦੋਵੇਂ ਹੀ ਖਾਵਾਂਗੇ। ਇਥੇ ਮੇਰੇ ਨਾਲ ਬੈਠ ਜਾ।"

ਕੁੜੀ ਨੇ ਆਪਣੀ ਘਬਰਾਹਟ ਉਤੇ ਕਾਬੂ ਪਾ ਲਿਆ ਸੀ ਅਤੇ ਉਹਦੀ ਬੁਕਲ ਵਿਚ ਬਹਿ ਗਈ। ਉਸ ਨੇ ਵਾਹਵਾ ਸਾਰਾ ਮੱਖਣ ਲਾਇਆ ਟੋਸਟ ਹੁਕਮ ਚੰਦ ਦੇ ਮੂੰਹ ਵਿਚ ਪਾ ਦਿਤਾ। ਉਸ ਨੂੰ ਹਾਸਾ ਆ ਗਿਆ ਜਦੋਂ ਭਰੇ ਹੋਏ ਮੂੰਹ ਨਾਲ ਹੁਕਮ ਚੰਦ ਨੇ 'ਬਸ, ਬਸ' ਕਿਹਾ। ਕੁੜੀ ਨੇ ਉਹਦੀਆਂ ਮੁੱਛਾਂ ਉਤੇ ਲੱਗੇ ਮੱਖਣ ਨੂੰ ਸਾਫ ਕਰ ਦਿਤਾ।

"ਇਸ ਪੇਸ਼ੇ ਵਿਚ ਤੂੰ ਕਿੰਨੀ ਦੇਰ ਤੋਂ ਏਂ"

"ਕਿੰਨਾ ਬਕਵਾਸ ਸਵਾਲ ਐ! ਕਿਉਂ, ਜਦੋਂ ਤੋਂ ਮੈਂ ਪੈਦਾ ਹੋਈ ਆਂ। ਮੇਰੀ ਮਾਂ ਗਾਉਂਦੀ ਸੀ ਅਤੇ ਉਹਦੀ ਮਾਂ ਵੀ ਗਾਉਂਦੀ ਸੀ, ਜਿਥੋਂ ਤਕ ਪਿੱਛੇ ਨੂੰ ਅਸੀਂ ਜਾਣਦੇ ਹਾਂ।"

"ਮੇਰਾ ਮਤਲਬ ਗਾਉਣ ਤੋਂ ਨਹੀਂ। ਦੂਜੀ ਗੱਲ ਤੋਂ ਹੈ," ਉਸ ਨੇ ਪਰ੍ਹੇ ਦੇਖਦਿਆਂ ਸਮਝਾਇਆ।

"ਦੂਜੀ ਗੱਲ ਤੋਂ ਕੀ ਮਤਲਬ ਹੈ ਤੁਹਾਡਾ?" ਕੁੜੀ ਨੇ ਆਕੜ ਕੇ ਪੁਛਿਆ। "ਅਸੀਂ ਪੈਸੇ ਲਈ ਦੂਜੀਆਂ ਗੱਲਾਂ ਨਹੀਂ ਕਰਦੀਆਂ। ਮੈਂ ਇਕ ਗਾਇਕਾ ਹਾਂ ਅਤੇ ਨੱਚਦੀ ਵੀ ਹਾਂ। ਮੈਨੂੰ ਨਹੀਂ ਲੱਗਦਾ ਕਿ ਤੁਹਾਨੂੰ ਪਤਾ ਹੋਵੇਗਾ ਕਿ ਗਾਉਣਾ ਅਤੇ ਨੱਚਣਾ ਕੀ ਹੁੰਦਾ ਹੈ। ਤੁਹਾਨੂੰ ਕੇਵਲ ਦੂਜੀਆਂ ਚੀਜ਼ਾਂ ਦਾ ਹੀ ਪਤਾ ਹੈ। ਵਿਸਕੀ ਦੀ ਬੋਤਲ ਅਤੇ ਦੂਜੀਆਂ ਗੱਲਾਂ। ਬਸ ਇਹੋ ਕੁਝ।"

ਹੁਕਮ ਚੰਦ ਨੇ ਪ੍ਰੇਸ਼ਾਨੀ ਨਾਲ ਖੰਘ ਕੇ ਗਲ਼ਾ ਸਾਫ ਕੀਤਾ।

"ਖੈਰ...ਮੈਂ ਤਾਂ ਕੁਝ ਵੀ ਨਹੀਂ ਕੀਤਾ।"

ਕੁੜੀ ਹੱਸ ਪਈ ਅਤੇ ਉਸ ਨੇ ਆਪਣੇ ਹੱਥ ਨਾਲ ਡਿਪਟੀ ਦੇ ਮੂੰਹ ਨੂੰ ਦਬਾਇਆ। "ਬੇਚਾਰੇ ਡਿਪਟੀ ਸਾਹਿਬ। ਇਰਾਦੇ ਤਾਂ ਤੁਹਾਡੇ ਬੁਰੇ ਹੀ ਸਨ, ਪਰ ਤੁਸੀਂ ਥੱਕੇ ਟੁੱਟੇ ਹੋਏ ਸੀ। ਰੇਲ ਦੇ ਇੰਜਣ ਵਾਂਗ ਤੁਸੀਂ ਘੁਰਾੜੇ ਮਾਰ ਰਹੇ ਸੀ।" ਕੁੜੀ ਨੇ ਘਰੜ ਘਰੜ ਕਰਦਾ ਸਾਹ ਖਿਚਿਆ ਅਤੇ ਉਹਦੇ ਘੁਰਾੜਿਆਂ ਦੀ ਨਕਲ ਲਾਹੀ। ਉਹ ਹੋਰ ਵੀ ਜ਼ੋਰ ਨਾਲ ਹੱਸੀ।

ਹੁਕਮ ਚੰਦ ਨੇ ਉਸ ਦੇ ਵਾਲਾਂ ਨੂੰ ਪਲੋਸਿਆ। ਜੇ ਜਿਉਂਦੀ ਹੁੰਦੀ ਤਾਂ ਉਹਦੀ ਧੀ ਵੀ ਸੋਲਾਂ, ਸਤਾਰਾਂ ਜਾਂ ਅਠਾਰਾਂ ਸਾਲਾਂ ਦੀ ਹੁੰਦੀ। ਪਰ ਉਸ ਨੂੰ ਕੋਈ ਗੁਨਾਹ ਦੀ ਭਾਵਨਾ ਮਹਿਸੂਸ ਨਹੀਂ ਹੋ ਰਹੀ ਸੀ, ਕੇਵਲ ਸੰਤੁਸ਼ਟੀ ਦੀ ਅਸਪਸ਼ਟ ਜਿਹੀ ਭਾਵਨਾ ਹੀ ਸੀ। ਉਹ ਕੁੜੀ ਨਾਲ ਸੌਣਾ ਨਹੀਂ ਚਾਹੁੰਦਾ ਸੀ, ਨਾ ਹੀ ਉਸ ਨਾਲ ਪਿਆਰ ਖੇਡ ਖੇਡਣਾ ਚਾਹੁੰਦਾ ਸੀ, ਹੋਰ ਤਾਂ ਹੋਰ ਉਸ ਨੂੰ ਬੁਲ੍ਹਾਂ ਤੇ ਚੁੰਮਣਾ ਵੀ ਨਹੀਂ ਚਾਹੁੰਦਾ ਸੀ

ਅਤੇ ਨਾ ਹੀ ਉਸਦੇ ਸਰੀਰ ਤੇ ਹੱਥ ਫੇਰਨਾ। ਉਹ ਤਾਂ ਬਸ ਇਹੋ ਚਾਹੁੰਦਾ ਸੀ ਕਿ ਕੁੜੀ ਉਸਦੀ ਛਾਤੀ ਤੇ ਸਿਰ ਰਖਕੇ ਉਸਦੀਆਂ ਬਾਹਾਂ ਵਿਚ ਸੌਂ ਜਾਵੇ।

"ਤੁਸੀਂ ਫਿਰ ਡੂੰਘੇ ਖਿਆਲਾਂ ਵਿਚ ਗੁੰਮ ਗਏ ਹੋ," ਕੁੜੀ ਨੇ ਉਸ ਦੇ ਸਿਰ ਵਿਚ ਆਪਣੀਆਂ ਉਂਗਲਾਂ ਫੇਰਦੇ ਹੋਏ ਕਿਹਾ। ਉਸ ਨੇ ਕੱਪ ਵਿਚ ਚਾਹ ਪਾਈ ਅਤੇ ਫਿਰ ਇਸ ਨੂੰ ਇਕ ਪਲੇਟ ਵਿਚ ਉਲੱਦ ਦਿਤਾ। "ਲਓ, ਇਹ ਥੋੜ੍ਹੀ ਜਿਹੀ ਚਾਹ ਪੀ ਲਓ। ਇਹ ਤੁਹਾਨੂੰ ਸੋਚਾਂ ਵਿਚ ਡੁੱਬਣ ਤੋਂ ਬਚਾ ਲਵੇਗੀ।" ਉਸ ਨੇ ਚਾਹ ਦੀ ਪਲੇਟ ਉਸ ਦੇ ਮੂੰਹ ਕੋਲ ਠੋਸ ਦਿਤੀ।

"ਨਹੀਂ, ਨਹੀਂ। ਮੈਂ ਚਾਹ ਪੀ ਚੁਕਿਆਂ। ਤੂੰ ਪੀ ਲੈ।"

"ਠੀਕ ਐ, ਮੈਂ ਚਾਹ ਪੀਵਾਂਗੀ ਅਤੇ ਤੁਸੀਂ ਆਪਣੀਆਂ ਸੋਚਾਂ।"

ਕੁੜੀ ਨੇ ਚਾਹ ਸੜ੍ਹਾਕੇ ਮਾਰਕੇ ਚੁਸਕੀਆਂ ਨਾਲ ਪੀਣੀ ਸ਼ੁਰੂ ਕਰ ਦਿਤੀ।

"ਹਸੀਨਾ," ਉਹਨੂੰ ਹਸੀਨਾ ਦਾ ਨਾਂ ਦੁਹਰਾਉਣਾ ਚੰਗਾ ਲੱਗਦਾ ਸੀ। "ਹਸੀਨਾ," ਉਸ ਨੇ ਦੁਬਾਰਾ ਤੋਂ ਸ਼ੁਰੂ ਕੀਤਾ।

"ਹਾਂ ਜੀ। ਪਰ ਹਸੀਨਾ ਕੇਵਲ ਮੇਰਾ ਨਾਂ ਹੈ। ਤੁਸੀਂ ਅਗੇ ਕੁਝ ਹੋਰ ਕਿਉਂ ਨਹੀਂ ਕਹਿੰਦੇ?"

ਹੁਕਮ ਚੰਦ ਨੇ ਕੁੜੀ ਦੇ ਹੱਥ ਵਿਚੋਂ ਖਾਲੀ ਪਲੇਟ ਫੜ ਲਈ ਅਤੇ ਇਸ ਨੂੰ ਮੇਜ਼ ਉਤੇ ਰਖ ਦਿਤਾ। ਉਸ ਨੇ ਕੁੜੀ ਨੂੰ ਆਪਣੇ ਨੇੜੇ ਖਿਚਿਆ ਅਤੇ ਉਸ ਦਾ ਸਿਰ ਆਪਣੇ ਸਿਰ ਨਾਲ ਲਾ ਕੇ ਦਬਾਇਆ। ਉਨ੍ਹੇ ਆਪਣੀਆਂ ਉਂਗਲਾਂ ਕੁੜੀ ਦੇ ਵਾਲਾਂ ਵਿਚ ਫੇਰੀਆਂ।

"ਤੂੰ ਮੁਸਲਮਾਨ ਏਂ?"

"ਹਾਂ, ਮੈਂ ਮੁਸਲਮਾਨ ਹਾਂ। ਹਸੀਨਾ ਬੇਗਮ ਹੋਰ ਕੀ ਹੋ ਸਕਦੀ ਹੈ? ਦਾੜ੍ਹੀ ਵਾਲਾ ਸਿੱਖ?"

"ਮੇਰਾ ਖਿਆਲ ਸੀ ਕਿ ਸਾਰੇ ਮੁਸਲਮਾਨ ਚੰਦਨ ਨਗਰ ਵਿਚੋਂ ਕੱਢੇ ਜਾ ਚੁੱਕੇ ਹਨ। ਤੁਸੀਂ ਟਿਕੇ ਰਹਿਣ ਦਾ ਪ੍ਰਬੰਧ ਕਿਵੇਂ ਕਰ ਲਿਆ?"

"ਬਹੁਤ ਸਾਰੇ ਚਲੇ ਗਏ ਹਨ। ਪਰ ਥਾਣੇਦਾਰ ਸਾਹਿਬ ਨੇ ਸਾਨੂੰ ਕਿਹਾ ਕਿ ਅਸੀਂ ਉਦੋਂ ਤਕ ਠਹਿਰ ਸਕਦੇ ਹਾਂ, ਜਦੋਂ ਤਕ ਕਿ ਉਹ ਸਾਨੂੰ ਜਾਣ ਲਈ ਨਹੀਂ ਕਹਿੰਦਾ। ਇਕ ਤਰ੍ਹਾਂ ਨਾਲ ਗਾਇਕ ਨਾ ਹਿੰਦੂ ਹੁੰਦੇ ਹਨ ਅਤੇ ਨਾ ਹੀ ਮੁਸਲਮਾਨ। ਸਾਰੇ ਹੀ ਫਿਰਕੇ ਮੈਨੂੰ ਸੁਣਨ ਲਈ ਆਉਂਦੇ ਹਨ।"

"ਕੀ ਚੰਦਨ ਨਗਰ ਵਿਚ ਕੋਈ ਹੋਰ ਵੀ ਮੁਸਲਮਾਨ ਹਨ?"

"ਹੂੰ, ... ਹਾਂ," ਉਹ ਥੱਥਲਾਈ। "ਤੁਸੀਂ ਉਨ੍ਹਾਂ ਨੂੰ ਮੁਸਲਮਾਨ, ਹਿੰਦੂ, ਸਿੱਖ ਜਾਂ ਹੋਰ ਕੋਈ ਵੀ ਕਹਿ ਸਕਦੇ ਹੋ, ਮਰਦ ਜਾਂ ਔਰਤ। ਹੀਜੜਿਆਂ ਦੀ ਇਕ ਟੋਲੀ

ਅਜੇ ਵੀ ਹੈ ਉਥੇ। " ਉਹ ਸ਼ਰਮਾਈ।

ਹੁਕਮ ਚੰਦ ਨੇ ਆਪਣਾ ਹੱਥ ਉਸਦੀਆਂ ਅੱਖਾਂ ਉਤੇ ਰਖ ਦਿਤਾ।

"ਬੇਚਾਰੀ ਹਸੀਨਾ ਪ੍ਰੇਸ਼ਾਨ ਹੋ ਗਈ। ਮੈਂ ਵਾਅਦਾ ਕਰਦਾਂ ਕਿ ਮੈਂ ਹੱਸਾਂਗਾ ਨਹੀਂ। ਤੂੰ ਨਾ ਹਿੰਦੂ ਏਂ ਨਾ ਮੁਸਲਮਾਨ, ਪਰ ਉਨ੍ਹਾਂ ਅਰਥਾਂ ਵਿਚ ਨਹੀਂ ਜਿਨ੍ਹਾਂ ਵਿਚ ਕੋਈ ਹੀਜੜਾ ਨਾ ਹਿੰਦੂ ਹੁੰਦਾ ਏ ਅਤੇ ਨਾ ਹੀ ਮੁਸਲਮਾਨ। "

"ਮੈਨੂੰ ਤੰਗ ਨਾ ਕਰੋ। "

"ਮੈਂ ਤੈਨੂੰ ਤੰਗ ਨਹੀਂ ਕਰਾਂਗਾ," ਉਸ ਨੇ ਆਪਣਾ ਹੱਥ ਹਟਾ ਲਿਆ। ਉਹ ਅਜੇ ਵੀ ਸ਼ਰਮਾ ਰਹੀ ਸੀ। "ਮੈਨੂੰ ਦੱਸੋ ਕਿ ਹੀਜੜਿਆਂ ਨੂੰ ਕਿਉਂ ਬਖਸ਼ ਦਿਤਾ ਗਿਆ ਸੀ?"

"ਮੈਂ ਦਸਾਂਗੀ ਜੇ ਤੁਸੀਂ ਇਕਰਾਰ ਕਰੋਗੇ ਕਿ ਮੇਰੇ ਤੇ ਹੱਸੋਗੇ ਨਹੀਂ। "

"ਮੈਂ ਵਾਅਦਾ ਕਰਦਾ ਹਾਂ। "

ਕੁੜੀ ਉਤਸ਼ਾਹ ਵਿਚ ਆ ਗਈ।

"ਹਿੰਦੂ ਮੁਹੱਲੇ ਰਹਿੰਦੀ ਕਿਸੇ ਦੇ ਘਰ ਬੱਚਾ ਪੈਦਾ ਹੋਇਆ। ਬਿਨਾਂ ਕਿਸੇ ਫਿਰਕੂ ਝਗੜੇ ਬਾਰੇ ਸੋਚਦਿਆਂ ਹੀਜੜੇ ਉਸ ਘਰ ਨੱਚਣ ਗਾਉਣ ਪਹੁੰਚ ਗਏ। ਹਿੰਦੂਆਂ ਅਤੇ ਸਿੱਖਾਂ — ਮੈਨੂੰ ਸਿੱਖ ਚੰਗੇ ਨਹੀਂ ਲੱਗਦੇ — ਨੇ ਉਨ੍ਹਾਂ ਨੂੰ ਫੜ ਲਿਆ ਅਤੇ ਮੁਸਲਮਾਨ ਹੋਣ ਕਰਕੇ ਉਨ੍ਹਾਂ ਨੂੰ ਮਾਰ ਦੇਣਾ ਚਾਹਿਆ। " ਬੋਲਦੀ ਬੋਲਦੀ ਉਹ ਜਾਣ ਬੁੱਝਕੇ ਰੁਕ ਗਈ।

"ਫਿਰ ਕੀ ਹੋਇਆ?" ਹੁਕਮ ਚੰਦ ਨੇ ਉਤਸੁਕਤਾ ਨਾਲ ਪੁਛਿਆ।

ਕੁੜੀ ਖੁਲ੍ਹਕੇ ਹੱਸੀ ਅਤੇ ਹੀਜੜਿਆਂ ਵਾਂਗ ਉਂਗਲਾਂ ਖੋਲ੍ਹਕੇ ਤਾੜੀ ਮਾਰੀ। "ਉਨ੍ਹਾਂ ਨੇ ਆਪਣੇ ਢੋਲ ਵਜਾਉਣੇ ਅਤੇ ਆਪਣੀਆਂ ਪਾਟੀਆਂ ਮਰਦਾਨਾ ਆਵਾਜ਼ਾਂ ਵਿਚ ਗਾਉਣਾ ਸ਼ੁਰੂ ਕਰ ਦਿਤਾ। ਉਹ ਏਨੀ ਤੇਜ਼ੀ ਨਾਲ ਘੁੰਮੀਆਂ ਕਿ ਉਨ੍ਹਾਂ ਦੇ ਗਰਾਰੇ ਹਵਾ ਵਿਚ ਉੱਡ ਪਏ। ਫਿਰ ਉਹ ਰੁਕ ਗਈਆਂ ਅਤੇ ਹਜੂਮ ਦੇ ਆਗੂ ਨੂੰ ਪੁਛਿਆ, 'ਹੁਣ ਤੁਸੀਂ ਪੂਰਾ ਦੇਖ ਲਿਆ ਹੈ, ਦੱਸੋ, ਅਸੀਂ ਹਿੰਦੂ ਹਾਂ ਜਾਂ ਮੁਸਲਮਾਨ?' ਅਤੇ ਸਾਰੀ ਭੀੜ ਹੱਸਣ ਲੱਗ ਪਈ — ਸਾਰੀ ਭੀੜ ਸਿਰਫ ਸਿੱਖਾਂ ਨੂੰ ਛੱਡਕੇ। "

ਹੁਕਮ ਚੰਦ ਵੀ ਹੱਸ ਪਿਆ।

"ਗੱਲ ਏਥੇ ਹੀ ਨਹੀਂ ਮੁੱਕ ਗਈ। ਸਿੱਖ ਕਿਰਪਾਨਾਂ ਲੈ ਕੇ ਆ ਗਏ ਅਤੇ ਉਨ੍ਹਾਂ ਨੂੰ ਧਮਕਾਇਆ, 'ਇਸ ਵਾਰੀ ਤਾਂ ਅਸੀਂ ਤੁਹਾਨੂੰ ਜਾਣ ਦਿਆਂਗੇ, ਪਰ ਤੁਸੀਂ ਹੁਣ ਚੰਦਨ ਨਗਰ ਛੱਡ ਕੇ ਚਲੇ ਜਾਓ, ਨਹੀਂ ਤਾਂ ਤੁਹਾਨੂੰ ਪਾਰ ਬੁਲਾ ਦਿਆਂਗੇ।' ਇਕ ਖੁਸਰੇ ਨੇ ਫਿਰ ਤਾੜੀ ਮਾਰੀ ਅਤੇ ਇਕ ਸਿੱਖ ਦੀ ਦਾੜ੍ਹੀ ਵਿਚ ਉਂਗਲਾਂ ਫੇਰਦਿਆਂ ਪੁਛਿਆ, 'ਕਿਉਂ? ਕੀ ਤੁਸੀਂ ਸਾਰੇ ਹੀ ਸਾਡੇ ਵਰਗੇ ਬਣ ਜਾਓਗੇ ਅਤੇ ਬੱਚੇ ਪੈਦਾ

ਕਰਨੇ ਹੀ ਛੱਡ ਦਿਓਗੇ?' ਸਿੱਖ ਵੀ ਇਸਤੇ ਹੱਸਣੋਂ ਨਾ ਰਹਿ ਸਕੇ।"

"ਬਹੁਤ ਵਧੀਆ," ਹੁਕਮ ਚੰਦ ਨੇ ਕਿਹਾ। "ਪਰ ਤੁਹਾਨੂੰ ਇਸ ਸਾਰੇ ਰੌਲੇ ਰੱਪੇ ਦੌਰਾਨ ਹੁਸ਼ਿਆਰ ਰਹਿਣਾ ਚਾਹੀਦੈ। ਕੁਝ ਦਿਨ ਆਪਣੇ ਘਰੇ ਹੀ ਠਹਿਰਨਾ।"

"ਮੈਨੂੰ ਕੋਈ ਡਰ ਨਹੀਂ ਲੱਗਦਾ। ਅਸੀਂ ਕਿੰਨੇ ਹੀ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ। ਨਾਲੇ ਮੇਰੀ ਰਾਖੀ ਕਰਨ ਲਈ ਏਨਾ ਸ਼ਕਤੀਸ਼ਾਲੀ ਡਿਪਟੀ ਜੋ ਮੇਰੇ ਨਾਲ ਹੈ। ਜਿੰਨੀ ਦੇਰ ਉਹ ਮੇਰੇ ਨਾਲ ਹੈ ਕੋਈ ਮੇਰਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।"

ਹੁਕਮ ਚੰਦ ਬਿਨਾਂ ਕੋਈ ਸ਼ਬਦ ਬੋਲਿਆਂ ਕੁੜੀ ਦੇ ਵਾਲਾਂ ਵਿਚ ਉਂਗਲਾਂ ਫੇਰਦਾ ਰਿਹਾ। ਕੁੜੀ ਨੇ ਉਸ ਨੂੰ ਸ਼ਰਾਰਤੀ ਮੁਸਕਾਣ ਨਾਲ ਤੱਕਿਆ। "ਤੁਸੀਂ ਚਾਹੁੰਦੇ ਹੋ ਕਿ ਮੈਂ ਪਾਕਿਸਤਾਨ ਚਲੀ ਜਾਵਾਂ?"

ਹੁਕਮ ਚੰਦ ਨੇ ਉਸ ਨੂੰ ਹੋਰ ਘੁੱਟ ਲਿਆ। ਉਸ ਦੇ ਉਤੇ ਗਰਮ ਬੁਖਾਰ ਜਿਹਾ ਅਹਿਸਾਸ ਛਾ ਗਿਆ। "ਹਸੀਨਾ।" ਉਸ ਨੇ ਫਿਰ ਆਪਣਾ ਗਲ਼ਾ ਸਾਫ ਕੀਤਾ। "ਹਸੀਨਾ।" ਸ਼ਬਦ ਉਸ ਦੇ ਮੂੰਹ ਚੋਂ ਬਾਹਰ ਨਹੀਂ ਆ ਰਹੇ ਸਨ।

"ਹਸੀਨਾ, ਹਸੀਨਾ, ਹਸੀਨਾ। ਮੈਂ ਬੋਲ਼ੀ ਨਹੀਂ ਹਾਂ। ਤੁਸੀਂ ਕੁਝ ਕਹਿੰਦੇ ਕਿਉਂ ਨਹੀਂ?"

"ਤੂੰ ਅੱਜ ਇਥੇ ਠਹਿਰੇਂਗੀ, ਕੀ ਨਹੀਂ? ਤੂੰ ਅਜੇ ਜਾਣਾ ਨਹੀਂ ਚਾਹੁੰਦੀ?"

"ਬਸ ਇਹੋ ਕੁਝ ਤੁਸੀਂ ਕਹਿਣਾ ਚਾਹੁੰਦੇ ਸੀ? ਜੇ ਤੁਸੀਂ ਮੈਨੂੰ ਆਪਣੀ ਕਾਰ ਨਹੀਂ ਦਿੰਦੇ ਤਾਂ ਮੈਂ ਮੀਂਹ ਵਿਚ ਪੰਜ ਮੀਲ ਚਲਕੇ ਨਹੀਂ ਜਾ ਸਕਦੀ। ਪਰ ਜੇ ਤੁਸੀਂ ਚਾਹੁੰਦੇ ਹੋ ਕਿ ਮੈਂ ਇਕ ਰਾਤ ਹੋਰ ਗਾਵਾਂ ਅਤੇ ਇਥੇ ਰਹਾਂ ਤਾਂ ਤੁਹਾਨੂੰ ਨੋਟਾਂ ਦਾ ਵਡਾ ਬੰਡਲ ਦੇਣਾ ਪਵੇਗਾ।"

ਹੁਕਮ ਚੰਦ ਨੇ ਸੁੱਖ ਦਾ ਸਾਹ ਲਿਆ।

"ਪੈਸਾ ਕੀ ਚੀਜ਼ ਹੈ?" ਉਸ ਨੇ ਮਸਨੂਈ ਫ਼ਰਾਖਦਿਲੀ ਨਾਲ ਕਿਹਾ। "ਮੈਂ ਤਾਂ ਤੇਰੇ ਲਈ ਜਾਨ ਵੀ ਨਿਛਾਵਰ ਕਰ ਦਿਆਂ।"

## 6

ਹਫਤਾ ਭਰ ਇਕਬਾਲ ਆਪਣੀ ਕੋਠੜੀ ਵਿਚ ਇੱਕਲਾ ਰਿਹਾ। ਉਸ ਦੇ ਸਾਥੀ ਕੇਵਲ ਅਖਬਾਰ ਅਤੇ ਰਸਾਲੇ ਹੀ ਸਨ। ਉਸ ਦੀ ਕੋਠੜੀ ਵਿਚ ਕੋਈ ਬਿਜਲੀ ਨਹੀਂ ਸੀ ਅਤੇ ਨਾ ਹੀ ਉਸ ਨੂੰ ਕੋਈ ਲੈਂਪ ਜਾਂ ਲਾਲਟੈਣ ਦਿਤੀ ਗਈ ਸੀ। ਉਸ ਨੂੰ ਸਾਹ ਘੋਟੂ ਗਰਮੀ ਦੇ ਵਿਚ ਹੀ ਰਾਤ ਭਰ ਵੱਖ ਵੱਖ ਕਿਸਮ ਦੀਆਂ ਆਵਾਜ਼ਾਂ ਸੁਣਦਿਆਂ ਲੇਟਣਾ ਪੈਂਦਾ ਸੀ — ਆਵਾਜ਼ਾਂ ਘੁਰਾੜਿਆਂ ਦੀਆਂ, ਕਦੇ ਕਦਾਈਂ ਚਲਦੀਆਂ

ਗੋਲ਼ੀਆਂ ਦੀਆਂ ਆਵਾਜ਼ਾਂ ਅਤੇ ਫਿਰ ਹੋਰ ਜ਼ੋਰਦਾਰ ਘੁਰਾੜਿਆਂ ਦੀਆਂ ਆਵਾਜ਼ਾਂ। ਜਦੋਂ ਮੀਂਹ ਸ਼ੁਰੂ ਹੋਏ ਤਾਂ ਪੁਲਿਸ ਥਾਣੇ ਦੀ ਹਾਲਤ ਹੋਰ ਵੀ ਭੈੜੀ ਹੋ ਗਈ। ਲਗਾਤਾਰ ਵੱਸ ਰਿਹਾ ਮੀਂਹ ਹੀ ਦਿਸਦਾ ਸੀ ਜਾਂ ਕਦੇ ਕਦਾਈ ਕੋਈ ਸਿਪਾਹੀ ਰਿਪੋਰਟ ਕਮਰਿਆਂ ਅਤੇ ਬੈਰਕਾਂ ਦਰਮਿਆਨ ਦੌੜਕੇ ਲੰਘਦਾ ਦਿਸ ਜਾਂਦਾ ਸੀ, ਹੋਰ ਕੁਝ ਵੀ ਨਜ਼ਰ ਨਹੀਂ ਪੈਂਦਾ ਸੀ। ਸੁਣਾਈ ਵੀ ਹੋਰ ਕੁਝ ਨਹੀਂ ਦਿੰਦਾ ਸੀ, ਸਿਵਾਇ ਮੀਂਹ ਦੀਆਂ ਕਣੀਆਂ ਦੇ ਡਿਗਣ ਦੀ ਅਕਾਊ ਆਵਾਜ਼ ਦੇ, ਕਦੇ ਕਦਾਈਂ ਆਉਂਦੀ ਬਿਜਲੀ ਦੀ ਕੜਕ ਜਾਂ ਬੱਦਲਾਂ ਦੀ ਗਰਜ ਦੇ ਅਤੇ ਫਿਰ ਹੋਰ ਵੀ ਤੇਜ਼ ਪੈਂਦੇ ਮੀਂਹ ਦੀ ਆਵਾਜ਼ ਦੇ। ਨਾਲ ਵਾਲੀ ਕੋਠੜੀ ਵਿਚ ਬੰਦ ਜੱਗੇ ਨੂੰ ਵੀ ਉਸ ਨੇ ਘਟ ਹੀ ਦੇਖਿਆ ਸੀ। ਪਹਿਲੀਆਂ ਦੋ ਸ਼ਾਮਾਂ ਨੂੰ ਸਿਪਾਹੀ ਜੱਗੇ ਨੂੰ ਉਹਦੇ ਸੈੱਲ ਵਿਚੋਂ ਬਾਹਰ ਲੈ ਗਏ ਸਨ। ਇਕ ਘੰਟੇ ਮਗਰੋਂ ਉਸ ਨੂੰ ਵਾਪਸ ਲੈ ਆਂਦਾ ਗਿਆ ਸੀ। ਇਕਬਾਲ ਨੂੰ ਨਹੀਂ ਪਤਾ ਸੀ ਕਿ ਜੱਗੇ ਨਾਲ ਕੀ ਕੀਤਾ ਗਿਆ ਸੀ। ਉਸ ਨੇ ਪੁਛਿਆ ਨਹੀਂ ਸੀ ਅਤੇ ਜੱਗੇ ਨੇ ਵੀ ਦਸਿਆ ਕੁਝ ਨਹੀਂ ਸੀ। ਪਰ ਉਹਦੀ ਸਿਪਾਹੀਆਂ ਨਾਲ ਸ਼ੁਗਲੀਆ ਗੱਲਬਾਤ ਪਹਿਲਾਂ ਨਾਲੋਂ ਵਧੇਰੇ ਲੁੱਚੀ ਅਤੇ ਜਾਣ-ਪਛਾਣ ਵਾਲੀ ਹੋ ਗਈ ਸੀ।

ਇਕ ਸਵੇਰੇ ਹੱਥਕੜੀਆਂ ਵਿਚ ਪੰਜ ਬੰਦਿਆਂ ਦੀ ਇਕ ਟੋਲੀ ਥਾਣੇ ਵਿਚ ਲਿਆਂਦੀ ਗਈ। ਜਿਉਂ ਹੀ ਜੱਗੇ ਨੇ ਉਨ੍ਹਾਂ ਨੂੰ ਦੇਖਿਆ, ਉਸ ਨੂੰ ਗੁੱਸਾ ਚੜ੍ਹ ਆਇਆ ਅਤੇ ਉਸ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ। ਉਨ੍ਹਾਂ ਨੇ ਰੋਸ ਪ੍ਰਗਟ ਕੀਤਾ ਅਤੇ ਰਿਪੋਰਟ ਕਮਰੇ ਦੇ ਵਰਾਂਡੇ ਵਿਚੋਂ ਬਾਹਰ ਜਾਣ ਤੋਂ ਇਨਕਾਰ ਕਰ ਦਿਤਾ। ਇਕਬਾਲ ਹੈਰਾਨ ਸੀ ਕਿ ਇਹ ਨਵੇਂ ਕੈਦੀ ਕੌਣ ਹਨ। ਗੱਲਬਾਤ ਦੇ ਜਿਹੜੇ ਟੁੱਕੜੇ ਉਸ ਨੇ ਸੁਣੇ ਸਨ, ਉਨ੍ਹਾਂ ਤੋਂ ਇਕਬਾਲ ਨੇ ਅੰਦਾਜ਼ਾ ਲਾਇਆ ਕਿ ਇਨ੍ਹਾਂ ਚੋਂ ਹਰ ਕੋਈ ਲੁੱਟਮਾਰ ਅਤੇ ਕਤਲਾਂ ਵਿਚ ਮਸ਼ਗੂਲ ਸੀ। ਥਾਣੇ ਤੋਂ ਮਾਮੂਲੀ ਦੂਰੀ ਉਤੇ ਚੰਦਨ ਨਗਰ ਵਿਚ ਵੀ ਕਤਲ ਹੋ ਗਏ ਸਨ। ਇਕਬਾਲ ਨੇ ਗੋਲ਼ੀਆਂ ਚਲਣ ਦੀ ਗੁਲਾਬੀ ਚਮਕ ਦੇਖੀ ਸੀ ਅਤੇ ਲੋਕਾਂ ਨੂੰ ਰੋਂਦੇ ਕੁਰਲਾਉਂਦੇ ਸੁਣਿਆ ਸੀ ਪਰ ਪੁਲਿਸ ਨੇ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਸੀ। ਇਹ ਕੈਦੀ ਆਮ ਨਾਲੋਂ ਵੱਖਰੇ ਲੱਗਦੇ ਸਨ। ਇਕਬਾਲ ਹਾਲੇ ਮਿਲੀ ਮਾੜੀ ਮੋਟੀ ਜਾਣਕਾਰੀ ਦੇ ਟੁੱਕੜੇ ਜੋੜ ਜੋੜ ਕੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਨਵੇਂ ਕੈਦੀ ਕੌਣ ਹਨ, ਤਾਂ ਉਸ ਦੀ ਕੋਠੜੀ ਦਾ ਜੰਦਰਾ ਖੁਲ੍ਹਿਆ ਅਤੇ ਜੱਗਾ ਅਤੇ ਇਕ ਸਿਪਾਹੀ ਅੰਦਰ ਆ ਵੜੇ। ਜੱਗਾ ਵਧੀਆ ਮਖੌਲੀਆ ਰੌਂਅ ਵਿਚ ਸੀ।

"ਸਤਿ ਸ੍ਰੀ ਅਕਾਲ, ਬਾਬੂ ਜੀ," ਉਸ ਨੇ ਕਿਹਾ। "ਮੈਂ ਤੁਹਾਡੇ ਚਰਨਾਂ ਦਾ ਸੇਵਕ ਬਣ ਰਿਹਾਂ। ਕੁਝ ਤਾਂ ਸਿਖ ਹੀ ਜਾਵਾਂਗਾ।"

"ਇਕਬਾਲ ਸਾਹਿਬ," ਸਿਪਾਹੀ ਨੇ ਕੋਠੜੀ ਨੂੰ ਫਿਰ ਤਾਲਾ ਲਾਉਂਦਿਆਂ ਕਿਹਾ, "ਇਸ ਬਦਮਾਸ਼ ਨੂੰ ਸਿਖਾ ਦੇਣਾ ਕਿ ਸਿੱਧੀ ਅਤੇ ਭੀੜੀ ਡੰਡੀ ਤੇ ਕਿਵੇਂ ਚਲਿਆ ਜਾਂਦੈ।"

"ਦਫਾ ਹੋ ਜਾ," ਜੱਗੇ ਨੇ ਕਿਹਾ। "ਬਾਬੂ ਜੀ ਸਮਝਦੇ ਨੇ ਕਿ ਇਹ ਤੁਸੀਂ ਅਤੇ

ਸਰਕਾਰ ਹੀ ਹੋ ਜਿਨ੍ਹਾਂ ਨੇ ਮੈਨੂੰ ਬਦਮਾਸ਼ ਬਣਾਇਆ। ਇਹੋ ਗੱਲ ਹੈ ਨਾ, ਬਾਬੂ ਜੀ?"

ਇਕਬਾਲ ਨੇ ਕੋਈ ਜਵਾਬ ਨਾ ਦਿਤਾ। ਉਸ ਨੇ ਦੂਜੀ ਕੁਰਸੀ ਤੇ ਆਪਣੇ ਪੈਰ ਰਖ ਲਏ ਅਤੇ ਅਖਬਾਰਾਂ ਦੇ ਢੇਰ ਨੂੰ ਘੂਰਨ ਲੱਗ ਪਿਆ। ਜੱਗੇ ਨੇ ਉਸ ਦੇ ਪੈਰ ਕੁਰਸੀ ਤੋਂ ਚੁੱਕ ਲਏ ਅਤੇ ਉਨ੍ਹਾਂ ਨੂੰ ਆਪਣੇ ਵਡੇ ਵਡੇ ਹੱਥਾਂ ਨਾਲ ਦਬਾਉਣਾ ਸ਼ੁਰੂ ਕਰ ਦਿਤਾ।

"ਬਾਬੂ ਜੀ, ਆਖਰ ਮੇਰੀ ਕਿਸਮਤ ਖੁਲ੍ਹ ਹੀ ਪਈ। ਜੇ ਤੁਸੀਂ ਮੈਨੂੰ ਕੁਝ ਅੰਗਰੇਜ਼ੀ ਸਿਖਾ ਦਿਓ ਤਾਂ ਮੈਂ ਤੁਹਾਡੀ ਖੂਬ ਸੇਵਾ ਕਰਾਂਗਾ। ਬਸ ਕੁਝ ਵਾਕ ਹੀ ਸਹੀ ਜਿਨ੍ਹਾਂ ਨਾਲ ਮੈ ਥੋੜ੍ਹੀ ਜਿੰਨੀ ਗਿੱਟਮਿੱਟ ਕਰ ਸਕਾਂ।"

"ਅਗਲੀ ਕੋਠੜੀ ਵਿਚ ਕੌਣ ਆ ਰਿਹਾ?"

ਜੱਗਾ ਇਕਬਾਲ ਦੇ ਪੈਰ ਅਤੇ ਲੱਤਾਂ ਘੁੱਟੀ ਗਿਆ।

"ਮੈਨੂੰ ਨਹੀਂ ਪਤਾ," ਜੱਗੇ ਨੇ ਝਿਜਕਦਿਆਂ ਆਖਿਆ, "ਉਹ ਕਹਿੰਦੇ ਨੇ ਰਾਮ ਲਾਲ ਦੇ ਕਾਤਲ ਫੜ ਲਏ ਨੇ।"

"ਮੈਂ ਤਾਂ ਸੋਚਦਾ ਸੀ ਕਿ ਉਨ੍ਹਾਂ ਤੁਹਾਨੂੰ ਇਸ ਕਤਲ ਲਈ ਗ੍ਰਿਫਤਾਰ ਕੀਤਾ ਸੀ।" ਇਕਬਾਲ ਬੋਲਿਆ।

"ਮੈਂ ਵੀ ਇਹੋ ਸਮਝਦਾ ਸੀ," ਜੱਗਾ ਮੁਸਕਰਾਇਆ ਅਤੇ ਸੋਨੇ ਦੇ ਨੁਕਤਿਆਂ ਨਾਲ ਮੜ੍ਹੀ ਹੋਈ ਆਪਣੇ ਸਾਵੇਂ ਦੰਦਾਂ ਦੀ ਬੀੜ ਦਰਸਾਈ। "ਜਦੋਂ ਵੀ ਮਾੜੀ ਗੱਲ ਮਨੋ ਮਾਜਰਾ ਵਿਚ ਵਾਪਰਦੀ ਹੈ ਤਾਂ ਉਹ ਹਮੇਸ਼ਾਂ ਮੈਨੂੰ ਫੜ ਲੈਂਦੇ ਹਨ। ਦੇਖੋ ਨਾ, ਮੈਂ ਬਦਮਾਸ਼ ਜੋ ਹਾਂ।"

"ਕੀ ਰਾਮ ਲਾਲ ਨੂੰ ਤੁਸੀਂ ਨਹੀਂ ਮਾਰਿਆ?"

ਜੱਗੇ ਨੇ ਪੈਰ ਦਬਾਉਣੇ ਬੰਦ ਕਰ ਦਿਤੇ। ਉਸ ਨੇ ਆਪਣੇ ਕੰਨ ਫੜ ਲਏ ਅਤੇ ਜੀਭ ਬਾਹਰ ਕੱਢੀ। "ਤੋਬਾ, ਤੋਬਾ। ਆਪਣੇ ਹੀ ਪਿੰਡ ਦੇ ਬਾਣੀਏ ਨੂੰ ਮਾਰਿਆ? ਬਾਬੂ ਜੀ, ਕੌਣ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਨੂੰ ਮਾਰਦਾ ਹੈ? ਨਾਲੇ, ਇਹ ਰਾਮ ਲਾਲ ਹੀ ਸੀ ਜਿਸਨੇ ਮੇਰੇ ਬਾਪੂ ਦੀ ਜੇਲ੍ਹ ਵੇਲੇ ਵਕੀਲ ਕਰਨ ਲਈ ਮੈਨੂੰ ਪੈਸੇ ਦਿਤੇ ਸਨ। ਮੈਂ ਹਰਾਮਜ਼ਾਦਿਆਂ ਵਾਲਾ ਕੰਮ ਨਹੀਂ ਕਰਾਂਗਾ।"

"ਮੇਰਾ ਖਿਆਲ ਹੈ ਕਿ ਹੁਣ ਉਹ ਤੁਹਾਨੂੰ ਛੱਡ ਦੇਣਗੇ।"

"ਪੁਲਿਸ ਦੇਸ਼ ਦੀ ਬਾਦਸ਼ਾਹ ਹੈ। ਉਹ ਮੈਨੂੰ ਉਦੋਂ ਹੀ ਜਾਣ ਦੇਣਗੇ ਜਦੋਂ ਉਨ੍ਹਾਂ ਦੀ ਮਰਜ਼ੀ ਹੋਵੇਗੀ। ਜੇ ਉਹ ਮੈਨੂੰ ਅੰਦਰ ਹੀ ਰਖਣਾ ਚਾਹੁੰਣਗੇ ਤਾਂ ਕੋਈ ਕੇਸ ਪਾ ਦੇਣਗੇ, ਜਿਵੇਂ ਬਿਨਾਂ ਲਸੰਸ ਤੋਂ ਬਰਛਾ ਰਖਣ ਦਾ ਜਾਂ ਬਿਨਾਂ ਇਜਾਜ਼ਤ ਪਿੰਡ ਤੋਂ ਬਾਹਰ ਜਾਣ ਦਾ ਜਾਂ ਅਜਿਹਾ ਕੋਈ ਹੋਰ।"

"ਪਰ ਉਸ ਰਾਤ ਤੁਸੀਂ ਪਿੰਡ ਤੋਂ ਬਾਹਰ ਸੀ। ਨਹੀਂ ਸੀ?"

ਜੱਗਾ ਆਪਣੇ ਚਿੱਤੜਾਂ ਭਾਰ ਬੈਠ ਗਿਆ, ਇਕਬਾਲ ਦੇ ਪੈਰ ਆਪਣੀ ਗੋਦੀ ਵਿਚ ਰਖ ਲਏ ਅਤੇ ਉਸ ਦੀਆਂ ਤਲ਼ੀਆਂ ਤੇ ਮਾਲਸ਼ ਕਰਨ ਲੱਗਿਆ।

"ਹਾਂ, ਮੈਂ ਪਿੰਡ ਤੋਂ ਬਾਹਰ ਸਾਂ," ਉਸ ਨੇ ਅੱਖਾਂ ਵਿਚ ਸ਼ਰਾਰਤੀ ਮੁਸਕਾਣ ਨਾਲ ਜਵਾਬ ਦਿਤਾ, "ਪਰ ਮੈਂ ਕਿਸੇ ਨੂੰ ਕਤਲ ਨਹੀਂ ਕਰ ਰਿਹਾ ਸਾਂ, ਸਗੋਂ ਖੁਦ ਕਤਲ ਹੋ ਰਿਹਾ ਸਾਂ।"

ਇਕਬਾਲ ਇਸ਼ਾਰੇ ਨੂੰ ਸਮਝ ਗਿਆ। ਉਹ ਨਹੀਂ ਚਾਹੁੰਦਾ ਸੀ ਕਿ ਜੱਗੇ ਨੂੰ ਹੋਰ ਭੇਤ ਖੋਲ੍ਹਣ ਲਈ ਉਕਸਾਏ। ਪਰ ਜਦੋਂ ਇਕ ਵਾਰ ਵਿਸ਼ਾ ਛਿੜ ਹੀ ਗਿਆ ਸੀ ਤਾਂ ਜੱਗੇ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਉਸ ਨੇ ਇਕਬਾਲ ਦੇ ਪੈਰਾਂ ਨੂੰ ਹੋਰ ਜੋਸ਼ ਨਾਲ ਦਬਾਉਣਾ ਸ਼ੁਰੂ ਕਰ ਦਿਤਾ।

"ਤੁਸੀਂ ਬਹੁਤ ਸਾਲ ਯੂਰਪ ਵਿਚ ਰਹੇ ਹੋ?" ਜੱਗੇ ਨੇ ਦੱਬਵੀਂ ਆਵਾਜ਼ ਵਿਚ ਪੁਛਿਆ।

"ਹਾਂ, ਬਹੁਤ ਸਾਲ," ਇਕਬਾਲ ਨੇ ਅਟੱਲ ਨੂੰ ਟਾਲਣ ਦੀ ਅਸਫਲ ਕੋਸ਼ਿਸ਼ ਕਰਦਿਆਂ ਜਵਾਬ ਦਿਤਾ।

"ਫਿਰ ਤਾਂ ਤੁਸੀਂ, ਬਾਬੂ ਜੀ," ਜੱਗੇ ਨੇ ਆਪਣੀ ਆਵਾਜ਼ ਹੋਰ ਵੀ ਨੀਵੀਂ ਕਰਦਿਆਂ ਪੁਛਿਆ, "ਬਹੁਤ ਸਾਰੀਆਂ ਮੇਮਾਂ ਨਾਲ ਵੀ ਸੁੱਤੇ ਹੋਵੋਗੇ। ਠੀਕ ਹੈ?"

ਇਕਬਾਲ ਨੂੰ ਖਿੱਝ ਚੜ੍ਹ ਗਈ। ਹਿੰਦੁਸਤਾਨੀਆਂ ਨੂੰ ਬਹੁਤਾ ਚਿਰ ਕਾਮ ਦੇ ਵਿਸ਼ੇ ਤੋਂ ਦੂਰ ਨਹੀਂ ਰਖਿਆ ਜਾ ਸਕਦਾ ਸੀ। ਕਾਮ ਤਾਂ ਉਨ੍ਹਾਂ ਦੇ ਮਨਾਂ ਵਿਚ ਖਬਤ ਬਣਕੇ ਵੜ ਗਿਆ ਸੀ। ਇਹ ਉਨ੍ਹਾਂ ਦੀ ਕਲਾ, ਸਾਹਿਤ ਅਤੇ ਧਰਮ ਵਿਚੋਂ ਵੀ ਬੋਲਦਾ ਸੀ। ਹੋਰ ਤਾਂ ਹੋਰ ਇਹ ਤੁਹਾਨੂੰ ਸ਼ਹਿਰਾਂ ਵਿਚ ਲੱਗੇ ਇਸ਼ਤਿਹਾਰੀ ਬੋਰਡਾਂ ਉਤੇ ਵੀ ਨਜ਼ਰ ਆ ਜਾਂਦਾ ਸੀ ਜਿਨ੍ਹਾਂ ਵਿਚ ਕਾਮ ਉਤੇਜਕ ਦਵਾਈਆਂ ਅਤੇ ਹੱਥਰਸੀ ਦੇ ਬੁਰੇ ਅਸਰਾਂ ਦੇ ਇਲਾਜ ਦੀਆਂ ਦਵਾਈਆਂ ਦੀ ਮਸ਼ਹੂਰੀ ਕੀਤੀ ਗਈ ਹੁੰਦੀ ਸੀ। ਬੰਦੇ ਨੂੰ ਇਹ ਅਦਾਲਤਾਂ ਅਤੇ ਬਾਜ਼ਾਰਾਂ ਵਿਚ ਵੀ ਦਿਸ ਜਾਂਦੇ ਸਨ ਜਿਥੇ ਕਮਜ਼ੋਰ ਹੋਏ ਪਤਾਲੂਆਂ ਵਿਚ ਨਵੀਂ ਜਾਨ ਪਾਉਣ ਵਾਸਤੇ ਅਤੇ ਲਿੰਗ ਦਾ ਆਕਾਰ ਵਧਾਉਣ ਵਾਸਤੇ ਸਾਨ੍ਹੇ ਦਾ ਤੇਲ ਵੇਚਣ ਦਾ ਚੰਗੀ ਕਮਾਈ ਵਾਲਾ ਧੰਦਾ ਕਰਦੇ ਹਨ। ਬੰਦਾ ਨੀਮ ਹਕੀਮਾਂ ਦੇ ਇਸ਼ਤਿਹਾਰਾਂ ਵਿਚ ਵੀ ਇਸ ਬਾਰੇ ਪੜ੍ਹਦਾ ਹੈ ਜਿਹੜੇ ਦਾਅਵਾ ਕਰਦੇ ਹਨ ਕਿ ਉਹ ਬਾਂਝਪਣ ਦਾ ਇਲਾਜ ਕਰ ਦੇਣਗੇ ਅਤੇ ਅਜਿਹੀਆਂ ਦਵਾਈਆਂ ਦਿੰਦੇ ਹਨ ਕਿ ਕੁੱਖ ਵਿਚੋਂ ਮੁੰਡੇ ਹੀ ਪੈਦਾ ਹੋਣਗੇ। ਬੰਦਾ ਹਰ ਸਮੇਂ ਇਹ ਕੁਝ ਸੁਣਦਾ ਰਹਿੰਦਾ ਹੈ। ਕੋਈ ਵੀ ਕੌਮ ਮਾਂ-ਭੈਣ ਦੀਆਂ ਏਨੀਆਂ ਗਾਲ੍ਹਾਂ ਨਹੀਂ ਕੱਢਦੀ ਜਿੰਨੀਆਂ ਹਿੰਦੁਸਤਾਨੀ ਕੱਢਦੇ ਹਨ। ਸਾਲਾ, ਪਤਨੀ ਦਾ ਭਰਾ ('ਮੈਂ ਤੇਰੀ ਭੈਣ ਨਾਲ ਸੌਣਾ ਚਾਹਵਾਂਗਾ'), ਅਤੇ ਸੁਸਰਾ, ਅਰਥਾਤ ਸਹੁਰਾ ('ਮੈਂ ਤੇਰੀ ਕੁੜੀ ਨਾਲ ਸੌਣਾ ਚਾਹਵਾਂਗਾ') ਵਰਗੇ ਵਾਕਾਂਸ਼ ਆਪਣੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਲਈ ਓਨੇ ਹੀ ਪਿਆਰ ਵਜੋਂ ਵਰਤੇ

ਜਾਂਦੇ ਹਨ ਜਿੰਨੇ ਵੈਰੀਆਂ ਵਿਰੁਧ ਗੁੱਸੇ ਅਤੇ ਹੱਤਕ ਵਜੋਂ। ਕਿਸੇ ਵੀ ਵਿਸ਼ੇ — ਸਿਆਸਤ, ਫਲਸਫਾ, ਖੇਡਾਂ — ਬਾਰੇ ਚਲਦੀ ਹੋਈ ਗੱਲਬਾਤ ਜਲਦੀ ਹੀ ਕਾਮ ਉਤੇ ਕੇਂਦਰਿਤ ਹੋ ਜਾਂਦੀ ਹੈ ਜਿਸ ਉਤੇ ਹਾਜ਼ਰ ਸਾਰੇ ਹੀ-ਹੀ ਹੱਸਦੇ ਅਤੇ ਤਾੜੀਆਂ ਮਾਰਕੇ ਮਜ਼ਾ ਲੈਂਦੇ ਹਨ।

"ਹਾਂ," ਇਕਬਾਲ ਨੇ ਲਾਪ੍ਰਵਾਹੀ ਨਾਲ ਜਵਾਬ ਦਿਤਾ, "ਬਹੁਤ ਸਾਰੀਆਂ ਨਾਲ।"

"ਵਾਹ, ਵਾਹ," ਜੱਗਾ ਜੋਸ਼ ਨਾਲ ਉੱਛਲ ਪਿਆ ਅਤੇ ਇਕਬਾਲ ਦੇ ਪੈਰ ਹੋਰ ਵੀ ਜ਼ਿਆਦਾ ਜ਼ੋਰ ਨਾਲ ਦਬਾਉਣ ਲੱਗਿਆ। "ਬੱਲੇ, ਬਾਬੂ ਜੀ —ਬੱਲੇ, ਬੱਲੇ! ਤੁਸੀਂ ਤਾਂ ਫਿਰ ਖੂਬ ਬੁੱਲੇ ਲੁੱਟੇ ਹੋਣਗੇ। ਮੇਮਾਂ ਤਾਂ ਜੱਨਤ ਦੀਆਂ ਹੂਰਾਂ ਹੁੰਦੀਆਂ ਹਨ — ਗੋਰੀਆਂ ਅਤੇ ਰੇਸ਼ਮ ਵਾਂਗ ਕੂਲ਼ੀਆਂ। ਸਾਡੇ ਪੱਲੇ ਤਾਂ ਇਥੇ ਕਾਲੀਆਂ ਮੱਝਾਂ ਹੀ ਪੈਂਦੀਆਂ ਹਨ।"

"ਔਰਤਾਂ ਵਿਚਾਲੇ ਕੋਈ ਫਰਕ ਨਹੀਂ ਹੁੰਦਾ। ਸੱਚ ਤਾਂ ਇਹ ਹੈ ਕਿ ਗੋਰੀਆਂ ਔਰਤਾਂ ਬਹੁਤਾ ਉਤੇਜਿਤ ਨਹੀਂ ਹੁੰਦੀਆਂ। ਕੀ ਤੁਸੀਂ ਸ਼ਾਦੀਸ਼ੁਦਾ ਹੋ?"

"ਨਹੀਂ, ਬਾਬੂ ਜੀ। ਬਦਮਾਸ਼ ਨੂੰ ਆਪਣੀ ਕੁੜੀ ਕੌਣ ਦੇਵੇਗਾ? ਮੈਨੂੰ ਤਾਂ ਆਪਣਾ ਮਜ਼ਾ ਉਥੇ ਹੀ ਲੈਣਾ ਪੈਂਦਾ ਹੈ ਜਿਥੇ ਮੈਂ ਲੈ ਸਕਦਾਂ।"

"ਕੀ ਤੁਸੀਂ ਬਹੁਤ ਮਜ਼ਾ ਲੈਂਦੇ ਹੋ?"

"ਕਈ ਵਾਰ ...। ਜਦੋਂ ਮੈਂ ਤਾਰੀਕ ਤੇ ਫਿਰੋਜ਼ਪੁਰ ਜਾਂਦਾ ਹਾਂ ਅਤੇ ਵਕੀਲਾਂ ਅਤੇ ਉਨ੍ਹਾਂ ਦੇ ਮੁਨਸ਼ੀਆਂ ਕੋਲੋਂ ਕੁਝ ਪੈਸਾ ਬਚਾ ਲੈਂਦਾ ਹਾਂ ਤਾਂ ਵਕਤ ਵਧੀਆ ਗੁਜ਼ਾਰ ਲੈਂਦਾ ਹਾਂ। ਮੈਂ ਸਾਰੀ ਰਾਤ ਦਾ ਸੌਦਾ ਕਰਦਾ ਹਾਂ। ਔਰਤਾਂ ਸੋਚਦੀਆਂ ਹਨ ਕਿ ਬਾਕੀ ਮਰਦਾਂ ਵਾਂਗ ਹੀ ਹੋਵੇਗਾ, ਦੋ ਵਾਰ ਜਾਂ ਵਧ ਤੋਂ ਵਧ ਤਿੰਨ ਵਾਰ।" ਉਸ ਨੇ ਆਪਣੀਆਂ ਮੁੱਛਾਂ ਨੂੰ ਮਰੋੜਿਆ। "ਪਰ ਜਦੋਂ ਜਗਤ ਸਿੰਘ ਉਨ੍ਹਾਂ ਨੂੰ ਛੱਡਦਾ ਹੈ, ਉਹ ਚੀਕਦੀਆਂ ਹਨ 'ਹਾਇ, ਹਾਇ', ਆਪਣੇ ਕੰਨ ਫੜਦੀਆਂ ਹਨ ਤੇ ਕਹਿੰਦੀਆਂ ਹਨ 'ਤੋਬਾ, ਤੋਬਾ' ਅਤੇ ਮਿੰਨਤਾਂ ਕਰਦੀਆਂ ਹਨ ਕਿ ਉਨ੍ਹਾਂ ਨੂੰ ਛੱਡ ਦੇਵਾਂ ਅਤੇ ਪੈਸੇ ਵੀ ਬੇਸ਼ੱਕ ਵਾਪਸ ਲੈ ਲਵਾਂ।"

ਇਕਬਾਲ ਜਾਣਦਾ ਸੀ ਕਿ ਇਹ ਸਭ ਝੂਠ ਹੈ। ਬਹੁਤੇ ਨੌਜਵਾਨ ਇਸੇ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।

"ਜਦੋਂ ਤੁਹਾਡਾ ਵਿਆਹ ਹੋ ਗਿਆ, ਤੁਹਾਨੂੰ ਵੀ ਆਪਣੇ ਮੁਕਾਬਲੇ ਦਾ ਸਾਥੀ ਮਿਲ ਜਾਵੇਗਾ," ਇਕਬਾਲ ਨੇ ਕਿਹਾ। "ਤੁਸੀਂ ਆਪਣੇ ਕੰਨ ਫੜਕੇ ਕਹਿ ਰਹੇ ਹੋਵੋਗੇ 'ਤੋਬਾ, ਤੋਬਾ'।"

"ਬਾਬੂ ਜੀ ਵਿਆਹ ਕਰਾਉਣ ਵਿਚ ਕੋਈ ਮਜ਼ਾ ਨਹੀਂ। ਮਜ਼ਾ ਲੈਣ ਦਾ ਵਕਤ ਹੀ ਕਿਥੇ ਹੈ ਅਤੇ ਥਾਂ ਵੀ ਕਿਥੇ? ਗਰਮੀਆਂ ਵਿਚ ਹਰ ਕੋਈ ਖੁਲ੍ਹੇ ਵਿਚ ਸੌਂਦਾ ਹੈ

ਅਤੇ ਬੰਦਾ ਵਧ ਤੋਂ ਵਧ ਇਹੋ ਕਰ ਸਕਦਾ ਹੈ ਕਿ ਕੁਝ ਸਮੇਂ ਲਈ ਚੋਰਿਓਂ ਖਿਸਕ ਜਾਵੇ ਅਤੇ ਨਾਲ ਵਾਲਿਆਂ ਦੇ ਜਾਗਣ ਤੋਂ ਪਹਿਲਾਂ ਜੋ ਕਰ ਸਕਦਾ ਹੈ ਕਰ ਲਵੇ। ਸਰਦੀਆਂ ਵਿਚ ਮਰਦ ਅਤੇ ਔਰਤਾਂ ਅੱਡ ਅੱਡ ਸੌਂਦੇ ਹਨ। ਹਰ ਰਾਤ ਤੁਹਾਨੂੰ ਦੋਹਾਂ ਨੂੰ ਉਸੇ ਵੇਲੇ ਬਹਾਨਾ ਕਰਨਾ ਪੈਂਦੈ ਕਿ ਤੁਸੀਂ ਪਿਸ਼ਾਬ ਜਾਂ ਟੱਟੀ ਕਰਨ ਜਾ ਰਹੇ ਹੋ।"

"ਜਾਪਦੈ ਕਿ ਤੁਹਾਨੂੰ ਵਿਆਹ ਕਰਵਾਏ ਬਿਨਾਂ ਹੀ ਇਸ ਬਾਰੇ ਸਾਰਾ ਕੁਝ ਪਤੈ।"

ਜੱਗਾ ਹੱਸ ਪਿਆ। "ਮੈਂ ਆਪਣੀਆਂ ਅੱਖਾਂ ਬੰਦ ਨਹੀਂ ਰਖਦਾ। ਉਂਜ ਵੀ, ਬੇ ਸ਼ੱਕ ਮੈਂ ਵਿਆਹਿਆ ਨਹੀਂ ਪਰ ਮੈਂ ਵਿਆਹੇ ਆਦਮੀ ਦੇ ਹੀ ਕੰਮ ਕਰਦਾਂ।"

"ਤੁਸੀਂ ਵੀ ਤੈਅ ਕਰਕੇ ਹਾਜਤ ਕਰਨ ਜਾਂਦੇ ਹੋ?"

ਜੱਗਾ ਹੋਰ ਵੀ ਉਚੀ ਹੱਸਿਆ। "ਹਾਂ, ਬਾਬੂ ਜੀ, ਮੈਂ ਜਾਨਾਂ। ਇਸੇ ਕਰਕੇ ਤਾਂ ਮੈਨੂੰ ਇਥੇ ਬੰਦ ਕਰ ਦਿਤਾ ਗਿਐ। ਪਰ ਮੈਂ ਆਪਣੇ ਆਪ ਨੂੰ ਕਹਿੰਦਾਂ: ਜੇ ਮੈਂ ਉਸ ਰਾਤ ਬਾਹਰ ਨਾ ਹੁੰਦਾ, ਤਾਂ ਤੁਹਾਨੂੰ ਮਿਲਣ ਦੀ ਇਹ ਖੁਸ਼ਕਿਸਮਤੀ ਨਾ ਮਿਲਦੀ, ਬਾਬੂ ਜੀ। ਮੈਨੂੰ ਤੁਹਾਡੇ ਕੋਲੋਂ ਅੰਗਰੇਜ਼ੀ ਸਿਖਣ ਦਾ ਇਹ ਮੌਕਾ ਨਾ ਮਿਲਦਾ। ਮੈਨੂੰ 'ਗੁੱਡ ਮਾਰਨਿੰਗ' ਵਰਗੀ ਕੋਈ ਗਿੱਟਮਿੱਟ ਕਰਨੀ ਸਿਖਾ ਦਿਓ। ਸਿਖਾਓਗੇ ਨਾ ਬਾਬੂ ਜੀ ਸਾਹਿਬ?"

"ਕੀ ਕਰੋਗੇ ਤੁਸੀਂ ਅੰਗਰੇਜ਼ੀ ਦਾ?" ਇਕਬਾਲ ਨੇ ਸਵਾਲ ਕੀਤਾ। "ਸਾਹਿਬ ਤਾਂ ਚਲੇ ਗਏ ਹਨ। ਤੁਹਾਨੂੰ ਆਪਣੀ ਭਾਸ਼ਾ ਹੀ ਸਿੱਖਣੀ ਚਾਹੀਦੀ ਹੈ।"

ਲੱਗਦਾ ਸੀ ਜੱਗੇ ਨੂੰ ਇਹ ਸੁਝਾਅ ਪਸੰਦ ਨਹੀਂ ਆਇਆ। ਉਸ ਦੀ ਨਜ਼ਰ ਵਿਚ ਤਾਂ ਵਿਦਿਆ ਦਾ ਮਤਲਬ ਅੰਗਰੇਜ਼ੀ ਜਾਣਨਾ ਸੀ। ਕਲੱਰਕ ਅਤੇ ਅਰਜ਼ੀਨਵੀਸ, ਜੋ ਉਰਦੂ ਜਾਂ ਗੁਰਮੁਖੀ ਲਿਖਦੇ ਸਨ, ਉਹ ਪੜ੍ਹ-ਲਿਖ ਤਾਂ ਲੈਂਦੇ ਸਨ ਪਰ ਉਹ ਸਿਖਿਅਤ ਨਹੀਂ ਸਨ।

"ਮੈਂ ਕਿਸੇ ਤੋਂ ਵੀ ਸਿੱਖ ਸਕਦਾਂ ਹਾਂ। ਭਾਈ ਮੀਤ ਸਿੰਘ ਨੇ ਮੈਨੂੰ ਗੁਰਮੁਖੀ ਪੜ੍ਹਾਉਣ ਦਾ ਇਕਰਾਰ ਕੀਤਾ ਸੀ, ਪਰ ਮੈਨੂੰ ਨਹੀਂ ਲੱਗਦਾ ਕਿ ਕਦੇ ਵੀ ਸ਼ੁਰੂ ਕਰ ਸਕਾਂਗਾ। ਬਾਬੂ ਜੀ, ਤੁਸੀਂ ਕਿੰਨੀਆਂ ਜਮਾਤਾਂ ਪੜ੍ਹੇ ਹੋ? ਪੱਕੀ ਗੱਲ ਹੈ ਤੁਸੀਂ ਲਾਜ਼ਮੀ ਦਸਵੀਂ ਪਾਸ ਕਰ ਲਈ ਹੋਵੇਗੀ।"

ਦਸਵੀਂ ਸਕੂਲ ਦੀ ਪੜ੍ਹਾਈ ਕਰਨ ਮਗਰੋਂ ਦੇਣ ਵਾਲਾ ਇਮਤਿਹਾਨ ਸੀ।

"ਹਾਂ, ਮੈਂ ਦਸਵੀਂ ਪਾਸ ਕਰ ਲਈ ਹੈ। ਦਰਅਸਲ, ਮੈਂ ਸੋਲ੍ਹਵੀਂ ਪਾਸ ਕਰ ਲਈ ਹੈ।"

"ਸੋਲ੍ਹਾਂ! ਬੱਲੇ, ਬੱਲੇ! ਮੈਂ ਕਿਸੇ ਨੂੰ ਵੀ ਨਹੀਂ ਮਿਲਿਆ ਜਿਸਨੇ ਇੰਨੀ ਪੜ੍ਹਾਈ ਕੀਤੀ ਹੋਵੇ। ਸਾਡੇ ਪਿੰਡ ਵਿਚ ਕੇਵਲ ਰਾਮ ਲਾਲ ਹੀ ਸੀ ਜਿਸਨੇ ਚਾਰ ਜਮਾਤਾਂ ਪਾਸ ਕੀਤੀਆਂ ਹੋਈਆਂ ਸਨ। ਹੁਣ ਉਹ ਮਰ ਗਿਆ ਹੈ। ਪੜ੍ਹਨ ਵਾਲਾ ਕੇਵਲ ਮੀਤ ਸਿੰਘ

ਹੀ ਰਹਿ ਗਿਆ ਹੈ। ਗੁਆਂਢੀ ਪਿੰਡਾਂ ਵਿਚ ਤਾਂ ਕੋਈ ਭਾਈ ਵੀ ਨਹੀਂ ਹੈ। ਸਾਡੇ ਥਾਣੇਦਾਰ ਸਾਹਿਬ ਨੇ ਕੇਵਲ ਸੱਤ ਜਮਾਤਾਂ ਹੀ ਪੜ੍ਹੀਆਂ ਹਨ ਜਦੋਂ ਕਿ ਡਿਪਟੀ ਸਾਹਿਬ ਨੇ ਦਸ ਪਾਸ ਕੀਤੀਆਂ ਹਨ। ਸੋਲ੍ਹਾਂ! ਤੁਹਾਡਾ ਦਿਮਾਗ ਤਾਂ ਬਹੁਤ ਵਡਾ ਹੋਵੇਗਾ।"

ਜੋਸ਼ ਭਰਪੂਰ ਪ੍ਰਸ਼ੰਸਾ ਸੁਣਕੇ ਇਕਬਾਲ ਭਮੱਤਰ ਗਿਆ।

"ਕੀ ਤੁਸੀਂ ਕੁਝ ਪੜ੍ਹ ਜਾਂ ਲਿਖ ਵੀ ਸਕਦੇ ਹੋ?" ਉਸ ਨੇ ਪੁਛਿਆ।

"ਮੈਂ? ਨਹੀਂ ਤਾਂ! ਮੇਰੇ ਚਾਚੇ ਦੇ ਮੁੰਡੇ ਨੇ ਸਕੂਲ ਵਿਚੋਂ ਸਿਖੀ ਹੋਈ ਇਕ ਕਵਿਤਾ ਸਿਖਾਈ ਸੀ। ਅੱਧੀ ਅੰਗਰੇਜ਼ੀ ਹੈ ਅਤੇ ਅੱਧੀ ਹਿੰਦੁਸਤਾਨੀ:

"ਪਿਜਨ — ਕਬੂਤਰ, ਉੱਡਣ — ਫਲਾਈ
ਲੁੱਕ — ਦੇਖੋ, ਆਸਮਾਨ — ਸਕਾਈ

ਕੀ ਤੁਸੀਂ ਇਹ ਕਵਿਤਾ ਜਾਣਦੇ ਹੋ?"

"ਨਹੀਂ। ਕੀ ਉਸ ਨੇ ਏ.ਬੀ.ਸੀ. ਨਹੀਂ ਸਿਖਾਈ ਸੀ?"

"ਏ.ਬੀ.ਸੀ.? ਉਸ ਨੂੰ ਆਪ ਵੀ ਨਹੀਂ ਆਉਂਦੀ ਸੀ। ਉਸ ਨੂੰ ਏਨੀ ਹੀ ਆਉਂਦੀ ਸੀ ਜਿੰਨੀ ਮੈਨੂੰ ਆਉਂਦੀ ਐ:

ਏ.ਬੀ.ਸੀ. — ਕਿਥੇ ਗਈ ਸੀ?
ਐਡਵਰਡ ਮਰ ਗਿਆ, ਮਕਾਣ ਗਈ ਸੀ।
ਇਹ ਤਾਂ ਤੁਹਾਨੂੰ ਜ਼ਰੂਰ ਆਉਂਦੀ ਹੋਵੇਗੀ?"

"ਨਹੀਂ, ਮੈਨੂੰ ਇਹ ਵੀ ਨਹੀਂ ਆਉਂਦੀ।"

"ਠੀਕ ਐ, ਤੁਸੀਂ ਅੰਗਰੇਜ਼ੀ ਵਿਚ ਮੈਨੂੰ ਕੁਝ ਸੁਣਾਓ।"

ਇਕਬਾਲ ਮਿਹਰਬਾਨ ਹੋ ਗਿਆ। ਉਸ ਨੇ ਜੱਗੇ ਨੂੰ 'ਗੁੱਡ ਮਾਰਨਿੰਗ' ਅਤੇ 'ਗੁੱਡ ਈਵਨਿੰਗ' ਕਹਿਣਾ ਸਿਖਾਇਆ। ਜਦੋਂ ਜੱਗੇ ਨੇ ਜ਼ਿੰਦਗੀ ਦੇ ਕੁਝ ਅਹਿਮ ਕੰਮਾਂ ਦੀ ਅੰਗਰੇਜ਼ੀ ਜਾਣਨੀ ਚਾਹੀ ਤਾਂ ਇਕਬਾਲ ਕਾਹਲ਼ਾ ਪੈ ਗਿਆ। ਉਸੇ ਵੇਲੇ ਪੰਜ ਨਵੇਂ ਕੈਦੀ ਨਾਲ ਵਾਲੀ ਕੋਠੜੀ ਵਿਚ ਲੈ ਆਂਦੇ ਗਏ। ਜੱਗੇ ਦਾ ਮੌਜ ਮੇਲੇ ਵਾਲਾ ਰੌਂਅ ਓਨੀ ਹੀ ਤੇਜ਼ੀ ਨਾਲ ਉਡ ਪੁਡ ਗਿਆ ਜਿੰਨੀ ਤੇਜ਼ੀ ਨਾਲ ਉਹ ਆਇਆ ਸੀ।

ਗਿਆਰਾਂ ਵਜੇ ਤਕ ਬਾਰਸ਼ ਮੱਠੀ ਪੈਂਦੀ ਪੈਂਦੀ ਬੂੰਦਾਬਾਂਦੀ ਤੇ ਆ ਗਈ ਸੀ। ਦਿਨ ਵਧੇਰੇ ਰੋਸ਼ਨ ਹੋ ਗਿਆ ਸੀ। ਛੋਟੇ ਥਾਣੇਦਾਰ ਨੇ ਆਪਣਾ ਸਾਈਕਲ ਤੇਜ਼ ਚਲਾਉਂਦੇ ਹੋਏ ਨੇ ਹੀ ਉਪਰ ਵੱਲ ਦੇਖਿਆ। ਉਸ ਤੋਂ ਥੋੜ੍ਹਾ ਦੂਰ ਅਗੇ ਬੱਦਲ ਛੱਟ ਗਏ ਸਨ ਅਤੇ ਉਨ੍ਹਾਂ ਵਿਚੋਂ ਭਰਪੂਰ ਨੀਲਾ ਅਕਾਸ਼ ਝਾਤੀਆਂ ਮਾਰਨ ਲੱਗ ਪਿਆ ਸੀ। ਧੁੱਪ ਦੀ ਲੱਠ ਮੀਂਹ ਵਿਚੋਂ ਲੰਘਦੀ ਟੇਢੀ ਹੋ ਰਹੀ ਸੀ। ਇਸ ਦੀਆਂ ਕੇਸਰੀ

ਰਿਸ਼ਮਾਂ ਭਿੱਜੇ ਖੇਤਾਂ ਉਤੇ ਨੱਚ ਰਹੀਆਂ ਸਨ। ਸੱਤਰੰਗੀ ਪੀਂਘ ਆਸਮਾਨ ਵਿਚ ਮਹਿਰਾਬ ਬਣਕੇ ਵਿਛੀ ਹੋਈ ਸੀ। ਇਸ ਨੇ ਚੰਦਨ ਨਗਰ ਦੇ ਕਸਬੇ ਨੂੰ ਬਹੁਰੰਗੀ ਡਾਟ ਵਿਚ ਘੇਰਿਆ ਹੋਇਆ ਸੀ।

ਥਾਣੇਦਾਰ ਨੇ ਸਾਈਕਲ ਦੇ ਪੈਡਲ ਤੇਜ਼ ਕੀਤੇ। ਉਹ ਹੌਲਦਾਰ ਵਲੋਂ ਮੱਲੀ ਦੀ ਗ੍ਰਿਫਤਾਰੀ ਦਰਜ ਕਰਨ ਤੋਂ ਪਹਿਲਾਂ ਥਾਣੇ ਪਹੁੰਚਣਾ ਚਾਹੁੰਦਾ ਸੀ। ਥਾਣੇ ਦੀ ਡਾਇਰੀ ਵਿਚੋਂ ਪੰਨੇ ਪਾੜਨੇ ਬੜਾ ਕਸੂਤਾ ਕੰਮ ਹੋਣਾ ਸੀ ਅਤੇ ਫਿਰ ਕਿਸੇ ਸਿਰਫਿਰੇ ਵਕੀਲ ਦੇ ਪੁੱਠੇ ਸਿੱਧੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਹੌਲਦਾਰ ਅਨੁਭਵੀ ਅਧਿਕਾਰੀ ਸੀ ਪਰ ਜੱਗੇ ਅਤੇ ਇਕਬਾਲ ਦੀ ਗ੍ਰਿਫਤਾਰੀ ਮਗਰੋਂ ਥਾਣੇਦਾਰ ਦਾ ਉਸ ਵਿਚੋਂ ਭਰੋਸਾ ਕੁਝ ਹਿਲ ਗਿਆ ਸੀ। ਹੌਲਦਾਰ ਉਤੇ ਰੂਟੀਨ ਤੋਂ ਵੱਖਰੀ ਸਥਿਤੀ ਨਾਲ ਨਿਪਟਣ ਬਾਰੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਸੀ। ਕੀ ਉਹ ਸਮਝ ਲਵੇਗਾ ਕਿ ਕੈਦੀਆਂ ਨੂੰ ਕਿਥੇ ਰਖਣਾ ਹੈ। ਉਹ ਕਿਸਾਨ ਸੀ ਅਤੇ ਪੜ੍ਹੀ ਲਿਖੀ ਦਰਮਿਆਨੀ ਜਮਾਤ ਤੋਂ ਬਹੁਤ ਘਬਰਾਉਂਦਾ ਸੀ। ਉਸ ਵਿਚ ਇਕਬਾਲ ਨੂੰ ਪ੍ਰੇਸ਼ਾਨ ਕਰਨ ਦੀ ਜੁਰਅਤ ਨਹੀਂ ਹੋਵੇਗੀ (ਜਿਸ ਦੀ ਕੋਠੜੀ ਵਿਚ ਉਸ ਨੇ ਮੰਜਾ, ਕੁਰਸੀ ਅਤੇ ਮੇਜ਼ ਵੀ ਡੁਹਾ ਦਿਤੇ ਸਨ)। ਅਤੇ ਜੇ ਉਸ ਨੇ ਜੱਗਾ ਅਤੇ ਮੱਲੀ ਨੂੰ ਇਕੋ ਸੈੱਲ ਵਿਚ ਇਕਠੇ ਕਰ ਦਿਤਾ ਹੋਇਆ ਤਾਂ ਹੁਣ ਤਕ ਉਨ੍ਹਾਂ ਨੇ ਕਤਲ ਅਤੇ ਡਾਕੇ ਬਾਰੇ ਸਲਾਹ ਕਰ ਲਈ ਹੋਵੇਗੀ ਅਤੇ ਉਨ੍ਹਾਂ ਨੇ ਇਕ ਦੂਜੇ ਦੀ ਮਦਦ ਕਰਨ ਦਾ ਫੈਸਲਾ ਵੀ ਕਰ ਲਿਆ ਹੋਵੇ ਗਾ।

ਜਿਉਂ ਹੀ ਛੋਟੇ ਥਾਣੇਦਾਰ ਦਾ ਸਾਈਕਲ ਥਾਣੇ ਵਿਚ ਵੜਿਆ, ਤਿਉਂ ਹੀ ਵਰਾਂਡੇ ਵਿਚ ਬੈਂਚ ਉਤੇ ਬੈਠੇ ਦੋ-ਤਿੰਨ ਸਿਪਾਹੀ ਥਾਣੇਦਾਰ ਦਾ ਸੁਆਗਤ ਕਰਨ ਲਈ ਉਠ ਖੜ੍ਹੇ ਹੋਏ। ਇਕ ਨੇ ਉਸ ਦਾ ਸਾਈਕਲ ਫੜ ਲਿਆ; ਦੂਜੇ ਨੇ ਉਸ ਦੇ ਰੇਨਕੋਟ ਨੂੰ ਸੰਭਾਲਣ ਵਿਚ ਮਦਦ ਕੀਤੀ ਪਰ ਨਾਲ ਹੀ ਆਪਣੇ ਮੂੰਹ ਵਿਚ ਵਰ੍ਹਦੀ ਬਾਰਸ਼ ਵਿਚ ਬਾਹਰ ਆਉਣ ਉਤੇ ਬੁੜ-ਬੁੜ ਕੀਤੀ।

"ਡਿਊਟੀ," ਛੋਟੇ ਥਾਣੇਦਾਰ ਨੇ ਸ਼ੇਖੀ ਬਘਾਰਦੇ ਹੋਏ ਆਖਿਆ, "ਡਿਊਟੀ। ਮੀਂਹ ਕੀ ਚੀਜ਼ ਹੈ। ਜੇ ਕਿਤੇ ਭੂਚਾਲ ਵੀ ਆਇਆ ਹੁੰਦਾ ਤਾਂ ਵੀ ਡਿਊਟੀ ਪਹਿਲਾਂ ਆਉਂਦੀ ਹੈ! ਕੀ ਹੌਲਦਾਰ ਵਾਪਸ ਆ ਗਿਆ ਹੈ?"

"ਜੀ, ਜਨਾਬ। ਉਹ ਕੁਝ ਮਿੰਟ ਪਹਿਲਾਂ ਹੀ ਮੱਲੀ ਦੇ ਗਰੋਹ ਨੂੰ ਫੜ ਕੇ ਲਿਆਇਆ ਹੈ। ਹੁਣ ਉਹ ਚਾਹ ਪੀਣ ਵਾਸਤੇ ਆਪਣੇ ਕੁਆਟਰ ਨੂੰ ਗਿਆ ਹੋਇਐ।"

"ਕੀ ਉਸ ਨੇ ਰੋਜ਼ਨਾਮਚੇ ਵਿਚ ਕੋਈ ਇੰਦਰਾਜ ਕੀਤੈ?"

"ਨਹੀਂ, ਜਨਾਬ, ਉਹ ਕਹਿੰਦਾ ਸੀ ਕਿ ਇਸ ਵਾਸਤੇ ਉਹ ਤੁਹਾਡਾ ਇੰਤਜ਼ਾਰ ਕਰੇਗਾ।"

ਥਾਣੇਦਾਰ ਨੇ ਸੁੱਖ ਦਾ ਸਾਹ ਲਿਆ। ਉਹ ਰਿਪੋਰਟ ਰੂਮ ਵਿਚ ਚਲਾ ਗਿਆ,

ਆਪਣੀ ਪੱਗੜੀ ਕਿੱਲੀ ਤੇ ਟੰਗੀ ਅਤੇ ਕੁਰਸੀ ਤੇ ਬੈਠ ਗਿਆ। ਮੇਜ਼ ਕਈ ਕਿਸਮ ਦੇ ਰਜਿਸਟਰਾਂ ਨਾਲ ਭਰਿਆ ਪਿਆ ਸੀ। ਕਾਲਮਾਂ ਵਿਚ ਵੰਡੇ ਹੋਏ ਪੀਲੇ ਕਾਗਜ਼ਾਂ ਵਾਲਾ ਇਕ ਵਡਾ ਸਾਰਾ ਰਜਿਸਟਰ ਉਸ ਦੇ ਮੂਹਰੇ ਖੁਲ੍ਹਾ ਪਿਆ ਸੀ। ਉਸ ਨੇ ਆਖਰੀ ਐਂਟਰੀ ਉਤੇ ਝਾਤ ਮਾਰੀ। ਇਹ ਉਸ ਦੇ ਆਪਣੇ ਹੀ ਹੱਥ ਦੀ ਲਿਖੀ ਹੋਈ ਸੀ। ਜਦੋਂ ਉਹ ਸਾਝਰੇ ਸਵੇਰੇ ਮਨੋ ਮਾਜਰਾ ਦੇ ਡਾਕ ਬੰਗਲੇ ਲਈ ਚਲਿਆ ਸੀ, ਇਹ ਐਂਟਰੀ ਉਸ ਬਾਰੇ ਸੀ।

"ਵਧੀਆ," ਉਸ ਨੇ ਆਪਣੇ ਹੱਥ ਮਲ਼ਦੇ ਹੋਏ ਉਚੀ ਦੇਣੇ ਕਿਹਾ। ਉਸ ਨੇ ਆਪਣੇ ਪੱਟਾਂ ਤੇ ਹੱਥ ਮਾਰੇ ਅਤੇ ਦੋਵੇਂ ਹੱਥ ਮੱਥੇ ਉਪਰੋਂ ਲਿਜਾਂਦੇ ਹੋਏ ਵਾਲਾਂ ਵਿਚੋਂ ਲੰਘਾਏ। "ਠੀਕ ਐ," ਉਸ ਨੇ ਆਪਣੇ ਆਪ ਨੂੰ ਉੱਚੀ ਬੋਲਕੇ ਕਿਹਾ, "ਠੀਕ ਐ।"

ਇਕ ਸਿਪਾਹੀ ਉਸ ਦੇ ਲਈ ਚਾਹ ਦਾ ਕੱਪ ਲਿਆਇਆ ਜਿਸ ਵਿਚ ਉਹ ਲਗਾਤਾਰ ਚਮਚਾ ਮਾਰਦਾ ਆ ਰਿਹਾ ਸੀ।

"ਤੁਹਾਡੇ ਕਪੜੇ ਲਾਜ਼ਮੀ ਗਿੱਲੇ ਹੋਣਗੇ!" ਉਸ ਨੇ ਚਾਹ ਨੂੰ ਮੇਜ਼ ਤੇ ਰਖਦਿਆਂ ਆਖਰੀ ਜ਼ੋਰਦਾਰ ਚਮਚਾ ਮਾਰਦਿਆਂ ਕਿਹਾ।

ਥਾਣੇਦਾਰ ਨੇ ਸਿਪਾਹੀ ਵੱਲ ਬਿਨਾਂ ਦੇਖਦਿਆਂ ਚਾਹ ਦਾ ਕੱਪ ਚੁੱਕ ਲਿਆ। "ਕੀ ਤੁਸੀਂ ਮੱਲੀ ਦੇ ਗਰੋਹ ਨੂੰ ਵੀ ਉਸੇ ਕੋਠੜੀ ਵਿਚ ਬੰਦ ਕਰ ਦਿਤੈ ਜਿਸ ਵਿਚ ਜੱਗਾ ਸੀ?"

"ਤੋਬਾ! ਤੋਬਾ!" ਸਿਪਾਹੀ ਆਪਣੇ ਹੱਥ ਮੋਢਿਆਂ ਤਕ ਚੁੱਕਦੇ ਹੋਏ ਬੋਲ ਉਠਿਆ। "ਜਨਾਬ, ਫਿਰ ਤਾਂ ਥਾਣੇ ਵਿਚ ਹੀ ਕੋਈ ਕਤਲ ਹੋ ਜਾਂਦਾ। ਜਦੋਂ ਅਸੀਂ ਮੱਲੀ ਨੂੰ ਅੰਦਰ ਲੈ ਕੇ ਆਏ ਤਾਂ ਤੁਹਾਨੂੰ ਇਥੇ ਹੋਣਾ ਚਾਹੀਦਾ ਸੀ। ਜਿਉਂ ਹੀ ਜੱਗੇ ਨੇ ਉਸ ਨੂੰ ਦੇਖਿਆ, ਉਹ ਤਾਂ ਜਿਵੇਂ ਪਾਗਲ ਹੀ ਹੋ ਗਿਆ। ਮੈਂ ਕਦੇ ਅਜਿਹੀਆਂ ਗਾਲਾਂ ਨਹੀਂ ਸੁਣੀਆਂ। ਮਾਂ, ਪੈਣ, ਧੀ — ਉਨ੍ਹੇ ਕੋਈ ਵੀ ਨਹੀਂ ਛੱਡੀ। ਉਨ੍ਹੇ ਸੀਖਾਂ ਏਨੇ ਜ਼ੋਰ ਨਾਲ ਹਿਲਾਈਆਂ ਕਿ ਚਰਮਰਾਉਣ ਲੱਗ ਪਈਆਂ। ਅਸੀਂ ਤਾਂ ਸੋਚਿਆ ਕਿ ਦਰਵਾਜ਼ਾ ਚੂਲਾਂ ਤੋਂ ਹੀ ਉਖੜ ਜਾਵੇਗਾ। ਮੱਲੀ ਨੂੰ ਉਸ ਦੇ ਨਾਲ ਰਖਣ ਦਾ ਕੋਈ ਸਵਾਲ ਹੀ ਨਹੀਂ ਸੀ। ਅਤੇ ਮੱਲੀ ਨੇ ਵੀ ਅੰਦਰ ਨਹੀਂ ਜਾਣਾ ਸੀ, ਜਿਵੇਂ ਕੋਈ ਲੇਲਾ ਸ਼ੇਰ ਦੇ ਪਿੰਜਰੇ ਵਿਚ ਨਹੀਂ ਜਾਂਦਾ।"

ਛੋਟਾ ਥਾਣੇਦਾਰ ਮੁਸਕਰਾਇਆ। "ਮੱਲੀ ਨੇ ਜਵਾਬੀ ਗਾਲਾਂ ਨਹੀਂ ਕੱਢੀਆਂ?"

"ਨਹੀਂ। ਉਹ ਸੱਚਮੁਚ ਹੀ ਡਰਿਆ ਹੋਇਆ ਸੀ ਅਤੇ ਵਾਰ ਵਾਰ ਇਹੀ ਕਹੀ ਜਾਂਦਾ ਸੀ ਕਿ ਉਸ ਦਾ ਮਨੋ ਮਾਜਰਾ ਦੇ ਡਾਕੇ ਨਾਲ ਕੋਈ ਸੰਬੰਧ ਨਹੀਂ। ਜੱਗਾ ਜਵਾਬ ਵਿਚ ਗਰਜਿਆ ਕਿ ਉਸ ਨੇ ਆਪਣੀਆਂ ਅੱਖਾਂ ਨਾਲ ਉਸ ਨੂੰ ਦੇਖਿਆ ਸੀ ਅਤੇ ਕਿ ਜਦੋਂ ਉਹ ਬਾਹਰ ਆਇਆ ਤਾਂ ਉਨ੍ਹਾਂ ਸਾਰਿਆਂ ਨਾਲ ਹਿਸਾਬ ਚੁੱਕਤਾ ਕਰ ਦੇਵੇਗਾ ਅਤੇ ਉਨ੍ਹਾਂ ਦੀਆਂ ਮਾਵਾਂ, ਭੈਣਾਂ ਅਤੇ ਕੁੜੀਆਂ ਨਾਲ ਵੀ। ਮੱਲੀ ਨੇ ਕਿਹਾ ਕਿ ਉਹ ਹੁਣ ਉਸ ਤੋਂ ਨਹੀਂ ਡਰਦਾ ਕਿਉਂਕਿ ਜੱਗਾ ਹੁਣ ਜੁਲਾਹੇ ਦੀ ਕੁੜੀ ਨਾਲ ਸੌਣ

ਤੋਂ ਇਲਾਵਾਂ ਕੁਝ ਨਹੀਂ ਕਰ ਸਕਦਾ। ਫਿਰ ਦੇਖਣ ਵਾਲਾ ਸੀ ਜੱਗਾ, ਕਾਸ਼ ਤੁਸੀਂ ਇਥੇ ਹੁੰਦੇ। ਉਹ ਤਾਂ ਜਾਨਵਰ ਹੀ ਬਣ ਗਿਆ ਸੀ। ਅੱਖਾਂ ਉਸ ਦੀਆਂ ਲਾਲ ਹੋ ਗਈਆਂ; ਉਨ੍ਹੇ ਆਪਣਾ ਹੱਥ ਆਪਣੇ ਮੂੰਹ ਤੇ ਰਖਿਆ ਅਤੇ ਦਹਾੜਿਆ; ਉਨ੍ਹੇ ਆਪਣੀ ਛਾਤੀ ਤੇ ਦੁਹੱਥੜ ਮਾਰੇ ਅਤੇ ਲੋਹੇ ਦੀਆਂ ਸੀਖਾਂ ਨੂੰ ਪੂਰੇ ਜ਼ੋਰ ਨਾਲ ਹਿਲਾਇਆ; ਉਸ ਨੇ ਕਸਮ ਖਾਧੀ ਕਿ ਉਹ ਮੱਲੀ ਨੂੰ ਪਾੜਕੇ ਰਖ ਦੇਵੇਗਾ। ਮੈਂ ਇਸ ਤੋਂ ਪਹਿਲਾਂ ਕਦੇ ਕਿਸੇ ਨੂੰ ਏਨੇ ਕਰੋਧ ਵਿਚ ਨਹੀਂ ਦੇਖਿਆ। ਅਸੀਂ ਕੋਈ ਖਤਰਾ ਨਹੀਂ ਸਾਂ ਲੈ ਸਕਦੇ। ਇਸ ਲਈ ਮੱਲੀ ਨੂੰ ਅਸੀਂ ਰਿਪੋਰਟ ਕਮਰੇ ਵਿਚ ਹੀ ਰਖਿਆ, ਜਦੋਂ ਤਕ ਕਿ ਜੱਗੇ ਦਾ ਪਾਰਾ ਹੇਠਾਂ ਨਾ ਆ ਗਿਆ। ਫਿਰ ਅਸੀਂ ਜੱਗੇ ਨੂੰ ਬਾਬੂ ਜੀ ਦੇ ਕਮਰੇ ਵਿਚ ਬਦਲ ਦਿਤਾ ਅਤੇ ਮੱਲੀ ਦੇ ਬੰਦਿਆਂ ਨੂੰ ਜੱਗੇ ਵਾਲੀ ਕੋਠੜੀ ਵਿਚ ਬੰਦ ਕਰ ਦਿਤਾ।"

"ਲੱਗਦਾ ਹੈ ਤਮਾਸ਼ਾ ਵਧੀਆ ਰਿਹਾ ਹੋਵੇਗਾ," ਥਾਣੇਦਾਰ ਨੇ ਦੰਦ ਕੱਢਦਿਆਂ ਕਿਹਾ। "ਅਸੀਂ ਜ਼ਰਾ ਹੋਰ ਤਮਾਸ਼ਾ ਦੇਖਾਂਗੇ। ਮੈਂ ਮੱਲੀ ਦੇ ਬੰਦਿਆਂ ਨੂੰ ਰਿਹਾ ਕਰਨ ਲੱਗਿਆਂ।"

ਸਿਪਾਹੀ ਹੈਰਾਨ ਪ੍ਰੇਸ਼ਾਨ ਹੋ ਗਿਆ। ਇਸ ਤੋਂ ਪਹਿਲਾਂ ਕਿ ਉਹ ਕੋਈ ਸਵਾਲ ਪੁੱਛਦਾ, ਥਾਣੇਦਾਰ ਨੇ ਹਾਕਮਾਨਾ ਲਹਿਜ਼ੇ ਵਿਚ ਹੱਥ ਹਿਲਾਕੇ ਉਸ ਨੂੰ ਦਫਾ ਕਰ ਦਿਤਾ।

"ਇਹ ਨੀਤੀ ਹੈ, ਪਤਾ ਹੈ! ਤੈਨੂੰ ਵੀ ਆ ਜਾਵੇਗੀ ਜਦੋਂ ਤੈਨੂੰ ਪੁਲਿਸ ਵਿਚ ਕੰਮ ਕਰਦਿਆਂ ਓਨੇ ਸਾਲ ਹੋ ਗਏ ਜਿੰਨਿਆਂ ਤੋਂ ਮੈਂ ਕਰ ਰਿਹਾ ਹਾਂ। ਜਾ ਅਤੇ ਦੇਖ ਕੀ ਹੌਲਦਾਰ ਨੇ ਚਾਹ ਪੀ ਲਈ ਹੈ। ਉਸ ਨੂੰ ਕਹਿਣਾ ਕਿ ਜ਼ਰੂਰੀ ਕੰਮ ਹੈ।"

ਕੁਝ ਦੇਰ ਮਗਰੋਂ ਹੌਲਦਾਰ ਆ ਗਿਆ, ਤਸੱਲੀ ਦੀ ਮੁਸਕਾਣ ਬਿਖੇਰਦਾ ਹੋਇਆ। ਉਸ ਦੇ ਚਿਹਰੇ ਉਤੇ ਆਤਮ ਸੰਤੁਸ਼ਟੀ ਦਾ ਅਜਿਹਾ ਪ੍ਰਗਟਾਵਾ ਸੀ ਕਿ ਉਸ ਦੀ ਕੁਸ਼ਲਤਾ ਉਤੇ ਜੇ ਕੋਈ ਟੀਕਾ ਟਿਪਣੀ ਕੀਤੀ ਗਈ ਤਾਂ ਉਹ ਅਗੋਂ ਗਲ਼ ਪੈ ਜਾਵੇ ਗਾ। ਥਾਣੇਦਾਰ ਨੇ ਹੌਲਦਾਰ ਦੀ ਨਿਮਰ ਮੁਸਕਾਣ ਨੂੰ ਨਜ਼ਰਅੰਦਾਜ਼ ਕਰਦਿਆਂ, ਉਸਨੂੰ ਆਖਿਆ ਕਿ ਬੂਹਾ ਬੰਦ ਕਰ ਦੇਵੇ ਅਤੇ ਬੈਠ ਜਾਵੇ। ਹੌਲਦਾਰ ਦੀ ਦਿਖ ਸੰਤੁਸ਼ਟੀ ਤੋਂ ਚਿੰਤਾ ਵਿਚ ਬਦਲ ਗਈ। ਉਸ ਨੇ ਦਰਵਾਜ਼ਾ ਢੋ ਦਿਤਾ ਅਤੇ ਮੇਜ਼ ਦੇ ਦੂਜੇ ਪਾਸੇ ਖੜ੍ਹ ਗਿਆ। "ਜੀ, ਜਨਾਬ। ਕੀ ਹੁਕਮ ਹੈ?"

"ਬੈਠ ਜਾ, ਬੈਠ ਜਾ," ਥਾਣੇਦਾਰ ਨੇ ਕਿਹਾ। ਉਸ ਦੀ ਆਵਾਜ਼ ਸ਼ਾਂਤ ਸੀ। "ਕੋਈ ਕਾਹਲੀ ਨਹੀਂ।"

ਹੌਲਦਾਰ ਬੈਠ ਗਿਆ।

ਥਾਣੇਦਾਰ ਨੇ ਪੈਨਸਿਲ ਦਾ ਤਿਖਾ ਸਿਰਾ ਆਪਣੇ ਕੰਨ ਵਿਚ ਘੁਮਾਇਆ ਅਤੇ ਪੈਨਸਿਲ ਦੀ ਨੋਕ ਤੇ ਲੱਗ ਗਈ ਭੂਰੀ ਮੈਲ ਨੂੰ ਜਾਂਚਿਆ। ਉਸ ਨੇ ਆਪਣੀ ਜੇਬ ਵਿਚੋਂ ਇਕ ਸਿਗਰਟ ਕੱਢੀ ਅਤੇ ਜਲਾਉਣ ਤੋਂ ਪਹਿਲਾਂ ਇਸ ਦੇ ਸਿਰੇ ਨੂੰ ਤੀਲਾਂ ਦੀ ਡੱਬੀ

ਉਤੇ ਕਈ ਵਾਰ ਠਕੋਰਿਆ। ਉਸ ਨੇ ਸਿਗਰਟ ਨੂੰ ਜ਼ੋਰਦਾਰ ਸੂਟਾ ਮਾਰਿਆ। ਧੂੰਆਂ ਉਸ ਦੀਆਂ ਨਾਸਾਂ ਵਿਚੋਂ ਨਿਕਲਿਆ, ਮੇਜ਼ ਨਾਲ ਲੱਗ ਕੇ ਪਰਤਿਆ ਅਤੇ ਸਾਰੇ ਕਮਰੇ ਵਿਚ ਫੈਲ ਗਿਆ।

"ਹੌਲਦਾਰ ਸਾਹਿਬ," ਆਪਣੀ ਜੀਭ ਤੇ ਲੱਗੇ ਤੰਬਾਕੂ ਦੇ ਇਕ ਨਿੱਕੇ ਕਣ ਨੂੰ ਹਟਾਉਂਦਿਆਂ ਅਖੀਰ ਉਹ ਬੋਲਿਆ। "ਹੌਲਦਾਰ ਸਾਹਿਬ, ਅੱਜ ਕਰਨ ਵਾਲੇ ਬਹੁਤ ਸਾਰੇ ਕੰਮ ਹਨ ਅਤੇ ਮੈਂ ਚਾਹੁੰਦਾ ਹਾਂ ਤੂੰ ਆਪ ਨਿਜੀ ਤੌਰ ਤੇ ਇਹ ਕੰਮ ਸਿਰੇ ਲਾਵੇਂ।"

"ਜੀ, ਜਨਾਬ," ਹੌਲਦਾਰ ਨੇ ਸੰਜੀਦਗੀ ਨਾਲ ਜਵਾਬ ਦਿਤਾ।

"ਪਹਿਲਾਂ, ਮੱਲੀ ਅਤੇ ਉਸ ਦੇ ਆਦਮੀਆਂ ਨੂੰ ਮਨੋ ਮਾਜਰਾ ਲੈ ਜਾ। ਉਨ੍ਹਾਂ ਨੂੰ ਅਜਿਹੇ ਥਾਂ ਰਿਹਾ ਕਰੀਂ ਜਿਥੇ ਪਿੰਡ ਵਾਲੇ ਉਨ੍ਹਾਂ ਨੂੰ ਛੱਡਿਆ ਜਾਣਾ ਦੇਖ ਲੈਣ। ਸ਼ਾਇਦ ਗੁਰਦੁਆਰੇ ਨੇੜੇ ਠੀਕ ਰਹੇਗਾ। ਫਿਰ ਐਵੇਂ ਸਰਸਰੀ ਤੌਰ ਤੇ ਪਿੰਡ ਵਾਲਿਆਂ ਤੋਂ ਪੁੱਛੀਂ ਕਿ ਕੀ ਕਿਸੇ ਨੇ ਸੁਲਤਾਨਾ ਜਾਂ ਉਸ ਦੇ ਗਰੋਹ ਦੇ ਕਿਸੇ ਬੰਦੇ ਨੂੰ ਇਥੇ ਕਿਤੇ ਦੇਖਿਆ ਹੈ। ਇਹ ਨਹੀਂ ਕਹਿਣਾ ਕਿ ਕਿਉਂ ਪੁੱਛ ਰਹੇ ਹਾਂ, ਬਸ ਵੈਸੇ ਹੀ ਪਤਾ ਕਰਦੇ ਰਹਿਣਾ।"

"ਪਰ, ਜਨਾਬ, ਸੁਲਤਾਨਾ ਅਤੇ ਉਸ ਦਾ ਗਰੋਹ ਤਾਂ ਪਾਕਿਸਤਾਨ ਚਲਾ ਗਿਆ ਹੈ। ਹਰ ਕਿਸੇ ਨੂੰ ਪਤੈ ਇਸ ਦਾ।"

ਥਾਣੇਦਾਰ ਨੇ ਆਪਣੀ ਪੈਨਸਿਲ ਦਾ ਸਿਰਾ ਫਿਰ ਕੰਨ ਵਿਚ ਫੇਰਿਆ ਅਤੇ ਮੈਲ ਮੇਜ਼ ਉਤੇ ਰਗੜ ਦਿਤੀ। ਉਸ ਨੇ ਸਿਗਰਟ ਦੇ ਕਈ ਕਸ਼ ਲਾਏ। ਇਸ ਵਾਰ ਉਸ ਨੇ ਬੁਲ੍ਹ ਟੇਰੇ ਅਤੇ ਧੂੰਏ ਦੀ ਧਾਰ ਰਜਿਸਟਰ ਤੇ ਮਾਰੀ ਜੋ ਪਰਤ ਕੇ ਹੌਲਦਾਰ ਦੇ ਮੂੰਹ ਉਤੇ ਜਾ ਪਈ।

"ਮੈਨੂੰ ਨਹੀਂ ਪਤਾ ਕਿ ਸੁਲਤਾਨਾ ਡਾਕੂ ਪਾਕਿਸਤਾਨ ਚਲਾ ਗਿਆ ਹੈ। ਕੁਝ ਵੀ ਹੋਵੇ, ਉਹ ਮਨੋ ਮਾਜਰਾ ਵਿਚ ਡਾਕਾ ਮਾਰਨ ਮਗਰੋਂ ਚਲਾ ਗਿਆ ਹੈ। ਪਿੰਡ ਵਾਲਿਆਂ ਨੂੰ ਇਹ ਪੁੱਛਣ ਵਿਚ ਕੋਈ ਨੁਕਸਾਨ ਨਹੀਂ ਕਿ ਕੀ ਉਹ ਜਾਣਦੇ ਹਨ ਕਿ ਸੁਲਤਾਨਾ ਕਦੋਂ ਚਲਾ ਗਿਆ; ਹੈ ਕੋਈ ਨੁਕਸਾਨ?"

ਹੌਲਦਾਰ ਦਾ ਚਿਹਰਾ ਖਿਲ ਉਠਿਆ।

"ਮੈਂ ਸਮਝ ਗਿਆ ਜਨਾਬ। ਕੋਈ ਹੋਰ ਹੁਕਮ ਜਨਾਬ?"

"ਹਾਂ, ਪਿੰਡ ਵਾਸੀਆਂ ਤੋਂ ਇਹ ਵੀ ਪੜਤਾਲ ਕਰਨਾ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਮੁਸਲਿਮ ਲੀਗੀ ਇਕਬਾਲ ਉਥੇ ਕੀ ਸ਼ਰਾਰਤ ਕਰਨ ਆਇਆ ਸੀ, ਜਦੋਂ ਉਹ ਮਨੋ ਮਾਜਰਾ ਵਿਚ ਠਹਿਰਿਆ ਹੋਇਆ ਸੀ।"

ਹੌਲਦਾਰ ਵਿਚ ਪ੍ਰੇਸ਼ਾਨੀ ਵਿਚ ਫਸ ਗਿਆ।

"ਜਨਾਬ, ਬਾਬੂ ਦਾ ਨਾਂ ਇਕਬਾਲ ਸਿੰਘ ਹੈ। ਉਹ ਸਿੱਖ ਹੈ। ਉਹ ਇੰਗਲੈਂਡ

ਵਿਚ ਰਹਿੰਦਾ ਰਿਹਾ ਹੈ ਅਤੇ ਉਥੇ ਹੀ ਉਸ ਨੇ ਆਪਣੇ ਵਾਲ ਕਟਵਾ ਦਿਤੇ ਸਨ।"

ਥਾਣੇਦਾਰ ਨੇ ਆਪਣੀਆਂ ਅੱਖਾਂ ਘੂਰਕੇ ਹੌਲਦਾਰ ਉਤੇ ਟਿਕਾਈਆਂ ਅਤੇ ਮੁਸਕਰਾਇਆ। "ਬਹੁਤ ਸਾਰੇ ਇਕਬਾਲ ਹਨ। ਮੈਂ ਮੁਹੰਮਦ ਇਕਬਾਲ ਦੀ ਗੱਲ ਕਰ ਰਿਹਾਂ, ਪਰ ਤੂੰ ਇਕਬਾਲ ਸਿੰਘ ਬਾਰੇ ਸੋਚ ਰਿਹੈਂ। ਮੁਹੰਮਦ ਇਕਬਾਲ ਮੁਸਲਿਮ ਲੀਗ ਦਾ ਮੈਂਬਰ ਹੋ ਸਕਦਾ ਹੈ।"

"ਮੈਂ ਸਮਝਦਾ ਹਾਂ, ਜਨਾਬ," ਹੌਲਦਾਰ ਨੇ ਦੁਹਰਾਇਆ, ਪਰ ਸੱਚ ਇਹ ਹੈ ਕਿ ਉਹ ਕੁਝ ਨਹੀਂ ਸਮਝਿਆ ਸੀ। ਉਸ ਨੂੰ ਆਸ ਸੀ ਕਿ ਉਹ ਕੁਝ ਹੋਰ ਸਮੇਂ ਵਿਚ ਸਾਰੀ ਸਕੀਮ ਪਕੜ ਲਵੇਗਾ। "ਤੁਹਾਡੇ ਹੁਕਮਾਂ ਦੀ ਪਾਲਣਾ ਕਰ ਦਿਤੀ ਜਾਵੇਗੀ।"

"ਬਸ, ਇਕ ਗੱਲ ਹੋਰ," ਥਾਣੇਦਾਰ ਨੇ ਮੇਜ਼ ਕੁਰਸੀ ਤੋਂ ਉਠਦਿਆਂ ਅਗੇ ਆਖਿਆ। "ਕਿਸੇ ਸਿਪਾਹੀ ਨੂੰ ਕਹਿਣਾ ਕਿ ਮੇਰੇ ਕੋਲੋਂ ਮੁਸਲਿਮ ਸ਼ਰਨਾਰਥੀ ਕੈਂਪ ਦੇ ਕਮਾਂਡਰ ਦੇ ਨਾਂ ਇਕ ਚਿੱਠੀ ਵੀ ਲੈ ਜਾਵੇ। ਇਸ ਤੋਂ ਇਲਾਵਾ, ਮੈਨੂੰ ਯਾਦ ਕਰਾਉਣਾ ਕਿ ਕਲ੍ਹ ਨੂੰ ਜਦ ਪਾਕਿਸਤਾਨ ਫੌਜ ਦੇ ਸੈਨਿਕ ਮੁਸਲਿਮ ਵਸੋਂ ਨੂੰ ਕੱਢਣ ਲਈ ਮਨੋ ਮਾਜਰਾ ਆਉਂਦੇ ਹਨ ਤਾਂ ਉਥੇ ਕੁਝ ਸਿਪਾਹੀ ਮੈਂ ਵੀ ਭੇਜਣੇ ਹਨ।"

ਹੌਲਦਾਰ ਨੇ ਮਹਿਸੂਸ ਕੀਤਾ ਕਿ ਇਹ ਸਭ ਕੁਝ ਇਸ ਲਈ ਦਸਿਆ ਜਾ ਰਿਹਾ ਹੈ ਕਿ ਮੈਨੂੰ ਸਾਰੀ ਯੋਜਨਾ ਸਮਝਣ ਵਿਚ ਮਦਦ ਮਿਲ ਜਾਵੇ। ਉਸ ਨੇ ਆਪਣੇ ਮਨ ਵਿਚ ਇਸ ਨੂੰ ਨੋਟ ਕਰ ਲਿਆ, ਦੂਜੀ ਵਾਰ ਸਲੂਟ ਮਾਰਿਆ ਅਤੇ ਅੱਡੀਆਂ ਖੜਕਾਈਆਂ। "ਜੀ, ਜਨਾਬ," ਉਸ ਨੇ ਕਿਹਾ ਅਤੇ ਬਾਹਰ ਨਿਕਲ ਗਿਆ।

ਥਾਣੇਦਾਰ ਨੇ ਆਪਣੀ ਪੱਗ ਸਿਰ ਤੇ ਰਖ ਲਈ। ਉਹ ਥਾਣੇ ਦੇ ਵਿਹੜੇ ਨੂੰ ਦੇਖਦਾ ਦਰਵਾਜ਼ੇ ਕੋਲ ਖੜ੍ਹ ਗਿਆ। ਸਾਹਮਣੇ ਕੰਧ ਉਤੇ ਚੜ੍ਹੀ ਰੇਲਵੇ ਕਰੀਪਰ ਨਾਂ ਦੀ ਵੇਲ ਬਾਰਸ਼ ਨੇ ਧੋ ਦਿਤੀ ਸੀ। ਇਸ ਦੇ ਪਤੇ ਧੁੱਪ ਵਿਚ ਚਮਕ ਰਹੇ ਸਨ। ਖੱਬੇ ਪਾਸੇ ਸਿਪਾਹੀਆਂ ਦੇ ਸੌਣ ਕਮਰਿਆਂ/ ਡਾਰਮਿਟਰੀਆਂ ਵਿਚ ਮੰਜਿਆਂ ਦੀਆਂ ਕਤਾਰਾਂ ਸਨ ਜਿਨ੍ਹਾਂ ਉਤੇ ਬਿਸਤਰੇ ਬੜੇ ਕਰੀਨੇ ਨਾਲ ਵਲ੍ਹੇਟਕੇ ਰਖੇ ਹੋਏ ਸਨ। ਡਾਰਮਿਟਰੀਆਂ ਦੇ ਸਾਹਮਣੇ ਥਾਣੇ ਦੀਆਂ ਦੋ ਕੋਠੜੀਆਂ ਸਨ — ਦਰਅਸਲ ਇਹ ਕਮਰੇ ਹੀ ਸਨ ਫਰਕ ਸਿਰਫ ਏਨਾ ਸੀ ਕਿ ਸਾਹਮਣੇ ਵਾਲੀ ਦੀਵਾਰ ਇੱਟਾਂ ਦੀ ਬਜਾਏ ਲੋਹੇ ਦੀਆਂ ਸਲਾਖਾਂ ਦੀ ਬਣੀ ਹੋਈ ਸੀ। ਵਿਹੜੇ ਵਿਚ ਕਿਸੇ ਵੀ ਥਾਂ ਖੜ੍ਹਕੇ ਬੰਦਾ ਇਨ੍ਹਾਂ ਅੰਦਰ ਹੁੰਦੀ ਹਰ ਕਾਰਵਾਈ ਦੇਖ ਸਕਦਾ ਸੀ। ਨੇੜੇ ਵਾਲੀ ਕੋਠੜੀ ਵਿਚ, ਇਕਬਾਲ ਕੁਰਸੀ ਤੇ ਬੈਠਾ ਸੀ ਅਤੇ ਉਸ ਨੇ ਆਪਣੇ ਪੈਰ ਮੰਜੇ ਉਤੇ ਰਖੇ ਹੋਏ ਸਨ। ਉਹ ਰਸਾਲਾ ਪੜ੍ਹ ਰਿਹਾ ਸੀ। ਕਿੰਨੇ ਹੀ ਅਖਬਾਰ ਫਰਸ਼ ਉਤੇ ਖਿਲਰੇ ਹੋਏ ਸਨ। ਜਗਤ ਸਿੰਘ ਸਲਾਖਾਂ ਨੂੰ ਫੜ੍ਹਕੇ ਬੈਠਾ ਸੀ ਅਤੇ ਬਾਹਰ ਸਿਪਾਹੀਆਂ ਦੇ ਕੁਆਟਰਾਂ ਨੂੰ ਐਵੇਂ ਹੀ ਘੂਰ ਰਿਹਾ ਸੀ। ਦੂਜੀ ਕੋਠੜੀ ਵਿਚ ਮੱਲੀ ਅਤੇ ਉਸ ਦੇ ਸਾਥੀ ਫਰਸ਼ ਉਤੇ ਲੰਮੇ ਪਏ ਇਕ ਦੂਜੇ ਨਾਲ ਗੱਲਾਂ ਕਰ ਰਹੇ ਸਨ। ਜਦੋਂ ਹੌਲਦਾਰ ਅਤੇ ਤਿੰਨ ਸਿਪਾਹੀ ਬੰਦੂਕਾਂ ਅਤੇ ਹੱਥਕੜੀਆਂ ਲੈ ਕੇ ਅੰਦਰ ਵੜੇ ਤਾਂ ਉਹ ਉਠਕੇ ਖੜ੍ਹੇ ਹੋ ਗਏ। ਜਗਤ

ਸਿੰਘ ਨੇ ਨਾਲ ਵਾਲੀ ਕੋਠੜੀ ਵਿਚ ਜਾਂਦੇ ਸਿਪਾਹੀਆਂ ਵੱਲ ਕੋਈ ਧਿਆਨ ਨਾ ਦਿਤਾ। ਉਸ ਨੇ ਸੋਚਿਆ ਕਿ ਸ਼ਾਇਦ ਮੱਲੀ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਇਆ ਜਾ ਰਿਹਾ ਹੈ।

ਮੱਲੀ ਜਗਤ ਸਿੰਘ ਦੇ ਭੜਾਕੇ ਤੋਂ ਹਿਲ ਗਿਆ ਸੀ। ਉਹ ਜਗਤ ਸਿੰਘ ਤੋਂ ਡਰਦਾ ਸੀ। ਉਹ ਲਗਾਤਾਰ ਹਮਲੇ ਦੇ ਡਰ ਵਿਚ ਰਹਿਣ ਨਾਲੋਂ ਜਗਤ ਸਿੰਘ ਨਾਲ ਉਸ ਦੀ ਹਰ ਸ਼ਰਤ ਉਤੇ ਸੁਲਾਹ ਕਰਨਾ ਚਾਹੁੰਦਾ ਸੀ — ਕਿਉਂਕਿ ਜੱਗਾ ਜ਼ਿਲੇ ਦਾ ਸਭ ਤੋਂ ਵਧ ਖੂੰਖਾਰ ਵਿਅਕਤੀ ਸੀ। ਪਰ ਜਗਤ ਸਿੰਘ ਦੀਆਂ ਗਾਲਾਂ ਨੇ ਇਹ ਸੁਲਾਹ ਸਫਾਈ ਅਸੰਭਵ ਬਣਾ ਦਿਤੀ ਸੀ। ਮੱਲੀ ਆਪਣੇ ਗਰੋਹ ਦਾ ਸਰਦਾਰ ਸੀ ਅਤੇ ਜੱਗੇ ਵਲੋਂ ਕੀਤੀ ਗਈ ਹੱਤਕ ਮਗਰੋਂ ਸੋਚਦਾ ਸੀ ਕਿ ਆਪਣੇ ਸਾਥੀਆਂ ਦੀਆਂ ਅੱਖਾਂ ਵਿਚ ਗੁਆਚੇ ਹੋਏ ਵਕਾਰ ਨੂੰ ਮੁੜ ਪ੍ਰਾਪਤ ਕਰਨ ਲਈ ਉਸ ਨੂੰ ਵੀ ਕੁਝ ਕਹਿਣਾ ਚਾਹੀਦਾ ਹੈ। ਉਸ ਨੇ ਕਈ ਗੱਲਾਂ ਸੋਚੀਆਂ ਜਿਹੜੀਆਂ ਉਹ ਜੱਗੇ ਨੂੰ ਕਹਿ ਸਕਦਾ ਸੀ ਜੇ ਉਸ ਨੂੰ ਪਤਾ ਹੁੰਦਾ ਕਿ ਜੱਗਾ ਉਸ ਵੱਲ ਵਧਾਏ ਦੋਸਤੀ ਦੇ ਹੱਥ ਨੂੰ ਗਾਲਾਂ ਨਾਲ ਠੁਕਰਾ ਦੇਵੇਗਾ। ਉਸ ਨੇ ਸਦਮਾ ਮਹਿਸੂਸ ਕੀਤਾ ਅਤੇ ਗੁੱਸਾ ਵੀ ਆਇਆ। ਜੇ ਉਸ ਨੂੰ ਇਕ ਹੋਰ ਮੌਕਾ ਮਿਲ ਗਿਆ ਤਾਂ ਇੱਟ ਦਾ ਜਵਾਬ ਪੱਥਰ ਨਾਲ ਦੇਵੇਗਾ, ਗਾਲ ਦੇ ਜਵਾਬ ਵਿਚ ਗਾਲਾਂ। ਲੋਹੇ ਦੀਆਂ ਸਲਾਖਾਂ ਉਨ੍ਹਾਂ ਨੂੰ ਵੱਖ ਵੱਖ ਕਰਦੀਆਂ ਸਨ। ਇਸ ਤੋਂ ਇਲਾਵਾ ਹਥਿਆਰਬੰਦ ਸਿਪਾਹੀਆਂ ਦਾ ਪਹਿਰਾ ਵੀ ਤਾਂ ਸੀ।

ਸਿਪਾਹੀਆਂ ਨੇ ਮੱਲੀ ਅਤੇ ਉਸ ਦੇ ਸਾਥੀਆਂ ਨੂੰ ਹੱਥਕੜੀਆਂ ਲਾਈਆਂ ਅਤੇ ਸਾਰੀਆਂ ਹੱਥਕੜੀਆਂ ਨੂੰ ਇਕ ਲੰਮੀ ਜ਼ੰਜੀਰ ਨਾਲ ਜੋੜਕੇ ਇਕ ਸਿਪਾਹੀ ਦੀ ਪੇਟੀ ਨਾਲ ਬੰਨ੍ਹ ਦਿਤਾ। ਹੌਲਦਾਰ ਉਨ੍ਹਾਂ ਦੇ ਅਗੇ ਲੱਗ ਗਿਆ। ਦੋ ਸਿਪਾਹੀ ਪਿੱਛੇ ਲੱਗ ਗਏ। ਜਦੋਂ ਉਹ ਕੋਠੜੀ ਵਿਚੋਂ ਬਾਹਰ ਨਿਕਲੇ, ਜੱਗੇ ਨੇ ਮੱਲੀ ਨੂੰ ਦੇਖਿਆ ਅਤੇ ਮੂੰਹ ਦੂਜੇ ਪਾਸੇ ਫੇਰ ਲਿਆ।

"ਪੁਰਾਣੇ ਯਾਰਾਂ ਨੂੰ ਤੂੰ ਭੁੱਲ ਗਿਐਂ," ਮੱਲੀ ਨੇ ਝੂਠੀ ਦੋਸਤੀ ਦਾ ਦਿਖਾਵਾ ਕਰਦਿਆਂ ਕਿਹਾ। ਤੂੰ ਸਾਡੇ ਵੱਲ ਦੇਖਦਾ ਵੀ ਨਹੀਂ ਜਦੋਂ ਕਿ ਅਸੀਂ ਤੇਰੇ ਲਈ ਤਰਸਦੇ ਰਹਿੰਦੇ ਹਾਂ।"

ਉਸ ਦੇ ਸਾਥੀ ਹੱਸ ਪਏ। "ਛੱਡੋ ਪਰੇ ਉਸ ਨੂੰ, ਛੱਡੋ ਪਰੇ।"

ਜੱਗਾ ਆਪਣੀਆਂ ਅੱਖਾਂ ਜ਼ਮੀਨ ਉਤੇ ਗੱਡ ਕੇ ਚੁਪ ਚਾਪ ਬੈਠਾ ਰਿਹਾ।

"ਏਨਾ ਨਰਾਜ਼ ਕਿਉਂ ਹੈਂ ਯਾਰ ਪਿਆਰੇ? ਏਨਾ ਉਦਾਸ ਕਿਉਂ ਏਂ? ਕਿਸੇ ਦਾ ਪਿਆਰ ਤੇਰੀ ਆਤਮਾ ਨੂੰ ਤਸੀਹੇ ਦੇ ਰਿਹੈ?"

"ਤੁਰਦੇ ਚਲੋ, ਤੁਰਦੇ ਚਲੋ," ਸਿਪਾਹੀਆਂ ਨੇ ਝਿਜਕਦੇ ਹੋਏ ਕਿਹਾ। ਅਸਲ ਵਿਚ, ਉਹ ਵੀ ਇਸ ਦ੍ਰਿਸ਼ ਦਾ ਨਜ਼ਾਰਾ ਲੈ ਰਹੇ ਸਨ।

"ਅਸੀਂ ਆਪਣੇ ਪੁਰਾਣੇ ਬੇਲੀ ਨੂੰ ਸਤਿ ਸ੍ਰੀ ਅਕਾਲ ਕਿਉਂ ਨਹੀਂ ਕਹਿ ਸਕਦੇ ? ਸਤਿ ਸ੍ਰੀ ਅਕਾਲ ਸਰਦਾਰ ਜਗਤ ਸਿੰਘ ਜੀ। ਕੋਈ ਸੁਨੇਹਾ ਹੈ ਤਾਂ ਦਸ ਦਿਓ

ਅਸੀਂ ਤੁਹਾਡੇ ਲਈ ਅਗੇ ਪਹੁੰਚਾ ਦਿਆਂਗੇ। ਮਿਸਾਲ ਲਈ ਕੋਈ ਪਿਆਰ ਸੰਦੇਸ਼ਾ? ਜੁਲਾਹੇ ਦੀ ਧੀ ਲਈ?"

ਜੱਗਾ ਬੈਠਾ ਸਲਾਖਾਂ ਵਿਚੋਂ ਬਾਹਰ ਦੇਖਦਾ ਰਿਹਾ, ਜਿਵੇਂ ਉਸ ਨੇ ਕੁਝ ਵੀ ਸੁਣਿਆ ਨਾ ਹੋਵੇ। ਉਹ ਗੁੱਸੇ ਨਾਲ ਪੀਲਾ ਪੈ ਗਿਆ। ਉਸ ਦੇ ਚਿਹਰੇ ਤੋਂ ਸਾਰਾ ਲਹੂ ਚੂਸਿਆ ਗਿਆ ਸੀ। ਹੱਥ ਉਸ ਦੇ ਲੋਹੇ ਦੀਆਂ ਸਲਾਖਾਂ ਉਤੇ ਹੋਰ ਸਖਤ ਹੋ ਗਏ।

ਮੱਲੀ ਆਪਣੇ ਮੁਸਕਰਾ ਰਹੇ ਸਾਥੀਆਂ ਵੱਲ ਘੁੰਮਿਆ। "ਸਰਦਾਰ ਜਗਤ ਸਿੰਘ ਅੱਜ ਪ੍ਰੇਸ਼ਾਨ ਲੱਗਦੈ। ਉਹ ਸਾਡੀ ਸਤਿ ਸ੍ਰੀ ਅਕਾਲ ਦਾ ਜਵਾਬ ਵੀ ਨਹੀਂ ਦੇਵੇਗਾ। ਸਾਨੂੰ ਕੋਈ ਬੁਰਾ ਨਹੀਂ ਲੱਗਿਆ। ਅਸੀਂ ਉਸ ਨੂੰ ਫਿਰ ਸਤਿ ਸ੍ਰੀ ਅਕਾਲ ਕਹਾਂਗੇ।"

ਮੱਲੀ ਨੇ ਆਪਣੇ ਹੱਥਕੜੀਆਂ ਵਾਲੇ ਹੱਥ ਜੋੜੇ ਅਤੇ ਜਗਤ ਸਿੰਘ ਦੇ ਲੋਹੇ ਦੀਆਂ ਸਲਾਖਾਂ ਵਾਲੇ ਦਰਵਾਜ਼ੇ ਮੂਹਰੇ ਦੂਹਰਾ ਝੁਕ ਗਿਆ ਅਤੇ ਉਚੀ ਦੇਣੇ ਬੋਲਿਆ, "ਸਤਿ ਸ੍ਰੀ ...।"

ਜੱਗੇ ਦੇ ਹੱਥ ਫੁਰਤੀ ਨਾਲ ਸਲਾਖਾਂ ਵਿਚੋਂ ਬਾਹਰ ਗਏ ਅਤੇ ਮੱਲੀ ਦੀ ਪੱਗ ਵਿਚੋਂ ਪਿਛੇ ਬਾਹਰ ਨਿਕਲੇ ਵਾਲਾਂ ਤੋਂ ਮੱਲੀ ਨੂੰ ਫੜ ਲਿਆ। ਮੱਲੀ ਦੀ ਪੱਗ ਲਹਿ ਗਈ। ਜੱਗੇ ਨੇ ਕਾਤਲਾਨਾ ਕਿਲਕਾਰੀ ਮਾਰੀ ਅਤੇ ਮੱਲੀ ਦੇ ਸਿਰ ਨੂੰ ਇਕ ਝਟਕੇ ਵਿਚ ਸਲਾਖਾਂ ਨਾਲ ਮਾਰਿਆ। ਜਿਵੇਂ ਸ਼ਿਕਾਰੀ ਕੁਤਾ ਕਪੜੇ ਦੇ ਟੁਕੜੇ ਨੂੰ ਇਕ ਪਾਸੇ ਤੋਂ ਦੂਜੇ ਪਾਸੇ, ਅਗੇ ਅਤੇ ਪਿੱਛੇ ਹਿਲਾਉਂਦਾ ਹੈ ਉਸੇ ਤਰ੍ਹਾਂ ਜੱਗੇ ਨੇ ਮੱਲੀ ਦੇ ਸਿਰ ਨੂੰ ਵਾਰ ਵਾਰ ਸਲਾਖਾਂ ਨਾਲ ਮਾਰਿਆ। ਸਿਰ ਨੂੰ ਹਰ ਝਟਕੇ ਨਾਲ ਸਲਾਖਾਂ ਨਾਲ ਮਾਰਨ ਸਮੇਂ ਇਕ ਗਾਲ ਆਉਂਦੀ: "ਇਹ ਤੇਰੀ ਮਾਂ ....ਲਈ। ਇਹ ਤੇਰੀ ਭੈਣ .... ਲਈ। ਇਹ ਤੇਰੀ ਕੁੜੀ ... ਲਈ। ਇਹ ਫਿਰ ਤੇਰੀ ਮਾਂ ... ਲਈ। ਅਤੇ ਇਹ ਫਿਰ... ਅਤੇ ਇਹ...।"

ਇਕਬਾਲ ਜੋ ਪਹਿਲਾਂ ਤੋਂ ਸਭ ਕੁਝ ਆਪਣੀ ਕੁਰਸੀ ਵਿਚ ਬੈਠਾ ਦੇਖ ਰਿਹਾ ਸੀ, ਇਕ ਖੂੰਜੇ ਵਿਚ ਉਠਿਆ ਅਤੇ ਸਿਪਾਹੀਆਂ ਨੂੰ ਚੀਕ ਚੀਕ ਕੇ ਕਹਿਣ ਲੱਗਿਆ: "ਤੁਸੀਂ ਕੁਝ ਕਰਦੇ ਕਿਉਂ ਨਹੀਂ? ਤੁਹਾਨੂੰ ਦਿਸਦਾ ਨਹੀਂ ਕਿ ਉਹ ਬੰਦੇ ਨੂੰ ਮਾਰ ਦੇਵੇਗਾ?"

ਸਿਪਾਹੀਆਂ ਨੇ ਸ਼ੋਰ ਪਾਉਣਾ ਸ਼ੁਰੂ ਕਰ ਦਿਤਾ। ਇਕ ਸਿਪਾਹੀ ਨੇ ਆਪਣੀ ਬੰਦੂਕ ਦਾ ਬੱਟ ਜੱਗੇ ਦੇ ਮੂੰਹ ਤੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਜੱਗਾ ਝਕਾਨੀ ਦੇ ਕੇ ਬਚ ਗਿਆ। ਮੱਲੀ ਦਾ ਸਿਰ ਖੂਨ ਨਾਲ ਲੱਥਪੱਥ ਹੋ ਗਿਆ ਸੀ। ਉਸ ਦੀ ਖੋਪੜੀ ਅਤੇ ਮੱਥੇ ਉਤੇ ਸਾਰੇ ਪਾਸੇ ਜ਼ਖਮ ਹੋ ਗਏ ਸਨ। ਉਸ ਨੇ ਕੁਰਲਾਟ ਪਾ ਦਿਤੀ। ਛੋਟਾ ਥਾਣੇਦਾਰ ਦੌੜਕੇ ਆਇਆ ਅਤੇ ਆਪਣਾ ਡੰਡਾ ਜੱਗੇ ਦੇ ਹੱਥ ਉਤੇ ਜ਼ੋਰ ਜ਼ੋਰ ਨਾਲ ਕਈ ਵਾਰ ਮਾਰਿਆ। ਪਰ ਫਿਰ ਵੀ ਜੱਗੇ ਨੇ ਮੱਲੀ ਨੂੰ ਛੱਡਿਆ ਨਹੀਂ। ਥਾਣੇਦਾਰ

ਨੇ ਆਪਣਾ ਰਿਵਾਲਵਰ ਕੱਢ ਲਿਆ ਅਤੇ ਜੱਗੇ ਉਤੇ ਤਾਣ ਲਿਆ। "ਛੱਡ ਦੇ ਉਸ ਨੂੰ ਸੂਰ ਦੇ ਬੱਚੇ, ਨਹੀਂ ਮੈਂ ਤੈਨੂੰ ਗੋਲ਼ੀ ਮਾਰ ਦਿਆਂਗਾ।"

ਜੱਗੇ ਨੇ ਮੱਲੀ ਦੇ ਸਿਰ ਨੂੰ ਆਪਣੇ ਦੋਹਾਂ ਹੱਥਾਂ ਵਿਚ ਫੜਿਆ ਅਤੇ ਉਸ ਦੇ ਮੂੰਹ ਉਤੇ ਥੁੱਕ ਦਿਤਾ। ਉਸ ਨੇ ਹੋਰ ਵੀ ਗਾਲਾਂ ਕੱਢਦੇ ਹੋਏ ਉਸ ਨੂੰ ਪਰ੍ਹੇ ਧੱਕ ਦਿਤਾ। ਮੱਲੀ ਇਕ ਢੇਰ ਵਾਂਗ ਡਿਗ ਪਿਆ; ਉਸ ਦੇ ਵਾਲ ਉਸ ਦੇ ਮੂੰਹ ਅਤੇ ਮੋਢਿਆਂ ਤੇ ਖਿਲਰ ਗਏ ਸਨ। ਉਸ ਦੇ ਸਾਥੀਆਂ ਨੇ ਉਸ ਨੂੰ ਫੜ੍ਹਕੇ ਉਠਾਇਆ ਅਤੇ ਉਸ ਦੀ ਪੱਗ ਨਾਲ ਉਸ ਦੇ ਮੂੰਹ ਤੋਂ ਖੂਨ ਅਤੇ ਥੁੱਕ ਨੂੰ ਪੂੰਝਿਆ। ਉਹ ਬੱਚੇ ਵਾਂਗ ਲਗਾਤਾਰ ਚੀਕ ਵੀ ਰਿਹਾ ਸੀ ਅਤੇ ਗਾਲਾਂ ਵੀ ਕੱਢ ਰਿਹਾ ਸੀ, "ਤੇਰੀ ਮਾਂ... ਦੀ ਮੌਤ ਕਰੇ। ਤੂੰ ਸੂਰ ਦਾ ਪੁਤ ...। ਮੈਂ ਦੇਖ ਲਵਾਂਗਾ ਤੈਨੂੰ।" ਮੱਲੀ ਅਤੇ ਉਸ ਦੇ ਬੰਦਿਆਂ ਨੂੰ ਸਿਪਾਹੀ ਲੈ ਗਏ। ਮੱਲੀ ਦੀਆਂ ਚੀਕਾਂ ਥਾਣੇ ਤੋਂ ਦੂਰ ਜਣ ਤਕ ਵੀ ਸੁਣਾਈ ਦਿੰਦੀਆਂ ਰਹੀਆਂ।

ਜੱਗਾ ਉਸੇ ਖਾਮੋਸ਼ੀ ਵਿਚ ਫਿਰ ਡੁੱਬ ਗਿਆ ਜਿਸ ਵਿਚ ਉਹ ਗੁੱਸੇ ਦੇ ਹਮਲੇ ਤੋਂ ਪਹਿਲਾਂ ਸੀ। ਉਸ ਨੇ ਥਾਣੇਦਾਰ ਦੀ ਬੈਂਤ ਨਾਲ ਹੱਥਾਂ ਦੇ ਪਿਛਲੇ ਪਾਸੇ ਉਤੇ ਪਏ ਨਿਸ਼ਾਨਾਂ ਨੂੰ ਦੇਖਿਆ। ਇਕਬਾਲ ਉਤੇਜਿਤ ਹੋ ਕੇ ਬੋਲਦਾ ਗਿਆ। ਜੱਗਾ ਗੁੱਸੇ ਨਾਲ ਘੁੰਮਿਆ। "ਚੁੱਪ ਕਰ, ਤੂੰ ਬਾਬੂ! ਮੈਂ ਤੇਰਾ ਕੀ ਵਿਗਾੜਿਆ ਜੋ ਤੂੰ ਐਵੇਂ ਬੋਲੀ ਜਾਨੈ?"

ਜੱਗਾ ਇਸ ਤੋਂ ਪਹਿਲਾਂ ਕਦੇ ਇਕਬਾਲ ਨੂੰ ਇਵੇਂ ਰੁੱਖਾ ਨਹੀਂ ਬੋਲਿਆ ਸੀ। ਇਸ ਨਾਲ ਇਕਬਾਲ ਹੋਰ ਵੀ ਡਰ ਗਿਆ।

"ਇੰਸਪੈਕਟਰ ਸਾਹਿਬ, ਹੁਣ ਜਦੋਂ ਦੂਜੀ ਕੋਠੜੀ ਖਾਲੀ ਹੈ ਤਾਂ ਤੁਸੀਂ ਮੈਨੂੰ ਉਥੇ ਨਹੀਂ ਬਦਲ ਸਕਦੇ?" ਉਨ੍ਹੇ ਅਰਜ਼ ਕੀਤੀ।

ਛੋਟੇ ਥਾਣੇਦਾਰ ਦੇ ਬੁਲ੍ਹਾਂ ਤੇ ਗੁਸਤਾਖ ਮੁਸਕਾਣ ਆ ਗਈ। "ਨਿਸ਼ਚੇ ਹੀ, ਸ੍ਰੀਮਾਨ ਇਕਬਾਲ ਜੀ, ਅਸੀਂ ਤੁਹਾਨੂੰ ਸੁਖਮਈ ਬਣਾਉਣ ਲਈ ਜੋ ਵੀ ਹੋ ਸਕਦਾ ਹੋਇਆ ਕਰਾਂਗੇ। ਮੇਜ਼, ਕੁਰਸੀਆਂ — ਹੋ ਸਕਦਾ ਹੈ ਕਿ ਬਿਜਲੀ ਦਾ ਪੱਖਾ ਵੀ।"

# ਮਨੋ ਮਾਜਰਾ

ਜਦੋਂ ਇਹ ਪਤਾ ਲੱਗਿਆ ਕਿ ਗੱਡੀ ਲਾਸ਼ਾਂ ਨਾਲ ਭਰੀ ਹੋਈ ਆਈ ਸੀ, ਤਾਂ ਪਿੰਡ ਉਤੇ ਚਿੰਤਾਤੁਰ ਖਾਮੋਸ਼ੀ ਛਾ ਗਈ। ਲੋਕਾਂ ਨੇ ਆਪਣੇ ਦਰਵਾਜ਼ਿਆਂ ਅਗੇ ਅੜਿਕੇ ਖੜ੍ਹੇ ਕਰ ਲਏ। ਬਹੁਤ ਸਾਰੇ ਪੂਰੀ ਰਾਤ ਫੁਸ ਫੁਸ ਕਰਦੇ ਜਾਗਦੇ ਹੀ ਰਹੇ । ਹਰ ਕਿਸੇ ਨੂੰ ਲੱਗਦਾ ਸੀ ਕਿ ਉਸ ਦਾ ਗੁਆਂਢੀ ਉਸ ਦਾ ਵੈਰੀ ਹੈ। ਫਿਰ ਹਰ ਕੋਈ ਸੋਚਣ ਲੱਗ ਜਾਂਦਾ ਕਿ ਕੌਣ ਕੌਣ ਉਸ ਦਾ ਦੋਸਤ ਅਤੇ ਇਤਿਹਾਦੀ ਬਣ ਸਕਦਾ ਹੈ। ਉਨ੍ਹਾਂ ਨੇ ਨਾ ਤਾਂ ਤਾਰਿਆਂ ਉਤੇ ਧੱਬੇ ਪਾ ਰਹੇ ਬੱਦਲ ਦੇਖੇ ਅਤੇ ਨਾ ਹੀ ਆ ਰਹੀ ਠੰਡੀ ਸਿੱਲ੍ਹੀ ਹਵਾ ਦੀ ਆਮਦ ਸੁੰਘੀ। ਜਦੋਂ ਉਹ ਸਵੇਰੇ ਜਾਗੇ ਅਤੇ ਦੇਖਿਆ ਕਿ ਮੀਂਹ ਪੈ ਰਿਹਾ ਹੈ, ਤਾਂ ਵੀ ਉਨ੍ਹਾਂ ਦੀ ਪਹਿਲੀ ਸੋਚ ਰੇਲ ਗੱਡੀ ਅਤੇ ਸੜ ਰਹੀਆਂ ਲਾਸ਼ਾਂ ਵੱਲ ਹੀ ਗਈ। ਸਾਰਾ ਪਿੰਡ ਛੱਤਾਂ ਉਤੇ ਚੜ੍ਹਕੇ ਸਟੇਸ਼ਨ ਵੱਲ ਦੇਖਣ ਲੱਗ ਪਿਆ।

ਰੇਲ ਜਿੰਨੇ ਭੇਦ-ਭਰੇ ਢੰਗ ਨਾਲ ਆਈ ਸੀ, ਓਨੇ ਨਾਲ ਹੀ ਗੁੰਮ ਹੋ ਗਈ ਸੀ। ਸਟੇਸ਼ਨ ਵੀਰਾਨ ਪਿਆ ਸੀ। ਫੌਜੀਆਂ ਦੇ ਟੈਂਟ ਜਲ ਵਿਚ ਭਿੱਜੇ ਹੋਏ ਨਿਰਾਸ਼ ਨਜ਼ਰ ਆ ਰਹੇ ਸਨ। ਨਾ ਤਾਂ ਧੁਖ ਰਹੀ ਅੱਗ ਦਿਸਦੀ ਸੀ ਅਤੇ ਨਾ ਹੀ ਧੂੰਆਂ। ਦਰਅਸਲ ਨਾ ਜ਼ਿੰਦਗੀ ਦਾ ਕੋਈ ਚਿੰਨ੍ਹ ਨਜ਼ਰ ਆਉਂਦਾ ਸੀ ਅਤੇ ਨਾ ਹੀ ਮੌਤ ਦਾ। ਫਿਰ ਵੀ ਲੋਕ ਦੇਖਦੇ ਰਹੇ: ਸ਼ਾਇਦ ਕੋਈ ਹੋਰ ਲਾਸ਼ਾਂ ਨਾਲ ਭਰੀ ਗੱਡੀ ਆ ਜਾਵੇ!

ਬਾਅਦ ਦੁਪਹਿਰ ਤਕ ਬੱਦਲ ਪੱਛਮ ਵਲ ਚਲੇ ਗਏ। ਮੀਂਹ ਨੇ ਵਾਤਾਵਰਣ ਸਾਫ ਕਰ ਦਿਤਾ ਸੀ ਅਤੇ ਬੰਦਾ ਚਾਰੇ ਪਾਸੇ ਮੀਲਾਂ ਤਕ ਦੇਖ ਸਕਦਾ ਸੀ। ਪਿੰਡ ਵਾਲਿਆਂ ਨੇ ਆਪਣੇ ਘਰਾਂ ਚੋਂ ਨਿਕਲਕੇ ਬਾਹਰ ਆਉਣ ਦਾ ਹੌਸਲਾ ਕੀਤਾ ਤਾਂ ਜੋ ਦੂਜਿਆਂ ਨੂੰ ਮਿਲ ਕੇ ਪੁੱਛਣ ਸ਼ਾਇਦ ਉਨ੍ਹਾਂ ਨੂੰ ਕੁਝ ਵੱਧ ਪਤਾ ਹੋਵੇ। ਉਹ ਫਿਰ ਵਾਪਸ ਆਪਣੀਆਂ ਛੱਤਾਂ ਤੇ ਆ ਗਏ। ਭਾਵੇਂ ਮੀਂਹ ਬੰਦ ਹੋ ਗਿਆ ਸੀ, ਫਿਰ ਵੀ ਕੋਈ ਨਾ ਸਟੇਸ਼ਨ ਦੇ ਪਲੇਟਫਾਰਮ ਤੇ ਦਿਸਦਾ ਸੀ, ਨਾ ਮੁਸਾਫਰਖਾਨੇ ਵਿਚ ਅਤੇ ਨਾ ਹੀ ਫੌਜੀ ਕੈਂਪ ਵਿਚ। ਗਿੱਧਾ ਦੀ ਇਕ ਕਤਾਰ ਸਟੇਸ਼ਨ ਦੇ ਬਨੇਰੇ ਤੇ ਬੈਠੀ ਹੋਈ ਸੀ ਅਤੇ ਅਨੇਕਾਂ ਇੱਲਾਂ ਸਟੇਸ਼ਨ ਦੇ ਉਪਰ ਉਚੀਆਂ ਉਡ ਰਹੀਆਂ ਦਿਸਦੀਆਂ ਸਨ।

ਪਿੰਡ ਤੋਂ ਬੜੀ ਦੂਰੋਂ ਹੌਲਦਾਰ ਆਪਣੇ ਸਿਪਾਹੀਆਂ ਅਤੇ ਕੈਦੀਆਂ ਨਾਲ ਆਉਂਦਾ ਨਜ਼ਰ ਪਿਆ। ਲੋਕਾਂ ਨੇ ਉਚੀ ਬੋਲ ਬੋਲ ਕੇ ਇਕ ਦੂਜੇ ਨੂੰ ਇਹ ਜਾਣਕਾਰੀ ਦਿਤੀ। ਲੰਬੜਦਾਰ ਨੂੰ ਸੱਦ ਲਿਆ ਗਿਆ।

ਜਦੋਂ ਹੌਲਦਾਰ ਆਪਣੀ ਪਾਰਟੀ ਸਮੇਤ ਪਹੁੰਚਿਆ, ਤਾਂ ਗੁਰਦੁਆਰੇ ਦੇ ਲਾਗੇ

ਪਿੱਪਲ ਦੇ ਦਰੱਖਤ ਹੇਠਾਂ ਕਾਫੀ ਭੀੜ ਜਮਾਂ ਹੋ ਗਈ ਸੀ।

ਹੌਲਦਾਰ ਨੇ ਪਿੰਡ ਵਾਸੀਆਂ ਦੇ ਸਾਹਮਣੇ ਕੈਦੀਆਂ ਦੀਆਂ ਹੱਥਕੜੀਆਂ ਖੋਲ੍ਹ ਦਿਤੀਆਂ। ਉਨ੍ਹਾਂ ਦੇ ਅੰਗੂਠੇ ਕਾਗਜ਼ਾਂ ਤੇ ਲੁਆਏ ਗਏ ਅਤੇ ਕਿਹਾ ਗਿਆ ਕਿ ਹਫਤੇ ਵਿਚ ਦੋ ਵਾਰ ਥਾਣੇ ਵਿਚ ਹਾਜ਼ਰੀ ਦੇਣ। ਪਿੰਡ ਵਾਸੀਆਂ ਨੇ ਰੋਸੇ ਨਾਲ ਇਹ ਸਭ ਕੁਝ ਦੇਖਿਆ। ਉਹ ਜਾਣਦੇ ਸਨ ਕਿ ਜੱਗਾ ਬਦਮਾਸ਼ ਅਤੇ ਅਜਨਬੀ ਦਾ ਡਕੈਤੀ ਨਾਲ ਕੋਈ ਸੰਬੰਧ ਨਹੀਂ ਸੀ। ਉਨ੍ਹਾਂ ਦੀ ਇਹ ਵੀ ਪੱਕੀ ਰਾਏ ਸੀ ਕਿ ਮੱਲੀ ਦੇ ਗਰੋਹ ਨੂੰ ਫੜਨ ਵਿਚ ਪੁਲਿਸ ਸਹੀ ਰਸਤੇ ਤੇ ਚਲ ਰਹੀ ਸੀ। ਹੋ ਸਕਦਾ ਹੈ ਕਿ ਉਹ ਸਾਰੇ ਵਿਚ ਇਸ ਸ਼ਾਮਲ ਨਾ ਹੋਣ; ਸ਼ਾਇਦ ਪੰਜਾਂ ਵਿਚੋਂ ਕੁਝ ਗਲਤੀ ਨਾਲ ਗ੍ਰਿਫਤਾਰ ਕਰ ਲਏ ਗਏ ਹੋਣ। ਇਹ ਉਕਾ ਹੀ ਸੰਭਵ ਨਹੀਂ ਸੀ ਕਿ ਉਨ੍ਹਾਂ ਚੋਂ ਕਿਸੇ ਇਕ ਦਾ ਵੀ ਡਾਕੇ ਨਾਲ ਕੋਈ ਲਾਗਾ ਦੇਗਾ ਨਹੀਂ ਸੀ। ਫਿਰ ਵੀ ਪੁਲਿਸ ਉਨ੍ਹਾਂ ਨੂੰ ਰਿਹਾ ਕਰ ਰਹੀ ਸੀ — ਗਰੋਹ ਦੇ ਆਪਣੇ ਪਿੰਡ ਵਿਚ ਨਹੀਂ ਸਗੋਂ ਮਨੋ ਮਾਜਰਾ ਵਿਚ ਜਿਥੇ ਉਨ੍ਹਾਂ ਨੇ ਕਤਲ ਕੀਤਾ ਸੀ। ਪੁਲਿਸ ਲਾਜ਼ਮੀ ਉਨ੍ਹਾਂ ਦੀ ਬੇਗੁਨਾਹੀ ਬਾਰੇ ਨਿਸ਼ਚਿਤ ਹੋਵੇਗੀ ਕਿ ਉਸ ਨੇ ਰਿਹਾ ਕਰਨ ਦਾ ਖਤਰਾ ਲਿਆ।

ਹੌਲਦਾਰ ਲੰਬੜਦਾਰ ਨੂੰ ਪਾਸੇ ਲੈ ਗਿਆ ਅਤੇ ਕੁਝ ਦੇਰ ਦੋਵੇਂ ਇਕ ਦੂਜੇ ਨਾਲ ਗੱਲਾਂ ਕਰਦੇ ਰਹੇ। ਲੰਬੜਦਾਰ ਨੇ ਵਾਪਸ ਆ ਕੇ ਪਿੰਡ ਵਾਸੀਆਂ ਨੂੰ ਮੁਖਾਤਬ ਕਰਦਿਆਂ ਕਿਹਾ: "ਸੰਤਰੀ ਸਾਹਿਬ ਜਾਣਨਾ ਚਾਹੁੰਦੇ ਹਨ ਕਿ ਕੀ ਇਥੇ ਕਿਸੇ ਨੇ ਵੀ ਸੁਲਤਾਨਾ ਬਦਮਾਸ਼ ਜਾਂ ਉਸਦੇ ਗਰੋਹ ਦੇ ਕਿਸੇ ਮੈਂਬਰ ਨੂੰ ਦੇਖਿਆ ਜਾਂ ਉਨ੍ਹਾਂ ਬਾਰੇ ਸੁਣਿਆ ਹੈ।"

ਕਈ ਪੇਂਡੂਆਂ ਨੇ ਖਬਰਾਂ ਦਿਤੀਆਂ। ਉਸ ਬਾਰੇ ਤਾਂ ਪਤਾ ਹੈ ਕਿ ਉਹ ਆਪਣੇ ਗਰੋਹ ਸਮੇਤ ਪਾਕਿਸਤਾਨ ਚਲਾ ਗਿਆ ਹੈ। ਉਹ ਸਾਰੇ ਮੁਸਲਮਾਨ ਸਨ ਅਤੇ ਉਨ੍ਹਾਂ ਦੇ ਪਿੰਡਾਂ ਦੇ ਮੁਸਲਮਾਨਾਂ ਨੂੰ ਕੱਢ ਕੇ ਲਿਜਾਇਆ ਜਾ ਚੁੱਕਾ ਹੈ।

"ਕੀ ਉਹ ਲਾਲਾ ਦੇ ਕਤਲ ਤੋਂ ਪਹਿਲਾਂ ਜਾਂ ਬਾਅਦ ਗਿਆ?" ਹੌਲਦਾਰ ਨੇ ਲੰਬੜਦਾਰ ਦੇ ਪਿਛੇ ਆਉਂਦਿਆਂ ਸਵਾਲ ਕੀਤਾ।

"ਮਗਰੋਂ," ਉਨ੍ਹਾਂ ਇਕ ਆਵਾਜ਼ ਵਿਚ ਜਵਾਬ ਦਿਤਾ। ਲੰਮੀ ਚੁੱਪ ਛਾ ਗਈ। ਪਿੰਡ ਵਾਸੀ ਇਕ ਦੂਜੇ ਵੱਲ ਕੁਝ ਪ੍ਰੇਸ਼ਾਨ ਹੋਏ ਦੇਖਦੇ ਰਹੇ। ਕੀ (ਡਾਕਾ ਮਾਰਨ ਅਤੇ ਕਤਲ ਕਰਨ ਵਾਲੇ) ਉਹ ਸਨ? ਇਸ ਤੋਂ ਪਹਿਲਾਂ ਕਿ ਉਹ ਕੋਈ ਹੋਰ ਸਵਾਲ ਪੁੱਛ ਸਕਦੇ, ਹੌਲਦਾਰ ਨੇ ਫਿਰ ਬੋਲਣਾ ਸ਼ੁਰੂ ਕਰ ਦਿਤਾ।

"ਕੀ ਤੁਹਾਡੇ ਚੋਂ ਕਿਸੇ ਨੇ ਨੌਜਵਾਨ ਮੁਸਲਿਮ ਬਾਬੂ ਮੁਹੰਮਦ ਇਕਬਾਲ ਨੂੰ ਦੇਖਿਆ ਜਾਂ ਉਸ ਨਾਲ ਗੱਲ ਕੀਤੀ ਜੋ ਮੁਸਲਿਮ ਲੀਗ ਦਾ ਮੈਂਬਰ ਸੀ?"

ਲੰਬੜਦਾਰ ਹੱਕਾ ਬੱਕਾ ਰਹਿ ਗਿਆ। ਉਹ ਨਹੀਂ ਜਾਣਦਾ ਸੀ ਕਿ ਇਕਬਾਲ ਮੁਸਲਮਾਨ ਸੀ। ਉਸ ਨੂੰ ਅਸਪਸ਼ਟ ਜਿਹਾ ਯਾਦ ਸੀ ਕਿ ਇਮਾਮ ਬਖ਼ਸ਼ ਅਤੇ ਮੀਤ ਸਿੰਘ ਉਸ ਨੂੰ ਇਕਬਾਲ ਸਿੰਘ ਕਹਿੰਦੇ ਸਨ। ਉਸ ਨੇ ਭੀੜ ਵਿਚ ਇਮਾਮ ਬਖਸ਼ ਨੂੰ

ਲੱਭਿਆ ਪਰ ਉਹ ਉਥੇ ਨਹੀਂ ਸੀ। ਕਈ ਪੇਂਡੂਆਂ ਨੇ ਹੌਲਦਾਰ ਨੂੰ ਜੋਸ਼ ਨਾਲ ਦੱਸਣਾ ਸ਼ੁਰੂ ਕਰ ਦਿਤਾ ਕਿ ਉਨ੍ਹਾਂ ਨੇ ਉਸ ਨੂੰ ਖੇਤਾਂ ਵੱਲ ਜਾਂਦੇ ਅਤੇ ਰੇਲਵੇ ਲਾਈਨ ਤੇ ਪੁਲ ਕੋਲ ਘੁੰਮਦੇ ਦੇਖਿਆ ਸੀ।

"ਕੀ ਤੁਹਾਨੂੰ ਉਸ ਬਾਰੇ ਕੋਈ ਸ਼ੱਕ ਜਿਹਾ ਉਪਜਿਆ ਸੀ?"

"ਸ਼ੱਕ?... ਹੈਂ?"

"ਕੀ ਕਿਸੇ ਨੇ ਉਸ ਵਿਚ ਕੋਈ ਸ਼ੱਕੀ ਜਿਹੀ ਗੱਲ ਦੇਖੀ ਸੀ?"

"ਦੇਖੀ ਸੀ?"

ਕੁਝ ਵੀ ਯਕੀਨੀ ਤੌਰ ਤੇ ਨਹੀਂ ਕਿਹਾ ਜਾ ਸਕਦਾ ਸੀ। ਪੜ੍ਹੇ-ਲਿਖੇ ਬੰਦਿਆਂ ਬਾਰੇ ਕਦੇ ਵੀ ਪੱਕ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਸੀ, ਉਹ ਸਾਰੇ ਸ਼ੱਕੀ ਤੌਰ ਤੇ ਚਲਾਕ ਹੁੰਦੇ ਹਨ। ਨਿਸ਼ਚੇ ਹੀ ਬਾਬੂ ਬਾਰੇ ਸਵਾਲਾਂ ਦਾ ਜਵਾਬ ਦੇਣ ਵਾਲਾ ਮੁਖ ਬੰਦਾ ਮੀਤ ਸਿੰਘ ਹੀ ਸੀ। ਬਾਬੂ ਦੀਆਂ ਕੁਝ ਚੀਜ਼ਾਂ ਅਜੇ ਵੀ ਗੁਰਦੁਆਰੇ ਵਿਚ ਪਈਆਂ ਸਨ। ਮੀਤ ਸਿੰਘ ਨੂੰ ਧੱਕ ਕੇ ਮੂਹਰੇ ਕਰ ਦਿਤਾ ਗਿਆ।

ਹੌਲਦਾਰ ਨੇ ਮੀਤ ਸਿੰਘ ਨੂੰ ਅਣਡਿੱਠ ਕਰ ਦਿਤਾ ਅਤੇ ਫਿਰ ਉਸੇ ਭੀੜ ਨੂੰ ਮੁਖਾਤਬ ਹੋਇਆ ਜਿਹੜੀ ਉਸ ਦੇ ਸਵਾਲਾਂ ਦਾ ਜਵਾਬ ਦੇ ਰਹੀ ਸੀ। "ਮੈਂ ਭਾਈ ਨਾਲ ਬਾਅਦ ਨੂੰ ਗੱਲ ਕਰਾਂਗਾ", ਉਸ ਨੇ ਆਖਿਆ। "ਕੀ ਤੁਹਾਡੇ ਚੋਂ ਕੋਈ ਵੀ ਦੱਸ ਸਕਦਾ ਹੈ ਕਿ ਉਹ ਬਾਬੂ ਮਨੋ ਮਾਜਰਾ ਵਿਚ ਡਕੈਤੀ ਤੋਂ ਪਹਿਲਾਂ ਆਇਆ ਸੀ ਜਾਂ ਮਗਰੋਂ?"

ਇਹ ਇਕ ਹੋਰ ਸਦਮਾ ਸੀ। ਕਿਸੇ ਸ਼ਹਿਰੀ ਬਾਬੂ ਨੇ ਡਾਕੇ ਜਾਂ ਕਤਲ ਤੋਂ ਕੀ ਲੈਣਾ ਦੇਣਾ ਹੈ? ਸ਼ਾਇਦ ਇਹ ਸਿਰਫ ਪੈਸੇ ਲਈ ਹੀ ਨਹੀਂ ਕੀਤਾ ਗਿਆ! ਕੋਈ ਵੀ ਕੁਝ ਪੱਕਾ ਨਹੀਂ ਕਹਿ ਸਕਦਾ ਸੀ। ਹੁਣ ਤਾਂ ਉਨ੍ਹਾਂ ਨੂੰ ਕਿਸੇ ਵੀ ਗੱਲ ਦਾ ਪੱਕ ਨਹੀਂ ਸੀ। ਹੌਲਦਾਰ ਨੇ ਮੀਟਿੰਗ ਇਹ ਕਹਿੰਦਿਆਂ ਖਤਮ ਕਰ ਦਿਤੀ: "ਜੇ ਕਿਸੇ ਨੂੰ ਵੀ ਸ਼ਾਹੂਕਾਰ ਦੇ ਕਤਲ ਬਾਰੇ ਜਾਂ ਸੁਲਤਾਨਾ ਜਾਂ ਮੁਹੰਮਦ ਇਕਬਾਲ ਬਾਰੇ ਕੋਈ ਪੱਕੀ ਸੂਚਨਾ ਮਿਲੇ ਤਾਂ ਥਾਣੇ ਆ ਕੇ ਤੁਰੰਤ ਰਿਪੋਰਟ ਕਰੇ।"

ਭੀੜ ਛੋਟੀਆਂ ਛੋਟੀਆਂ ਟੋਲੀਆਂ ਵਿਚ ਖਿੰਡ ਗਈ ਅਤੇ ਸਾਰੇ ਉਤੇਜਿਤ ਹੋ ਕੇ ਗੱਲਾਂ ਕਰਨ ਅਤੇ ਇਸ਼ਾਰੇ ਕਰਨ ਲੱਗੇ। ਮੀਤ ਸਿੰਘ ਹੌਲਦਾਰ ਕੋਲ ਗਿਆ ਜੋ ਆਪਣੇ ਸਿਪਾਹੀਆਂ ਨੂੰ ਵਾਪਸ ਪਰਤਣ ਲਈ ਤਿਆਰ ਕਰ ਰਿਹਾ ਸੀ।

"ਸੰਤਰੀ ਸਾਹਿਬ, ਜਿਸ ਨੌਜਵਾਨ ਨੂੰ ਤੁਸੀਂ ਉਸ ਦਿਨ ਗ੍ਰਿਫਤਾਰ ਕੀਤਾ ਸੀ, ਉਹ ਮੁਸਲਮਾਨ ਨਹੀਂ ਹੈ। ਉਹ ਸਿੱਖ ਹੈ — ਇਕਬਾਲ ਸਿੰਘ।"

ਹੌਲਦਾਰ ਨੇ ਉਸ ਨੂੰ ਧਿਆਨ ਹੀ ਨਹੀਂ ਦਿਤਾ। ਉਹ ਇਕ ਪੀਲੇ ਕਾਗਜ਼ ਉਤੇ ਕੁਝ ਲਿਖਣ ਵਿਚ ਰੁਝਿਆ ਹੋਇਆ ਸੀ। ਉਸ ਨੇ ਇਕ ਸਿਪਾਹੀ ਨੂੰ ਬੁਲਾਇਆ ਅਤੇ ਕਾਗਜ਼ ਦਾ ਟੁਕੜਾ ਦਿੰਦਿਆਂ ਕਿਹਾ:

"ਕੋਈ ਸਾਈਕਲ ਜਾਂ ਤਾਂਗਾ ਲੈ ਲੈ ਅਤੇ ਇਹ ਚਿੱਠੀ ਪਾਕਿਸਤਾਨੀ ਫੌਜੀ ਯੂਨਿਟ ਦੇ ਕਮਾਂਡਰ ਨੂੰ ਦੇ ਕੇ ਆ। ਉਸ ਨੂੰ ਇਹ ਵੀ ਦਸ ਦੇਵੀਂ ਕਿ ਤੂੰ ਆਪ ਮਨੋ ਮਾਜਰਾ ਤੋਂ ਆਇਐਂ ਅਤੇ ਹਾਲਤ ਬਹੁਤ ਖਰਾਬ ਹੈ। ਉਹ ਜਿੰਨਾ ਜਲਦੀ ਹੋ ਸਕੇ ਆਪਣੇ ਟਰੱਕ ਅਤੇ ਸਿਪਾਹੀ ਭੇਜੇ ਤਾਂ ਜੋ ਮੁਸਲਮਾਨਾਂ ਨੂੰ ਇਥੋਂ ਕੱਢਿਆ ਜਾ ਸਕੇ। ਫੌਰਨ ਚਲਦਾ ਬਣ।"

"ਜੀ, ਜਨਾਬ।" ਸਿਪਾਹੀ ਨੇ ਅੱਡੀਆਂ ਖੜਕਾਉਂਦੇ ਹੋਏ ਕਿਹਾ।

"ਸੰਤਰੀ ਸਾਹਿਬ!" ਮੀਤ ਸਿੰਘ ਮਿਮਿਆਇਆ।

"ਸੰਤਰੀ ਸਾਹਿਬ, ਸੰਤਰੀ ਸਾਹਿਬ, ਸੰਤਰੀ ਸਾਹਿਬ," ਹੌਲਦਾਰ ਨੇ ਗੁੱਸੇ ਨਾਲ ਦੁਹਰਾਇਆ। "ਤੂੰ ਆਪਣੇ 'ਸੰਤਰੀ ਸਾਹਿਬ' ਨਾਲ ਘੰਟੇ ਪਰ ਤੋਂ ਮੇਰੇ ਕੰਨ ਖਾ ਰਿਹੈਂ। ਕੀ ਚਾਹੁੰਦੈਂ ਤੂੰ?"

"ਇਕਬਾਲ ਸਿੰਘ ਸਿੱਖ ਹੈ।"

"ਕੀ ਤੂੰ ਉਸ ਦੀ ਪੈਂਟ ਦੇ ਬਟਨ ਖੋਲ੍ਹਕੇ ਦੇਖਿਆ ਸੀ ਕਿ ਉਹ ਸਿੱਖ ਹੈ ਜਾਂ ਮੁਸਲਮਾਨ? ਤੂੰ ਸਿਰਫ ਇਕ ਗੁਰਦੁਆਰੇ ਦਾ ਭਾਈ ਹੈਂ। ਜਾ ਅਤੇ ਪਾਠ ਕਰ।"

ਹੌਲਦਾਰ ਨੇ ਦੋ-ਦੋ ਦੀ ਕਤਾਰ ਵਿਚ ਖੜ੍ਹੇ ਸਿਪਾਹੀਆਂ ਦੇ ਅਗੇ ਆਪਣੀ ਥਾਂ ਲੈ ਲਈ।

"ਸਾਵਧਾਨ! ਬਾਏਂ ਸੇ, ਆਗੇ ਬੜ੍ਹ।"

ਮੀਤ ਸਿੰਘ ਪਿੰਡ ਵਾਸੀਆਂ ਦੀਆਂ ਉਤਸੁਕ ਪੁੱਛਾਂ ਦਾ ਜਵਾਬ ਦਿਤੇ ਬਿਨਾਂ ਗੁਰਦੁਆਰੇ ਨੂੰ ਮੁੜ ਆਇਆ।

## 2

ਹੌਲਦਾਰ ਦੇ ਦੌਰੇ ਨੇ ਪਿੰਡ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ ਸੀ ਜਿਵੇਂ ਕੋਈ ਚਾਕੂ ਮੱਖਣ ਦੀ ਚੱਕੀ ਨੂੰ ਵੰਡ ਦਿੰਦਾ ਹੈ।

ਮੁਸਲਮਾਨ ਆਪਣੇ ਘਰਾਂ ਵਿਚ ਉਦਾਸ ਹੋ ਕੇ ਬੈਠ ਗਏ। ਪਟਿਆਲਾ, ਅੰਬਾਲਾ ਅਤੇ ਕਪੂਰਥਲਾ ਵਿਚ ਸਿੱਖਾਂ ਵੱਲੋਂ ਮੁਸਲਮਾਨਾਂ ਉਤੇ ਢਾਹੇ ਅਤਿਆਚਾਰਾਂ ਦੀਆਂ ਅਫਵਾਹਾਂ, ਜੋ ਪਹਿਲਾਂ ਉਨ੍ਹਾਂ ਨੇ ਸੁਣੀਆਂ ਅਤੇ ਝਟਕ ਦਿਤੀਆਂ ਸਨ, ਹੁਣ ਫਿਰ ਮਨਾਂ ਵਿਚ ਜਾਗ ਪਈਆਂ। ਉਨ੍ਹਾਂ ਸੁਣਿਆ ਸੀ ਕਿ ਬੁਰਕੇ ਵਾਲੀਆਂ ਸਾਊ ਔਰਤਾਂ ਦੇ ਬੁਰਕੇ ਪਾੜ ਦਿਤੇ ਗਏ ਸਨ, ਉਨ੍ਹਾਂ ਦੇ ਕਪੜੇ ਪਾੜ ਕੇ ਨੰਗਾ ਕਰ ਦਿਤਾ ਗਿਆ ਸੀ ਅਤੇ ਭੀੜ-ਭੜੱਕੇ ਵਾਲੀਆਂ ਗਲ਼ੀਆਂ ਵਿਚ ਜਲੂਸ ਕਢਿਆ ਗਿਆ ਸੀ ਅਤੇ ਮੰਡੀ ਵਿਚ ਲਿਜਾਕੇ ਉਨ੍ਹਾਂ ਨਾਲ ਜਬਰਜਨਾਹ ਕੀਤਾ ਗਿਆ ਸੀ। ਅਨੇਕਾਂ ਔਰਤਾਂ ਨੇ

ਆਪਣੇ ਆਪ ਨੂੰ ਬਲਾਤਕਾਰੀਆਂ ਤੋਂ ਬਚਾਉਣ ਲਈ ਆਪੇ ਹੀ ਆਪਣੇ ਆਪ ਨੂੰ ਮਾਰ ਲਿਆ ਸੀ। ਉਨ੍ਹਾਂ ਸੁਣਿਆ ਸੀ ਕਿ ਮਸਜਿਦਾਂ ਵਿਚ ਸੂਰ ਵੱਢਕੇ ਉਨ੍ਹਾਂ ਨੂੰ ਨਾਪਾਕ ਕੀਤਾ ਗਿਆ ਸੀ ਅਤੇ ਪਵਿੱਤਰ ਕੁਰਾਨ ਨੂੰ ਕਾਫਰਾਂ ਨੇ ਪਾੜ ਦਿਤਾ ਸੀ। ਅਚਾਨਕ ਹੀ, ਮਨੋ ਮਾਜਰਾ ਦਾ ਹਰ ਸਿੱਖ ਬੁਰੇ ਇਰਾਦਿਆਂ ਵਾਲਾ ਬੇਗਾਨਾ ਬਣ ਗਿਆ ਸੀ। ਉਸ ਦੀ ਕਿਰਪਾਨ ਮੁਸਲਮਾਨਾਂ ਦੇ ਖੂਨ ਦੀ ਪਿਆਸੀ ਦਿਸਦੀ ਸੀ। ਪਹਿਲੀ ਵਾਰ ਉਨ੍ਹਾਂ ਨੂੰ ਪਾਕਿਸਤਾਨ ਦੇ ਕੁਝ ਅਰਥ ਸਮਝ ਆਏ ਸਨ — ਪਨਾਹ ਜਿਥੇ ਕੋਈ ਸਿੱਖ ਨਹੀਂ ਸਨ।

ਸਿੱਖ ਖਫਾ ਅਤੇ ਗੁੱਸੇ ਵਿਚ ਸਨ। "ਕਿਸੇ ਮੁਸਲਮਾਨ ਤੇ ਕਦੇ ਇਤਬਾਰ ਨਾ ਕਰੋ," ਉਹ ਕਹਿੰਦੇ। ਆਖਰੀ ਗੁਰੂ ਨੇ ਉਨ੍ਹਾਂ ਨੂੰ ਖਬਰਦਾਰ ਕੀਤਾ ਸੀ ਕਿ ਮੁਸਲਮਾਨਾਂ ਦਾ ਕੋਈ ਈਮਾਨ ਨਹੀਂ ਹੁੰਦਾ। ਗੁਰੂ ਕਿੰਨਾ ਠੀਕ ਸੀ। ਹਿੰਦੁਸਤਾਨੀ ਇਤਿਹਾਸ ਦੇ ਸਾਰੇ ਮੁਸਲਿਮ ਦੌਰ ਵਿਚ, ਤਖਤ ਹਾਸਲ ਕਰਨ ਲਈ ਪੁੱਤਰਾਂ ਨੇ ਆਪਣੇ ਪਿਉਆਂ ਨੂੰ ਕੈਦ ਕੀਤਾ ਜਾਂ ਮਾਰ ਹੀ ਦਿਤਾ ਸੀ ਅਤੇ ਭਰਾਵਾਂ ਨੇ ਆਪਣੇ ਹੀ ਭਰਾਵਾਂ ਨੂੰ ਅੰਨ੍ਹਾ ਕਰ ਦਿਤਾ ਸੀ। ਅਤੇ ਸਿੱਖਾਂ ਨਾਲ ਉਨ੍ਹਾਂ ਕੀ ਗੁਜ਼ਾਰੀ ਸੀ? ਲੱਖਾਂ ਹੀ ਹੋਰਨਾਂ ਨੂੰ ਸਿਰਫ ਮੁਸਲਮਾਨ ਬਣਨੋਂ ਇਨਕਾਰ ਕਰਨ ਉਤੇ ਮਾਰ ਦਿਤਾ ਗਿਆ ਸੀ; ਉਨ੍ਹਾਂ ਦੇ ਗੁਰਦੁਆਰਿਆਂ ਨੂੰ ਗਾਵਾਂ ਮਾਰਕੇ ਅਪਵਿੱਤਰ ਕੀਤਾ ਗਿਆ ਸੀ; ਪਾਵਨ ਗੁਰੂ ਗ੍ਰੰਥ ਸਾਹਿਬ ਨੂੰ ਪਾੜਕੇ ਉਸ ਦੇ ਟੁਕੜੇ ਟੁਕੜੇ ਕਰ ਦਿਤੇ ਗਏ ਸਨ। ਅਤੇ ਮੁਸਲਮਾਨ ਤਾਂ ਕਦੇ ਵੀ ਔਰਤਾਂ ਦਾ ਸਤਿਕਾਰ ਨਹੀਂ ਕਰਦੇ ਸਨ। ਸਿੱਖ ਸ਼ਰਨਾਰਥੀਆਂ ਨੇ ਦੱਸਿਆ ਸੀ ਕਿ ਮੁਸਲਮਾਨਾਂ ਦੇ ਹੱਥਾਂ ਵਿਚ ਚੜ੍ਹਨ ਦੀ ਬਜਾਏ ਇਸਤਰੀਆਂ ਨੇ ਖੂਹਾਂ ਵਿਚ ਛਾਲਾਂ ਮਾਰ ਦਿਤੀਆਂ ਸਨ ਜਾਂ ਆਪਣੇ ਆਪ ਨੂੰ ਅੱਗ ਲਾ ਕੇ ਸਾੜ ਲਿਆ ਸੀ। ਜਿਨ੍ਹਾਂ ਨੇ ਖੁਦਕੁਸ਼ੀ ਨਹੀਂ ਕੀਤੀ ਸੀ, ਉਨ੍ਹਾਂ ਦੀ ਗਲ਼ੀਆਂ ਵਿਚ ਨੰਗੀ ਪਰੇਡ ਕਰਵਾਈ ਗਈ ਸੀ, ਸ਼ਰੇਆਮ ਪੱਤ ਲੁੱਟੀ ਗਈ ਅਤੇ ਫਿਰ ਕਤਲ ਕਰ ਦਿਤਾ ਗਿਆ ਸੀ। ਹੁਣ ਮੁਸਲਮਾਨਾਂ ਵੱਲੋਂ ਮਾਰੇ ਗਏ ਸਿੱਖਾਂ ਨਾਲ ਭਰੀ ਹੋਈ ਗੱਡੀ ਵਿਚ ਲਿਆਂਦੀਆਂ ਲਾਸ਼ਾਂ ਦਾ ਸਸਕਾਰ ਮਨੋ ਮਾਜਰਾ ਵਿਚ ਹੀ ਕੀਤਾ ਗਿਆ ਹੈ। ਹਿੰਦੂ ਅਤੇ ਸਿੱਖ ਪਾਕਿਸਤਾਨ ਵਿਚਲੇ ਆਪਣੇ ਘਰਾਂ ਤੋਂ ਭੱਜ ਕੇ ਮਨੋ ਮਾਜਰਾ ਵਿਚ ਸ਼ਰਨ ਲੈ ਰਹੇ ਹਨ। ਫਿਰ ਰਾਮ ਲਾਲ ਦਾ ਕਤਲ ਹੋ ਗਿਆ। ਕੋਈ ਨਹੀਂ ਜਾਣਦਾ ਕਿ ਕਿਸਨੇ ਇਹ ਕੀਤਾ ਸੀ, ਪਰ ਹਰ ਕੋਈ ਜਾਣਦਾ ਸੀ ਕਿ ਰਾਮ ਲਾਲ ਹਿੰਦੂ ਸੀ; ਸੁਲਤਾਨਾ ਅਤੇ ਉਸ ਦਾ ਗਰੋਹ ਮੁਸਲਮਾਨ ਸਨ ਅਤੇ ਉਹ ਪਾਕਿਸਤਾਨ ਦੌੜ ਗਏ ਸਨ। ਇਕ ਅਗਿਆਤ ਆਦਮੀ — ਜਿਸਦੀ ਨਾ ਦਾੜ੍ਹੀ ਸੀ ਅਤੇ ਨਾ ਹੀ ਪੱਗ — ਪਿੰਡ ਵਿਚ ਘੁੰਮ ਰਿਹਾ ਸੀ। ਕਿਸੇ ਨਾਲ ਨਰਾਜ਼ ਹੋਣ ਲਈ ਇਹ ਕਾਫੀ ਕਾਰਨ ਸਨ।

ਰਾਤ ਬੜੀ ਉਦਾਸ ਸੀ। ਹਵਾ ਜਿਹੜੀ ਬਦਲਾਂ ਨੂੰ ਉਡਾਕੇ ਲੈ ਗਈ ਸੀ, ਉਨ੍ਹਾਂ ਨੂੰ ਵਾਪਸ ਲੈ ਆਈ। ਪਹਿਲਾਂ ਉਹ ਸਫੈਦ ਉਨ ਦੇ ਗੋੜ੍ਹਿਆਂ ਦੀਆਂ ਲੜੀਆਂ ਵਾਂਗ ਸਨ। ਚੰਦਰਮਾ ਨੇ ਇਨ੍ਹਾਂ ਨੂੰ ਆਪਣੇ ਚਿਹਰੇ ਅਗੋਂ ਹਟਾ ਦਿਤਾ। ਫਿਰ ਬੱਦਲ

ਵਡੀਆਂ ਲਹਿਰਾਂ ਬਣਕੇ ਆਏ, ਚੰਨ ਚਾਨਣੀ ਨੂੰ ਦਾਗਦਾਰ ਕਰ ਦਿਤਾ ਅਤੇ ਆਸਮਾਨ ਨੂੰ ਫਿੱਕਾ ਸਿਆਹ ਕਰ ਦਿਤਾ। ਚੰਦ ਵਿਚੋਂ ਲੰਘਣ ਲਈ ਲੜਦਾ ਰਿਹਾ ਅਤੇ ਵਿਚ ਵਿਚ ਮੈਦਾਨ ਦੇ ਡੱਬ-ਖੜੱਬੇ ਟੁਕੜੇ ਚਾਂਦੀ ਵਾਂਗ ਚਮਕਦੇ। ਮਗਰੋਂ ਬੱਦਲ ਭਿਆਨਕ ਕਾਲੀਆਂ ਸ਼ਕਲਾਂ ਵਿਚ ਆਏ ਅਤੇ ਆਕਾਸ਼ ਵਿਚ ਫੈਲ ਗਏ। ਫਿਰ, ਬਿਨਾਂ ਬਿਜਲੀ ਲਿਸ਼ਕਣ ਅਤੇ ਕੜਕਣ ਅਤੇ ਗਰਜਣ ਤੋਂ ਹੀ ਵਰਖਾ ਹੋਣ ਲੱਗੀ।

ਸਿੱਖ ਕਿਸਾਨਾਂ ਦੀ ਇਕ ਟੋਲੀ ਲੰਬੜਦਾਰ ਦੇ ਘਰ ਇਕਠੀ ਹੋਈ। ਉਹ ਇਕ ਲਾਲਟੈਣ ਦੇ ਦੁਆਲੇ ਚੱਕਰ ਬਣਾਕੇ ਬੈਠ ਗਏ — ਕੁਝ ਤਾਂ ਚਾਰਪਾਈ ਉਤੇ ਬੈਠ ਗਏ ਜਦ ਕਿ ਬਾਕੀ ਦੇ ਫਰਸ਼ ਉਤੇ ਹੀ। ਮੀਤ ਸਿੰਘ ਵੀ ਉਨ੍ਹਾਂ ਵਿਚ ਸ਼ਾਮਲ ਸੀ।

ਲੰਮੇ ਸਮੇਂ ਤਕ ਕਿਸੇ ਨੇ ਕੁਝ ਨਹੀਂ ਬੋਲਿਆ ਸਿਵਾਇ ਇਸ ਗੱਲ ਨੂੰ ਦੁਹਰਾਉਣ ਦੇ ਕਿ "ਰੱਬ ਸਾਡੇ ਪਾਪਾਂ ਦੀ ਸਜ਼ਾ ਦੇ ਰਿਹਾ ਹੈ।"

"ਹਾਂ, ਰੱਬ ਸਾਨੂੰ ਸਾਡੇ ਪਾਪਾਂ ਦੀ ਸਜ਼ਾ ਦੇ ਰਿਹਾ ਹੈ।"

"ਪਾਕਿਸਤਾਨ ਵਿਚ ਬਹੁਤ ਜ਼ੁਲਮ ਹੋ ਰਿਹਾ ਹੈ।"

"ਉਹ ਵੀ ਇਸ ਕਾਰਨ ਹੈ ਕਿ ਉਹ ਸਾਡੇ ਪਾਪਾਂ ਕਾਰਨ ਸਾਨੂੰ ਸਜ਼ਾ ਦੇਣਾ ਚਾਹੁੰਦਾ ਹੈ। ਬੁਰੇ ਕੰਮਾਂ ਦਾ ਬੁਰਾ ਨਤੀਜਾ।"

ਫਿਰ ਇਕ ਨੌਜਵਾਨ ਬੋਲਿਆ। "ਅਸੀਂ ਅਜਿਹਾ ਕੀ ਕੀਤਾ ਹੈ ਕਿ ਸਾਨੂੰ ਅਜਿਹੀ ਸਜ਼ਾ ਮਿਲ ਰਹੀ ਹੈ। ਅਸੀਂ ਮੁਸਲਮਾਨਾਂ ਨੂੰ ਆਪਣੇ ਭਰਾਵਾਂ ਭੈਣਾਂ ਵਾਂਗ ਦੇਖਿਆ ਹੈ। ਉਹ ਸਾਡੀ ਜਾਸੂਸੀ ਕਰਨ ਲਈ ਕਿਸੇ ਨੂੰ ਕਿਉਂ ਭੇਜਣ?"

"ਤੁਹਾਡਾ ਮਤਲਬ ਹੈ ਇਕਬਾਲ?" ਮੀਤ ਸਿੰਘ ਨੇ ਕਿਹਾ। "ਮੈਂ ਉਸ ਨਾਲ ਲੰਮੀ ਵਾਰਤਾਲਾਪ ਕੀਤੀ ਹੈ। ਅਸੀਂ ਸਾਰੇ ਸਿੱਖਾਂ ਵਾਂਗ ਉਸ ਦੇ ਗੁੱਟ ਉਤੇ ਲੋਹੇ ਦਾ ਕੜਾ ਪਾਇਆ ਹੋਇਆ ਸੀ। ਉਸ ਨੇ ਮੈਨੂੰ ਦੱਸਿਆ ਕਿ ਉਸ ਦੀ ਮਾਂ ਨੇਇਹ ਕੜਾ ਪਹਿਨਣ ਲਈ ਆਖਿਆ ਸੀ, ਇਸ ਲਈ ਉਸ ਨੇ ਪਾ ਲਿਆ। ਉਹ ਮੋਨਾ ਸਿੱਖ ਹੈ। ਉਹ ਸਿਗਰਟ ਨਹੀਂ ਪੀਂਦਾ। ਅਤੇ ਉਹ ਆਇਆ ਵੀ ਸ਼ਾਹੂਕਾਰ ਦੇ ਕਤਲ ਦੇ ਇਕ ਦਿਨ ਮਗਰੋਂ।"

"ਭਾਈ ਜੀ, ਤੁਸੀਂ ਜਲਦੀ ਹੀ ਦੂਜੇ ਦੀਆਂ ਗੱਲਾਂ ਵਿਚ ਆ ਜਾਂਦੇ ਹੋ," ਉਸੇ ਨੌਜਵਾਨ ਨੇ ਆਖਿਆ। "ਜੇ ਮੁਸਲਮਾਨ ਕੜਾ ਪਾ ਲਵੇ ਤਾਂ ਕੀ ਇਹ ਉਸ ਨੂੰ ਦੰਦੀਆਂ ਵੱਢਦਾ ਹੈ ਜਾਂ ਜੇ ਉਹ ਇਕ ਦਿਨ ਲਈ ਸਿਗਰਟ ਪੀਣੀ ਛੱਡ ਦਿੰਦਾ ਹੈ — ਖਾਸ ਕਰਕੇ ਉਦੋਂ ਜਦੋਂ ਉਸ ਨੇ ਕੋਈ ਮਹੱਤਵਪੂਰਨ ਕਾਰਜ ਨੇਪਰੇ ਚਾੜ੍ਹਨਾ ਹੋਵੇ।"

"ਬੇਸ਼ੱਕ ਮੈਂ ਇਕ ਆਮ ਜਿਹਾ ਭਾਈ ਹਾਂ," ਮੀਤ ਸਿੰਘ ਨੇ ਤਪਾਕ ਨਾਲ ਵਿਰੋਧ ਕੀਤਾ, "ਪਰ ਮੈਂ ਵੀ ਜਾਣਦਾ ਹਾਂ ਅਤੇ ਤੂੰ ਵੀ ਕਿ ਬਾਬੂ ਦਾ ਇਸ ਕਤਲ ਨਾਲ ਕੋਈ ਸੰਬੰਧ ਨਹੀਂ; ਜੇ ਹੁੰਦਾ ਤਾਂ ਕਤਲ ਮਗਰੋਂ ਉਹ ਪਿੰਡ ਵਿਚ ਨਾ ਰਹਿੰਦਾ। ਇਹ ਗੱਲ

ਕੋਈ ਮੂਰਖ ਵੀ ਸਮਝ ਸਕਦਾ ਹੈ।"

ਮੁੰਡੇ ਨੇ ਥੋੜ੍ਹੀ ਸ਼ਰਮਿੰਦਗੀ ਮਹਿਸੂਸ ਕੀਤੀ।

"ਇਸ ਤੋਂ ਇਲਾਵਾ," ਮੀਤ ਸਿੰਘ ਵਧੇਰੇ ਵਿਸ਼ਵਾਸ ਨਾਲ ਬੋਲਦਾ ਗਿਆ, "ਉਨ੍ਹਾਂ ਨੇ ਡਾਕੇ ਲਈ ਮੱਲੀ ਨੂੰ ਤਾਂ ਪਹਿਲਾਂ ਹੀ ਫੜ ਲਿਆ ਸੀ।..."

"ਤੁਹਾਨੂੰ ਕਿਵੇਂ ਪਤੈ ਕਿ ਪੁਲਿਸ ਨੇ ਮੱਲੀ ਨੂੰ ਕਿਸ ਵਾਸਤੇ ਫੜਿਆ ਸੀ?" ਨੌਜਵਾਨ ਨੇ ਮੀਤ ਸਿੰਘ ਨੂੰ ਜੇਤੂ ਅੰਦਾਜ਼ ਵਿਚ ਟੋਕਿਆ।

"ਹਾਂ, ਤੁਹਾਨੂੰ ਕਿਵੇਂ ਪਤੈ ਜੋ ਪੁਲਿਸ ਨੂੰ ਪਤਾ ਹੈ? ਉਨ੍ਹਾਂ ਨੇ ਮੱਲੀ ਨੂੰ ਛੱਡ ਦਿਤਾ ਹੈ। ਕੀ ਤੁਸੀਂ ਕਦੇ ਸੁਣਿਐ ਕਿ ਕਾਤਲਾਂ ਨੂੰ ਬਿਨਾਂ ਮੁਕਦਮੇ ਅਤੇ ਦੋਸ਼ਮੁਕਤੀ ਤੋਂ ਹੀ ਛੱਡ ਦਿਤਾ ਗਿਆ ਹੋਵੇ?" ਕੁਝ ਹੋਰਨਾਂ ਨੇ ਸਵਾਲ ਕੀਤੇ।

"ਭਾਈ ਜੀ, ਤੁਸੀਂ ਹਮੇਸ਼ਾ ਬਿਨਾਂ ਦਲੀਲ ਤੋਂ ਗੱਲ ਕਰਦੇ ਹੋ।"

"ਅੱਛਾ, ਜੇ ਸਾਰੀਆਂ ਦਲੀਲਾਂ ਤੁਹਾਡੇ ਕੋਲ ਹਨ ਤਾਂ ਦਸੋ ਕਿ ਜੱਗੇ ਦੇ ਘਰੇ ਵੰਗਾਂ ਦੀ ਗੁੱਥਲੀ ਕਿਸਨੇ ਸੁੱਟੀ ਸੀ?"

"ਸਾਨੂੰ ਕਿਵੇਂ ਪਤੈ ਹੋ ਸਕਦੈ?" ਸਾਰੇ ਇਕ ਆਵਾਜ਼ ਵਿਚ ਬੋਲੇ।

"ਮੈਂ ਦੱਸਦਾਂ। ਇਹ ਜੱਗੇ ਦੇ ਦੁਸ਼ਮਣ ਮੱਲੀ ਨੇ ਸੁੱਟੀਆਂ ਸਨ। ਤੁਸੀਂ ਸਭ ਜਾਣਦੇ ਹੋ ਕਿ ਜੱਗੇ ਅਤੇ ਮੱਲੀ ਦੀ ਅਣਬਣ ਹੋ ਗਈ ਹੈ। ਉਸ ਤੋਂ ਬਿਨਾਂ ਹੋਰ ਕੌਣ ਜੱਗੇ ਦੀ ਹੱਤਕ ਕਰਨ ਦਾ ਜੇਰਾ ਕਰ ਸਕਦੈ?"

ਕਿਸੇ ਨੇ ਵੀ ਸਵਾਲ ਦਾ ਜਵਾਬ ਨਹੀਂ ਦਿਤਾ। ਮੀਤ ਸਿੰਘ ਆਪਣਾ ਨੁਕਤਾ ਹੋਰ ਸਪਸ਼ਟ ਕਰਨ ਲਈ ਜੋਸ਼ ਨਾਲ ਹੋਰ ਅਗੇ ਵਧਿਆ। "ਅਤੇ ਇਹ ਸਭ ਕੁਝ ਸੁਲਤਾਨਾ ਬਾਰੇ ਕੀ ਹੈ? ਸੁਲਤਾਨਾ! ਉਸ ਦਾ ਡਾਕੇ ਨਾਲ ਕੀ ਵਾਸਤਾ ਹੈ?"

"ਹਾਂ, ਭਾਈ ਜੀ, ਤੁਸੀਂ ਠੀਕ ਲੱਗਦੇ ਹੋ," ਇਕ ਹੋਰ ਨੌਜਵਾਨ ਨੇ ਕਿਹਾ। "ਪਰ ਲਾਲਾ ਤਾਂ ਮਰ ਗਿਆ ਹੈ; ਉਸ ਬਾਰੇ ਚਿੰਤਾ ਕਰਨ ਦੀ ਕੀ ਲੋੜ ਹੈ? ਪੁਲਿਸ ਆਪੇ ਕਰੇਗੀ ਜੋ ਕਰਨਾ ਹੈ। ਜੱਗਾ, ਮੱਲੀ ਅਤੇ ਸੁਲਤਾਨਾ ਨੂੰ ਆਪਣੇ ਝਗੜੇ ਆਪ ਨਿਬੇੜਨ ਦਿਓ। ਜਿਥੋਂ ਤਕ ਬਾਬੂ ਦਾ ਸਵਾਲ ਹੈ, ਮਾਂ ਚੁਦਾਵੇ ਸਾਨੂੰ ਕੀ। ਸਾਡਾ ਮਸਲਾ ਤਾਂ ਇਹ ਹੈ ਕਿ ਆਪਾਂ ਸਾਡੇ ਨਾਲ ਰਹਿ ਰਹੇ ਇਨ੍ਹਾਂ ਸੂਰਾਂ ਦਾ ਕੀ ਕਰੀਏ? ਉਹ ਪੀੜ੍ਹੀਆਂ ਤੋਂ ਸਾਡਾ ਨਮਕ ਖਾਂਦੇ ਆ ਰਹੇ ਹਨ, ਫਿਰ ਵੀ ਦੇਖੋ ਉਨ੍ਹਾਂ ਕੀਤਾ ਕੀ ਹੈ! ਅਸੀਂ ਉਨ੍ਹਾਂ ਨਾਲ ਹਮੇਸ਼ਾ ਆਪਣੇ ਭਰਾਵਾਂ ਵਾਂਗ ਵਰਤਿਆ ਹੈ। ਪਰ ਉਹ ਸੱਪ ਦੇ ਸੱਪ ਹੀ ਰਹੇ।"

ਮੀਟਿੰਗ ਦਾ ਪਾਰਾ ਅਚਨਚੇਤ ਹੀ ਚੜ੍ਹ ਗਿਆ। ਮੀਤ ਸਿੰਘ ਗੁੱਸੇ ਨਾਲ ਬੋਲਿਆ।

"ਉਨ੍ਹਾਂ ਤੇਰਾ ਕੀ ਵਿਗਾੜਿਆ ਹੈ? ਕੀ ਉਨ੍ਹਾਂ ਤੈਨੂੰ ਤੇਰੀ ਜ਼ਮੀਨ ਤੋਂ ਬੇਦਖਲ ਕਰ

ਦਿਤਾ ਹੈ ਜਾਂ ਤੇਰੇ ਘਰ ਤੇ ਕਬਜ਼ਾ ਕਰ ਲਿਆ ਹੈ? ਕੀ ਉਨ੍ਹਾਂ ਤੁਹਾਡੀਆਂ ਔਰਤਾਂ ਦਾ ਸੱਤ ਭੰਗ ਕੀਤਾ ਹੈ? ਦੱਸ ਤਾਂ ਸਹੀ ਮੈਨੂੰ, ਉਨ੍ਹਾਂ ਕੀਤਾ ਕੀ ਹੈ?"

"ਰਫਿਊਜੀਆਂ ਨੂੰ ਪੁੱਛੋ ਕਿ ਉਨ੍ਹਾਂ ਕੀ ਕੀਤਾ ਹੈ," ਜਿਸ ਖਾੜਕੂ ਨੌਜਵਾਨ ਨੇ ਇਹ ਦਲੀਲਬਾਜ਼ੀ ਸ਼ੁਰੂ ਕੀਤੀ ਸੀ, ਨੇ ਜਵਾਬ ਦਿਤਾ। "ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਉਹ ਝੂਠ ਬੋਲ ਰਹੇ ਹਨ ਜਦੋਂ ਕਹਿੰਦੇ ਹਨ ਕਿ ਗੁਰਦੁਆਰੇ ਸਾੜ ਦਿਤੇ ਗਏ ਹਨ ਅਤੇ ਲੋਕਾਂ ਦਾ ਕਤਲਾਮ ਕੀਤਾ ਗਿਆ ਹੈ।"

"ਮੈਂ ਕੇਵਲ ਮਨੋ ਮਾਜਰਾ ਦੀ ਗੱਲ ਕਰ ਰਿਹਾ ਸਾਂ। ਸਾਡੇ ਮੁਜ਼ਾਰਿਆਂ ਕੀ ਵਿਗਾੜਿਆ ਹੈ?"

"ਉਹ ਮੁਸਲਮਾਨ ਹਨ।"

ਮੀਤ ਸਿੰਘ ਨੇ ਆਪਣੇ ਮੋਢੇ ਚੜ੍ਹਾਏ।

ਲੰਬੜਦਾਰ ਨੇ ਸੋਚਿਆ ਕਿ ਹੁਣ ਉਸ ਵਲੋਂ ਬਹਿਸ ਨੂੰ ਨਿਬੇੜਣ ਦਾ ਸਮਾਂ ਆ ਗਿਆ ਹੈ।

"ਜੋ ਹੋਣਾ ਸੀ ਹੋ ਗਿਆ ਹੈ," ਉਸ ਨੇ ਸਿਆਣਪ ਨਾਲ ਕਿਹਾ। "ਅਸੀਂ ਫੈਸਲਾ ਇਹ ਕਰਨਾ ਹੈ ਕਿ ਹੁਣ ਅਸੀਂ ਕਰਨਾ ਕੀ ਹੈ। ਇਹ ਰਫਿਊਜੀ ਜੋ ਗੁਰਦੁਆਰੇ ਵਿਚ ਆ ਕੇ ਬੈਠੇ ਹਨ, ਉਹ ਕੁਝ ਨਾ ਕੁਝ ਅਜਿਹਾ ਕਰ ਸਕਦੇ ਹਨ ਜਿਸ ਨਾਲ ਪਿੰਡ ਦਾ ਨਾਂ ਕਲੰਕਤ ਹੋ ਜਾਵੇ।"

'ਕੁਝ ਨਾ ਕੁਝ' ਦੇ ਜ਼ਿਕਰ ਨੇ ਮੀਟਿੰਗ ਦਾ ਰੌਂਅ ਬਦਲ ਦਿਤਾ। ਬਾਹਰ ਵਾਲੇ ਉਨ੍ਹਾਂ ਦੇ ਆਪਣੇ ਪਿੰਡ ਦੇ ਹਮਵਾਸੀਆਂ ਨੂੰ 'ਕੁਝ ਨਾ ਕੁਝ' ਕਹਿਣ ਜਾਂ ਕਰਨ ਦੀ ਜੁਰਅਤ ਕਿਵੇਂ ਕਰ ਸਕਦੇ ਹਨ? ਇਥੇ ਦਲੀਲ ਦੇ ਮੂਹਰੇ ਇਕ ਹੋਰ ਰੁਕਾਵਟ ਆ ਗਈ। ਸਮਾਜਿਕ ਵਫਾਦਾਰੀ ਤਰਕ ਤੋਂ ਉਪਰ ਸੀ। ਜਿਸ ਗਭਰੂ ਨੇ ਮੁਸਲਮਾਨਾਂ ਨੂੰ ਸੂਰ ਕਿਹਾ ਸੀ, ਉਸ ਨੇ ਹੀ ਸ਼ੇਖੀ ਮਾਰਦਿਆਂ ਆਖਿਆ: "ਅਸੀਂ ਦੇਖਾਂਗੇ ਕਿ ਸਾਡੇ ਜਿਉਂਦੇ ਜੀਅ ਕੌਣ ਸਾਡੇ ਮੁਜ਼ਾਰਿਆਂ ਵੱਲ ਉਂਗਲੀ ਉਠਾ ਸਕਦਾ ਹੈ?"

ਲੰਬੜਦਾਰ ਨੇ ਮੁੰਡੇ ਨੂੰ ਡਾਂਟਿਆ। "ਬੜਾ ਗਰਮ-ਮਿਜ਼ਾਜ ਹੈਂ ਤੂੰ। ਕਦੇ ਤੂੰ ਮੁਸਲਮਾਨਾਂ ਨੂੰ ਮਾਰਨ ਦੀ ਗੱਲ ਕਰਦੈਂ। ਕਦੇਂ ਤੂੰ ਰਫਿਊਜੀਆਂ ਨੂੰ ਮਾਰਨਾ ਚਾਹੁੰਦੈ। ਅਸੀਂ ਕੁਝ ਕਹਿੰਦੇ ਆਂ ਤੇ ਤੂੰ ਗੱਲ ਨੂੰ ਹੋਰ ਹੀ ਪਾਸੇ ਘੜੀਸ ਲਿਜਾਨੈਂ।"

"ਠੀਕ ਐ, ਠੀਕ ਐ, ਲੰਬੜਦਾਰਾ," ਗਭਰੂ ਨੇ ਮੂੰਹ-ਤੋੜ ਜਵਾਬ ਦਿਤਾ, "ਜੇ ਤੁਸੀਂ ਏਨੇ ਹੀ ਹੁਸ਼ਿਆਰ ਹੋ ਤਾਂ ਤੁਸੀਂ ਹੀ ਦੱਸੋ ਕੁਝ।"

"ਸੁਣੋ, ਭਰਾਵੋ," ਲੰਬੜਦਾਰ ਨੇ ਆਪਣੀ ਆਵਾਜ਼ ਹੌਲੀ ਕਰਦਿਆਂ ਕਿਹਾ, "ਇਹ ਵਕਤ ਗੁੱਸੇ ਵਿਚ ਆਉਣ ਦਾ ਨਹੀਂ। ਇਥੇ ਕੋਈ ਵੀ ਕਿਸੇ ਨੂੰ ਮਾਰਨਾ ਨਹੀਂ ਚਾਹੁੰਦਾ। ਪਰ ਦੂਜੇ ਲੋਕਾਂ ਦਾ ਇਰਾਦਾ ਕੀ ਹੈ, ਕੌਣ ਜਾਣਦਾ ਹੈ? ਅੱਜ ਸਾਡੇ ਇਥੇ ਚਾਲੀ ਜਾਂ ਪੰਜਾਹ ਰਫਿਊਜੀ ਹਨ ਅਤੇ ਉਹ ਗੁਰੂ ਦੀ ਕਿਰਪਾ ਨਾਲ ਅਮਨ ਪ੍ਰੇਮੀ ਹਨ

ਅਤੇ ਕੇਵਲ ਗੱਲਾਂ ਹੀ ਕਰਦੇ ਹਨ। ਕਲ੍ਹ ਨੂੰ ਇਥੇ ਹੋਰ ਲੋਕ ਆ ਸਕਦੇ ਹਨ ਜਿਨ੍ਹਾਂ ਆਪਣੀਆਂ ਮਾਵਾਂ ਜਾਂ ਭੈਣਾਂ ਗੁਆ ਲਈਆਂ ਹੋਣ। ਕੀ ਅਸੀਂ ਉਨ੍ਹਾਂ ਨੂੰ ਕਹਿ ਦਿਆਂਗੇ : 'ਇਸ ਪਿੰਡ ਵਿਚ ਨਾ ਆਓ'? ਅਤੇ ਜੇ ਉਹ ਆਉਂਦੇ ਹਨ ਤਾਂ ਕੀ ਅਸੀਂ ਉਨ੍ਹਾਂ ਨੂੰ ਆਪਣੇ ਹਮਵਾਸੀਆਂ ਉਤੇ ਬਦਲੇ ਦਾ ਜ਼ੁਲਮ ਢਾਹੁਣ ਦਿਆਂਗੇ?"

"ਤੁਸੀਂ ਲੱਖਾਂ ਰੁਪਿਆਂ ਦੀ ਗੱਲ ਕੀਤੀ ਹੈ," ਇਕ ਬਜ਼ੁਰਗ ਨੇ ਕਿਹਾ। "ਸਾਨੂੰ ਇਸ ਬਾਰੇ ਸੋਚਣਾ ਚਾਹੀਦੈ।"

ਕਿਸਾਨਾਂ ਨੇ ਆਪਣੀ ਸਮੱਸਿਆ ਬਾਰੇ ਸੋਚਿਆ। ਉਹ ਰਫਿਊਜੀਆਂ ਨੂੰ ਪਨਾਹ ਦੇਣੋਂ ਇਨਕਾਰ ਨਹੀਂ ਕਰ ਸਕਦੇ: ਮਹਿਮਾਨ ਨਿਵਾਜ਼ੀ ਕੋਈ ਵਿਹਲੇ ਵੇਲੇ ਦਾ ਸ਼ੁਗਲ ਨਹੀਂ, ਸਗੋਂ ਪਵਿੱਤਰ ਫਰਜ਼ ਹੈ, ਖਾਸ ਕਰਕੇ ਆਉਣ ਵਾਲੇ ਜਦੋਂ ਬੇਘਰ ਬਾਰ ਹੋਣ। ਕੀ ਉਹ ਆਪਣੇ ਮੁਸਲਮਾਨਾਂ ਨੂੰ ਜਾਣ ਲਈ ਆਖ ਸਕਦੇ ਹਨ? ਦੋ-ਟੁੱਕ ਨਹੀਂ! ਨਾਲ ਵਾਲੇ ਪਿੰਡ ਵਾਸੀਆਂ ਨਾਲ ਵਫਾਦਾਰੀ ਕਿਸੇ ਵੀ ਹੋਰ ਵਿਚਾਰ ਨਾਲੋਂ ਉਪਰ ਆਉਂਦੀ ਹੈ। ਨਿਰੋਲ ਸਿੱਖਾਂ ਦੀ ਮੀਟਿੰਗ ਵਿਚ ਵੀ, ਭਾਵੇਂ ਸ਼ਬਦ ਤਾਂ ਕੌੜੇ ਕਸੈਲੇ ਵਰਤ ਲਏ ਗਏ ਸਨ ਪਰ ਕਿਸੇ ਇਕ ਦਾ ਵੀ ਮੁਸਲਮਾਨਾਂ ਨੂੰ ਬਾਹਰ ਕੱਢਣ ਦਾ ਸੁਝਾਅ ਦੇਣ ਦਾ ਜੇਰਾ ਨਹੀਂ ਪਿਆ ਸੀ।

ਕੁਝ ਸਮੇਂ ਬਾਅਦ ਲੰਬੜਦਾਰ ਬੋਲਿਆ।

"ਗੁਆਂਢੀ ਪਿੰਡਾਂ ਦੇ ਸਾਰੇ ਮੁਸਲਮਾਨ ਕੱਢ ਕੇ ਚੰਦਨ ਨਗਰ ਲਾਗੇ ਰਫਿਊਜੀ ਕੈਂਪ ਵਿਚ ਲਿਆਂਦੇ ਗਏ ਹਨ। ਕੁਝ ਪਹਿਲਾਂ ਹੀ ਪਾਕਿਸਤਾਨ ਚਲੇ ਗਏ ਹਨ। ਬਾਕੀਆਂ ਨੂੰ ਜਲੰਧਰ ਦੇ ਵਡੇ ਕੈਂਪ ਵਿਚ ਲਿਜਾਇਆ ਗਿਆ ਹੈ।"

"ਹਾਂ," ਇਕ ਹੋਰ ਜਣੇ ਨੇ ਵਾਧਾ ਕੀਤਾ। "ਕਪੂਰਾ ਅਤੇ ਗੁੱਜੋ ਮੱਤਾ ਪਿਛਲੇ ਮਹੀਨੇ ਖਾਲੀ ਕਰਵਾ ਲਏ ਗਏ ਸਨ। ਮਨੋ ਮਾਜਰਾ ਹੀ ਇਕ ਅਜਿਹੀ ਜਗਾਹ ਰਹਿ ਗਈ ਹੈ ਜਿਥੇ ਮੁਸਲਮਾਨ ਹਨ। ਮੈਂ ਤਾਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਆਪਣੇ ਹਮ ਵਾਸੀਆਂ ਨੂੰ ਕਹਿ ਕਿਵੇਂ ਦਿਤਾ ਕਿ ਪਿੰਡ ਛੱਡਕੇ ਚਲੇ ਜਾਓ। ਅਸੀਂ ਆਪਣੇ ਵਾਸੀਆਂ ਨੂੰ ਓਵੇਂ ਹੀ ਛੱਡਕੇ ਜਾਣ ਲਈ ਨਹੀਂ ਕਹਾਂਗੇ ਜਿਵੇ : ਆਪਣੇ ਪੁੱਤਰ ਨੂੰ ਘਰੋਂ ਜਾਣ ਲਈ ਅਸੀਂ ਨਹੀਂ ਆਖ ਸਕਦੇ। ਕੀ ਇਥੇ ਕੋਈ ਹੈ ਜੋ ਮੁਸਲਮਾਨਾਂ ਨੂੰ ਕਹਿ ਸਕੇਗਾ ਕਿ 'ਭਰਾਵੋ, ਤੁਸੀਂ ਮਨੋ ਮਾਜਰਾ ਤੋਂ ਚਲੇ ਜਾਓ'?"

ਕਿਸੇ ਦੇ ਵੀ ਜਵਾਬ ਦੇਣ ਤੋਂ ਪਹਿਲਾਂ ਇਕ ਹੋਰ ਪੇਂਡੂ ਅੰਦਰ ਆਇਆ ਅਤੇ ਬਰੂਹਾਂ ਤੇ ਖੜ੍ਹ ਗਿਆ। ਹਰ ਕੋਈ ਉਸ ਨੂੰ ਦੇਖਣ ਲਈ ਮੁੜਿਆ, ਪਰ ਲਾਲਟੈਣ ਦੀ ਫਿਕੀ ਰੋਸ਼ਨੀ ਵਿਚ ਉਸ ਨੂੰ ਪਛਾਣ ਨਾ ਸਕਿਆ।

"ਕੌਣ ਹੈ?" ਲੰਬੜਦਾਰ ਨੇ ਲਾਲਟੈਣ ਤੋਂ ਆਪਣੀਆਂ ਅੱਖਾਂ ਨੂੰ ਹੱਥਾਂ ਨਾਲ ਛੱਤਰੀ ਕਰਦਿਆਂ ਪੁਛਿਆ। "ਲੰਘ ਆਓ ਅੰਦਰ।"

ਇਮਾਮ ਬਖ਼ਸ਼ ਅੰਦਰ ਆਇਆ। ਦੋ ਹੋਰ ਉਸ ਦੇ ਪਿਛੇ ਆਏ। ਉਹ ਵੀ ਮੁਸਲਮਾਨ ਸਨ।

"ਸਲਾਮ, ਚਾਚਾ ਇਮਾਮ ਬਖ਼ਸ਼। ਸਲਾਮ, ਖੈਰਦੀਨ। ਸਲਾਮ, ਸਲਾਮ।"

"ਸਤਿ ਸ੍ਰੀ ਅਕਾਲ, ਲੰਬੜਦਾਰਾ। ਸਤਿ ਸ੍ਰੀ ਅਕਾਲ।" ਮੁਸਲਮਾਨਾਂ ਨੇ ਜਵਾਬੀ ਸ਼ੁਭ ਇਛਾਵਾਂ ਦਿਤੀਆਂ।

ਲੋਕਾਂ ਨੇ ਉਨ੍ਹਾਂ ਲਈ ਥਾਂ ਬਣਾਈ ਅਤੇ ਇਮਾਮ ਬਖ਼ਸ਼ ਦੇ ਕੁਝ ਕਹਿਣਾ ਸ਼ੁਰੂ ਕਰਨ ਦੀ ਉਡੀਕ ਕਰਨ ਲਗੇ।

ਇਮਾਮ ਬਖ਼ਸ਼ ਨੇ ਉਂਗਲੀਆਂ ਨਾਲ ਆਪਣੀ ਦਾੜ੍ਹੀ ਵਿਚ ਕੰਘੀ ਫੇਰੀ।

"ਹੂੰ, ਭਰਾਵੋ, ਸਾਡੇ ਬਾਰੇ ਤੁਹਾਡਾ ਕੀ ਫੈਸਲਾ ਹੈ?" ਉਸ ਨੇ ਸ਼ਾਂਤ ਭਾਵ ਨਾਲ ਪੁਛਿਆ।

ਡਰਾਉਣੀ ਜਿਹੀ ਚੁੱਪ ਛਾ ਗਈ। ਹਰ ਕੋਈ ਲੰਬੜਦਾਰ ਵੱਲ ਦੇਖਣ ਲੱਗ ਪਿਆ।

"ਸਾਨੂੰ ਕਿਉਂ ਪੁਛਦੇ ਹੋ?" ਲੰਬੜਦਾਰ ਨੇ ਜਵਾਬ ਦਿਤਾ। "ਤੁਹਾਡਾ ਵੀ ਇਹ ਓਨਾ ਹੀ ਪਿੰਡ ਹੈ ਜਿੰਨਾ ਕਿ ਸਾਡਾ।"

"ਤੁਸੀਂ ਸੁਣ ਹੀ ਲਿਐ ਕਿ ਕੀ ਕਿਹਾ ਜਾ ਰਿਹੈ! ਸਾਰੇ ਗੁਆਂਢੀ ਪਿੰਡਾਂ ਦੇ ਮੁਸਲਮਾਨ ਕੱਢ ਲਏ ਗਏ ਹਨ। ਕੇਵਲ ਅਸੀਂ ਹੀ ਬਚੇ ਹਾਂ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਵੀ ਚਲੇ ਜਾਈਏ ਤਾਂ ਅਸੀਂ ਛੱਡ ਜਾਵਾਂਗੇ।"

ਮੀਤ ਸਿੰਘ ਨੇ ਸੁੰਘਣਾ ਸ਼ੁਰੂ ਕੀਤਾ। ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਬੋਲਣਾ ਨਹੀਂ ਚਾਹੀਦਾ। ਉਹ ਆਪਣੀ ਗੱਲ ਕਹਿ ਚੁਕਾ ਸੀ। ਇਸ ਤੋਂ ਇਲਾਵਾ, ਉਹ ਤਾਂ ਸਿਰਫ ਇਕ ਭਾਈ ਸੀ ਜੋ ਪਿੰਡ ਵਾਲਿਆਂ ਵਲੋਂ ਦਿਤੇ ਉਤੇ ਹੀ ਗੁਜ਼ਾਰਾ ਕਰਦਾ ਸੀ। ਨੌਜਵਾਨਾਂ ਵਿਚੋਂ ਇਕ ਜਣਾ ਬੋਲਿਆ:

"ਗੱਲ ਇਸ ਤਰ੍ਹਾਂ ਹੈ, ਇਮਾਮ ਬਖ਼ਸ਼ ਚਾਚਾ। ਜਿੰਨਾ ਚਿਰ ਅਸੀਂ ਇਥੇ ਹਾਂ ਕੋਈ ਵੀ ਤੁਹਾਨੂੰ ਹੱਥ ਨਹੀਂ ਲਾ ਸਕਦਾ। ਅਸੀਂ ਪਹਿਲਾਂ ਮਰਾਂਗੇ, ਫਿਰ ਤੁਸੀਂ ਆਪਣੀ ਰਾਖੀ ਆਪ ਕਰ ਲੈਣਾ।"

"ਹਾਂ," ਇਕ ਹੋਰ ਜਣੇ ਨੇ ਅਗੋਂ ਗਰਮਜੋਸ਼ੀ ਨਾਲ ਕਿਹਾ, "ਅਸੀਂ ਪਹਿਲਾਂ, ਫਿਰ ਤੁਸੀਂ। ਜੋ ਕੋਈ ਤੁਹਾਡੇ ਵੱਲ ਕੈਰੀ ਅੱਖ ਨਾਲ ਦੇਖੇਗਾ ਉਸ ਦੀ ਮਾਂ ਚੋ.. ਦਿਆਂਗੇ।"

"ਮਾਂ, ਭੈਣ ਅਤੇ ਧੀ ਵੀ," ਹੋਰਨਾਂ ਨੇ ਵਾਧਾ ਕਰ ਦਿਤਾ।

ਇਮਾਮ ਬਖ਼ਸ਼ ਨੇ ਆਪਣੀਆਂ ਅੱਖਾਂ ਦੇ ਅਥਰੂ ਪੂੰਝੇ ਅਤੇ ਆਪਣੀ ਕਮੀਜ਼ ਦੇ ਪੱਲੇ ਵਿਚ ਨੱਕ ਸੁਣਕਿਆ।

"ਅਸੀਂ ਪਾਕਿਸਤਾਨ ਤੋਂ ਕੀ ਲੈਣੈਂ? ਅਸੀਂ ਇਥੇ ਪੈਦਾ ਹੋਏ। ਸਾਡੇ ਪੁਰਖੇ ਵੀ ਇਥੇ ਹੀ ਜਨਮੇ ਸਨ। ਅਸੀਂ ਤੁਹਾਡੇ ਵਿਚ ਹੀ ਭਰਾਵਾਂ ਵਾਂਗ ਰਹੇ ਹਾਂ।" ਇਮਾਮ ਬਖ਼ਸ਼ ਡੁਸਕਣ ਲੱਗਾ। ਮੀਤ ਸਿੰਘ ਨੇ ਉਸ ਨੂੰ ਆਪਣੀਆਂ ਬਾਹਾਂ ਵਿਚ ਭਰ ਲਿਆ ਅਤੇ ਆਪ ਵੀ ਵਿਲਕਣ ਲੱਗਾ। ਕਈ ਹੋਰ ਵੀ ਚੁੱਪ ਚਾਪ ਰੋਣ ਲੱਗ ਪਏ ਅਤੇ ਨੱਕ ਸੁੜਕਣ ਲੱਗ ਪਏ।

ਲੰਬੜਦਾਰ ਬੋਲਿਆ: "ਹਾਂ, ਤੁਸੀਂ ਸਾਡੇ ਭਰਾ ਹੋ। ਜਿਥੋਂ ਤਕ ਸਾਡਾ ਸੰਬੰਧ ਹੈ, ਤੁਸੀਂ, ਤੁਹਾਡੇ ਬੱਚੇ ਅਤੇ ਬੱਚਿਆਂ ਦੇ ਬੱਚੇ ਜਿੰਨਾ ਚਿਰ ਤੁਸੀਂ ਚਾਹੋ ਇਥੇ ਰਹਿ ਸਕਦੇ ਹੋ। ਜੇ ਕੋਈ ਵੀ ਤੁਹਾਨੂੰ, ਤੁਹਾਡੀਆਂ ਬੀਵੀਆਂ ਜਾਂ ਬੱਚਿਆਂ ਨੂੰ ਬਦਤਮੀਜ਼ੀ ਨਾਲ ਬੋਲਦਾ ਹੈ ਤਾਂ ਤੁਹਾਡਾ ਇਕ ਵੀ ਵਾਲ ਵਿੰਗਾ ਹੋਣ ਤੋਂ ਪਹਿਲਾਂ, ਮੂਹਰੇ ਅਸੀਂ, ਸਾਡੀਆਂ ਪਤਨੀਆਂ ਅਤੇ ਸਾਡੇ ਬੱਚੇ ਹੋਣਗੇ। ਪਰ ਚਾਚਾ ਅਸੀਂ ਬਹੁਤ ਥੋੜ੍ਹੇ ਹਾਂ ਅਤੇ ਪਾਕਿਸਤਾਨ ਤੋਂ ਆ ਰਹੇ ਅਜਨਬੀ ਹਜ਼ਾਰਾਂ ਦੀ ਗਿਣਤੀ ਵਿਚ ਹਨ। ਜੇ ਉਹ ਕੁਝ ਕਰਦੇ ਹਨ ਤਾਂ ਕੌਣ ਜ਼ਿੰਮੇਵਾਰੀ ਲੈ ਸਕਦਾ ਹੈ?"

"ਹਾਂ," ਦੂਜੇ ਵੀ ਸਹਿਮਤ ਹੋਏ, "ਜਿਥੋਂ ਤਕ ਸਾਡਾ ਸੰਬੰਧ ਹੈ ਤੁਸੀਂ ਸੁਰਖਿਅਤ ਹੋ, ਪਰ ਇਨ੍ਹਾਂ ਰਫਿਊਜੀਆਂ ਦਾ ਕੀ ਕਰੀਏ?"

"ਮੈਂ ਸੁਣਿਐ ਕਿ ਕੁਝ ਪਿੰਡਾਂ ਨੂੰ ਕਈ ਹਜ਼ਾਰਾਂ ਦੀਆਂ ਭੀੜਾਂ ਨੇ ਘੇਰਾ ਪਾ ਲਿਆ ਅਤੇ ਉਹ ਬੰਦੂਕਾਂ ਅਤੇ ਬਰਛਿਆਂ ਨਾਲ ਹਥਿਆਰਬੰਦ ਸਨ। ਕੌਣ ਉਨ੍ਹਾਂ ਅਗੇ ਟਿਕ ਸਕਦਾ ਸੀ?"

"ਅਸੀਂ ਇਨ੍ਹਾਂ ਹਜੂਮਾਂ ਤੋਂ ਨਹੀਂ ਡਰਦੇ," ਇਕ ਹੋਰ ਨੇ ਤੁਰੰਤ ਜਵਾਬ ਦਿਤਾ, "ਆਉਣ ਦਿਓ ਉਨ੍ਹਾਂ ਨੂੰ! ਐਸੀ ਮਾਰ ਮਾਰਾਂਗੇ ਕਿ ਫਿਰ ਮਨੋ ਮਾਜਰਾ ਵੱਲ ਦੇਖਣ ਦੀ ਜੁਰਅਤ ਨਹੀਂ ਕਰਨਗੇ।"

ਕਿਸੇ ਨੇ ਇਸ ਵੰਗਾਰੂ ਨੂੰ ਧਿਆਨ ਨਹੀਂ ਦਿਤਾ; ਸ਼ੇਖੀ ਏਨੀ ਖੋਖਲੀ ਸੀ ਕਿ ਕਿਸੇ ਨੇ ਇਸ ਨੂੰ ਗੌਲਣ ਦੇ ਕਾਬਲ ਹੀ ਨਹੀਂ ਸਮਝਿਆ। ਇਮਾਮ ਬਖ਼ਸ਼ ਨੇ ਆਪਣਾ ਨੱਕ ਫਿਰ ਸੁਣਕਿਆ, "ਫਿਰ ਤੁਸੀਂ ਸਾਨੂੰ ਕੀ ਸਲਾਹ ਦਿੰਦੇ ਹੋ ਭਰਾਵੋ?" ਉਸ ਨੇ ਭਰੇ ਹੋਏ ਗੱਚ ਨਾਲ ਪੁਛਿਆ।

"ਚਾਚਾ," ਲੰਬੜਦਾਰ ਨੇ ਉਦਾਸ ਆਵਾਜ਼ ਵਿਚ ਕਿਹਾ, "ਮੇਰੇ ਲਈ ਇਹ ਕਹਿਣਾ ਬਹੁਤ ਔਖਾ ਹੈ, ਪਰ ਜਿਸ ਤਰ੍ਹਾਂ ਦੇ ਵਕਤ ਵਿਚ ਅਸੀਂ ਰਹਿ ਰਹੇ ਹਾਂ, ਉਸ ਨੂੰ ਦੇਖਦਿਆਂ, ਮੈਂ ਤੁਹਾਨੂੰ ਸਲਾਹ ਦਿਆਂਗਾ ਕਿ ਜਿੰਨਾ ਚਿਰ ਇਹ ਰੌਲਾ ਚਲਦਾ ਹੈ, ਤੁਸੀਂ ਰਫਿਊਜੀ ਕੈਂਪ ਵਿਚ ਚਲੇ ਜਾਓ। ਆਪਣੇ ਸਾਰੇ ਸਮਾਨ ਸਣੇ ਤੁਸੀਂ ਆਪਣੇ ਘਰਾਂ ਨੂੰ ਜਿੰਦਰੇ ਲਾ ਦਿਓ। ਤੁਹਾਡੇ ਵਾਪਸ ਆਉਣ ਤਕ ਅਸੀਂ ਤੁਹਾਡੇ ਮਾਲ ਡੰਗਰ ਦੀ ਦੇਖਭਾਲ ਕਰ ਲਵਾਂਗੇ।"

ਲੰਬੜਦਾਰ ਦੇ ਵਿਚਾਰ ਨੇ ਤਣਾਅ ਭਰੀ ਚੁੱਪ ਪੈਦਾ ਕਰ ਦਿਤੀ। ਪਿੰਡ ਵਾਸੀਆਂ ਨੇ ਆਪਣੇ ਸਾਹ ਵੀ ਰੋਕ ਲਏ ਕਿ ਕਿਧਰੇ ਸੁਣਨ ਵਿਚ ਰੁਕਾਵਟ ਨਾ ਆਏ। ਖ਼ੁਦ

ਲੰਬੜਦਾਰ ਨੇ ਵੀ ਮਹਿਸੂਸ ਕੀਤਾ ਕਿ ਉਸ ਨੂੰ ਫੌਰਨ ਕੁਝ ਬੋਲਣਾ ਚਾਹੀਦਾ ਹੈ ਤਾਂ ਜੋ ਉਸ ਦੇ ਕਹੇ ਸ਼ਬਦਾਂ ਦਾ ਅਸਰ ਜਾਂਦਾ ਰਹੇ।

"ਕਲ੍ਹ ਤਕ," ਉਸ ਨੇ ਫਿਰ ਉਚੀ ਉਚੀ ਬੋਲਣਾ ਸ਼ੁਰੂ ਕੀਤਾ, "ਜੇ ਕੋਈ ਮੁਸੀਬਤ ਆਉਂਦੀ ਤਾਂ ਅਸੀਂ ਤੁਹਾਨੂੰ ਦਰਿਆ ਦੇ ਲਾਂਘੇ ਵਿਚੋਂ ਪਾਰ ਜਾਣ ਵਿਚ ਮਦਦ ਕਰ ਦੇਣੀ ਸੀ। ਪਰ ਹੁਣ ਦੋ ਦਿਨਾਂ ਤੋਂ ਮੀਂਹ ਪੈ ਰਿਹਾ ਹੈ; ਦਰਿਆ ਚੜ੍ਹ ਗਿਆ ਹੈ। ਹੁਣ ਕੇਵਲ ਰੇਲਵੇ ਪੁਲਾਂ ਜਾਂ ਸੜਕਾਂ ਦੇ ਪੁਲਾਂ ਰਾਹੀਂ ਹੀ ਪਾਰ ਕੀਤਾ ਜਾ ਸਕਦਾ ਹੈ — ਅਤੇ ਤੁਸੀਂ ਜਾਣਦੇ ਹੋ ਕਿ ਉਥੇ ਕੀ ਵਾਪਰ ਰਿਹਾ ਹੈ! ਇਹ ਤੁਹਾਡੀ ਆਪਣੀ ਸੁਰਖਿਆ ਲਈ ਹੈ ਕਿ ਮੈਂ ਤੁਹਾਨੂੰ ਕੁਝ ਦਿਨਾਂ ਵਾਸਤੇ ਕੈਂਪ ਵਿਚ ਪਨਾਹ ਲੈਣ ਦੀ ਸਲਾਹ ਦੇ ਰਿਹਾਂ, ਅਤੇ ਫਿਰ ਤੁਸੀਂ ਵਾਪਸ ਆ ਜਾਣਾ। ਜਿਥੋਂ ਤਕ ਸਾਡਾ ਸੰਬੰਧ ਹੈ," ਉਸ ਨੇ ਤਪਾਕ ਨਾਲ ਦੁਹਰਾਇਆ, "ਜੇ ਤੁਸੀਂ ਇਥੇ ਹੀ ਟਿਕੇ ਰਹਿਣ ਦਾ ਫੈਸਲਾ ਕਰਦੇ ਹੋ, ਤੁਸੀਂ ਸਦਕੇ ਰੁਕੇ ਰਹੋ। ਆਪਣੀਆਂ ਜਾਨਾਂ ਲਾਕੇ ਵੀ ਅਸੀਂ ਤੁਹਾਡੀ ਰਾਖੀ ਕਰਾਂਗੇ।"

ਕਿਸੇ ਨੂੰ ਵੀ ਲੰਬੜਦਾਰ ਦੇ ਸ਼ਬਦਾਂ ਦੀ ਮਹੱਤਤਾ ਵਿਚ ਸ਼ੱਕ ਨਹੀਂ ਸੀ।

"ਠੀਕ ਐ," ਇਮਾਮ ਬਖ਼ਸ਼ ਨੇ ਗੰਭੀਰਤਾ ਨਾਲ ਕਿਹਾ, "ਜੇ ਅਸੀਂ ਜਾਣਾ ਹੀ ਹੈ, ਤਾਂ ਅਸੀਂ ਆਪਣੇ ਬਿਸਤਰੇ ਅਤੇ ਸਮਾਨ ਬੰਨ੍ਹ ਲਈਏ। ਸਾਨੂੰ ਆਪਣੇ ਘਰਾਂ ਵਿਚੋਂ ਜਾਣ ਲਈ ਇਕ ਰਾਤ ਤੋਂ ਵਧ ਸਮਾਂ ਤਾਂ ਲੱਗੇਗਾ ਹੀ, ਜਿਨ੍ਹਾਂ ਨੂੰ ਸਾਡੇ ਵਡੇ ਵਡੇਰਿਆਂ ਨੇ ਸੈਂਕੜੇ ਸਾਲਾਂ ਵਿਚ ਬਣਾਇਆ।"

ਲੰਬੜਦਾਰ ਨੇ ਆਪਣੇ ਆਪ ਨੂੰ ਭਾਰੀ ਦੋਸ਼ੀ ਮਹਿਸੂਸ ਕੀਤਾ ਅਤੇ ਭਾਵਨਾਵਾਂ ਉਸ ਉਤੇ ਭਾਰੂ ਹੋ ਗਈਆਂ। ਉਸ ਨੇ ਉਠ ਕੇ ਇਮਾਮ ਬਖ਼ਸ਼ ਨੂੰ ਜੱਫੀ ਪਾ ਲਈ ਅਤੇ ਉਚੀ ਉਚੀ ਲੇਰਾਂ ਮਾਰਨੀਆਂ ਆਰੰਭ ਦਿਤੀਆਂ। ਸਿੱਖ ਅਤੇ ਮੁਸਲਿਮ ਪਿੰਡ ਵਾਸੀ ਇਕ ਦੂਜੇ ਨਾਲ ਬਗਲਗੀਰ ਹੋ ਗਏ ਅਤੇ ਬੱਚਿਆਂ ਵਾਂਗ ਰੋਣ ਲੱਗ ਪਏ। ਇਮਾਮ ਬਖ਼ਸ਼ ਨੇ ਸਹਿਜੇ ਸਹਿਜੇ ਆਪਣੇ ਆਪ ਨੂੰ ਲੰਬੜਦਾਰ ਦੀ ਜਫੀ ਵਿਚੋਂ ਬਾਹਰ ਕੱਢ ਲਿਆ। "ਰੋਣ ਕੁਰਲਾਉਣ ਦੀ ਕੋਈ ਲੋੜ ਨਹੀਂ," ਉਸ ਨੇ ਹਟਕੋਰੇ ਲੈਂਦਿਆਂ ਕਿਹਾ। "ਇਹੋ ਤਾਂ ਜ਼ਿੰਦਗੀ ਦਾ ਦਸਤੂਰ ਹੈ —

ਸਦਾ ਨਾ ਬਾਗੀਂ ਬੁਲਬੁਲ ਬੋਲੇ
ਸਦਾ ਨਾ ਬਾਗ ਬਹਾਰਾਂ।
ਸਦਾ ਨਾ ਹੁਸਨ ਜਵਾਨੀ ਮਾਪੇ
ਸਦਾ ਨਾ ਸੁਹਬਤ ਯਾਰਾਂ।
ਜਿਹਨੂੰ ਸਲਾਵੇ ਜੱਗ ਇਹ ਸਾਰਾ
ਕਰ ਉਹ ਸੱਚੀਆਂ ਬਾਤਾਂ।
ਚਾਰ ਦਿਨਾਂ ਦੀ ਚਾਨਣੀ ਹੁੰਦੀ

ਫੇਰ ਹਨੇਰੀਆਂ ਰਾਤਾਂ।
ਬੇਸ਼ੱਕ ਸਦਾ ਹੀ ਦੁੱਖ ਨਾ ਰਹਿੰਦੇ
ਸਦਾ ਨਾ ਖੁਸ਼ੀਆਂ ਨਾ ਮਾਣੇ।
ਇਹ ਹਕੀਕਤ ਜਿਸ ਨਾ ਜਾਣੀਂ
ਉਹ ਕੀ ਜ਼ਿੰਦਗੀ ਜਾਣੇ!

"ਇਹ ਹਕੀਕਤ ਜਿਸ ਨਾ ਜਾਣੀਂ, ਉਹ ਕੀ ਜ਼ਿੰਦਗੀ ਜਾਣੇ!" ਕਈ ਹੋਰ ਆਵਾਜ਼ਾਂ ਨੇ ਹਉਕੇ ਭਰਦਿਆਂ ਦੁਹਰਾਇਆ। "ਹਾਂ, ਚਾਚਾ ਇਮਾਮ ਬਖ਼ਸ਼, ਇਹੋ ਹੈ ਜ਼ਿੰਦਗੀ ਦਾ ਦਸਤੂਰ।"

ਇਮਾਮ ਬਖ਼ਸ਼ ਅਤੇ ਉਸਦੇ ਸਾਥੀ ਹੰਝੂਆਂ ਵਿਚ ਡੁੱਬੇ ਹੋਏ ਚਲੇ ਗਏ।

ਬਾਕੀ ਘਰਾਂ ਨੂੰ ਜਾਣ ਤੋਂ ਪਹਿਲਾਂ ਇਮਾਮ ਬਖ਼ਸ਼ ਮਸੀਤ ਨਾਲ ਜੁੜੇ ਆਪਣੇ ਘਰ ਆ ਗਿਆ। ਨੂਰਾਂ ਪਹਿਲਾਂ ਹੀ ਬਿਸਤਰੇ ਵਿਚ ਵੜ ਚੁਕੀ ਸੀ। ਕੰਧ ਵਿਚ ਬਣੇ ਆਲੇ ਵਿਚ ਤੇਲ ਵਾਲਾ ਦੀਵਾ ਬਲ ਰਿਹਾ ਸੀ।

"ਨੂਰੋ, ਨੂਰੋ," ਉਸ ਨੇ, ਨੂਰਾਂ ਨੂੰ ਮੋਢੇ ਤੋਂ ਫੜਕੇ ਹਿਲਾਉਂਦਿਆਂ, ਜ਼ੋਰ ਦੀ ਆਵਾਜ਼ ਮਾਰੀ। "ਉਠ, ਨੂਰੋ।"

ਕੁੜੀ ਨੇ ਆਪਣੀਆਂ ਅੱਖਾਂ ਖੋਲ੍ਹੀਆਂ। "ਕੀ ਗੱਲ ਐ?"

"ਉਠ ਅਤੇ ਸਮਾਨ ਬੰਨ੍ਹ ਲੈ। ਅਸੀਂ ਕਲ੍ਹ ਸਵੇਰੇ ਜਾਣਾ ਹੈ।" ਉਸ ਨੇ ਨਾਟਕੀ ਐਲਾਨ ਕੀਤਾ।

"ਜਾਣਾ ਹੈ? ਕਿਥੇ?"

"ਮੈਨੂੰ ਨਹੀਂ ਪਤਾ ... ਪਾਕਿਸਤਾਨ!"

ਇਕ ਝਟਕੇ ਨਾਲ ਕੁੜੀ ਉਠ ਬੈਠੀ। "ਮੈਂ ਨਹੀਂ ਜਾਣਾ ਪਾਕਿਸਤਾਨ," ਉਸ ਨੇ ਵਿਦਰੋਹੀ ਹੋ ਕੇ ਕਿਹਾ।

ਇਮਾਮ ਬਖ਼ਸ਼ ਨੇ ਇੰਜ ਦਿਖਾਵਾ ਕੀਤਾ ਜਿਵੇਂ ਕੁਝ ਸੁਣਿਆ ਹੀ ਨਹੀਂ। "ਸਾਰੇ ਕਪੜੇ ਟਰੰਕ ਵਿਚ ਪਾ ਲੈ ਅਤੇ ਖਾਣਾ ਬਣਾਉਣ ਵਾਲੇ ਭਾਂਡੇ ਬੋਰੀ ਵਿਚ ਰਖ ਲੈ। ਮੱਝ ਵਾਸਤੇ ਵੀ ਕੁਝ ਲੈ ਲਵੀਂ। ਉਸ ਨੂੰ ਨਾਲ ਲਿਜਾਣਾ ਹੋਵੇਗਾ।"

"ਮੈਂ ਪਾਕਿਸਤਾਨ ਨਹੀਂ ਜਾਵਾਂਗੀ," ਕੁੜੀ ਨੇ ਬੇਕਿਰਕੀ ਨਾਲ ਦੁਹਰਾਇਆ।

"ਤੂੰ ਜਾਣਾ ਨਹੀਂ ਚਾਹੇਂਗੀ। ਪਰ ਉਹ ਤੈਨੂੰ ਬਾਹਰ ਸੁੱਟ ਦੇਣਗੇ। ਸਾਰੇ ਹੀ ਮੁਸਲਮਾਨ ਕਲ੍ਹ ਨੂੰ ਕੈਂਪ ਵਿਚ ਜਾ ਰਹੇ ਹਨ।"

"ਕੌਣ ਸਾਨੂੰ ਬਾਹਰ ਕੱਢ ਮਾਰੇਗਾ? ਇਹ ਸਾਡਾ ਪਿੰਡ ਹੈ। ਕੀ ਪੁਲਿਸ ਅਤੇ ਸਰਕਾਰ ਮਰ ਗਈ ਹੈ?"

"ਮੂਰਖ ਨਾ ਬਣ, ਕੁੜੀਏ। ਓਵੇਂ ਹੀ ਕਰ ਜਿਵੇਂ ਤੈਨੂੰ ਕਿਹਾ ਗਿਐ। ਲੱਖਾਂ ਲੋਕ ਪਾਕਿਸਤਾਨ ਜਾ ਰਹੇ ਹਨ ਅਤੇ ਲੱਖਾਂ ਹੀ ਉਧਰੋਂ ਆ ਰਹੇ ਹਨ। ਜਿਹੜੇ ਪਿੱਛੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਮਾਰ ਦਿਤਾ ਜਾਂਦੈ। ਜਲਦੀ ਕਰ ਅਤੇ ਸਮਾਨ ਬੰਨ੍ਹ ਲੈ। ਮੈਂ ਜਾ ਕੇ ਬਾਕੀਆਂ ਨੂੰ ਵੀ ਦੱਸਣੈ ਕਿ ਉਹ ਲਾਜ਼ਮੀ ਤਿਆਰ ਹੋ ਜਾਣ।"

ਇਮਾਮ ਬਖ਼ਸ਼ ਕੁੜੀ ਨੂੰ ਬਿਸਤਰ ਵਿਚ ਬੈਠੀ ਨੂੰ ਹੀ ਛੱਡਕੇ ਚਲਾ ਗਿਆ। ਨੂਰਾਂ ਨੇ ਆਪਣੇ ਹੱਥਾਂ ਨਾਲ ਮੂੰਹ ਰਗੜਿਆ ਅਤੇ ਕੰਧ ਉਤੇ ਟਿਕਟਿਕੀ ਲਗਾ ਲਈ। ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕਰੇ। ਉਹ ਸਾਰੀ ਰਾਤ ਬਾਹਰ ਕੱਟ ਸਕਦੀ ਸੀ ਅਤੇ ਸਵੇਰੇ ਉਦੋਂ ਮੁੜ ਸਕਦੀ ਸੀ ਜਦੋਂ ਬਾਕੀ ਸਾਰੇ ਚਲੇ ਗਏ ਹੋਣ। ਪਰ ਉਹ ਇੱਕਲੀ ਇਹ ਨਹੀਂ ਕਰ ਸਕਦੀ ਸੀ; ਨਾਲੇ, ਮੀਂਹ ਵੀ ਪੈ ਰਿਹਾ ਸੀ। ਉਸ ਦੀ ਇਕੋ ਇਕ ਸੰਭਾਵਨਾ ਜੱਗੇ ਨਾਲ ਬਣਦੀ ਸੀ। ਮੱਲੀ ਨੂੰ ਰਿਹਾ ਕੀਤਾ ਜਾ ਚੁਕਾ ਸੀ, ਹੋ ਸਕਦਾ ਹੈ ਕਿ ਜੱਗਾ ਵੀ ਘਰ ਆ ਗਿਆ ਹੋਵੇ। ਉਹ ਜਾਣਦੀ ਸੀ ਕਿ ਇਹ ਆਸ ਸੱਚੀ ਨਹੀਂ, ਫਿਰ ਵੀ ਆਸ ਜਿਉਂਦੀ ਤਾਂ ਸੀ ਅਤੇ ਉਸ ਨੂੰ ਕੁਝ ਕਰ ਗੁਜਰਨ ਦਾ ਮੌਕਾ ਦਿੰਦੀ ਸੀ।

ਨੂਰਾਂ ਮੀਂਹ ਵਿਚ ਵੀ ਚਲ ਪਈ। ਗਲ਼ੀਆਂ ਵਿਚ ਉਹ ਬਹੁਤ ਸਾਰੇ ਲੋਕਾਂ ਕੋਲੋਂ ਲੰਘੀ ਜਿਨ੍ਹਾਂ ਆਪਣੇ ਸਿਰ ਅਤੇ ਮੋਢੇ ਬੋਰੀਆਂ ਨਾਲ ਢਕੇ ਹੋਏ ਸਨ। ਸਾਰਾ ਪਿੰਡ ਜਾਗ ਰਿਹਾ ਸੀ। ਬਹੁਤੇ ਘਰਾਂ ਵਿਚ ਉਹ ਤੇਲ ਵਾਲੇ ਦੀਵਿਆਂ ਦੀਆਂ ਮਧਮ ਰੋਸ਼ਨੀਆਂ ਦੇਖ ਸਕਦੀ ਸੀ। ਕੁਝ ਜਣੇ ਸਮਾਨ ਬੰਨ੍ਹ ਰਹੇ ਸਨ ਅਤੇ ਬਾਕੀ ਦੇ ਉਨ੍ਹਾਂ ਦੀ ਸਮਾਨ ਬੰਨ੍ਹਣ ਵਿਚ ਮਦਦ ਕਰ ਰਹੇ ਸਨ। ਬਹੁਤੇ ਤਾਂ ਆਪਣੇ ਮਿੱਤਰਾਂ ਨਾਲ ਗੱਲਾਂ ਕਰਨ ਹੀ ਲੱਗੇ ਹੋਏ ਸਨ। ਇਸਤਰੀਆਂ ਫਰਸ਼ ਤੇ ਬੈਠੀਆਂ ਇਕ ਦੂਜੇ ਨੂੰ ਜਫੀਆਂ ਪਾ ਕੇ ਰੋਣ ਲੱਗੀਆਂ ਹੋਈਆਂ ਸਨ। ਲੱਗਦਾ ਇੰਜ ਸੀ ਜਿਵੇਂ ਹਰ ਘਰ ਵਿਚ ਕੋਈ ਮੌਤ ਹੋ ਗਈ ਹੋਵੇ।

ਨੂਰਾਂ ਨੇ ਜੱਗੇ ਦੇ ਘਰ ਦਾ ਬੂਹਾ ਖੜਕਾਇਆ। ਅੰਦਰਲੇ ਪਾਸੇ ਦੀ ਕੁੰਡੀ ਖੜਕਦੀ ਤਾਂ ਰਹੀ ਪਰ ਆਇਆ ਕੋਈ ਨਹੀਂ। ਧੁੰਦਲੀ ਰੋਸ਼ਨੀ ਵਿਚ ਉਸ ਨੇ ਦੇਖਿਆ ਕਿ ਦਰਵਾਜ਼ਾ ਤਾਂ ਬਾਹਰੋਂ ਬੰਦ ਸੀ। ਉਸ ਨੇ ਕੁੰਡਾ ਖੋਲ੍ਹਿਆ ਅਤੇ ਅੰਦਰ ਚਲੀ ਗਈ। ਜੱਗੇ ਦੀ ਮਾਂ ਬਾਹਰ ਗਈ ਹੋਈ ਸੀ, ਸ਼ਾਇਦ ਕੁਝ ਮੁਸਲਿਮ ਵਾਕਫਾਂ ਨੂੰ ਮਿਲਣ ਗਈ ਹੋਵੇ। ਘਰ ਅੰਦਰ ਰੋਸ਼ਨੀ ਕੋਈ ਨਹੀਂ ਸੀ। ਨੂਰਾਂ ਮੰਜੇ ਤੇ ਬੈਠ ਗਈ। ਉਹ ਜੱਗੇ ਦੀ ਮਾਂ ਦਾ ਸਾਹਮਣਾ ਇੱਕਲੀ ਨਹੀਂ ਕਰਨਾ ਚਾਹੁੰਦੀ ਸੀ ਅਤੇ ਨਾ ਹੀ ਘਰ ਮੁੜਨਾ ਚਾਹੁੰਦੀ ਸੀ। ਉਹ ਆਸ ਕਰ ਰਹੀ ਸੀ ਕਿ ਕੋਈ ਕਰਾਮਾਤ ਹੋ ਜਾਵੇ ਗੀ — ਜਿਵੇਂ ਜੱਗਾ ਅੰਦਰ ਆ ਜਾਵੇਗਾ। ਉਹ ਬੈਠੀ ਰਹੀ, ਉਡੀਕਦੀ ਰਹੀ ਅਤੇ ਆਸ ਕਰਦੀ ਰਹੀ।

ਘੰਟਾ ਭਰ ਨੂਰਾਂ ਨੇ ਸਿਆਹ ਬੱਦਲਾਂ ਨੂੰ ਇਕ ਦੂਜੇ ਦੇ ਮਗਰ ਭੱਜਦੇ ਦੇਖਿਆ। ਬੂੰਦਾਬਾਂਦੀ ਹੁੰਦੀ ਰਹੀ, ਫਿਰ ਮੀਂਹ ਵਰ੍ਹਿਆ। ਮੀਂਹ ਅਤੇ ਬੂੰਦਾਬਾਂਦੀ ਵਾਰੀ

ਵਾਰੀ ਆਉਂਦੇ ਰਹੇ। ਉਸ ਨੇ ਚਿੱਕੜ ਭਰੀ ਗਲੀ ਵਿਚੋਂ ਸਾਵਧਾਨੀ ਨਾਲ ਤੁਰਦੇ ਕਦਮਾਂ ਦੀ ਆਵਾਜ਼ ਸੁਣੀ। ਕਦਮ ਦਰਵਾਜ਼ੇ ਦੇ ਬਾਹਰ ਰੁੱਕ ਗਏ। ਕਿਸੇ ਨੇ ਦਰਵਾਜ਼ਾ ਛੇੜਿਆ। "ਕੌਣ ਹੈ?" ਬੁਢੀ ਔਰਤ ਦੀ ਆਵਾਜ਼ ਆਈ।

ਨੂਰਾਂ ਦੇ ਹੋਸ਼ ਉਡ ਗਏ; ਉਹ ਹਿੱਲੀ ਨਹੀਂ।

"ਕੌਣ ਹੈ?" ਆਵਾਜ਼ ਨੇ ਗੁੱਸੇ ਨਾਲ ਪੁਛਿਆ। "ਬੋਲਦਾ ਕਿਉਂ ਨਹੀਂ?"

ਨੂਰਾਂ ਖੜ੍ਹੀ ਹੋ ਗਈ ਅਤੇ ਅਸਪਸ਼ਟ ਜਿਹੀ ਫੁਸਫੁਸ ਕੀਤੀ, "ਬੇਬੇ।"

ਬੁਢੀ ਅੰਦਰ ਆ ਗਈ ਅਤੇ ਫਟਾਫੱਟ ਕੁੰਡੀ ਲਾ ਦਿਤੀ।

"ਜੱਗਾ, ਜੱਗਾ, ਤੂੰ ਏਂ?" ਉਹ ਫੁਸਫੁਸਾਈ। "ਉਨ੍ਹਾਂ ਤੈਨੂੰ ਛੱਡ ਦਿਤੈ?"

"ਨਹੀਂ, ਬੇਬੇ, ਮੈਂ ਹਾਂ — ਨੂਰਾਂ। ਚਾਚਾ ਇਮਾਮ ਬਖ਼ਸ਼ ਦੀ ਲੜਕੀ," ਕੁੜੀ ਨੇ ਡਰਦਿਆਂ ਡਰਦਿਆਂ ਜਵਾਬ ਦਿਤਾ।

"ਨੂਰੋ? ਇਸ ਵੇਲੇ ਤੂੰ ਕਿਵੇਂ ਆਈ?" ਬੁਢੀ ਨੇ ਗੁੱਸੇ ਨਾਲ ਪੁਛਿਆ।

"ਕੀ ਜੱਗਾ ਆ ਗਿਐ?"

"ਤੂੰ ਜੱਗੇ ਤੋਂ ਕੀ ਲੈਣੈ?" ਉਸ ਦੀ ਮਾਂ ਨੇ ਟੋਕਿਆ। "ਤੂੰ ਹੀ ਤਾਂ ਉਸ ਨੂੰ ਜੇਲ੍ਹ ਭੇਜਿਐ। ਤੂੰ ਹੀ ਉਸ ਨੂੰ ਬਦਮਾਸ਼ ਬਣਾਇਐ। ਕੀ ਤੇਰੇ ਪਿਉ ਨੂੰ ਪਤੈ ਕਿ ਤੂੰ ਅੱਧੀ ਰਾਤ ਨੂੰ ਛਨਾਲ ਵਾਂਗ ਬੇਗਾਨਿਆਂ ਦੇ ਘਰਾਂ ਵਿਚ ਫਿਰਦੀ ਪਈ ਏਂ?"

ਨੂਰਾਂ ਰੋਣ ਲੱਗ ਪਈ, "ਅਸੀਂ ਕਲ੍ਹ ਨੂੰ ਜਾ ਰਹੇ ਹਾਂ।"

ਇਸ ਨਾਲ ਵੀ ਬੁਢੀ ਦਾ ਦਿਲ ਪਿਘਲਿਆ ਨਹੀਂ।

"ਤੇਰਾ ਸਾਡੇ ਨਾਲ ਕੀ ਰਿਸ਼ਤਾ ਹੈ ਕਿ ਤੂੰ ਆਉਣਾ ਅਤੇ ਸਾਨੂੰ ਮਿਲਣਾ ਚਾਹੁੰਦੀ ਏਂ? ਤੂੰ ਜਾ ਜਿਥੇ ਜਾਣੈਂ।"

ਨੂਰਾਂ ਨੇ ਆਪਣਾ ਆਖਰੀ ਪੱਤਾ ਵਰਤਿਆ। "ਮੈਂ ਜਾ ਨਹੀਂ ਸਕਦੀ। ਜੱਗੇ ਨੇ ਮੇਰੇ ਨਾਲ ਵਿਆਹ ਕਰਵਾਉਣ ਦਾ ਵਾਅਦਾ ਕੀਤੈ।"

"ਨਿਕਲ ਜਾ ਕੁੱਤੀਏ!" ਬੁਢੀ ਨੇ ਫੁੰਕਾਰਾ ਮਾਰਿਆ। "ਤੂੰ ਇਕ ਮੁਸਲਮਾਨ ਜੁਲਾਹੇ ਦੀ ਕੁੜੀ ਚਾਹੁੰਦੀ ਏਂ ਕਿ ਸਿੱਖ ਕਿਸਾਨ ਨਾਲ ਵਿਆਹ ਕਰੇਂ। ਨਿਕਲ ਜਾ ਨਹੀਂ ਤਾਂ ਬਾਹਰ ਜਾ ਕੇ ਤੇਰੇ ਪਿਉ ਅਤੇ ਸਾਰੇ ਪਿੰਡ ਨੂੰ ਦੱਸ ਦਿਆਂਗੀ। ਦਫਾ ਹੋ ਜਾ ਪਾਕਿਸਤਾਨ ਨੂੰ! ਛੱਡਦੇ ਮੇਰੇ ਜੱਗੇ ਨੂੰ।"

ਨੂਰਾਂ ਉਤੇ ਜਿਵੇਂ ਪਹਾੜ ਡਿਗ ਪਿਆ ਅਤੇ ਉਹ ਬੇਜਾਨ ਹੋ ਗਈ ਹੋਵੇ। "ਠੀਕ ਐ, ਬੇਬੇ, ਮੈਂ ਜਾਨੀ ਆਂ। ਮੇਰੇ ਨਾਲ ਨਰਾਜ਼ ਨਾ ਹੋ। ਜਦੋਂ ਜੱਗਾ ਆਵੇ ਤਾਂ ਉਸ ਨੂੰ ਕਹਿ ਦੇਵੀਂ ਕਿ ਮੈਂ ਸਾ-ਸਰੀ-ਕਾਲ ਕਹਿਣ ਆਈ ਸਾਂ।" ਕੁੜੀ ਗੋਡਿਆਂ ਪਰਨੇ ਹੋ ਗਈ, ਬੁਢੀ ਦੇ ਪੈਰ ਫੜੇ ਅਤੇ ਡੁਸਕਣਾ ਸ਼ੁਰੂ ਕਰ ਦਿਤਾ। "ਬੇਬੇ, ਮੈਂ ਜਾ ਰਹੀ ਆਂ ਤੇ ਫਿਰ ਕਦੇ ਵਾਪਸ ਨਹੀਂ ਆਵਾਂਗੀ। ਜਦੋਂ ਮੈਂ ਸਦਾ ਲਈ ਜਾ ਰਹੀ ਆਂ ਤਾਂ

ਮੇਰੇ ਨਾਲ ਗੁੱਸੇ ਨਾ ਹੋ।"

ਜੱਗੇ ਦੀ ਮਾਂ ਆਕੜੀ ਖੜ੍ਹੀ ਰਹੀ, ਉਸ ਦੇ ਚਿਹਰੇ ਤੇ ਭੋਰਾ ਵੀ ਹਾਵਭਾਵ ਨਹੀਂ ਸੀ। ਅੰਦਰੋਂ ਉਸ ਨੇ ਕੁਝ ਕਮਜ਼ੋਰ ਅਤੇ ਨਰਮ ਮਹਿਸੂਸ ਕੀਤਾ। "ਮੈਂ ਜੱਗੇ ਨੂੰ ਦੱਸ ਦਿਆਂਗੀ।"

ਨੂਰਾਂ ਨੇ ਰੋਣਾ ਬੰਦ ਕਰ ਦਿਤਾ। ਹੁਣ ਉਸ ਦੀਆਂ ਸਿਸਕੀਆਂ ਲੰਮੇ ਵਕਫੇ ਮਗਰੋਂ ਆਉਂਦੀਆਂ ਸਨ। ਉਨ੍ਹੇ ਅਜੇ ਵੀ ਜੱਗੇ ਦੀ ਮਾਂ ਨੂੰ ਫੜਿਆ ਹੋਇਆ ਸੀ। ਉਸ ਦਾ ਸਿਰ ਝੁਕਦਾ ਅਤੇ ਝੁਕਦਾ ਗਿਆ ਅਤੇ ਅਖੀਰ ਬੁਢੀ ਦੇ ਪੈਰਾਂ ਤੇ ਜਾ ਟਿਕਿਆ।

"ਬੇਬੇ।"

"ਹੁਣ ਕੀ ਕਹਿਣਾ ਏਂ ਤੂੰ?" ਉਸ ਨੂੰ ਆਉਣ ਵਾਲੀ ਗੱਲ ਦੀ ਖੁੜਕ ਪਈ ਸੀ।

"ਬੇਬੇ।"

"ਬੇਬੇ! ਬੇਬੇ! ਕਰੀ ਜਾਨੀ ਏਂ, ਕੁਝ ਕਹਿੰਦੀ ਕਿਉਂ ਨਹੀਂ?" ਬੁਢੀ ਨੇ ਨੂਰਾਂ ਨੂੰ ਪਰੇ ਧੱਕਦਿਆਂ ਕਿਹਾ। "ਕੀ ਐ?"

ਕੁੜੀ ਨੇ ਆਪਣੇ ਮੂੰਹ ਦਾ ਥੁੱਕ ਨਿਗਲਿਆ।

"ਬੇਬੇ, ਜੱਗੇ ਦਾ ਬੱਚਾ ਮੇਰੇ ਪੇਟ 'ਚ ਐ। ਜੇ ਮੈਂ ਪਾਕਿਸਤਾਨ ਚਲੀ ਗਈ, ਜਿਉਂ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਇਸ ਦਾ ਬਾਪ ਸਿੱਖ ਹੈ, ਉਹ ਇਸ ਨੂੰ ਮਾਰ ਦੇਣਗੇ।"

ਬੁਢੀ ਨੇ ਨੂਰਾਂ ਨੂੰ ਆਪਣੇ ਪੈਰਾਂ ਤੇ ਮੁੜ ਪੈ ਜਾਣ ਦਿਤਾ। ਨੂਰਾਂ ਨੇ ਪੈਰ ਫਿਰ ਸਖਤੀ ਨਾਲ ਫੜ ਲਏ ਅਤੇ ਫਿਰ ਰੋਣਾ ਸ਼ੁਰੂ ਕਰ ਦਿਤਾ।

"ਕਦੋਂ ਤੋਂ ਹੈ ਇਹ ਤੇਰੇ ਪੇਟ ਵਿਚ?"

"ਮੈਨੂੰ ਹੁਣੇ ਪਤਾ ਲਗਿਐ। ਦੂਜਾ ਮਹੀਨਾ ਹੈ।"

ਜੱਗੇ ਦੀ ਮਾਂ ਨੇ ਨੂਰਾਂ ਨੂੰ ਸਹਾਰਾ ਦੇਕੇ ਉਠਾਇਆ ਅਤੇ ਦੋਵੇਂ ਮੰਜੇ ਤੇ ਬੈਠ ਗਈਆਂ। ਨੂਰਾਂ ਨੇ ਡੁਸਕਣਾ ਬੰਦ ਕਰ ਦਿਤਾ।

"ਮੈਂ ਤੈਨੂੰ ਇਥੇ ਨਹੀਂ ਰਖ ਸਕਦੀ," ਅਖੀਰ ਬਜ਼ੁਰਗ ਇਸਤਰੀ ਨੇ ਕਿਹਾ। "ਮੈਨੂੰ ਪੁਲਿਸ ਨੇ ਪਹਿਲਾਂ ਹੀ ਬੜੇ ਪੰਗੇ ਪਾਏ ਹੋਏ ਆ। ਜਦੋਂ ਇਹ ਸਾਰਾ ਕੁਝ ਨਿਬੜ ਗਿਆ ਅਤੇ ਜੱਗਾ ਵਾਪਸ ਆ ਗਿਆ ਤਾਂ ਜਿਥੇ ਵੀ ਤੂੰ ਹੋਈ ਉਹ ਤੈਨੂੰ ਲੈ ਆਵੇਗਾ। ਕੀ ਤੇਰੇ ਪਿਉ ਨੂੰ ਪਤਾ ਹੈ?"

"ਨਹੀਂ! ਜੇ ਉਸ ਨੂੰ ਪਤਾ ਲੱਗ ਗਿਆ ਤਾਂ ਉਹ ਮੈਨੂੰ ਜਾਂ ਕਿਸੇ ਹੋਰ ਨਾਲ ਵਿਆਹ ਦੇਵੇਗਾ ਜਾਂ ਫਿਰ ਜਾਨੋਂ ਹੀ ਮਾਰ ਦੇਵੇਗਾ।" ਉਸ ਨੇ ਫਿਰ ਰੋਣਾ ਸ਼ੁਰੂ ਕਰ ਦਿਤਾ।

"ਨੀ ਕੁੜੀਏ, ਬੰਦ ਕਰ ਇਹ ਚਊਂ ਚਊਂ ਕਰਨਾ," ਬੁਢੀ ਨੇ ਸਖਤ ਹੁਕਮ ਦਿਤਾ। "ਤੈਨੂੰ ਇਸ ਦਾ ਉਦੋਂ ਖਿਆਲ ਕਿਉਂ ਨਹੀਂ ਆਇਆ ਜਦੋਂ ਪੁਠੇ ਕੰਮ ਕਰਨ ਲੱਗੀ ਸੈਂ? ਮੈਂ ਤੈਨੂੰ ਪਹਿਲਾਂ ਹੀ ਕਹਿ ਦਿਤੈ ਕਿ ਜਦੋਂ ਹੀ ਜੱਗਾ ਬਾਹਰ ਆਇਆ, ਉਹ ਤੈਨੂੰ ਲੈ ਆਵੇਗਾ।"

ਨੂਰਾਂ ਨੇ ਆਪਣੇ ਹਟਕੋਰਿਆਂ ਦਾ ਗਲ਼ ਘੁਟ ਦਿਤਾ।

"ਬੇਬੇ, ਉਸ ਨੂੰ ਜ਼ਿਆਦਾ ਦੇਰ ਨਾ ਕਰਨ ਦੇਵੀਂ।"

"ਉਹ ਆਪਣੀ ਖਾਤਰ ਹੀ ਜਲਦੀ ਕਰੇਗਾ। ਜੇ ਉਹ ਤੈਨੂੰ ਪ੍ਰਾਪਤ ਨਾ ਕਰ ਸਕਿਆ ਤਾਂ ਉਸ ਨੂੰ ਵਹੁਟੀ ਖਰੀਦਣੀ ਪਵੇਗੀ ਪਰ ਇਸ ਵੇਲੇ ਸਾਡੇ ਕੋਲ ਕੋਈ ਨਾ ਇਕ ਪੈਸਾ ਅਤੇ ਨਾ ਹੀ ਕੋਈ ਟੂਮ ਬਚੀ ਹੈ। ਜੇ ਉਹ ਵਹੁਟੀ ਚਾਹੁੰਦਾ ਹੈ ਤਾਂ ਤੈਨੂੰ ਲੈ ਹੀ ਆਵੇਗਾ। ਬਸ ਡਰ ਨਾ।"

ਧੁੰਦਲੀ ਜਿਹੀ ਆਸ ਨੂਰਾਂ ਵਿਚ ਸਮਾ ਗਈ। ਉਸ ਨੂੰ ਲੱਗਿਆ ਜਿਵੇਂ ਉਹ ਇਸੇ ਘਰ ਦੀ ਹੈ ਅਤੇ ਇਹ ਘਰ ਵੀ ਉਸੇ ਦਾ ਹੈ; ਜਿਸ ਮੰਜੇ ਉਤੇ ਉਹ ਬੈਠੀ ਹੋਈ ਹੈ, ਮੱਝ ਅਤੇ ਜੱਗੇ ਦੀ ਮਾਂ ਇਹ ਸਭ ਉਸੇ ਦੇ ਹਨ। ਜੇ ਜੱਗਾ ਨਾ ਵੀ ਆਇਆ ਤਾਂ ਵੀ ਉਹ ਵਾਪਸ ਆ ਜਾਵੇਗੀ। ਉਹ ਉਨ੍ਹਾਂ ਨੂੰ ਦਸ ਦੇਵੇਗੀ ਕਿ ਉਹ ਵਿਆਹੀ ਹੋਈ ਹੈ। ਉਸ ਦੇ ਅੱਬਾ ਦਾ ਖਿਆਲ ਉਸ ਦੀਆਂ ਚੰਦ ਵਰਗੀਆਂ ਇਨ੍ਹਾਂ ਆਸਾਂ ਉਤੇ ਕਾਲੇ ਬੱਦਲ ਵਾਂਗ ਛਾ ਗਿਆ। ਉਹ ਉਸ ਨੂੰ ਵੀ ਦੱਸੇ ਬਗੈਰ ਹੀ ਖਿਸਕ ਆਵੇਗੀ। ਚੰਦ ਫਿਰ ਲਿਸ਼ਕਣ ਲੱਗ ਪਿਆ।

"ਬੇਬੇ, ਜੇ ਮੈਨੂੰ ਮੌਕਾ ਮਿਲਿਆ ਤਾਂ ਸਵੇਰੇ ਸਤਿ ਸ੍ਰੀ ਅਕਾਲ ਕਹਿਣ ਆਵਾਂਗੀ। ਹੁਣ ਮੈਂ ਜਾਣਾ ਅਤੇ ਸਮਾਨ ਬੰਨ੍ਹਣਾ ਹੈ।" ਨੂਰਾਂ ਨੇ ਬਜ਼ੁਰਗ ਨੂੰ ਘੁਟ ਕੇ ਜਫੀ ਪਾਈ। "ਸਤਿ ਸ੍ਰੀ ਅਕਾਲ," ਉਸ ਨੇ ਇਕ ਵਾਰ ਫਿਰ ਕੁਝ ਚੜ੍ਹੇ ਹੋਏ ਸਾਹ ਨਾਲ ਕਿਹਾ ਅਤੇ ਚਲੀ ਗਈ।

ਜੱਗੇ ਦੀ ਮਾਂ ਕਈ ਘੰਟੇ ਮੰਜੇ ਤੇ ਬੈਠੀ ਹਨੇਰੇ ਵਿਚ ਘੂਰਦੀ ਰਹੀ।

ਉਸ ਰਾਤ ਮਨੋ ਮਾਜਰਾ ਵਿਚ ਬਹੁਤੇ ਲੋਕ ਸੁੱਤੇ ਨਹੀਂ ਸਨ। ਉਹ ਘਰੋ ਘਰ ਜਾਂਦੇ ਰਹੇ — ਗੱਲਾਂ ਕਰਦੇ, ਰੋਂਦੇ, ਪਿਆਰ ਅਤੇ ਦੋਸਤੀ ਦੀਆਂ ਕਸਮਾਂ ਖਾਂਦੇ ਅਤੇ ਇਕ ਦੂਜੇ ਨੂੰ ਯਕੀਨ ਦੁਆਉਂਦੇ ਰਹੇ ਕਿ ਰੌਲਾ ਗੌਲਾ ਜਲਦੀ ਖਤਮ ਹੋ ਜਾਵੇਗਾ। ਉਹ ਕਹਿੰਦੇ ਜ਼ਿੰਦਗੀ ਓਵੇਂ ਹੀ ਹੋ ਜਾਵੇਗੀ ਜਿਵੇਂ ਇਹ ਹਮੇਸ਼ਾ ਹੁੰਦੀ ਰਹੀ ਹੈ।

ਇਮਾਮ ਬਖ਼ਸ਼ ਮੁਸਲਿਮ ਘਰਾਂ ਦੇ ਦੌਰੇ ਤੋਂ ਜਦੋਂ ਮੁੜਿਆ, ਉਦੋਂ ਤਕ ਨੂਰਾਂ ਅਜੇ ਮੁੜੀ ਨਹੀਂ ਸੀ। ਕੁਝ ਵੀ ਬੰਨ੍ਹਿਆ ਨਹੀਂ ਸੀ ਹੋਇਆ। ਉਹ ਏਨਾ ਨਿਰਾਸ਼ ਸੀ ਕਿ ਨੂਰਾਂ ਨਾਲ ਨਰਾਜ਼ ਵੀ ਨਹੀਂ ਹੋ ਸਕਦਾ ਸੀ। ਘਰ ਛੱਡ ਕੇ ਜਾਣ ਦਾ ਸਵਾਲ ਨੌਜਵਾਨਾਂ ਲਈ ਵੀ ਓਨਾ ਹੀ ਔਖਾ ਸੀ ਜਿੰਨਾ ਕਿ ਬਜ਼ੁਰਗਾਂ ਲਈ। ਉਹ ਜ਼ਰੂਰ ਹੀ

ਆਪਣੀਆਂ ਸਹੇਲੀਆਂ ਨੂੰ ਮਿਲਣ ਗਈ ਹੋਵੇਗੀ। ਉਸ ਨੇ ਬੋਰੀਆਂ, ਪੀਪਿਆਂ ਅਤੇ ਟਰੰਕਾਂ ਦੀ ਭਾਲ ਲਈ ਇਧਰ ਉਧਰ ਹੱਥ ਮਾਰਨੇ ਸ਼ੁਰੂ ਕੀਤੇ। ਕੁਝ ਮਿੰਟ ਬਾਅਦ ਹੀ ਨੂਰਾਂ ਆ ਗਈ।

"ਸਾਰੀਆਂ ਸਹੇਲੀਆਂ ਨੂੰ ਮਿਲ ਆਈ? ਆ ਜਾ ਆਪਾਂ ਸਮਾਨ ਬੰਨ੍ਹਣ ਵਾਲਾ ਕੰਮ ਸੌਣ ਤੋਂ ਪਹਿਲਾਂ ਕਰ ਲਈਏ," ਇਮਾਮ ਬਖ਼ਸ਼ ਨੇ ਕਿਹਾ।

"ਤੁਸੀਂ ਸੌਂ ਜਾਓ। ਮੈਂ ਆਪੇ ਚੀਜ਼ਾਂ ਪਾ ਦਿਆਂਗੀ। ਕਰਨ ਵਾਲਾ ਕੋਈ ਬਹੁਤਾ ਕੁਝ ਨਹੀਂ — ਅਤੇ ਤੁਸੀਂ ਥੱਕ ਵੀ ਗਏ ਹੋਵੋਗੇ," ਉਸ ਨੇ ਜਵਾਬ ਦਿਤਾ।

"ਹਾਂ, ਮੈਂ ਕੁਝ ਥੱਕ ਹੀ ਗਿਆ ਹਾਂ," ਇਮਾਮ ਬਖ਼ਸ਼ ਨੇ ਚਾਰਪਾਈ ਤੇ ਬੈਠਦਿਆਂ ਕਿਹਾ। "ਤੂੰ ਹੁਣ ਕਪੜੇ ਬੰਨ੍ਹ ਲੈ। ਭਾਂਡੇ ਆਪਾਂ ਸਵੇਰੇ ਬੋਰੀਆਂ ਵਿਚ ਪਾ ਲਵਾਂਗੇ, ਜਦੋਂ ਤੂੰ ਰਸਤੇ ਵਿਚ ਖਾਣ ਲਈ ਕੁਝ ਪਕਾ ਲਿਆ।" ਇਮਾਮ ਬਖ਼ਸ਼ ਮੰਜੇ ਤੇ ਲੇਟ ਗਿਆ ਅਤੇ ਸੌਂ ਗਿਆ।

ਨੂਰਾਂ ਦੇ ਕਰਨ ਵਾਲਾ ਬਹੁਤਾ ਕੁਝ ਨਹੀਂ ਸੀ। ਪੰਜਾਬੀ ਕਿਸਾਨ ਦੇ ਸਮਾਨ ਵਿਚ ਕੁਝ ਬਦਲਣ ਵਾਲੇ ਕਪੜਿਆਂ, ਰਜਾਈ ਅਤੇ ਸਿਰਹਾਣਾ, ਕੁਝ ਘੜੇ, ਰਸੋਈ ਦੇ ਭਾਂਡੇ , ਅਤੇ ਸ਼ਾਇਦ ਇਕ ਪਿੱਤਲ ਦੀ ਪਲੇਟ ਅਤੇ ਤਾਂਬੇ ਦਾ ਇਕ ਜਾਂ ਦੋ ਗਲਾਸ ਤੋਂ ਸਿਵਾਇ ਹੋਰ ਕੁਝ ਖਾਸ ਨਹੀਂ ਹੁੰਦਾ। ਉਨ੍ਹਾਂ ਕੋਲ ਜੋ ਕੁਝ ਵੀ ਹੁੰਦਾ ਹੈ ਉਹ ਸਾਰਾ ਹੀ ਉਨ੍ਹਾਂ ਦੇ ਇਕੋ ਇਕ ਫਰਨੀਚਰ — ਮੰਜਾ — ਉਤੇ ਰਖਿਆ ਜਾ ਸਕਦਾ ਹੈ। ਨੂਰਾਂ ਨੇ ਆਪਣੇ ਅਤੇ ਅੱਬਾ ਦੇ ਕਪੜੇ ਇਕ ਸੁਆਹ ਰੰਗੇ ਅਸਪਾਤ ਦੇ ਚਿੱਬ-ਖੜਿੱਬੇ ਟਰੰਕ ਵਿਚ ਪਾ ਲਏ; ਇਹ ਟਰੰਕ ਉਨ੍ਹਾਂ ਕੋਲ ਉਦੋਂ ਤੋਂ ਹੀ ਸੀ ਜਿਥੇ ਤਕ ਉਹਦੀ ਯਾਦਾਸ਼ਤ ਜਾਂਦੀ ਸੀ। ਉਸ ਨੇ ਚੁਲ੍ਹੇ ਵਿਚ ਅੱਗ ਬਾਲ਼ੀ ਅਤੇ ਅਗਲੇ ਦਿਨ ਵਾਸਤੇ ਕੁਝ ਰੋਟੀਆਂ ਪਕਾ ਲਈਆਂ। ਅੱਧੇ ਘੰਟੇ ਵਿਚ ਉਸ ਨੇ ਰਸੋਈ ਦਾ ਕੰਮ ਮੁਕਾ ਲਿਆ ਸੀ। ਉਸ ਨੇ ਭਾਂਡੇ ਧੋਏ ਅਤੇ ਬੋਰੀ ਵਿਚ ਪਾ ਲਏ। ਬਾਕੀ ਬਚਿਆ ਆਟਾ, ਨਮਕ ਅਤੇ ਮਸਾਲੇ ਉਸ ਨੇ ਬਿਸਕੁਟਾਂ ਅਤੇ ਸਿਗਰਟਾਂ ਦੇ ਖਾਲੀ ਡੱਬਿਆਂ ਵਿਚ ਪਾ ਕੇ ਮਿੱਟੀ ਦੇ ਖਾਲੀ ਤੇਲ ਵਾਲੇ ਪੀਪੇ, ਜਿਸ ਉਤੇ ਲਕੜੀ ਦਾ ਢੱਕਣ ਲੱਗਾ ਹੋਇਆ ਸੀ, ਵਿਚ ਸੈੱਟ ਕਰ ਦਿਤੇ। ਸਮਾਨ ਬੰਨ੍ਹਣ ਦਾ ਕੰਮ ਪੂਰਾ ਹੋ ਚੁਕਾ ਸੀ। ਕਰਨ ਵਾਲਾ ਹੁਣ ਸਿਰਫ ਇਕੋ ਕੰਮ ਰਹਿੰਦਾ ਸੀ ਕਿ ਰਜਾਈ ਨੂੰ ਸਿਰਹਾਣੇ ਦੇ ਦੁਆਲੇ ਲਪੇਟ ਦੇਵੇ, ਨਿੱਕ-ਸੁੱਕ ਨੂੰ ਚਾਰਪਾਈ ਉਤੇ ਬੰਨ੍ਹ ਦੇਵੇ ਅਤੇ ਚਾਰਪਾਈ ਨੂੰ ਮੱਝ ਉਤੇ ਰਖ ਦੇਵੇ। ਟੁੱਟੇ ਸ਼ੀਸ਼ੇ ਦੇ ਟੁਕੜੇ ਨੂੰ ਤਾਂ ਉਹ ਹੱਥ ਵਿਚ ਹੀ ਲਿਜਾ ਸਕਦੀ ਸੀ।

## 2

ਸਾਰੀ ਰਾਤ ਰੁਕ ਰੁਕ ਕੇ ਮੀਂਹ ਪੈਂਦਾ ਰਿਹਾ। ਸਵੇਰ ਵੇਲੇ ਇਹ ਬਾਕਾਇਦਾ ਫਿਰ ਵਰ੍ਹਨ ਲੱਗ ਪਿਆ। ਜਿਹੜੇ ਪਿੰਡ ਵਾਸੀ ਬਹੁਤੀ ਰਾਤ ਜਾਗਦੇ ਰਹੇ ਸਨ, ਉਹ

ਵਰਖਾ ਦੀ ਨੀਰਸ ਤਿੱਪ ਤਿੱਪ ਅਤੇ ਸਵੇਰ ਦੀ ਤਾਜ਼ਾ ਹਵਾ ਦੇ ਨੀਂਦ ਲਿਆਊ ਅਸਰ ਹੇਠ ਘੁਰਾੜੇ ਮਾਰਨ ਲੱਗ ਪਏ।

ਮੋਟਰਾਂ ਦੇ ਹੌਰਨਾਂ ਦੀ ਪੀਂ ਪੀਂ ਨੇ ਅਤੇ ਜਿਲ੍ਹਣ ਅਤੇ ਚਿੱਕੜ ਵਿਚੋਂ ਛੋਟੇ ਗੀਅਰ ਵਿਚ ਲੰਘ ਰਹੇ ਟਰੱਕ ਇੰਜਣਾਂ ਦੀ ਉਚੀ ਘਰਰ ਘਰਰ ਨੇ ਸਾਰੇ ਪਿੰਡ ਨੂੰ ਜਗਾ ਦਿਤਾ। ਟਰੱਕਾਂ ਦਾ ਕਾਫਲਾ ਮਨੋ ਮਾਜਰਾ ਦੇ ਦੁਆਲੇ ਘੁੰਮ ਗਿਆ ਤਾਂ ਜੋ ਪਿੰਡ ਦੇ ਅੰਦਰ ਜਾਣ ਲਈ ਕੋਈ ਚੌੜੀ ਗਲ਼ੀ ਮਿਲ ਸਕੇ। ਮੂਹਰੇ ਮੂਹਰੇ ਇਕ ਜੀਪ ਜਾ ਰਹੀ ਸੀ ਜਿਸ ਉਤੇ ਲਾਊਡ ਸਪੀਕਰ ਲੱਗਿਆ ਹੋਇਆ ਸੀ। ਇਸ ਵਿਚ ਦੋ ਅਫਸਰ ਸਨ — ਇਕ ਸਿੱਖ (ਜਿਹੜਾ ਭੂਤੀਆ ਗੱਡੀ ਦੇ ਮਗਰੋਂ ਆਇਆ ਸੀ) ਅਤੇ ਇਕ ਮੁਸਲਿਮ। ਜੀਪ ਦੇ ਮਗਰ ਦਰਜਨ ਟਰੱਕ ਸਨ। ਇਕ ਟਰੱਕ ਪਠਾਨ ਫੌਜੀਆਂ ਨਾਲ ਭਰਿਆ ਹੋਇਆ ਸੀ ਅਤੇ ਦੂਜਾ ਸਿੱਖ ਫੌਜੀਆਂ ਨਾਲ। ਉਹ ਸਾਰੇ ਸਟੇਨ ਗੱਨਾਂ ਨਾਲ ਲੈਸ ਸਨ।

ਟਰੱਕਾਂ ਦਾ ਕਾਫਲਾ ਪਿੰਡ ਦੇ ਬਾਹਰ ਰੁਕ ਗਿਆ। ਕੇਵਲ ਜੀਪ ਹੀ ਗਲੀ ਵਿਚੋਂ ਲੰਘਕੇ ਅੰਦਰ ਜਾ ਸਕੀ। ਇਹ ਪਿੰਡ ਦੇ ਕੇਂਦਰ ਤਕ ਗਈ ਅਤੇ ਪਿੱਪਲ ਦੇ ਦਰੱਖਤ ਹੇਠਾਂ ਬਣੇ ਚਬੂਤਰੇ ਕੋਲ ਜਾ ਕੇ ਰੁਕ ਗਈ। ਦੋਵੇਂ ਅਫਸਰ ਜੀਪ ਚੋਂ ਬਾਹਰ ਆਏ। ਸਿੱਖ ਅਫਸਰ ਨੇ ਇਕ ਪੇਂਡੂ ਨੂੰ ਕਿਹਾ ਕਿ ਜਾ ਕੇ ਲੰਬੜਦਾਰ ਨੂੰ ਸੱਦ ਲਿਆਵੇ। ਮੁਸਲਿਮ ਅਫਸਰ ਕੋਲ ਪਠਾਨ ਫੌਜੀ ਜੁੜ ਗਏ। ਉਸ ਨੇ ਤਿੰਨ ਤਿੰਨ ਦੇ ਬੈਚ ਵਿਚ ਫੌਜੀਆਂ ਨੂੰ ਭੇਜਿਆ ਕਿ ਹਰ ਘਰ ਦਾ ਬੂਹਾ ਖੜਕਾਉਣ ਅਤੇ ਮੁਸਲਮਾਨਾਂ ਨੂੰ ਬਾਹਰ ਆਉਣ ਲਈ ਆਖਣ। ਕੁਝ ਮਿੰਟਾਂ ਲਈ ਮਨੋ ਮਾਜਰਾ ਇਨ੍ਹਾਂ ਚੀਕਵੀਆਂ ਆਵਾਜ਼ਾਂ ਨਾਲ ਗੂੰਜ ਉਠਿਆ: "ਪਾਕਿਸਤਾਨ ਨੂੰ ਜਾਣ ਵਾਲੇ ਸਾਰੇ ਮੁਸਲਮਾਨ ਤੁਰੰਤ ਬਾਹਰ ਆ ਜਾਓ। ਆਓ! ਸਾਰੇ ਮੁਸਲਮਾਨੋ ਤੁਰੰਤ ਬਾਹਰ ਆਓ।"

ਹੌਲੀ ਹੌਲੀ ਮੁਸਲਮਾਨਾਂ ਨੇ ਆਪਣੇ ਘਰਾਂ ਤੋਂ ਬਾਹਰ ਆਉਣਾ ਸ਼ੁਰੂ ਕਰ ਦਿਤਾ; ਉਹ ਆਪਣੇ ਪਸ਼ੂਆਂ ਨੂੰ ਹੱਕਦੇ ਆ ਰਹੇ ਸਨ, ਆਪਣੇ ਬੈਲ ਗੱਡਿਆਂ ਉਤੇ ਸਮਾਨ ਲੱਦੀ ਆ ਰਹੇ ਸਨ — ਮੰਜੇ, ਬਿਸਤਰਿਆਂ ਦੇ ਗੋਲ ਲਪੇਟ, ਪੀਪੇ, ਟਰੰਕ, ਮਿੱਟੀ ਦੇ ਤੇਲ ਵਾਲੀਆਂ ਪੀਪੀਆਂ, ਮਿੱਟੀ ਦੇ ਘੜੇ ਅਤੇ ਪਿੱਤਲ ਦੇ ਬਰਤਨ। ਬਾਕੀ ਦਾ ਮਨੋ ਮਾਜਰਾ ਉਨ੍ਹਾਂ ਨੂੰ ਅਲਵਿਦਾ ਕਹਿਣ ਆਇਆ ਹੋਇਆ ਸੀ।

ਦੋਵੇਂ ਅਫਸਰ ਅਤੇ ਲੰਬੜਦਾਰ ਪਿੰਡ ਵਿਚੋਂ ਬਾਹਰ ਸਭ ਤੋਂ ਅਖੀਰ ਉਤੇ ਆਏ। ਉਨ੍ਹਾਂ ਦੇ ਪਿਛੇ ਪਿਛੇ ਜੀਪ ਆਈ। ਉਹ ਗੱਲਾਂ ਕਰ ਰਹੇ ਅਤੇ ਜੋਸ਼ ਨਾਲ ਇਸ਼ਾਰੇ ਕਰ ਰਹੇ ਸਨ। ਬਹੁਤੀ ਗੱਲਬਾਤ ਮੁਸਲਿਮ ਅਫਸਰ ਅਤੇ ਲੰਬੜਦਾਰ ਦੇ ਦਰਮਿਆਨ ਹੋ ਰਹੀ ਸੀ।

"ਮੇਰੇ ਕੋਲ ਇਹ ਬੈਲ ਗੱਡੇ, ਮੰਜੇ, ਭਾਂਡੇ, ਕੜਾਹੀਆਂ ਲਿਜਾਣ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਕਾਫਲੇ ਨੇ ਸੜਕੋ ਸੜਕ ਲਾਹੌਰ ਨਹੀਂ ਜਾਣਾ। ਅਸੀਂ ਇਨ੍ਹਾਂ ਨੂੰ ਚੰਦਨ ਨਗਰ ਦੇ ਰਫਿਊਜੀ ਕੈਂਪ ਵਿਚ ਲਿਜਾ ਰਹੇ ਹਾਂ ਅਤੇ ਉਥੋਂ ਰੇਲ ਗੱਡੀ ਰਾਹੀਂ

ਲਾਹੌਰ ਲੈ ਕੇ ਜਾਵਾਂਗੇ। ਉਹ ਕੇਵਲ ਆਪਣੇ ਕਪੜੇ, ਬਿਸਤਰੇ ਅਤੇ ਨਕਦੀ ਤੇ ਗਹਿਣੇ ਹੀ ਲਿਜਾ ਸਕਦੇ ਹਨ। ਉਨ੍ਹਾਂ ਨੂੰ ਆਖੋ ਕਿ ਬਾਕੀ ਹਰ ਚੀਜ਼ ਇਥੇ ਹੀ ਛੱਡ ਜਾਣ। ਤੁਸੀਂ ਇਨ੍ਹਾਂ ਦੀ ਦੇਖਭਾਲ ਕਰ ਸਕਦੇ ਹੋ।"

ਇਹ ਖਬਰ ਕਿ ਮਨੋ ਮਾਜਰਾ ਦੇ ਮੁਸਲਮਾਨ ਪਾਕਿਸਤਾਨ ਜਾ ਰਹੇ ਹਨ ਹੈਰਾਨੀਜਨਕ ਸੀ। ਲੰਬੜਦਾਰ ਦਾ ਵਿਸ਼ਵਾਸ ਸੀ ਕਿ ਉਹ ਕੁਝ ਦਿਨਾਂ ਲਈ ਰਫਿਊਜੀ ਕੈਂਪ ਵਿਚ ਜਾ ਰਹੇ ਹਨ ਅਤੇ ਫਿਰ ਪਰਤ ਆਉਣਗੇ।

"ਨਹੀਂ, ਸਾਹਿਬ, ਅਸੀਂ ਕੁਝ ਨਹੀਂ ਕਹਿ ਸਕਦੇ," ਲੰਬੜਦਾਰ ਨੇ ਜਵਾਬ ਦਿਤਾ। "ਜੇ ਇਹ ਇਕ ਜਾਂ ਦੋ ਦਿਨਾਂ ਦੀ ਗੱਲ ਹੈ ਤਾਂ ਅਸੀਂ ਉਨ੍ਹਾਂ ਦੀਆਂ ਚੀਜ਼ਾਂ ਦਾ ਖਿਆਲ ਰਖ ਲਵਾਂਗੇ। ਪਰ ਕਿਉਂ ਕਿ ਤੁਸੀਂ ਪਾਕਿਸਤਾਨ ਜਾ ਰਹੇ ਹੋ, ਉਨ੍ਹਾਂ ਦੇ ਮੁੜਨ ਤਕ ਕਈ ਮਹੀਨੇ ਲੱਗ ਜਾਣਗੇ। ਜਾਇਦਾਦ ਬੜੀ ਭੈੜੀ ਚੀਜ਼ ਹੈ; ਇਹ ਲੋਕਾਂ ਦੇ ਮਨਾਂ ਵਿਚ ਜ਼ਹਿਰ ਭਰ ਦਿੰਦੀ ਹੈ। ਨਹੀਂ ਅਸੀਂ ਕਿਸੇ ਵੀ ਚੀਜ਼ ਨੂੰ ਹੱਥ ਨਹੀਂ ਲਾਵਾਂਗੇ। ਅਸੀਂ ਕੇਵਲ ਉਨ੍ਹਾਂ ਦੇ ਘਰਾਂ ਦਾ ਖਿਆਲ ਰਖਾਂਗੇ।"

ਮੁਸਲਿਮ ਅਫਸਰ ਖਿੱਝ ਗਿਆ। "ਮੇਰੇ ਕੋਲ ਬਹਿਸ ਕਰਨ ਦਾ ਕੋਈ ਵਕਤ ਨਹੀਂ। ਤੁਸੀਂ ਖੁਦ ਦੇਖ ਸਕਦੇ ਹੋ ਕਿ ਮੇਰੇ ਕੋਲ ਕੇਵਲ ਇਕ ਦਰਜਨ ਟਰੱਕ ਹਨ। ਮੈਂ ਉਨ੍ਹਾਂ ਵਿਚ ਮੱਝਾਂ ਅਤੇ ਬੈਲ ਗੱਡਿਆਂ ਨੂੰ ਨਹੀਂ ਪਾ ਸਕਦਾ।"

"ਨਹੀਂ, ਸਾਹਿਬ," ਲੰਬੜਦਾਰ ਨੇ ਅੜੀ ਨਾਲ ਮੂੰਹਤੋੜ ਜਵਾਬ ਦਿਤਾ। "ਤੁਸੀਂ ਜੋ ਚਾਹੇ ਕਹਿ ਸਕਦੇ ਹੋ, ਚਾਹੋ ਤਾਂ ਸਾਡੇ ਨਾਲ ਨਰਾਜ਼ ਹੋ ਸਕਦੇ ਹੋ, ਪਰ ਅਸੀਂ ਆਪਣੇ ਭਰਾਵਾਂ ਦੀ ਜਾਇਦਾਦ ਨੂੰ ਹੱਥ ਨਹੀਂ ਲਾਵਾਂਗੇ। ਤੁਸੀਂ ਸਾਨੂੰ ਇਕ ਦੂਜੇ ਦੇ ਵੈਰੀ ਬਣਾਉਣਾ ਚਾਹੁੰਦੇ ਹੋ?"

"ਵਾਹ, ਵਾਹ, ਲੰਬੜਦਾਰ ਸਾਹਿਬ," ਮੁਸਲਿਮ ਅਫਸਰ ਨੇ ਉਚੀ ਹੱਸਦਿਆਂ ਜਵਾਬ ਦਿਤਾ। "ਸ਼ਾਬਾਸ਼! ਕਲ੍ਹ ਤੁਸੀਂ ਉਨ੍ਹਾਂ ਨੂੰ ਮਾਰ ਦੇਣਾ ਚਾਹੁੰਦੇ ਸੀ ਤੇ ਅੱਜ ਉਨ੍ਹਾਂ ਨੂੰ ਭਰਾ ਕਹਿ ਰਹੇ ਹੋ। ਹੋ ਸਕਦਾ ਹੈ ਕਿ ਭਲਕੇ ਫਿਰ ਤੁਹਾਡਾ ਮਨ ਬਦਲ ਜਾਵੇ।"

"ਸਾਨੂੰ ਇਸ ਤਰ੍ਹਾਂ ਤਾਅਨੇ ਨਾ ਮਾਰੋ ਕਪਤਾਨ ਸਾਹਿਬ। ਅਸੀਂ ਭਰਾ ਭਰਾ ਹਾਂ ਅਤੇ ਭਰਾ ਭਰਾ ਹੀ ਹਮੇਸ਼ਾ ਰਹਾਂਗੇ।"

"ਠੀਕ ਐ, ਠੀਕ ਐ, ਲੰਬੜਦਾਰਾ। ਤੁਸੀਂ ਭਰਾ ਭਰਾ ਹੋ," ਅਫਸਰ ਨੇ ਕਿਹਾ। "ਮੈਂ ਇਹ ਮੰਨ ਲੈਂਦਾ ਹਾਂ, ਫਿਰ ਵੀ ਮੈਂ ਸਾਰਾ ਮਾਲ ਅਸਬਾਬ ਲਿਜਾ ਨਹੀਂ ਸਕਦਾ। ਤੁਸੀਂ ਇਸ ਬਾਰੇ ਸਰਦਾਰ ਅਫਸਰ ਅਤੇ ਆਪਣੇ ਪਿੰਡ ਵਾਸੀਆਂ ਨਾਲ ਸਲਾਹ ਕਰ ਲਵੋ। ਮੁਸਲਮਾਨਾਂ ਨਾਲ ਮੈਂ ਆਪੇ ਨਿਪਟ ਲਵਾਂਗਾ।"

ਮੁਸਲਿਮ ਅਫਸਰ ਜੀਪ ਤੇ ਚੜ੍ਹ ਗਿਆ ਅਤੇ ਹਜੂਮ ਨੂੰ ਮੁਖਾਤਬ ਹੋਇਆ। ਆਪਣੇ ਲਫ਼ਜ਼ ਉਹ ਬੜੀ ਸਾਵਧਾਨੀ ਨਾਲ ਚੁਣ ਰਿਹਾ ਸੀ।

"ਸਾਡੇ ਕੋਲ ਬਾਰਾਂ ਟਰੱਕ ਹਨ। ਉਹ ਸਾਰੇ ਜੋ ਤੁਹਾਡੇ ਚੋਂ ਪਾਕਿਸਤਾਨ ਜਾਣਾ

ਚਾਹੁੰਦੇ ਹਨ ਦਸ ਮਿੰਟਾਂ ਦੇ ਅੰਦਰ ਇਨ੍ਹਾਂ ਵਿਚ ਚੜ੍ਹ ਜਾਵੇ। ਅਸੀਂ ਮਗਰੋਂ ਹੋਰ ਪਿੰਡ ਵੀ ਖਾਲੀ ਕਰਵਾਉਣੇ ਹਨ। ਆਪਣੇ ਨਾਲ ਤੁਸੀਂ ਕੇਵਲ ਉਹੀ ਸਮਾਨ ਲਿਜਾ ਸਕਦੇ ਹੋ, ਜੋ ਤੁਸੀਂ ਚੁਕ ਸਕਦੇ ਹੋ — ਹੋਰ ਕੁਝ ਨਹੀਂ। ਆਪਣੇ ਪਸ਼ੂ, ਬੈਲ ਗਡੇ, ਮੰਜੇ, ਘੜੇ ਵਗੈਰਾ ਤੁਸੀਂ ਆਪਣੇ ਦੋਸਤਾਂ ਕੋਲ ਪਿੰਡ ਵਿਚ ਛੱਡ ਸਕਦੇ ਹੋ। ਜੇ ਸਾਨੂੰ ਮੌਕਾ ਮਿਲਿਆ, ਮਗਰੋਂ ਇਹ ਚੀਜ਼ਾਂ ਅਸੀਂ ਤੁਹਾਡੇ ਲਈ ਲੈ ਆਵਾਂਗੇ। ਆਪਣੇ ਮਾਮਲੇ ਨਿਬੇੜਨ ਲਈ ਮੈਂ ਤੁਹਾਨੂੰ ਦਸ ਮਿੰਟ ਦਿੰਦਾ ਹਾਂ। ਫਿਰ ਕਾਫਲਾ ਤੁਰ ਜਾਵੇਗਾ।"

ਮੁਸਲਮਾਨਾਂ ਨੇ ਆਪਣੇ ਬੈਲ ਗੱਡੇ ਛੱਡ ਦਿਤੇ ਅਤੇ ਜੀਪ ਦੇ ਦੁਆਲੇ ਹੋ ਗਏ , ਵਿਰੋਧ ਪ੍ਰਗਟ ਕਰਦੇ ਅਤੇ ਉਚੀ ਉਚੀ ਬੋਲਦੇ ਹੋਏ। ਮੁਸਲਿਮ ਅਫਸਰ ਜੋ ਜੀਪ ਤੋਂ ਉਤਰ ਆਇਆ ਸੀ, ਵਾਪਸ ਮਾਇਕਰੋਫੋਨ ਤੇ ਆ ਗਿਆ।

"ਖਾਮੋਸ਼! ਮੈਂ ਤੁਹਾਨੂੰ ਖਬਰਦਾਰ ਕਰਦਾ ਹਾਂ, ਕਾਫਲਾ ਦਸ ਮਿੰਟ ਵਿਚ ਤੁਰ ਜਾਵੇਗਾ; ਤੁਸੀਂ ਇਸ ਵਿਚ ਹੋ ਜਾਂ ਨਹੀਂ, ਮੈਨੂੰ ਕੋਈ ਫਰਕ ਨਹੀਂ ਪੈਂਦਾ।"

ਸਿੱਖ ਕਿਸਾਨ ਜੋ ਸਭ ਕੁਝ ਤੋਂ ਪਾਸੇ ਖੜੇ ਰਹੇ ਸਨ, ਸਿੱਖ ਅਫਸਰ ਕੋਲ ਗਏ ਅਤੇ ਸਲਾਹ ਮੰਗੀ। ਅਫਸਰ ਨੇ ਉਨ੍ਹਾਂ ਨੂੰ ਕੋਈ ਧਿਆਨ ਨਹੀਂ ਦਿਤਾ; ਉਹ ਆਪਣੇ ਰੇਨਕੋਟ ਦੇ ਪੁੱਠੇ ਕੀਤੇ ਕਾਲਰ ਦੇ ਉਪਰੋਂ ਤ੍ਰਿਸਕਾਰ ਨਾਲ ਆਦਮੀਆਂ, ਪਸ਼ੂਆਂ, ਗੱਡਿਆਂ ਅਤੇ ਚਿੱਕੜ ਅਤੇ ਮੀਂਹ ਵਿਚ ਖੜ੍ਹੇ ਚਲ ਰਹੇ ਟਰੱਕਾਂ ਨੂੰ ਘੂਰਦਾ ਰਿਹਾ।

"ਕਿਉਂ, ਸਰਦਾਰ ਸਾਹਿਬ," ਮੀਤ ਸਿੰਘ ਨੇ ਘਬਰਾਏ ਹੋਏ ਨੇ ਪੁਛਿਆ, "ਕੀ ਲੰਬੜਦਾਰ ਠੀਕ ਨਹੀਂ? ਬੰਦੇ ਨੂੰ ਬੇਗਾਨੀ ਜਾਇਦਾਦ ਨੂੰ ਹੱਥ ਨਹੀਂ ਲਾਉਣਾ ਚਾਹੀਦਾ। ਗਲਤਫਹਿਮੀ ਦਾ ਹਮੇਸ਼ਾ ਖਤਰਾ ਰਹਿੰਦਾ ਹੈ।"

ਅਫਸਰ ਨੇ ਮੀਤ ਸਿੰਘ ਨੂੰ ਉਪਰ ਤੋਂ ਹੇਠਾਂ ਤਕ ਦੇਖਿਆ।

"ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ, ਭਾਈ ਜੀ, ਗਲਤ ਸਮਝੇ ਜਾਣ ਦਾ ਕੁਝ ਖਤਰਾ ਤਾਂ ਹੁੰਦਾ ਹੀ ਹੈ। ਬੰਦੇ ਨੂੰ ਕਦੇ ਵੀ ਦੂਜੇ ਦੀ ਜਾਇਦਾਦ ਨੂੰ ਛੂਹਣਾ ਨਹੀਂ ਚਾਹੀਦਾ; ਅਤੇ ਨਾ ਹੀ ਕਿਸੇ ਨੂੰ ਦੂਜੇ ਦੀ ਔਰਤ ਵੱਲ ਝਾਕਣਾ ਚਾਹੀਦਾ ਹੈ। ਬੰਦੇ ਨੂੰ ਸਿਰਫ ਦੂਜਿਆਂ ਨੂੰ ਆਪਣੀਆਂ ਚੀਜ਼ਾਂ ਚੁੱਕਣ ਦੇਣੀਆਂ ਅਤੇ ਆਪਣੀ ਭੈਣ ਨਾਲ ਸੌਂ ਲੈਣ ਦੇਣਾ ਚਾਹੀਦਾ ਹੈ। ਤੁਹਾਡੇ ਵਰਗੇ ਲੋਕਾਂ ਨੂੰ ਕੋਈ ਗੱਲ ਤਾਂ ਹੀ ਸਮਝ ਆਵੇ ਗੀ ਜੇ ਤੁਹਾਨੂੰ ਪਾਕਿਸਤਾਨ ਭੇਜ ਦਿਤਾ ਜਾਵੇ: ਆਪਣੀਆਂ ਅੱਖਾਂ ਸਾਹਮਣੇ ਆਪਣੀਆਂ ਮਾਵਾਂ ਭੈਣਾਂ ਦੀ ਇੱਜ਼ਤ ਲੁੱਟਦੀ ਦੇਖੋਂ, ਸਾਰੇ ਤੁਹਾਡੇ ਕਪੜੇ ਲਾਹ ਕੇ ਅਤੇ ਚਿੱਤੜਾਂ ਤੇ ਠੁੱਡਾ ਮਾਰਕੇ ਅਤੇ ਥੁੱਕ ਕੇ ਵਾਪਸ ਭੇਜ ਦਿਤਾ ਜਾਵੇ।"

ਅਫਸਰ ਦੀ ਤਕਰੀਰ ਉਥੇ ਖੜ੍ਹੇ ਸਾਰੇ ਕਿਸਾਨਾਂ ਦੇ ਮੂੰਹ ਉਤੇ ਚਪੇੜ ਸੀ। ਪਰ ਕੋਈ ਜਣਾ ਹੱਸ ਪਿਆ। ਹਰ ਕੋਈ ਪਿੱਛੇ ਦੇਖਣ ਲਈ ਮੁੜਿਆ। ਇਹ ਆਪਣੇ ਪੰਜ ਸਾਥੀਆਂ ਸਮੇਤ ਮੱਲੀ ਸੀ। ਉਨ੍ਹਾਂ ਦੇ ਨਾਲ ਕੁਝ ਨੌਜਵਾਨ ਰਫਿਊਜੀ ਸਨ ਜਿਹੜੇ ਗੁਰਦੁਆਰੇ ਵਿਚ ਠਹਿਰੇ ਹੋਏ ਸਨ। ਉਨ੍ਹਾਂ ਚੋਂ ਕੋਈ ਵੀ ਮਨੋ ਮਾਜਰਾ ਦਾ ਨਹੀਂ ਸੀ।

"ਜਨਾਬ, ਇਸ ਪਿੰਡ ਦੇ ਲੋਕ ਦਾਨ ਪੁੰਨ ਲਈ ਮਸ਼ਹੂਰ ਹਨ," ਮੱਲੀ ਨੇ

ਮੁਸਕਰਾਉਂਦਿਆਂ ਕਿਹਾ। "ਇਹ ਤਾਂ ਆਪਣੇ ਆਪ ਦੀ ਦੇਖਭਾਲ ਨਹੀਂ ਕਰ ਸਕਦੇ , ਹੋਰਨਾਂ ਦੀ ਕੀ ਸੰਭਾਲ ਕਰਨਗੇ? ਪਰ ਚਿੰਤਾ ਨਾ ਕਰੋ, ਸਰਦਾਰ ਸਾਹਿਬ, ਅਸੀਂ ਮੁਸਲਿਮ ਮਾਲ ਦਾ ਖਿਆਲ ਰਖਾਂਗੇ। ਤੁਸੀਂ ਦੂਜੇ ਅਫਸਰ ਨੂੰ ਕਹਿ ਦਿਓ ਕਿ ਉਨ੍ਹਾਂ ਦੀ ਜਾਇਦਾਦ ਸਾਡੇ ਕੋਲ ਛੱਡ ਜਾਣ। ਚੰਗਾ ਹੋਵੇਗਾ ਜੇ ਤੁਸੀਂ ਆਪਣੇ ਕੁਝ ਸੈਨਿਕ ਸਾਡੇ ਨਾਲ ਲਾ ਦਿਉਂ, ਕਿਤੇ ਇਹ ਲੋਕ ਲੁੱਟ ਮਾਰ ਨਾ ਕਰਨ।"

ਪੂਰਾ ਘਚੋਲਾ ਪੈ ਗਿਆ ਸੀ। ਪੂਰੇ ਜ਼ੋਰ ਨਾਲ ਬੋਲਦੇ ਹੋਏ ਲੋਕ ਇਧਰ ਉਧਰ ਦੌੜ ਰਹੇ ਸਨ। ਮੁਸਲਿਮ ਅਫਸਰ ਦੀ ਅੰਤਮ ਗੱਲ ਕਹਿਣ ਦੀ ਸੁਰ ਦੇ ਬਾਵਜੂਦ, ਪਿੰਡ ਵਾਲੇ ਉਸ ਦੁਆਲੇ ਇਕੱਠੇ ਹੋ ਗਏ, ਰੋਸ ਪ੍ਰਗਟ ਕਰਦੇ ਰਹੇ ਅਤੇ ਸੁਝਾਵਾਂ ਤੇ ਸੁਝਾ ਦਿੰਦੇ ਰਹੇ। ਉਹ ਆਪਣੇ ਸਹਿਯੋਗੀ ਸਿੱਖ ਅਫਸਰ ਕੋਲ ਆਇਆ ਜੋ ਆਪਣੇ ਪ੍ਰੇਸ਼ਾਨ ਹਮਧਰਮੀਆਂ ਨਾਲ ਘਿਰਿਆ ਹੋਇਆ ਸੀ।

"ਜੋ ਕੁਝ ਪਿੱਛੇ ਛੱਡਿਆ ਜਾਵੇਗਾ, ਕੀ ਤੁਸੀਂ ਉਸ ਦਾ ਪ੍ਰਬੰਧ ਕਰ ਸਕਦੇ ਹੋ?" ਸਿੱਖ ਅਫਸਰ ਕੁਝ ਨਹੀਂ ਬੋਲਿਆ ਅਤੇ ਇੱਕਲਵਾਂਝੇ ਖੜ੍ਹਾ ਰਿਹਾ।

ਮੁਸਲਿਮ ਅਫਸਰ ਪਿੱਛੇ ਰੌਲਾ ਪਾ ਰਹੇ ਲੋਕਾਂ ਵੱਲ ਮੁੜਿਆ ਅਤੇ ਚੀਕਿਆ, "ਚੁੱਪ ਕਰੋ।"

ਘੁਸਰ ਮੁਸਰ ਮਰ ਗਈ। ਉਹ ਫਿਰ ਬੋਲਣ ਲੱਗਾ, ਹਰ ਸ਼ਬਦ ਉਤੇ ਆਪਣੀ ਪਹਿਲੀ ਉਂਗਲ ਦੀ ਚੋਭ ਨਾਲ ਜ਼ੋਰ ਦਿੰਦਾ ਰਿਹਾ।

"ਮੈਂ ਤੁਹਾਨੂੰ ਕੇਵਲ ਪੰਜ ਮਿੰਟ ਦਿੰਦਾ ਹਾਂ। ਜੋ ਵੀ ਸਮਾਨ ਤੁਸੀਂ ਆਪਣੇ ਹੱਥਾਂ ਵਿਚ ਚੁੱਕ ਕੇ ਚੜ੍ਹ ਸਕਦੇ ਹੋ, ਚੜ੍ਹ ਜਾਓ। ਜਿਹੜੇ ਟਰੱਕ ਦੇ ਅੰਦਰ ਨਹੀਂ ਹੋਣਗੇ , ਉਹ ਛੱਡ ਦਿਤੇ ਜਾਣਗੇ। ਅਤੇ ਆਖਰੀ ਵਾਰ ਹੈ ਜੋ ਮੈਂ ਕਹਿ ਰਿਹਾਂ।"

"ਸਭ ਕੁਝ ਨਿਬੜ ਗਿਐ," ਸਿੱਖ ਅਫਸਰ ਨੇ ਨਰਮੀ ਨਾਲ ਪੰਜਾਬੀ ਵਿਚ ਬੋਲਦੇ ਹੋਏ ਕਿਹਾ। "ਮੈਂ ਅਗਲੇ ਪਿੰਡ ਤੋਂ ਇਨ੍ਹਾਂ ਲੋਕਾਂ ਦਾ ਪ੍ਰਬੰਧ ਕਰ ਲਿਐ। ਇਹ ਸਭ ਰੌਲਾ ਗੌਲਾ ਮੁਕਣ ਤਕ ਪਸ਼ੂਆਂ, ਗੱਡਿਆਂ ਅਤੇ ਘਰਾਂ ਦੀ ਸੰਭਾਲ ਕਰਨਗੇ। ਮੈਂ ਸੂਚੀ ਬਣਾ ਲਵਾਂਗਾ ਅਤੇ ਤੁਹਾਨੂੰ ਭੇਜ ਦਿਆਂਗਾ।"

ਉਸ ਦੇ ਮੁਸਲਿਮ ਸਹਿਕ੍ਰਮੀ ਨੇ ਕੋਈ ਜਵਾਬ ਨਹੀਂ ਦਿਤਾ। ਉਸ ਦੇ ਮੂੰਹ ਉਤੇ ਵਿਅੰਗਮਈ ਮੁਸਕਾਣ ਸੀ। ਮਨੋ ਮਾਜਰਾ ਦੇ ਸਿੱਖ ਅਤੇ ਮੁਸਲਮਾਨ ਲਾਚਾਰ ਖੜ੍ਹੇ ਦੇ ਖੜੇ ਰਹਿ ਗਏ।

ਪ੍ਰਬੰਧ ਕਰਨ ਦਾ ਕੋਈ ਸਮਾਂ ਨਹੀਂ ਸੀ। ਹੋਰ ਤਾਂ ਹੋਰ, ਅਲਵਿਦਾ ਕਹਿਣ ਦਾ ਵੀ ਵਕਤ ਨਹੀਂ ਸੀ। ਟਰੱਕਾਂ ਦੇ ਇੰਜਣ ਚਾਲੂ ਹੋ ਗਏ। ਪਠਾਣ ਫੌਜੀਆਂ ਨੇ ਮੁਸਲਮਾਨਾਂ ਨੂੰ ਘੇਰ ਲਿਆ, ਇਕ-ਦੋ ਮਿੰਟਾਂ ਲਈ ਉਨ੍ਹਾਂ ਨੂੰ ਵਾਪਸ ਗੱਡਿਆਂ ਵੱਲ ਧੱਕ ਦਿਤਾ ਅਤੇ ਫਿਰ ਟਰੱਕਾਂ ਵਿਚ ਚੜ੍ਹਾ ਲਿਆ। ਮੀਂਹ, ਚਿੱਕੜ ਅਤੇ ਕਿਸਾਨਾਂ ਦੀਆਂ ਪਿੱਠਾਂ ਉਤੇ ਸਟੇਨ ਗੱਨਾਂ ਲਾ ਕੇ ਧੱਕਣ ਦੇ ਘਚੋਲੇ ਵਿਚ ਪਿੰਡ ਵਾਸੀ ਇਕ ਦੂਜੇ ਨੂੰ ਦੇਖ ਹੀ ਨਹੀਂ ਸਕੇ। ਉਹ ਸਿਰਫ ਇਹੋ ਕਰ ਸਕੇ ਕਿ ਟਰੱਕਾਂ ਤੋਂ ਹੀ

ਵਿਦਾਈ ਦੇ ਅੰਤਮ ਸ਼ਬਦ ਬੋਲੇ। ਮੁਸਲਿਮ ਅਫਸਰ ਨੇ ਸਭ ਕੁਝ ਠੀਕ ਠਾਕ ਅਤੇ ਬਾਤਰਤੀਬ ਦੇਖਣ ਲਈ ਜੀਪ ਸਾਰੇ ਕਾਫਲੇ ਦੇ ਦੁਆਲੇ ਘੁਮਾਈ ਅਤੇ ਫਿਰ ਸਿੱਖ ਸਹਿਕ੍ਰਮੀ ਨੂੰ ਵਿਦਾ ਕਹਿਣ ਲਈ ਆ ਗਿਆ। ਦੋਹਾਂ ਨੇ ਬਿਨਾਂ ਕਿਸੇ ਮੁਸਕਾਣ ਅਤੇ ਭਾਵਨਾ ਤੋਂ ਰਸਮੀ ਤੌਰ ਤੇ ਹੱਥ ਮਿਲਾਏ ਅਤੇ ਜੀਪ ਨੇ ਟਰੱਕਾਂ ਦੇ ਮੂਹਰੇ ਆਪਣੀ ਥਾਂ ਲੈ ਲਈ। ਸਪੀਕਰ ਇਕ ਵਾਰ ਫਿਰ ਬੋਲ ਉਠਿਆ ਅਤੇ ਐਲਾਨ ਕੀਤਾ ਕਿ ਉਹ ਤੁਰਨ ਲਈ ਤਿਆਰ ਹਨ। ਅਫਸਰ ਨੇ ਨਾਹਰਾ ਲਾਇਆ "ਪਾਕਿਸਤਾਨ!" ਉਸ ਦੇ ਫੌਜੀ ਜਵਾਬ ਵਿਚ ਰਲਕੇ ਬੋਲਣ ਲਈ ਤਿਆਰ ਹੀ ਸਨ "ਪਾਇੰਦਾਬਾਦ!" ਕਾਫਲਾ ਚਿੱਕੜ ਵਿਚੋਂ ਹੁੰਦਾ ਚੰਦਨ ਨਗਰ ਦੇ ਰਸਤੇ ਪੈ ਗਿਆ। ਸਿੱਖ ਉਨ੍ਹਾਂ ਨੂੰ ਖੜ੍ਹੇ ਓਨਾ ਚਿਰ ਦੇਖਦੇ ਰਹੇ, ਜਿੰਨਾ ਚਿਰ ਉਹ ਨਜ਼ਰ ਆਉਂਦੇ ਰਹੇ। ਉਨ੍ਹਾਂ ਆਪਣੇ ਅਥਰੂ ਪੂੰਝੇ ਅਤੇ ਭਰੇ ਮਨਾਂ ਨਾਲ ਆਪਣੇ ਘਰਾਂ ਵੱਲ ਮੂੰਹ ਘੁਮਾਏ।

ਮਨੋ ਮਾਜਰਾ ਦੇ ਦੁੱਖਾਂ ਦਾ ਪਿਆਲਾ ਅਜੇ ਭਰਿਆ ਨਹੀਂ ਸੀ। ਸਿੱਖ ਅਫਸਰ ਨੇ ਲੰਬੜਦਾਰ ਨੂੰ ਬੁਲਾਇਆ। ਸਾਰੇ ਪਿੰਡ ਵਾਸੀ ਉਸ ਦੇ ਨਾਲ ਆ ਗਏ — ਕੋਈ ਵੀ ਪਿੱਛੇ ਇਕੱਲਾ ਨਹੀਂ ਰਹਿਣਾ ਚਾਹੁੰਦਾ ਸੀ। ਸਿੱਖ ਫੌਜੀਆਂ ਨੇ ਉਨ੍ਹਾਂ ਦੁਆਲੇ ਘੇਰਾ ਪਾ ਲਿਆ। ਅਫਸਰ ਨੇ ਦੱਸਿਆ ਕਿ ਉਸ ਨੇ ਮੁਸਲਮਾਨਾਂ ਦੀ ਖਾਲੀ ਕੀਤੀ ਜਾਇਦਾਦ ਦਾ ਨਿਗਰਾਨ ਮੱਲੀ ਨੂੰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਜਿਹੜਾ ਵੀ ਉਸ ਦੇ ਜਾਂ ਉਸ ਦੇ ਬੰਦਿਆਂ ਦੇ ਕੰਮ ਵਿਚ ਦਖਲ ਦੇਵੇਗਾ, ਉਸ ਨੂੰ ਗੋਲੀ ਮਾਰ ਦਿਤੀ ਜਾਵੇਗੀ। ਮੱਲੀ ਦੇ ਗਰੋਹ ਅਤੇ ਰਫਿਊਜੀਆਂ ਨੇ ਬਲਦ ਖੋਲ੍ਹ ਦਿਤੇ, ਗੱਡੇ ਲੁੱਟ ਲਏ ਅਤੇ ਗਾਵਾਂ ਤੇ ਮੱਝਾਂ ਨੂੰ ਭਜਾ ਦਿਤਾ।

# ਕਰਮ

ਉਸ ਸਵੇਰ ਲੋਕ ਆਪਣੇ ਘਰਾਂ ਵਿਚ ਬੈਠੇ, ਖੁਲ੍ਹੇ ਦਰਵਾਜ਼ਿਆਂ ਵਿਚੋਂ ਨਿਰਾਸ਼ ਬਾਹਰ ਘੂਰ ਰਹੇ ਸਨ। ਉਨ੍ਹਾਂ ਦੇਖਿਆ ਕਿ ਮੱਲੀ ਦੇ ਬੰਦੇ ਅਤੇ ਰਫਿਊਜੀ ਮੁਸਲਿਮ ਘਰਾਂ ਨੂੰ ਲੁੱਟ ਰਹੇ ਸਨ। ਉਨ੍ਹਾਂ ਦੇਖਿਆ ਕਿ ਸਿੱਖ ਸਿਪਾਹੀ ਆਉਂਦੇ ਅਤੇ ਚਲੇ ਜਾਂਦੇ ਜਿਵੇਂ ਗਸ਼ਤ ਕਰ ਰਹੇ ਹੋਣ। ਉਨ੍ਹਾਂ ਕੁੱਟੇ ਅਤੇ ਘੜੀਸੇ ਜਾਂਦੇ ਪਸ਼ੂਆਂ ਦਾ ਦਰਦਨਾਕ ਅਰੜਾਉਣਾ ਸੁਣਿਆ। ਉਨ੍ਹਾਂ ਕੁੱਕੜਾਂ ਅਤੇ ਕੁੱਕੜੀਆਂ ਦੀ ਉਚੀ ਕੁੜ ਕੁੜ ਛੁਰੀ ਦੇ ਟੱਕ ਨਾਲ ਖਾਮੋਸ਼ ਪੈਂਦੀ ਸੁਣੀ। ਪਰ ਉਨ੍ਹਾਂ ਕੀਤਾ ਕੁਝ ਨਹੀਂ; ਬਸ ਬੈਠੇ ਰਹੇ ਅਤੇ ਹਉਕੇ ਭਰਦੇ ਰਹੇ।

ਇਕ ਆਜੜੀ ਮੁੰਡਾ, ਜੋ ਖੁੰਭਾਂ ਇਕੱਠੀਆਂ ਕਰਨ ਗਿਆ ਸੀ, ਵਾਪਸ ਆਇਆ ਅਤੇ ਖਬਰ ਦਿਤੀ ਕਿ ਦਰਿਆ ਵਿਚ ਪਾਣੀ ਚੜ੍ਹ ਗਿਆ ਹੈ। ਕਿਸੇ ਨੇ ਵੀ ਉਸ ਨੂੰ ਧਿਆਨ ਨਹੀਂ ਦਿਤਾ। ਉਨ੍ਹਾਂ ਦੀ ਇੱਛਾ ਹੀ ਇਹੋ ਸੀ ਕਿ ਪਾਣੀ ਹੋਰ ਤੋਂ ਹੋਰ ਚੜ੍ਹ ਜਾਵੇ ਅਤੇ ਸਾਰੇ ਮਨੋ ਮਾਜਰਾ ਨੂੰ, ਉਨ੍ਹਾਂ, ਉਨ੍ਹਾਂ ਦੀਆਂ ਪਤਨੀਆਂ, ਬੱਚਿਆਂ ਅਤੇ ਪਸ਼ੂਆਂ ਸਮੇਤ ਨੂੰ, ਰੋੜ੍ਹਕੇ ਲੈ ਜਾਵੇ — ਬਸ ਸ਼ਰਤ ਇਕੋ ਹੈ ਕਿ ਉਸ ਹੜ੍ਹ ਵਿਚ ਮੱਲੀ, ਉਸ ਦਾ ਗਰੋਹ ਅਤੇ ਰਫਿਊਜੀ ਅਤੇ ਫੌਜੀ ਵੀ ਡੁੱਬ ਜਾਣ।

ਬੰਦੇ ਹਉਕੇ ਭਰਦੇ ਰਹੇ ਅਤੇ ਕਰਾਹੁੰਦੇ ਰਹੇ ਪਰ ਮੀਂਹ ਲਗਾਤਾਰ ਪੈਂਦਾ ਰਿਹਾ ਅਤੇ ਸਤਲੁਜ ਚੜ੍ਹਦਾ ਰਿਹਾ। ਇਹ ਕੇਂਦਰੀ ਥੰਮ੍ਹਾਂ ਵਿਚਾਲੇ ਆਮ ਕਰਕੇ ਗਰਮੀਆਂ ਵਿਚ ਵਗਦੀਆਂ ਧਾਰਾਵਾਂ ਤੋਂ ਦੋਹੀਂ ਪਾਸੀਂ ਫੈਲ ਕੇ ਦੂਜੇ ਥੰਮ੍ਹਾਂ ਵਿਚਲੇ ਪਾਣੀ ਨਾਲ ਜਾ ਜੁੜਿਆ ਅਤੇ ਇਕੋ ਵਡੀ ਧਾਰਾ ਬਣ ਗਿਆ। ਇਹ ਪੁਲ ਦੇ ਦੁਆਲੇ ਫੈਲ ਗਿਆ ਅਤੇ ਉਸ ਬੰਨ੍ਹ ਨੂੰ ਚੁੰਮਣ ਲੱਗ ਪਿਆ ਜੋ ਦਰਿਆ ਨੂੰ ਮਨੋ ਮਾਜਰਾ ਦੇ ਖੇਤਾਂ ਤੋਂ ਅੱਡ ਕਰਦਾ ਸੀ। ਇਹ ਦਰਿਆ ਵਿਚ ਬਣੇ ਅਨੇਕਾਂ ਛੋਟੇ ਛੋਟੇ ਟਾਪੂਆਂ ਉਤੋਂ ਦੀ ਚੜ੍ਹ ਗਿਆ ਅਤੇ ਉਨ੍ਹਾਂ ਉਪਰ ਉਗੀਆਂ ਝਾੜੀਆਂ ਦੇ ਕੇਵਲ ਬੋਦੇ ਹੀ ਦੇਖੇ ਜਾ ਸਕਦੇ ਸਨ। ਜਲ-ਕਾਵਾਂ ਅਤੇ ਦੁਸਾਂਗੀ ਪੂਛਾਂ ਵਾਲੇ ਪੰਛੀਆਂ ਦੀਆਂ ਆਬਾਦੀਆਂ, ਜੋ ਉਥੇ ਸੌਣ ਲਈ ਵਰਤੀਆਂ ਜਾਂਦੀਆਂ ਸਨ, ਉਡਕੇ ਕਿਨਾਰਿਆਂ ਉਤੇ ਅਤੇ ਫਿਰ ਪੁਲ ਉਤੇ ਜਾ ਪੁਜੀਆਂ — ਜਿਸ ਪੁਲ ਉਪਰ ਹੁਣ ਕਈ ਦਿਨਾਂ ਤੋਂ ਕੋਈ ਗੱਡੀ ਨਹੀਂ ਲੰਘੀ ਸੀ।

ਬਾਅਦ ਦੁਪਹਿਰ ਇਕ ਹੋਰ ਪਿੰਡ ਵਾਸੀ ਘਰ ਘਰ ਜਾਕੇ ਚੀਕਦਾ ਰਿਹਾ, "ਓਏ! ਬੰਤਾ ਸਿੰਘ, ਦਰਿਆ ਚੜ੍ਹ ਰਿਹਾ ਹੈ! ਓਏ! ਦਲੀਪ ਸਿੰਘ, ਦਰਿਆ

ਚੜ੍ਹ ਗਿਆ ਹੈ। ਓਏ! ਸੁਣੋ! ਦਰਿਆ ਬੰਨ੍ਹ ਤਕ ਵੀ ਪਹੁੰਚ ਗਿਆ ਹੈ!" ਲੋਕਾਂ ਨੇ ਉਦਾਸ ਅੱਖਾਂ ਨਾਲ ਸਿਰਫ ਉਪਰ ਵੱਲ ਦੇਖਿਆ; ਉਨ੍ਹਾਂ ਦੀਆਂ ਅੱਖਾਂ ਕਹਿ ਰਹੀਆਂ ਸਨ, "ਸਾਨੂੰ ਇਸ ਦਾ ਪਹਿਲਾਂ ਹੀ ਪਤਾ ਹੈ।" ਫਿਰ ਇਕ ਹੋਰ ਆਦਮੀ ਇਹੋ ਸੁਨੇਹਾ ਲੈ ਕੇ ਆ ਗਿਆ, "ਦਰਿਆ ਚੜ੍ਹ ਗਿਆ ਹੈ"। ਫਿਰ ਇਕ ਹੋਰ ਅਤੇ ਫਿਰ ਇਕ ਹੋਰ ਆ ਗਿਆ। ਅਖੀਰ ਹਰ ਕੋਈ ਕਹਿਣ ਲੱਗਾ, "ਤੈਨੂੰ ਪਤੈ, ਦਰਿਆ ਚੜ੍ਹ ਗਿਐ!"

ਅਖੀਰ ਲੰਬੜਦਾਰ ਆਪ ਗਿਆ। ਠੀਕ ਹੀ, ਦਰਿਆ ਦਾ ਪਾਣੀ ਚੜ੍ਹ ਗਿਆ ਸੀ। ਸਿਰਫ ਦੋ ਦਿਨਾਂ ਦੇ ਮੀਂਹ ਨਾਲ ਇਹ ਨਹੀਂ ਹੋ ਸਕਦਾ ਸੀ; ਲਾਜ਼ਮੀ ਇਹ ਪਾਣੀ ਬਰਫ ਪਿਘਲਣ ਮਗਰੋਂ ਪਹਾੜਾਂ ਵਿਚ ਡਿਗਿਆ ਹੋਵੇਗਾ। ਨਹਿਰਾਂ ਦੇ ਗੇਟ ਸ਼ਾਇਦ ਬੰਦ ਕਰ ਦਿਤੇ ਗਏ ਸਨ ਤਾਂ ਜੋ ਹੜ੍ਹ ਉਨ੍ਹਾਂ ਦੇ ਕਿਨਾਰਿਆਂ ਨੂੰ ਤੋੜ ਨਾ ਦੇਵੇ। ਇਸ ਲਈ ਪਾਣੀ ਨੂੰ ਲੰਘਣ ਵਾਸਤੇ ਹੋਰ ਕੋਈ ਰਸਤਾ ਨਹੀਂ ਬਚਿਆ ਸੀ, ਸਿਵਾਇ ਦਰਿਆ ਵਿਚ ਵਗਣ ਤੋਂ। ਸਿੱਕੇ ਰੰਗੀ ਦੋਸਤਾਨਾ ਮੱਠੀ ਨਦੀ ਹੁਣ ਮਟਿਆਲੇ ਭੂਰੇ ਰੰਗ ਦਾ ਖਤਰਨਾਕ ਅਤੇ ਜ਼ਬਰਦਸਤ ਪਸਾਰਾ ਬਣ ਗਈ ਸੀ। ਪੁਲ ਦੇ ਕੇਵਲ ਥੰਮ੍ਹ ਹੀ ਸਖਤ ਬਚੇ ਸਨ ਜੋ ਦਰਿਆ ਨੂੰ ਵੰਗਾਰਦੇ ਆਕੜੇ ਖੜ੍ਹੇ ਸਨ। ਉਨ੍ਹਾਂ ਦੇ ਤਿੱਖੇ ਕਿਨਾਰੇ ਪਾਣੀ ਦੀ ਧਾਰ ਨੂੰ ਚੀਰ ਦਿੰਦੇ ਸਨ ਅਤੇ ਪਾਣੀ ਨੂੰ ਆਪਣਾ ਨਿਪੁੰਸਕ ਗੁੱਸਾ ਅਗੇ ਭੰਵਰਾਂ ਅਤੇ ਘੁੰਮਣ-ਘੇਰੀਆਂ ਤੇ ਕੱਢਣਾ ਪੈ ਰਿਹਾ ਸੀ। ਮੀਂਹ ਇਸ ਦੇ ਤਲ ਉਤੇ ਚੋਭਾਂ ਮਾਰ ਰਿਹਾ ਸੀ ਜਿਵੇਂ ਚੇਚਕ ਦੇ ਦਾਗ ਪਾ ਰਿਹਾ ਹੋਵੇ।

ਸ਼ਾਮ ਤਕ ਮਨੋ ਮਾਜਰਾ ਆਪਣੇ ਮੁਸਲਮਾਨਾਂ ਨੂੰ ਅਤੇ ਮੱਲੀ ਦੀਆਂ ਕਰਤੂਤਾਂ ਨੂੰ ਭੁੱਲ ਚੁਕਾ ਸੀ। ਗੱਲਬਾਤ ਦਾ ਮੁੱਖ ਵਿਸ਼ਾ ਦਰਿਆ ਬਣ ਗਿਆ ਸੀ। ਔਰਤਾਂ ਇਕ ਵਾਰ ਫਿਰ ਛੱਤਾਂ ਤੇ ਚੜ੍ਹਕੇ ਪੱਛਮ ਵੱਲ ਦੇਖ ਰਹੀਆਂ ਸਨ। ਆਦਮੀਆਂ ਨੇ ਵਾਰੀ ਵਾਰੀ ਦਰਿਆ ਦੇ ਬੰਨੇ ਤੇ ਜਾਕੇ ਤਾਜ਼ਾ ਰਿਪੋਰਟ ਲਿਆਉਣੀ ਸ਼ੁਰੂ ਕਰ ਦਿਤੀ।

ਸੂਰਜ ਛਿੱਪਣ ਤੋਂ ਪਹਿਲਾਂ ਲੰਬੜਦਾਰ ਇਕ ਵਾਰ ਫਿਰ ਦਰਿਆ ਨੂੰ ਦੇਖਣ ਗਿਆ। ਦੁਪਹਿਰ ਬਾਅਦ ਦੇ ਉਸ ਦੇ ਦੌਰੇ ਮਗਰੋਂ ਦਰਿਆ ਹੋਰ ਚੜ੍ਹ ਗਿਆ ਸੀ। ਪੰਪਾ ਝਾੜੀਆਂ ਦੇ ਕੁਝ ਝੁੰਡ ਜੋ ਦੁਪਹਿਰ ਵੇਲੇ ਪਾਣੀ ਤੋਂ ਬਾਹਰ ਸਨ, ਉਹ ਵੀ ਖਾਸੇ ਡੁੱਬ ਚੁਕੇ ਸਨ। ਉਨ੍ਹਾਂ ਦੇ ਡੰਡਲ ਲਿਫ ਗਏ ਸਨ ਅਤੇ ਉਨ੍ਹਾਂ ਦੀਆਂ ਭਿੱਜੀਆਂ ਬਰਫ ਚਿੱਟੀਆਂ ਕਲਗੀਆਂ ਪਾਣੀ ਉਤੇ ਤੈਰ ਰਹੀਆਂ ਸਨ। ਉਸ ਨੇ ਪਹਿਲਾਂ ਕਦੇ ਸਤਲੁਜ ਨੂੰ ਏਨੇ ਥੋੜ੍ਹੇ ਸਮੇਂ ਵਿਚ ਏਦਾਂ ਚੜ੍ਹਦਾ ਨਹੀਂ ਦੇਖਿਆ ਸੀ। ਮਨੋ ਮਾਜਰਾ ਅਜੇ ਵੀ ਇਸ ਦੀ ਮਾਰ ਤੋਂ ਕਾਫੀ ਦੂਰ ਸੀ। ਮਿੱਟੀ ਦਾ ਬੰਨ੍ਹ ਅਜੇ ਵੀ ਮਜ਼ਬੂਤ ਅਤੇ ਸੁਰਖਿਅਤ ਲੱਗਦਾ ਸੀ। ਫਿਰ ਵੀ ਲੰਬੜਦਾਰ ਨੇ ਪ੍ਰਬੰਧ ਕਰ ਦਿਤਾ ਕਿ ਸਾਰੀ ਰਾਤ ਇਸ ਉਤੇ ਨਿਗਾਹ ਰਖੀ ਜਾਵੇ। ਤਿੰਨ ਤਿੰਨ ਬੰਦਿਆਂ ਦੀਆਂ ਚਾਰ ਟੋਲੀਆਂ ਬਣਾ ਦਿਤੀਆਂ ਗਈਆਂ ਜਿਨ੍ਹਾਂ ਵਾਰੀ ਵਾਰੀ

ਸੂਰਜ ਛਿੱਪਣ ਤੋਂ ਚੜ੍ਹਣ ਤਕ ਦਰਿਆ ਦੇ ਕਿਨਾਰੇ ਤੇ ਰਹਿਣਾ ਸੀ ਅਤੇ ਇਸ ਦੀ ਰਿਪੋਰਟ ਘੰਟੇ ਘੰਟੇ ਮਗਰੋਂ ਲਿਆਕੇ ਦੇਣੀ ਸੀ। ਬਾਕੀ ਜਣੇ ਉਸ ਸਮੇਂ ਆਪਣੇ ਘਰਾਂ ਵਿਚ ਰਹਿਣਗੇ।

ਲੰਬੜਦਾਰ ਦਾ ਫੈਸਲਾ ਇਕ ਰਜਾਈ ਵਾਂਗ ਸੀ ਜਿਸ ਦੇ ਨਿਘ ਵਿਚ ਪਿੰਡ ਨੇ ਬੇਫਿਕਰ ਅਤੇ ਸੁਰਖਿਅਤ ਨੀਂਦ ਮਾਨਣੀ ਸੀ। ਪਰ ਲੰਬੜਦਾਰ ਆਪ ਕੋਈ ਨੀਂਦ ਨਹੀਂ ਲੈ ਸਕਿਆ। ਅੱਧੀ ਰਾਤ ਤੋਂ ਕੁਝ ਮਗਰੋਂ ਪਹਿਰੇ ਤੇ ਲੱਗੇ ਤਿੰਨੇ ਆਦਮੀ ਉਚੀ ਉਚੀ ਉਤੇਜਨਾ ਵਿਚ ਗੱਲਾਂ ਕਰਦੇ ਆਏ। ਉਹ ਇਹ ਤਾਂ ਦੱਸ ਨਹੀਂ ਸ਼ਕੇ ਕਿ ਸਿਆਹ ਰੰਗੀ ਧੁੰਦਲੀ ਚੰਨ ਚਾਨਣੀ ਵਿਚ ਦਰਿਆ ਹੋਰ ਚੜ੍ਹ ਗਿਆ ਸੀ ਜਾਂ ਨਹੀਂ ਪਰ ਉਨ੍ਹਾਂ ਨੇ ਮਨੁੱਖੀ ਆਵਾਜ਼ਾਂ "ਬਚਾਓ ਬਚਾਓ", ਕਹਿੰਦੀਆਂ ਜ਼ਰੂਰ ਸੁਣੀਆਂ ਸਨ। ਚੀਕਾਂ ਪਾਣੀ ਦੇ ਉਪਰੋਂ ਆਈਆਂ ਸਨ। ਉਹ ਆਵਾਜ਼ਾਂ ਦਰਿਆ ਦੇ ਪਰਲੇ ਪਾਸਿਓਂ ਜਾਂ ਦਰਿਆ ਦੇ ਵਿਚੋਂ ਵੀ ਆਈਆਂ ਹੋ ਸਕਦੀਆਂ ਹਨ। ਲੰਬੜਦਾਰ ਉਨ੍ਹਾਂ ਦੇ ਨਾਲ ਚਲਾ ਗਿਆ। ਉਹ ਆਪਣੇ ਨਾਲ ਕਰੋਮੀਅਮ ਦੀ ਬਣੀ ਇਕ ਲਿਸ਼ਕਦਾਰ ਸ਼ਕਤੀਸ਼ਾਲੀ ਟਾਰਚ ਵੀ ਲੈ ਗਿਆ ਸੀ।

ਚਾਰੇ ਆਦਮੀਆਂ ਨੇ ਦਰਿਆ ਦੇ ਕੰਢੇ ਤੇ ਚੜ੍ਹਕੇ ਸਤਲੁਜ ਦਾ ਮੁਆਇਨਾ ਕੀਤਾ ਜੋ ਕੱਕੀ ਚਾਦਰ ਹੀ ਜਾਪ ਰਿਹਾ ਸੀ। ਲੰਬੜਦਾਰ ਦੀ ਬੈਟਰੀ ਵਿਚੋਂ ਨਿਕਲੀ ਸਫੈਦ ਰੋਸ਼ਨੀ ਨੇ ਦਰਿਆ ਦੇ ਤਲ ਨੂੰ ਪੜਤਾਲਿਆ। ਉਨ੍ਹਾਂ ਨੂੰ ਘੁੰਮਣ-ਘੇਰੀਆਂ ਤੋਂ ਸਿਵਾਇ ਕੁਝ ਨਹੀਂ ਦਿਸਿਆ। ਉਨ੍ਹਾਂ ਆਪਣੇ ਸਾਹ ਰੋਕੇ ਅਤੇ ਕੰਨ ਲਾ ਕੇ ਸੁਣਿਆ, ਪਰ ਉਨ੍ਹਾਂ ਨੂੰ ਦਰਿਆ ਵਿਚ ਮੀਂਹ ਦੀਆਂ ਕਣੀਆਂ ਦੀ ਆਵਾਜ਼ ਤੋਂ ਬਿਨਾਂ ਹੋਰ ਕੁਝ ਨਹੀਂ ਸੁਣਾਈ ਦਿਤਾ। ਹਰ ਵਾਰ ਜਦੋਂ ਵੀ ਲੰਬੜਦਾਰ ਪੁੱਛਦਾ ਕਿ ਕੀ ਉਨ੍ਹਾਂ ਨੂੰ ਯਕੀਨ ਹੈ ਕਿ ਉਨ੍ਹਾਂ ਜੋ ਸੁਣੀਆਂ ਉਹ ਮਨੁੱਖੀ ਆਵਾਜ਼ਾਂ ਹੀ ਸਨ, ਨਾ ਕਿ ਗਿੱਦੜਾਂ ਦੀਆਂ ਹੁਆਕਾਂ, ਉਹ ਪਹਿਲਾਂ ਨਾਲੋਂ ਵੀ ਵਧੇਰੇ ਬੇਯਕੀਨੇ ਹੋ ਜਾਂਦੇ ਅਤੇ ਇਕ ਦੂਜੇ ਨੂੰ ਪੁੱਛਣ ਲੱਗਦੇ, "ਸਾਫ ਮਨੁੱਖੀ ਸਨ, ਕੀ ਨਹੀਂ ਸਨ ਕਰਨੈਲਿਆ?"

"ਹਾਂ, ਬਿਲਕੁਲ ਸਾਫ ਸਨ। 'ਹਾਇ! ਹਾਇ!' ਜਿਵੇਂ ਕੋਈ ਪੀੜ ਨਾਲ ਕਰਾਹ ਰਿਹਾ ਹੋਵੇ।"

ਚਾਰੇ ਆਦਮੀ ਇਕ ਦਰੱਖਤ ਹੇਠ ਬੈਠ ਗਏ, ਲਾਲਟੈਣ ਦੇ ਦੁਆਲੇ। ਮੀਂਹ ਤੋਂ ਬਚਣ ਲਈ ਜੋ ਬੋਰੀਆਂ ਨੂੰ ਰੇਨਕੋਟ ਬਣਾਕੇ ਉਹ ਵਰਤ ਰਹੇ ਸਨ, ਉਹ ਗਿੱਲੀਆਂ ਹੋ ਕੇ ਚੋ ਰਹੀਆਂ ਸਨ ਅਤੇ ਇਸੇ ਤਰ੍ਹਾਂ ਉਨ੍ਹਾਂ ਦੇ ਕਪੜੇ ਵੀ। ਇਕ ਘੰਟੇ ਮਗਰੋਂ ਬੱਦਲ ਫੱਟ ਗਏ। ਮੀਂਹ ਹੌਲੀ ਹੁੰਦਾ ਹੁੰਦਾ ਬੂੰਦਾਬਾਂਦੀ ਵਿਚ ਬਦਲ ਗਿਆ ਅਤੇ ਫਿਰ ਰੁਕ ਹੀ ਗਿਆ। ਪੱਛਮੀ ਦੁਮੇਲ ਉਤੇ ਚੰਦ ਬੱਦਲਾਂ ਵਿਚੋਂ ਬਾਹਰ ਆ ਗਿਆ। ਦਰਿਆ ਉਤੋਂ ਪਰਤਦੀ ਰੋਸ਼ਨੀ ਦਾ ਅਕਸ ਇਕ ਲਿਸ਼ਕਦੀ ਪੱਟੀ ਬਣਕੇ ਦਰਿਆ ਦੇ ਪਰਲੇ ਕਿਨਾਰੇ ਤੋਂ ਦਰੱਖਤ ਹੇਠ ਬੈਠੇ ਬੰਦਿਆਂ ਕੋਲ

ਪਹੁੰਚ ਰਿਹਾ ਸੀ। ਚੰਨ ਚਾਨਣੀ ਦੀ ਇਸ ਲਿਸ਼ਕਾਰ ਪੱਟੀ ਉਤੇ ਪਾਣੀ ਦੀ ਮਾਮੂਲੀ ਹਲਚਲ ਵੀ ਸਪਸ਼ਟ ਦੇਖੀ ਜਾ ਸਕਦੀ ਸੀ।

ਇਕ ਕਾਲੀ ਗੋਲ ਚੀਜ਼ ਪੁਲ ਦੇ ਸਤੰਭ ਨਾਲ ਵੱਜੀ ਅਤੇ ਨਦੀ ਦੀ ਧਾਰ ਨੇ ਉਸ ਨੂੰ ਮਨੋ ਮਾਜਰਾ ਵੱਲ ਰੋੜ੍ਹ ਲਿਆ। ਇਹ ਇਕ ਵਡਾ ਢੋਲ ਲੱਗਦਾ ਸੀ ਜਿਸਦੇ ਪਾਸਿਆਂ ਉਤੇ ਡੰਡੇ ਫਸਾਏ ਹੋਣ। ਇਹ ਕਦੇ ਅਗੇ ਵਧਦਾ, ਕਦੇ ਪਿਛੇ ਮੁੜਦਾ, ਕਦੇ ਪਾਸਿਆਂ ਨੂੰ ਜਾਂਦਾ; ਅਖੀਰ ਪਾਣੀ ਦੇ ਵਹਾਅ ਨੇ ਇਸ ਨੂੰ ਫਿਰ ਫੜ੍ਹ ਲਿਆ ਅਤੇ ਇਕ ਲਿਸ਼ਕਦੀ ਪੱਟੀ ਤੇ ਲੈ ਆਂਦਾ ਅਤੇ ਦਰੱਖਤ ਥੱਲੇ ਬੈਠੇ ਬੰਦਿਆਂ ਦੇ ਨੇੜੇ ਵੀ। ਇਹ ਇਕ ਮਰੀ ਹੋਈ ਗਊ ਸੀ, ਜਿਸ ਦਾ ਢਿੱਡ ਫੁੱਲਕੇ ਇਕ ਵਡੇ ਢੋਲ ਵਾਂਗ ਹੋ ਗਿਆ ਸੀ ਅਤੇ ਲੱਤਾਂ ਆਕੜ ਕੇ ਉਪਰ ਨੂੰ ਫੈਲੀਆਂ ਹੋਈਆਂ ਸਨ। ਫਿਰ ਤੂੜੀ ਦੀਆਂ ਕੁਝ ਗੱਠਾਂ ਅਤੇ ਕਪੜਿਆਂ ਦੀਆਂ ਗੱਠਾਂ ਵੀ ਤੈਰਦੀਆਂ ਨਜ਼ਰ ਪਈਆਂ।

"ਇਉਂ ਲੱਗਦੈ ਜਿਵੇਂ ਹੜ੍ਹ ਵਿਚ ਕੋਈ ਪਿੰਡ ਰੁੜ੍ਹ ਗਿਐ," ਲੰਬੜਦਾਰ ਨੇ ਆਖਿਆ।

"ਚੁੱਪ! ਸੁਣੋ!" ਇਕ ਪੇਂਡੂ ਨੇ ਫੁਸ ਫੁਸ ਵਿਚ ਕਿਹਾ। ਪਾਣੀਆਂ ਵਿਚੋਂ ਕਿਸੇ ਦੇ ਕਰਾਹੁਣ ਦੀ ਨਿੰਮੀ ਜਿਹੀ ਆਵਾਜ਼ ਆ ਰਹੀ ਸੀ।

"ਸੁਣਿਐ ਤੁਸੀਂ?"

"ਚੁੱਪ!"

ਉਨ੍ਹਾਂ ਆਪਣੇ ਸਾਹ ਰੋਕ ਲਏ ਅਤੇ ਸੁਣਨ ਲੱਗੇ।

ਨਹੀਂ ਇਹ ਮਨੁੱਖੀ ਆਵਾਜ਼ ਨਹੀਂ ਹੋ ਸਕਦੀ ਸੀ। ਇਹ ਤਾਂ ਖੜਾਕ ਸੁਣਾਈ ਦੇ ਰਿਹਾ ਸੀ। ਉਨ੍ਹਾਂ ਫਿਰ ਕੰਨ ਲਾਏ। ਨਿਰਸੰਦੇਹ, ਇਹ ਖੜਖੜ ਹੀ ਸੀ; ਇਹ ਤਾਂ ਰੇਲ ਗੱਡੀ ਸੀ। ਇਸ ਦੀ ਛੁੱਕ ਛੁੱਕ ਹੋਰ ਤੋਂ ਹੋਰ ਸਾਫ ਸੁਣਾਈ ਦੇ ਰਹੀ ਸੀ। ਫਿਰ ਉਨ੍ਹਾਂ ਨੂੰ ਇੰਜਣ ਅਤੇ ਰੇਲ ਗੱਡੀ ਦਾ ਵੀ ਖਾਕਾ ਨਜ਼ਰ ਪਿਆ। ਇਸ ਵਿਚ ਕੋਈ ਰੋਸ਼ਨੀ ਨਹੀਂ ਸੀ। ਹੋਰ ਤਾਂ ਹੋਰ ਇੰਜਣ ਦੀ ਹੈੱਡਲਾਈਟ ਵੀ ਨਹੀਂ ਸੀ। ਇੰਜਣ ਦੇ ਧੂੰਕਸ਼ ਵਿਚੋਂ ਚੰਗਿਆੜੇ ਪਟਾਕਿਆਂ ਵਾਂਗ ਉਡ ਰਹੇ ਸਨ। ਜਦੋਂ ਗੱਡੀ ਪੁਲ ਦੇ ਉਤੇ ਆ ਗਈ ਤਾਂ ਜਲ-ਕਾਂ ਦਰਿਆ ਦੇ ਨਾਲ ਹੇਠਾਂ ਨੂੰ ਚੁੱਪ ਚਾਪ ਉਡ ਪਏ ਪਰ ਦੁਸਾਂਗੀ ਪੂਛਾਂ ਵਾਲੇ ਪੰਛੀ ਤਿੱਖੀਆਂ ਚੀਕਾਂ ਮਾਰਦੇ ਉਡੇ। ਗੱਡੀ ਮਨੋ ਮਾਜਰਾ ਸਟੇਸ਼ਨ ਉਤੇ ਰੁਕ ਗਈ। ਇਹ ਪਾਕਿਸਤਾਨ ਤੋ ਆਈ ਸੀ।

"ਗੱਡੀ ਤੇ ਕੋਈ ਰੋਸ਼ਨੀ ਨਹੀਂ ਸੀ।"

"ਇੰਜਣ ਨੇ ਸੀਟੀ ਵੀ ਨਹੀਂ ਮਾਰੀ।"

"ਇਹ ਭੂਤ ਗੱਡੀ ਵਰਗੀ ਹੈ।"

"ਮਿੰਨਤ ਐ ਰੱਬ ਦੇ ਨਾਂ ਤੇ, ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ।" ਲੰਬੜਦਾਰ ਨੇ ਕਿਹਾ। "ਹੋ ਸਕਦਾ ਹੈ ਕਿ ਇਹ ਮਾਲ ਗੱਡੀ ਹੋਵੇ। ਜੋ ਆਵਾਜ਼ ਤੁਸੀਂ ਸੁਣੀ ਸੀ, ਇਸ ਦੀ ਸੀਟੀ ਵੀ ਹੋ ਸਕਦੀ ਹੈ। ਇਹ ਨਵੇਂ ਅਮਰੀਕੀ ਇੰਜਣ ਇਵੇਂ ਹੀ ਸੀਟੀ ਮਾਰਦੇ ਨੇ ਜਿਵੇਂ ਕੋਈ ਕਤਲ ਕੀਤਾ ਜਾ ਰਿਹਾ ਹੋਵੇ।"

"ਨਹੀਂ, ਲੰਬੜਦਾਰਾ, ਅਸੀਂ ਉਹ ਆਵਾਜ਼ ਘੰਟਾ ਭਰ ਪਹਿਲਾਂ ਸੁਣੀ ਸੀ; ਅਤੇ ਫਿਰ ਦੁਬਾਰਾ ਗੱਡੀ ਦੇ ਆਉਣ ਤੋਂ ਪਹਿਲਾਂ।" ਇਕ ਜਣੇ ਨੇ ਜਵਾਬ ਦਿਤਾ।

"ਹੁਣ ਤਾਂ ਸੁਣ ਨਹੀਂ ਰਹੀ। ਗੱਡੀ ਵੀ ਸ਼ੋਰ ਨਹੀਂ ਕਰ ਰਹੀ।"

ਰੇਲਵੇ ਲਾਈਨ ਦੇ ਪਾਰੋਂ, ਜਿਥੇ ਹਫਤਾ ਭਰ ਪਹਿਲਾਂ ਹਜ਼ਾਰ ਲਾਸ਼ਾਂ ਨੂੰ ਜਲਾਇਆ ਗਿਆ ਸੀ, ਇਕ ਗਿੱਦੜ ਨੇ ਲੰਮੀ ਮਾਤਮੀ ਹੁਆਂਕ ਮਾਰੀ। ਪੂਰਾ ਝੁੰਡ ਉਸ ਦੇ ਨਾਲ ਸ਼ਾਮਲ ਹੋ ਗਿਆ। ਬੰਦੇ ਕੰਬ ਗਏ।

"ਗਿੱਦੜ ਹੀ ਹੋਣਗੇ। ਉਨ੍ਹਾਂ ਦੀ ਹੁਆਂਕ ਕਿਸੇ ਮੌਤ ਉਤੇ ਔਰਤਾਂ ਦੇ ਵਿਰਲਾਪ ਵਰਗੀ ਹੁੰਦੀ ਹੈ," ਲੰਬੜਦਾਰ ਨੇ ਕਿਹਾ।

"ਨਹੀਂ, ਨਹੀਂ," ਪਿੰਡ ਵਾਸੀ ਨੇ ਉਜ਼ਰ ਕੀਤਾ। "ਨਹੀਂ, ਇਹ ਕਿਸੇ ਮਨੁੱਖ ਦੀ ਆਵਾਜ਼ ਸੀ, ਓਨੀ ਹੀ ਸਪਸ਼ਟ ਜਿਵੇਂ ਹੁਣ ਤੁਸੀਂ ਮੇਰੇ ਨਾਲ ਗੱਲ ਕਰ ਰਹੇ ਹੋ।"

ਉਹ ਬੈਠੇ ਰਹੇ ਅਤੇ ਸੁਣਦੇ ਰਹੇ ਅਤੇ ਹੜ੍ਹ ਦੇ ਪਾਣੀਆਂ ਉਤੇ ਅਜੀਬ ਅਜੀਬ ਬੇਪਛਾਣ ਚੀਜ਼ਾਂ ਤਰਦੀਆਂ ਦੇਖਦੇ ਰਹੇ। ਚੰਦ ਛਿਪ ਗਿਆ। ਥੋੜ੍ਹੇ ਚਿਰ ਦੇ ਹਨੇਰੇ ਮਗਰੋਂ ਪੂਰਬੀ ਦੁਮੇਲ ਲਿਸ਼ਕ ਪਿਆ। ਚਾਮਚੱੜਿਕਾਂ ਦੀਆਂ ਲੰਮੀਆਂ ਕਤਾਰਾਂ ਸਾਹਮਣਿਓਂ ਬੇਆਵਾਜ਼ ਲੰਘ ਗਈਆਂ। ਕਾਵਾਂ ਨੇ ਆਪਣੀ ਨੀਂਦ ਵਿਚੋਂ ਕਾਂ-ਕਾਂ ਆਰੰਭ ਦਿਤੀ। ਦਰਖਤਾਂ ਦੇ ਇਕ ਝੁੰਡ ਵਿਚੋਂ ਕੋਇਲ ਦੀ ਕੂ-ਹੂ ਉਭਰਦੀ ਆਈ ਅਤੇ ਸਾਰੀ ਦੁਨੀਆਂ ਜਾਗ ਪਈ।

ਬੱਦਲ ਇਕਠੇ ਹੋ ਉੱਤਰ ਵੱਲ ਚਲੇ ਗਏ ਸਨ। ਹੌਲੀ ਹੌਲੀ ਸੂਰਜ ਚੜ੍ਹ ਪਿਆ। ਉਸ ਨੇ ਮੀਂਹ ਨਾਲ ਭਿੱਜੇ ਹੋਏ ਮੈਦਾਨ ਨੂੰ ਦਿਲਕਸ਼ ਸੰਤਰੀ ਚਮਕ ਨਾਲ ਨੁਹਾ ਦਿਤਾ। ਹਰ ਚੀਜ਼ ਧੁੱਪ ਨਾਲ ਲਿਸ਼ਕਣ ਲੱਗ ਪਈ ਸੀ। ਦਰਿਆ ਹੋਰ ਚੜ੍ਹ ਗਿਆ ਸੀ। ਇਸ ਦਾ ਗੰਧਲਿਆ ਪਾਣੀ ਗੱਡਿਆਂ ਨੂੰ ਵੀ ਲਿਜਾ ਰਿਹਾ ਸੀ ਜਿਨ੍ਹਾਂ ਨਾਲ ਅਜੇ ਵੀ ਬਲਦਾਂ ਦੀਆਂ ਫੁੱਲੀਆਂ ਹੋਈਆਂ ਲਾਸ਼ਾਂ ਅਗੇ ਜੁੜੀਆਂ ਹੋਈਆਂ ਸਨ। ਘੋੜੇ ਇਕ ਪਾਸੇ ਤੋਂ ਦੂਜੇ ਨੂੰ ਰੁੜ੍ਹਦੇ ਜਾਂਦੇ ਸਨ ਜਿਵੇਂ ਆਪਣੀਆਂ ਪਿੱਠਾਂ ਨੂੰ ਖੁਰਕ ਰਹੇ ਹੋਣ। ਮਰਦ ਅਤੇ ਔਰਤਾਂ ਵੀ ਰੁੜ੍ਹੇ ਜਾਂਦੇ ਸਨ ਜਿਨ੍ਹਾਂ ਦੇ ਜਿਸਮਾਂ ਨਾਲ ਕਪੜੇ ਚੰਬੜੇ ਹੋਏ ਸਨ। ਉਨ੍ਹਾਂ ਦੇ ਢਿੱਡਾਂ ਉਤੇ ਬੱਚੇ ਵੀ ਸੁੱਤੇ ਹੋਏ ਸਨ। ਉਨ੍ਹਾਂ ਦੀਆਂ ਬਾਹਾਂ ਪਾਣੀ ਨੂੰ ਫੜ ਰਹੀਆਂ ਸਨ ਅਤੇ ਉਨ੍ਹਾਂ ਦੀਆਂ

ਛੋਟੀਆਂ ਛੋਟੀਆਂ ਚਿੱਤੜੀਆਂ ਕਦੇ ਡੁੱਬਦੀਆਂ ਅਤੇ ਕਦੇ ਉਭਰਦੀਆਂ ਸਨ। ਆਸਮਾਨ ਜਲਦੀ ਹੀ ਇੱਲਾਂ ਅਤੇ ਗਿਰਝਾਂ ਨਾਲ ਭਰ ਗਿਆ। ਉਹ ਉਡਦੀਆਂ ਥੱਲੇ ਨੂੰ ਆਈਆਂ ਅਤੇ ਤਰ ਰਹੀਆਂ ਲਾਸ਼ਾਂ ਉਤੇ ਬੈਠ ਗਈਆਂ। ਉਹ ਲਾਸ਼ਾਂ ਨੂੰ ਓਨਾ ਚਿਰ ਚੁੰਝਾਂ ਮਾਰੀ ਗਈਆਂ ਜਿੰਨਾ ਚਿਰ ਕਿ ਲਾਸ਼ਾਂ ਲੁੜ੍ਹਕ ਨਾ ਗਈਆਂ ਅਤੇ ਆਪਣੇ ਹੱਥਾਂ ਨਾਲ ਉਨ੍ਹਾਂ ਨੂੰ ਉਡਾ ਨਾ ਦਿਤਾ ਜਿਹੜੇ ਹੱਥ ਕਿ ਆਕੜੇ ਹੋਏ ਹਵਾ ਵਿਚ ਉਠੇ ਸਨ ਅਤੇ ਫਿਰ ਵਾਪਸ ਪਾਣੀ ਵਿਚ ਡੁੱਬ ਗਏ ਸਨ।

"ਲੱਗਦਾ ਹੈ ਕਿ ਕੁਝ ਪਿੰਡ ਰਾਤ ਨੂੰ ਹੜ੍ਹ ਦਾ ਸ਼ਿਕਾਰ ਹੋ ਗਏ," ਲੰਬੜਦਾਰ ਨੇ ਸੰਜੀਦਗੀ ਨਾਲ ਕਿਹਾ।

"ਰਾਤ ਨੂੰ ਕੌਣ ਬਲਦਾਂ ਨੂੰ ਗੱਡੇ ਨਾਲ ਬੰਨ੍ਹਦਾ ਹੈਂ?" ਇਕ ਜਣੇ ਨੇ ਪੁੱਛਿਆ,

"ਹਾਂ, ਇਹ ਤਾਂ ਠੀਕ ਐ। ਬਲਦ ਗੱਡੇ ਨਾਲ ਜੁਪੇ ਕਿਉਂ ਹੋਣਗੇ?"

ਪੁਲ ਦੀਆਂ ਮਹਿਰਾਬਾਂ ਵਿਚੋਂ ਆ ਰਹੀਆਂ ਵਧੇਰੇ ਮਨੁੱਖੀ ਲਾਸ਼ਾਂ ਦਿਸਣ ਲੱਗ ਪਈਆਂ ਸਨ। ਉਹ ਸਤੰਭਾਂ ਨਾਲ ਵੱਜਕੇ ਪਿਛੇ ਹਟਦੀਆਂ, ਕੁਝ ਪਲ ਠਹਿਰਦੀਆਂ, ਘੁੰਮਣ-ਘੇਰੀਆਂ ਵਿਚ ਘੁੰਮਦੀਆਂ ਅਤੇ ਫਿਰ ਉਛਲਦੀਆਂ ਦਰਿਆ ਵਿਚ ਰੁੜ੍ਹ ਪੈਂਦੀਆਂ। ਬੰਦੇ ਉਪਰ ਪੁਲ ਵੱਲ ਤੁਰ ਪਏ ਤਾਂ ਜੋ ਕਿਨਾਰੇ ਲਾਗੇ ਆਈਆਂ ਕੁਝ ਲਾਸ਼ਾਂ ਨੂੰ ਦੇਖ ਸਕਣ।

ਉਥੇ ਖੜ੍ਹਕੇ ਉਹ ਲਾਸ਼ਾਂ ਨੂੰ ਘੂਰਨ ਲੱਗੇ।

"ਲੰਬੜਦਾਰਾ, ਉਹ ਡੁੱਬੇ ਨਹੀਂ ਸਨ ਉਨ੍ਹਾਂ ਨੂੰ ਮਾਰਿਆ ਗਿਆ ਸੀ।"

ਧੌਲੀ ਦਾੜ੍ਹੀ ਵਾਲਾ ਇਕ ਬੁੱਢਾ ਕਿਸਾਨ ਪਾਣੀ ਉਪਰ ਸਪਾਟ ਪਿਆ ਸੀ। ਉਸ ਦੀਆਂ ਬਾਹਾਂ ਬਾਹਰ ਨੂੰ ਇੰਜ ਫੈਲੀਆਂ ਹੋਈਆਂ ਸਨ, ਜਿਵੇਂ ਉਸ ਨੂੰ ਸੂਲੀ ਚੜ੍ਹਾਇਆ ਗਿਆ ਹੋਵੇ। ਉਸ ਦਾ ਮੂੰਹ ਟੱਡਿਆ ਹੋਇਆ ਸੀ। ਉਸਦੇ ਦੰਦਹੀਣ ਮਸੂੜੇ ਨਜ਼ਰ ਆ ਰਹੇ ਸਨ। ਉਸ ਦੀਆਂ ਅੱਖਾਂ ਉਤੇ ਜਾਲੇ ਲੱਗੇ ਹੋਏ ਸਨ। ਉਸ ਦੇ ਵਾਲ ਸਿਰ ਦੇ ਦੁਆਲੇ ਇੰਜ ਤਰ ਰਹੇ ਸਨ ਜਿਵੇਂ ਆਭਾ ਮੰਡਲ ਹੋਵੇ। ਉਸ ਦੀ ਗਰਦਨ ਉਤੇ ਡੂੰਘਾ ਜ਼ਖਮ ਸੀ ਜੋ ਹੇਠਾਂ ਨੂੰ ਤਿਰਛਾ ਛਾਤੀ ਤਕ ਆ ਗਿਆ ਸੀ। ਇਕ ਬੱਚੇ ਦਾ ਸਿਰ ਉਸ ਦੀ ਬਾਂਹ ਹੇਠਾਂ ਕੱਛ ਵਿਚ ਆ ਜੁੜਿਆ ਸੀ। ਸਿਰ ਦੇ ਪਿਛਲੇ ਪਾਸੇ ਮੋਰੀ ਸੀ। ਹੋਰ ਵੀ ਕਿੰਨੀਆਂ ਹੀ ਲਾਸ਼ਾਂ ਦਰਿਆ ਵਿਚ ਰੁੜ੍ਹੀਆਂ ਆ ਰਹੀਆਂ ਸਨ ਜਿਵੇ ਪਹਾੜਾਂ ਵਿਚ ਲਕੜ ਦੇ ਵਡੇ ਟੁਕੜੇ ਕੱਟ-ਵੱਢ ਕੇ ਹੇਠਾਂ ਮੈਦਾਨਾਂ ਵਿਚ ਭੇਜਣ ਲਈ ਬੰਨ੍ਹਕੇ ਦਰਿਆ ਵਿਚ ਰੋੜ੍ਹ ਦਿਤੇ ਜਾਂਦੇ ਹਨ। ਕੁਝ ਲਾਸ਼ਾਂ ਮਹਿਰਾਬਾਂ ਦੇ ਕੇਂਦਰ ਵਿਚੋਂ ਲੰਘੀਆਂ ਅਤੇ ਅਗੇ ਰੁੜ੍ਹਣ ਨੂੰ ਤੇਜ਼ ਹੋ ਗਈਆਂ। ਕੁਝ ਹੋਰ ਥੰਮ੍ਹਾਂ ਨਾਲ ਵੱਜੀਆਂ ਅਤੇ ਪਲਟ ਗਈਆਂ ਜਿਸ ਨਾਲ ਉਨ੍ਹਾਂ ਦੇ ਜ਼ਖਮ ਓਨਾ ਚਿਰ ਦਿਸਦੇ ਰਹੇ ਜਿੰਨਾ ਚਿਰ ਪਾਣੀ ਦੀ ਧਾਰ ਨੇ ਉਨ੍ਹਾਂ ਨੂੰ ਪਲਟਾ ਨਾ ਮਾਰ ਦਿਤਾ। ਕਈਆਂ ਦੇ ਅੰਗ ਹੀ ਨਹੀਂ ਸਨ, ਕਈਆਂ

ਦੇ ਪੇਟ ਪਾਟੇ ਹੋਏ ਸਨ, ਅਨੇਕਾਂ ਔਰਤਾਂ ਦੀਆਂ ਛਾਤੀਆਂ ਕੱਟ ਦਿਤੀਆਂ ਗਈਆਂ ਸਨ। ਉਹ ਧੁੱਪ ਨਾਲ ਰੁਸ਼ਨਾਂਦੇ ਦਰਿਆ ਵਿਚ ਤਰਦੀਆਂ ਜਾਂਦੀਆਂ ਸਨ, ਉਪਰ ਨੂੰ ਹੇਠਾਂ ਨੂੰ ਉਛਲਦੀਆਂ ਤੇ ਡੁੱਬਦੀਆਂ ਜਾਂਦੀਆਂ ਸਨ। ਉਪਰ ਆਸਮਾਨ ਵਿਚ ਇੱਲਾਂ ਅਤੇ ਗਿਰਝਾਂ ਮੰਡਰਾ ਰਹੀਆਂ ਸਨ।

ਲੰਬੜਦਾਰ ਅਤੇ ਪੇਂਡੂਆਂ ਨੇ ਆਪਣੀਆਂ ਪੱਗਾਂ ਨਾਲ ਮੂੰਹ ਢਕ ਲਏ।

"ਗੁਰੂ ਮਿਹਰ ਕਰੇ," ਇਕ ਜਣਾ ਫੁਸਫੁਸਾਇਆ। "ਕਿਤੇ ਕਤਲਾਮ ਹੋਇਐ, ਆਪਾਂ ਪੁਲਿਸ ਨੂੰ ਖਬਰ ਦੇ ਦੇਈਏ।"

"ਪੁਲਿਸ?" ਇਕ ਨਾਟੇ ਕੱਦ ਦੇ ਬੰਦੇ ਨੇ ਕੁੜਿੱਤਣ ਨਾਲ ਕਿਹਾ। "ਉਹ ਕੀ ਕਰਨਗੇ? ਪੰਚਨਾਮਾ ਹੀ ਤਿਆਰ ਕਰਨਗੇ।"

ਦੁੱਖੀ ਅਤੇ ਭਰੇ ਹੋਏ ਮਨਾਂ ਨਾਲ ਟੋਲੀ ਮਨੋ ਮਾਜਰਾ ਪਰਤ ਆਈ। ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਜਦੋਂ ਵਾਪਸ ਪਿੰਡ ਪਹੁੰਚੇ ਤਾਂ ਲੋਕਾਂ ਨੂੰ ਕੀ ਕਿਹਾ ਜਾਵੇ। ਦਰਿਆ ਹੋਰ ਚੜ੍ਹ ਗਿਆ ਹੈ? ਕੁਝ ਪਿੰਡਾਂ ਵਿਚ ਹੜ੍ਹ ਆ ਗਿਆ ਹੈ? ਦਰਿਆ ਦੇ ਉਪਰਲੇ ਪਾਸੇ ਕਿਸੇ ਜਗਾਹ ਕਤਲਾਮ ਕੀਤਾ ਗਿਐ? ਸਤਲੁਜ ਦੇ ਪਾਣੀਆਂ ਵਿਚ ਸੈਂਕੜੇ ਲਾਸ਼ਾਂ ਤਰ ਰਹੀਆਂ ਹਨ? ਜਾਂ ਫਿਰ ਚੁੱਪ ਹੀ ਵੱਟ ਲਈ ਜਾਵੇ?

ਜਦੋਂ ਉਹ ਪਿੰਡ ਵਾਪਸ ਪਹੁੰਚੇ ਤਾਂ ਸਾਹਮਣੇ ਕੋਈ ਵੀ ਨਹੀਂ ਸੀ, ਜਿਸ ਨੂੰ ਉਹ ਕੁਝ ਕਹਿੰਦੇ। ਉਹ ਸਾਰੇ ਤਾਂ ਛੱਤਾਂ ਤੇ ਚੜ੍ਹਕੇ ਸਟੇਸ਼ਨ ਵੱਲ ਦੇਖ ਰਹੇ ਸਨ। ਕਈ ਦਿਨਾਂ ਮਗਰੋਂ ਦਿਨ ਦੇ ਵਕਤ ਕੋਈ ਗੱਡੀ ਮਨੋ ਮਾਜਰਾ ਆਈ ਸੀ। ਕਿਉਂਕਿ ਇੰਜਣ ਦਾ ਮੂੰਹ ਪੂਰਬ ਵਾਲੇ ਪਾਸੇ ਸੀ, ਲਾਜ਼ਮੀ ਹੀ ਪਾਕਿਸਤਾਨ ਤੋਂ ਆਈ ਹੋਵੇਗੀ। ਇਸ ਵਾਰ ਵੀ ਸਟੇਸ਼ਨ ਫੌਜੀਆਂ ਅਤੇ ਸਿਪਾਹੀਆਂ ਨਾਲ ਭਰਿਆ ਹੋਇਆ ਸੀ ਅਤੇ ਇਸ ਦੀ ਨਾਕਾਬੰਦੀ ਕਰ ਦਿਤੀ ਗਈ ਸੀ। ਦਰਿਆ ਵਿਚ ਲਾਸ਼ਾਂ ਦੀ ਖਬਰ ਛੱਤਾਂ ਤੋਂ ਚੀਕ ਕੇ ਅਗੇ ਪੁਜਾਈ ਗਈ। ਲੋਕਾਂ ਨੇ ਇਕ ਦੂਜੇ ਨੂੰ ਔਰਤਾਂ ਅਤੇ ਬੱਚਿਆਂ ਦੀ ਕੱਟ ਵੱਢ ਬਾਰੇ ਦਸਿਆ। ਕੋਈ ਵੀ ਇਹ ਨਹੀਂ ਜਾਣਨਾ ਚਾਹੁੰਦਾ ਸੀ ਕਿ ਮਰੇ ਹੋਏ ਲੋਕ ਕੌਣ ਸਨ ਅਤੇ ਨਾ ਹੀ ਦਰਿਆ ਤੇ ਜਾ ਕੇ ਪਤਾ ਕਰਨਾ ਚਾਹੁੰਦਾ ਸੀ। ਸਟੇਸ਼ਨ ਵਿਚ ਵੀ ਨਵੀਂ ਰੁਚੀ ਪੈਦਾ ਹੋ ਗਈ ਸੀ, ਜਿਸ ਤੋਂ ਪਹਿਲਾਂ ਨਾਲੋਂ ਵੀ ਵਧ ਭਿਆਨਕ ਕਹਾਣੀ ਦੀ ਸੰਭਾਵਨਾ ਦਿਸਦੀ ਸੀ।

ਕਿਸੇ ਦੇ ਵੀ ਮਨ ਵਿਚ ਕੋਈ ਸ਼ੱਕ ਨਹੀਂ ਸੀ ਕਿ ਰੇਲ ਗੱਡੀ ਵਿਚ ਕੀ ਹੈ। ਉਨ੍ਹਾਂ ਨੂੰ ਯਕੀਨ ਸੀ ਕਿ ਫੌਜੀ ਤੇਲ ਅਤੇ ਲਕੜਾਂ ਵਾਸਤੇ ਆਉਣਗੇ। ਹੁਣ ਉਨ੍ਹਾਂ ਕੋਲ ਵਾਧੂ ਤੇਲ ਨਹੀਂ ਬਚਿਆ ਸੀ ਅਤੇ ਬਚੀਆਂ ਹੋਈਆਂ ਲੱਕੜਾਂ ਵੀ ਇੰਨੀਆਂ ਗਿੱਲੀਆਂ ਹੋ ਗਈਆਂ ਸਨ ਕਿ ਉਨ੍ਹਾਂ ਨੂੰ ਅੱਗ ਲੱਗ ਹੀ ਨਹੀਂ ਸਕਦੀ ਸੀ। ਪਰ ਫੌਜੀ ਆਏ ਹੀ ਨਹੀਂ। ਇਸ ਦੀ ਬਜਾਏ ਇਕ ਬੁਲਡੋਜ਼ਰ ਸਟੇਸ਼ਨ ਤੇ ਪਤਾ

ਨਹੀਂ ਕਿਧਰੋਂ ਆ ਗਿਆ। ਇਸ ਨੇ ਸਟੇਸ਼ਨ ਦੇ ਬਾਹਰ ਮਨੋ ਮਾਜਰਾ ਵਾਲੇ ਪਾਸੇ ਜ਼ਮੀਨ ਪੁੱਟਣੀ ਸ਼ੁਰੂ ਕਰ ਦਿਤੀ। ਇਹ ਮਿੱਟੀ ਪੁਟਦਾ ਰਿਹਾ, ਉਸ ਨੂੰ ਚੁੱਕਦਾ ਅਤੇ ਬਾਹਰ ਪਾਸੇ ਉਤੇ ਸੁੱਟਦਾ ਰਿਹਾ। ਕਈ ਘੰਟੇ ਉਹ ਇਹ ਕੰਮ ਕਰਦਾ ਰਿਹਾ। ਅਖੀਰ ਉਥੇ ਇਕ ਆਇਤਾਕਾਰ ਖੰਦਕ ਪੁੱਟੀ ਗਈ, ਜਿਸ ਦੀ ਲੰਬਾਈ ਪੰਜਾਹ ਗਜ਼ ਸੀ, ਜਿਸ ਦੇ ਦੋਹੀਂ ਪਾਸੀਂ ਮਣਾਂ ਮੂੰਹੀ ਮਿੱਟੀ ਪਈ ਸੀ। ਫਿਰ ਇਹ ਕੁਝ ਸਮੇਂ ਲਈ ਰੁਕ ਗਿਆ। ਫੌਜੀ ਅਤੇ ਸਿਪਾਹੀ ਜੋ ਹੁਣ ਤਕ ਬੁਲਡੋਜ਼ਰ ਨੂੰ ਟੋਆ ਪੁੱਟਦਾ ਹੀ ਦੇਖ ਰਹੇ ਸਨ, ਉਨ੍ਹਾਂ ਨੂੰ ਸੱਦਿਆ ਗਿਆ, ਹੁਕਮ ਦਿਤਾ ਗਿਆ ਅਤੇ ਉਹ ਵਾਪਸ ਪਲੇਟਫਾਰਮ ਵੱਲ ਪਰਤ ਗਏ। ਉਹ ਦੋ -ਦੋ ਜਣੇ ਕੈਨਵਸ ਕਪੜੇ ਦੇ ਬਣੇ ਸਟਰੈਚਰ ਚੁੱਕੀ ਆਏ। ਉਨ੍ਹਾਂ ਨੇ ਸਟਰੈਚਰ ਖੰਦਕ ਵਿਚ ਉਲਟ ਦਿਤੇ ਅਤੇ ਹੋਰ ਲਿਆਉਣ ਲਈ ਗੱਡੀ ਵੱਲ ਮੁੜ ਗਏ। ਇਹ ਕੰਮ ਸੂਰਜ ਛਿੱਪਣ ਤਕ ਸਾਰਾ ਦਿਨ ਚਲਦਾ ਰਿਹਾ। ਬੁਲਡੋਜ਼ਰ ਫਿਰ ਜਾਗ ਪਿਆ। ਇਸ ਨੇ ਆਪਣੇ ਜਬਾੜ੍ਹੇ ਖੋਲ੍ਹੇ ਅਤੇ ਉਹੀ ਮਿਟੀ, ਜੋ ਇਸਨੇ ਪਹਿਲਾਂ ਬਾਹਰ ਸੁੱਟੀ ਸੀ, ਫਿਰ ਖਾ ਲਈ ਅਤੇ ਖੰਦਕ ਵਿਚ ਉਲਟੀ ਕਰ ਦਿਤੀ। ਉਹ ਇੰਜ ਹੀ ਮਿੱਟੀ ਖਾਂਦਾ ਅਤੇ ਟੋਏ ਵਿਚ ਓਨਾ ਚਿਰ ਉਲਟੀ ਕਰਦਾ ਰਿਹਾ ਜਿੰਨਾ ਚਿਰ ਕਿ ਖੰਦਕ ਮਿੱਟੀ ਨਾਲ ਭਰਕੇ ਧਰਤੀ ਦੇ ਬਰਾਬਰ ਨਹੀਂ ਹੋ ਗਈ। ਖੰਦਕ ਵਾਲੀ ਥਾਂ ਹੁਣ ਭਰ ਗਏ ਜ਼ਖਮ ਦੇ ਨਿਸ਼ਾਨ ਵਰਗੀ ਲੱਗਦੀ ਸੀ। ਦੋ ਫੌਜੀ ਗਿੱਦੜਾਂ ਅਤੇ ਬਿਜੂਆਂ ਵਲੋਂ ਕਬਰ ਨਾਲ ਛੇੜਖਾਨੀ ਕੀਤੇ ਜਾਣ ਤੋਂ ਰੋਕਣ ਲਈ, ਉਥੇ ਛੱਡ ਦਿਤੇ ਗਏ।

ਉਸ ਸ਼ਾਮ ਸਾਰਾ ਪਿੰਡ ਸ਼ਾਮ ਦੀ ਅਰਦਾਸ ਲਈ ਗੁਰਦੁਆਰੇ ਵਿਚ ਇਕਠਾ ਹੋ ਗਿਆ। ਇੰਜ ਪਹਿਲਾਂ ਕਦੇ ਨਹੀਂ ਹੋਇਆ ਸੀ, ਸਿਵਾਇ ਗੁਰੂਆਂ ਦੇ ਪ੍ਰਕਾਸ਼ ਦਿਹਾੜਿਆਂ ਅਤੇ ਵਿਸਾਖੀ ਤੋਂ। ਰੋਜ਼ਾਨਾ ਆਉਣ ਵਾਲੇ ਸ਼ਰਧਾਲੂ ਤਾਂ ਕੇਵਲ ਬੁੱਢੇ ਅਤੇ ਬੁੱਢੀਆਂ ਹੀ ਸਨ। ਹੋਰ ਲੋਕ ਆਪਣੇ ਬੱਚਿਆਂ ਦੇ ਨਾਮਕਰਣ, ਵਿਆਹ ਸ਼ਾਦੀ ਸਮੇਂ ਜਾਂ ਕਿਸੇ ਦੀ ਮੌਤ ਮਗਰੋਂ ਅੰਤਮ ਅਰਦਾਸ ਲਈ ਆਉਂਦੇ ਸਨ। ਸ਼ਾਹੂਕਾਰ ਦੇ ਕਤਲ ਮਗਰੋਂ ਅਰਦਾਸ ਵਿਚ ਸੰਗਤਾਂ ਦੀ ਗਿਣਤੀ ਲਗਾਤਾਰ ਵਧਦੀ ਗਈ ਸੀ। ਲੋਕ ਪਿਛੇ ਨਹੀਂ ਰਹਿਣਾ ਚਾਹੁੰਦੇ ਸਨ। ਮੁਸਲਮਾਨਾਂ ਦੇ ਜਾਣ ਮਗਰੋਂ ਉਨ੍ਹਾਂ ਦੇ ਖਾਲੀ ਕੀਤੇ ਘਰ, ਖੁਲ੍ਹੇ ਦਰਵਾਜ਼ਿਆਂ ਦੇ ਇਧਰ ਉਧਰ ਝੂਲਣ ਵਾਲੇ ਭਾਂ ਭਾਂ ਕਰਦੇ ਭਿਆਨਕ ਭੂਤ ਘਰਾਂ ਵਾਂਗ ਜਾਪਦੇ ਸਨ। ਪਿੰਡ ਵਾਸੀ ਉਨ੍ਹਾਂ ਦੇ ਕੋਲੋਂ, ਬਿਨਾਂ ਘਰਾਂ ਵੱਲ ਮੂੰਹ ਮੋੜਿਆਂ ਲੰਘ ਗਏ। ਇਕੋ ਇਕ ਥਾਂ ਜਿਥੇ ਲੋਕ ਬਿਨਾਂ ਕੋਈ ਬਹੁਤਾ ਸਪਸ਼ਟੀਕਰਣ ਦੇਣ ਦੇ ਜਾ ਸਕਦੇ ਸਨ, ਉਹ ਸੀ ਗੁਰਦੁਆਰਾ। ਮਰਦ ਤਾਂ ਇਹ ਬਹਾਨਾ ਕਰਦੇ ਆ ਗਏ ਕਿ ਉਨ੍ਹਾਂ ਦੀ ਲੋੜ ਪੈ ਸਕਦੀ ਹੈ; ਔਰਤਾਂ ਇਸ ਲਈ ਆ ਗਈਆਂ ਕਿ ਉਨ੍ਹਾਂ ਨੂੰ ਘਰ ਵਾਲਿਆਂ ਦੇ ਨਾਲ ਹੋਣਾ ਚਾਹੀਦਾ ਹੈ ਅਤੇ ਉਹ ਆਪਣੇ ਨਾਲ ਬੱਚੇ ਵੀ ਲੈ ਆਈਆਂ। ਮੁੱਖ ਹਾਲ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ; ਪਾਸਿਆਂ ਵਾਲੇ ਦੋ ਕਮਰੇ ਰਫਿਊਜੀਆਂ

ਅਤੇ ਪਿੰਡ ਵਾਸੀਆਂ ਨਾਲ ਨੱਕੋ ਨੱਕ ਭਰੇ ਪਏ ਸਨ। ਉਨ੍ਹਾਂ ਦੇ ਜੋੜੇ ਦਹਿਲੀਜ਼ ਦੇ ਦੂਜੇ ਪਾਸੇ ਕਰੀਨੇ ਨਾਲ ਕਤਾਰਾਂ ਵਿਚ ਰਖੇ ਹੋਏ ਸਨ।

ਮੀਤ ਸਿੰਘ ਨੇ ਲਾਲਟੈਣ ਦੀ ਰੋਸ਼ਨੀ ਵਿਚ ਰਹਿਰਾਸ ਦਾ ਪਾਠ ਕੀਤਾ। ਇਕ ਆਦਮੀ ਉਨ੍ਹਾਂ ਦੇ ਪ੍ਰਿਛੇ ਖੜ੍ਹਕੇ ਚੌਰ ਝੁਲਾਉਂਦਾ ਰਿਹਾ। ਜਦੋਂ ਪਾਠ ਪੂਰਾ ਹੋ ਗਿਆ ਤਾਂ ਸੰਗਤ ਨੇ ਸ਼ਲੋਕ ਗਾਇਆ, ਜਦੋਂ ਕਿ ਮੀਤ ਸਿੰਘ ਨੇ ਗ੍ਰੰਥ ਸਾਹਿਬ ਨੂੰ ਰੰਗਦਾਰ ਰੇਸ਼ਮੀ ਰੁਮਾਲਿਆਂ ਵਿਚ ਲਪੇਟਿਆ ਅਤੇ ਰਾਤ ਭਰ ਵਾਸਤੇ ਸੰਤੋਖ ਦਿਤਾ। ਸੰਗਤ ਖੜ੍ਹੀ ਹੋ ਗਈ ਅਤੇ ਆਪਣੇ ਹੱਥ ਜੋੜ ਲਏ। ਮੀਤ ਸਿੰਘ ਸਭ ਦੇ ਸਾਹਮਣੇ ਆਪਣੀ ਥਾਂ ਤੇ ਖੜ੍ਹਾ ਹੋਇਆ। ਉਸ ਨੇ ਦਸ ਗੁਰੂਆਂ, ਸਿੱਖ ਸ਼ਹੀਦਾਂ ਅਤੇ ਸਿੱਖ ਗੁਰਧਾਮਾਂ ਦੇ ਨਾਂ ਲਏ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲਿਆ; ਸੰਗਤ ਨੇ ਹਰ ਜਾਚਨਾ ਦੇ ਅੰਤ ਉਤੇ ਉਚੀ ਦੇਣੇ "ਵਾਹਿਗੁਰੂ" ਬੋਲਕੇ ਆਪਣੀ ਸਹਿਮਤੀ ਦਿਤੀ। ਉਹ ਆਪਣੇ ਗੋਡਿਆਂ ਭਾਰ ਝੁਕੇ ਅਤੇ ਮੱਥਾ ਟੇਕਿਆ। ਪਾਠ ਪੂਰਾ ਹੋ ਗਿਆ। ਮੀਤ ਸਿੰਘ ਆਇਆ ਅਤੇ ਉਨ੍ਹਾਂ ਨਾਲ ਸ਼ਾਮਲ ਹੋ ਗਿਆ।

ਇਹ ਇਕ ਪਵਿੱਤਰ ਸਭਾ ਸੀ। ਕੇਵਲ ਬੱਚੇ ਹੀ ਖੇਡ ਰਹੇ ਸਨ। ਉਹ ਹੱਸਦੇ ਹੋਏ ਅਤੇ ਲੜਾਈ ਝੱਗੜਾ ਕਰਦੇ ਹੋਏ ਕਮਰੇ ਵਿਚ ਇਕ ਦੂਜੇ ਪਿਛੇ ਦੌੜ ਰਹੇ ਸਨ। ਵਡਿਆਂ ਨੇ ਬੱਚਿਆਂ ਨੂੰ ਝਿੜਕਾਂ ਮਾਰੀਆਂ। ਇਕ ਇਕ ਕਰਕੇ ਬੱਚੇ ਮਾਵਾਂ ਦੀਆਂ ਬੁਕਲਾਂ ਵਿਚ ਪਰਤ ਆਏ ਅਤੇ ਸੌਂ ਗਏ। ਫਿਰ ਮਰਦ ਅਤੇ ਔਰਤਾਂ ਵੀ ਕਮਰੇ ਦੇ ਵੱਖ ਵੱਖ ਭਾਗਾਂ ਵਿਚ ਫਰਸ਼ ਉਤੇ ਲੇਟ ਗਏ।

ਦਿਨ ਵਿਚ ਵਾਪਰੀਆਂ ਘਟਨਾਵਾਂ ਅਜਿਹੀਆਂ ਨਹੀਂ ਸਨ ਕਿ ਨੀਂਦ ਵਿਚ ਭੁਲਾਈਆਂ ਜਾ ਸਕਦੀਆਂ। ਬਹੁਤ ਸਾਰੇ ਤਾਂ ਉਕਾ ਹੀ ਸੌਂ ਨਹੀਂ ਸਕੇ। ਕਈ ਮੌਜ ਨਾਲ ਸੁੱਤੇ ਪਰ ਜਿਉਂ ਹੀ ਕਿਸੇ ਗੁਆਂਢੀ ਦੀ ਲੱਤ ਜਾਂ ਬਾਂਹ ਉਨ੍ਹਾਂ ਨਾਲ ਲੱਗ ਜਾਂਦੀ ਤਾਂ ਉਹ ਤਰੱਭਕ ਕੇ ਚੀਕਾਂ ਮਾਰਦੇ ਉਠ ਜਾਂਦੇ। ਇਥੋਂ ਤਕ ਕਿ ਜੋ ਲੋਕ ਲਾਪ੍ਰਵਾਹੀ ਨਾਲ ਘੁਰਾੜੇ ਮਾਰ ਰਹੇ ਸਨ, ਉਨ੍ਹਾਂ ਵੀ ਸੁਪਨਿਆਂ ਵਿਚ ਦਿਨ ਦੀਆਂ ਘਟਨਾਵਾਂ ਨੂੰ ਹੀ ਦੇਖਿਆ ਅਤੇ ਜੀਵਿਆ। ਉਨ੍ਹਾਂ ਮੋਟਰ ਗੱਡੀਆਂ ਦੀ ਆਵਾਜ਼, ਪਸ਼ੂਆਂ ਦੇ ਰਿੰਗਣ ਦੀ ਆਵਾਜ਼ ਅਤੇ ਲੋਕਾਂ ਦੇ ਚੀਕਣ ਰੋਣ ਦੀ ਆਵਾਜ਼ ਸੁਣੀ। ਉਨ੍ਹਾਂ ਸੁੱਤੇ ਹੋਇਆਂ ਵੀ ਹਉਕੇ ਭਰੇ ਅਤੇ ਉਨ੍ਹਾਂ ਦੀਆਂ ਦਾੜ੍ਹੀਆਂ ਉਨ੍ਹਾਂ ਦੇ ਅਥਰੂਆਂ ਨਾਲ ਭਿੱਜ ਗਈਆਂ ਸਨ।

ਜਦੋਂ ਮੋਟਰ ਦੇ ਹੌਰਨ ਦੀ ਆਵਾਜ਼ ਇਕ ਵਾਰ ਫਿਰ ਸੁਣਾਈ ਦਿਤੀ, ਜਿਹੜੇ ਸੁੱਤ ਉਨੀਂਦਰੇ ਵਿਚ ਜਾਗ ਰਹੇ ਸਨ, ਉਨ੍ਹਾਂ ਨੇ ਸੋਚਿਆ ਕਿ ਉਹ ਸੁਪਨਾ ਵੇਖ ਰਹੇ ਹਨ। ਜਿਹੜੇ ਸੁਪਨਾ ਦੇਖ ਹੀ ਰਹੇ ਸਨ, ਉਨ੍ਹਾਂ ਸੋਚਿਆ ਕਿ ਇਹ ਆਵਾਜ਼ ਉਹ ਸੁਪਨੇ ਵਿਚ ਹੀ ਸੁਣ ਰਹੇ ਹਨ। ਇਥੋਂ ਤਕ ਉਨ੍ਹਾਂ ਆਪਣੇ ਸੁਪਨੇ ਵਿਚ ਜਿਸ ਆਵਾਜ਼ ਨੂੰ "ਕੀ ਤੁਸੀਂ ਸਭ ਮਰ ਗਏ ਹੋ?" ਕਹਿੰਦਿਆਂ ਸੁਣਿਆ,

ਉਸ ਦੇ ਜਵਾਬ ਵਿਚ ਕਿਹਾ, "ਹਾਂ, ਹਾਂ।"

ਦੇਰ ਰਾਤ ਨੂੰ ਉਹੋ ਜਿਹੀ ਹੀ ਜੀਪ ਆਈ ਜਿਹੋ ਜਿਹੀ ਕਲ੍ਹ ਸਵੇਰੇ ਫੌਜੀ ਅਫਸਰਾਂ ਦੀ ਆਈ ਸੀ। ਇਸ ਨੂੰ ਪਿੰਡ ਦੇ ਸਾਰੇ ਰਸਤਿਆਂ ਦਾ ਪਤਾ ਜਾਪਦਾ ਸੀ। ਇਹ ਘਰ ਘਰ ਗਈ ਅਤੇ ਦਰਵਾਜ਼ੇ ਤੋਂ ਪੁਛਿੱਆ, "ਕੋਈ ਹੈ ਅੰਦਰ?" ਜਵਾਬ ਵਿਚ ਕੇਵਲ ਕੁੱਤੇ ਹੀ ਭੌਂਕੇ। ਫਿਰ ਇਹ ਗੁਰਦੁਆਰੇ ਆ ਗਈ, ਜਿਥੇ ਇਸ ਦਾ ਇੰਜਣ ਬੰਦ ਕਰ ਦਿਤਾ ਗਿਆ। ਦੋ ਬੰਦੇ ਵਿਹੜੇ ਵਿਚ ਲੰਘ ਆਏ। ਉਨ੍ਹਾਂ ਚੀਕ ਕੇ ਪੁਛਿਆ, "ਕੀ ਇਥੇ ਹੈ ਕੋਈ ਜਾਂ ਤੁਸੀਂ ਸਭ ਮਰ ਗਏ ਹੋ?"

ਹਰ ਕੋਈ ਖੜ੍ਹਾ ਹੋ ਗਿਆ। ਕੁਝ ਬੱਚੇ ਰੋਣ ਵੀ ਲੱਗ ਪਏ। ਮੀਤ ਸਿੰਘ ਨੇ ਆਪਣੀ ਲਾਲਟੈਣ ਦੀ ਬੱਤੀ ਉਚੀ ਕਰ ਦਿਤੀ। ਉਹ ਅਤੇ ਲੰਬੜਦਾਰ ਮਹਿਮਾਨਾਂ ਨੂੰ ਮਿਲਣ ਲਈ ਬਾਹਰ ਨਿਕਲੇ।

ਆਏ ਆਦਮੀਆਂ ਨੇ ਦੇਖਿਆ ਕਿ ਉਨ੍ਹਾਂ ਕਿੰਨੀ ਹੱਲਚਲ ਮਚਾ ਦਿਤੀ ਹੈ। ਉਨ੍ਹਾਂ ਲੰਬੜਦਾਰ ਅਤੇ ਮੀਤ ਸਿੰਘ ਨੂੰ ਅਣਡਿੱਠ ਕਰ ਦਿਤਾ ਅਤੇ ਵਡੇ ਕਮਰੇ ਦੀਆਂ ਬਰੂਹਾਂ ਤੇ ਆ ਗਏ। ਇਕ ਜਣੇ ਨੇ ਪਰੇਸ਼ਾਨ ਹੋਈ ਸੰਗਤ ਵੱਲ ਦੇਖਿਆ ਅਤੇ ਪੁਛਿਆ:

"ਕੀ ਤੁਸੀਂ ਸਭ ਮਰ ਗਏ ਹੋ?"

"ਕੋਈ ਜਿਉਂਦਾ ਹੈ ਤੁਹਾਡੇ ਵਿਚੋਂ?" ਦੂਜੇ ਨੇ ਹੋਰ ਪੁਛਿਆ।

ਲੰਬੜਦਾਰ ਨੇ ਗੁੱਸੇ ਨਾਲ ਜਵਾਬ ਦਿਤਾ, "ਇਸ ਪਿੰਡ ਵਿਚ ਕੋਈ ਵੀ ਮੁਰਦਾ ਨਹੀਂ ਹੈ। ਕੀ ਚਾਹੁੰਦੇ ਹੋ ਤੁਸੀਂ?"

ਆਏ ਬੰਦਿਆਂ ਦੇ ਕੁਝ ਵੀ ਜਵਾਬ ਦੇਣ ਤੋਂ ਪਹਿਲਾਂ ਦੋ ਹੋਰ ਬੰਦੇ ਉਨ੍ਹਾਂ ਨਾਲ ਆ ਰਲੇ। ਸਾਰੇ ਹੀ ਸਿੱਖ ਸਨ। ਉਨ੍ਹਾਂ ਖਾਕੀ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਮੋਢਿਆਂ ਉਤੇ ਬੰਦੂਕਾਂ ਲਟਕਾਈਆਂ ਹੋਈਆਂ ਸਨ।

"ਇਹ ਪਿੰਡ ਬਿਲਕੁਲ ਮੁਰਦਾ ਦਿਸਦਾ ਹੈ," ਇਕ ਅਜਨਬੀ ਨੇ ਆਪਣੇ ਨਾਲ ਦੇ ਸਾਥੀਆਂ ਨੂੰ ਮੁਖਾਤਬ ਹੁੰਦਿਆਂ ਉਚੀ ਆਵਾਜ਼ ਵਿਚ ਦੁਹਰਾਇਆ।

"ਗੁਰੂ ਦੀ ਇਸ ਪਿੰਡ ਉਤੇ ਕਿਰਪਾ ਰਹੀ ਹੈ। ਇਥੇ ਕੋਈ ਵੀ ਮਰਿਆ ਨਹੀਂ," ਮੀਤ ਸਿੰਘ ਨੇ ਫ਼ਖ਼ਰ ਨਾਲ ਜਵਾਬ ਦਿਤਾ।

"ਠੀਕ ਹੈ, ਜੇ ਪਿੰਡ ਮਰਿਆ ਨਹੀਂ ਤਾਂ ਇਸ ਨੂੰ ਮਰ ਜਾਣਾ ਚਾਹੀਦੈ। ਚੁਲੀ ਭਰ ਪਾਣੀ ਵਿਚ ਡੁੱਬ ਮਰਨਾ ਚਾਹੀਦੈ। ਇਸ ਵਿਚ ਸਾਰੇ ਹੀਜੜੇ ਹੀ ਵਸਦੇ ਨੇ," ਆਉਣ ਵਾਲੇ ਨੇ ਹੱਥ ਹਿਲਾਉਂਦਿਆਂ ਗੁੱਸੇ ਨਾਲ ਕਿਹਾ।

ਅਜਨਬੀਆਂ ਨੇ ਆਪਣੀਆਂ ਜੁੱਤੀਆਂ ਉਤਾਰੀਆਂ ਅਤੇ ਵਡੇ ਹਾਲ ਕਮਰੇ ਦੇ ਅੰਦਰ ਆ ਗਏ। ਲੰਬੜਦਾਰ ਅਤੇ ਮੀਤ ਸਿੰਘ ਉਨ੍ਹਾਂ ਦੇ ਮਗਰ ਮਗਰ ਆ

ਗਏ। ਆਦਮੀ ਉਠਕੇ ਬੈਠ ਗਏ ਅਤੇ ਢੱਠ ਗਈਆਂ ਪੱਗਾਂ ਠੀਕ ਕਰਕੇ ਬੰਨ੍ਹ ਲਈਆਂ। ਔਰਤਾਂ ਨੇ ਬੱਚੇ ਆਪਣੀਆਂ ਗੋਦੀਆਂ ਵਿਚ ਚੁਕ ਲਏ ਅਤੇ ਥਾਪੜਣ ਲੱਗ ਪਈਆਂ ਕਿ ਉਹ ਫਿਰ ਸੌਂ ਜਾਣ।

ਅਜਨਬੀਆਂ ਦੀ ਟੋਲੀ ਵਿਚੋਂ ਇਕ, ਜੋ ਉਨ੍ਹਾਂ ਦਾ ਆਗੂ ਜਾਪਦਾ ਸੀ, ਨੇ ਬਾਕੀਆਂ ਨੂੰ ਇਸ਼ਾਰਾ ਕੀਤਾ ਕਿ ਬੈਠ ਜਾਣ। ਸਭ ਬੈਠ ਗਏ। ਆਗੂ ਦਾ ਲਹਿਜ਼ਾ ਬੜਾ ਹਮਲਾਵਰ ਅਤੇ ਹਾਕਮਾਨਾ ਸੀ। ਉਹ ਅਜੇ ਅਲ੍ਹੜ ਛੋਕਰਾ ਹੀ ਸੀ ਜਿਸ ਨੇ ਆਪਣੀ ਨਿਕੀ ਨਿਕੀ ਦਾੜ੍ਹੀ ਫਿਕਸੋ ਲਾ ਕੇ ਜਮਾਈ ਹੋਈ ਸੀ। ਕੱਦ ਉਸ ਦਾ ਛੋਟਾ ਸੀ, ਜੁੱਸਾ ਵੀ ਜ਼ਰਾ ਤਕੜਾ ਸੀ ਅਤੇ ਕੁਲ ਮਿਲਾਕੇ ਛੁਰਲੀ ਲੱਗਦਾ ਸੀ। ਉਸ ਦੀ ਚਮਕਦਾਰ ਨੀਲੀ ਪੱਗ ਦੀ ਤਿੱਖੀ ਨੋਕ ਵਿਚੋਂ ਲਾਲ ਰਿਬਨ ਦੀ ਫਿਫਟੀ ਲਿਸ਼ਕ ਰਹੀ ਸੀ। ਉਸ ਨੇ ਕਾਲੇ ਚਮੜੇ ਦੀ ਫੌਜੀ ਪੇਟੀ ਪਹਿਨੀ ਹੋਈ ਸੀ; ਉਸ ਦੀ ਸੌੜੀ ਛਾਤੀ ਉਤੇ ਵੱਧਰੀ ਵਿਚ ਗੋਲੀਆਂ ਭਰੀਆਂ ਹੋਈਆਂ ਸਨ ਅਤੇ ਚੌੜੀ ਪੇਟੀ ਉਸ ਦੇ ਹੋਰ ਵੀ ਪਤਲੇ ਲੱਕ ਦੁਆਲੇ ਬੰਨ੍ਹੀ ਹੋਈ ਸੀ। ਇਸ ਦੇ ਇਕ ਪਾਸੇ ਹੋਲਸਟਰ ਵਿਚੋਂ ਰੀਵਾਲਵਰ ਦਾ ਮੁੱਠਾ ਨਜ਼ਰ ਆ ਰਿਹਾ ਸੀ; ਦੂਜੇ ਪਾਸੇ ਇਕ ਛੁਰਾ ਲਟਕ ਰਿਹਾ ਸੀ। ਉਸ ਦੀ ਦਿੱਖ ਇੰਜ ਲੱਗਦੀ ਸੀ ਜਿਵੇ ਉਸ ਦੀ ਮਾਂ ਨੇ ਉਸ ਨੂੰ ਅਮਰੀਕੀ ਕਊ ਬੁਆਏ ਵਾਂਗ ਕਪੜੇ ਪੁਆ ਕੇ ਤਿਆਰ ਕੀਤਾ ਹੋਵੇ।

ਮੁੰਡੇ ਨੇ ਆਪਣੇ ਰੀਵਾਲਵਰ ਦੇ ਹੋਲਸਟਰ ਨੂੰ ਪਲੋਸਿਆ ਅਤੇ ਉਂਗਲਾਂ ਛਾਤੀ ਉਤੇ ਵੱਧਰੀ ਵਿਚ ਲੱਗੀਆਂ ਹੋਈਆਂ ਗੋਲ਼ੀਆਂ ਦੀਆਂ ਚਾਂਦੀ ਰੰਗੀਆਂ ਨੋਕਾਂ ਤੇ ਫੇਰੀਆਂ। ਉਸ ਨੇ ਆਸੇ ਪਾਸੇ ਭਰਪੂਰ ਵਿਸ਼ਵਾਸ ਨਾਲ ਨਜ਼ਰ ਮਾਰੀ।

"ਕੀ ਇਹ ਸਿੱਖਾਂ ਦਾ ਪਿੰਡ ਹੈ?" ਉਸ ਨੇ ਗੁਸਤਾਖੀ ਨਾਲ ਪੁਛਿਆ। ਪਿੰਡ ਵਾਸੀਆਂ ਨੂੰ ਸਪਸ਼ਟ ਸੀ ਕਿ ਉਹ ਪੜ੍ਹਿਆ ਲਿਖਿਆ ਸ਼ਹਿਰੀ ਸੀ। ਅਜਿਹੇ ਬੰਦੇ ਕਿਸਾਨਾਂ ਨਾਲ ਗੱਲ ਕਰਦੇ ਸਮੇਂ ਫੂੰ ਫਾਂ ਬਹੁਤ ਕਰਦੇ ਸਨ। ਨਾ ਉਹ ਉਮਰ ਦਾ ਲਿਹਾਜ਼ ਕਰਦੇ ਸਨ ਅਤੇ ਨਾ ਹੀ ਰੁਤਬੇ ਦਾ।

"ਜੀ, ਜਨਾਬ," ਲੰਬੜਦਾਰ ਨੇ ਜਵਾਬ ਦਿਤਾ। "ਇਹ ਹਮੇਸ਼ਾ ਹੀ ਸਿੱਖ ਪਿੰਡ ਰਿਹੈ। ਸਾਡੇ ਇਥੇ ਮੁਸਲਿਮ ਮੁਜ਼ਾਰੇ ਸਨ ਪਰ ਉਹ ਚਲੇ ਗਏ ਹਨ।"

"ਕਿਹੋ ਜਿਹੇ ਸਿੱਖ ਹੋ ਤੁਸੀਂ?" ਮੁੰਡੇ ਨੇ ਮੱਥੇ ਵੱਟ ਪਾ ਕੇ ਖਤਰਨਾਕ ਢੰਗ ਨਾਲ ਪੁਛਿਆ। ਉਸ ਨੇ ਅਗੇ ਆਪਣੇ ਸਵਾਲ ਨੂੰ ਵਰਣਨ ਕੀਤਾ, "ਮਰਦ ਕਿ ਨਾਮਰਦ?"

ਕਿਸੇ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਕਹੇ। ਕਿਸੇ ਨੇ ਵੀ ਇਹ ਰੋਸ ਨਹੀਂ ਕੀਤਾ ਕਿ ਇਸ ਤਰ੍ਹਾਂ ਦੇ ਸ਼ਬਦ ਗੁਰਦੁਆਰੇ ਵਿਚ, ਖਾਸ ਕਰਕੇ ਇਸਤਰੀਆਂ ਅਤੇ ਬੱਚਿਆਂ ਦੀ ਹਾਜ਼ਰੀ ਵਿਚ, ਬੋਲੇ ਨਹੀਂ ਜਾਂਦੇ।

"ਕੀ ਤੁਹਾਨੂੰ ਪਤੈ ਕਿ ਕਿੰਨੀਆਂ ਗੱਡੀਆਂ ਉਸ ਪਾਸਿਓਂ ਮਾਰੇ ਗਏ ਸਿੱਖਾਂ ਅਤੇ ਹਿੰਦੂਆਂ ਨਾਲ ਭਰੀਆਂ ਇਧਰ ਆਈਆਂ ਹਨ? ਕੀ ਤੁਹਾਨੂੰ ਰਾਵਲਪਿੰਡੀ ਅਤੇ ਮੁਲਤਾਨ, ਗੁਜਰਾਂਵਾਲਾ ਅਤੇ ਸ਼ੇਖੂਪੁਰਾ ਵਿਚ ਹੋਏ ਕਤਲਾਮਾਂ ਦਾ ਪਤਾ ਹੈ? ਤੁਸੀਂ ਇਸ ਸੰਬੰਧੀ ਕੀ ਕਰ ਰਹੇ ਹੋ? ਤੁਸੀਂ ਸਿਰਫ ਖਾਂਦੇ ਹੋ ਅਤੇ ਸੌਂਦੇ ਹੋ, ਫਿਰ ਵੀ ਤੁਸੀਂ ਆਪਣੇ ਆਪ ਨੂੰ ਸਿੱਖ ਕਹਿੰਦੇ ਹੋ — ਸੂਰਮੇ ਸਿੱਖ! ਮਾਰਸ਼ਲ ਕੌਮ!" ਉਸ ਨੇ ਆਪਣੇ ਤਾਅਨੇ ਉਤੇ ਜ਼ੋਰ ਦੇਣ ਲਈ ਬਾਹਾਂ ਉਪਰ ਚੁਕਦਿਆਂ ਅਗੇ ਕਿਹਾ। ਉਸ ਨੇ ਸੰਗਤ ਨੂੰ ਆਪਣੀਆਂ ਚਮਕਦਾਰ ਅੱਖਾਂ ਨਾਲ ਇਧਰ ਤੋਂ ਉਧਰ ਦੇਖਿਆ ਜਿਵੇਂ ਉਨ੍ਹਾਂ ਨੂੰ ਵੰਗਾਰ ਰਿਹਾ ਹੋਵੇ ਕਿ ਹੈ ਕੋਈ ਉਸ ਦੀ ਗੱਲ ਨੂੰ ਕੱਟਣ ਵਾਲਾ। ਲੋਕਾਂ ਨੇ ਅੱਖਾਂ ਨੀਵੀਆਂ ਕਰ ਲਈਆਂ ਜਿਵੇਂ ਆਪਣੇ ਆਪ ਉਤੇ ਸ਼ਰਮ ਆ ਰਹੀ ਹੋਵੇ।

"ਅਸੀਂ ਕੀ ਕਰ ਸਕਦੇ ਹਾਂ, ਸਰਦਾਰ ਜੀ?" ਲੰਬੜਦਾਰ ਨੇ ਸਵਾਲ ਕੀਤਾ। "ਜੇ ਸਾਡੀ ਸਰਕਾਰ ਪਾਕਿਸਤਾਨ ਖਿਲਾਫ ਜੰਗ ਛੇੜ ਦੇਵੇ, ਅਸੀਂ ਲੜਾਂਗੇ। ਵਰਨਾ ਅਸੀਂ ਇਥੇ ਮਨੋ ਮਾਜਰਾ ਵਿਚ ਬੈਠੇ ਕੀ ਕਰ ਸਕਦੇ ਹਾਂ?"

"ਸਰਕਾਰ!" ਮੁੰਡੇ ਨੇ ਘਿਰਣਾ ਨਾਲ ਖਿੱਲੀ ਉਡਾਈ। "ਤੁਸੀਂ ਸਰਕਾਰ ਕੋਲੋਂ ਕੁਝ ਕਰਨ ਦੀ ਉਮੀਦ ਰਖਦੇ ਹੋ? ਸਰਕਾਰ ਜੋ ਡਰਪੋਕ ਬਾਣੀਆਂ ਸੂਦਖੋਰਾਂ ਦੀ ਬਣੀ ਹੋਈ ਹੈ! ਜਦੋਂ ਪਾਕਿਸਤਾਨ ਦੇ ਮੁਸਲਮਾਨ ਤੁਹਾਡੀਆਂ ਭੈਣਾਂ ਨਾਲ ਜਬਰਜਨਾਹ ਕਰਦੇ ਹਨ, ਤਾਂ ਕੀ ਉਹ ਪਹਿਲਾਂ ਸਰਕਾਰ ਕੋਲੋਂ ਆਗਿਆ ਲੈਣ ਲਈ ਬਿਨੈ ਪੱਤਰ ਭੇਜਦੇ ਹਨ। ਜਦੋਂ ਰੇਲ ਗੱਡੀਆਂ ਰੋਕ ਕੇ ਹਰ ਕਿਸੇ ਨੂੰ, ਬਜ਼ੁਰਗਾਂ ਨੂੰ, ਔਰਤਾਂ ਨੂੰ ਅਤੇ ਬੱਚਿਆਂ ਨੂੰ ਕਤਲ ਕਰਦੇ ਹਨ ਤਾਂ ਕੀ ਉਹ ਸਰਕਾਰ ਨੂੰ ਪ੍ਰਵਾਨਗੀ ਲਈ ਅਰਜ਼ੀ ਭੇਜਦੇ ਹਨ? ਅਤੇ ਤੁਸੀਂ ਚਾਹੁੰਦੇ ਹੋ ਕਿ ਸਰਕਾਰ ਕੁਝ ਕਰੇ! ਕਮਾਲ ਦੀ ਗੱਲ ਹੈ! ਸ਼ਾਬਾਸ਼! ਸੂਰਬੀਰੋ!" ਉਸ ਨੇ ਆਪਣੀ ਵੱਖੀ ਤੇ ਲਟਕ ਰਹੇ ਹੋਲਸਟਰ ਨੂੰ ਮੌਜੀ ਥੱਪਥੱਪੀ ਦਿਤੀ।

"ਪਰ, ਸਰਦਾਰ ਸਾਹਿਬ," ਲੰਬੜਦਾਰ ਨੇ ਹਕਲਾਉਂਦਿਆਂ ਕਿਹਾ, "ਇਹ ਤਾਂ ਦੱਸੋ ਕਿ ਅਸੀਂ ਕਰੀਏ ਕੀ?"

"ਇਹ ਹੋਈ ਨਾ ਗੱਲ," ਮੁੰਡੇ ਨੇ ਜਵਾਬ ਦਿਤਾ। "ਹੁਣ ਅਸੀਂ ਗੱਲ ਕਰ ਸਕਦੇ ਹਾਂ। ਸੁਣੋ ਪਰ ਬਹੁਤ ਧਿਆਨ ਨਾਲ ਸੁਣੋ।" ਉਹ ਜ਼ਰਾ ਕੁ ਰੁਕਿਆ, ਆਸੇ ਪਾਸੇ ਦੇਖਿਆ ਅਤੇ ਫਿਰ ਹੌਲੀ ਹੌਲੀ ਬੋਲਿਆ ਅਤੇ ਹਰ ਵਾਕ ਉਤੇ ਹਵਾ ਵਿਚ ਆਪਣੀ ਪਹਿਲੀ ਉਂਗਲ ਨਾਲ ਚੋਭ ਦਿੰਦਾ ਹੋਇਆ ਜ਼ੋਰ ਦਿੰਦਾ ਰਿਹਾ। "ਇਕ ਇਕ ਹਿੰਦੂ ਜਾਂ ਸਿੱਖ ਜਿਸ ਨੂੰ ਉਹ ਮਾਰਦੇ ਹਨ, ਦੇ ਬਦਲੇ ਦੋ ਦੋ ਮੁਸਲਮਾਨ ਮਾਰੋ। ਇਕ ਇਕ ਔਰਤ ਜਿਸ ਨੂੰ ਉਹ ਉਧਾਲ ਲਿਜਾਂਦੇ ਜਾਂ ਜਬਰਜਨਾਹ ਕਰਦੇ ਹਨ, ਦੇ ਬਦਲੇ ਦੋ ਦੋ ਮੁਸਲਿਮ ਔਰਤਾਂ ਨਾਲ ਇਹੋ ਕੁਝ ਕਰੋ। ਇਕ ਇਕ ਕਾਫਲੇ ਜਿਸ ਉਤੇ ਉਹ ਹਮਲਾ ਕਰਦੇ ਹਨ, ਦੇ ਬਦਲੇ ਵਿਚ

ਦੋ ਦੋ ਕਾਫਲਿਆਂ ਉਤੇ ਹਮਲੇ ਕਰੋ। ਇਕ ਇਕ ਗੱਡੀ ਜੋ ਲਾਸ਼ਾਂ ਨਾਲ ਭਰੀ ਉਹ ਭੇਜਦੇ ਹਨ, ਉਸ ਬਦਲੇ ਉਧਰ ਦੋ ਦੋ ਭੇਜੋ। ਇਕ ਇਕ ਘਰ ਜੋ ਉਹ ਲੁੱਟਦੇ ਹਨ, ਉਸਦੇ ਬਦਲੇ ਦੋ ਦੋ ਲੁੱਟੋ। ਇਸੇ ਨਾਲ ਦੂਜੇ ਪਾਸੇ ਹੋ ਰਹੀ ਕਤਲੋਗਾਰਤ ਬੰਦ ਹੋਵੇਗੀ। ਇਸ ਨਾਲ ਉਨ੍ਹਾਂ ਨੂੰ ਸਬਕ ਮਿਲੇਗਾ ਕਿ ਅਸੀਂ ਵੀ ਇਹ ਮਾਰਨ ਅਤੇ ਲੁੱਟਣ ਦੀ ਖੇਡ ਖੇਡਣਾ ਜਾਣਦੇ ਹਾਂ।"

ਉਹ ਰੁਕ ਗਿਆ, ਇਹ ਦੇਖਣ ਲਈ ਕਿ ਉਸ ਦੀ ਤਕਰੀਰ ਨੇ ਕੀ ਅਸਰ ਪਾਇਆ ਹੈ। ਲੋਕਾਂ ਨੇ ਮੂੰਹ ਖੋਲ੍ਹਕੇ ਉਸ ਨੂੰ ਧਿਆਨ ਨਾਲ ਸੁਣਿਆ। ਕੇਵਲ ਮੀਤ ਸਿੰਘ ਨੇ ਪ੍ਰਭਾਵ ਨਹੀਂ ਕਬੂਲਿਆ, ਉਸ ਨੇ ਆਪਣਾ ਗਲ਼ਾ ਸਾਫ ਕੀਤਾ, ਪਰ ਰੁਕ ਗਿਆ।

"ਹੂੰ, ਭਰਾਵੋ, ਤੁਸੀਂ ਚੁੱਪ ਕਿਉਂ ਬੈਠੇ ਹੋ?" ਮੁੰਡੇ ਨੇ ਵੰਗਾਰ ਸੁੱਟਦਿਆਂ ਪੁਛਿਆ।

"ਮੈਂ ਕਹਿਣ ਲੱਗਾ ਸੀ," ਮੀਤ ਸਿੰਘ ਨੇ ਝਿਜਕਦਿਆਂ ਕਿਹਾ। "ਮੈਂ ਕਹਿਣ ਲੱਗਾ ਸੀ," ਉਸ ਨੇ ਦੁਹਰਾਇਆ, "ਇਥੋਂ ਦੇ ਮੁਸਲਮਾਨਾਂ ਨੇ ਸਾਡਾ ਕੀ ਵਿਗਾੜਿਆ ਹੈ ਕਿ ਅਸੀਂ, ਪਾਕਿਸਤਾਨ ਵਿਚ ਮੁਸਲਮਾਨਾਂ ਨੇ ਜੋ ਕੀਤਾ ਹੈ, ਉਸ ਦਾ ਬਦਲਾ ਲੈਣ ਲਈ, ਉਨ੍ਹਾਂ ਨੂੰ ਇਥੇ ਮਾਰੀਏ? ਜਿਨ੍ਹਾਂ ਜੁਰਮ ਕੀਤੇ ਹਨ, ਸਜ਼ਾ ਵੀ ਉਨ੍ਹਾਂ ਨੂੰ ਹੀ ਮਿਲਣੀ ਚਾਹੀਦੀ ਹੈ।"

ਮੁੰਡੇ ਨੇ ਮੀਤ ਸਿੰਘ ਨੂੰ ਗੁੱਸੇ ਨਾਲ ਦੇਖਿਆ। "ਪਾਕਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਨੇ ਕੀ ਜੁਰਮ ਕੀਤੇ ਸਨ ਕਿ ਵੱਢਿਆ ਟੁੱਕਿਆ ਗਿਆ? ਕੀ ਉਹ ਬੇਗੁਨਾਹ ਨਹੀਂ ਸਨ? ਕੀ ਉਨ੍ਹਾਂ ਔਰਤਾਂ ਨੇ ਕੋਈ ਅਪਰਾਧ ਕੀਤੇ ਸਨ ਜਿਨ੍ਹਾਂ ਦੇ ਬਲਾਤਕਾਰ ਕੀਤੇ ਗਏ? ਕੀ ਬੱਚਿਆਂ ਨੇ ਕੋਈ ਕਤਲ ਕੀਤੇ ਸਨ ਜੋ ਉਨ੍ਹਾਂ ਨੂੰ ਮਾਂ-ਬਾਪ ਦੇ ਸਾਹਮਣੇ ਬਰਛਿਆਂ ਤੇ ਟੰਗਿਆ ਗਿਆ?"

ਮੀਤ ਸਿੰਘ ਨੂੰ ਦਬਾ ਲਿਆ ਗਿਆ ਸੀ। ਪਰ ਮੁੰਡਾ ਉਸ ਦੇ ਹੋਰ ਰਗੜੇ ਕੱਢਣਾ ਚਾਹੁੰਦਾ ਸੀ। "ਕਿਉਂ, ਭਰਾ? ਹੁਣ ਬੋਲੋ ਤੇ ਦੱਸੋ ਜੋ ਤੁਸੀਂ ਕਹਿਣਾ ਚਾਹੁੰਦੇ ਸੀ?"

"ਮੈਂ ਤਾਂ ਬੁੱਢਾ ਭਾਈ ਹਾਂ; ਮੈਂ ਆਪਣੇ ਹੱਥ ਕਿਸੇ ਦੇ ਖਿਲਾਫ ਨਹੀਂ ਚੁੱਕ ਸਕਦਾ — ਲੜਾਈ ਵਿਚ ਲੜਨਾ ਜਾਂ ਕਾਤਲ ਦਾ ਕਤਲ ਕਰਨਾ ਤਾਂ ਕੀ। ਬੇਹਥਿਆਰ ਮਾਸੂਮ ਲੋਕਾਂ ਨੂੰ ਮਾਰਨਾ ਕਿਧਰ ਦੀ ਬਹਾਦਰੀ ਹੈ। ਜਿਥੋਂ ਤਕ ਔਰਤਾਂ ਦਾ ਸਵਾਲ ਹੈ, ਤੁਸੀਂ ਜਾਣਦੇ ਹੋ ਕਿ ਅੰਤਮ ਗੁਰੂ, ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੀ ਮਰਿਆਦਾ ਦਾ ਹਿੱਸਾ ਬਣਾਇਆ ਸੀ ਕਿ ਕੋਈ ਸਿੱਖ ਮੁਸਲਮਾਨ ਔਰਤਾਂ ਨੂੰ ਹੱਥ ਨਹੀਂ ਲਾਵੇਗਾ। ਅਤੇ ਇਹ ਤਾਂ ਰੱਬ ਹੀ ਜਾਣਦਾ ਹੈ ਕਿ ਉਸ ਨੇ ਮੁਸਲਮਾਨਾਂ ਹੱਥੋਂ ਕੀ ਕੀ ਜ਼ੁਲਮ ਸਹੇ ਸਨ! ਉਨ੍ਹਾਂ ਉਸ ਦੇ ਚਾਰੇ ਪੁੱਤਰ ਹੀ ਮਾਰ ਦਿਤੇ ਸਨ।..."

"ਇਸ ਕਿਸਮ ਦੀ ਸਿੱਖੀ ਕਿਸੇ ਹੋਰ ਨੂੰ ਸਿਖਾਉਣੀ," ਮੁੰਡੇ ਨੇ ਘਿਰਣਾ ਨਾਲ ਟੋਕ ਦਿਤਾ। "ਇਹ ਤੁਹਾਡੇ ਵਰਗੇ ਹੀ ਲੋਕ ਹਨ ਜੋ ਇਸ ਦੇਸ਼ ਦਾ ਕਲੰਕ ਹਨ। ਤੁਸੀਂ ਇਹ ਤਾਂ ਦੱਸਦੇ ਹੋ ਕਿ ਗੁਰੂ ਨੇ ਔਰਤਾਂ ਬਾਰੇ ਕੀ ਕਿਹਾ, ਪਰ ਇਹ ਕਿਉਂ ਨਹੀਂ ਦੱਸਦੇ ਕਿ ਗੁਰੂ ਨੇ ਮੁਸਲਮਾਨਾਂ ਬਾਰੇ ਕੀ ਆਖਿਆ ਸੀ।

"ਹਾਂ," ਮੀਤ ਸਿੰਘ ਨੇ ਮਿਮਿਆਕੇ ਜਵਾਬ ਦਿਤਾ। "ਪਰ ਕੋਈ ਵੀ ਤੁਹਾਨੂੰ ਉਨ੍ਹਾਂ ਨਾਲ ਦੋਸਤੀ ਕਰਨ ਲਈ ਨਹੀਂ ਆਖ ਰਿਹਾ। ਨਾਲੇ, ਗੁਰੂ ਜੀ ਦੀ ਆਪਣੀ ਫੌਜ ਵਿਚ ਵੀ ਮੁਸਲਮਾਨ ਸਨ...।"

"ਅਤੇ ਉਨ੍ਹਾਂ ਚੋਂ ਹੀ ਇਕ ਨੇ ਗੁਰੂ ਨੂੰ ਸੁੱਤੇ ਪਏ ਨੂੰ ਛੁਰਾ ਮਾਰਿਆ ਸੀ।"

ਮੀਤ ਸਿੰਘ ਬੇਚੈਨ ਹੋ ਗਿਆ।

"ਉਨ੍ਹਾਂ ਚੋਂ ਹੀ ਇਕ ਨੇ ਗੁਰੂ ਨੂੰ ਸੁੱਤੇ ਪਏ ਨੂੰ ਛੁਰਾ ਮਾਰਿਆ ਸੀ।" ਮੁੰਡੇ ਨੇ ਦੁਹਰਾਇਆ।

"ਠੀਕ ਐ... ਪਰ ਬੁਰੇ ਵੀ ਹਨ ਅਤੇ ..."

"ਦਿਖਾਓ ਮੈਨੂੰ ਕੋਈ ਚੰਗਾ ਵਾਲਾ।"

ਮੀਤ ਸਿੰਘ ਮੌਕੇ ਦੇ ਜਵਾਬ ਨੂੰ ਕਾਇਮ ਨਾ ਰਖ ਸਕਿਆ। ਉਹ ਆਪਣੇ ਪੈਰਾਂ ਵੱਲ ਹੀ ਦੇਖਦਾ ਰਹਿ ਗਿਆ। ਉਸ ਦੀ ਖਾਮੋਸ਼ੀ ਉਸ ਦੀ ਹਾਰ ਦਾ ਇਕਬਾਲ ਮੰਨੀ ਗਈ।

"ਛੱਡੋ ਉਸ ਨੂੰ। ਉਹ ਬਜ਼ੁਰਗ ਭਾਈ ਹੈ। ਉਸ ਨੂੰ ਆਪਣਾ ਪਾਠ ਅਰਦਾਸ ਹੀ ਕਰਦੇ ਰਹਿਣ ਦਿਓ," ਬਹੁਤ ਸਾਰਿਆਂ ਨੇ ਇਕ ਆਵਾਜ਼ ਵਿਚ ਕਿਹਾ।

ਬੁਲਾਰਾ ਇਹ ਸੁਣਕੇ ਖੁਸ਼ ਹੋਇਆ। ਉਸ ਨੇ ਹੰਕਾਰੀ ਅੰਦਾਜ਼ ਵਿਚ ਸੰਗਤਾਂ ਨੂੰ ਮੁਖਾਤਬ ਕੀਤਾ। "ਯਾਦ ਰਖੋ," ਉਸ ਨੇ ਪੈਗੰਬਰ ਵਾਂਗ ਕਿਹਾ, "ਯਾਦ ਰਖੋ ਅਤੇ ਕਦੇ ਨਾ ਭੁੱਲੋ ... ਮੁਸਲਮਾਨ ਨੂੰ ਕਿਸੇ ਸ਼ਬਦ ਦੀ ਸਮਝ ਨਹੀਂ ਪੈਂਦੀ ਸਿਵਾਇ ਤਲਵਾਰ ਤੋਂ।"

ਸੰਗਤ ਦੀ ਘੁਸਰ ਮੁਸਰ ਨੇ ਸਹਿਮਤੀ ਦੇ ਦਿਤੀ।

"ਕੀ ਇਥੇ ਹੈ ਕੋਈ ਗੁਰੂ ਦਾ ਪਿਆਰਾ? ਕੋਈ ਵੀ ਜੋ ਆਪਣੀ ਜਾਨ ਸਿੱਖ ਕੌਮ ਲਈ ਕੁਰਬਾਨ ਕਰਨਾ ਚਾਹੁੰਦੈ? ਕੋਈ ਵੀ ਸਿਰ ਤਲੀ ਦੇ ਰਖਣ ਵਾਲਾ?" ਉਸ ਨੇ ਹਰ ਵਾਕ ਵੰਗਾਰ ਵਜੋਂ ਬੋਲਿਆ।

ਪਿੰਡ ਵਾਸੀਆਂ ਨੇ ਬੜੀ ਬੇਆਰਾਮੀ ਮਹਿਸੂਸ ਕੀਤੀ। ਇਸ ਭਾਸ਼ਣ ਨੇ ਉਨ੍ਹਾਂ ਨੂੰ ਗੁੱਸਾ ਚੜ੍ਹਾ ਦਿਤਾ ਸੀ ਅਤੇ ਉਹ ਆਪਣੀ ਮਰਦਾਨਗੀ ਸਿੱਧ ਕਰਨਾ ਚਾਹੁੰਦੇ ਸਨ। ਨਾਲ ਹੀ ਮੀਤ ਸਿੰਘ ਦੀ ਮੌਜੂਦਗੀ ਉਨ੍ਹਾਂ ਨੂੰ ਬੇਚੈਨ ਕਰ ਦਿੰਦੀ ਸੀ। ਉਹ ਮਹਿਸੂਸ ਕਰ ਰਹੇ ਸਨ ਕਿ ਉਹ ਮੀਤ ਸਿੰਘ ਪ੍ਰਤਿ ਬੇਵਫਾਈ ਕਰ

ਰਹੇ ਹਨ।

"ਸਾਡੇ ਕੋਲੋਂ ਕੀ ਕਰਨ ਦੀ ਉਮੀਦ ਕਰਦੇ ਹੋ?" ਲੰਬੜਦਾਰ ਨੇ ਸਪਸ਼ਟ ਪੁਛਿਆ।

"ਮੈਂ ਦੱਸਾਂਗਾ ਤੁਹਾਨੂੰ ਕਿ ਤੁਸੀਂ ਕੀ ਕਰਨਾ ਹੈ," ਮੁੰਡੇ ਨੇ ਆਪਣੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਜੇ ਤੁਹਾਡੇ ਵਿਚ ਇਹ ਕਰਨ ਦਾ ਜੇਰਾ ਹੈ।" ਕੁਝ ਪਲ ਠਹਿਰਨ ਮਗਰੋਂ ਉਸ ਨੇ ਅਗੇ ਆਖਿਆ, "ਕਲ੍ਹ ਨੂੰ ਮੁਸਲਮਾਨਾਂ ਨਾਲ ਭਰੀ ਹੋਈ ਇਕ ਗੱਡੀ ਨੇ ਪਾਕਿਸਤਾਨ ਜਾਣ ਲਈ ਇਹ ਪੁਲ ਪਾਰ ਕਰਨਾ ਹੈ। ਜੇ ਤੁਸੀਂ ਮਰਦ ਹੋ ਤਾਂ ਦੂਜੇ ਪਾਸੇ ਓਨੀਆਂ ਹੀ ਲਾਸ਼ਾਂ ਜਾਣੀਆਂ ਚਾਹੀਦੀਆਂ ਹਨ, ਜਿੰਨੀਆਂ ਉਧਰੋਂ ਇਸ ਪਾਸੇ ਤੁਹਾਡੇ ਕੋਲ ਆਈਆਂ ਸਨ।"

ਸਰੋਤਿਆਂ ਵਿਚ ਠੰਡੀ ਚਿਪਚਿਪੀ ਭਾਵਨਾ ਫੈਲ ਗਈ। ਲੋਕਾਂ ਨੇ ਘਬਰਾਹਟ ਵਿਚ ਖੰਘਣਾ ਆਰੰਭ ਦਿਤਾ।

"ਗੱਡੀ ਵਿਚ ਮਨੋ ਮਾਜਰਾ ਦੇ ਮੁਸਲਮਾਨ ਵੀ ਹੋਣਗੇ?" ਮੀਤ ਸਿੰਘ ਨੇ ਬਿਨਾਂ ਉਪਰ ਦੇਖਿਆਂ ਕਿਹਾ।

"ਭਾਈ, ਲੱਗਦੈ ਤੁਹਾਨੂੰ ਸਭ ਕੁਝ ਪਤੈ, ਕੀ ਨਹੀਂ?" ਗਭਰੂ ਸਿਰੇ ਦੇ ਗੁੱਸੇ ਨਾਲ ਗਰਜਿਆ। "ਕੀ ਤੁਸੀਂ ਉਨ੍ਹਾਂ ਨੂੰ ਟਿਕਟਾਂ ਦਿਤੀਆਂ ਸਨ ਜਾਂ ਕੀ ਤੁਹਾਡਾ ਲੜਕਾ ਰੇਲਵੇ ਵਿਚ ਬਾਬੂ ਹੈ? ਮੈਨੂੰ ਨਹੀਂ ਪਤਾ ਉਸ ਗੱਡੀ ਵਿਚ ਕੌਣ ਮੁਸਲਮਾਨ ਹੋਣਗੇ; ਮੈਨੂੰ ਪਰਵਾਹ ਵੀ ਨਹੀਂ। ਮੇਰੇ ਲਈ ਏਨਾ ਜਾਣਨਾ ਹੀ ਬਹੁਤ ਹੈ ਕਿ ਉਹ ਮੁਸਲਮਾਨ ਹਨ। ਉਹ ਜਿਉਂਦੇ ਜੀਅ ਇਹ ਦਰਿਆ ਨਹੀਂ ਪਾਰ ਕਰਨਗੇ। ਜੇ ਤੁਸੀਂ ਮੇਰੇ ਨਾਲ ਸਹਿਮਤ ਹੋ, ਅਸੀਂ ਅਗੇ ਗੱਲ ਕਰ ਸਕਦੇ ਹਾਂ; ਜੇ ਤੁਸੀਂ ਡਰਦੇ ਹੋ, ਤਾਂ ਸਾਫ ਕਹੋ, ਅਸੀਂ ਤੁਹਾਨੂੰ ਸਤਿ ਸ੍ਰੀ ਅਕਾਲ ਬੋਲਾਂਗੇ ਅਤੇ ਅਸਲੀ ਮਰਦ ਕਿਸੇ ਹੋਰ ਜਗਾਹ ਲੱਭ ਲਵਾਂਗੇ।"

ਇਕ ਵਾਰੀ ਫਿਰ ਲੰਮੀ ਖਾਮੋਸ਼ੀ ਛਾ ਗਈ। ਮੁੰਡੇ ਨੇ ਆਪਣੇ ਹੋਲਸਟਰ ਉਤੇ ਉਂਗਲਾਂ ਨਾਲ ਠੱਕ ਠੱਕ ਕੀਤੀ ਅਤੇ ਆਰਾਮ ਨਾਲ ਆਪਣੇ ਚਾਰੇ ਪਾਸੇ ਦੇ ਚਿਹਰਿਆਂ ਨੂੰ ਘੋਖਿਆ।

"ਪੁਲ ਉਤੇ ਫੌਜੀ ਪਹਿਰਾ ਲੱਗਾ ਹੋਇਐ।" ਇਹ ਕਹਿਣ ਵਾਲਾ ਮੱਲੀ ਸੀ। ਉਹ ਬਾਹਰ ਹਨੇਰੇ ਵਿਚ ਖੜ੍ਹਾ ਰਿਹਾ ਸੀ। ਉਸ ਨੇ ਇਕੱਲੇ ਨੇ ਮਨੋ ਮਾਜਰਾ ਵਿਚ ਆਉਣ ਦੀ ਜੁਰਅਤ ਨਹੀਂ ਕਰਨੀ ਸੀ। ਫਿਰ ਵੀ ਉਹ ਆ ਗਿਆ ਹੋਇਆ ਸੀ ਅਤੇ ਦਲੇਰੀ ਨਾਲ ਗੁਰਦੁਆਰੇ ਅੰਦਰ ਪੈਰ ਰਖ ਰਿਹਾ ਸੀ। ਉਸ ਦੇ ਗਰੋਹ ਦੇ ਵੀ ਕਈ ਮੈਂਬਰ ਦਰਵਾਜ਼ੇ ਤੇ ਨਜ਼ਰੀਂ ਪਏ।

"ਤੁਹਾਨੂੰ ਫੌਜ ਜਾਂ ਪੁਲਿਸ ਦੀ ਚਿੰਤਾ ਕਰਨ ਦੀ ਲੋੜ ਨਹੀਂ। ਕੋਈ ਵੀ ਵਿਚ ਦਖਲ ਨਹੀਂ ਦੇਵੇਗਾ। ਇਹ ਸਭ ਅਸੀਂ ਦੇਖ ਲਵਾਂਗੇ," ਮੁੰਡੇ ਨੇ ਮੱਲੀ ਨੂੰ

ਦੇਖਦਿਆਂ ਕਿਹਾ। "ਹੈ ਕੋਈ ਵਲੰਟੀਅਰ?"

"ਮੇਰੀ ਜਾਨ ਤੁਹਾਡੇ ਹਵਾਲੇ ਐ," ਮੱਲੀ ਨੇ ਸੂਰਮੇ ਵਾਂਗ ਕਿਹਾ। ਉਸ ਦੀ ਜੱਗੇ ਨੇ ਜੋ ਪਿਟਾਈ ਕੀਤੀ ਸੀ ਉਹ ਕਹਾਣੀ ਪਿੰਡ ਵਿਚ ਫੈਲ ਗਈ ਹੋਈ ਸੀ। ਉਸ ਨੇ ਆਪਣੀ ਮਸ਼ਹੂਰੀ ਫਿਰ ਕਾਇਮ ਕਰਨੀ ਸੀ।

"ਸ਼ਾਬਾਸ਼!" ਬੁਲਾਰੇ ਨੇ ਕਿਹਾ, "ਘਟੋ ਘਟ ਇਕ ਮਰਦ ਤਾਂ ਆਇਆ ਹੈ। ਗੁਰੂ ਨੇ ਸਿੰਘ ਸਾਜਣ ਵੇਲੇ ਪੰਜ ਸਿਰ ਮੰਗੇ ਸਨ। ਉਹ ਮਹਾਂ ਮਨੁੱਖ ਸਨ। ਸਾਨੂੰ ਪੰਜਾਂ ਤੋਂ ਵਧ ਚਾਹੀਦੇ ਹਨ। ਹੋਰ ਕੌਣ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੈ।"

ਮੱਲੀ ਦੇ ਸਾਥੀਆਂ ਚੋਂ ਚਾਰ ਜਣੇ ਬਰੂਹਾਂ ਟੱਪ ਕੇ ਅੰਦਰ ਆ ਗਏ। ਉਨ੍ਹਾਂ ਦੇ ਮਗਰ ਹੋਰ ਵੀ ਕਿੰਨੇ ਹੀ ਆ ਗਏ, ਜ਼ਿਆਦਾਤਰ ਉਹ ਰਫਿਊਜੀ ਹੀ ਸਨ। ਕੁਝ ਪਿੰਡ ਵਾਸੀ ਜੋ ਇਕ ਦੋ ਦਿਨ ਪਹਿਲਾਂ ਹੀ ਮੁਸਲਮਾਨ ਦੋਸਤਾਂ ਦੇ ਵਿਛੋੜੇ ਸਮੇਂ ਰੋ ਰਹੇ ਸਨ, ਉਹ ਵੀ ਵਲੰਟੀਅਰ ਬਣ ਕੇ ਉਠ ਖਲੋਤੇ। ਜਦੋਂ ਹੀ ਕੋਈ ਹੱਥ ਖੜ੍ਹਾ ਕਰਦਾ, ਹਰ ਵਾਰੀ ਨੌਜਵਾਨ ਕਹਿੰਦਾ "ਸ਼ਾਬਾਸ਼" ਅਤੇ ਉਸ ਨੂੰ ਇਕ ਪਾਸੇ ਅੱਡ ਹੋ ਕੇ ਬੈਠਣ ਲਈ ਆਖਦਾ। ਅਖੀਰ ਪੰਜਾਹ ਤੋ ਵਧ ਜਣੇ ਜੱਥੇ ਵਿਚ ਸ਼ਾਮਲ ਹੋ ਗਏ ਸਨ।

"ਕਾਫੀ ਹੋ ਗਏ ਹਨ," ਗਭਰੂ ਨੇ ਆਪਣਾ ਹੱਥ ਉਪਰ ਚੁਕਦਿਆਂ ਕਿਹਾ। "ਜੇ ਮੈਨੂੰ ਹੋਰ ਵਲੰਟੀਅਰਾਂ ਦੀ ਲੋੜ ਪਈ, ਮੰਗ ਲਵਾਂਗਾ। ਆਓ ਆਪਾਂ ਹੁਣ ਆਪਣੀ ਮੁਹਿੰਮ ਦੀ ਸਫਲਤਾ ਲਈ ਅਰਦਾਸ ਕਰੀਏ।"

ਸਾਰੇ ਜਣੇ ਖੜ੍ਹੇ ਹੋ ਗਏ। ਔਰਤਾਂ ਨੇ ਬੱਚੇ ਫਰਸ਼ ਤੇ ਬਿਠਾ ਦਿਤੇ ਜਾਂ ਲਿਟਾ ਦਿਤੇ। ਸੰਗਤ ਪੀੜ੍ਹਾ ਸਾਹਿਬ ਵੱਲ ਮੂੰਹ ਕਰਕੇ ਖੜ੍ਹੀ ਸੀ ਜਿਸ ਉਤੇ ਰੁਮਾਲਿਆਂ ਵਿਚ ਲਿਪਟੇ ਗ੍ਰੰਥ ਸਾਹਿਬ ਬਿਰਾਜਮਾਨ ਸੀ। ਸੰਗਤ ਨੇ ਹੱਥ ਜੋੜੇ ਹੋਏ ਸਨ। ਮੁੰਡਾ ਮੀਤ ਸਿੰਘ ਵੱਲ ਮੁੜਿਆ।

"ਕੀ ਤੁਸੀਂ, ਭਾਈ ਜੀ, ਅਰਦਾਸ ਕਰਵਾਉਗੇ?" ਮੁੰਡੇ ਨੇ ਟਕੋਰ ਲਾਉਂਦਿਆਂ ਆਖਿਆ।

"ਇਹ ਮਿਸ਼ਨ ਤੁਹਾਡਾ ਹੈ, ਸਰਦਾਰ ਸਾਹਿਬ," ਮੀਤ ਸਿੰਘ ਨੇ ਹਲੀਮੀ ਨਾਲ ਆਖਿਆ। "ਤੁਸੀਂ ਹੀ ਅਰਦਾਸ ਕਰਵਾਓ।"

ਮੁੰਡੇ ਨੇ ਆਪਣਾ ਗਲ਼ਾ ਸਾਫ ਕੀਤਾ, ਅੱਖਾਂ ਬੰਦ ਕੀਤੀਆਂ ਅਤੇ ਗੁਰੂਆਂ ਦੇ ਨਾਂ ਲੈਣੇ ਸ਼ੁਰੂ ਕਰ ਦਿਤੇ। ਅਖੀਰ ਇਸ ਨੇ ਮਿਸ਼ਨ ਲਈ ਗੁਰੂ ਨੂੰ ਕਿਰਪਾ ਕਰਨ ਦੀ ਬੇਨਤੀ ਕੀਤੀ। ਸੰਗਤ ਗੋਡਿਆਂ ਭਾਰ ਝੁਕ ਗਈ, ਮੱਥਾ ਟੇਕਿਆ ਅਤੇ ਉਚੀ ਉਚੀ ਬੋਲਦੀ ਰਹੀ:

ਨਾਨਕ ਨਾਮ ਚੜ੍ਹਦੀ ਕਲਾ

ਤੇਰੇ ਭਾਣੇ ਸਰਬਤ ਕਾ ਭਲਾ

ਸੰਗਤ ਫਿਰ ਉਠਕੇ ਖੜ੍ਹੀ ਹੋ ਗਈ ਅਤੇ ਉਚਾਰਨ ਲੱਗੀ:

ਰਾਜ ਕਰੇਗਾ ਖਾਲਸਾ

ਆਕੀ ਰਹੇ ਨਾ ਕੋਇ।

ਖੁਆਰ ਹੋਏ ਸਭ ਮਿਲੇਂਗੇ

ਬਚੇ ਸ਼ਰਨ ਜੋ ਹੋਇ।

ਇਹ ਛੋਟੀ ਜਿਹੀ ਧਾਰਮਿਕ ਰਸਮ 'ਬੋਲੇ ਸੋ ਨਿਹਾਲ — ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਨੇਪਰੇ ਚੜ੍ਹ ਗਈ। ਬਾਕੀ ਸਭ ਬੈਠ ਗਏ ਪਰ ਆਗੂ ਮੁੰਡਾ ਖੜ੍ਹਾ ਰਿਹਾ। ਅਰਦਾਸ ਨੇ ਉਸ ਨੂੰ ਨਿਮਰਤਾ ਦਾ ਮੁਲੰਮਾ ਦੇ ਦਿਤਾ ਸੀ। ਉਸ ਨੇ ਆਪਣੇ ਹੱਥ ਜੋੜੇ ਅਤੇ ਸੰਗਤ ਤੋਂ ਮਾਫੀ ਮੰਗੀ:

"ਭੈਣੋ ਅਤੇ ਭਰਾਵੋ, ਏਨਾ ਕੁਵੇਲੇ ਤੁਹਾਨੂੰ ਤੰਗ ਕਰਨ ਲਈ ਮੈਨੂੰ ਮਾਫ ਕਰ ਦੇਣਾ; ਤੁਸੀਂ ਵੀ ਭਾਈ ਜੀ, ਅਤੇ ਤੁਸੀਂ ਲੰਬੜਦਾਰ ਸਾਹਿਬ, ਇਸ ਤਕਲੀਫ ਲਈ ਅਤੇ ਜੇ ਮੇਰੇ ਕੋਲੋਂ ਕੋਈ ਕੌੜੇ ਲਫ਼ਜ਼ ਬੋਲੇ ਗਏ ਹੋਣ ਉਸ ਲਈ ਸਾਨੂੰ ਮਾਫ ਕਰ ਦੇਣਾ; ਪਰ ਇਹ ਸਭ ਕੁਝ ਗੁਰੂ ਦੀ ਸੇਵਾ ਲਈ ਹੋ ਰਿਹੈ। ਵਲੰਟੀਅਰ ਹੁਣ ਦੂਜੇ ਕਮਰੇ ਵਿਚ ਚਲੇ ਜਾਣਗੇ; ਬਾਕੀ ਦੇ ਮਾਈ ਭਾਈ ਆਰਾਮ ਕਰ ਸਕਦੇ ਹਨ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ," ਸੰਗਤ ਵਿਚੋਂ ਕੁਝ ਇਕ ਨੇ ਜਵਾਬ ਦਿਤਾ।

ਵਿਹੜੇ ਦੇ ਨਾਲ ਵਾਲੇ ਮੀਤ ਸਿੰਘ ਦੇ ਕਮਰੇ ਵਿਚੋਂ ਔਰਤਾਂ ਅਤੇ ਬੱਚਿਆਂ ਨੂੰ ਕੱਢ ਲਿਆ ਗਿਆ। ਅਜਨਬੀ ਮੁੰਡੇ ਅਤੇ ਵਲੰਟੀਅਰ ਇਸ ਕਮਰੇ ਵਿਚ ਆ ਗਏ। ਹੋਰ ਲੈਂਪ ਲਿਆਂਦੇ ਗਏ। ਆਗੂ ਨੇ ਇਕ ਮੰਜੇ ਉਤੇ ਨਕਸ਼ਾ ਫੈਲਾਇਆ। ਉਸ ਨੇ ਇਕ ਲਾਲਟੈਣ ਫੜ ਲਈ । ਵਲੰਟੀਅਰ ਨਕਸ਼ਾ ਦੇਖਣ ਤੇ ਸਮਝਣ ਲਈ ਉਸ ਦੁਆਲੇ ਜੁੜ ਗਏ।

"ਜਿਥੇ ਤੁਸੀਂ ਖੜ੍ਹੇ ਹੋ, ਕੀ ਉਥੋਂ ਪੁਲ ਅਤੇ ਦਰਿਆ ਦੀ ਸਥਿਤੀ ਨਜ਼ਰ ਆਉਂਦੀ ਹੈ?" ਉਸ ਨੇ ਪੁਛਿਆ।

"ਹਾਂ, ਹਾਂ, ਦਿਸਦੀ ਹੈ," ਉਨ੍ਹਾਂ ਬੇਸਬਰੀ ਨਾਲ ਜਵਾਬ ਦਿਤਾ।

"ਕੀ ਤੁਹਾਡੇ ਚੋਂ ਕਿਸੇ ਕੋਲ ਬੰਦੂਕ ਹੈ?"

ਉਨ੍ਹਾਂ ਸਾਰਿਆਂ ਇਕ ਦੂਜੇ ਵੱਲ ਦੇਖਿਆ। ਨਹੀਂ, ਕਿਸੇ ਕੋਲ ਵੀ ਬੰਦੂਕ ਨਹੀਂ ਸੀ।

"ਕੋਈ ਫਰਕ ਨਹੀਂ ਪੈਂਦਾ," ਨੇਤਾ ਬੋਲਦਾ ਗਿਆ। "ਫਿਰ ਵੀ ਸਾਡੇ ਕੋਲ

ਛੇ-ਸੱਤ ਬੰਦੂਕਾਂ ਹਨ ਅਤੇ ਸ਼ਾਇਦ ਦੋ ਕੁ ਸਟੇਨ ਗੰਨਾਂ ਵੀ ਹਨ। ਤੁਸੀਂ ਆਪਣੀਆਂ ਕਿਰਪਾਨਾਂ ਅਤੇ ਨੇਜੇ ਲੈ ਆਉਣਾ। ਉਹ ਬੰਦੂਕਾਂ ਨਾਲੋਂ ਵਧੇਰੇ ਫਾਇਦੇਮੰਦ ਹੋਣਗੇ। " ਉਹ ਰੁਕ ਗਿਆ।

"ਯੋਜਨਾ ਇਸ ਪ੍ਰਕਾਰ ਹੈ। ਕਲ੍ਹ ਨੂੰ ਸੂਰਜ ਛਿਪਣ ਮਗਰੋਂ ਜਦੋਂ ਹਨੇਰਾ ਹੋ ਗਿਆ, ਅਸੀਂ ਪੁਲ ਦੇ ਪਹਿਲੇ ਭਾਗ ਉਤੇ ਇਕ ਪਾਸੇ ਤੋਂ ਦੂਜੇ ਤਕ ਰੱਸਾ ਬੰਨ੍ਹ ਦਿਆਂਗੇ। ਇਹ ਇੰਜਣ ਦੇ ਧੂੰਕਸ਼ ਤੋਂ ਇਕ ਫੁੱਟ ਉਪਰ ਹੋਵੇਗਾ। ਜਦੋਂ ਗੱਡੀ ਇਸ ਦੇ ਹੇਠੋਂ ਲੰਘੇਗੀ, ਇਹ ਰੱਸਾ ਗੱਡੀ ਦੀ ਛੱਤ ਉਤੇ ਬੈਠੇ ਸਾਰੇ ਲੋਕਾਂ ਨੂੰ ਥੱਲੇ ਸੁੱਟ ਦੇਵੇਗਾ। ਇਸ ਨਾਲ ਘਟੋ ਘਟ ਚਾਰ-ਪੰਜ ਸੌ ਦਾ ਕੰਮ ਮੁਕ ਜਾਵੇਗਾ।"

ਸਰੋਤਿਆਂ ਦੀਆਂ ਅੱਖਾਂ ਪ੍ਰਸ਼ੰਸਾ ਨਾਲ ਚਮਕ ਪਈਆਂ। ਉਨ੍ਹਾਂ ਇਕ ਦੂਜੇ ਨੂੰ ਸਿਰ ਹਿਲਾਕੇ ਉਸਤਤ ਕੀਤੀ ਅਤੇ ਆਸੇ ਪਾਸੇ ਵੀ ਦੇਖਿਆ। ਲੰਬੜਦਾਰ ਅਤੇ ਮੀਤ ਸਿੰਘ ਦਰਵਾਜ਼ੇ ਦੀ ਦੇਹਲੀ ਤੇ ਖੜ੍ਹੇ ਸੁਣ ਰਹੇ ਸਨ। ਮੁੰਡਾ ਗੁੱਸੇ ਨਾਲ ਉਨ੍ਹਾਂ ਵੱਲ ਘੁੰਮਿਆ:

"ਭਾਈ ਜੀ। ਤੁਸੀਂ ਇਸ ਤੋਂ ਕੀ ਲੈਣਾ ਹੈ? ਕਿਉਂ ਨਹੀਂ ਤੁਸੀਂ ਜਾਂਦੇ ਅਤੇ ਆਪਣਾ ਪਾਠ ਕਰਦੇ?"

ਲੰਬੜਦਾਰ ਅਤੇ ਮੀਤ ਸਿੰਘ ਦੋਵੇਂ ਸ਼ਰਮਾਉਂਦਿਆਂ ਪਿਛੇ ਮੁੜ ਗਏ। ਲੰਬੜਦਾਰ ਜਾਣਦਾ ਸੀ ਕਿ ਜੇ ਉਹ ਟਿਕਿਆ ਰਿਹਾ ਤਾਂ ਉਸ ਨੂੰ ਵੀ ਭਜਾ ਦਿਤਾ ਜਾਵੇਗਾ।

"ਅਤੇ ਤੁਸੀਂ, ਲੰਬੜਦਾਰ ਸਾਹਿਬ," ਮੁੰਡੇ ਨੇ ਆਖਿਆ, "ਤੁਸੀਂ ਤਾਂ ਰਿਪੋਰਟ ਦੇਣ ਲਈ ਥਾਣੇ ਜਾ ਰਹੇ ਹੋਵੋਗੇ।"

ਸਭ ਖਿੜਖਿੜਾਕੇ ਹੱਸ ਪਏ।

ਮੁੰਡੇ ਨੇ ਆਪਣਾ ਹੱਥ ਉਪਰ ਚੁਕਦਿਆਂ ਸਭ ਨੂੰ ਚੁੱਪ ਕਰਾ ਦਿਤਾ। ਉਹ ਬੋਲਦਾ ਗਿਆ, "ਗੱਡੀ ਚੰਦਨ ਨਗਰ ਤੋਂ ਅੱਧੀ ਰਾਤ ਮਗਰੋਂ ਚਲੇਗੀ। ਇਸ ਦੀਆਂ ਕੋਈ ਲਾਈਟਾਂ ਨਹੀਂ ਹੋਣਗੀਆਂ, ਹੋਰ ਤਾਂ ਹੋਰ ਇੰਜਣ ਦੀ ਹੈੱਡਲਾਈਟ ਵੀ ਨਹੀਂ ਹੋਵੇਗੀ। ਅਸੀਂ ਹਰ ਸੌ ਗਜ਼ ਉਤੇ ਰੇਲਵੇ ਲਾਈਨ ਦੇ ਨਾਲ ਬੈਟਰੀਆਂ ਵਾਲੇ ਬੰਦੇ ਤੈਨਾਤ ਕਰ ਦਿਆਂਗੇ। ਜਦੋਂ ਹੀ ਗੱਡੀ ਕਿਸੇ ਕੋਲੋਂ ਲੰਘੀ, ਉਹ ਅਗਲੇ ਬੰਦੇ ਨੂੰ ਇਸ਼ਾਰਾ ਕਰ ਦੇਵੇਗਾ। ਉਂਜ ਵੀ ਤੁਹਾਨੂੰ ਗੱਡੀ ਦੀ ਆਵਾਜ਼ ਸੁਣ ਹੀ ਜਾਵੇਗੀ। ਕਿਰਪਾਨਾਂ ਅਤੇ ਨੇਜਿਆਂ ਵਾਲੇ ਬੰਦੇ ਠੀਕ ਪੁਲ ਉਤੇ ਹੋਣਗੇ ਅਤੇ ਗੱਡੀ ਦੀ ਛੱਤ ਤੋਂ ਡਿਗਣ ਵਾਲਿਆਂ ਨਾਲ ਨਿਪਟ ਲੈਣਗੇ। ਉਨ੍ਹਾਂ ਨੂੰ ਮਾਰਕੇ ਨਦੀ ਵਿਚ ਸੁੱਟ ਦਿਤਾ ਜਾਵੇਗਾ। ਬੰਦੂਕਾਂ ਵਾਲੇ ਆਦਮੀ ਰੇਲਵੇ ਲਾਈਨ ਉਤੇ ਥੋੜ੍ਹਾ ਅਗੇ ਹੋਣਗੇ ਅਤੇ ਗੱਡੀ ਦੀਆਂ ਖਿੜਕੀਆਂ ਉਤੇ ਗੋਲੀਆਂ ਮਾਰਨਗੇ। ਜਵਾਬੀ ਗੋਲੀ ਆਉਣ ਦਾ ਕੋਈ ਖਤਰਾ ਨਹੀਂ ਹੋਵੇਗਾ। ਗੱਡੀ ਉਤੇ ਸਿਰਫ

ਦਰਜਨ ਕੁ ਪਾਕਿਸਤਾਨੀ ਫੌਜੀ ਹੋਣਗੇ। ਉਨ੍ਹਾਂ ਨੂੰ ਹਨੇਰੇ ਵਿਚ ਪਤਾ ਹੀ ਨਹੀਂ ਲੱਗੇਗਾ ਕਿ ਗੋਲੀ ਕਿਹੜੇ ਪਾਸੇ ਚਲਾਉਣੀ ਹੈ। ਉਨ੍ਹਾਂ ਕੋਲ ਆਪਣੀਆਂ ਬੰਦੂਕਾਂ ਭਰਨ ਦਾ ਵੀ ਵਕਤ ਨਹੀਂ ਹੋਵੇਗਾ। ਜੇ ਉਨ੍ਹਾਂ ਗੱਡੀ ਹੀ ਰੋਕ ਲਈ ਤਾਂ ਅਸੀਂ ਉਨ੍ਹਾਂ ਨੂੰ ਦੇਖ ਲਵਾਂਗੇ, ਸਗੋਂ ਹੋਰ ਵੀ ਵਧ ਨੂੰ ਮਾਰਾਂਗੇ।"

ਯੋਜਨਾ ਬੜੀ ਮੁਕੰਮਲ ਲੱਗਦੀ ਸੀ। ਜਵਾਬੀ ਕਾਰਵਾਈ ਦਾ ਭੋਰਾ ਵੀ ਖਤਰਾ ਨਹੀਂ ਸੀ। ਹਰ ਕੋਈ ਬੜਾ ਖੁਸ਼ ਸੀ।

"ਅੱਧੀ ਰਾਤ ਹੋ ਚੁਕੀ ਹੈ," ਮੁੰਡੇ ਨੇ ਨਕਸ਼ਾ ਸਮੇਟਦਿਆਂ ਕਿਹਾ। "ਚੰਗਾ ਹੋਵੇਗਾ, ਤੁਸੀਂ ਸਾਰੇ ਥੋੜ੍ਹਾ ਥੋੜ੍ਹਾ ਸੌਂ ਲਵੋ। ਕਲ੍ਹ ਸਵੇਰੇ ਅਸੀਂ ਪੁਲ ਤੇ ਜਾਵਾਂਗੇ ਅਤੇ ਫੈਸਲਾ ਕਰਾਂਗੇ ਕਿ ਕੌਣ ਕਿਥੇ ਕਿਥੇ ਤੈਨਾਤ ਹੋਵੇਗਾ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।"

"ਵਾਹਿਗੁਰੂ ਜੀ ਕੀ ਫਤਹਿ!" ਬਾਕੀਆਂ ਨੇ ਜਵਾਬ ਦਿਤਾ।

ਮੀਟਿੰਗ ਖਤਮ ਕਰ ਦਿਤੀ ਗਈ। ਮਹਿਮਾਨਾਂ ਨੂੰ ਗੁਰਦੁਆਰੇ ਵਿਚ ਕਮਰੇ ਮਿਲ ਗਏ। ਇਵੇਂ ਹੀ ਮੱਲੀ ਅਤੇ ਉਸ ਦੇ ਗਰੋਹ ਨੂੰ ਵੀ ਕਮਰੇ ਦੇ ਦਿਤੇ ਗਏ। ਬਹੁਤ ਸਾਰੇ ਪਿੰਡ ਵਾਸੀ ਘਰਾਂ ਨੂੰ ਚਲੇ ਗਏ, ਕਿਤੇ ਉਨ੍ਹਾਂ ਨੂੰ ਵੀ ਜੁਰਮ ਵਿਚ ਫਸਾ ਨਾ ਲਿਆ ਜਾਵੇ, ਇਹ ਕਹਿਕੇ ਕਿ ਉਹ ਸਾਜਸ਼ ਘੜਣ ਵੇਲੇ ਮੌਕੇ ਉਤੇ ਗੁਰਦੁਆਰੇ ਵਿਚ ਹਾਜ਼ਰ ਸਨ। ਲੰਬੜਦਾਰ ਨੇ ਦੋ ਹੋਰ ਪਿੰਡ ਵਾਲੇ ਨਾਲ ਲਏ ਅਤੇ ਚੰਦਨ ਨਗਰ ਥਾਣੇ ਨੂੰ ਚਲ ਪਿਆ।

## 2

"ਖੈਰ, ਥਾਣੇਦਾਰ ਸਾਹਿਬ, ਉਨ੍ਹਾਂ ਨੂੰ ਕਤਲ ਕਰਨ ਦਿਓ," ਹੁਕਮ ਚੰਦ ਨੇ ਮੁਰਦਾਦਿਲੀ ਨਾਲ ਕਿਹਾ। "ਹਰ ਕਿਸੇ ਨੂੰ ਕਤਲ ਕਰਨ ਦਿਓ। ਬਸ ਦੂਜੇ ਥਾਣਿਆਂ ਨੂੰ ਸਹਾਇਤਾ ਕਰਨ ਲਈ ਆਖੋ ਅਤੇ ਜੋ ਵੀ ਸੁਨੇਹੇ ਤੁਸੀਂ ਭੇਜੋਂ, ਉਨ੍ਹਾਂ ਦਾ ਰੀਕਾਰਡ ਪੂਰਾ ਰਖੋ। ਅਸੀਂ ਇਹ ਸਿੱਧ ਕਰਨ ਦੇ ਪੂਰੇ ਕਾਬਲ ਰਹੀਏ ਕਿ ਅਸੀਂ ਕਤਲਾਮ ਨੂੰ ਰੋਕਣ ਲਈ ਪੂਰੀ ਵਾਹ ਲਾਈ ਸੀ।"

ਹੁਕਮ ਚੰਦ ਥੱਕਿਆ ਹੋਇਆ ਲੱਗਦਾ ਸੀ। ਇਕ ਹਫਤੇ ਨੇ ਹੀ ਉਸ ਨੂੰ ਏਨਾ ਬੁੱਢਾ ਕਰ ਦਿਤਾ ਸੀ ਕਿ ਉਹ ਪਛਾਣਿਆ ਹੀ ਨਹੀਂ ਜਾਂਦਾ ਸੀ। ਉਸ ਦੇ ਵਾਲਾਂ ਦੀਆਂ ਜੜ੍ਹਾਂ ਵਿਚਲੇ ਸਫੈਦ ਹਿੱਸੇ ਲੰਮੇ ਹੋ ਗਏ ਸਨ। ਉਸ ਨੂੰ ਕਾਹਲੀ ਵਿਚ ਸ਼ੇਵ ਕਰਨੀ ਪੈਂਦੀ ਸੀ ਅਤੇ ਕਈ ਥਾਵਾਂ ਤੇ ਉਸ ਦੇ ਕੱਟ ਲੱਗ ਗਏ ਸਨ। ਉਸ ਦੀਆਂ ਗਲ੍ਹਾਂ ਢਿਲਕ ਪਈਆਂ ਸਨ ਅਤੇ ਉਸ ਦੀ ਠੋਡੀ ਦੁਆਲੇ ਮਾਸ ਦੀਆਂ ਪਰਤਾਂ ਲਮਕ ਪਈਆਂ ਸਨ। ਉਹ ਆਪਣੀਆਂ ਅੱਖਾਂ ਦੇ ਕੋਇਆਂ ਨੂੰ

ਪੀਲੀਆ ਵਾਸਤੇ ਦਬਾਉਂਦਾ ਰਹਿੰਦਾ, ਉਂਜ ਪੀਲੀਆ ਉਸ ਨੂੰ ਹੈ ਨਹੀਂ ਸੀ।

"ਮੈਂ ਕੀ ਕਰ ਸਕਦਾ ਹਾਂ," ਉਹ ਵਿਲਕਿਆ। "ਸਾਰੀ ਦੁਨੀਆਂ ਹੀ ਪਾਗਲ ਹੋ ਗਈ ਹੈ। ਹੁੰਦੀ ਹੈ ਤਾਂ ਹੁੰਦੀ ਰਹੇ। ਕੀ ਫਰਕ ਪੈਂਦਾ ਹੈ, ਜੇ ਹਜ਼ਾਰ ਹੋਰ ਮਰ ਜਾਣ? ਅਸੀਂ ਇਕ ਬੁਲਡੋਜ਼ਰ ਲਵਾਂਗੇ ਅਤੇ ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਦਬਾ ਦਿਆਂਗੇ, ਜਿਵੇਂ ਪਹਿਲਿਆਂ ਨੂੰ ਦਫਨਾਇਆ ਸੀ। ਜੇ ਇਸ ਵਾਰ ਦਰਿਆ ਉਤੇ ਹੀ ਵਾਰਦਾਤ ਹੋ ਗਈ ਤਾਂ ਸਾਨੂੰ ਬੁਲਡੋਜ਼ਰ ਦੀ ਵੀ ਜ਼ਰੂਰਤ ਨਹੀਂ ਪਵੇਗੀ। ਬਸ ਏਨਾ ਹੀ ਕਰਨਾ ਪਵੇਗਾ ਕਿ ਲਾਸ਼ਾਂ ਨੂੰ ਦਰਿਆ ਵਿਚ ਸੁੱਟ ਦਿਓ। ਉਂਜ ਵੀ ਚਾਲੀ ਕਰੋੜ ਵਿਚੋਂ ਕੁਝ ਸੈਂਕੜੇ ਘਟ ਵੀ ਗਏ ਤਾਂ ਕੀ ਫਰਕ ਪੈਂਦਾ ਹੈ। ਕੋਈ ਮਹਾਮਾਰੀ ਫੈਲਦੀ ਹੈ ਤਾਂ ਇਸ ਨਾਲੋਂ ਦਸ ਗੁਣਾਂ ਨੂੰ ਖਾ ਜਾਂਦੀ ਹੈ। ਫਿਰ ਵੀ ਕੋਈ ਪਰਵਾਹ ਨਹੀਂ ਕਰਦਾ।"

ਛੋਟਾ ਥਾਣੇਦਾਰ ਜਾਣਦਾ ਸੀ ਕਿ ਇਹ ਅਸਲੀ ਹੁਕਮ ਚੰਦ ਨਹੀਂ ਹੈ। ਉਹ ਸਿਸਟਮ ਵਿਚੋਂ ਆਪਣੀ ਦਿਲਗੀਰੀ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਥਾਣੇਦਾਰ ਸਬਰ ਨਾਲ ਉਡੀਕਦਾ ਰਿਹਾ, ਫਿਰ ਉਸ ਨੇ ਟੋਹਣ ਲਈ ਸੰਕੇਤਕ ਗੱਲ ਆਖੀ।

"ਹਾਂ, ਜੀ, ਜਨਾਬ, ਜੋ ਕੁਝ ਵਾਪਰ ਰਿਹਾ ਹੈ ਅਤੇ ਜੋ ਕੁਝ ਅਸੀਂ ਕਰ ਰਹੇ ਹਾਂ, ਮੈਂ ਉਸ ਸਾਰੇ ਦਾ ਹੀ ਰੀਕਾਰਡ ਰਖ ਰਿਹਾ ਹਾਂ। ਪਿਛਲੀ ਸ਼ਾਮ ਨੂੰ ਸਾਨੂੰ ਚੰਦਨ ਨਗਰ ਖਾਲੀ ਕਰਨਾ ਪਿਆ। ਮੈਂ ਫੌਜ ਉਤੇ ਭਰੋਸਾ ਨਹੀਂ ਕਰ ਸਕਦਾ ਸਾਂ ਅਤੇ ਨਾ ਹੀ ਆਪਣੇ ਸਿਪਾਹੀਆਂ ਉਤੇ। ਹਮਲਾਵਰਾਂ ਨੂੰ ਰੋਕਣ ਲਈ ਮੈਂ ਜੋ ਵਧੀਆ ਗੱਲ ਕਰ ਸਕਦਾ ਸਾਂ, ਉਹ ਸੀ ਉਨ੍ਹਾਂ ਨੂੰ ਕਹਿ ਦੇਣਾ ਕਿ ਪਾਕਿਸਤਾਨੀ ਫੌਜਾਂ ਸ਼ਹਿਰ ਵਿਚ ਆਈਆਂ ਹੋਈਆਂ ਹਨ। ਉਹ ਡਰ ਗਏ ਅਤੇ ਮੈਂ ਮੁਸਲਮਾਨਾਂ ਨੂੰ ਸਮੇਂ ਸਿਰ ਕੱਢ ਲਿਆ। ਜਦੋਂ ਧਾੜਵੀਆਂ ਨੂੰ ਮੇਰੀ ਚਲਾਕੀ ਦਾ ਪਤਾ ਲੱਗਾ, ਉਨ੍ਹਾਂ ਹਰ ਮੁਸਲਿਮ ਘਰ ਨੂੰ ਲੁੱਟਿਆ ਅਤੇ ਸਾੜਿਆ। ਮੈਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਚੋਂ ਕੁਝ ਤਾਂ ਮੈਨੂੰ ਲੱਭਣ ਲਈ ਥਾਣੇ ਆਉਣ ਦੀ ਵਿਉਂਤ ਬਣਾ ਰਹੇ ਸਨ। ਪਰ ਅਖੀਰ ਸਿਆਣਪ ਹੀ ਭਾਰੂ ਰਹੀ। ਇਸ ਲਈ ਦੇਖੋ, ਜਨਾਬ, ਮੈਨੂੰ ਮਿਲਿਆ ਕੀ, ਮੁਸਲਮਾਨਾਂ ਤੋਂ ਗਾਲਾਂ ਕਿ ਉਨ੍ਹਾਂ ਨੂੰ ਘਰੋਂ ਕੱਢ ਦਿਤਾ ਗਿਆ; ਸਿੱਖਾਂ ਤੋਂ ਗਾਲਾਂ ਕਿ ਜੋ ਉਹ ਲੁੱਟ ਮਾਰ ਕਰਨਾ ਚਾਹੁੰਦੇ ਸਨ, ਉਹ ਮੈਂ ਹੋਣ ਨਹੀਂ ਸੀ ਦਿਤੀ। ਹੁਣ ਮੈਂ ਸੋਚਦਾ ਹਾਂ ਕਿ ਸਰਕਾਰ ਵੀ ਇਕ ਜਾਂ ਦੂਜੀ ਗੱਲ ਲਈ ਮੈਨੂੰ ਹੀ ਗਾਲਾਂ ਕੱਢੇਗੀ। ਤੇ ਮੇਰੇ ਕੋਲ ਕੀ ਹੈ, ਇਹ ਮੇਰਾ ਠੇਂਗਾ।" ਛੋਟੇ ਥਾਣੇਦਾਰ ਨੇ ਆਪਣਾ ਅੰਗੂਠਾ ਕੱਢਿਆ ਅਤੇ ਮੁਸਕਰਾਇਆ।

ਹੁਕਮ ਚੰਦ ਦਾ ਮਨ ਉਸ ਸਵੇਰੇ ਆਪੇ ਵਿਚ ਨਹੀਂ ਸੀ। ਜਾਪਦਾ ਸੀ ਕਿ ਉਸ ਨੇ ਛੋਟੇ ਥਾਣੇਦਾਰ ਦੀ ਰਿਪੋਰਟ ਦੀ ਪੂਰੀ ਮਹੱਤਤਾ ਦਾ ਅਹਿਸਾਸ ਨਹੀਂ ਕੀਤਾ ਸੀ।

"ਹਾਂ, ਇੰਸਪੈਕਟਰ ਸਾਹਿਬ, ਤੁਹਾਨੂੰ ਤੇ ਮੈਨੂੰ ਇਸ ਸਾਰੇ ਕੁਝ ਵਿਚੋਂ ਸਿਵਾਇ ਬਦਨਾਮੀ ਦੇ ਹੋਰ ਕੁਝ ਨਹੀਂ ਮਿਲਣ ਵਾਲਾ। ਅਸੀਂ ਕਰ ਵੀ ਕੀ ਸਕਦੇ ਹਾਂ? ਹਰ ਕਿਸੇ ਨੇ ਉਂਗਲ ਟ੍ਰੈਗਰ ਤੇ ਰਖੀ ਹੋਈ ਹੈ। ਰਫਿਊਜੀਆਂ ਨਾਲ ਭਰੀਆਂ ਰੇਲ ਗੱਡੀਆਂ, ਮੋਟਰ ਕਾਫਲਿਆਂ, ਪੈਦਲ ਚਲ ਰਹੇ ਲੋਕਾਂ ਦੀਆਂ ਕਤਾਰਾਂ ਉਤੇ ਲੋਕ ਆਪਣੀਆਂ ਬੰਦੂਕਾਂ ਦੇ ਮੈਗਜ਼ੀਨ ਇੰਜ ਖਾਲੀ ਕਰ ਰਹੇ ਹਨ ਜਿਵੇਂ ਹੋਲੀ ਵੇਲੇ ਲਾਲ ਰੰਗ ਦੀਆਂ ਪਿਚਕਾਰੀਆਂ ਖਾਲੀ ਕੀਤੀਆਂ ਜਾਂਦੀਆਂ ਹਨ। ਪਰ ਇਹ ਤਾਂ ਖੂਨੀ ਹੋਲੀ ਬਣਕੇ ਰਹਿ ਗਈ ਹੈ। ਜਿਥੇ ਗੋਲ਼ੀਆਂ ਵਰ੍ਹ ਰਹੀਆਂ ਹੋਣ, ਉਥੇ ਜਾਣ ਵਿਚ ਕਿਹੜੀ ਅਕਲਮੰਦੀ ਹੋਵੇਗੀ। ਗੋਲ਼ੀ ਨਾ ਤਾਂ ਰੁਕਦੀ ਹੈ ਅਤੇ ਨਾ ਹੀ ਸੋਚਦੀ ਹੈ, 'ਇਹ ਹੁਕਮ ਚੰਦ ਹੈ, ਇਸ ਨੂੰ ਨਹੀਂ ਲੱਗਣਾ।' ਨਾ ਹੀ ਇਸ ਉਤੇ ਕੋਈ ਨਾਂ ਲਿਖਿਆ ਹੁੰਦਾ ਹੈ ਕਿ 'ਫਲਾਣੇ ਨੇ ਭੇਜੀ ਹੈ'। ਜੇ ਇਸ ਉਤੇ ਕੋਈ ਨਾਂ ਲਿਖਿਆ ਵੀ ਹੋਵੇ — ਇਕ ਵਾਰ ਜਦੋਂ ਜਿਸਮ ਦੇ ਅੰਦਰ ਚਲੀ ਗਈ, ਸਾਨੂੰ ਇਹ ਜਾਣਕੇ ਕੀ ਫਾਇਦਾ ਮਿਲੇਗਾ ਕਿ ਇਹ ਕਿਸਨੇ ਚਲਾਈ ਸੀ। ਨਹੀਂ, ਇੰਸਪੈਕਟਰ ਸਾਹਿਬ, ਪਾਗਲਖਾਨੇ ਵਿਚ ਕੋਈ ਸਿਆਣਾ ਆਦਮੀ ਕੇਵਲ ਇਕੋ ਗੱਲ ਕਰ ਸਕਦਾ ਹੈ ਕਿ ਇੰਜ ਦਿਖਾਵਾ ਕਰੇ ਜਿਵੇਂ ਉਹ ਵੀ ਬਾਕੀਆਂ ਵਾਂਗ ਪਾਗਲ ਹੈ ਅਤੇ ਪਹਿਲਾ ਹੀ ਮੌਕਾ ਮਿਲਣ ਉਤੇ ਕੰਧ ਟੱਪਕੇ ਬਾਹਰ ਆ ਜਾਵੇ।"

ਛੋਟੇ ਥਾਣੇਦਾਰ ਨੂੰ ਹੁਕਮ ਚੰਦ ਦੇ ਇਹੋ ਜਿਹੇ ਪ੍ਰਵਚਨ ਸੁਣਨ ਦੀ ਆਦਤ ਪੈ ਚੁਕੀ ਸੀ। ਉਹ ਇਹ ਵੀ ਜਾਣਦਾ ਸੀ ਕਿ ਇਹ ਪ੍ਰਵਚਨ ਡਿਪਟੀ ਦੇ ਅਸਲੀ ਆਪੇ ਨੂੰ ਪ੍ਰਗਟ ਨਹੀਂ ਕਰਦੇ। ਪਰ ਹੁਕਮ ਚੰਦ ਦੀ ਇਸ਼ਾਰਾ ਸਮਝਣ ਦੀ ਅਸਮਰੱਥਤਾ ਉਤੇ ਉਹ ਹੈਰਾਨ ਹੋ ਰਿਹਾ ਸੀ। ਮਜਿਸਟ੍ਰੇਟ ਆਪ ਕਦੇ ਵੀ ਸਿੱਧੀ ਗੱਲ ਨਾ ਕਹਿਣ ਲਈ ਮਸ਼ਹੂਰ ਸੀ; ਸਿੱਧੀ ਗੱਲ ਕਹਿਣਾ ਉਹ ਮੂਰਖਤਾ ਸਮਝਦਾ ਸੀ। ਉਸ ਦੀ ਨਜ਼ਰ ਵਿਚ ਕੂਟਨੀਤੀ ਦੀ ਕਲਾ ਇਹ ਹੈ ਕਿ ਸਿੱਧੀ ਗੱਲ ਨੂੰ ਵੀ ਘੁੰਮਾ ਫਿਰਾ ਕੇ ਕਿਹਾ ਜਾਵੇ। ਇਸ ਨਾਲ ਬੰਦਾ ਕਦੇ ਮੁਸੀਬਤ ਵਿਚ ਨਹੀਂ ਪੈਂਦਾ ਸੀ। ਇਸ ਦਾ ਕਦੇ ਵੀ ਇਕ ਜਾਂ ਦੂਜੇ ਅਰਥ ਲਈ ਹਵਾਲਾ ਨਹੀਂ ਦਿਤਾ ਜਾ ਸਕਦਾ ਸੀ। ਨਾਲ ਹੀ, ਇਹ ਬੰਦੇ ਨੂੰ ਚਤੁਰ ਅਤੇ ਸ਼ਾਤਰ ਹੋਣ ਦਾ ਨਾਮਣਾ ਦਿੰਦਾ ਸੀ। ਹੁਕਮ ਚੰਦ ਗੁੱਝੇ ਇਸ਼ਾਰੇ ਸਮਝਣ ਦਾ ਓਨਾ ਹੀ ਮਾਹਿਰ ਸੀ ਜਿੰਨਾ ਕਿ ਗੁੱਝੇ ਇਸ਼ਾਰੇ ਕਰਨ ਦਾ। ਪਰ ਅੱਜ ਦੀ ਸਵੇਰ ਲੱਗਦਾ ਸੀ ਕਿ ਜਿਵੇਂ ਉਹ ਆਪਣੇ ਦਿਮਾਗ ਨੂੰ ਆਰਾਮ ਦੇ ਰਿਹਾ ਹੋਵੇ।

"ਤੁਹਾਨੂੰ ਕਲ੍ਹ ਚੰਦਨ ਨਗਰ ਵਿਚ ਹੋਣਾ ਚਾਹੀਦਾ ਸੀ," ਥਾਣੇਦਾਰ ਨੇ ਪੇਸ਼ ਅਸਲ ਸਮਸਿਆ ਵੱਲ ਗੱਲਬਾਤ ਫਿਰ ਮੋੜਨ ਦੀ ਕੋਸ਼ਿਸ਼ ਕਰਦਿਆਂ ਆਖਿਆ। "ਜੇ ਮੈਂ ਉਥੇ ਪੰਜ ਮਿੰਟ ਲੇਟ ਪੁਜਦਾ ਤਾਂ ਇਕ ਵੀ ਮੁਸਲਮਾਨ ਬਚਿਆ ਨਹੀਂ ਸੀ ਹੋਣਾ। ਹੁਣ ਇਹ ਹੋਇਆ ਕਿ ਇਕ ਵੀ ਮਾਰਿਆ ਨਹੀਂ ਗਿਆ, ਕਿਉਂਕਿ ਮੈਂ ਉਨ੍ਹਾਂ ਸਾਰਿਆਂ ਨੂੰ ਸਮੇਂ ਸਿਰ ਬਾਹਰ ਕੱਢ ਲਿਆ ਸੀ।"

ਛੋਟੇ ਥਾਣੇਦਾਰ ਨੇ "ਇਕ ਵੀ ਨਹੀਂ" ਅਤੇ "ਸਾਰਿਆਂ" ਉਤੇ ਉਚੇਚਾ ਜ਼ੋਰ ਦੇ ਕੇ ਆਖਿਆ। ਉਸ ਨੇ ਹੁਕਮ ਚੰਦ ਦੇ ਪ੍ਰਤਿਕਰਮ ਉਤੇ ਨਿਗਾਹ ਰਖੀ।

ਇਹ ਤੀਰ ਚਲ ਗਿਆ। ਹੁਕਮ ਚੰਦ ਨੇ ਆਪਣੀਆਂ ਅੱਖਾਂ ਦੇ ਕੋਏ ਰਗੜਨੇ ਬੰਦ ਕਰ ਦਿਤੇ ਅਤੇ ਸਰਸਰੀ ਤੌਰ ਤੇ ਇੰਜ ਪੁਛਿਆ ਜਿਵੇਂ ਬਸ ਜਾਣਕਾਰੀ ਲੈਣੀ ਚਾਹੁੰਦਾ ਹੋਵੇ, "ਤੁਸੀਂ ਮੈਨੂੰ ਇਹ ਦਸਣਾ ਚਾਹੁੰਦੇ ਹੋ ਕਿ ਹੁਣ ਚੰਦਨ ਨਗਰ ਵਿਚ ਇਕ ਵੀ ਮੁਸਲਿਮ ਪਰਿਵਾਰ ਨਹੀਂ ਬਚਿਆ।"

"ਨਹੀਂ, ਜਨਾਬ ਇਕ ਵੀ ਨਹੀਂ।"

"ਮੇਰਾ ਖਿਆਲ ਹੈ," ਹੁਕਮ ਚੰਦ ਨੇ ਖੰਘ ਕੇ ਗਲ਼ ਸਾਫ ਕਰਦਿਆਂ ਆਖਿਆ, "ਜਦੋਂ ਇਹ ਰੌਲਾ ਗੌਲਾ ਮੁਕ ਗਿਆ, ਉਹ ਵਾਪਸ ਆ ਜਾਣਗੇ?"

"ਹੋ ਸਕਦੈ," ਇੰਸਪੈਕਟਰ ਨੇ ਉਤਰ ਦਿਤਾ, "ਪਰ ਉਨ੍ਹਾਂ ਕੋਲ ਵਾਪਸ ਆਉਣ ਲਈ ਕੋਈ ਖਾਸ ਵਜ੍ਹਾ ਨਹੀਂ ਬਚੀ। ਉਨ੍ਹਾਂ ਦੇ ਘਰ ਸਾੜ ਦਿਤੇ ਗਏ ਹਨ ਜਾਂ ਉਨ੍ਹਾਂ ਤੇ ਕਬਜ਼ਾ ਕਰ ਲਿਆ ਗਿਐ। ਜੇ ਕੋਈ ਇਕ ਅੱਧ ਵਾਪਸ ਆ ਵੀ ਗਿਆ, ਉਸ ਦੀ ਜ਼ਿੰਦਗੀ ਸਾਗਰ ਵਿਚਲੇ ਨਿਕੇ ਘੋਗੇ ਬਰਾਬਰ ਵੀ ਨਹੀਂ ਹੋਣੀ।"

"ਹਾਲਤ ਹਮੇਸ਼ਾਂ ਇਹੋ ਨਹੀਂ ਬਣੀ ਰਹਿਣੀ। ਤੁਸੀਂ ਦੇਖਦੇ ਹੋ ਕਿ ਚੀਜ਼ਾਂ ਕਿਵੇਂ ਬਦਲਦੀਆਂ ਹਨ। ਹਫਤੇ ਭਰ ਵਿਚ ਉਹ ਵਾਪਸ ਚੰਦਨ ਨਗਰ ਆ ਜਾਣਗੇ ਅਤੇ ਸਿੱਖ ਤੇ ਮੁਸਲਮਾਨ ਇਕੋ ਘੜੇ ਵਿਚੋਂ ਪਾਣੀ ਪੀਣਗੇ," ਹੁਕਮ ਚੰਦ ਨੂੰ ਆਪ ਵੀ ਆਪਣੀ ਆਵਾਜ਼ ਵਿਚੋਂ ਝੂਠੀ ਆਸ ਦਾ ਅਹਿਸਾਸ ਹੋ ਗਿਆ ਸੀ। ਇਵੇਂ ਹੀ ਥਾਣੇਦਾਰ ਨੂੰ ਵੀ ਇਹ ਉਮੀਦ ਥੋਥੀ ਲੱਗੀ ਸੀ।

"ਤੁਸੀਂ ਠੀਕ ਹੋ ਸਕਦੇ ਹੋ, ਜਨਾਬ। ਪਰ ਇਸ ਵਾਸਤੇ ਨਿਸ਼ਚੇ ਹੀ ਇਕ ਹਫਤੇ ਤੋਂ ਵਧ ਸਮਾਂ ਲੱਗੇਗਾ। ਚੰਦਨ ਨਗਰ ਦੇ ਰਫਿਊਜੀਆਂ ਨੂੰ ਅੱਜ ਰਾਤ ਰੇਲ ਰਾਹੀਂ ਪਾਕਿਸਤਾਨ ਲਿਜਾਇਆ ਜਾ ਰਿਹੈ। ਰੱਬ ਹੀ ਜਾਣਦੈ ਕਿ ਉਨ੍ਹਾਂ ਵਿਚੋਂ ਕਿੰਨੇ ਪੁਲ ਤੋਂ ਪਾਰ ਜਿਉਂਦੇ ਜਾ ਸਕਣਗੇ; ਜਿਹੜੇ ਬਚ ਕੇ ਚਲੇ ਵੀ ਗਏ ਉਹ ਇਥੇ ਵਾਪਸ ਆਉਣ ਦੀ ਕਾਹਲੀ ਨਹੀਂ ਕਰਨਗੇ।"

ਛੋਟੇ ਥਾਣੇਦਾਰ ਨੇ ਨਿਸ਼ਾਨੇ ਤੇ ਤੀਰ ਲਾ ਦਿਤਾ ਸੀ। ਹੁਕਮ ਚੰਦ ਦਾ ਚਿਹਰਾ ਪੀਲਾ ਪੈ ਗਿਆ। ਉਹ ਦਿਖਾਵਾ ਹੋਰ ਨਾ ਲਮਕਾ ਸੱਕਿਆ।

"ਤੁਹਾਨੂੰ ਕਿਵੇਂ ਪਤੈ ਕਿ ਚੰਦਨ ਨਗਰ ਦੇ ਰਫਿਊਜੀ ਅੱਜ ਰਾਤ ਦੀ ਗੱਡੀ ਤੇ ਜਾ ਰਹੇ ਹਨ?" ਉਸ ਨੇ ਸਵਾਲ ਕੀਤਾ।

"ਮੈਨੂੰ ਇਹ ਗੱਲ ਕੈਂਪ ਕਮਾਂਡਰ ਤੋਂ ਪਤਾ ਲੱਗੀ। ਖੁਦ ਕੈਂਪ ਉਤੇ ਹੀ ਹਮਲੇ ਦਾ ਡਰ ਸੀ। ਇਸ ਲਈ ਉਸ ਨੇ ਫੈਸਲਾ ਕੀਤਾ ਕਿ ਜੋ ਵੀ ਪਹਿਲੀ ਗੱਡੀ ਮਿਲੇ ਉਸੇ ਉਤੇ ਰਫਿਊਜੀਆਂ ਨੂੰ ਬਾਹਰ ਕੱਢ ਲਿਆ ਜਾਵੇ। ਜੇ ਉਹ

ਨਹੀਂ ਜਾਂਦੇ, ਉਨ੍ਹਾਂ ਚੋਂ ਸ਼ਾਇਦ ਕੋਈ ਵੀ ਨਹੀਂ ਬਚੇਗਾ। ਜੇ ਉਹ ਜਾਂਦੇ ਹਨ ਤਾਂ ਉਨ੍ਹਾਂ ਚੋਂ ਘਟੋ ਘਟ ਕੁਝ ਬਚਕੇ ਚਲੇ ਜਾਣਗੇ, ਜੇ ਗੱਡੀ ਚੰਗੀ ਰਫਤਾਰ ਨਾਲ ਦੌੜ ਰਹੀ ਹੋਈ। ਉਨ੍ਹਾਂ ਦੀ ਸਕੀਮ ਗੱਡੀ ਉਲਟਾਉਣ ਦੀ ਨਹੀਂ ਹੈ; ਉਹ ਚਾਹੁੰਦੇ ਹਨ ਕਿ ਇਹ ਲਾਸ਼ਾਂ ਨਾਲ ਭਰੀ ਹੋਈ ਪਾਕਿਸਤਾਨ ਜਾਵੇ।"

ਹੁਕਮ ਚੰਦ ਨੇ ਆਪਣੀ ਕੁਰਸੀ ਦੀਆਂ ਬਾਹਾਂ ਕੜਵੱਲ ਪੈਣ ਵਾਂਗ ਫੜ ਲਈਆਂ।

"ਤੁਸੀਂ ਕੈਂਪ ਕਮਾਂਡਰ ਨੂੰ ਇਸ ਬਾਰੇ ਖਬਰਦਾਰ ਕਿਉਂ ਨਹੀਂ ਕਰਦੇ? ਉਹ ਨਾ ਜਾਣ ਦਾ ਫੈਸਲਾ ਕਰ ਸਕਦਾ ਹੈ।"

"ਗਰੀਬ ਨਵਾਜ਼," ਛੋਟੇ ਥਾਣੇਦਾਰ ਨੇ ਧੰਬਲ ਨਾਲ ਸਮਝਾਇਆ, "ਮੈਂ ਉਸ ਨੂੰ ਗੱਡੀ ਉਤੇ ਤਜਵੀਜ਼ ਹੋਏ ਹਮਲੇ ਬਾਰੇ ਨਹੀਂ ਦੱਸਿਆ ਕਿਉਂਕਿ ਜੇ ਉਹ ਇਨ੍ਹਾਂ ਨੂੰ ਲੈ ਕੇ ਨਹੀਂ ਜਾਂਦਾ ਤਾਂ ਹੋ ਸਕਦਾ ਹੈ ਕਿ ਸਾਰਾ ਕੈਂਪ ਹੀ ਤਬਾਹ ਕਰ ਦਿਤਾ ਜਾਵੇ। ਵੀਹ ਤੋਂ ਤੀਹ ਹਜ਼ਾਰ ਪੇਂਡੂਆਂ ਦੇ ਹਜੂਮ ਆਦਮ-ਬੋ ਆਦਮ-ਬੋ ਕਰਦੇ ਫਿਰਦੇ ਹਨ। ਮੇਰੇ ਕੋਲ ਪੰਜਾਹ ਸਿਪਾਹੀ ਹਨ, ਉਨ੍ਹਾਂ ਚੋਂ ਇਕ ਵੀ ਕਿਸੇ ਸਿੱਖ ਉਤੇ ਗੋਲ਼ੀ ਨਹੀ ਚਲਾਵੇਗਾ। ਪਰ ਜੇ ਜਨਾਬ ਇਨ੍ਹਾਂ ਹਜੂਮਾਂ ਨਾਲ ਆਪਣਾ ਰਸੂਖ ਵਰਤ ਸਕਦੇ ਹਨ ਤਾਂ ਮੈਂ ਕੈਂਪ ਕਮਾਂਡਰ ਨੂੰ ਗੱਡੀ ਉਤੇ ਹਮਲੇ ਦੀ ਵਿਉਂਤ ਬਾਰੇ ਦੱਸ ਸਕਦਾ ਹਾਂ ਅਤੇ ਮਨਾ ਸਕਦਾ ਹਾਂ ਕਿ ਉਹ ਰਫਿਊਜੀਆਂ ਨੂੰ ਲੈ ਕੇ ਨਾ ਜਾਵੇ।"

ਛੋਟਾ ਥਾਣੇਦਾਰ ਮਜਿਸਟ੍ਰੇਟ ਦੇ ਨਾਜ਼ਕ ਥਾਂ ਤੇ ਸੱਟ ਮਾਰ ਰਿਹਾ ਸੀ।

"ਨਹੀਂ, ਨਹੀਂ," ਮਜਿਸਟ੍ਰੇਟ ਹਕਲਾਇਆ, "ਹਥਿਆਰਬੰਦ ਭੀੜਾਂ ਅਗੇ ਕੋਈ ਪ੍ਰਭਾਵ ਕੀ ਕਰ ਸਕਦਾ ਹੈ? ਨਹੀਂ। ਸਾਨੂੰ ਸੋਚਣਾ ਜ਼ਰੂਰ ਚਾਹੀਦਾ ਹੈ।"

ਹੁਕਮ ਚੰਦ ਵਾਪਸ ਕੁਰਸੀ ਵਿਚ ਲਿਟ ਗਿਆ। ਆਪਣਾ ਮੂੰਹ ਉਸ ਨੇ ਹੱਥਾਂ ਨਾਲ ਢੱਕ ਲਿਆ। ਮੱਥਾ ਉਸ ਨੇ ਆਪਣਾ ਮੁੱਕੀ ਨਾਲ ਵਾਰ ਵਾਰ ਠਕੋਰਿਆ। ਉਸ ਨੇ ਆਪਣੇ ਵਾਲ ਖਿੱਚੇ ਜਿਵੇਂ ਉਹ ਆਪਣੇ ਦਿਮਾਗ ਵਿਚੋਂ ਵਿਚਾਰ ਪੁਟ ਰਿਹਾ ਹੋਵੇ।

"ਉਨ੍ਹਾਂ ਦੋ ਬੰਦਿਆਂ ਦਾ ਕੀ ਬਣਿਆ ਜਿਨ੍ਹਾਂ ਨੂੰ ਤੁਸੀਂ ਸ਼ਾਹੂਕਾਰ ਦੇ ਕਤਲ ਲਈ ਗ੍ਰਿਫਤਾਰ ਕੀਤਾ ਸੀ?" ਉਸ ਨੇ ਕੁਝ ਸਮੇਂ ਬਾਅਦ ਪੁਛਿਆ।

ਥਾਣੇਦਾਰ ਨੂੰ ਇਸ ਪੁੱਛ ਦੀ ਸਾਰਥਿਕਤਾ ਸਮਝ ਨਹੀਂ ਆਈ।

"ਉਹ ਅਜੇ ਵੀ ਹਿਰਾਸਤ ਵਿਚ ਹਨ। ਤੁਸੀਂ ਆਦੇਸ਼ ਦਿਤਾ ਸੀ ਕਿ ਜਿੰਨਾ ਚਿਰ ਰੌਲਾ ਗੌਲਾ ਮੁੱਕ ਨਹੀਂ ਜਾਂਦਾ, ਓਨਾ ਚਿਰ ਉਨ੍ਹਾਂ ਨੂੰ ਬੰਦ ਹੀ ਰਖੋ। ਇਸ ਹਿਸਾਬ ਨਾਲ ਤਾਂ ਲੱਗਦਾ ਹੈ, ਮੈਨੂੰ ਉਹ ਕਈ ਮਹੀਨੇ ਹੋਰ ਅੰਦਰ ਹੀ ਰਖਣੇ ਪੈਣਗੇ।"

"ਕੀ ਕੋਈ ਮੁਸਲਿਮ ਔਰਤਾਂ ਜਾਂ ਕੋਈ ਹੋਰ ਘੁੰਮਦੇ ਫਿਰਦੇ ਮੁਸਲਮਾਨ ਹਨ ਜਿਨ੍ਹਾਂ ਮਨੋ ਮਾਜਰਾ ਛੱਡਣੋਂ ਇਨਕਾਰ ਕਰ ਦਿਤਾ ਹੋਵੇ?"

"ਨਹੀਂ ਜਨਾਬ ਇਕ ਵੀ ਬਾਕੀ ਨਹੀਂ। ਮਰਦ, ਔਰਤਾਂ, ਬੱਚੇ ਸਭ ਹੀ ਛੱਡ ਗਏ ਹਨ," ਥਾਣੇਦਾਰ ਨੇ ਦੱਸਿਆ। ਉਹ ਹਾਲੇ ਵੀ ਹੁਕਮ ਚੰਦ ਦੇ ਦਿਮਾਗ ਦੇ ਖਿਆਲਾਂ ਦੀ ਲੜੀ ਨੂੰ ਫੜਨ ਵਿਚ ਅਸਮਰਥ ਸੀ।

"ਜੱਗੇ ਦੀ ਦੋਸਤ ਜੁਲਾਹਿਆਂ ਦੀ ਕੁੜੀ ਦਾ ਕੀ ਬਣਿਆ? ਕੀ ਨਾਂ ਸੀ ਉਸ ਦਾ?"

"ਨੂਰਾਂ।"

"ਹਾਂ, ਨੂਰਾਂ। ਕਿਥੇ ਹੈ ਉਹ?"

"ਉਹ ਚਲੀ ਗਈ ਹੈ। ਉਸ ਦਾ ਅੱਬਾ ਮਨੋ ਮਾਜਰਾ ਦੇ ਮੁਸਲਮਾਨਾਂ ਦਾ ਇਕ ਤਰ੍ਹਾਂ ਆਗੂ ਹੀ ਸੀ। ਲੰਬੜਦਾਰ ਨੇ ਮੈਨੂੰ ਉਸ ਬਾਰੇ ਬਹੁਤ ਕੁਝ ਦੱਸਿਆ। ਉਸ ਦਾ ਇਕੋ ਹੀ ਬੱਚਾ ਹੈ ਇਹ ਕੁੜੀ ਨੂਰਾਂ; ਉਸ ਬਾਰੇ ਹੀ ਕਿਹਾ ਜਾਂਦੈ ਕਿ ਉਸ ਦੀ ਡਾਕੂ ਜੱਗੇ ਨਾਲ ਆਸ਼ਨਾਈ ਹੈ।"

"ਅਤੇ ਇਹ ਦੂਜਾ ਬੰਦਾ, ਤੁਸੀਂ ਕਿਹਾ ਸੀ ਨਾ ਕਿ ਉਹ ਕਿਸੇ ਤਰ੍ਹਾਂ ਦਾ ਸਿਆਸੀ ਕਾਰਕੁਨ ਹੈ?"

"ਹਾਂ, ਜਨਾਬ। ਪੀਪਲਜ਼ ਪਾਰਟੀ ਵਰਗੀ ਕਿਸੇ ਪਾਰਟੀ ਦਾ। ਮੇਰਾ ਖਿਆਲ ਹੈ ਕਿ ਉਹ ਮੁਸਲਿਮ ਲੀਗੀ ਹੈ ਜਿਸ ਨੇ ਪੀਪਲਜ਼ ਪਾਰਟੀ ਦਾ ਮਖੌਟਾ ਪਾਇਆ ਹੋਇਆ ਹੈ। ਮੈਂ ਉਸ ਨੂੰ ਪੜਤਾਲਿਆ ...।"

"ਕੀ ਤੁਹਾਡੇ ਕੋਲ ਹੁਕਮ ਦੇਣ ਵਾਸਤੇ ਕੋਰੇ ਕਾਗਜ਼ ਹਨ?" ਹੁਕਮ ਚੰਦ ਨੇ ਬੇਸਬਰੀ ਨਾਲ ਵਿਚੋਂ ਟੋਕਿਆ।

"ਜੀ, ਜਨਾਬ," ਥਾਣੇਦਾਰ ਨੇ ਹਾਮੀ ਭਰੀ। ਉਸ ਨੇ ਕਈ ਪੀਲੇ ਛੱਪੇ ਹੋਏ ਕਾਗਜ਼ ਕੱਢੇ ਅਤੇ ਮਜਿਸਟ੍ਰੇਟ ਨੂੰ ਸੌਂਪ ਦਿਤੇ।

ਹੁਕਮ ਚੰਦ ਨੇ ਆਪਣਾ ਹੱਥ ਵਧਾਇਆ ਅਤੇ ਥਾਣੇਦਾਰ ਦੀ ਜੇਬ ਵਿਚੋਂ ਪੈੱਨ ਖਿਚ ਲਿਆ।

"ਕੈਦੀਆਂ ਦੇ ਨਾਂ ਕੀ ਹਨ?" ਉਸ ਨੇ ਕਾਗਜ਼ ਮੇਜ਼ ਉਤੇ ਫੈਲਾਉਂਦੇ ਹੋਏ ਪੁਛਿਆ।

"ਜੱਗਾ ਬਦਮਾਸ਼ ਅਤੇ ..."

"ਜੱਗਾ ਬਦਮਾਸ਼," ਇਕ ਕਾਗਜ਼ ਵਿਚ ਖਾਲੀ ਥਾਂ ਭਰਦਿਆਂ ਅਤੇ ਇਸ ਉਤੇ ਦਸਖ਼ਤ ਕਰਦਿਆਂ ਹੁਕਮ ਚੰਦ ਨੇ ਟੋਕਿਆ, "ਜੱਗਾ ਬਦਮਾਸ਼ ਅਤੇ ...?" ਉਸ ਨੇ ਦੂਜਾ ਕਾਗਜ਼ ਚੁਕਦਿਆਂ ਸਵਾਲ ਕੀਤਾ।

"ਇਕਬਾਲ ਮੁਹੰਮਦ ਜਾਂ ਮੁਹੰਮਦ ਇਕਬਾਲ। ਪੱਕਾ ਨਹੀਂ ਪਤਾ ਕਿ ਕੀ ਹੈ?"

"ਇਕਬਾਲ ਮੁਹੰਮਦ ਨਹੀਂ, ਇੰਸਪੈਕਟਰ ਸਾਹਿਬ। ਨਾ ਹੀ ਮੁਹੰਮਦ ਇਕਬਾਲ ਸਗੋਂ ਇਕਬਾਲ ਸਿੰਘ," ਉਸ ਨੇ ਸਜਾਵਟੀ ਲਿਪੀ ਵਿਚ ਲਿਖਦੇ ਆਖਿਆ।

ਛੋਟਾ ਥਾਣੇਦਾਰ ਖੜ੍ਹਾ ਮੂਰਖ ਜਿਹਾ ਲੱਗ ਰਿਹਾ ਸੀ। ਹੁਕਮ ਚੰਦ ਨੂੰ ਇਹ ਕਿਵੇਂ ਪਤਾ ਹੈ? ਕੀ ਮੀਤ ਸਿੰਘ ਮਜਿਸਟ੍ਰੇਟ ਨੂੰ ਮਿਲਦਾ ਰਿਹਾ ਸੀ?

"ਜਨਾਬ, ਤੁਹਾਨੂੰ ਹਰ ਕਿਸੇ ਤੇ ਭਰੋਸਾ ਨਹੀਂ ਕਰ ਲੈਣਾ ਚਾਹੀਦਾ। ਮੈਂ ਉਸ ਨੂੰ ਆਪ ਪੜਤਾਲਿਆ ...।"

"ਕੀ ਤੁਸੀਂ ਸੱਚਮੁਚ ਵਿਸ਼ਵਾਸ ਕਰਦੇ ਹੋ ਕਿ ਕੋਈ ਪੜ੍ਹਿਆ ਲਿਖਿਆ ਮੁਸਲਮਾਨ ਇਨ੍ਹਾਂ ਦਿਨਾਂ ਵਿਚ ਇਸ ਹਿੱਸੇ ਵਿਚ ਆਵੇਗਾ? ਕੀ ਤੁਸੀਂ ਸੋਚਦੇ ਹੋ ਕਿ ਕੋਈ ਪਾਰਟੀ ਏਨੀ ਮੂਰਖ ਹੋਵੇਗੀ ਕਿ ਮੁਸਲਮਾਨਾਂ ਦੇ ਖ਼ੂਨ ਦੇ ਪਿਆਸੇ ਸਿੱਖਾਂ ਨੂੰ ਅਮਨ ਦਾ ਸੁਨੇਹਾ ਦੇਣ ਲਈ ਕਿਸੇ ਮੁਸਲਮਾਨ ਨੂੰ ਭੇਜੇਗੀ; ਥਾਣੇਦਾਰ ਸਾਹਿਬ? ਤੁਹਾਡੀ ਸੋਚ ਕਿਥੇ ਗਈ?"

ਛੋਟਾ ਥਾਣੇਦਾਰ ਨਿਮੋਝੂਣ ਹੋ ਗਿਆ। ਇਹ ਗੱਲ ਅਸੰਭਵ ਹੀ ਲੱਗਦੀ ਸੀ ਕਿ ਕੋਈ ਪੜ੍ਹਿਆ ਲਿਖਿਆ ਬੰਦਾ ਕਿਸੇ ਵੀ ਕਾਜ਼ ਲਈ ਆਪਣੇ ਸਿਰ ਨੂੰ ਖਤਰੇ ਵਿਚ ਪਾ ਲਵੇਗਾ? ਇਸ ਤੋਂ ਇਲਾਵਾ, ਉਸ ਨੇ ਇਕਬਾਲ ਦੇ ਸੱਜੇ ਗੁੱਟ ਉਤੇ ਇਕ ਸਟੀਲ ਦਾ ਕੜਾ ਵੀ ਵੇਖਿਆ ਸੀ, ਜੋ ਸਾਰੇ ਸਿੱਖ ਪਾਉਂਦੇ ਹਨ।

"ਜਨਾਬੇ ਆਲੀ, ਲਾਜ਼ਮੀ ਠੀਕ ਹੀ ਫ਼ੁਰਮਾ ਰਹੇ ਹੋਣਗੇ, ਪਰ ਇਸ ਦਾ ਗੱਡੀ ਉਤੇ ਹਮਲੇ ਨੂੰ ਰੋਕਣ ਨਾਲ ਕੀ ਸੰਬੰਧ?"

"ਜਨਾਬੇ ਆਲੀ ਠੀਕ ਹੀ ਫ਼ੁਰਮਾ ਰਹੇ ਨੇ," ਹੁਕਮ ਚੰਦ ਨੇ ਜੇਤੂ ਅੰਦਾਜ਼ ਵਿਚ ਕਿਹਾ, "ਅਤੇ ਤੁਹਾਨੂੰ ਜਲਦ ਹੀ ਪਤਾ ਲਗ ਜਾਵੇਗਾ ਕਿ ਕਿਉਂ। ਚੰਦਨ ਨਗਰ ਨੂੰ ਜਾਂਦੇ ਹੋਏ ਰਸਤੇ ਵਿਚ ਇਸ ਬਾਰੇ ਸੋਚਦੇ ਜਾਇਓ। ਜਿਉਂ ਹੀ ਤੁਸੀਂ ਥਾਣੇ ਪਹੁੰਚੋਂ, ਉਨ੍ਹਾਂ ਨੂੰ ਛੱਡ ਦਿਓ ਅਤੇ ਇਹ ਵੀ ਦੇਖਣਾ ਕਿ ਉਹ ਫ਼ੌਰਨ ਮਨੋ ਮਾਜਰਾ ਨੂੰ ਚਲੇ ਜਾਣ। ਜ਼ਰੂਰੀ ਹੋਵੇ ਤਾਂ ਉਨ੍ਹਾਂ ਨੂੰ ਤਾਂਗਾ ਲੈ ਦੇਣਾ। ਉਹ ਸ਼ਾਮ ਤੋਂ ਪਹਿਲਾਂ ਪਿੰਡ ਵਿਚ ਹੋਣੇ ਚਾਹੀਦੇ ਹਨ।"

ਛੋਟੇ ਥਾਣੇਦਾਰ ਨੇ ਕਾਗਜ਼ ਲਏ ਅਤੇ ਸਲੂਟ ਮਾਰਿਆ। ਥਾਣੇ ਵੱਲ ਉਸ ਨੇ ਆਪਣਾ ਸਾਈਕਲ ਪੂਰੀ ਰਫਤਾਰ ਨਾਲ ਭਜਾ ਲਿਆ। ਹੁਕਮ ਚੰਦ ਦੀ ਸਕੀਮ ਇੰਜ ਸਾਫ ਹੋ ਗਈ ਜਿਵੇਂ ਭਾਰੀ ਬਾਰਸ਼ ਮਗਰੋਂ ਦਿਨ ਹੋ ਜਾਂਦਾ ਹੈ।

3

"ਤੁਹਾਨੂੰ ਮਨੋ ਮਾਜਰਾ ਕੁਝ ਬਦਲਿਆ ਮਿਲੇਗਾ," ਛੋਟੇ ਥਾਣੇਦਾਰ ਨੇ ਆਪਣੇ ਸਾਹਮਣੇ ਪਏ ਮੇਜ਼ ਉਤੋਂ ਦੀ ਸਰਸਰੀ ਬੋਲਦਿਆਂ ਟਿੱਪਣੀ ਕੀਤੀ। ਇਕਬਾਲ ਅਤੇ ਜੱਗਾ ਮੇਜ਼ ਦੇ ਦੂਜੇ ਪਾਸੇ ਉਸ ਦੇ ਸਾਹਮਣੇ ਖੜ੍ਹੇ ਸਨ।

"ਤੁਸੀਂ ਬੈਠ ਕਿਉਂ ਨਹੀਂ ਜਾਂਦੇ, ਬਾਬੂ ਸਾਹਿਬ?" ਥਾਣੇਦਾਰ ਨੇ ਆਖਿਆ। ਇਸ ਵਾਰ ਉਹ ਸਿੱਧਾ ਹੀ ਇਕਬਾਲ ਨੂੰ ਮੁਖ਼ਾਤਬ ਹੋਇਆ। "ਕੁਰਸੀ ਲੈ ਲਓ ਕਿਰਪਾ ਕਰਕੇ। ਓਏ, ਕੀ ਨਾਂ ਹੈ ਤੇਰਾ, ਬਾਬੂ ਸਾਹਿਬ ਲਈ ਕੁਰਸੀ ਕਿਉਂ ਨਹੀਂ ਲਿਆਉਂਦਾ?" ਉਹ ਇਕ ਸਿਪਾਹੀ ਉਤੇ ਚੀਕਿਆ। "ਮੈਨੂੰ ਪਤਾ ਹੈ, ਤੁਸੀਂ ਮੇਰੇ ਨਾਲ ਨਰਾਜ਼ ਹੋ, ਪਰ ਕਸੂਰ ਮੇਰਾ ਨਹੀਂ," ਉਹ ਬੋਲਦਾ ਗਿਆ, "ਮੈਂ ਤਾਂ ਆਪਣੀ ਡਿਉਟੀ ਕਰਨੀ ਹੈ। ਤੁਸੀਂ ਪੜ੍ਹ ਲਿਖੇ ਹੋ ਅਤੇ ਜਾਣਦੇ ਹੋਵੋਗੇ ਕਿ ਜੇ ਮੈਂ ਬੰਦੇ ਬੰਦੇ ਵਿਚ ਫਰਕ ਕਰਾਂ ਤਾਂ ਕੀ ਨਤੀਜਾ ਨਿਕਲੇਗਾ।"

ਸਿਪਾਹੀ ਇਕਬਾਲ ਲਈ ਕੁਰਸੀ ਲਿਆਇਆ।

"ਬੈਠ ਜਾਓ ਜੀ। ਤੁਹਾਡੇ ਜਾਣ ਤੋਂ ਪਹਿਲਾਂ ਤੁਹਾਡੇ ਲਈ ਚਾਹ ਦਾ ਕੱਪ ਜਾਂ ਹੋਰ ਕੁਝ ਮੰਗਵਾਵਾਂ?" ਥਾਣੇਦਾਰ ਮੋਮੋਠੱਗਣਾ ਹੋ ਗਿਆ।

"ਤੁਹਾਡੀ ਬਹੁਤ ਮਿਹਰਬਾਨੀ। ਮੈਂ ਖੜ੍ਹਾ ਹੀ ਠੀਕ ਰਹਾਂਗਾ; ਇਹ ਸਾਰੇ ਦਿਨ ਸੈੱਲ ਵਿਚ ਮੈਂ ਬੈਠਾ ਹੀ ਰਿਹਾਂ। ਜੇ ਤੁਸੀਂ ਬੁਰਾ ਨਾ ਮਨਾਓ ਤਾਂ ਇਹ ਕਾਗਜ਼ੀ ਕੰਮ ਪੂਰਾ ਹੋਣ ਦੇ ਤੁਰੰਤ ਮਗਰੋਂ ਹੀ ਜਾਣਾ ਚਾਹਵਾਂਗਾ," ਇਕਬਾਲ ਨੇ ਉਸ ਦੀ ਮੁਸਕਾਣ ਨੂੰ ਕੋਈ ਹੁੰਗਾਰਾ ਨਾ ਭਰਦਿਆ ਕਿਹਾ।

"ਤੁਸੀਂ ਆਜ਼ਾਦ ਹੋ, ਜਿਥੇ ਅਤੇ ਜਦੋਂ ਮਰਜ਼ੀ ਜਾ ਸਕਦੇ ਹੋ। ਮੈਂ ਤੁਹਾਨੂੰ ਮਨੋ ਮਾਜਰਾ ਲਿਜਾਣ ਲਈ ਤਾਂਗਾ ਮੰਗਵਾ ਲਿਆ ਹੈ। ਮੈਂ ਤੁਹਾਡੇ ਨਾਲ ਇਕ ਸਿਪਾਹੀ ਭੇਜ ਰਿਹਾਂ। ਚੰਦਨ ਨਗਰ ਵਿਚੋਂ ਜਾਣਾ ਅਤੇ ਬਿਨ ਹਿਫਾਜ਼ਤ ਤੋਂ ਸਫਰ ਕਰਨਾ ਸੁਰਖਿਅਤ ਨਹੀਂ ਹੈ।"

ਛੋਟੇ ਥਾਣੇਦਾਰ ਨੇ ਇਕ ਪੀਲਾ ਕਾਗਜ਼ ਚੁਕਿਆ ਅਤੇ ਪੜ੍ਹਿਆ। "ਜਗਤ ਸਿੰਘ ਵਲਦ ਆਲਮ ਸਿੰਘ, ਉਮਰ 24 ਸਾਲ, ਜਾਤ ਸਿੱਖ, ਪਿੰਡ ਮਨੋ ਮਾਜਰਾ, ਬਦਮਾਸ਼ ਦਸ ਨੰਬਰੀਆ।"

"ਜੀ, ਜਨਾਬ," ਜੱਗੇ ਨੇ ਮੁਸਕਰਾਉਂਦਿਆਂ ਟੋਕਿਆ। ਪੁਲਿਸ ਨੇ ਜੋ ਵਿਹਾਰ ਉਸ ਨਾਲ ਕੀਤਾ ਸੀ, ਉਸ ਨੇ ਜੱਗੇ ਵਿਚ ਕੋਈ ਫਰਕ ਨਹੀਂ ਪਾਇਆ ਸੀ। ਅਧਿਕਾਰੀਆਂ ਨਾਲ ਉਸ ਦਾ ਰਿਸ਼ਤਾ ਸਿੱਧਾ ਸੀ: ਉਹ ਦੂਜੇ ਪਾਸੇ ਸੀ। ਸਮੀਕਰਨ ਦੇ ਇਕ ਪਾਸੇ ਪੁਲਿਸ ਅਤੇ ਸੱਤਾ ਅਤੇ ਦੂਜੇ ਪਾਸੇ ਜੱਗਾ। ਇਸ

ਵਿਚ ਸ਼ਖਸੀਅਤਾਂ ਦਾ ਕੋਈ ਮਾਅਨਾ ਨਹੀਂ ਸੀ। ਛੋਟਾ ਥਾਣੇਦਾਰ ਅਤੇ ਸਿਪਾਹੀ ਖਾਕੀ ਵਰਦੀ ਵਾਲੇ ਬੰਦੇ ਸਨ ਜੋ ਅਕਸਰ ਉਸ ਨੂੰ ਗ੍ਰਿਫਤਾਰ ਕਰਦੇ ਰਹਿੰਦੇ ਸਨ, ਹਮੇਸ਼ਾਂ ਗਾਲਾਂ ਕੱਢਦੇ ਰਹਿੰਦੇ ਸਨ ਅਤੇ ਕਈ ਵਾਰ ਕੁਟੱਦੇ ਮਾਰਦੇ ਵੀ ਸਨ। ਉਹ ਨਾਵਾਂ ਵਾਲੇ ਮਨੁੱਖ ਨਹੀਂ ਸਨ। ਉਹ ਤਾਂ ਸਿਰਫ ਅਹੁਦੇ ਸਨ ਜਿਨ੍ਹਾਂ ਤੋਂ ਪਾਰ ਪੈਣਾ ਹੁੰਦਾ ਸੀ। ਜੇ ਬੰਦਾ ਉਨ੍ਹਾਂ ਵਿਰੁਧ ਅਸਫਲ ਹੋ ਜਾਂਦਾ ਤਾਂ ਇਹ ਉਸਦੀ ਮਾੜੀ ਕਿਸਮਤ ਹੀ ਹੁੰਦੀ ਸੀ।

"ਤੈਨੂੰ ਰਿਹਾਅ ਕੀਤਾ ਜਾ ਰਿਹੈ ਪਰ ਤੂੰ ਇਕ ਅਕਤੂਬਰ 1947 ਨੂੰ ਸਵੇਰੇ ਦਸ ਵਜੇ ਡਿਪਟੀ ਕਮਿਸ਼ਨਰ ਹੁਕਮ ਚੰਦ ਕੋਲ ਪੇਸ਼ ਹੋਣਾ ਹੈ। ਲਾ ਇਥੇ ਅੰਗੂਠਾ।"

ਥਾਣੇਦਾਰ ਨੇ ਕਾਲੀ ਸਿਆਹੀ ਵਾਲਾ ਪੈਡ ਖੋਲ੍ਹਿਆ। ਉਸ ਨੇ ਜਗਤ ਸਿੰਘ ਦਾ ਅੰਗੂਠਾ ਆਪਣੇ ਹੱਥ ਵਿਚ ਫੜ੍ਹਿਆ, ਸਿਲ੍ਹੇ ਪੈਡ ਉਤੇ ਰਗੜਿਆ ਅਤੇ ਕਾਗਜ਼ ਉਤੇ ਲਾ ਦਿਤਾ।

"ਕੀ ਮੈਨੂੰ ਜਾਣ ਦੀ ਅਗਿਆ ਹੈ?" ਜੱਗੇ ਨੇ ਪੁਛਿਆ।

"ਤੂੰ ਬਾਬੂ ਸਾਹਿਬ ਨਾਲ ਤਾਂਗੇ ਵਿਚ ਜਾ ਸਕਦੈਂ; ਨਹੀਂ ਤਾਂ ਹਨੇਰਾ ਪੈਣ ਤੋਂ ਪਹਿਲਾਂ ਘਰ ਨਹੀਂ ਪੁਜ ਸਕੇਂਗਾ।" ਉਸ ਨੇ ਜੱਗੇ ਵੱਲ ਦੇਖਿਆ ਅਤੇ ਫਿਰ ਹੌਲੀ ਜਿਹੇ ਦੁਹਰਾਇਆ, "ਤੈਨੂੰ ਮਨੋ ਮਾਜਰਾ ਪਹਿਲਾਂ ਵਾਲਾ ਨਹੀਂ ਮਿਲੇਗਾ।"

ਮਨੋ ਮਾਜਰਾ ਬਾਰੇ ਥਾਣੇਦਾਰ ਦੀ ਟਿੱਪਣੀ ਵਿਚ ਦੋਹਾਂ ਵਿਚੋਂ ਕਿਸੇ ਨੇ ਵੀ ਰੁਚੀ ਨਹੀਂ ਦਰਸਾਈ। ਛੋਟੇ ਥਾਣੇਦਾਰ ਨੇ ਮੇਜ਼ ਉਤੇ ਇਕ ਹੋਰ ਕਾਗਜ਼ ਫੈਲਾਇਆ ਅਤੇ ਪੜ੍ਹਿਆ: "ਮਿਸਟਰ ਇਕਬਾਲ ਸਿੰਘ, ਸਮਾਜ ਸੇਵਕ।"

ਇਕਬਾਲ ਨੇ ਕਾਗਜ਼ ਨੂੰ ਨੱਕ ਚੜ੍ਹਾਕੇ ਦੇਖਿਆ।

"ਹੁਣ ਮੁਹੰਮਦ ਇਕਬਾਲ, ਮੁਸਲਿਮ ਲੀਗ ਦਾ ਮੈਂਬਰ, ਨਹੀਂ? ਲੱਗਦਾ ਹੈ ਜਿਵੇਂ ਤੁਹਾਨੂੰ ਸੂਤ ਬੈਠੇ ਤੱਥ ਅਤੇ ਦਸਤਾਵੇਜ਼ਾਂ ਨੂੰ ਉਵੇਂ ਹੀ ਘੜ ਲੈਂਦੇ ਹੋ।"

ਥਾਣੇਦਾਰ ਖਿਸਿਆਣੀ ਹਾਸੀ ਹੱਸਿਆ। "ਹਰ ਕੋਈ ਗਲਤੀਆਂ ਕਰਦਾ ਹੈ। 'ਟੂ ਐਰਰ ਇਜ਼ ਹਿਊਮਨ, ਟੂ ਫਾਰਗਿਵ ਡੀਵਾਈਨ' (ਬੰਦ ਭੁੱਲਣਹਾਰ ਹੈ ਅਤੇ ਰੱਬ ਬਖਸ਼ਣਹਾਰ)" ਉਹ ਅੰਗਰੇਜ਼ੀ ਵਿਚ ਬੋਲਿਆ। "ਮੈਂ ਆਪਣੀ ਗਲਤੀ ਮੰਨਦਾ ਹਾਂ।"

"ਇਹ ਤਾਂ ਤੁਹਾਡੀ ਫ਼ਰਾਖ਼ਦਿਲੀ ਹੈ," ਇਕਬਾਲ ਨੇ ਜਵਾਬ ਦਿਤਾ। "ਮੈਂ ਤਾਂ ਹਮੇਸ਼ਾਂ ਇਹੀ ਸਮਝਦਾ ਰਿਹਾਂ ਕਿ ਹਿੰਦੁਸਤਾਨੀ ਪੁਲਿਸ ਕਦੇ ਕੋਈ ਗਲਤੀ ਨਹੀਂ ਕਰਦੀ।"

"ਜਿਵੇਂ ਤੁਸੀਂ ਚਾਹੋ, ਮੇਰਾ ਮਜ਼ਾਕ ਉਡਾ ਸਕਦੇ ਹੋ; ਪਰ ਤੁਸੀਂ ਇਹ ਅਹਿਸਾਸ ਨਹੀਂ ਕਰਦੇ ਕਿ ਜਿਵੇਂ ਤੁਹਾਡਾ ਇਰਾਦਾ ਸੀ, ਜੇ ਉਵੇਂ ਭਾਸ਼ਣ ਕਰਦੇ

ਫਿਰਦੇ ਅਤੇ ਸਿੱਖ ਹਜੂਮ ਦੇ ਅੜਿਕੇ ਚੜ੍ਹ ਜਾਂਦੇ ਤਾਂ ਉਨ੍ਹਾਂ ਤੁਹਾਡੀਆਂ ਦਲੀਲਾਂ ਨਹੀਂ ਸੀ ਸੁਣਨੀਆਂ। ਉਨ੍ਹਾਂ ਤੁਹਾਡੇ ਕਪੜੇ ਪਾੜਕੇ ਦੇਖਣਾ ਸੀ ਕਿ ਤੁਹਾਡੀ ਸੁੰਨਤ ਹੋਈ ਹੈ ਜਾਂ ਨਹੀਂ। ਜਿਸ ਬੰਦੇ ਦੇ ਕੇਸ ਅਤੇ ਦਾੜ੍ਹੀ ਨਹੀਂ ਹੁੰਦੀ, ਉਸ ਦੀ ਸ਼ਨਾਖਤ ਕਰਨ ਲਈ ਅੱਜ ਕਲ੍ਹ ਇਹੋ ਟੈਸਟ ਵਰਤਿਆ ਜਾਂਦਾ ਹੈ। ਫਿਰ ਉਹ ਮਾਰ ਹੀ ਦਿੰਦੇ ਹਨ। ਤੁਹਾਨੂੰ ਤਾਂ ਮੇਰਾ ਅਹਿਸਾਨਮੰਦ ਹੋਣਾ ਚਾਹੀਦੈ।"

ਇਕਬਾਲ ਗੱਲ ਕਰਨ ਦੇ ਰੌਂਅ ਵਿਚ ਨਹੀਂ ਸੀ। ਇਸ ਤੋਂ ਇਲਾਵਾ ਵਿਸ਼ਾ ਹੀ ਅਜਿਹਾ ਸੀ ਜਿਸ ਨੂੰ ਉਹ ਕਿਸੇ ਨਾਲ ਵੀ ਵਿਚਾਰਨਾ ਨਹੀਂ ਸੀ ਚਾਹੁੰਦਾ। ਉਸ ਨੂੰ ਥਾਣੇਦਾਰ ਦਾ ਇਸ ਮੁੱਦੇ ਨੂੰ ਗੱਲਬਾਤ ਵਿਚ ਘੜੀਸਣ ਦੀ ਆਜ਼ਾਦੀ ਲੈਣ ਦਾ ਤਰੀਕਾ ਬੁਰਾ ਲੱਗਿਆ।

"ਤੁਹਾਨੂੰ ਮਨੋ ਮਾਜਰਾ ਵਿਚ ਵਡੀਆਂ ਤਬਦੀਲੀਆਂ ਮਿਲਣਗੀਆਂ," ਥਾਣੇਦਾਰ ਨੇ ਤੀਜੀ ਵਾਰ ਸਾਵਧਾਨ ਕੀਤਾ। ਫਿਰ ਵੀ ਨਾ ਜੱਗੇ ਨੇ ਅਤੇ ਨਾ ਹੀ ਇਕਬਾਲ ਨੇ ਕੋਈ ਹੁੰਗਾਰਾ ਭਰਿਆ। ਇਕਬਾਲ ਨੇ ਮੇਜ਼ ਉਤੇ ਉਹ ਕਿਤਾਬ ਰਖ ਦਿਤੀ ਜਿਹੜੀ ਉਸ ਨੇ ਫੜ੍ਹੀ ਹੋਈ ਸੀ ਅਤੇ ਸ਼ੁਕਰੀਏ ਜਾਂ ਵਿਦਾਈ ਦਾ ਕੋਈ ਵੀ ਸ਼ਬਦ ਕਹੇ ਬਿਨਾਂ ਦੂਜੇ ਪਾਸੇ ਮੁੜ ਗਿਆ। ਜੱਗੇ ਨੇ ਆਪਣੇ ਪੈਰਾਂ ਨਾਲ ਜੁੱਤੀ ਲੱਭਣ ਵਾਸਤੇ ਫਰਸ਼ ਨੂੰ ਟਟੋਲਿਆ।

"ਸਾਰੇ ਮੁਸਲਮਾਨ ਮਨੋ ਮਾਜਰਾ ਤੋਂ ਚਲੇ ਗਏ ਹਨ," ਥਾਣੇਦਾਰ ਨੇ ਨਾਟਕੀ ਅੰਦਾਜ਼ ਵਿਚ ਕਿਹਾ।

ਜੱਗੇ ਨੇ ਪੈਰ ਇਧਰ ਉਧਰ ਮਾਰਨੇ ਬੰਦ ਕਰ ਦਿਤੇ। "ਕਿਥੇ ਚਲੇ ਗਏ ਨੇ ਉਹ?"

"ਕਲ੍ਹ ਉਨ੍ਹਾਂ ਨੂੰ ਰਫਿਊਜੀ ਕੈਂਪ ਲੈ ਆਂਦਾ ਗਿਆ ਸੀ। ਅੱਜ ਰਾਤ ਉਹ ਰੇਲ ਰਾਹੀਂ ਪਾਕਿਸਤਾਨ ਚਲੇ ਜਾਣਗੇ।"

"ਕੀ ਪਿੰਡ ਵਿਚ ਕੋਈ ਮੁਸੀਬਤ ਹੋ ਗਈ ਸੀ, ਥਾਣੇਦਾਰ ਸਾਹਿਬ? ਉਨ੍ਹਾਂ ਨੂੰ ਕਲ੍ਹ ਕਿਉਂ ਜਾਣਾ ਪਿਆ?"

"ਜੇ ਉਹ ਨਾ ਜਾਂਦੇ ਤਾਂ ਮੁਸੀਬਤ ਢਹਿ ਪੈਣੀ ਸੀ। ਕਿੰਨੇ ਹੀ ਦੂਜੇ ਪਿੰਡਾਂ ਵਾਲੇ ਬੰਦੂਕਾਂ ਚੁਕੀ ਮੁਸਲਮਾਨਾਂ ਨੂੰ ਮਾਰਦੇ ਫਿਰਦੇ ਹਨ; ਮੱਲੀ ਅਤੇ ਉਸ ਦੇ ਗਰੋਹ ਦੇ ਬੰਦੇ ਵੀ ਉਨ੍ਹਾਂ ਨਾਲ ਮਿਲ ਗਏ ਹਨ। ਜੇ ਮੁਸਲਮਾਨ ਮਨੋ ਮਾਜਰਾ ਛੱਡ ਕੇ ਨਾ ਜਾਂਦੇ, ਮੱਲੀ ਨੇ ਹੁਣ ਤਕ ਉਨ੍ਹਾਂ ਨੂੰ ਖਤਮ ਕਰ ਦਿਤਾ ਹੋਣਾ ਸੀ। ਉਸ ਨੇ ਉਨ੍ਹਾਂ ਦਾ ਸਾਰਾ ਮਾਲ ਹਥਿਆ ਲਿਆ ਹੈ — ਗਊਆਂ, ਮੱਝਾਂ, ਬਲਦ, ਘੋੜੀਆਂ, ਮੁਰਗੀਆਂ, ਬਰਤਨ। ਮੱਲੀ ਨੇ ਚੰਗੀ ਕਮਾਈ ਕਰ ਲਈ ਹੈ।"

ਜੱਗੇ ਦਾ ਪਾਰਾ ਯੱਕਲਖਤ ਚੜ੍ਹ ਗਿਆ। "ਉਹ ਸੂਰ ਦਾ ਲਿੰਗ, ਮਾਂ'ਚੋ, ਆਪਣੀ ਭੈਣ ਅਤੇ ਕੁੜੀ ਦਾ ਦੱਲਾ! ਜੇ ਉਸ ਨੇ ਮਨੋ ਮਾਜਰਾ ਵਿਚ ਪੈਰ ਵੀ

ਰਖਿਆ ਤਾਂ ਬਾਂਸ ਦਾ ਖੰਭਾ ਉਸ ਦੇ ਪਿਛਵਾੜੇ ਵਿਚ ਧੱਕ ਦਿਆਂਗਾ।"

ਛੋਟੇ ਥਾਣੇਦਾਰ ਨੇ ਆਪਣੇ ਬੁਲ੍ਹ ਟਾਂਚ ਭਰੀ ਮੁਸਕੜੀ ਨਾਲ ਸੁੰਗੇੜੇ। "ਤੂੰ ਗੱਲਾਂ ਬਹੁਤ ਵਡੀਆਂ ਕਰਦਾ ਏਂ, ਸਰਦਾਰਾ। ਕਿਉਂਕਿ ਤੂੰ ਅਚੇਤ ਹੀ ਉਸ ਨੂੰ ਵਾਲਾਂ ਤੋਂ ਫੜ ਲਿਆ ਅਤੇ ਕੁਟਿਆ, ਇਸ ਲਈ ਤੂੰ ਸੋਚਦਾ ਏਂ ਕਿ ਸ਼ੇਰ ਬਣ ਗਿਐਂ। ਮੱਲੀ ਕੋਈ ਔਰਤ ਨਹੀਂ ਜਿਸ ਨੇ ਹੱਥਾਂ ਨੂੰ ਮਹਿੰਦੀ ਲਾ ਰਖੀ ਹੋਵੇ ਜਾਂ ਚੂੜੀਆਂ ਪਾਈਆਂ ਹੋਣ। ਉਹ ਮਨੋ ਮਾਜਰਾ ਵਿਚ ਰਿਹਾ ਅਤੇ ਜੋ ਉਸ ਨੂੰ ਚੰਗਾ ਲੱਗਾ ਉਹ ਸਭ ਲੈ ਗਿਐ; ਅਜੇ ਵੀ ਉਹ ਉਥੇ ਹੀ ਹੈ। ਜਦੋਂ ਤੂੰ ਵਾਪਸ ਪੁਜੇਂਗਾ ਤੈਨੂੰ ਮਿਲ ਜਾਵੇਗਾ।"

"ਜਦੋਂ ਉਸ ਨੇ ਮੇਰਾ ਨਾਂ ਹੀ ਸੁਣਿਆ ਤਾਂ ਗਿੱਦੜ ਵਾਂਗ ਭੱਜ ਜਾਵੇਗਾ।"

"ਉਸ ਦੇ ਗਰੋਹ ਦੇ ਬੰਦੇ ਵੀ ਉਸ ਦੇ ਨਾਲ ਹੀ ਹਨ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਹਨ, ਸਾਰਿਆਂ ਕੋਲ ਬੰਦੂਕਾਂ ਅਤੇ ਪਸਤੌਲ ਹਨ। ਜੇ ਤੈਨੂੰ ਆਪਣੀ ਜਾਨ ਪਿਆਰੀ ਹੈ ਤਾਂ ਚੰਗਾ ਇਹੋ ਹੈ ਕਿ ਅਕਲ ਤੋਂ ਕੰਮ ਲਵੇਂ।"

ਜੱਗੇ ਨੇ ਹਾਂ ਵਿਚ ਸਿਰ ਹਿਲਾਇਆ। "ਠੀਕ ਐ, ਥਾਣੇਦਾਰ ਸਾਹਿਬ। ਆਪਾਂ ਦੁਬਾਰਾ ਮਿਲਾਂਗੇ। ਫਿਰ ਮੈਨੂੰ ਮੱਲੀ ਬਾਰੇ ਪੁਛ ਲੈਣਾ।" ਗੁੱਸਾ ਉਸ ਉਤੇ ਫਿਰ ਹਾਵੀ ਹੋ ਗਿਆ। "ਜੇ ਉਸ ਦੇ ਪਿਛਵਾੜੇ ਵਿਚ ਨਾ ਥੁੱਕਿਆ ਤਾਂ ਮੇਰਾ ਨਾਂ ਜਗਤ ਸਿੰਘ ਨਹੀਂ।" ਉਸ ਨੇ ਪੁੱਠਾ ਹੱਥ ਆਪਣੇ ਮੂੰਹ ਤੇ ਫੇਰਿਆ। "ਜੇ ਮੈਂ ਮੱਲੀ ਦੇ ਮੂੰਹ ਤੇ ਨਾ ਥੁਕਿਆ, ਮੇਰਾ ਨਾਂ ਜਗਤ ਸਿੰਘ ਨਹੀਂ।" ਇਸ ਵਾਰ ਜਗਤ ਸਿੰਘ ਨੇ ਆਪਣੇ ਪੁੱਠੇ ਹੱਥ ਤੇ ਥੁਕਿਆ ਅਤੇ ਇਸ ਨੂੰ ਪੱਟਾਂ ਤੇ ਮਲ਼ ਦਿਤਾ। ਉਸ ਦਾ ਗੁੱਸਾ ਸੱਤਵੇਂ ਆਸਮਾਨ ਤੇ ਪਹੁੰਚ ਗਿਆ। "ਜੇ ਤੁਹਾਡੇ ਵਰਦੀਧਾਰੀ ਸਿਪਾਹੀ ਵਿਚ ਨਾ ਹੋਣ, ਮੈਂ ਕਿਸੇ ਪਿਉ ਦੇ ਪੁੱਤ ਨੂੰ ਮਿਲਣਾ ਚਾਹਾਂਗਾ ਜੋ ਜਗਤ ਸਿੰਘ ਅਗੇ ਅੱਖ ਚੁਕ ਸਕੇ," ਉਸ ਨੇ ਛਾਤੀ ਠੋਕ ਕੇ ਆਖਿਆ।

"ਠੀਕ ਐ, ਠੀਕ ਐ, ਸਰਦਾਰ ਜਗਤ ਸਿੰਘ, ਅਸੀਂ ਮੰਨਦੇ ਹਾਂ ਕਿ ਤੂੰ ਬਹੁਤ ਦਲੇਰ ਆਦਮੀ ਏਂ। ਘਟੋ ਘਟ ਤੂੰ ਸੋਚਦਾ ਤਾਂ ਇਹੋ ਏਂ," ਥਾਣੇਦਾਰ ਮੁਸਕਰਾਇਆ। "ਚੰਗਾ ਹੋਵੇਗਾ ਤੂੰ ਹਨੇਰਾ ਹੋਣ ਤੋਂ ਪਹਿਲਾਂ ਘਰ ਪਹੁੰਚ ਜਾ। ਬਾਬੂ ਸਾਹਿਬ ਨੂੰ ਆਪਣੇ ਨਾਲ ਲੈ ਜਾ। ਬਾਬੂ ਸਾਹਿਬ, ਤੁਹਾਨੂੰ ਡਰਨ ਦੀ ਲੋੜ ਨਹੀਂ। ਤੁਹਾਡਾ ਖਿਆਲ ਰਖਣ ਲਈ ਜ਼ਿਲੇ ਦਾ ਸਭ ਤੋਂ ਵਡਾ ਸੂਰਮਾ ਤੁਹਾਡੇ ਨਾਲ ਹੈ।"

ਇਸ ਤੋਂ ਪਹਿਲਾਂ ਕਿ ਜਗਤ ਸਿੰਘ ਥਾਣੇਦਾਰ ਦੇ ਵਿਅੰਗ ਦਾ ਜਵਾਬ ਦੇ ਸਕਦਾ, ਇਕ ਸਿਪਾਹੀ ਨੇ ਆ ਕੇ ਦੱਸਿਆ ਕਿ ਉਹ ਤਾਂਗਾ ਲੈ ਆਇਆ ਹੈ।

"ਸਤਿ ਸ੍ਰੀ ਅਕਾਲ, ਥਾਣੇਦਾਰ ਸਾਹਿਬ। ਜਦੋਂ ਮੱਲੀ ਚੀਕਾਂ ਮਾਰਦਾ

ਤੁਹਾਡੇ ਕੋਲ ਮੇਰੇ ਖਿਲਾਫ ਸ਼ਿਕਾਇਤ ਦਰਜ ਕਰਵਾਉਣ ਆਇਆ, ਫਿਰ ਤੁਹਾਨੂੰ ਯਕੀਨ ਆਵੇਗਾ ਕਿ ਜਗਤ ਸਿੰਘ ਖੋਖਲੇ ਸ਼ਬਦਾਂ ਦਾ ਬੰਦਾ ਨਹੀਂ।"

ਥਾਣੇਦਾਰ ਖੁਲ੍ਹ ਕੇ ਹਸਿਆ। "ਸਤਿ ਸੀ ਅਕਾਲ, ਜਗਤ ਸਿੰਘਾ। ਸਤਿ ਸ੍ਰੀ ਅਕਾਲ ਇਕਬਾਲ ਸਿੰਘ ਜੀ।"

ਇਕਬਾਲ ਬਿਨਾਂ ਪਿਛੇ ਦੇਖਿਆਂ ਅਗੇ ਤੁਰ ਗਿਆ।

ਤਾਂਗਾ ਚੰਦਨ ਨਗਰ ਤੋਂ ਬਾਅਦ ਦੁਪਹਿਰ ਚਲਿਆ। ਇਹ ਲੰਮਾ ਅਤੇ ਬਿਨਾਂ ਕਿਸੇ ਖਾਸ ਘਟਨਾ ਤੋਂ ਸਫਰ ਸੀ। ਇਸ ਵਾਰ ਜੱਗਾ ਮੂਹਰਲੀ ਸੀਟ ਉਤੇ ਸਿਪਾਹੀ ਅਤੇ ਤਾਂਗਾ ਚਾਲਕ ਦੇ ਨਾਲ ਬੈਠਿਆ। ਪਿਛਲੀ ਸਾਰੀ ਸੀਟ ਇਕਬਾਲ ਲਈ ਛੱਡ ਦਿਤੀ ਗਈ। ਕੋਈ ਵੀ ਗੱਲ ਕਰਨ ਦੇ ਰੌਂਅ ਵਿਚ ਨਹੀਂ ਸੀ। ਤਾਂਗਾ ਚਾਲਕ ਭੋਲੇ ਨੂੰ ਪੁਲਿਸ ਨੇ ਅਜਿਹੇ ਵਕਤ ਕੰਮ ਤੇ ਲਾ ਦਿਤਾ ਸੀ ਜਦੋਂ ਘਰ ਵਿਚੋਂ ਬਾਹਰ ਨਿਕਲਣਾ ਸੁਰਖਿਅਤ ਨਹੀਂ ਰਿਹਾ ਸੀ। ਉਸ ਨੇ ਆਪਣਾ ਡਰ ਮਾੜਚੂ ਭੂਰੇ ਘੋੜੇ ਤੇ ਕੱਢਿਆ; ਲਗਾਤਾਰ ਉਸ ਨੂੰ ਛਾਂਟੇ ਮਾਰਦਾ ਰਿਹਾ ਅਤੇ ਗਾਲਾਂ ਕੱਢਦਾ ਰਿਹਾ। ਬਾਕੀ ਸਵਾਰੀਆਂ ਆਪਣੇ ਆਪਣੇ ਖਿਆਲਾਂ ਵਿਚ ਡੁੱਬੀਆਂ ਹੋਈਆਂ ਸਨ।

ਪੇਂਡੂ ਇਲਾਕਾ ਵੀ ਚੁੱਪ-ਚਾਂ ਵਿਚ ਡੁੱਬਿਆ ਹੋਇਆ ਸੀ। ਪਾਣੀ ਦੇ ਵਡੇ ਵਡੇ ਛੱਪੜ ਬਣੇ ਖੜ੍ਹੇ ਸਨ ਜਿਸ ਨੇ ਜ਼ਮੀਨ ਨੂੰ ਆਮ ਨਾਲੋਂ ਵਧੇਰੇ ਪੱਧਰੀ ਦਿਸਣ ਲਾ ਦਿਤਾ ਸੀ। ਖੇਤਾਂ ਵਿਚ ਕੋਈ ਮਰਦ ਜਾਂ ਔਰਤ ਨਹੀਂ ਸਨ। ਨਾ ਹੀ ਪਸ਼ੂ ਘਾਹ ਚਰ ਰਹੇ ਸਨ। ਜਿਹੜੇ ਦੋ ਪਿੰਡਾਂ ਵਿਚੋਂ ਉਹ ਲੰਘੇ, ਉਹ ਸਿਰਫ ਕੁੱਤਿਆਂ ਨੂੰ ਛੱਡਕੇ, ਉਜਾੜ ਹੀ ਲੱਗਦੇ ਸਨ। ਇਕ ਜਾਂ ਦੋ ਵਾਰ ਉਨ੍ਹਾਂ ਕਿਸੇ ਕੰਧ ਪਿਛੇ ਕਦਮਾਂ ਦੀ ਜਾਂ ਕਿਸੇ ਮੋੜ ਉਤੇ ਝਾਕਦੇ ਦੀ ਉਡਦੀ ਜਿਹੀ ਝਲਕ ਦੇਖੀ — ਅਤੇ ਕੋਈ ਬੰਦੂਕ ਜਾਂ ਬਰਛਾ ਲੈ ਕੇ ਫਿਰਦਾ ਜਾਪਿਆ।

ਇਕਬਾਲ ਨੇ ਸਮਝ ਲਿਆ ਕਿ ਇਹ ਜੱਗਾ ਅਤੇ ਸਿਪਾਹੀ ਦੇ ਸਾਥ ਕਰਕੇ ਸੀ, ਜੋ ਜਾਣੇ ਪਛਾਣੇ ਸਿੱਖ ਸਨ, ਕਿ ਉਹ ਕਿਸੇ ਵੀ ਜਗਾਹ ਰੋਕੇ ਜਾਣ ਅਤੇ ਪੜਤਾਲੇ ਜਾਣ ਤੋਂ ਬਚ ਗਿਆ ਸੀ। ਉਹ ਚਾਹੁੰਦਾ ਸੀ ਕਿ ਉਹ ਇਸ ਥਾਂ ਤੋਂ ਨਿਕਲ ਜਾਵੇ ਜਿਥੇ ਉਸ ਨੂੰ ਜਾਨ ਬਚਾਉਣ ਲਈ ਆਪਣੀ ਸਿੱਖੀ ਦਾ ਸਬੂਤ ਦੇਣਾ ਪੈ ਰਿਹਾ ਸੀ। ਉਹ ਮਨੋ ਮਾਜਰਾ ਤੋਂ ਆਪਣੀਆਂ ਚੀਜ਼ਾਂ ਚੁਕੇਗਾ ਅਤੇ ਪਹਿਲੀ ਗੱਡੀ ਫੜਕੇ ਹੀ ਚਲਾ ਜਾਵੇਗਾ। ਸ਼ਾਇਦ ਰੇਲ ਗੱਡੀਆਂ ਹੈ ਹੀ ਨਹੀਂ ਸਨ। ਅਤੇ ਜੇ ਗੱਡੀਆਂ ਚਲਦੀਆਂ ਵੀ ਸਨ, ਕੀ ਉਹ ਗੱਡੀ ਵਿਚ ਸਫਰ ਦਾ ਖਤਰਾ ਲੈ ਸਕਦਾ ਸੀ? ਉਸ ਨੇ ਇਕਬਾਲ ਵਰਗਾ ਨਾਂ ਰਖੇ ਜਾਣ ਅਤੇ ਫਿਰ ... ਹੋਣ ਉਤੇ ਆਪਣੀ ਕਿਸਮਤ ਨੂੰ ਕੋਸਿਆ। ਭਾਰਤ ਨੂੰ ਛੱਡਕੇ ਹੋਰ ਕਿਸ ਜਗਾਹ ਬੰਦੇ ਦੀ ਜ਼ਿੰਦਗੀ ਇਸ ਗੱਲ ਉਤੇ ਨਿਰਭਰ ਕਰੇਗੀ ਕਿ ਕੀ ਉਸ ਨੇ ਲਿੰਗ ਦਾ ਮੂਹਰਲਾ ਮਾਸ ਕਟਵਾ ਦਿਤਾ ਹੈ ਜਾਂ ਨਹੀਂ। ਜੇ ਇਹ ਦੁਖਾਂਤ ਨਹੀਂ ਤਾਂ ਘਟੋ ਘਟ

ਹਾਸੋਹੀਣਾ ਜ਼ਰੂਰ ਹੈ। ਉਸ ਨੂੰ ਕਈ ਦਿਨਾਂ ਤਕ ਮਨੋ ਮਾਜਰਾ ਰਹਿਣਾ ਪਵੇਗਾ ਅਤੇ ਰਾਖੀ ਵਾਸਤੇ ਮੀਤ ਸਿੰਘ ਦੇ ਨਜ਼ਦੀਕ ਹੀ ਰਹਿਣਾ ਪਵੇਗਾ — ਉਹ ਮੀਤ ਸਿੰਘ ਜਿਸ ਦੀ ਦਿੱਖ ਬੇਢੱਬੀ ਸੀ ਅਤੇ ਜੋ ਦੋ ਵਾਰ ਜੰਗਲ ਪਾਣੀ ਕਰਨ ਖੇਤਾਂ ਵਿਚ ਜਾਂਦਾ ਸੀ। ਸੋਚ ਕੇ ਹੀ ਘਿਣ ਆਉਂਦੀ ਸੀ। ਕਾਸ਼ ਉਹ ਦਿੱਲੀ ਅਤੇ ਸਭਿਅਤਾ ਵਿਚ ਜਾਣ ਲਈ ਇਥੋਂ ਨਿਕਲ ਸਕਦਾ! ਉਹ ਆਪਣੀ ਗ੍ਰਿਫਤਾਰੀ ਦੀ ਰਿਪੋਰਟ ਦੇਵੇਗਾ। ਪਾਰਟੀ ਅਖਬਾਰ ਮੁੱਖ ਪੰਨੇ ਉਤੇ ਉਸ ਦੀ ਫੋਟੋ ਸਮੇਤ ਖਬਰ ਲਾਏਗਾ: **ਗੜਬੜ ਮਚਾਉਣ ਲਈ ਐਂਗਲੋ - ਅਮਰੀਕੀ ਸਰਮਾਏਦਾਰ ਸਾਜਸ਼। ਕਾਮਰੇਡ ਇਕਬਾਲ ਸਰਹੱਦ ਉਤੇ ਗ੍ਰਿਫਤਾਰ।** ਇਸ ਨਾਲ ਉਹ ਹੀਰੋ ਬਣ ਜਾਵੇਗਾ।

ਜੱਗੇ ਦੀ ਫੌਰੀ ਚਿੰਤਾ ਨੂਰਾਂ ਦੀ ਹੋਣੀ ਬਾਰੇ ਸੀ। ਉਸ ਨੇ ਨਾ ਤਾਂਗੇ ਵਿਚ ਆਪਣੇ ਸਾਥੀਆਂ ਨੂੰ ਦੇਖਿਆ ਅਤੇ ਨਾ ਹੀ ਪਿੰਡ ਵਿਚ ਆ ਕੇ ਵੀ। ਉਹ ਮੱਲੀ ਨੂੰ ਵੀ ਭੁੱਲ ਗਿਆ ਸੀ। ਉਸ ਦੇ ਮਨ ਦੇ ਕਿਸੇ ਕੋਨੇ ਵਿਚ ਅਹਿਸਾਸ ਜਾਗਦਾ ਸੀ ਕਿ ਨੂਰਾਂ ਮਨੋ ਮਾਜਰਾ ਵਿਚ ਹੀ ਹੋਵੇਗੀ। ਕੋਈ ਵੀ ਨਹੀਂ ਚਾਹੁੰਦਾ ਹੋਵੇਗਾ ਕਿ ਇਮਾਮ ਬਖ਼ਸ਼ ਚਲਿਆ ਜਾਵੇ। ਜੇ ਉਹ ਹੋਰ ਮੁਸਲਮਾਨਾਂ ਨਾਲ ਚਲਿਆ ਵੀ ਗਿਆ ਹੋਵੇ, ਤਾਂ ਵੀ ਨੂਰਾਂ ਕਿਤੇ ਖੇਤਾਂ ਵਿਚ ਲੁਕੀ ਹੋਵੇਗੀ ਜਾਂ ਉਸ ਦੀ ਮਾਂ ਕੋਲ ਆ ਗਈ ਹੋਵੇਗੀ। ਉਹ ਚਾਹੁੰਦਾ ਸੀ ਕਿ ਕਾਸ਼ ਉਸ ਦੀ ਮਾਂ ਨੇ ਨੂਰਾਂ ਨੂੰ ਵਾਪਸ ਨਾ ਭੇਜ ਦਿਤਾ ਹੋਵੇ। ਜੇ ਉਸ ਨੇ ਨੂਰਾਂ ਨੂੰ ਘਰੋਂ ਵਾਪਸ ਭੇਜ ਦਿਤਾ ਹੋਇਆ ਤਾਂ ਉਹ ਮਾਂ ਨੂੰ ਇੰਜ ਕਰਨ ਦਾ ਫਲ ਦੇਵੇਗਾ। ਉਹ ਘਰੋਂ ਨਿਕਲ ਜਾਵੇਗਾ ਅਤੇ ਫਿਰ ਕਦੇ ਵਾਪਸ ਨਹੀਂ ਆਵੇਗਾ। ਮਾਂ ਨੂੰ ਬਾਕੀ ਜ਼ਿੰਦਗੀ ਦੇ ਦਿਨ ਆਪਣੇ ਇਸ ਕੀਤੇ ਉਤੇ ਅਫਸੋਸ ਕਰਦਿਆਂ ਹੀ ਕੱਟਣੇ ਪੈਣਗੇ।

ਜੱਗਾ ਆਪਣੇ ਖਿਆਲਾਂ ਵਿਚ ਗੁਆਚਿਆ ਹੋਇਆ ਸੀ। ਕਦੇ ਚਿੰਤਾ ਵਿਚ ਹੁੰਦਾ ਸੀ ਕਦੇ ਗੁੱਸੇ ਵਿਚ। ਜਦੋਂ ਤਾਂਗਾ ਗੁਰਦੁਆਰੇ ਦੀ ਗਲ਼ੀ ਵਿਚ ਜਾਣ ਲਈ ਹੌਲੀ ਹੋ ਗਿਆ ਸੀ, ਉਹ ਚਲ ਰਹੇ ਤਾਂਗੇ ਤੋਂ ਹੀ ਛਾਲ ਮਾਰਕੇ ਉਤਰ ਗਿਆ ਅਤੇ ਬਿਨਾਂ ਕੋਈ ਵਿਦਾਈ ਦਾ ਲਫ਼ਜ਼ ਬੋਲਿਆਂ ਹਨੇਰੇ ਵਿਚ ਅਲੋਪ ਹੋ ਗਿਆ।

ਇਕਬਾਲ ਤਾਂਗੇ ਵਿਚੋਂ ਥੱਲੇ ਉਤਰਿਆ ਅਤੇ ਅੰਗੜਾਈ ਲੈ ਕੇ ਅਕੜੇਵਾਂ ਭੰਨਿਆ। ਤਾਂਗਾ ਚਾਲਕ ਅਤੇ ਸਿਪਾਹੀ ਨੇ ਫੁਸਫਸਾਉਂਦਿਆਂ ਸਲਾਹ ਕੀਤੀ।

"ਬਾਬੂ ਸਾਹਿਬ, ਮੇਰੇ ਲਾਇਕ ਕੋਈ ਹੋਰ ਸੇਵਾ?" ਸਿਪਾਹੀ ਨੇ ਪੁਛਿਆ।

"ਨਹੀਂ, ਨਹੀਂ, ਸ਼ੁਕਰੀਆ। ਮੈਂ ਬਿਲਕੁਲ ਠੀਕ ਹਾਂ। ਬਹੁਤ ਮਿਹਰਬਾਨੀ ਤੁਹਾਡੀ।" ਇਕਬਾਲ ਚਾਹੁੰਦਾ ਤਾਂ ਨਹੀਂ ਸੀ ਕਿ ਗੁਰਦੁਆਰੇ ਵਿਚ ਇਕੱਲਾ ਜਾਵੇ ਪਰ ਉਹ ਇਸ ਹੱਦ ਤਕ ਵੀ ਨਹੀਂ ਆ ਸਕਿਆ ਕਿ ਬਾਕੀਆਂ ਨੂੰ ਆਪਣੇ ਨਾਲ ਅੰਦਰ ਆਉਣ ਲਈ ਕਹਿ ਸਕੇ।

"ਬਾਬੂ ਜੀ, ਅਸੀਂ ਲੰਮਾ ਸਫਰ ਤੈਅ ਕਰਨਾ ਹੈ। ਮੇਰਾ ਘੋੜਾ ਸਾਰਾ ਦਿਨ ਬਿਨਾਂ ਚਾਰੇ ਅਤੇ ਪਾਣੀ ਤੋਂ ਚਲਦਾ ਰਿਹਾ ਹੈ; ਨਾਲੇ, ਤੁਹਾਨੂੰ ਹਾਲਤ ਦਾ ਵੀ ਪਤਾ ਹੈ।"

"ਹਾਂ, ਤੁਸੀਂ ਜਾ ਸਕਦੇ ਹੋ। ਸ਼ੁਕਰੀਆ। ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ।"

ਗੁਰਦੁਆਰੇ ਦੇ ਵਿਹੜੇ ਵਿਚ ਲਾਲਟੈਣਾਂ ਦੀ ਰੋਸ਼ਨੀ ਦੇ ਅਤੇ ਜਿਨ੍ਹਾਂ ਆਰਜ਼ੀ ਚੁਲ੍ਹਿਆਂ ਉਤੇ ਔਰਤਾਂ ਸ਼ਾਮ ਦਾ ਖਾਣਾ ਤਿਆਰ ਕਰ ਰਹੀਆਂ ਸਨ ਉਨ੍ਹਾਂ ਦੀ ਅੱਗ ਚੋਂ ਨਿਕਲੀ ਰੋਸ਼ਨੀ ਦੇ ਚੱਕਰ ਬਣੇ ਹੋਏ ਸਨ। ਮੁੱਖ ਹਾਲ ਦੇ ਅੰਦਰ ਮੀਤ ਸਿੰਘ ਦੇ ਦੁਆਲੇ ਲੋਕਾਂ ਦਾ ਘੇਰਾ ਬਣਿਆ ਹੋਇਆ ਸੀ ਜੋ ਮੀਤ ਸਿੰਘ ਵਲੋਂ ਕੀਤੇ ਜਾ ਰਹੇ ਰਹਿਰਾਸ ਸਾਹਿਬ ਦੇ ਪਾਠ ਨੂੰ ਸੁਣ ਰਹੇ ਸਨ। ਜਿਸ ਕਮਰੇ ਵਿਚ ਇਕਬਾਲ ਆਪਣੀਆਂ ਚੀਜ਼ਾਂ ਛੱਡਕੇ ਗਿਆ ਸੀ, ਉਸ ਨੂੰ ਤਾਲਾ ਲੱਗਾ ਹੋਇਆ ਸੀ।

ਇਕਬਾਲ ਨੇ ਆਪਣੀਆਂ ਜੁੱਤੀਆਂ ਉਤਾਰੀਆਂ, ਰੁਮਾਲ ਨਾਲ ਸਿਰ ਢਕਿਆ ਅਤੇ ਅੰਦਰ ਜਾ ਕੇ ਸੰਗਤ ਵਿਚ ਸ਼ਾਮਲ ਹੋ ਗਿਆ। ਕੁਝ ਲੋਕਾਂ ਨੇ ਪਾਸੇ ਨੂੰ ਹੱਟ ਕੇ ਉਸ ਦੇ ਬੈਠਣ ਲਈ ਥਾਂ ਬਣਾ ਦਿਤੀ। ਇਕਬਾਲ ਨੇ ਧਿਆਨ ਮਾਰਿਆ ਕਿ ਲੋਕ ਉਸ ਵੱਲ ਦੇਖ ਰਹੇ ਸਨ ਅਤੇ ਇਕ ਦੂਜੇ ਨਾਲ ਖੁਸਰ-ਫੁਸਰ ਕਰ ਰਹੇ ਸਨ। ਉਨ੍ਹਾਂ ਚੋਂ ਬਹੁਤੇ ਬਜ਼ੁਰਗ ਸਨ ਜਿਨ੍ਹਾਂ ਸ਼ਹਿਰੀ ਕਿਸਮ ਦੇ ਕਪੜੇ ਪਾਏ ਹੋਏ ਸਨ। ਬਿਲਕੁਲ ਸਪਸ਼ਟ ਸੀ ਕਿ ਉਹ ਰਫਿਊਜੀ ਸਨ। ਜਦੋਂ ਪਾਠ ਖਤਮ ਹੋ ਗਿਆ, ਮੀਤ ਸਿੰਘ ਨੇ ਗ੍ਰੰਥ ਸਾਹਿਬ ਦੀ ਬੀੜ ਨੂੰ ਮਖਮਲ ਵਿਚ ਲਪੇਟਿਆ ਅਤੇ ਪੀੜ੍ਹਾ ਸਾਹਿਬ ਉਤੇ ਸੰਤੋਖ ਦਿਤਾ, ਜਿਸ ਉਤੇ ਪਹਿਲਾਂ ਇਹ ਖੁਲ੍ਹੀ ਪਈ ਸੀ। ਹੋਰ ਕਿਸੇ ਵੱਲੋਂ ਸਵਾਲ ਆਉਣ ਤੋਂ ਪਹਿਲਾਂ ਹੀ ਮੀਤ ਸਿੰਘ ਨੇ ਇਕਬਾਲ ਨੂੰ ਆਖਿਆ:

"ਸਤਿ ਸ੍ਰੀ ਅਕਾਲ ਇਕਬਾਲ ਸਿੰਘ ਜੀ। ਖੁਸ਼ੀ ਹੋਈ ਕਿ ਤੁਸੀਂ ਵਾਪਸ ਆ ਗਏ ਹੋ। ਤੁਹਾਨੂੰ ਭੁੱਖ ਲੱਗੀ ਹੋਵੇਗੀ।"

ਇਕਬਾਲ ਸਿੰਘ ਨੇ ਸਮਝ ਲਿਆ ਕਿ ਮੀਤ ਸਿੰਘ ਨੇ ਸੋਚ ਸਮਝ ਕੇ ਉਸਦਾ ਪੂਰਾ ਸਿੰਘ ਵਾਲਾ ਨਾਂ ਬੋਲਿਆ ਹੈ। ਉਸ ਨੇ ਮਹਿਸੂਸ ਕੀਤਾ ਕਿ ਤਣਾਅ ਨਰਮ ਪੈ ਗਿਆ ਹੈ। ਕੁਝ ਬੰਦੇ ਪਿੱਛੇ ਨੂੰ ਘੁੰਮੇ ਅਤੇ 'ਸਤਿ ਸ੍ਰੀ ਅਕਾਲ' ਕਹੀ।

"ਸਤਿ ਸ੍ਰੀ ਅਕਾਲ," ਇਕਬਾਲ ਸਿੰਘ ਨੇ ਜਵਾਬ ਦਿਤਾ ਅਤੇ ਉਠਕੇ ਮੀਤ ਸਿੰਘ ਕੋਲ ਚਲਾ ਗਿਆ।

"ਸਰਦਾਰ ਇਕਬਾਲ ਸਿੰਘ," ਮੀਤ ਸਿੰਘ ਨੇ ਉਸ ਦੀ ਬਾਕੀਆਂ ਨਾਲ ਵਾਕਫੀ ਕਰਾਉਂਦਿਆਂ ਕਿਹਾ, "ਸਮਾਜ ਸੇਵਕ ਹੈ। ਬਹੁਤ ਸਾਲ ਇੰਗਲੈਂਡ

ਵਿਚ ਰਹੇ ਹਨ।"

ਕਿੰਨੀਆਂ ਹੀ ਪ੍ਰਸ਼ੰਸਕ ਅੱਖਾਂ ਇਕਬਾਲ ਸਿੰਘ ਉਤੇ ਲੱਗ ਗਈਆਂ, 'ਇੰਗਲੈਂਡ ਤੋਂ ਪਰਤਿਆ।' ਫਿਰ 'ਸਤਿ ਸ੍ਰੀ ਅਕਾਲਾਂ' ਦੁਹਰਾਈਆਂ ਗਈਆਂ। ਇਕਬਾਲ ਨੇ ਕੁਝ ਫਸਿਆ ਜਿਹਾ ਮਹਿਸੂਸ ਕੀਤਾ।

"ਤੁਸੀਂ ਸਿੱਖ ਹੋ, ਇਕਬਾਲ ਸਿੰਘ ਜੀ?" ਇਕ ਜਣੇ ਨੇ ਪੜਤਾਲ ਕੀਤੀ।

"ਜੀ ਹਾਂ।" ਦੋ ਹਫਤੇ ਪਹਿਲਾਂ ਉਸ ਨੇ ਦੋ ਟੁੱਕ ਜਵਾਬ ਦੇਣਾ ਸੀ "ਨਹੀਂ" ਜਾਂ ਕਹਿਣਾ ਸੀ "ਮੇਰਾ ਕੋਈ ਮਜ਼ਬ ਨਹੀਂ" ਜਾਂ "ਮਜ਼ਬ ਦੇ ਹੋਣ ਜਾਂ ਨਾ ਹੋਣ ਦਾ ਕੋਈ ਫਰਕ ਨਹੀਂ ਪੈਂਦਾ"। ਹੁਣ ਪ੍ਰਸਥਿਤੀ ਬਦਲ ਗਈ ਸੀ। ਉਂਜ ਇਹ ਵੀ ਸਹੀ ਸੀ ਕਿ ਉਹ ਜਨਮਜਾਤ ਸਿੱਖ ਸੀ।

"ਕੀ ਤੁਸੀਂ ਇੰਗਲੈਂਡ ਵਿਚ ਜਾਕੇ ਕੇਸ ਕਟਾ ਦਿਤੇ ਸਨ?" ਉਸੇ ਬੰਦੇ ਨੇ ਸਵਾਲ ਕੀਤਾ।

"ਨਹੀਂ, ਜਨਾਬ।" ਇਕਬਾਲ ਨੇ ਪੂਰੀ ਤਰ੍ਹਾਂ ਉਲਝਣ ਵਿਚ ਪਏ ਨੇ ਜਵਾਬ ਦਿਤਾ। "ਮੈਂ ਕਦੇ ਵੀ ਲੰਮੇ ਕੇਸ ਨਹੀਂ ਰਖੇ। ਮੈ ਬਿਨਾਂ ਕੇਸ ਅਤੇ ਦਾੜ੍ਹੀ ਤੋਂ ਹੀ ਸਿੱਖ ਹਾਂ।"

"ਤੁਹਾਡੇ ਮਾਂ-ਬਾਪ ਜ਼ਰੂਰ ਪੁਰਾਣੇ ਖਿਆਲਾਂ ਦੇ ਨਹੀਂ ਹੋਣਗੇ," ਮੀਤ ਸਿੰਘ ਨੇ ਉਸ ਦੀ ਮਦਦ ਨੂੰ ਆਉਂਦਿਆਂ ਆਖਿਆ। ਇਸ ਬਿਆਨ ਨੇ ਸ਼ੱਕ ਤਾਂ ਦੂਰ ਕਰ ਦਿਤਾ ਪਰ ਇਕਬਾਲ ਨੇ ਆਪਣੀ ਜ਼ਮੀਰ ਵਿਚ ਬੇਚੈਨੀ ਅਨੁਭਵ ਕੀਤੀ।

ਮੀਤ ਸਿੰਘ ਨੇ ਆਪਣੇ ਕਛਹਿਰੇ ਦੇ ਨਾਲੇ ਨੂੰ ਟਟੋਲਿਆ ਅਤੇ ਇਸ ਦੇ ਅਖੀਰ ਉਤੇ ਬੱਝਾ ਚਾਬੀਆਂ ਦਾ ਗੁੱਛਾ ਖਿਚ ਲਿਆ। ਉਸ ਨੇ ਬਾਬਾ ਜੀ ਦੇ ਲਾਗੇ ਪਈ ਲਾਲਟੈਣ ਚੁਕ ਲਈ ਅਤੇ ਵਿਹੜੇ ਵਿਚੋਂ ਹੁੰਦਾ ਹੋਇਆ ਕਮਰੇ ਨੂੰ ਆ ਗਿਆ।

"ਮੈਂ ਤੁਹਾਡੀਆਂ ਚੀਜ਼ਾਂ ਕਮਰੇ ਵਿਚ ਜੰਦਰਾ ਲਾ ਕੇ ਸੰਭਾਲ ਰਖੀਆਂ ਹਨ। ਤੁਸੀਂ ਚੀਜ਼ਾਂ ਲੈ ਲਓ। ਮੈਂ ਤੁਹਾਡੇ ਲਈ ਪਰਸ਼ਾਦੇ ਲਿਆਉਂਦਾ ਹਾਂ।"

"ਨਹੀਂ, ਭਾਈ ਜੀ, ਖੇਚਲ ਨਾ ਕਰੋ, ਮੇਰੇ ਕੋਲ ਬਥੇਰਾ ਖਾਣਾ ਹੈ। ਮੈਨੂੰ ਦੱਸੋ ਕਿ ਮੇਰੇ ਪਿੰਡੋਂ ਜਾਣ ਮਗਰੋਂ ਇਥੇ ਕੀ ਕੁਝ ਵਾਪਰਿਆ ਹੈ। ਇਹ ਲੋਕ ਕੌਣ ਹਨ?"

ਭਾਈ ਨੇ ਦਰਵਾਜ਼ੇ ਦਾ ਤਾਲਾ ਖੋਲ੍ਹਿਆ ਅਤੇ ਤੇਲ ਵਾਲਾ ਦੀਵਾ ਜਗਾ ਕੇ ਆਲੇ ਵਿਚ ਰਖ ਦਿਤਾ। ਇਕਬਾਲ ਨੇ ਆਪਣਾ ਸਮਾਨ ਵਾਲਾ ਥੈਲਾ ਖੋਲ੍ਹਿਆ ਅਤੇ ਇਸ ਵਿਚਲੀਆਂ ਚੀਜ਼ਾਂ ਮੰਜੇ ਤੇ ਢੇਰੀ ਕਰ ਦਿਤੀਆਂ। ਮੱਛੀ ਦੀ ਚੱਟਣੀ, ਮੱਖਣ ਅਤੇ ਪਨੀਰ ਦੇ ਕਈ ਤਾਂਬੇ ਰੰਗੇ ਸੁਨਹਿਰੀ ਡੱਬੇ ਸਨ; ਅਲਮੂਨੀਅਮ ਦੇ ਕਾਂਟੇ, ਛੁਰੀਆਂ ਅਤੇ ਚਮਚੇ ਸਨ ਅਤੇ ਪਲਾਸਟਿਕ ਦੇ ਕੱਪ

ਅਤੇ ਪਲੇਟਾਂ ਵੀ ਸਨ।

"ਭਾਈ ਜੀ, ਕੀ ਕੁਝ ਵਾਪਰਦਾ ਰਿਹਾ ਹੈ?" ਇਕਬਾਲ ਨੇ ਫਿਰ ਪੁਛਿਆ।

"ਕੀ ਵਾਪਰਦਾ ਰਿਹੈ? ਮੈਨੂੰ ਇਹ ਪੁਛੋ, ਕੀ ਨਹੀਂ ਵਾਪਰਦਾ ਰਿਹਾ। ਗੱਡੀ ਭਰੀ ਹੋਈ ਲਾਸ਼ਾਂ ਦੀ ਮਨੋ ਮਾਜਰਾ ਆਈ। ਇਕ ਵਾਰੀ ਅਸੀਂ ਉਨ੍ਹਾਂ ਨੂੰ ਜਲਾਇਆ ਪਰ ਅਗਲੀ ਵਾਰੀ ਦਫਨਾਇਆ। ਦਰਿਆ ਵਿਚ ਲਾਸ਼ਾਂ ਦਾ ਹੜ੍ਹ ਆ ਗਿਆ ਸੀ। ਮੁਸਲਮਾਨਾਂ ਨੂੰ ਇਥੋਂ ਕੱਢ ਲਿਆ ਗਿਐ ਅਤੇ ਉਨ੍ਹਾਂ ਦੀ ਥਾਂ ਰਫਿਊਜੀ ਆ ਗਏ ਨੇ। ਹੋਰ ਦੱਸੋ ਤੁਸੀਂ ਕੀ ਜਾਣਨਾ ਚਾਹੁੰਦੇ ਹੋ?"

ਇਕਬਾਲ ਨੇ ਆਪਣੇ ਰੁਮਾਲ ਨਾਲ ਪਲਾਸਟਿਕ ਦੀ ਪਲੇਟ ਅਤੇ ਗਲਾਸ ਸਾਫ ਕੀਤੇ। ਉਸ ਨੇ ਆਪਣੀ ਚਾਂਦੀ ਦੀ ਹਿੱਪ ਫਲਾਸਕ ਕੱਢੀ ਅਤੇ ਇਸ ਨੂੰ ਚੰਗੀ ਤਰ੍ਹਾਂ ਹਿਲਾਇਆ। ਇਹ ਭਰੀ ਹੋਈ ਸੀ।

"ਇਸ ਚਾਂਦੀ ਦੀ ਬੋਤਲ ਵਿਚ ਕੀ ਹੈ?"

"ਹੂੰ, ਇਸ ਵਿਚ? ਦੁਆਈ," ਇਕਬਾਲ ਹਕਲਾਇਆ। "ਇਸ ਨਾਲ ਖਾਣਾ ਖਾਣ ਵਾਸਤੇ ਭੁੱਖ ਜਾਗ ਪੈਂਦੀ ਹੈ," ਉਸ ਨੇ ਮੁਸਕਰਾਉਂਦਿਆਂ ਅਗੇ ਕਿਹਾ।

"ਅਤੇ ਫਿਰ ਹਜ਼ਮ ਕਰਨ ਲਈ ਤੁਸੀਂ ਗੋਲ਼ੀਆਂ ਖਾਂਦੇ ਹੋ?"

ਇਕਬਾਲ ਹੱਸ ਪਿਆ। "ਜੀ ਹਾਂ, ਤੇ ਹੋਰ ਵੀ ਇਸ ਕਰਕੇ ਕਿ ਪੇਟ ਸਾਫ ਹੋਣ ਲਈ ਮਦਦ ਮਿਲੇ। ਇਹ ਵੀ ਦੱਸੋ ਕਿ ਕੀ ਪਿੰਡ ਵਿਚ ਕੋਈ ਕਤਲ ਹੋਏ ਸਨ?"

"ਨਹੀਂ," ਭਾਈ ਨੇ ਸਰਸਰੀ ਜਵਾਬ ਦਿਤਾ। ਉਸ ਦੀ ਵਧੇਰੇ ਰੁਚੀ ਉਸ ਗਦੈਲੇ ਨੂੰ ਵੇਖਣ ਵਿਚ ਲੱਗੀ ਸੀ ਜਿਸ ਵਿਚ ਇਕਬਾਲ ਹਵਾ ਭਰ ਰਿਹਾ ਸੀ। "ਪਰ ਹੋ ਜਾਣਗੇ। ਕੀ ਇਸ ਤੇ ਸੌਣ ਨਾਲ ਮਜ਼ਾ ਆਉਂਦੈ? ਕੀ ਵਲੈਤ ਵਿਚ ਹਰ ਕੋਈ ਅਜਿਹੇ ਹਵਾਈ ਗਦੈਲਿਆਂ ਤੇ ਸੌਂਦੈ?"

"ਕੀ ਮਤਲਬ ਹੈ ਤੁਹਾਡਾ — ਕਤਲ ਹੋ ਜਾਣਗੇ?" ਗਦੈਲੇ ਦੀ ਹਵਾ ਭਰਨ ਵਾਲੀ ਟੂਟੀ ਨੂੰ ਬੰਦ ਕਰਦਿਆਂ ਇਕਬਾਲ ਨੇ ਪੁਛਿਆ। "ਸਾਰੇ ਮੁਸਲਮਾਨ ਤਾਂ ਚਲੇ ਗਏ ਹਨ। ਕੀ ਨਹੀਂ?"

"ਹਾਂ, ਚਲੇ ਗਏ ਹਨ। ਪਰ ਉਹ ਅੱਜ ਰਾਤ ਨੂੰ ਪੁਲ ਲਾਗੇ ਗੱਡੀ ਤੇ ਹਮਲਾ ਕਰਨ ਵਾਲੇ ਹਨ। ਇਸ ਗੱਡੀ ਵਿਚ ਚੰਦਨ ਨਗਰ ਅਤੇ ਮਨੋ ਮਾਜਰਾ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਲਿਜਾਇਆ ਜਾ ਰਿਹੈ। ਤੁਹਾਡਾ ਸਿਰਹਾਣਾ ਵੀ ਹਵਾ ਨਾਲ ਭਰਿਆ ਹੋਇਐ?"

"ਹਾਂ, ਭਰਿਐ। ਪਰ ਉਹ ਕੌਣ ਹਨ? ਪਿੰਡ ਵਾਸੀ ਨਹੀਂ ਹਨ?"

"ਮੈਂ ਉਨ੍ਹਾਂ ਨੂੰ ਨਹੀਂ ਜਾਣਦਾ। ਕੁਝ ਵਰਦੀਧਾਰੀ ਲੋਕ ਫੌਜੀ ਜੀਪ ਵਿਚ ਆਏ ਸਨ। ਉਨ੍ਹਾਂ ਕੋਲ ਪਸਤੌਲ ਅਤੇ ਬੰਦੂਕਾਂ ਸਨ। ਰਫਿਊਜੀ ਵੀ ਉਨ੍ਹਾਂ ਨਾਲ ਮਿਲ ਗਏ ਹਨ। ਇਸੇ ਤਰ੍ਹਾਂ ਮੱਲੀ ਬਦਮਾਸ਼ ਅਤੇ ਉਸ ਦਾ ਗਰੋਹ ਵੀ ਉਨ੍ਹਾਂ ਨਾਲ ਮਿਲ ਗਿਐ — ਅਤੇ ਕੁਝ ਪਿੰਡ ਵਾਲੇ ਵੀ ਰਲ਼ ਗਏ ਹਨ। ਕੀ ਇਹ ਗਦੈਲਾ ਫਟ ਨਹੀਂ ਜਾਵੇਗਾ, ਜੇ ਕੋਈ ਭਾਰਾ ਬੰਦਾ ਇਸ ਉਤੇ ਪੈ ਜਾਵੇ?" ਮੀਤ ਸਿੰਘ ਨੇ ਗੱਦੇ ਨੂੰ ਪਲੋਸਦਿਆਂ ਅਤੇ ਠਕੋਰਦਿਆਂ ਸਵਾਲ ਕੀਤਾ।

"ਹੁਣ ਸਮਝਿਆ," ਇਕਬਾਲ ਨੇ ਮੀਤ ਸਿੰਘ ਦੇ ਸਵਾਲ ਨੂੰ ਅਣਡਿੱਠ ਕਰਦਿਆਂ ਆਖਿਆ, "ਮੈਂ ਹੁਣ ਸਮਝ ਗਿਆ ਪੁਲਿਸ ਦੀ ਚਲਾਕੀ ਨੂੰ। ਇਸੇ ਕਾਰਨ ਪੁਲਿਸ ਨੇ ਮੱਲੀ ਨੂੰ ਛੱਡਿਆ ਸੀ। ਮੇਰਾ ਖਿਆਲ ਹੈ, ਹੁਣ ਜੱਗਾ ਵੀ ਉਨ੍ਹਾਂ ਨਾਲ ਸ਼ਾਮਲ ਹੋ ਜਾਵੇਗਾ। ਸਭ ਕੁਝ ਤੈਅ ਸ਼ੁਦਾ ਹੈ ਪਹਿਲਾਂ ਹੀ।" ਉਹ ਹਵਾਈ ਗੱਦੇ ਉਪਰ ਲੇਟ ਗਿਆ ਅਤੇ ਸਿਰਹਾਣਾ ਆਪਣੀ ਕੱਛ ਵਿਚ ਰਖ ਲਿਆ। "ਭਾਈ ਜੀ, ਤੁਸੀਂ ਇਸ ਨੂੰ ਰੋਕ ਨਹੀਂ ਸਕਦੇ? ਉਹ ਸਾਰੇ ਤੁਹਾਡੀ ਮੰਨਦੇ ਹਨ।"

ਮੀਤ ਸਿੰਘ ਨੇ ਹਵਾਈ ਗਦੈਲੇ ਨੂੰ ਥੱਪਥਪਾਇਆ ਅਤੇ ਪਲੋਸਿਆ ਅਤੇ ਭੁੰਜੇ ਬੈਠ ਗਿਆ।

"ਬੁੱਢੇ ਦੀ ਕੌਣ ਸੁਣਦਾ ਹੈ? ਇਹ ਬੁਰੇ ਵਕਤ ਨੇ, ਇਕਬਾਲ ਸਿੰਘ ਜੀ, ਬਹੁਤ ਹੀ ਬੁਰੇ ਵਕਤ। ਕੋਈ ਆਸਥਾ ਜਾਂ ਧਰਮ ਨਹੀਂ ਰਿਹਾ। ਵਧ ਤੋਂ ਵਧ ਬੰਦਾ ਇਹੋ ਕਰ ਸਕਦਾ ਹੈ ਕਿ ਜਦੋਂ ਤਕ ਇਹ ਝੱਖੜ ਲੰਘ ਨਾ ਜਾਵੇ, ਉਦੋਂ ਤਕ ਕਿਸੇ ਖੂੰਜੇ ਵਿਚ ਦੁਬਕਿਆ ਰਹੇ। ਇਹ ਗਦੈਲਾ ਨਵੀਂ ਵਿਆਹੀ ਜੋੜੀ ਲਈ ਕੰਮ ਨਹੀਂ ਦੇ ਸਕਦਾ," ਉਸ ਨੇ ਗੱਦੇ ਨੂੰ ਮੋਹ ਨਾਲ ਥਾਪੜਦਿਆਂ ਅਗੇ ਆਖਿਆ।

ਇਕਬਾਲ ਨੂੰ ਖਿਝ ਚੜ੍ਹ ਗਈ। "ਤੁਸੀਂ ਇਸ ਕਿਸਮ ਦੀ ਵਾਰਦਾਤ ਵਾਪਰਨ ਨਹੀਂ ਦੇ ਸਕਦੇ! ਕੀ ਤੁਸੀਂ ਉਨ੍ਹਾਂ ਨੂੰ ਦੱਸ ਨਹੀਂ ਸਕਦੇ ਕਿ ਗੱਡੀ ਵਿਚ ਉਹੀ ਸਫਰ ਕਰ ਰਹੇ ਹਨ ਜਿਨ੍ਹਾਂ ਨੂੰ ਤੁਸੀਂ ਚਾਚੇ, ਚਾਚੀਆਂ, ਭਰਾ ਅਤੇ ਭੈਣਾਂ ਕਹਿ ਕੇ ਬੁਲਾਇਆ ਕਰਦੇ ਸੀ?"

ਮੀਤ ਸਿੰਘ ਨੇ ਹਉਕਾ ਲਿਆ। ਉਸ ਨੇ ਮੋਢੇ ਤੇ ਰਖੇ ਪਰਨੇ ਨਾਲ ਅਥਰੂ ਪੂੰਝਿਆ।

"ਮੇਰੇ ਦੱਸਣ ਨਾਲ ਕੀ ਫਰਕ ਪਏਗਾ? ਉਹ ਜਾਣਦੇ ਹਨ ਕਿ ਉਹ ਕੀ ਕਰ ਰਹੇ ਹਨ। ਉਹ ਉਨ੍ਹਾਂ ਨੂੰ ਮਾਰ ਦੇਣਗੇ। ਜੇ ਉਹ ਸਫਲ ਰਹੇ ਤਾਂ ਉਹ ਸ਼ੁਕਰਾਨਾ ਕਰਨ ਲਈ ਗੁਰਦੁਆਰੇ ਵੀ ਆਉਣਗੇ। ਆਪਣੇ ਪਾਪਾਂ ਨੂੰ ਧੋਣ ਲਈ ਉਹ ਚੜ੍ਹਾਵਾ ਵੀ ਚੜ੍ਹਾਉਣਗੇ। ਇਕਬਾਲ ਸਿੰਘ ਜੀ, ਮੈਨੂੰ ਆਪਣਾ ਹਾਲ ਦਸੋ। ਕੀ ਤੁਸੀਂ ਠੀਕ ਠਾਕ ਰਹੇ? ਕੀ ਉਨ੍ਹਾਂ ਥਾਣੇ ਵਿਚ ਤੁਹਾਡੇ ਨਾਲ ਸਲੂਕ ਠੀਕ ਠਾਕ ਕੀਤਾ?"

"ਹਾਂ, ਹਾਂ, ਮੈਂ ਬਿਲਕੁਲ ਠੀਕ ਠਾਕ ਸ੍ਹਾਂ," ਇਕਬਾਲ ਨੇ ਬੇਸਬਰੀ ਨਾਲ ਟੋਕਿਆ। "ਤੁਸੀਂ ਕੁਝ ਕਰਦੇ ਕਿਉਂ ਨਹੀਂ? ਤੁਹਾਨੂੰ ਜ਼ਰੂਰ ਕੁਝ ਕਰਨਾ ਚਾਹੀਦੈ!"

"ਮੈਂ ਜੋ ਕਰ ਸਕਦਾ ਸਾਂ ਉਹ ਸਭ ਕਰ ਚੁਕਿਆਂ। ਮੇਰਾ ਕੰਮ ਲੋਕਾਂ ਨੂੰ ਇਹ ਦੱਸਣਾ ਹੈ ਕਿ ਕੀ ਠੀਕ ਹੈ ਅਤੇ ਕੀ ਠੀਕ ਨਹੀਂ। ਜੇ ਉਹ ਬੁਰਾ ਕਰਨ ਤੇ ਹੀ ਤੁਲੇ ਹੋਣ, ਤਾਂ ਮੈਂ ਵਾਹਿਗੁਰੂ ਨੂੰ ਅਰਦਾਸ ਕਰਦਾਂ ਕਿ ਉਨ੍ਹਾਂ ਨੂੰ ਬਖਸ਼ ਦੇਣ। ਮੈਂ ਤਾਂ ਕੇਵਲ ਪਾਠ ਕਰ ਸਕਦਾਂ; ਬਾਕੀ ਦਾ ਕੰਮ ਪੁਲਿਸ ਅਤੇ ਡਿਪਟੀ ਨੇ ਕਰਨਾ ਹੈ। ਅਤੇ ਤੁਸੀਂ ਕਰਨਾ ਹੈ।"

"ਮੈਂ? ਮੈਂ ਕਿਉਂ?" ਇਕਬਾਲ ਨੇ ਹੈਰਾਨੀਜਨਕ ਮਾਸੂਮੀਅਤ ਨਾਲ ਪੁਛਿਆ। "ਮੈਂ ਇਸ ਵਿਚ ਕੀ ਕਰਾਂਗਾ? ਮੈਂ ਇਨ੍ਹਾਂ ਲੋਕਾਂ ਨੂੰ ਜਾਣਦਾ ਤਕ ਨਹੀਂ। ਉਹ ਕਿਸੇ ਬੇਗਾਨੇ ਦੀ ਗੱਲ ਕਿਉਂ ਸੁਣਨਗੇ?"

"ਜਦੋਂ ਤੁਸੀਂ ਆਏ ਸੀ, ਕਿਸੇ ਚੀਜ਼ ਬਾਰੇ ਉਨ੍ਹਾਂ ਨਾਲ ਗੱਲ ਕਰਨਾ ਚਾਹੁੰਦੇ ਸੀ। ਉਹ ਗੱਲ ਤੁਸੀਂ ਹੁਣ ਕਿਉਂ ਨਹੀਂ ਦੱਸਦੇ?"

ਇਕਬਾਲ ਚਿੰਤਾਤੁਰ ਹੋ ਗਿਆ। "ਭਾਈ ਜੀ, ਜਦੋਂ ਲੋਕ ਬੰਦੂਕਾਂ ਅਤੇ ਬਰਛੇ ਲੈ ਕੇ ਚਲਦੇ ਹੋਣ, ਉਨ੍ਹਾਂ ਨਾਲ ਜਵਾਬੀ ਗੱਲ ਵੀ ਬਰਛਿਆਂ ਅਤੇ ਬੰਦੂਕਾਂ ਨਾਲ ਹੀ ਹੋ ਸਕਦੀ ਹੈ। ਜੇ ਤੁਸੀਂ ਇਹ ਨਹੀਂ ਕਰ ਸਕਦੇ, ਫਿਰ ਉਨ੍ਹਾਂ ਦੇ ਰਸਤੇ ਵਿਚੋਂ ਪਾਸੇ ਰਹਿਣਾ ਹੀ ਅਕਲਮੰਦੀ ਹੁੰਦੀ ਹੈ।"

"ਬਿਲਕੁਲ ਇਹੋ ਮੈਂ ਕਹਿੰਦਾ ਹਾਂ। ਮੇਰਾ ਖਿਆਲ ਸੀ ਕਿ ਯੂਰਪੀ ਵਿਚਾਰਾਂ ਨਾਲ ਤੁਹਾਡੇ ਕੋਲ ਕੋਈ ਹੋਰ ਇਲਾਜ ਹੋਵੇਗਾ। ਤੁਹਾਨੂੰ ਮੈਂ ਕੁਝ ਗਰਮ ਗਰਮ ਸਾਗ ਲਿਆਕੇ ਦੇਵਾਂ, ਮੈਂ ਤਾਜ਼ਾ ਬਣਾਇਐ।" ਮੀਤ ਸਿੰਘ ਨੇ ਉਠਦਿਆਂ ਕਿਹਾ।

"ਨਹੀਂ, ਨਹੀਂ, ਭਾਈ ਜੀ, ਜੋ ਮੈਨੂੰ ਚਾਹੀਦੈ, ਉਹ ਮੇਰੇ ਡੱਬਿਆਂ ਵਿਚ ਹੈ। ਜੇ ਮੈਨੂੰ ਕਿਸੇ ਚੀਜ਼ ਦੀ ਲੋੜ ਹੋਈ ਤਾਂ ਤੁਹਾਡੇ ਕੋਲੋਂ ਮੰਗ ਲਵਾਂਗਾ। ਮੈਂ ਖਾਣ ਤੋਂ ਪਹਿਲਾਂ ਕੁਝ ਕੰਮ ਕਰਨਾ ਹੈ।"

ਮੀਤ ਸਿੰਘ ਨੇ ਮੰਜੇ ਦੇ ਲਾਗੇ ਪਏ ਸਟੂਲ ਉਤੇ ਲਾਲਟੈਣ ਰਖੀ ਅਤੇ ਹਾਲ ਕਮਰੇ ਨੂੰ ਵਾਪਸ ਚਲਾ ਗਿਆ।

## 4

ਇਕਬਾਲ ਨੇ ਆਪਣੀਆਂ ਪਲੇਟਾਂ, ਛੁਰੀਆਂ, ਕਾਂਟੇ ਅਤੇ ਡੱਬੇ ਵਾਪਸ ਪਿਠੂ ਝੋਲੇ ਵਿਚ ਪਾਏ। ਉਨ੍ਹੇ ਕੁਝ ਘਬਰਾਹਟ ਮਹਿਸੂਸ ਕੀਤੀ — ਉਹ ਘਬਰਾਹਟ

ਜਿਹੋ ਜਿਹੀ ਬੰਦਾ ਆਪਣੇ ਪਿਆਰ ਦਾ ਇਜ਼ਹਾਰ ਕਰਨ ਵੇਲੇ ਅਨੁਭਵ ਕਰਦਾ ਹੈ। ਕੋਈ ਐਲਾਨ ਕਰਨ ਦਾ ਸਮਾਂ ਆ ਗਿਆ ਸੀ। ਸਿਰਫ ਉਸ ਨੂੰ ਯਕੀਨ ਨਹੀਂ ਬੱਝ ਰਿਹਾ ਸੀ ਕਿ ਇਹ ਐਲਾਨ ਕੀ ਹੋਵੇ।

ਕੀ ਉਹ ਖੁਲ੍ਹ ਕੇ ਬਾਹਰ ਜਾਵੇ, ਭੀੜ ਦਾ ਸਾਹਮਣਾ ਕਰੇ ਅਤੇ ਉਨ੍ਹਾਂ ਨੂੰ ਸਪਸ਼ਟ ਟੁਣਕਵੇਂ ਲਫ਼ਜ਼ਾਂ ਵਿਚ ਦੱਸ ਦੇਵੇ ਕਿ ਇਹ ਗਲਤ ਹੈ — ਅਨੈਤਿਕ ਹੈ? ਕੀ ਉਹ ਹਥਿਆਰਬੰਦ ਭੀੜ ਉਤੇ ਅੱਖਾਂ ਟਿਕਾ ਕੇ ਸਿੱਧਾ ਉਸ ਵੱਲ ਜਾਵੇ — ਬਿਨਾਂ ਝਿਜਕ, ਬਿਨਾਂ ਮੁੜਿਆਂ, ਫਿਲਮਾਂ ਦੇ ਹੀਰੋ ਵਾਂਗ ਜੋ ਕੈਮਰੇ ਵੱਲ ਸਿੱਧੇ ਜਾਂਦੇ ਜਾਂਦੇ ਵਡੇ, ਹੋਰ ਵਡੇ ਤੇ ਵਡੇਰੇ ਹੁੰਦੇ ਜਾਂਦੇ ਹਨ। ਫਿਰ ਘਸੁੰਨਾਂ ਦੀ ਬੁਛਾੜ ਹੇਠ ਜਾਂ ਜ਼ਿਆਦਾ ਸੰਭਾਵਨਾ ਹੈ ਕਿ ਬੰਦੂਕ ਦੀਆਂ ਗੋਲ਼ੀਆਂ ਦੀ ਬੁਛਾੜ ਹੇਠ ਸ਼ਾਨ ਨਾਲ ਡਿੱਗ ਪਵੇ? ਇਕਬਾਲ ਦੀ ਰੀੜ੍ਹ ਵਿਚੋਂ ਇਕ ਠੰਡੀ ਕੰਬਣੀ ਦੌੜ ਗਈ।

ਕੁਰਬਾਨੀ ਦੀ ਸਿਖਰਲੀ ਕਾਰਵਾਈ ਨੂੰ ਦੇਖਣ ਵਾਲਾ ਕੋਈ ਨਹੀਂ ਹੋਵੇਗਾ। ਉਹ ਉਸ ਨੂੰ ਵੀ ਉਂਜ ਹੀ ਮਾਰ ਦੇਣਗੇ ਜਿਵੇਂ ਹੋਰਨਾਂ ਨੂੰ ਕਤਲ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਉਹ ਨਿਰਪੱਖ ਨਹੀਂ ਸੀ। ਉਹ ਉਸ ਨੂੰ ਨੰਗਾ ਕਰ ਦੇਣਗੇ ਅਤੇ ਫਿਰ ਦੇਖਣਗੇ। ਸੁੰਨਤ ਹੋਈ ਹੈ ਇਸ ਲਈ ਮੁਸਲਮਾਨ ਹੈ। ਇੰਜ ਤਾਂ ਜਾਨ ਵਿਅਰਥ ਹੀ ਚਲੀ ਜਾਵੇਗੀ! ਅਤੇ ਇਸ ਤੋਂ ਫਾਇਦਾ ਕੀ ਨਿਕਲੇਗਾ? ਕੁਝ ਅਰਧ-ਮਨੁੱਖੀ ਬੰਦੇ ਆਪਣੀ ਹੀ ਨਸਲ ਦੇ ਦੂਜੇ ਬੰਦਿਆਂ ਦਾ ਕਤਲਾਮ ਕਰ ਦੇਣਗੇ — ਸਾਲਾਨਾ ਚਾਲੀ ਲੱਖ ਦੇ ਆਬਾਦੀ ਵਿਚ ਵਾਧੇ ’ਚ ਮਾਮੂਲੀ ਜਿਹੀ ਕਮੀ ਹੋਵੇਗੀ। ਇਹ ਵੀ ਨਹੀਂ ਹੈ ਕਿ ਤੁਸੀਂ ਭਲੇ ਬੰਦਿਆਂ ਨੂੰ ਬੁਰੇ ਬੰਦਿਆਂ ਤੋਂ ਬਚਾਉਣ ਜਾ ਰਹੇ ਹੋ। ਜੇ ਦੂਜਿਆਂ ਨੂੰ ਮੌਕਾ ਮਿਲ ਜਾਵੇ, ਉਹ ਵੀ ਇਹੋ ਕੁਝ ਕਰਨਗੇ। ਦਰਅਸਲ, ਉਹ ਜੋ ਕਤਲਾਮ ਕਰਨ ਵਾਲੇ ਹਨ, ਉਹ ਦਰਿਆ ਤੋਂ ਥੋੜ੍ਹਾ ਹੀ ਪਰ੍ਹੇ ਹੋਵੇਗਾ। ਇਹ ਸਭ ਬੇਮਤਲਬ ਹੈ। ਗੜਬੜ ਚੌਥ ਵਿਚ ਆਪੇ ਨੂੰ ਬਚਾ ਲੈਣਾ ਹੀ ਸਰਬੋਤਮ ਕਰਤੱਵ ਹੁੰਦਾ ਹੈ।

ਇਕਬਾਲ ਨੇ ਆਪਣੀ ਪਿੱਠ ਥਰਮੋਸ ਦਾ ਢੱਕਣ ਖੋਲ੍ਹਿਆ ਅਤੇ ਪਲਾਸਟਿਕ ਦੇ ਗਲਾਸ ਵਿਚ ਵਿਸਕੀ ਦਾ ਵਡਾ ਪੈੱਗ ਪਾਇਆ। ਉਸ ਨੇ ਬਿਨਾਂ ਪਾਣੀ ਰਲਾਇਆਂ ਇਸ ਨੂੰ ਸ਼ੁਧ ਹੀ ਡਕਾਰ ਗਿਆ।

ਜਦੋਂ ਗੋਲ਼ੀਆਂ ਵਰ੍ਹ ਰਹੀਆਂ ਹੋਣ, ਆਪਣਾ ਸਿਰ ਬਾਹਰ ਕੱਢਣ ਅਤੇ ਗੋਲ਼ੀ ਖਾਣ ਵਿਚ ਕੀ ਤੁਕ ਹੈ? ਗੋਲ਼ੀ ਨਿਰਪੱਖ ਹੁੰਦੀ ਹੈ। ਇਹ ਬਿਨਾਂ ਕੋਈ ਵਿਤਕਰਾ ਕਰਿਆਂ ਚੰਗੇ ਅਤੇ ਮਾੜੇ ਨੂੰ, ਮਹੱਤਵਪੂਰਨ ਅਤੇ ਮਹੱਤਵਹੀਣ ਨੂੰ, ਸਭ ਨੂੰ ਜਾ ਵੱਜਦੀ ਹੈ। ਜੇ ਆਪੇ ਨੂੰ ਅਗਨ-ਦਾਹ ਕਰਨ ਵੇਲੇ ਦੇਖਣ ਵਾਲੇ ਲੋਕ ਹੋਣ, ਜਿਵੇਂ ਸਿਨਮੇ ਦੇ ਪਰਦੇ ਤੇ ਹੁੰਦੇ ਹਨ, ਫਿਰ ਤਾਂ ਕੁਰਬਾਨੀ ਕਿਸੇ ਕੰਮ ਦੀ ਵੀ ਹੋਵੇਗੀ: ਸਿਖਿਆ ਦਾ ਸਬਕ ਲੋਕਾਂ ਕੋਲ ਪਹੁੰਚ ਜਾਂਦਾ ਹੈ। ਇਥੇ ਤਾਂ ਵਧ ਤੋਂ ਵਧ ਇਹੋ ਵਾਪਰਨ ਦੀ ਸੰਭਾਵਨਾ ਹੈ ਕਿ ਅਗਲੀ ਸਵੇਰੇ ਤੁਹਾਡੀ ਲਾਸ਼ ਵੀ ਤੁਹਾਡੇ ਵਰਗੇ ਦਿਸਦੇ ਹੋਰ ਅਨੇਕਾਂ ਵਿਚ ਪਈ ਹੋਵੇਗੀ — ਵਾਲ ਕੱਟੇ ਹੋਏ, ਸ਼ੇਵ ਕੀਤੀ

ਠੋਡੀ, .... ਸੁਨੱਤ ਕੀਤੀ ਹੋਈ .... ਕਿਸਨੂੰ ਪਤਾ ਲਗੇਗਾ ਕਿ ਤੁਸੀਂ ਕਤਲਾਮ ਦੇ ਮੁਸਲਿਮ ਸ਼ਿਕਾਰ ਨਹੀਂ ਸੀ? ਕੌਣ ਜਾਣੇਗਾ ਕਿ ਤੁਸੀਂ ਇਕ ਸਿੱਖ ਸੀ ਜਿਹੜਾ ਨਤੀਜਿਆਂ ਬਾਰੇ ਸਭ ਕੁਝ ਜਾਣਦਾ ਹੋਇਆ ਗੋਲ਼ੀਆਂ ਦੇ ਸਾਹਮਣੇ ਛਾਤੀ ਤਾਣਕੇ ਆ ਗਿਆ ਤਾਂ ਜੋ ਇਹ ਮਹੱਤਵਪੂਰਨ ਗੱਲ ਦਰਸਾਈ ਜਾ ਸਕੇ ਕਿ ਨੇਕੀ ਦੀ ਬਦੀ ਉਤੇ ਜਿੱਤ ਹੋਣੀ ਚਾਹੀਦੀ ਹੈ? ਅਤੇ ਰੱਬ — ਨਹੀਂ ਕੋਈ ਰੱਬ ਨਹੀਂ; ਜੋ ਵੀ ਹੈ ਉਹ ਅਪ੍ਰਸੰਗਕ ਹੈ।

ਇਕਬਾਲ ਨੇ ਵਿਸਕੀ ਦਾ ਇਕ ਹੋਰ ਪੈੱਗ ਮਾਰਿਆ। ਲੱਗਦਾ ਸੀ ਇਹ ਉਸ ਦੇ ਦਿਮਾਗ ਨੂੰ ਤੇਜ਼ ਕਰ ਦਿੰਦੀ ਸੀ।

ਕੁਰਬਾਨੀ ਦਾ ਨੁਕਤਾ, ਉਸ ਨੇ ਸੋਚਿਆ, ਮਨੋਰਥ ਹੀ ਹੁੰਦਾ ਹੈ। ਮਨੋਰਥ ਵਾਸਤੇ ਸਿਰਫ ਏਨਾ ਹੀ ਕਾਫੀ ਨਹੀਂ ਕਿ ਕੋਈ ਚੀਜ਼ ਆਪਣੇ ਅੰਦਰੋਂ ਵਧੀਆ ਹੈ: ਇਹ ਲੋਕਾਂ ਨੂੰ ਲੱਗਣਾ ਵੀ ਚਾਹੀਦਾ ਹੈ ਕਿ ਇਹ ਵਧੀਆ ਹੈ। ਆਪਣੇ ਤੌਰ ਤੇ ਹੀ ਜਾਣ ਲੈਣਾ ਕਿ ਉਹ ਠੀਕ ਹੈ, ਕਾਫੀ ਨਹੀਂ; ਮਰਨ ਉਪਰੰਤ ਵੀ ਇਹ ਸੰਤੁਸ਼ਟੀ ਹੋਣੀ ਚਾਹੀਦੀ ਹੈ। ਇਹ ਉਹ ਗੱਲ ਨਹੀਂ ਸੀ ਜਿਵੇਂ ਸਕੂਲ ਵਿਚ ਪੜ੍ਹਦੇ ਸਮੇਂ ਆਪਣੇ ਦੋਸਤ ਨੂੰ ਬਚਾਉਣ ਲਈ ਡੰਡੇ ਖਾ ਲਏ ਜਾਂਦੇ ਸਨ। ਉਸ ਸੂਰਤ ਵਿਚ ਤੁਹਾਨੂੰ ਚੰਗਾ ਵੀ ਲੱਗਦਾ ਸੀ ਅਤੇ ਤੁਸੀਂ ਕੁਰਬਾਨੀ ਨੂੰ ਮਾਨਣ ਲਈ ਜਿਉਂਦੇ ਵੀ ਹੁੰਦੇ ਸੀ; ਪਰ ਇਥੇ ਤਾਂ ਤੁਸੀਂ ਮਾਰਿਆ ਹੀ ਜਾਣਾ ਸੀ। ਇਸ ਦਾ ਸਮਾਜ ਨੂੰ ਕੋਈ ਫਾਇਦਾ ਨਹੀਂ ਹੋਵੇਗਾ: ਸਮਾਜ ਨੂੰ ਇਸ ਦਾ ਕਦੇ ਪਤਾ ਹੀ ਨਹੀਂ ਲੱਗੇਗਾ। ਨਾ ਹੀ ਤੁਹਾਨੂੰ ਪਤਾ ਲੱਗੇਗਾ: ਕਿਉਂਕਿ ਤੁਸੀਂ ਤਾਂ ਮਰ ਗਏ ਹੋਵੋਗੇ। ਪਰਦੇ ਉਪਰਲੀ ਉਹ ਮੂਰਤ ਤਾਂ ਹਜ਼ਾਰਾਂ ਲੋਕਾਂ ਸਾਹਮਣੇ ਹੁੰਦੀ ਸੀ ਜੋ ਉਤੇਜਿਤ ਅਤੇ ਚਿੰਤਾਤੁਰ ਦਿਸਦੇ ਸਨ। ਉਹ ਸਬਕ ਸਿਖਣ ਲਈ ਤਿਆਰ ਹੋ ਗਏ ਹੁੰਦੇ ਸਨ। ਇਹੋ ਸਾਰੀ ਗੱਲ ਦੀ ਘੁੰਡੀ ਸੀ। ਕਰਨ ਵਾਲੇ ਨੂੰ ਕੋਈ ਚੀਜ਼ ਉਦੋਂ ਹੀ ਕਰਨੀ ਚਾਹੀਦੀ ਹੈ, ਜਦੋਂ ਲੈਣ ਵਾਲਾ ਲੈਣ ਲਈ ਤਿਆਰ ਹੋਵੇ। ਨਹੀਂ ਤਾਂ ਕਰਮ ਵਿਅਰਥ ਜਾਂਦਾ ਹੈ।

ਉਸ ਨੇ ਗਲਾਸ ਫਿਰ ਭੌਰ ਲਿਆ। ਹੁਣ ਹਰ ਚੀਜ਼ ਉਸ ਦੇ ਸਾਹਮਣੇ ਸਪਸ਼ਟ ਹੋ ਰਹੀ ਸੀ।

ਜੇ ਤੁਸੀਂ ਸੱਚਮੁਚ ਵਿਸ਼ਵਾਸ ਕਰਦੇ ਹੋ ਕਿ ਚੀਜ਼ਾਂ ਏਨੀਆਂ ਗਲ਼-ਸੜ ਗਈਆਂ ਹਨ ਕਿ ਤੁਹਾਡਾ ਪਹਿਲਾ ਕਰਤੱਵ ਉਨ੍ਹਾਂ ਨੂੰ ਨਸ਼ਟ ਕਰਨਾ ਹੈ — ਸਲੇਟ ਨੂੰ ਪੂੰਝਕੇ ਸਾਫ ਕਰਨਾ ਹੈ — ਤਾਂ ਤੁਹਾਨੂੰ ਤਬਾਹੀ ਦੇ ਛੋਟੇ ਛੋਟੇ ਕੰਮਾਂ ਉਤੇ ਜੋਸ਼ ਵਿਚ ਨਹੀਂ ਆਉਣਾ ਚਾਹੀਦਾ। ਤੁਹਾਡਾ ਕਰੱਤਵ ਅੱਗ ਭੜਕਾਉਣ ਵਾਲਿਆਂ ਨਾਲ ਮਿਲੀਭੁਗਤ ਕਰਨਾ ਹੈ; ਉਨ੍ਹਾਂ ਉਤੇ ਅੱਗ ਬੁਝਾਊ ਪਾਈਪ ਨਾਲ ਇਖਲਾਕੀ ਸਿਖਿਆ ਦੀ ਬੁਛਾੜ ਕਰਨਾ ਨਹੀਂ, ਸਗੋਂ ਏਨੀ ਜ਼ਬਰਦਸਤ ਗੜਬੜ ਪੈਦਾ ਕਰਨਾ ਹੈ ਕਿ ਜੋ ਕੁਝ ਵੀ ਗਲਿਆ ਸੜਿਆ ਹੈ, ਜਿਵੇਂ ਖ਼ੁਦਗਰਜ਼ੀ,

ਅਸਹਿਣਸ਼ੀਲਤਾ, ਲਾਲਚ, ਝੂਠ, ਚਮਚਾਗੀਰੀ ਸਭ ਗਰਕ ਹੋ ਜਾਣ। ਲੋੜ ਹੋਵੇ ਤਾਂ ਇਨ੍ਹਾਂ ਨੂੰ ਖ਼ੂਨ ਵਿਚ ਹੀ ਡੁਬੋਇਆ ਜਾਵੇ।

ਹਿੰਦੁਸਤਾਨ ਨੂੰ ਬੜੀ ਗੜਬੜ ਚੌਥ ਨਾਲ ਕਬਜ਼ ਹੋਈ ਪਈ ਹੈ। ਧਰਮ ਨੂੰ ਹੀ ਲੈ ਲਓ। ਹਿੰਦੂਆਂ ਲਈ ਇਹ ਜਾਤਪਾਤ ਅਤੇ ਗੋ-ਰਖਿਆ ਤੋਂ ਇਲਾਵਾ ਹੋਰ ਕੁਝ ਨਾਂ-ਮਾਤਰ ਹੀ ਹੁੰਦਾ ਹੈ। ਮੁਸਲਮਾਨਾਂ ਲਈ ਸੁੰਨਤ ਅਤੇ ਹਲਾਲ ਦਾ ਮੀਟ ਹੁੰਦਾ ਹੈ। ਸਿੱਖਾਂ ਲਈ ਇਸ ਦਾ ਮਤਲਬ ਹੈ ਲੰਮੇ ਕੇਸ ਰਖਣਾ। ਈਸਾਈਆਂ ਵਾਸਤੇ ਇਹ ਹਿੰਦੂ ਧਰਮ ਉਤੇ ਚੜ੍ਹਿਆ ਉਤੇ ਟੋਪ ਹੀ ਹੈ। ਪਾਰਸੀਆਂ ਵਾਸਤੇ ਅੱਗਨ ਪੂਜਾ ਅਤੇ ਗਿਰਝਾਂ ਨੂੰ ਖਾਣਾ ਦੇਣਾ ਹੀ ਹੈ। ਹਰ ਧਰਮ ਦਾ ਜੋ ਕੇਂਦਰ ਬਿੰਦੂ ਹੋਣਾ ਚਾਹੀਦਾ ਹੈ, ਉਹ ਨੈਤਿਕਤਾ ਇਸ ਵਿਚੋਂ ਹੁਸ਼ਿਆਰੀ ਨਾਲ ਕੱਢ ਹੀ ਦਿਤੀ ਗਈ ਹੈ। ਹੁਣ ਫਲਸਫੇ ਨੂੰ ਲਓ ਜਿਸ ਬਾਰੇ ਏਨਾ ਹੱਲਾ ਗੁੱਲਾ ਹੋ ਰਿਹੈ। ਇਹ ਦਰਅਸਲ ਸਿਰ ਵਿਚ ਫੈਲੀ ਏਨੀ ਘੜਮੱਸ ਹੈ ਜਿਸ ਨੂੰ ਰਹੱਸਵਾਦ ਕਿਹਾ ਜਾਂਦੈ। ਅਤੇ ਯੋਗਾ ਕੀ ਹੈ, ਯੋਗਾ, ਜੋ ਡਾਲਰਾਂ ਦੀ ਵਧੀਆ ਕਮਾਈ ਕਰਕੇ ਦਿੰਦਾ ਹੈ। ਸਿਰ ਭਾਰ ਖੜ੍ਹੇ ਹੋ ਜਾਓ। ਚੌਕੜੀ ਮਾਰ ਕੇ ਬੈਠ ਜਾਓ ਅਤੇ ਨਾਸਾਂ ਨੂੰ ਉਂਗਲਾਂ ਦੇ ਪੋਟਿਆਂ ਨਾਲ ਠਕੋਰੋ। ਆਪਣੀਆਂ ਇੰਦਰੀਆਂ ਉਤੇ ਪੂਰਾ ਕੰਟਰੋਲ ਰਖੋ। ਔਰਤਾਂ ਨੂੰ ਏਨਾ ਮਜ਼ਾ ਦਿਓ ਕਿ ਉਹ ਚੀਕ ਉਠਣ "ਬਸ ਕਰੋ, ਪਲੀਜ਼ ਬੱਸ" ਅਤੇ ਤੁਸੀਂ ਆਪਣੀਆਂ ਅੱਖਾਂ ਖੋਲ੍ਹੇ ਬਿਨਾਂ ਆਖ ਦਿਓ "ਅਗਲੀ ਔਰਤ ਆ ਜਾਵੇ।" ਅਤੇ ਪੁਨਰ ਜਨਮ ਦਾ ਸਾਰਾ ਊਲ ਜਲੂਲ। ਆਦਮੀ ਤੋਂ ਬਲਦ ਤੋਂ ਬੰਦਰ ਤੋਂ ਭੂੰਡ ਤੋਂ ਚੁਰਾਸੀ ਲੱਖ ਜੂਨਾਂ। ਕੋਈ ਸਬੂਤ? ਅਸੀਂ ਸਬੂਤ ਦੇਣ ਲਈ ਇਸ ਤਰ੍ਹਾਂ ਦੀਆਂ ਫਜ਼ੂਲ ਗੱਲਾਂ ਵਿਚ ਨਹੀਂ ਪੈਂਦੇ। ਉਹ ਪੱਛਮੀ ਦਸਤੂਰ ਹੈ। ਅਸੀਂ ਤਾਂ ਰਹੱਸਵਾਦੀ ਪੂਰਬੀ ਹਾਂ। ਕੋਈ ਸਬੂਤ ਨਹੀਂ, ਬਸ ਆਸਥਾ। ਕੋਈ ਤਰਕ ਨਹੀਂ, ਬਸ ਆਸਥਾ। ਕਿਸੇ ਵੀ ਫਲਸਫੇ ਦਾ ਜ਼ਰੂਰੀ ਤੱਤ ਸੋਚ ਹੁੰਦੀ ਹੈ, ਪਰ ਇਥੇ ਤਾਂ ਉਸ ਨੂੰ ਅਲਵਿਦਾ ਕਹਿ ਦਿਤਾ ਗਿਆ ਹੈ। ਅਸੀਂ ਕਲਪਣਾ ਦੇ ਖੰਭਾਂ ਤੇ ਚੜ੍ਹਕੇ ਹੀ ਗੌਰਵਮਈ ਉਚਾਣਾਂ ਤੇ ਪਹੁੰਚ ਜਾਂਦੇ ਹਾਂ। ਸਿਰਜਣਾਤਮਕ ਜੀਵਨ ਦੇ ਸਾਰੇ ਖੇਤਰਾਂ ਵਿਚ ਅਸੀਂ ਰੱਸੀਆਂ ਦੇ ਸੱਪ ਬਣਾਉਂਦੇ ਰਹਿੰਦੇ ਹਾਂ। ਜਦੋਂ ਤਕ ਦੁਨੀਆਂ ਦਿਆਨਤਦਾਰੀ ਨਾਲ ਸਾਡੀ ਰੱਸੀ ਨੂੰ ਆਸਮਾਨ ਵੱਲ ਸਿੱਧਾ ਚੜ੍ਹਾਉਣ ਅਤੇ ਛੋਟੇ ਬੱਚੇ ਵੱਲੋਂ ਇਸ ਉਤੇ ਚੜ੍ਹਕੇ ਅੱਖੋਂ ਉਹਲੇ ਹੋ ਜਾਣ ਦੀ ਯੋਗਤਾ ਉਤੇ ਯਕੀਨ ਕਰਦੇ ਹਨ, ਉਦੋਂ ਤਕ ਸਾਡਾ ਪਖੰਡ ਪ੍ਰਫੁਲਤ ਰਹੇ ਗਾ।

ਹੁਣ ਕਲਾ ਅਤੇ ਸੰਗੀਤ ਨੂੰ ਹੀ ਲਓ। ਅਜੋਕੀ ਭਾਰਤੀ ਚਿੱਤਰਕਾਰੀ, ਇਮਾਰਤ ਕਲਾ ਅਤੇ ਬੁੱਤਕਾਰੀ ਕਿਉਂ ਅਸਫਲ ਰਹੀ ਹੈ? ਕਿਉਂਕਿ ਇਹ ਈਸਾ ਤੋਂ ਪਹਿਲਾਂ ਦੇ ਕਾਲ ਨਾਲ ਹੀ ਚੰਬੜੀ ਰਹਿੰਦੀ ਹੈ। ਆਪਣੇ ਅਤੀਤ ਵੱਲ ਜਾਣਾ ਚੰਗੀ ਗੱਲ ਹੁੰਦੀ ਹੈ। ਬਸ਼ਰਤੇ ਇਹ ਪੱਕੀ ਲਕੀਰ ਨਾ ਬਣ ਜਾਵੇ — ਬੇਜਾਨ ਬੋਝ। ਜੇ ਇਹ ਬਣ ਗਈ ਤਾਂ ਅਸੀਂ ਕਲਾ ਰੂਪਾਂ ਦੀ ਬੰਦ ਗਲੀ ਵਿਚ

ਪਹੁੰਚ ਜਾਵਾਂਗੇ। ਅਸੀਂ ਬੇਢੱਬੀ ਚੀਜ਼ ਦੀ ਵਿਆਖਿਆ ਰਹੱਸਵਾਸੀ ਆਖਕੇ ਕਰ ਦਿੰਦੇ ਹਾਂ। ਜਾਂ ਫਿਰ ਅਸੀਂ ਪ੍ਰੰਪਰਾ ਨਾਲੋਂ ਉੱਕਾ ਹੀ ਟੁੱਟ ਜਾਂਦੇ ਹਾਂ — ਜਿਵੇਂ ਸਾਡੀਆਂ ਫਿਲਮਾਂ ਦਾ ਆਧੁਨਿਕ ਗੀਤ ਸੰਗੀਤ ਹੁੰਦਾ ਹੈ। ਇਹ ਹਵਾਈਅਨ ਗਿਟਾਰਾਂ, ਵਾਇਲਨ, ਅਕਾਰਡੀਅਨ ਅਤੇ ਸ਼ਹਿਨਾਈ ਉਤੇ ਗਾਇਆ ਟੈਂਗੋ ਜਾਂ ਰੁੰਬਾ ਅਤੇ ਸਾਂਭਾ ਹੁੰਦਾ ਹੈ। ਬੜਾ ਬੇਹੂਦਾ ਹੁੰਦਾ ਹੈ। ਬਾਕੀ ਵਾਂਗ ਇਸ ਸੰਗੀਤ ਨੂੰ ਵੀ ਮੇਸ ਦੇਣਾ ਚਾਹੀਦਾ ਹੈ।

ਉਸ ਨੂੰ ਪੂਰਾ ਯਕੀਨ ਨਹੀਂ ਸੀ ਕਿ ਉਸ ਦਾ ਮਤਲਬ ਕੀ ਹੈ। ਉਸ ਨੇ ਵਿਸਕੀ ਦਾ ਇਕ ਹੋਰ ਪੈੱਗ ਪਾ ਲਿਆ।

ਬੁਰੇ ਬਾਰੇ ਚੇਤੰਨ ਹੋਣਾ ਚੰਗਿਆਈ ਨੂੰ ਬੁਲੰਦ ਕਰਨ ਲਈ ਜ਼ਰੂਰੀ ਪਹਿਲੀ ਸ਼ਰਤ ਹੈ। ਜਿਸ ਮਕਾਨ ਦੀਆਂ ਕੰਧਾਂ ਹੀ ਨਾਕਸ ਹੋਣ, ਉਸ ਉਤੇ ਦੂਜੀ ਮੰਜ਼ਲ ਬਣਾਉਣ ਦੀ ਕੋਸ਼ਿਸ਼ ਕਰਨ ਦਾ ਕੋਈ ਫਾਇਦਾ ਨਹੀਂ। ਚੰਗੀ ਗੱਲ ਇਹੋ ਹੈ ਕਿ ਉਸ ਨੂੰ ਢਾਹ ਦਿਤਾ ਜਾਵੇ। ਜਦੋਂ ਬੰਦਾ ਨਾ ਤਾਂ ਸਮਾਜ ਵਿਚ ਵਿਸ਼ਵਾਸ ਕਰਦਾ ਹੋਵੇ ਅਤੇ ਨਾ ਹੀ ਇਸਦੀਆਂ ਕਦਰਾਂ ਕੀਮਤਾਂ ਵਿਚ, ਤਾਂ ਇਨ੍ਹਾਂ ਦੇ ਤਲੂਏ ਚੱਟਣਾ ਮੂਰਖਾਨਾ ਵੀ ਹੈ ਅਤੇ ਕਾਇਰਾਨਾ ਵੀ। ਉਨ੍ਹਾਂ ਦਾ ਸਾਹਸ ਤੁਹਾਡੀ ਕਾਇਰਤਾ ਹੈ ਅਤੇ ਉਨ੍ਹਾਂ ਦੀ ਕਾਇਰਤਾ ਤੁਹਾਡਾ ਸਾਹਸ ਹੈ। ਫਰਕ ਸਿਰਫ ਨਾਂ ਦਾ ਹੀ ਹੈ। ਬੰਦਾ ਕਹਿ ਸਕਦਾ ਹੈ ਕਿ ਉਸ ਨੂੰ ਡਰਪੋਕ ਬਣਨ ਲਈ ਸਾਹਸ ਦੀ ਜ਼ਰੂਰਤ ਹੈ। ਇਹ ਹੈ ਤਾਂ ਉਲਝਣ ਪਰ ਹੈ ਹਵਾਲਾ ਦੇਣ ਯੋਗ। ਇਸ ਨੂੰ ਨੋਟ ਕਰ ਲਿਆ ਜਾਵੇ।

ਅਤੇ ਵਿਸਕੀ ਦਾ ਇਕ ਹੋਰ ਗਲਾਸ ਲਓ। ਵਿਸਕੀ ਪਾਣੀ ਵਾਂਗ ਹੁੰਦੀ ਹੈ। ਇਸ ਦਾ ਕੋਈ ਸੁਆਦ ਨਹੀਂ ਹੁੰਦਾ। ਇਕਬਾਲ ਨੇ ਥਰਮੋਸ ਹਿਲਾਈ। ਉਸ ਨੂੰ ਧੀਮੀ ਜਿਹੀ ਹਲਚਲ ਸੁਣਾਈ ਦਿਤੀ। ਅਜੇ ਖਾਲੀ ਨਹੀਂ ਹੋਈ ਸੀ। ਸ਼ੁਕਰ ਹੈ ਰੱਬ ਦਾ ਕਿ ਅਜੇ ਖਾਲੀ ਨਹੀਂ ਸੀ ਹੋਈ।

ਜਿਸ ਤਰ੍ਹਾਂ ਦੀਆਂ ਚੀਜ਼ਾਂ ਹਨ, ਉਸ ਨੇ ਆਪਣੇ ਆਪ ਨੂੰ ਕਿਹਾ, ਜੇ ਉਨ੍ਹਾਂ ਨੂੰ ਦੇਖਿਆ ਜਾਵੇ, ਤਾਂ ਨਾ ਕਿਸੇ ਬੰਦੇ ਦਾ ਜਾਂ ਨਾ ਕਿਸੇ ਰੱਬ ਦਾ ਬਣਾਇਆ ਜ਼ਾਬਤਾ ਨਜ਼ਰ ਪੈਂਦਾ ਹੈ, ਜਿਸ ਅਨੁਸਾਰ ਬੰਦਾ ਆਪਣੇ ਸਲੀਕੇ ਦਾ ਨਮੂਨਾ ਤਿਆਰ ਕਰ ਸਕੇ। ਗਲਤ ਵੀ ਦਰੁਸਤ ਉਤੇ ਓਨੀ ਹੀ ਜਿੱਤ ਪ੍ਰਾਪਤ ਕਰ ਲੈਂਦਾ ਹੈ ਜਿੰਨੀ ਕਿ ਦਰੁਸਤ ਵੀ ਗਲਤ ਉਤੇ ਹਾਸਲ ਕਰ ਲੈਂਦਾ ਹੈ। ਕਈ ਵਾਰ ਇਸ ਗਲਤ ਦੀਆਂ ਜਿੱਤਾਂ ਵਡੇਰੀਆਂ ਹੁੰਦੀਆਂ ਹਨ। ਅਖੀਰ ਵਾਪਰੇਗਾ ਕੀ, ਤੁਹਾਨੂੰ ਪਤਾ ਨਹੀਂ ਹੁੰਦਾ। ਅਜਿਹੀਆਂ ਹਾਲਤਾਂ ਵਿਚ ਤੁਸੀਂ ਕੀ ਕਰ ਸਕਦੇ ਹੋ, ਸਿਵਾਇ ਇਸਦੇ ਕਿ ਸਾਰੀਆਂ ਕਦਰਾਂ ਕੀਮਤਾਂ ਪ੍ਰਤੀ ਉਕਾ ਹੀ ਬੇਰੁਖੀ ਵਿਕਸਤ ਕਰ ਲਵੋ। ਕਿਸੇ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ, ਕਿਸੇ ਨਾਲ ਵੀ ਨਹੀਂ, ਚਾਹੇ ਉਹ ਕੋਈ ਵੀ ਹੋਵੇ ...।

ਇਕਬਾਲ ਸੌਂ ਗਿਆ, ਪਲਾਸਟਿਕ ਦਾ ਗਿਲਾਸ ਉਸ ਦੇ ਹੱਥ ਵਿਚ ਹੀ ਸੀ ਅਤੇ ਉਸ ਦੇ ਲਾਗੇ ਸਟੂਲ ਉਤੇ ਪਈ ਲਾਲਟੈਣ ਬਲਦੀ ਰਹੀ।

## 5

ਗੁਰਦੁਆਰੇ ਦੇ ਵਿਹੜੇ ਵਿਚ ਚੁਲ੍ਹਿਆਂ ਵਿਚ ਬਲਦੀਆਂ ਅੱਗਾਂ ਬਲ ਬਲ ਕੇ ਸੁਆਹ ਹੋ ਗਈਆਂ ਸਨ। ਹਵਾ ਦਾ ਬੁੱਲਾ ਕਈ ਵਾਰ ਚੰਗਿਆੜੇ ਨੂੰ ਲਿਸ਼ਕਾ ਦਿੰਦਾ ਸੀ। ਲਾਲਟੈਣਾਂ ਮੱਠੀਆਂ ਕਰ ਦਿਤੀਆਂ ਗਈਆਂ ਸਨ। ਮਰਦ, ਔਰਤਾਂ ਅਤੇ ਬੱਚੇ ਮੂੰਖ ਹਾਲ ਕਮਰੇ ਦੇ ਫਰਸ਼ ਉਤੇ ਲਿਟੇ ਹੋਏ ਸਨ। ਮੀਤ ਸਿੰਘ ਜਾਗ ਰਿਹਾ ਸੀ। ਉਹ ਫਰਸ਼ ਨੂੰ ਝਾੜੂ ਮਾਰ ਰਿਹਾ ਸੀ ਅਤੇ ਰਸੋਈ ਨੂੰ ਸਾਫ ਕਰ ਰਿਹਾ ਸੀ।

ਕਿਸੇ ਨੇ ਦਰਵਾਜ਼ੇ ਨੂੰ ਮੁੱਕੀਆਂ ਨਾਲ ਖੜਕਾਉਣਾ ਆਰੰਭ ਦਿਤਾ। ਮੀਤ ਸਿੰਘ ਨੇ ਝਾੜੂ ਮਾਰਨਾ ਛੱਡ ਦਿਤਾ ਅਤੇ ਵਿਹੜੇ ਵਿਚੋਂ ਲੰਘਕੇ ਦਰਵਾਜ਼ੇ ਕੋਲ ਜਾਂਦਿਆਂ ਫੁਸਫਸਾਉਂਦਾ ਰਿਹਾ, "ਕੌਣ ਹੈ?"

ਉਸ ਨੇ ਕੁੰਡੀ ਖੋਲ੍ਹ ਦਿਤੀ। ਜੱਗਾ ਅੰਦਰ ਆ ਗਿਆ। ਹਨੇਰੇ ਵਿਚ ਉਹ ਆਮ ਨਾਲੋਂ ਵੀ ਵਡਾ ਲੱਗਦਾ ਸੀ। ਉਸ ਦੇ ਜੁਸੇ ਨੇ ਡਿਉੜੀ ਨੂੰ ਭਰ ਦਿਤਾ ਸੀ।

"ਭਾਈ," ਉਸ ਨੇ ਧੀਮੀ ਆਵਾਜ਼ ਵਿਚ ਕਿਹਾ, "ਮੈਨੂੰ ਗੁਰੂ ਦਾ ਅਸ਼ੀਰਵਾਦ ਚਾਹੀਦੈ। ਕੀ ਤੁਸੀਂ ਮੈਨੂੰ ਬਾਣੀ ਪੜ੍ਹਕੇ ਸੁਣਾ ਦਿਓਗੇ?"

"ਮੈਂ ਗੁਰੂ ਗ੍ਰੰਥ ਸਾਹਿਬ ਨੂੰ ਰਾਤ ਭਰ ਲਈ ਸੁਖ ਆਸਨ ਤੇ ਸੰਤੋਖ ਦਿਤੈ," ਮੀਤ ਸਿੰਘ ਨੇ ਸਮਸਿਆ ਦੱਸੀ। "ਪਰ ਤੂੰ ਕਰਨਾ ਕੀ ਚਾਹੁੰਨੈ?"

"ਇਸ ਨਾਲ ਕੋਈ ਫਰਕ ਨਹੀਂ ਪੈਂਦਾ," ਜੱਗੇ ਨੇ ਉਤੇਜਿਤ ਹੋ ਕੇ ਆਖਿਆ। ਉਸ ਨੇ ਆਪਣਾ ਭਾਰੀ ਹੱਥ ਮੀਤ ਸਿੰਘ ਦੇ ਮੋਢੇ ਰਖਿਆ। "ਕੀ ਤੁਸੀਂ ਫਟਾ ਫਟ ਮੇਰੇ ਲਈ ਬਾਣੀ ਦੀਆਂ ਕੁਝ ਸਤਰਾਂ ਪੜ੍ਹਕੇ ਸੁਣਾ ਦਿਓਗੇ?"

ਮੀਤ ਸਿੰਘ ਅਗੇ ਅਗੇ ਚਲ ਪਿਆ, ਪਰ ਬੁੜਬੁੜ ਕਰਦਾ ਹੋਇਆ। "ਤੂੰ ਅਗੇ ਤਾਂ ਕਦੇ ਗੁਰਦੁਆਰੇ ਨਹੀਂ ਆਇਆ, ਹੁਣ ਜਦੋਂ ਬਾਬਾ ਜੀ ਸੁੱਖ ਆਸਨ ਤੇ ਹਨ ਅਤੇ ਲੋਕ ਸੁੱਤੇ ਪਏ ਹਨ, ਤੂੰ ਚਾਹੁੰਨੈ ਕਿ ਮੈਂ ਤੈਨੂੰ ਗੁਰੂ ਦਾ ਸ਼ਬਦ ਪੜ੍ਹ ਦਿਆਂ। ਠੀਕ ਨਹੀਂ ਐ ਇਹ। ਮੈਂ ਤੈਨੂੰ ਜਪੁਜੀ ਸਾਹਿਬ ਵਿਚੋਂ ਇਕ ਸ਼ਲੋਕ ਪੜ੍ਹ ਦਿਆਂਗਾ।"

"ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ ਪੜ੍ਹਦੇ ਹੋ। ਬਸ ਪੜ੍ਹ ਦਿਓ।"

ਮੀਤ ਸਿੰਘ ਨੇ ਇਕ ਲਾਲਟੈਣ ਦੀ ਬੱਤੀ ਉਚੀ ਕੀਤੀ। ਇਸ ਦੀ ਧੁਆਂਖੀ ਚਿਮਨੀ ਚਮਕ ਪਈ। ਉਹ ਪੀੜ੍ਹਾ ਸਾਹਿਬ ਉਤੇ ਸੁਖ ਆਸਨ ਵਿਚ ਪਏ ਗ੍ਰੰਥ ਸਾਹਿਬ

ਦੀ ਹਜ਼ੂਰੀ ਵਿਚ ਬੈਠ ਗਿਆ। ਜੱਗੇ ਨੇ ਚੌਰ ਪੀੜ੍ਹਾ ਸਾਹਿਬ ਦੇ ਹੇਠੋਂ ਚੁਕ ਲਿਆ ਅਤੇ ਮੀਤ ਸਿੰਘ ਦੇ ਸਿਰ ਉਤੇ ਝੁਲਾਉਣਾ ਸ਼ੁਰੂ ਕਰ ਦਿਤਾ। ਮੀਤ ਸਿੰਘ ਨੇ ਇਕ ਗੁੱਟਕਾ ਕਢਿਆ, ਆਪਣੇ ਮੱਥੇ ਨਾਲ ਛੁਹਾਇਆ ਅਤੇ ਉਸ ਸਫੇ ਤੋਂ ਪੜ੍ਹਨਾ ਸ਼ੁਰੂ ਕਰ ਦਿਤਾ ਜੋ ਗੁੱਟਕਾ ਖੋਲ੍ਹਣ ਉਤੇ ਸਬੱਬੀ ਖੁਲ੍ਹ ਗਿਆ ਸੀ।

ਰਾਤੀ ਰੁਤੀ ਥਿਤੀ ਵਾਰ॥

ਪਵਣ ਪਾਣੀ ਅਗਨੀ ਪਾਤਾਲ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥

ਤਿਨਕੇ ਨਾਮ ਅਨੇਕ ਅਨੰਤ॥

ਕਰਮੀ ਕਰਮੀ ਹੋਇ ਵੀਚਾਰੁ॥

ਸਚਾ ਆਪਿ ਸਚਾ ਦਰਬਾਰੁ॥

ਤਿਥੈ ਸੋਹਨਿ ਪੰਚ ਪਰਵਾਣੁ॥

ਨਦਰੀ ਕਰਮ ਪਵੈ ਨੀਸਾਣੁ॥

ਕਚ ਪਕਾਈ ਓਥੈ ਪਾਇ॥

ਨਾਨਕ ਗਇਆ ਜਾਪੈ ਜਾਇ॥

ਮੀਤ ਸਿੰਘ ਨੇ ਗੁਟਕਾ ਬੰਦ ਕਰ ਦਿਤਾ ਅਤੇ ਫਿਰ ਇਸ ਨੂੰ ਮੱਥੇ ਨਾਲ ਲਾਇਆ। ਉਸ ਨੇ ਜਪੁਜੀ ਸਾਹਿਬ ਦਾ ਅੰਤਮ ਸ਼ਲੋਕ ਗੁਣਗੁਣਾਉਣਾ ਸ਼ੁਰੂ ਕਰ ਦਿਤਾ:

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

ਜਿਹਨੀ ਨਾਮੁ ਧਿਆਇਆ ....

ਉਸ ਦੀ ਆਵਾਜ਼ ਘਟਦੇ ਘਟਦੇ ਸੁਣੀ ਨਾ ਜਾ ਸਕਣ ਵਾਲੀ ਫੁਸ ਫੁਸ ਬਣ ਗਈ। ਜਗਤ ਸਿੰਘ ਨੇ ਚੌਰ ਵਾਪਸ ਰਖ ਦਿਤਾ ਅਤੇ ਗ੍ਰੰਥ ਸਾਹਿਬ ਅਗੇ ਮੱਥਾ ਟੇਕਿਆ।

"ਕੀ ਇਹ ਸ਼ੁਭ ਸ਼ਬਦ ਹਨ?" ਜੱਗੇ ਨੇ ਭੋਲੇ ਭਾਅ ਪੁਛਿਆ।

"ਗੁਰੂ ਦਾ ਹਰ ਸ਼ਬਦ ਹੀ ਸ਼ੁਭ ਹੈ," ਮੀਤ ਸਿੰਘ ਨੇ ਗੰਭੀਰਤਾ ਨਾਲ ਕਿਹਾ।

"ਇਸ ਦਾ ਮਤਲਬ ਕੀ ਹੈ?"

"ਤੂੰ ਮਤਲਬ ਤੋਂ ਕੀ ਲੈਣੈ? ਬਸ ਇਹ ਗੁਰੂ ਦੀ ਬਾਣੀ ਹੈ। ਜੇ ਤੂੰ ਕੋਈ ਨੇ ਕ ਕੰਮ ਕਰਨ ਜਾ ਰਿਹੈਂ, ਗੁਰੂ ਤੇਰੇ ਅੰਗ ਸੰਗ ਹੋਣਗੇ; ਜੇ ਤੂੰ ਕੋਈ ਬੁਰਾ ਕੰਮ ਕਰਨ ਜਾ ਰਿਹੈਂ, ਗੁਰੂ ਤੇਰੇ ਰਸਤੇ ਵਿਚ ਖੜ੍ਹ ਜਾਣਗੇ। ਫਿਰ ਵੀ ਜੇ ਤੂੰ ਉਹ ਬੁਰਾ ਕੰਮ ਕਰਨ ਤੇ ਅੜਿਆ ਹੀ ਰਿਹਾ, ਉਹ ਤੈਨੂੰ ਸਜ਼ਾ ਦੇਣਗੇ ਤੇ ਤੂੰ ਪਛਤਾਵੇਂਗਾ ਅਤੇ ਫਿਰ ਉਹ ਤੈਨੂੰ ਬਖਸ਼ ਦੇਣਗੇ।"

"ਠੀਕ ਐ, ਮੈਂ ਅਰਥਾਂ ਤੋਂ ਕੀ ਲੈਣਾ? ਠੀਕ ਐ, ਭਾਈ ਜੀ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ।"

ਜੱਗੇ ਨੇ ਫਿਰ ਮੱਥਾ ਟੇਕਿਆ ਅਤੇ ਉਠ ਕੇ ਖੜ੍ਹਾ ਹੋ ਗਿਆ। ਉਹ ਸੌਂ ਰਹੀ ਸੰਗਤ ਦੇ ਵਿਚੋਂ ਬਚਾਅ ਬਚਾਅ ਕੇ ਪੈਰ ਰਖਦਾ ਲੰਘ ਗਿਆ ਅਤੇ ਆਪਣੀ ਜੁੱਤੀ ਪਾ ਲਈ। ਇਕ ਕਮਰੇ ਵਿਚ ਰੋਸ਼ਨੀ ਸੀ। ਉਸ ਨੇ ਸਿਰਹਾਣੇ ਉਤੇ ਖਿੰਡਰੇ ਹੋਏ ਵਾਲਾਂ ਵਾਲਾ ਸਿਰ ਦੇਖਿਆ, ਜਿਸ ਨੂੰ ਉਸ ਨੇ ਪਛਾਣ ਲਿਆ। ਇਕਬਾਲ ਸੌਂ ਰਿਹਾ ਸੀ ਤੇ ਉਸ ਦੀ ਫਲਾਸਕ ਉਸ ਦੀ ਛਾਤੀ ਤੇ ਪਈ ਸੀ।

"ਸਤਿ ਸ੍ਰੀ ਅਕਾਲ, ਬਾਬੂ ਜੀ।" ਜੱਗੇ ਨੇ ਪਿਆਰ ਨਾਲ ਕਿਹਾ। ਕੋਈ ਜਵਾਬ ਨਹੀਂ ਆਇਆ। "ਕੀ ਤੁਸੀਂ ਸੌਂ ਰਹੇ ਹੋ?"

"ਉਸ ਨੂੰ ਛੇੜ ਨਾ," ਮੀਤ ਸਿੰਘ ਨੇ ਧੀਮੀ ਆਵਾਜ਼ ਵਿਚ ਜੱਗੇ ਨੂੰ ਟੋਕਿਆ। "ਉਸ ਦੀ ਤਬੀਅਤ ਠੀਕ ਨਹੀਂ। ਉਹ ਨੀਂਦ ਵਾਸਤੇ ਦੁਆਈ ਲੈਂਦਾ ਰਿਹੈ।"

"ਅੱਛਾ, ਭਾਈ ਜੀ, ਤੁਸੀਂ ਉਸ ਨੂੰ ਮੇਰੇ ਵਲੋਂ ਸਤਿ ਸ੍ਰੀ ਅਕਾਲ ਕਹਿ ਦੇਣਾ।" ਇਹ ਕਹਿੰਦਿਆਂ ਜਗਤ ਸਿੰਘ ਗੁਰਦੁਆਰੇ ਵਿਚੋਂ ਬਾਹਰ ਚਲਾ ਗਿਆ।

## 6

"ਕੋਈ ਵੀ ਮੂਰਖ ਬੁੱਢੇ ਮੂਰਖ ਵਰਗਾ ਨਹੀਂ ਹੁੰਦਾ।" ਹੁਕਮ ਚੰਦ ਦੇ ਦਿਮਾਗ ਵਿਚ ਇਹ ਅਖਾਉਤ ਵਾਰ ਵਾਰ ਆਉਂਦੀ ਰਹੀ। ਉਸ ਨੇ ਇਸ ਨੂੰ ਦਫਾ ਕਰਨ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਇਹ ਵਾਰ ਵਾਰ ਮੁੜ ਆਉਂਦੀ ਰਹੀ: "ਕੋਈ ਵੀ ਮੂਰਖ ਬੁੱਢੇ ਮੂਰਖ ਵਰਗਾ ਨਹੀਂ ਹੁੰਦਾ।" ਪੰਜਾਹਵਿਆਂ ਵਿਚ ਚਲੇ ਰਹੇ ਸ਼ਾਦੀ ਸ਼ੁਦਾ ਆਦਮੀ ਲਈ ਇਸ ਤੋਂ ਬੁਰਾ ਹੋਰ ਕੀ ਹੋ ਸਕਦਾ ਹੈ ਕਿ ਉਹ ਕਿਸੇ ਔਰਤ ਨੂੰ ਆਪਣੇ ਕੋਲ ਬੁਲਾ ਲਵੇ। ਆਪਣੀ ਬੇਟੀ ਤੋਂ ਵੀ ਛੋਟੀ ਮੁਟਿਆਰ ਕੁੜੀ ਨਾਲ ਆਸ਼ਕੀ ਕਰਨਾ ਅਤੇ ਉਹ ਵੀ ਮੁਸਲਮਾਨ ਵੇਸਵਾ ਨਾਲ, ਇਸ ਤੋਂ ਬੁਰਾ ਕੀ ਹੋ ਸਕਦਾ ਹੈ। ਇਹ ਬੇ ਹਦ ਹਾਸੋਹੀਣੀ ਗੱਲ ਹੈ। ਲਾਜ਼ਮੀ ਉਸ ਦਾ ਦਿਮਾਗ ਫਿਰ ਗਿਆ ਹੋਵੇਗਾ। ਉਹ

ਬੁੱਢਾ ਠਰਕੀ ਅਤੇ ਅਹਿਮਕ ਹੋ ਰਿਹਾ ਸੀ।

ਸਵੇਰ ਵੇਲੇ ਉਸ ਦੀ ਸਕੀਮ ਨੇ ਉਸ ਨੂੰ ਜੋ ਖੁਸ਼ੀ ਦਿਤੀ ਸੀ, ਉਹ ਹੁਣ ਉਡ ਗਈ ਸੀ। ਇਸ ਦੀ ਥਾਂ ਚਿੰਤਾ, ਬੇਯਕੀਨੀ ਅਤੇ ਬੁਢਾਪੇ ਨੇ ਲੈ ਲਈ ਸੀ। ਉਸ ਨੇ ਬਿਨਾਂ ਉਨ੍ਹਾਂ ਬਾਰੇ ਬਹੁਤਾ ਕੁਝ ਜਾਣਿਆਂ, ਬਦਮਾਸ਼ ਅਤੇ ਸਮਾਜ ਸੇਵਕ ਨੂੰ ਰਿਹਾ ਕਰ ਦਿਤਾ ਸੀ। ਉਨ੍ਹਾਂ ਦੀ ਸ਼ਾਇਦ ਉਸ ਨਾਲੋਂ ਵਧੇਰੇ ਤੰਤੂ ਸ਼ਕਤੀ ਨਹੀਂ ਸੀ। ਕੁਝ ਖੱਬੇ ਪਖੀ ਸਮਾਜ ਸੇਵਕ ਤਕੜੇ ਸਮਾਜ ਸੇਵਕਾਂ ਵਜੋਂ ਮਸ਼ਹੂਰ ਸਨ। ਪਰ ਇਹ ਵਾਲਾ ਇਕ ਬੁੱਧੀਜੀਵੀ ਸੀ, ਜਿਨ੍ਹਾਂ ਨੂੰ ਲੋਕ ਤਨਜ਼ ਨਾਲ ਆਰਾਮ ਕੁਰਸੀਆਂ ਦੇ ਇਨਕਲਾਬੀ ਕਹਿੰਦੇ ਸਨ। ਉਹ ਸ਼ਾਇਦ ਹੋਰ ਕੁਝ ਨਹੀਂ ਕਰਨਗੇ ਸਿਵਾਇ ਦੂਜਿਆਂ ਵਲੋਂ ਡਿਉਟੀ ਕਰਨੋਂ ਅਸਫਲ ਰਹਿਣ ਦੀ ਨੁਕਤਾਚੀਨੀ ਕਰਨ ਤੋਂ। ਦੂਜਾ ਜਾਣਿਆ ਪਛਾਣਿਆ ਸਿਰਲੱਥ ਬਦਮਾਸ਼ ਸੀ। ਉਹ ਰੇਲ ਡਕੈਤੀਆਂ, ਕਾਰ ਡਕੈਤੀਆਂ ਅਤੇ ਹੋਰ ਡਾਕੇ ਮਾਰਨ ਅਤੇ ਕਤਲ ਕਰਨ ਵਿਚ ਸ਼ਾਮਲ ਰਿਹਾ ਸੀ। ਉਹ ਪੈਸੇ ਦੇ ਪਿਛੇ ਚਲਦਾ ਸੀ ਜਾਂ ਬਦਲਾਖੋਰੀ ਦੇ। ਇਕੋ ਇਕ ਸਬੱਬ ਜੋ ਕੰਮ ਆ ਸਕਦਾ ਸੀ ਉਹ ਸੀ ਜੱਗੇ ਵਲੋਂ ਮੱਲੀ ਨਾਲ ਹਿਸਾਬ ਚੁਕਤਾ ਕਰਨਾ। ਜੇ ਮੱਲੀ ਜੱਗੇ ਦਾ ਨਾਂ ਸੁਣਦਿਆਂ ਹੀ ਭੱਜ ਗਿਆ ਹੋਵੇ ਤਾਂ ਜੱਗੇ ਦੀ ਰੁਚੀ ਇਸ ਮਾਮਲੇ ਚੋਂ ਉਡ ਜਾਵੇਗੀ। ਫਿਰ ਇਹ ਵੀ ਹੋ ਸਕਦਾ ਹੈ ਕਿ ਘਾਤ ਵਿਚ ਫਸੀ ਗੱਡੀ ਦੇ ਯਾਤਰੀਆਂ ਨੂੰ ਮਾਰਨ ਅਤੇ ਲੁੱਟਣ ਲਈ ਜੱਗਾ ਗਰੋਹ ਵਿਚ ਹੀ ਸ਼ਾਮਲ ਹੋ ਜਾਵੇ। ਉਸ ਵਰਗੇ ਬੰਦੇ ਔਰਤਾਂ ਖਾਤਰ ਮਰਨ ਦਾ ਖਤਰਾ ਨਹੀਂ ਸਹੇੜਦੇ। ਜੇ ਨੂਰਾਂ ਮਾਰੀ ਗਈ ਤਾਂ ਉਹ ਕੋਈ ਹੋਰ ਕੁੜੀ ਪਸੰਦ ਕਰ ਲਵੇਗਾ।

ਹੁਕਮ ਚੰਦ ਆਪਣੇ ਖੁਦ ਦੇ ਰੋਲ ਬਾਰੇ ਵੀ ਔਖਾ ਸੀ। ਕੀ ਸਿਰਫ ਏਨਾ ਹੀ ਕਾਫੀ ਹੈ ਕਿ ਦੂਜੇ ਬੰਦੇ ਉਸ ਦਾ ਕੰਮ ਕਰਨ? ਡਿਪਟੀ ਕਮਿਸ਼ਨਰ ਹੀ ਅਮਨ ਤੇ ਕਾਨੂੰਨ ਦੀ ਰਾਖੀ ਲਈ ਜ਼ਿੰਮੇਵਾਰ ਹੁੰਦੇ ਹਨ। ਪਰ ਉਹ ਕਾਨੂੰਨ ਦੀ ਰਾਖੀ ਉਦੋਂ ਹੀ ਕਰ ਸਕਦੇ ਹਨ ਜਦੋਂ ਸੱਤਾ ਉਨ੍ਹਾਂ ਦੀ ਪਿੱਠ ਤੇ ਖੜ੍ਹੀ ਹੋਵੇ; ਨਾ ਕਿ ਉਨ੍ਹਾਂ ਦਾ ਵਿਰੋਧ ਕਰ ਰਹੀ ਹੋਵੇ। ਸੱਤਾ ਹੈ ਕਿਥੇ? ਦਿੱਲੀ ਵਿਚਲੇ ਲੋਕ ਕੀ ਕਰ ਰਹੇ ਹਨ? ਕੌਮੀ ਅਸੰਬਲੀ ਵਿਚ ਭਾਸ਼ਣ ਝਾੜ ਰਹੇ ਹਨ। ਲਾਊਡ ਸਪੀਕਰ ਉਨ੍ਹਾਂ ਦੀ ਹਉਮੈ ਨੂੰ ਹੋਰ ਪੱਠੇ ਪਾ ਰਹੇ ਹਨ; ਮਹਿਮਾਨ ਗੈਲਰੀਆਂ ਵਿਚ ਬੈਠੀਆਂ ਪਿਆਰੀਆਂ ਸੋਹਣੀਆਂ ਵਲੈਤਣਾਂ ਪ੍ਰਸ਼ੰਸਾ ਵਿਚ ਸਾਹੋ ਸਾਹ ਹੋਈਆਂ ਪਈਆਂ ਹਨ। "ਇਹ ਤੁਹਾਡਾ ਨਹਿਰੂ ਮਹਾਨ ਆਦਮੀ ਹੈ। ਮੈਂ ਤਾਂ ਸਮਝਦੀ ਹਾਂ ਕਿ ਅੱਜ ਉਹ ਸੰਸਾਰ ਦਾ ਸਭ ਤੋਂ ਮਹਾਨ ਆਦਮੀ ਹੈ। ਅਤੇ ਸੋਹਣਾ ਵੀ ਕਿੰਨਾ ਹੈ! ਉਸ ਦਿਨ ਉਸ ਨੇ ਕਿੰਨੀ ਕਮਾਲ ਦੀ ਗੱਲ ਆਖੀ ਸੀ: 'ਬੜਾ ਚਿਰ ਪਹਿਲਾਂ ਅਸੀਂ ਹੋਣੀ ਨਾਲ ਮਿਲਣੀ ਕੀਤੀ ਸੀ ਅਤੇ ਹੁਣ ਵਕਤ ਆ ਗਿਐ ਕਿ ਆਪਣੇ ਸੰਕਲਪ ਨੂੰ ਪੂਰਾ ਕਰੀਏ, ਨਾ ਕੇਵਲ ਪੂਰਾ ਜਾਂ ਸਮੁੱਚੇ ਤੌਰ ਤੇ, ਸਗੋਂ ਬਹੁਤ ਹੀ ਪ੍ਰਭਾਵਸ਼ਾਲੀ ਤੌਰ ਤੇ।'" ਠੀਕ ਹੈ, ਪ੍ਰਧਾਨ ਮੰਤਰੀ ਜੀ, ਤੁਸੀਂ ਤਾਂ ਹੋਣੀ ਨਾਲ ਮਿਲਣੀ ਕਰ ਲਈ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰਿਆਂ ਨੇ।

ਹੁਕਮ ਚੰਦ ਦਾ ਇਕ ਸਹਿਕ੍ਰਮੀ ਪਰੇਮ ਸਿੰਘ ਸੀ। ਉਹ ਆਪਣੀ ਪਤਨੀ ਦੇ ਗਹਿਣੇ ਲੈਣ ਲਾਹੌਰ ਗਿਆ ਸੀ। ਉਸ ਨੇ ਆਪਣੀ ਮਿਲਣੀ ਫਲੇਟੀ ਹੋਟਲ ਵਿਚ ਕੀਤੀ ਜਿਥੇ ਯੂਰਪੀ ਸਾਹਿਬ ਇਕ ਦੂਜੇ ਦੀ ਪਤਨੀ ਨਾਲ ਚੋਹਲ ਮੋਹਲ ਕਰਿਆ ਕਰਦੇ ਸਨ। ਇਹ ਹੋਟਲ ਪੰਜਾਬ ਅਸੰਬਲੀ ਦੇ ਨਾਲ ਹੀ ਲੱਗਦਾ ਹੈ, ਜਿਸ ਇਮਾਰਤ ਵਿਚ ਪਾਕਿਸਤਾਨ ਦੇ ਸਾਂਸਦ ਸਿਆਸਤਦਾਨ ਜਮਹੂਰੀਅਤ ਦੀਆਂ ਗੱਲਾਂ ਕਰਦੇ ਅਤੇ ਕਾਨੂੰਨ ਬਣਾਉਂਦੇ ਹਨ। ਪਰੇਮ ਸਿੰਘ ਨੇ ਬੀਅਰ ਪੀਂਦਿਆਂ ਅਤੇ ਹੋਟਲ ਵਿਚ ਠਹਿਰੇ ਅੰਗਰੇਜ਼ਾਂ ਨੂੰ ਵੀ ਪੇਸ਼ ਕਰਦਿਆਂ ਵਕਤ ਗੁਜ਼ਾਰ ਦਿਤਾ। ਹੋਟਲ ਦੇ ਬਾਹਰ ਵਿਸ਼ੇਸ਼ ਝਾੜੀਆਂ ਦੀ ਬਣੀ ਵਾੜ ਕੋਲ ਤੁਰਕੀ ਟੋਪੀਆਂ ਵਾਲੇ ਅਤੇ ਪਠਾਨ ਪੱਗਾਂ ਵਾਲੇ ਦਰਜਨ ਕੁ ਸਿਰ ਖੜ੍ਹੇ ਉਸ ਦੀ ਉਡੀਕ ਕਰ ਰਹੇ ਸਨ। ਉਸ ਨੇ ਹੋਰ ਬੀਅਰ ਪੀਤੀ ਅਤੇ ਅੰਗਰੇਜ਼ ਦੋਸਤਾਂ ਨੂੰ ਵੀ ਜ਼ਬਰਦਸਤੀ ਪਿਆਈ ਅਤੇ ਆਰਕੈਸਟਰਾ ਵਾਲਿਆਂ ਨੂੰ ਵੀ। ਮਿਲਣੀ ਲਈ ਬੇਸਬਰ ਉਸਦੀਆਂ ਤਾਰੀਕਾਂ ਚਾਰ ਦੀਵਾਰੀ ਤੋਂ ਬਾਹਰ ਸਬਰ ਨਾਲ ਇੰਤਜ਼ਾਰ ਕਰਦੀਆਂ ਰਹੀਆਂ। ਅੰਗਰੇਜ਼ਾਂ ਨੇ ਚੋਖੀ ਬੀਅਰ ਅਤੇ ਵਿਸਕੀ ਪੀਤੀ ਅਤੇ ਪਰੇਮ ਸਿੰਘ ਨੂੰ ਸ਼ਾਨਦਾਰ ਆਦਮੀ ਆਖਿਆ। ਪਰ ਖਾਣੇ ਲਈ ਦੇਰ ਹੋ ਰਹੀ ਸੀ, ਇਸ ਲਈ ਉਨ੍ਹਾਂ ਕਿਹਾ, "ਸ਼ੁਭ ਰਾਤਰੀ ਮਿਸਟਰ ... ਤੁਹਾਡਾ ਨਾਂ ਪੂਰੀ ਤਰ੍ਹਾਂ ਪਕੜ ਵਿਚ ਨਹੀਂ ਆਇਆ। ਹਾਂ, ਬੇਸ਼ਕ ਮਿਸਟਰ ਸਿੰਘ। ਬਹੁਤ ਬਹੁਤ ਸ਼ੁਕਰੀਆ। ਫਿਰ ਮਿਲਾਂਗੇ ..."। ਖਾਣਾ ਖਾਂਦੇ ਵੇਲੇ ਵੀ ਉਸ ਬਾਰੇ ਗੱਲਾਂ ਕਰਦਿਆਂ ਉਨ੍ਹਾਂ ਕਿਹਾ, "ਸ਼ਾਨਦਾਰ ਬਜ਼ੁਰਗ ਪਰਦੇਸੀ ਹੈ। ਪੀ ਵੀ ਵਾਹਵਾ ਲੈਂਦਾ ਹੈ।" ਆਰਕੈਸਟਰਾ ਵਾਲਿਆਂ ਨੇ ਵੀ ਪਹਿਲਾਂ ਕਦੇ ਏਨੀ ਬੀਅਰ ਨਹੀਂ ਪੀਤੀ ਸੀ। "ਕੀ ਗਾਈਏ ਤੁਹਾਡੇ ਲਈ, ਜਨਾਬ?" ਸੰਗੀਤ ਮੰਡਲੀ ਦੇ ਗੋਆ ਵਾਸੀ ਆਗੂ ਮੈਂਡੋਜ਼ਾ ਨੇ ਪੁਛਿਆ। "ਪਹਿਲਾਂ ਹੀ ਬਹੁਤ ਦੇਰ ਹੋ ਗਈ ਹੈ ਅਤੇ ਫਿਰ ਸਾਨੂੰ ਬੰਦ ਵੀ ਕਰਨਾ ਪੈਣੈ।" ਪਰੇਮ ਸਿੰਘ ਨੂੰ ਕਿਸੇ ਯੂਰਪੀ ਗਾਣੇ ਦਾ ਨਾਂ ਨਹੀਂ ਸੀ ਆਉਂਦਾ। ਉਸ ਨੇ ਦਿਮਾਗ ਤੇ ਜ਼ੋਰ ਪਾਕੇ ਸੋਚਿਆ। ਉਸ ਨੂੰ ਯਾਦ ਆਇਆ ਕਿ ਇਕ ਅੰਗਰੇਜ਼ ਨੇ ਕੋਈ ਗੀਤ 'ਬਨਾਨਾ' (ਕੇਲਾ) ਵਰਗਾ ਬੋਲਿਆ ਸੀ। "ਬਨਾਨਾ" ਸੋ ਪਰੇਮ ਸਿੰਘ ਨੇ ਕਿਹਾ। "ਵੀ ਵਿਲ ਹੈਵ ਨੋ ਬਨਾਨਾਜ਼ ਟੂਡੇ (ਕੋਈ ਕੇਲਾ ਨਹੀਂ ਲੈਣਾ ਅੱਜ ਅਸੀਂ)।" "ਜੀ, ਜਨਾਬ।" ਮੈਂਡੋਜ਼ਾ, ਮਕੈਲੋ, ਡੀ ਸਿਲਵਾ, ਡੀ ਸਰਮ ਅਤੇ ਗੋਮਜ਼ ਨੇ ਟੁਣਟਣਾਇਆ, "ਬਨਾਨਾਜ਼"। ਪਰੇਮ ਸਿੰਘ ਲਾਅਨ ਵਿਚੋਂ ਲੰਘਕੇ ਗੇਟ ਵੱਲ ਚਲ ਪਿਆ। ਉਸ ਦੀਆਂ ਮਿਲਣੀ ਤਾਰੀਕਾਂ ਵੀ ਵਾੜ ਦੇ ਨਾਲ ਨਾਲ ਗੇਟ ਵੱਲ ਸਰਕਦੀਆਂ ਰਹੀਆਂ। ਸੰਗੀਤ ਮੰਡਲੀ ਨੇ ਦੇਖਿਆ ਕਿ ਪਰੇਮ ਸਿੰਘ ਜਾ ਰਿਹੈ, ਤਾਂ ਉਨ੍ਹਾਂ ਗਾਣਾ ਵੀ ਬਦਲ ਦਿਤਾ "ਗੌਡ ਸੇਵ 'ਦ ਕਿੰਗ (ਰੱਬ ਸਲਾਮਤ ਰਖੇ ਸ਼ਹਿਨਸ਼ਾਹ ਨੂੰ)।"

ਹੁਕਮ ਚੰਦ ਦੇ ਅਰਦਲੀ ਦੀ ਸੁੰਦਰੀ ਨਾਂ ਦੀ ਲੜਕੀ ਸੀ। ਉਸ ਨੇ ਗੁਜਰਾਂਵਾਲਾ ਨੂੰ ਜਾਂਦੀ ਸੜਕ ਉਤੇ ਹੋਣੀ ਨਾਲ ਆਪਣੀ ਮਿਲਣੀ ਕੀਤੀ ਸੀ। ਉਸ ਦੇ ਵਿਆਹ ਨੂੰ ਹਾਲੇ ਚਾਰ ਦਿਨ ਹੀ ਹੋਏ ਸਨ। ਉਸ ਦੀਆਂ ਦੋਹਾਂ ਬਾਹਾਂ ਉਤੇ ਲਾਲ ਚੂੜਾ ਪਾਇਆ ਹੋਇਆ ਸੀ। ਉਸ ਦੇ ਹੱਥਾਂ ਉਤੇ ਲੱਗੀ ਮਹਿੰਦੀ ਵੀ ਹਾਲੇ ਗੂੜ੍ਹੀ ਸੰਧੂਰੀ ਸੀ। ਉਹ

ਹਾਲੇ ਮਨਸਾ ਰਾਮ ਨਾਲ ਸੁੱਤੀ ਵੀ ਨਹੀਂ ਸੀ। ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਹਾਲੇ ਤਕ ਉਨ੍ਹਾਂ ਨੂੰ ਇਕ ਮਿੰਟ ਲਈ ਵੀ ਖਾਲੀ ਨਹੀਂ ਛਡਿਆ ਸੀ। ਸੁੰਦਰੀ ਨੇ ਘੁੰਡ ਵਿਚੋਂ ਮਨਸਾ ਰਾਮ ਦਾ ਮੂੰਹ ਵੀ ਪੂਰਾ ਨਹੀਂ ਦੇਖਿਆ ਸੀ। ਹੁਣ ਉਹ ਉਸ ਨੂੰ ਗੁਜਰਾਂਵਾਲਾ ਲਿਜਾ ਰਿਹਾ ਸੀ, ਜਿਥੇ ਉਹ ਕੰਮ ਕਰਦਾ ਸੀ। ਉਥੇ ਸੈਸ਼ਨ ਦੀ ਅਦਾਲਤ ਦੇ ਅਹਾਤੇ ਵਿਚ ਉਸ ਦਾ ਇਕ ਨਿਕਾ ਜਿਹਾ ਕਮਰਾ ਸੀ। ਉਥੇ ਕੋਈ ਰਿਸ਼ਤੇਦਾਰ ਨਹੀਂ ਹੋਣਗੇ ਅਤੇ ਹੁਣ ਉਹ ਲਾਜ਼ਮੀ ਕੋਸ਼ਿਸ਼ ਕਰੇਗਾ। ਬਸ ਵਿਚ ਬੈਠਾ ਹੋਇਆ ਉਹ ਬਾਕੀ ਯਾਤਰੀਆਂ ਨਾਲ ਉਚੀ ਉਚੀ ਗੱਲਾਂ ਕਰਦਾ ਹੋਇਆ, ਇਸ ਵਿਚ ਦਿਲਚਸਪੀ ਲੈ ਰਿਹਾ ਵੀ ਨਹੀਂ ਲੱਗਦਾ ਸੀ। ਬੰਦੇ ਆਮ ਕਰਕੇ ਲਾਪ੍ਰਵਾਹੀ ਦਾ ਦਿਖਾਵਾ ਵੀ ਕਰਦੇ ਹਨ। ਕੋਈ ਵੀ ਇਹ ਯਕੀਨ ਨਹੀਂ ਕਰੇਗਾ ਕਿ ਉਹ ਵੀ ਉਸ ਨੂੰ ਚਾਹੁੰਦੀ ਸੀ — ਏਨਾ ਵਡਾ ਘੁੰਡ ਕੱਢਿਆ ਹੋਇਆ ਸੀ ਅਤੇ ਇਕ ਵੀ ਸ਼ਬਦ ਬੋਲੀ ਨਹੀਂ ਸੀ। "ਚੂੜੇ ਦੀ ਇਕ ਵੀ ਵੰਗ ਉਤਾਰਨਾ ਨਹੀਂ। ਇਹ ਬਦਸ਼ਗਨੀ ਹੁੰਦੀ ਹੈ।" ਉਸ ਦੀ ਸਹੇਲੀ ਨੇ ਕਿਹਾ ਸੀ। "ਉਦੋਂ ਹੀ ਟੁੱਟਣ ਦੇਵੀਂ ਜਦੋਂ ਉਹ ਤੇਰੇ ਨਾਲ ਪਿਆਰ ਕਰੇਗਾ ਅਤੇ ਤੈਨੂੰ ਮਧੋਲ ਦੇਵੇਗਾ।" ਉਸ ਦੀ ਹਰ ਬਾਂਹ ਉਤੇ ਦਰਜਨ ਦਰਜਨ ਲਾਲ ਚੂੜੀਆਂ ਸਨ। ਉਹ ਗੁਟ ਤੋਂ ਲੈ ਕੇ ਕੂਹਣੀ ਤਕ ਚੜ੍ਹੀਆਂ ਹੋਈਆਂ ਸਨ। ਉਸ ਨੇ ਉਨ੍ਹਾਂ ਉਤੇ ਉਂਗਲਾਂ ਫੇਰੀਆਂ। ਉਹ ਸਖਤ ਵੀ ਸਨ ਅਤੇ ਕੱਚੀਆਂ ਵੀ। ਇਨ੍ਹਾਂ ਨੂੰ ਤੋੜਨ ਲਈ ਉਸ ਨੂੰ ਵਹਿਸ਼ੀ ਜਫੀਆਂ ਵੀ ਪਾਉਣੀਆਂ ਪੈਣਗੀਆਂ ਅਤੇ ਜ਼ਬਰਦਸਤੀ ਵੀ ਕਰਨੀ ਪਵੇਗੀ। ਉਸ ਨੇ ਇਹ ਦਿਨੇ ਸੁਪਨੇ ਲੈਣੇ ਬੰਦ ਕਰ ਦਿਤੇ ਕਿਉਂਕਿ ਬਸ ਅਚਾਨਕ ਖੜ੍ਹ ਗਈ ਸੀ। ਸੜਕ ਉਤੇ ਵਡੇ ਵਡੇ ਪੱਥਰ ਰਖੇ ਹੋਏ ਸਨ। ਸੈਂਕੜੇ ਲੋਕਾਂ ਨੇ ਬਸ ਨੂੰ ਘੇਰ ਲਿਆ। ਹਰ ਕਿਸੇ ਨੂੰ ਬਸ ਤੋਂ ਹੇਠਾਂ ਉਤਾਰ ਲਿਆ ਗਿਆ। ਸਿੱਖਾਂ ਨੂੰ ਤਾਂ ਦੇਖਦਿਆਂ ਹੀ ਮੌਤ ਦੇ ਘਾਟ ਉਤਾਰ ਦਿਤਾ ਗਿਆ। ਜਿਨ੍ਹਾਂ ਦਾੜ੍ਹੀ ਨਹੀਂ ਸੀ ਰਖੀ ਹੋਈ, ਉਨ੍ਹਾਂ ਨੂੰ ਨੰਗੇ ਕਰ ਲਿਆ ਗਿਆ। ਜਿਨ੍ਹਾਂ ਸੁੰਨਤ ਕੀਤੀ ਹੋਈ ਸੀ, ਉਨ੍ਹਾਂ ਨੂੰ ਛੱਡ ਦਿਤਾ ਗਿਆ। ਜਿਨ੍ਹਾਂ ਨਹੀਂ ਸੀ ਕੀਤੀ ਹੋਈ, ਉਨ੍ਹਾਂ ਦੀ ਸੁੰਨਤ ਕਰ ਦਿਤੀ ਗਈ। ਸਿਰਫ ਉਪਰ ਵਾਲੀ ਚਮੜੀ ਨਹੀਂ, ਸਗੋਂ ਪੂਰੇ ਦਾ ਪੂਰਾ ਲਿੰਗ ਹੀ ਵੱਢ ਦਿਤਾ ਗਿਆ। ਸੁੰਦਰੀ ਜਿਸ ਨੇ ਹਾਲੇ ਤਕ ਮਨਸਾ ਰਾਮ ਨੂੰ ਉਂਜ ਵੀ ਦਿਲ ਭਰਕੇ ਨਹੀਂ ਦੇਖਿਆ ਸੀ, ਉਸ ਦੇ ਸਾਹਮਣੇ ਪਤੀ ਮਨਸਾ ਰਾਮ ਪੂਰੀ ਤਰ੍ਹਾਂ ਨੰਗਾ ਕਰ ਦਿਤਾ ਗਿਆ। ਉਨ੍ਹਾਂ ਉਸ ਨੂੰ ਬਾਹਾਂ ਅਤੇ ਲੱਤਾਂ ਤੋਂ ਫੜ ਲਿਆ ਅਤੇ ਇਕ ਜਣੇ ਨੇ ਉਸ ਦਾ ਲਿੰਗ ਕੱਟ ਦਿਤਾ ਅਤੇ ਉਸ ਨੂੰ ਫੜਾ ਦਿਤਾ। ਹਜੂਮ ਨੇ ਕੁੜੀ ਨਾਲ ਕਾਮ ਕਰੀੜਾ ਕੀਤੀ। ਉਸ ਨੂੰ ਆਪਣੀ ਕੋਈ ਵੀ ਵੰਗ ਨਹੀਂ ਉਤਾਰਨੀ ਪਈ। ਉਹ ਸਾਰੀਆਂ ਹੀ ਆਪਣੇ ਆਪ ਟੁੱਟ ਗਈਆਂ, ਜਦੋਂ ਇਕ ਮਗਰੋਂ ਦੂਜੇ, ਦੂਜੇ ਮਗਰੋਂ ਤੀਜੇ ਅਤੇ ਮਗਰੋਂ ਹੋਰ ... ਹੋਰ ਨੇ ਉਸ ਉਤੇ ਵਾਰੀ ਲਈ। ਇਸ ਨਾਲ ਉਸ ਦੀ ਕਿਸਮਤ ਵਧੀਆ ਹੋ ਗਈ ਹੋਵੇਗੀ!

ਸੁੰਦਰ ਸਿੰਘ ਦਾ ਮਾਮਲਾ ਹੋਰ ਸੀ। ਹੁਕਮ ਚੰਦ ਨੇ ਉਸ ਨੂੰ ਫੌਜ ਵਿਚ ਭਰਤੀ ਕਰਵਾ ਦਿਤਾ ਸੀ। ਉਸ ਦੀ ਕਾਰਗੁਜ਼ਾਰੀ ਵੀ ਵਧੀਆ ਰਹੀ ਸੀ। ਉਹ ਵਡੇ ਕੱਦ ਕਾਠ ਦਾ ਦਲੇਰ ਸਿੱਖ ਸੀ ਜਿਸ ਦੀ ਛਾਤੀ ਉਤੇ ਬਰਮਾ, ਐਰੀਟੀਰੀਆ ਅਤੇ ਇਟਲੀ

ਦੀਆਂ ਲੜਾਈਆਂ ਵਿਚ ਜਿੱਤੇ ਮੈਡਲਾਂ ਦੀ ਕਤਾਰ ਲੱਗੀ ਹੋਈ ਸੀ। ਸਰਕਾਰ ਨੇ ਸਿੰਧ ਵਿਚ ਉਸ ਨੂੰ ਜ਼ਮੀਨ ਦਿਤੀ ਹੋਈ ਸੀ। ਉਹ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਸਮੇਤ ਰੇਲ ਰਾਹੀਂ ਆਪਣੀ ਹੋਣੀ ਨੂੰ ਮਿਲਣ ਆ ਰਿਹਾ ਸੀ। ਗੱਡੀ ਦੇ ਇਕ ਡੱਬੇ, ਜੋ "40 ਬੈਠੇ ਅਤੇ 12 ਸੌਣ ਵਾਲੇ" ਵਾਸਤੇ ਬਣਾਇਆ ਗਿਆ ਸੀ, ਵਿਚ ਪੰਜ ਸੌ ਮਰਦਾਂ ਅਤੇ ਔਰਤਾਂ ਨਾਲ ਬੈਠਾ ਹੋਇਆ ਸੀ। ਖੂੰਜੇ ਵਿਚ ਸਿਰਫ ਇਕ ਸ਼ੌਚਾਲਾ ਬਣਿਆ ਹੋਇਆ ਸੀ, ਜਿਸ ਦੀ ਟੈਂਕੀ ਵਿਚ ਕੋਈ ਪਾਣੀ ਨਹੀਂ ਸੀ। ਛਾਂ ਵਿਚ ਹੀ ਤਾਪਕ੍ਰਮ 115$^0$ ਸੀ; ਪਰ ਕਿਸੇ ਜਗਾਹ ਕੋਈ ਛਾਂ ਹੀ ਨਹੀਂ ਸੀ — ਮੀਲਾਂ ਤਕ ਕੋਈ ਝਾੜੀ ਵੀ ਨਹੀਂ ਸੀ। ਸੀ ਤਾਂ ਕੇਵਲ ਸੂਰਜ ਅਤੇ ਰੇਤਾ ... ਅਤੇ ਪਾਣੀ ਦੀ ਬੂੰਦ ਨਹੀਂ। ਅਤੇ ਸਾਰੇ ਸਟੇਸ਼ਨਾਂ ਉਤੇ ਜੰਗਲੇ ਨਾਲ ਖੜ੍ਹੇ ਸਨ ਨੇਜਿਆਂ ਵਾਲੇ ਲੋਕ। ਇਕ ਸਟੇਸ਼ਨ ਉਤੇ ਗੱਡੀ ਚਾਰ ਦਿਨ ਲਈ ਰੋਕ ਲਈ ਗਈ। ਕਿਸੇ ਨੂੰ ਵੀ ਬਾਹਰ ਨਹੀਂ ਜਾਣ ਦਿਤਾ ਗਿਆ। ਸੁੰਦਰ ਸਿੰਘ ਦੇ ਬੱਚੇ ਪਾਣੀ ਅਤੇ ਰੋਟੀ ਲਈ ਰੋਂਦੇ ਰਹੇ । ਇਸੇ ਤਰ੍ਹਾਂ ਬਾਕੀ ਵੀ ਰੋਂਦੇ ਰਹੇ। ਸੁੰਦਰ ਸਿੰਘ ਨੇ ਉਨ੍ਹਾਂ ਨੂੰ ਪੀਣ ਲਈ ਆਪਣਾ ਪੇਸ਼ਾਬ ਦਿਤਾ। ਫਿਰ ਉਹ ਵੀ ਮੁੱਕ ਗਿਆ। ਅਖੀਰ ਉਸ ਨੇ ਆਪਣਾ ਰੀਵਾਲਵਰ ਕੱਢਿਆ ਅਤੇ ਉਨ੍ਹਾਂ ਸਾਰਿਆਂ ਨੂੰ ਗੋਲ਼ੀ ਮਾਰ ਦਿਤੀ। ਸ਼ਿੰਗਾਰਾ ਸਿੰਘ ਛੇ ਸਾਲ ਦਾ ਸੀ, ਜਿਸ ਦੇ ਭੂਰੇ ਕੱਕੇ ਕੇਸ ਉਪਰ ਜੂੜੇ ਵਿਚ ਬੰਨ੍ਹੇ ਹੋਏ ਸਨ, ਚਾਰ ਸਾਲ ਦੀ ਦੀਪੋ ਸੀ ਜਿਸਦੀਆਂ ਘੁੰਗਰਾਲੀਆਂ ਝਿੰਮਣੀਆਂ ਸਨ ਅਤੇ ਅਮਰੋ ਸੀ ਕੇਵਲ ਚਾਰ ਮਹੀਨਿਆਂ ਦੀ ਜੋ ਆਪਣੇ ਮਸੂੜਿਆਂ ਨਾਲ ਹੀ ਮਾਂ ਦੀਆਂ ਸੁੱਕੀਆਂ ਛਾਤੀਆਂ ਚੂੰਡ ਰਹੀ ਸੀ ਅਤੇ ਆਪਣੇ ਚਿਹਰੇ ਤੇ ਵੱਟ ਪਾ ਰਹੀ ਸੀ ਜੋ ਅਖੀਰ ਝੁਰੜੀਆਂ ਵਿਚ ਬਦਲ ਗਏ ਸਨ ਅਤੇ ਨਾਲ ਦੀ ਨਾਲ ਬੁਰੀ ਤਰ੍ਹਾਂ ਰੋ ਰਹੀ ਸੀ। ਸੁੰਦਰ ਸਿੰਘ ਨੇ ਆਪਣੀ ਪਤਨੀ ਨੂੰ ਵੀ ਗੋਲ਼ੀ ਮਾਰ ਦਿਤੀ। ਫਿਰ ਉਸ ਦਾ ਆਪੇ ਤੋਂ ਕਾਬੂ ਉਡ ਗਿਆ। ਉਸ ਨੇ ਰੀਵਾਲਵਰ ਆਪਣੀ ਪੁੜਪੁੜੀ ਨੂੰ ਲਾ ਲਿਆ ਪਰ ਚਲਾਇਆ ਨਹੀਂ। ਆਪਣੇ ਆਪ ਨੂੰ ਮਾਰਨ ਦੀ ਕੋਈ ਤੁਕ ਨਹੀਂ ਸੀ। ਗੱਡੀ ਨੇ ਚਲਣਾ ਸ਼ੁਰੂ ਕਰ ਦਿਤਾ ਸੀ। ਉਸ ਨੇ ਆਪਣੀ ਪਤਨੀ ਅਤੇ ਬੱਚਿਆਂ ਦੀਆਂ ਲਾਸ਼ਾਂ ਚੁਕੀਆਂ ਅਤੇ ਹਿੰਦੁਸਤਾਨ ਆ ਗਿਆ। ਉਸ ਨੇ ਸਹੁੰ ਪੂਰੀ ਨਹੀਂ ਕੀਤੀ ਸਿਰਫ ਉਸ ਦੇ ਪਰਿਵਾਰ ਨੇ ਹੀ ਕੀਤੀ।

ਹੁਕਮ ਚੰਦ ਨੇ ਆਪਣੀ ਤਬੀਅਤ ਖਰਾਬ ਮਹਿਸੂਸ ਕੀਤੀ। ਰਾਤ ਪੈ ਗਈ ਸੀ। ਦਰਿਆ ਵਿਚੋਂ ਡੱਡੂ ਗੜੈਂ ਗੜੈਂ ਕਰ ਰਹੇ ਸਨ। ਵਰਾਂਡੇ ਲਾਗੇ ਚਮੇਲੀ ਦੇ ਫੁੱਲਾਂ ਤੇ ਟਟਹਿਣੇ ਟਿਮਟਮਾ ਰਹੇ ਸਨ। ਸੇਵਾਦਾਰ ਨੇ ਵਿਸਕੀ ਲਿਆਂਦੀ ਸੀ ਪਰ ਹੁਕਮ ਚੰਦ ਨੇ ਵਾਪਸ ਭੇਜ ਦਿਤੀ ਸੀ। ਸੇਵਾਦਾਰ ਨੇ ਖਾਣਾ ਲਾ ਦਿਤਾ ਸੀ ਪਰ ਉਸ ਨੇ ਛੋਹਿਆ ਵੀ ਨਹੀਂ ਸੀ। ਉਸ ਨੇ ਲਾਲਟੈਣ ਹਟਵਾ ਦਿਤੀ ਸੀ ਅਤੇ ਹਨੇਰੇ ਵਿਚ ਇਕੱਲਾ ਬੈਠਾ ਪੁਲਾੜ ਨੂੰ ਘੂਰ ਰਿਹਾ ਸੀ।

ਉਸ ਨੇ ਲੜਕੀ ਨੂੰ ਵਾਪਸ ਚੰਦਨ ਨਗਰ ਕਿਉਂ ਭੇਜ ਦਿਤਾ ਸੀ? ਕਿਉਂ? ਉਸ ਨੇ ਮੱਥੇ ਤੇ ਹੱਥ ਮਾਰਦਿਆਂ ਆਪਣੇ ਆਪ ਨੂੰ ਪੁਛਿਆ। ਜੇ ਇਸ ਵੇਲੇ ਉਹ ਉਸ

ਨਾਲ ਡਾਕ ਬੰਗਲੇ ਵਿਚ ਹੁੰਦੀ, ਉਸ ਨੂੰ ਕੋਈ ਪ੍ਰਵਾਹ ਨਹੀਂ ਸੀ ਹੋਣੀ, ਫਿਰ ਬੇਸ਼ਕ ਸਾਰੀ ਦੁਨੀਆਂ ਢੱਠੇ ਖੂਹ ਵਿਚ ਜਾਂਦੀ। ਪਰ ਉਹ ਤਾਂ ਇਥੇ ਹੈ ਹੀ ਨਹੀਂ ਸੀ, ਉਹ ਤਾਂ ਰੇਲ ਗੱਡੀ ਵਿਚ ਸੀ। ਉਸ ਨੂੰ ਗੱਡੀ ਦੀ ਖੜਖੜ ਸੁਣਾਈ ਵੀ ਦੇ ਰਹੀ ਸੀ।

ਹੁਕਮ ਚੰਦ ਨੇ ਆਪਣੀ ਕੁਰਸੀ ਸਰਕਾਈ, ਆਪਣੀਆਂ ਬਾਹਾਂ ਨਾਲ ਮੂੰਹ ਢਕ ਲਿਆ ਅਤੇ ਰੋਣਾ ਸ਼ੁਰੂ ਕਰ ਦਿਤਾ। ਫਿਰ ਉਸ ਨੇ ਆਸਮਾਨ ਵੱਲ ਮੂੰਹ ਚੁਕਿਆ ਅਤੇ ਪ੍ਰਾਰਥਨਾ ਕਰਨ ਲੱਗਾ।

## 7

ਗਿਆਰਾਂ ਵਜੇ ਤੋਂ ਥੋੜ੍ਹਾ ਮਗਰੋਂ ਚੰਦ ਚੜ੍ਹ ਆਇਆ। ਇਹ ਥੱਕਿਆ ਟੁੱਟਿਆ ਅਤੇ ਅਵਾਰਾ ਜਿਹਾ ਲੱਗਦਾ ਸੀ। ਇਸ ਨੇ ਮੈਦਾਨ ਨੂੰ ਮੱਠੀ ਮੱਠੀ ਪੀਲੀ ਰੋਸ਼ਨੀ ਨਾਲ ਭਰ ਦਿਤਾ ਜਿਸ ਵਿਚ ਹਰ ਚੀਜ਼ ਦਿਸਦੀ ਸੀ ਪਰ ਧੁੰਦਲੀ ਜਿਹੀ। ਪੁਲ ਦੇ ਲਾਗੇ ਬਹੁਤ ਹੀ ਘਟ ਚਾਨਣ ਸੀ। ਰੇਲਵੇ ਲਾਈਨ ਦੀ ਉਚੀ ਪਟੜੀ ਨੇ ਕਾਲੇ ਪਰਛਾਵੇਂ ਦੀ ਉਚੀ ਦੀਵਾਰ ਖੜ੍ਹੀ ਕਰ ਰਖੀ ਸੀ।

ਰੇਤੇ ਦੀਆਂ ਬੋਰੀਆਂ, ਜਿਨ੍ਹਾਂ ਸਿਗਨਲ ਦੇ ਨੇੜੇ ਮਸ਼ੀਨ ਗੱਨਾਂ ਦੀ ਚੌਕੀ ਦੀ ਰਾਖੀ ਕੀਤੀ ਸੀ, ਹੁਣ ਰੇਲਵੇ ਲਾਈਨ ਦੇ ਦੋਹਾਂ ਪਾਸਿਆਂ ਤੇ ਖਿਲਰੀਆਂ ਪਈਆਂ ਸਨ। ਸਿਗਨਲ ਦਾ ਮਚਾਨ ਆਸੇ ਪਾਸੇ ਨਿਗਾਹ ਰਖ ਰਹੇ ਵਡੇ ਸੰਤਰੀ ਵਾਂਗ ਜਾਪਦਾ ਸੀ। ਇਕ ਉਤੇ ਦੂਜੀ, ਦੋ ਵਡੀਆਂ ਗੋਲ ਅੱਖਾਂ ਲਾਲ ਚਮਕ ਰਹੀਆਂ ਸਨ। ਸਿਗਨਲ ਦੀਆਂ ਦੋ ਬਾਹਾਂ ਇਕ ਦੂਜੇ ਦੇ ਸਮਾਨਾਂਤਰ ਆਕੜੀਆਂ ਖੜ੍ਹੀਆਂ ਸਨ। ਕਿਨਾਰੇ ਦੇ ਲਾਗੇ ਦੀਆਂ ਝਾੜੀਆਂ ਜੰਗਲ ਵਾਂਗ ਜਾਪ ਰਹੀਆਂ ਸਨ। ਦਰਿਆ ਲਿਸ਼ਕਦਾ ਨਹੀਂ ਸੀ; ਇਹ ਤਾਂ ਸਿਰਫ ਸਲੇਟ ਦੀ ਸ਼ੀਟ ਵਰਗਾ ਲੱਗਦਾ ਸੀ ਜਿਸ ਉਤੇ ਇਥੇ ਅਤੇ ਉਥੇ ਕੁਝ ਲਹਿਰਾਂ ਦਾ ਸ਼ੱਕ ਜਿਹਾ ਹੀ ਪੈਂਦਾ ਸੀ।

ਦਰਿਆ ਦੇ ਕਿਨਾਰੇ ਤੋਂ ਕੁਝ ਦੂਰੀ ਉਤੇ, ਪੰਪਾ ਝਾੜੀਆਂ ਦੇ ਝੁੰਡ ਪਿਛੇ ਇਕ ਜੀਪ ਖੜ੍ਹੀ ਸੀ, ਜਿਸ ਦਾ ਇੰਜਣ ਹੌਲੀ ਹੌਲੀ ਘੁਰ ਘੁਰ ਕਰ ਰਿਹਾ ਸੀ। ਆਦਮੀ ਰੇਲਵੇ ਲਾਈਨ ਦੇ ਦੋਵੇਂ ਪਾਸੇ ਇਕ ਦੂਜੇ ਤੋਂ ਕੁਝ ਫੁੱਟਾਂ ਦੀ ਦੂਰੀ ਉਤੇ ਫੈਲੇ ਹੋਏ ਸਨ। ਉਹ ਭੁੰਜੇ ਚਿੱਤੜਾਂ ਭਾਰ ਬੈਠੇ ਸਨ। ਆਪਣੀਆਂ ਬੰਦੂਕਾਂ ਅਤੇ ਨੇਜੇ ਉਨ੍ਹਾਂ ਆਪਣੀਆਂ ਲੱਤਾਂ ਵਿਚ ਰਖੇਂ ਹੋਏ ਸਨ। ਪੁਲ ਦੇ ਪਹਿਲੇ ਹਿੱਸੇ ਉਤੇ ਰੇਲਵੇ ਲਾਈਨ ਦੇ ਉਤੋਂ ਦੀ ਇਕ ਮੋਟਾ ਰੱਸਾ ਲਾਈਨਾਂ ਦੇ ਆਰ ਪਾਰ ਲੇਟਵੇਂ ਰੁਖ ਬੰਨ੍ਹਿਆ ਹੋਇਆ ਸੀ। ਉਹ ਲਾਈਨ ਤੋਂ ਕੋਈ ਵੀਹ ਫੁੱਟ ਉਚਾ ਸੀ।

ਹਨੇਰਾ ਏਨਾ ਸੀ ਕਿ ਬੈਠੇ ਬੰਦੇ ਇਕ ਦੂਜੇ ਨੂੰ ਵੀ ਪਛਾਣ ਨਹੀਂ ਸਕਦੇ ਸਨ। ਇਸ ਲਈ ਉਹ ਉਚੀ ਉਚੀ ਗੱਲਾਂ ਕਰ ਰਹੇ ਸਨ। ਫਿਰ ਕਿਸੇ ਨੇ ਕਿਹਾ:

"ਚੁੱਪ! ਚੁੱਪ!"

ਉਨ੍ਹਾਂ ਸੁਣਿਆ। ਕੁਝ ਵੀ ਨਹੀਂ ਸੀ। ਕੇਵਲ ਸਰਕੰਡਿਆਂ ਵਿਚੋਂ ਵਗ ਰਹੀ ਹਵਾ ਦੀ ਹੀ ਆਵਾਜ਼ ਸੀ।

"ਫਿਰ ਵੀ ਖਾਮੋਸ਼ ਰਹੋ," ਆਗੂ ਦਾ ਆਦੇਸ਼ ਆਇਆ। "ਜੇ ਤੁਸੀਂ ਇੰਜ ਹੀ ਗੱਲਾਂ ਕਰਦੇ ਰਹੇ ਤਾਂ ਸਮੇਂ ਸਿਰ ਗੱਡੀ ਦਾ ਖੜਕਾ ਨਹੀਂ ਸੁਣੇਗਾ।"

ਉਨ੍ਹਾਂ ਕਾਨਾਫੂਸੀ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

ਇਕ ਸਿਗਨਲ ਨੀਵਾਂ ਹੋ ਜਾਣ ਉਤੇ ਕੰਬ ਰਹੀਆਂ ਲੋਹੇ ਦੀਆਂ ਤਾਰਾਂ ਦੀ ਆਵਾਜ਼ ਆਈ। ਇਸ ਦੀ ਗੋਲ ਅੱਖ ਲਾਲ ਤੋਂ ਹਰੀ ਹੋ ਗਈ। ਕਾਨਾਫੂਸੀ ਬੰਦ ਹੋ ਗਈ। ਬੰਦੇ ਖੜ੍ਹੇ ਹੋ ਗਏ ਅਤੇ ਲਾਈਨ ਤੋਂ ਦਸ ਗਜ਼ ਪਿਛੇ ਉਨ੍ਹਾਂ ਆਪਣੀ ਪੁਜ਼ੀਸ਼ਨ ਲੈ ਲਈ।

ਲਗਾਤਾਰ ਖੜਖੜ ਦੀ ਆਵਾਜ਼ ਆਉਣ ਲੱਗੀ, ਜਿਸ ਦੇ ਵਿਚ ਵਿਚ ਇੰਜਣ ਦੀ ਛੁੱਕ ਛੁੱਕ ਵਿਰਾਮ ਚਿੰਨ੍ਹ ਲਾਉਂਦੀ ਸੀ। ਇਕ ਬੰਦਾ ਦੌੜ ਕੇ ਗਿਆ ਅਤੇ ਰੇਲਵੇ ਲਾਈਨ ਉਤੇ ਕੰਨ ਲਾ ਕੇ ਸੁਣਨ ਲੱਗਾ।

"ਪਿਛੇ ਹਟ, ਬੇਵਕੂਫ!" ਆਗੂ ਨੇ ਨੀਵੀਂ ਘੱਗੀ ਆਵਾਜ਼ ਵਿਚ ਕਿਹਾ।

"ਗੱਡੀ ਹੀ ਆ ਰਹੀ ਹੈ," ਉਸ ਨੇ ਜੇਤੂ ਅੰਦਾਜ਼ ਵਿਚ ਐਲਾਨਿਆ।

"ਵਾਪਸ ਪਿਛੇ ਹਟ," ਆਗੂ ਨੇ ਗੁੱਸੇ ਨਾਲ ਦੁਹਰਾਇਆ।

ਸਾਰੀਆਂ ਅੱਖਾਂ ਉਸ ਸਿਆਹ ਰੰਗੀ ਥਾਂ ਵੱਲ ਝਾਕਣ ਲੱਗੀਆਂ, ਜਿਧਰੋਂ ਗੱਡੀ ਦੀ ਖੜਖੜ ਆ ਰਹੀ ਸੀ। ਫਿਰ ਉਨ੍ਹਾਂ ਦੀਆਂ ਅੱਖਾਂ ਰੱਸੇ ਵੱਲ ਗਈਆਂ; ਉਹ ਫੌਲਾਦ ਦੀ ਛੜੀ ਵਾਂਗ ਸਖਤ ਸੀ। ਜੇ ਗੱਡੀ ਤੇਜ਼ ਹੋਈ ਤਾਂ ਇਹ ਰੱਸਾ ਬਹੁਤ ਸਾਰੇ ਲੋਕਾਂ ਨੂੰ ਦੋ ਹਿੱਸਿਆਂ ਵਿਚ ਚੀਰ ਸਕਦਾ ਹੈ ਜਿਵੇਂ ਕੋਈ ਚਾਕੂ ਖੀਰੇ ਦੇ ਟੁਕੜੇ ਚੀਰ ਦਿੰਦਾ ਹੈ। ਉਹ ਕੰਬ ਉਠੇ।

ਸਟੇਸ਼ਨ ਤੋਂ ਕਾਫੀ ਦੂਰ ਰੋਸ਼ਨੀ ਦਾ ਇਕ ਬਿੰਦੂ ਨਜ਼ਰ ਆ ਰਿਹਾ ਸੀ। ਉਹ ਬੁਝ ਗਿਆ ਅਤੇ ਉਸ ਤੋਂ ਨੇੜੇ ਇਕ ਹੋਰ ਲਿਸ਼ਕ ਪਿਆ। ਫਿਰ ਇਕ ਹੋਰ ਤੇ ਇਕ ਹੋਰ, ਜਿਵੇਂ ਜਿਵੇਂ ਗੱਡੀ ਨੇੜੇ ਆਉਂਦੀ ਗਈ, ਇਹ ਰੋਸ਼ਨੀ ਦੇ ਬਿੰਦੂ ਉਭਰਦੇ ਅਤੇ ਬੁਝਦੇ ਗਏ। ਬੰਦੇ ਰੋਸ਼ਨੀ ਦੇ ਬਿੰਦੂਆਂ ਨੂੰ ਦੇਖਦੇ ਅਤੇ ਗੱਡੀ ਦੀ ਆਵਾਜ਼ ਨੂੰ ਸੁਣਦੇ ਰਹੇ। ਕਿਸੇ ਨੇ ਵੀ ਪੁਲ ਵੱਲ ਨਹੀਂ ਦੇਖਿਆ।

ਇਕ ਆਦਮੀ ਨੇ ਪੁਲ ਦੇ ਪਹਿਲੇ ਹਿੱਸੇ ਦੇ ਫੌਲਾਦੀ ਜੰਗਲੇ ਤੇ ਚੜ੍ਹਨਾ ਆਰੰਭ ਦਿਤਾ। ਉਹ ਕੇਵਲ ਉਦੋਂ ਹੀ ਨਜ਼ਰ ਆਇਆ, ਜਦੋਂ ਉਹ ਕੱਸ ਕੇ ਬੰਨ੍ਹੇ ਹੋਏ ਰੱਸੇ ਕੋਲ ਪਹੁੰਚ ਗਿਆ। ਉਨ੍ਹਾਂ ਸੋਚਿਆ ਕਿ ਉਹ ਰੱਸੇ ਨੂੰ ਜਾਂਚ ਰਿਹਾ ਹੈ। ਉਹ ਇਸ ਨੂੰ ਖਿਚ ਰਿਹਾ ਸੀ, ਇਹ ਪੱਕੀ ਤਰ੍ਹਾਂ ਬੰਨ੍ਹਿਆ ਹੋਇਆ ਸੀ। ਜੇ ਇੰਜਣ ਦਾ ਧੂੰਕਸ਼ ਵੀ ਇਸ ਨੂੰ ਜਿੰਨੀ ਮਰਜ਼ੀ ਸਖਤ ਸੱਟ ਮਾਰੇ ਤਾਂ ਵੀ ਇਹ ਖੁਲ੍ਹੇਗਾ ਨਹੀਂ, ਟੁੱਟ ਭਾਵੇ ਜਾਵੇ। ਬੰਦਾ ਰੱਸੇ ਉਤੇ ਲੇਟ ਗਿਆ। ਉਸ ਦੇ ਪੈਰ ਗੰਢ ਦੇ ਨੇੜੇ ਸਨ; ਉਸਦੇ ਹੱਥ

ਲਗਭਗ ਰੱਸੇ ਦੇ ਅੱਧ ਤਕ ਪਹੁੰਚ ਗਏ। ਉਹ ਆਦਮੀ ਸੀ ਹੀ ਏਨਾ ਲੰਮਾ।

ਗੱਡੀ ਹੋਰ ਤੋਂ ਹੋਰ ਨੇੜੇ ਹੁੰਦੀ ਗਈ। ਧੂੰਕਸ਼ ਵਿਚੋਂ ਚੰਗਿਆੜੀਆਂ ਸੁਟਦੇ ਇੰਜਣ ਦੀ ਭੂਤੀਆ ਸ਼ਕਲ ਰੇਲਵੇ ਲਾਈਨ ਦੇ ਨਾਲ ਨਾਲ ਅਗੇ ਵਧਦੀ ਆ ਰਹੀ ਸੀ। ਇਸ ਦੀ ਛੁੱਕ ਛੁੱਕ ਖੁਦ ਗੱਡੀ ਦੀ ਗੜਗੜ ਵਿਚ ਹੀ ਡੁੱਬ ਗਈ ਸੀ। ਸਾਰੀ ਗੱਡੀ ਧੁੰਦਲੀ ਚਾਨਣੀ ਵਿਚ ਦੇਖੀ ਜਾ ਸਕਦੀ ਸੀ। ਇੰਜਣ ਦੇ ਕੋਲਾ ਭੰਡਾਰ ਤੋਂ ਲੈ ਕੇ ਗੱਡੀ ਦੇ ਅੰਤਲੇ ਸਿਰੇ ਤਕ ਛੱਤ ਉਤੇ ਆਦਮੀ ਹੀ ਆਦਮੀ ਬੈਠੇ ਸਨ।

ਉਹ ਆਦਮੀ ਅਜੇ ਵੀ ਰੱਸੇ ਉਤੇ ਲੇਟਿਆ ਹੋਇਆ ਸੀ।

ਨੇਤਾ ਖੜ੍ਹਾ ਹੋ ਗਿਆ ਅਤੇ ਜ਼ੋਰ ਜ਼ੋਰ ਨਾਲ ਕੂਕਿਆ? "ਉਤਰ ਜਾ ਖੋਤਿਆ! ਮਾਰਿਆ ਜਾਵੇਂਗਾ। ਤੁਰੰਤ ਉਤਰ ਜਾ।"


ਆਦਮੀ ਆਵਾਜ਼ ਵੱਲ ਮੁੜਿਆ। ਉਸ ਨੇ ਆਪਣੇ ਲੱਕ ਨਾਲੋਂ ਛੋਟੀ ਕਿਰਪਾਨ ਕੱਢੀ ਅਤੇ ਰੱਸੇ ਨੂੰ ਕੱਟਣਾ ਆਰੰਭ ਦਿਤਾ।

"ਕੌਣ ਹੈ ਇਹ? ਕੀ ਕ੍ਰ ਰਿਹੈ ...?"

ਕੁਝ ਵੀ ਕਰਨ ਦਾ ਵਕਤ ਹੀ ਨਹੀਂ ਬਚਿਆ ਸੀ। ਉਨ੍ਹਾਂ ਪੁਲ ਤੋਂ ਗੱਡੀ ਵੱਲ ਅਤੇ ਗੱਡੀ ਤੋਂ ਪੁਲ ਵੱਲ ਦੇਖਿਆ। ਆਦਮੀ ਰੱਸੇ ਨੂੰ ਜ਼ੋਰ ਸ਼ੋਰ ਨਾਲ ਕੱਟਣ ਤੇ ਲੱਗਾ ਰਿਹਾ।

ਆਗੂ ਨੇ ਆਪਣੀ ਬੰਦੂਕ ਮੋਢੇ ਨਾਲ ਲਾਈ ਅਤੇ ਗੋਲ਼ੀ ਚਲਾ ਦਿਤੀ। ਉਸ ਦਾ ਨਿਸ਼ਾਨਾ ਲੱਗ ਗਿਆ ਅਤੇ ਬੰਦੇ ਦੀ ਇਕ ਲੱਤ ਰੱਸੇ ਤੋਂ ਲੁੜ੍ਹਕ ਗਈ ਅਤੇ ਹਵਾ ਵਿਚ ਲਟਕਣ ਲੱਗੀ। ਦੂਜੀ ਲੱਤ ਅਜੇ ਵੀ ਰੱਸੇ ਨਾਲ ਅੜਿੰਗੀ ਹੋਈ ਸੀ। ਉਹ ਪਾਗਲਾਨਾ ਤੇਜ਼ੀ ਨਾਲ ਰੱਸੇ ਨੂੰ ਕੱਟ ਰਿਹਾ ਸੀ। ਇੰਜਣ ਕੁਝ ਗਜ਼ ਹੀ ਪਿਛੇ ਸੀ; ਹਰ ਭੱਕ-ਭੱਕ ਨਾਲ ਉਸ ਵਿਚੋਂ ਆਸਮਾਨ ਵਿਚ ਚੰਗਿਆੜੇ ਨਿਕਲਦੇ ਸਨ। ਕਿਸੇ ਨੇ ਇਕ ਹੋਰ ਗੋਲ਼ੀ ਚਲਾਈ। ਆਦਮੀ ਦਾ ਸਰੀਰ ਰੱਸੀ ਤੋਂ ਤਿਲਕ ਗਿਆ। ਪਰ ਉਹ ਠੋਡੀ ਅਤੇ ਹੱਥਾਂ ਨਾਲ ਰੱਸੇ ਨੂੰ ਚੰਬੜਿਆ ਰਿਹਾ। ਉਸ ਨੇ ਆਪਣੇ ਆਪ ਨੂੰ ਉਪਰ ਚੁਕਿਆ, ਰੱਸੇ ਨੂੰ ਖੱਬੀ ਬਾਂਹ ਦੀ ਕੱਛ ਵਿਚ ਘੁਟਿਆ ਅਤੇ ਸੱਜੇ ਹੱਥ ਨਾਲ ਹੋਰ ਤੇਜ਼ ਤੇਜ਼ ਰੱਸਾ ਕੱਟਣ ਲੱਗ ਪਿਆ। ਰੱਸਾ ਕਾਫੀ ਵੱਢਿਆ ਜਾਣ ਕਰਕੇ ਕੁਤਰਿਆਂ ਵਿਚ ਲਟਕ ਗਿਆ ਸੀ। ਕੇਵਲ ਇਕ ਪਤਲੀ ਸਖਤ ਤੰਦ ਹੀ ਰਹਿੰਦੀ ਸੀ। ਉਹ ਇਸ ਨੂੰ ਚਾਕੂ ਅਤੇ ਦੰਦ ਨਾਲ ਕੱਟਣ ਲੱਗ ਪਿਆ। ਇੰਜਣ ਤਕਰੀਬਨ ਉਸ ਤਕ ਪਹੁੰਚ ਹੀ ਗਿਆ ਸੀ। ਇਕੋ ਵਾਰ ਵਿਚ ਅਨੇਕਾਂ ਗੋਲ਼ੀਆਂ ਚਲੀਆਂ। ਆਦਮੀ ਕੰਬਿਆ ਅਤੇ ਡਿਗ ਪਿਆ। ਉਸ ਦੇ ਡਿੱਗਣ ਦੇ ਨਾਲ ਹੀ ਰੱਸਾ ਅੱਧ ਵਿਚੋਂ ਟੁੱਟ ਗਿਆ। ਗੱਡੀ ਉਸ ਦੇ ਉਪਰੋਂ ਲੰਘੀ ਅਤੇ ਪਾਕਿਸਤਾਨ ਨੂੰ ਚਲੀ ਗਈ।

***



ਖੁਸ਼ਵੰਤ ਸਿੰਘ ਭਾਰਤ ਦਾ ਸਭ ਤੋਂ ਵਧ ਨਾਮਵਰ ਲਿਖਾਰੀ ਅਤੇ ਕਾਲਮ-ਨਵੀਸ ਹੈ। ਉਹ ਯੋਜਨਾ ਦਾ ਬਾਨੀ ਸੰਪਾਦਕ, ਇਲਸਟ੍ਰੇਟਡ ਵੀਕਲੀ ਆਫ ਇੰਡੀਆ, ਨੈਸ਼ਨਲ ਹੈਰਲਡ ਅਤੇ ਹਿੰਦੁਸਤਾਨ ਟਾਈਮਜ਼ ਦਾ ਸੰਪਾਦਕ ਰਿਹਾ ਹੈ। ਉਹ "ਆਈ ਸ਼ੈਲ ਨਾਟ ਹਿਅਰ ਦਾ ਨਾਇਟਿੰਗੇਲ', 'ਦੇਹਲੀ', 'ਦਾ ਕੰਪਨੀ ਆਫ ਵਿਮਨ' ਅਤੇ 'ਬਰੀਅਲ ਐਟ ਸੀਅ' ਵਰਗੀਆਂ ਕਲਾਸਕੀ ਲਿਖਤਾਂ ਦਾ ਰਚੇਤਾ ਹੈ। ਉਹਦੀਆਂ ਗੈਰ-ਗਲਪੀ ਕਿਰਤਾਂ ਵਿਚ ਸ਼ਾਮਲ ਹਨਃ ਦੋ ਜਿਲਦਾਂ ਵਿਚ ਕਲਾਸਕੀ ਰਚਨਾ 'ਏ ਹਿਸਟਰੀ ਆਫ ਸਿੱਖਸ'; ਅਤੇ ਸਿੱਖ ਧਰਮ ਅਤੇ ਸਭਿਆਚਾਰ ਬਾਰੇ, ਦਿੱਲੀ ਬਾਰੇ, ਪ੍ਰਕਿਰਤੀ ਬਾਰੇ, ਚਲੰਤ ਮਾਮਲਿਆਂ ਬਾਰੇ ਅਤੇ ਉਰਦੂਕਵਿਤਾ ਬਾਰੇ ਅਨੇਕਾਂ ਲਿਖਤਾਂ ਅਤੇ ਤਰਜਮੇ। ਉਹਦੀ ਸਵੈ-ਜੀਵਨੀ 'ਟਰੁੱਥ, ਲਵ ਐਂਡ ਅ ਲਿਟਲ ਮੈਲਿਸ' 2002 ਵਿਚ ਪੈਂਗੁਇਨ ਬੁਕਸ ਵਲੋਂ ਛਾਪੀ ਗਈ ਸੀ।

1980 ਤੋਂ 1986 ਤਕ ਖੁਸ਼ਵੰਤ ਸਿੰਘ ਪਾਰਲੀਮੈਂਟ ਦਾ ਮੈਂਬਰ ਰਿਹਾ। 1974 ਵਿਚ ਉਹਨੂੰ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ ਸੀ। ਪਰ 1984 ਵਿਚ ਹਰਿਮੰਦਰ ਸਾਹਿਬ ਉਤੇ ਭਾਰਤੀ ਫੌਜ ਦੀ ਕਾਰਵਾਈ ਵਿਰੁਧ ਰੋਸ ਵਜੋਂ ਉਨ੍ਹੇ ਇਹ ਸਨਮਾਨ ਵਾਪਸ ਕਰ ਦਿਤਾ ਸੀ। 2007 ਵਿਚ ਉਹਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਆ ਗਿਆ।

ISBN 978-81-7647-351-4

ਲਾਹੌਰ ਬੁੱਕਸ
ਲੁਧਿਆਣਾ